# ਬੰਦਾ ਸਿੰਘ ਬਹਾਦਰ

ਡਾ. ਗੰਡਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

BANDA SINGH BAHADUR (*Punjabi*)
*by*
GANDA SINGH

ਗਿ: ਸੋਹਣ ਸਿੰਘ ਸੀਤਲ ਲਾਇਬਰੇਰੀ
ਪਿੰਡ ਕੜਿਆਣਾ, ਫਿਲੌਰ, ਜਲੰਧਰ

ਕਿਤਾਬ ਨੰ.....................................

1990
ਮੁੱਲ : 35-00

ਸਰਦਾਰ ਤੀਰਥ ਸਿੰਘ ਐਲ-ਐਲ.ਐਮ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਮੈਂ/ਸ. ਜੈਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ ।

# ਆਰੰਭਕ ਬਚਨ

ਕਈ ਇਕ ਖ਼ਾਸ ਕਾਰਣਾਂ ਕਰਕੇ ਇਕ ਤਾਂ ਸਿੱਖ ਇਤਿਹਾਸ ਉਂਜ ਹੀ ਇਤਿਹਾਸ ਦੇ ਪੜ੍ਹਨ ਲਿਖਣ ਵਾਲਿਆਂ ਵਾਸਤੇ ਕਈ ਮੁਸ਼ਕਲਾਂ ਪੇਸ਼ ਕਰਦਾ ਹੈ, ਪਰ ਬੰਦਾ ਸਿੰਘ ਬਹਾਦੁਰ ਦੇ ਜੀਵਨ-ਬਿਰਤਾਂਤ ਅਤੇ ਇਸ ਤੋਂ ਬਾਅਦ ਦੇ ਅਠ੍ਹਾਰਵੀਂ ਸਦੀ ਦੇ ਇਤਿਹਾਸ ਵਿਚ ਕੁਝ ਹੋਰ ਭੀ ਜ਼ਿਆਦਾ ਅਨੋਖੀਆਂ ਔਕੜਾਂ ਹਨ । ਹਾਲ ਤਕ ਬੰਦਾ ਸਿੰਘ ਦੇ ਕਿਸੇ ਐਸੇ ਜੀਵਨ-ਬਿਰਤਾਂਤ ਦਾ ਪਤਾ ਨਹੀਂ ਮਿਲਿਆ ਜੋ ਕਿਸੇ ਨਿਰਪੱਖ ਜਾਂ ਸ਼ਰਧਾਲੂ ਸਮਕਾਲੀ ਲਿਖਾਰੀ ਦਾ ਲਿਖਿਆ ਹੋਇਆ ਹੋਵੇ ਜਿਸ ਤੋਂ ਉਨ੍ਹਾਂ ਦੇ ਜੀਵਨ ਸੰਬੰਧੀ ਪਹਿਲੇ ਅਤੇ ਭਰੋਸੇ ਯੋਗ ਹਾਲਾਤ ਦਾ ਵੇਰਵੇ ਸਹਿਤ ਪਤਾ ਲੱਗ ਸਕੇ । ਇਹ ਠੀਕ ਹੈ ਕਿ ਸਰੂਪ ਦਾਸ ਦੇ 'ਮਹਿਮਾ ਪ੍ਰਕਾਸ਼', ਕੇਸ਼ਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮਾ', ਭੰਗੂ ਰਤਨ ਸਿੰਘ ਦੇ 'ਪ੍ਰਾਚੀਨ ਪੰਥ ਪ੍ਰਕਾਸ਼', ਭਾਈ ਸੰਤੋਖ ਸਿੰਘ ਦੇ 'ਗੁਰ-ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਅਤੇ ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖ਼ਾਲਸਾ' ਵਿਚ ਉਨ੍ਹਾਂ ਸੰਬੰਧੀ ਕਾਫ਼ੀ ਕੁਝ ਹਾਲਾਤ ਦਿੱਤੇ ਹੋਏ ਹਨ, ਪਰ ਇਨ੍ਹਾਂ ਵਿਚੋਂ ਨਾ ਤਾਂ ਕੋਈ ਸਮਕਾਲੀ ਹੈ ਅਤੇ ਨਾ ਹੀ ਨਿਰਪੱਖ । ਨਾ ਹੀ ਇਨ੍ਹਾਂ ਵਿਚੋਂ ਉਨ੍ਹਾਂ ਦਾ ਕੋਈ ਸ਼ਰਧਾਲੂ ਜਾਂ ਹਮਦਰਦ ਹੈ । ਇਨ੍ਹਾਂ ਲੇਖਕਾਂ ਦੇ ਮਨ ਕੁਝ ਗ਼ਲਤ ਪੱਖਪਾਤੀ ਵਿਚਾਰ ਅਤੇ ਪ੍ਰਚਾਰ ਤੋਂ ਪ੍ਰਭਾਵਤ ਹੋਏ ਹੋਏ ਹੋਣ ਕਰਕੇ ਬੰਦਾ ਸਿੰਘ ਨਾਲ ਪੂਰੀ ਤਰ੍ਹਾਂ ਇਨਸਾਫ਼ ਨਹੀਂ ਕਰ ਸਕੇ । ਦੂਸਰੇ, ਇਹ ਲਿਖਾਰੀ ਕਵੀ ਹਨ । ਕਵੀ ਜਜ਼ਬਾਤੀ ਹੁੰਦੇ ਹਨ ਅਤੇ ਜਜ਼ਬਿਆਂ ਦੀ ਰੌ ਅਤੇ ਮਨ ਦੀ ਉਡਾਰੀ ਉਸੇ ਖ਼ਿਆਲ ਦੀ ਪ੍ਰੋੜ੍ਹਤਾ ਕਰਦੀ ਹੈ ਜੋ ਉਨ੍ਹਾਂ ਦੇ ਬਣ ਚੁੱਕੇ ਹੋਏ ਹੁੰਦੇ ਹਨ । ਆਪਣੇ ਪੱਖ ਨੂੰ ਪੂਰਤ ਕਰਨ ਲਈ ਕਵੀ ਸ਼ਬਦਾਂ ਵਿਚ ਇਤਨੀ ਸ਼ਕਤੀ ਅਤੇ ਖਿੱਚ ਭਰ ਦਿੰਦੇ ਹਨ ਅਤੇ ਮਨੋ-ਕਲਪਨਾ ਨਾਲ ਆਪਣੇ ਕਥਨ ਨੂੰ ਇਤਨਾ ਮਨੋਹਰ ਬਣਾਉਣ ਦਾ ਯਤਨ ਕਰਦੇ ਹਨ ਕਿ ਤਸਵੀਰ ਦਾ ਬਣਾਉਟੀ ਪੱਖ ਜ਼ਿਆਦਾ ਉੱਘੜ ਆਉਂਦਾ ਹੈ ਅਤੇ ਸੱਚ ਦੀ ਭਾਲ ਵਲ ਮਨ ਜਾਂਦਾ ਹੀ ਨਹੀਂ ।

ਇਨ੍ਹਾਂ ਤੋਂ ਬਿਨਾਂ ਕਰਮ ਸਿੰਘ, ਦੌਲਤ ਰਾਇ, ਸੋਹਨ ਸਿੰਘ ਆਦਿ ਲਿਖਾਰੀਆਂ ਦੀਆਂ ਪੁਸਤਕਾਂ ਹਨ । ਇਤਿਹਾਸਕ ਸਚਾਈ ਦੀ ਭਾਲ ਵਿਚ ਸਰਦਾਰ ਕਰਮ ਸਿੰਘ ਦਾ ਜਤਨ ਬੜਾ ਸ਼ਲਾਘਾ ਯੋਗ ਹੈ ਅਤੇ ਉਨ੍ਹਾਂ ਨੇ ਵੇਲੇ ਦੀਆਂ ਗਵਾਹੀਆਂ ਦੇ ਆਧਾਰ ਉੱਤੇ ਆਪਣੀ ਪੁਸਤਕ ਰਚੀ ਹੈ, ਪਰ ਤਜ਼ਕਿਰਾਤੁ-ਸਲਾਤੀਨਿ-ਚੁਗ਼ਤਾ ਉਨ੍ਹਾਂ ਦੀ ਨਜ਼ਰੇ ਨਹੀਂ ਪਈ ਅਤੇ ਅਖ਼ਬਾਰਿ-ਦਰਬਾਰਿ ਮੁਅੱਲਾ ਹਾਲ ਤਕ ਚਾਨਣੇ ਵਿਚ ਨਹੀਂ ਸੀ ਆਏ । 'ਤਜ਼ਕਿਰਾ' ਤਾਂ ਇਕ ਤਰ੍ਹਾਂ ਦਾ ਰੋਜ਼ਨਾਮਚਾ ਹੈ ਜਿਸ ਵਿਚ ਮੁਹੰਮਦ ਸ਼ਾਹ ਬਾਦਸ਼ਾਹ ਦੇ ਛੇਵੇਂ ਸਾਲ ਤਕ ਦੇ ਹਾਲ ਦਿੱਤੇ ਹੋਏ ਹਨ ਅਤੇ ਇਸ ਤੋਂ ਪਹਿਲੇ ਕੁਝ ਬਾਦਸ਼ਾਹਾਂ ਦੇ

ਹਾਲ ਬਹੁਤ ਹੱਦ ਤਕ ਸਮਕਾਲੀ ਹਨ। 'ਅਖ਼ਬਾਰਾਂ' ਦਾ ਇਕ ਬੜਾ ਭਾਰੀ-ਜ਼ਖ਼ੀਰਾ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਚ ਮੌਜੂਦ ਹੈ। ਇਹ ਰੋਜ਼ ਰੋਜ਼ ਦੀਆਂ ਖ਼ਬਰਾਂ ਦੇ ਅਸਲ ਕਾਗਜ਼ ਜਿਉਂ ਦੇ ਤਿਉਂ ਪਏ ਹਨ। ਭਾਵੇਂ ਇਹ ਸਮੇਂ ਦੇ ਰਾਜਸੀ ਅਤੇ ਧਾਰਮਕ ਪੱਖਪਾਤ ਅਤੇ ਉਡੌਤਾਂ ਅਤੇ ਸੁਣੌਤਾਂ ਤੋਂ ਖ਼ਾਲੀ ਨਹੀਂ ਹਨ, ਪਰ ਤਾਂ ਭੀ ਸੱਚ ਦੇ ਨਿਖਾਰ ਅਤੇ ਵਾਕਿਆਤ ਦੀ ਤਰਤੀਬ ਨੂੰ ਠੀਕ ਕਰਨ ਲਈ ਇਹ ਇਕ ਅਦੁਤੀ ਸੋਮਾ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਕਈ ਇਕ ਗੁੰਝਲਦਾਰ ਜਾਂ ਅਨ੍ਹੇਰੇ ਵਿਚ ਪਏ ਨੁਕਤੇ ਸਪੱਸ਼ਟ ਹੋ ਗਏ ਹਨ। ਕਾਸ਼! ਕਿ ਸਰਦਾਰ ਕਰਮ ਸਿੰਘ ਜੀਉਂਦੇ ਹੁੰਦੇ ਅਤੇ ਇਸ ਨਵੇਂ ਮਸਾਲੇ ਨੂੰ ਵਰਤਣ ਦੀ ਖ਼ੁਸ਼ੀ ਪ੍ਰਾਪਤ ਕਰ ਸਕਦੇ।

ਫ਼ਾਰਸੀ ਪੁਸਤਕਾਂ ਵਿਚ ਮੁਗ਼ਲ ਹਾਕਮਾਂ ਦੇ ਅੱਤਿਆਚਾਰਾਂ ਵਿਰੁੱਧ ਸਿੱਖਾਂ ਦੇ ਅੰਦੋਲਨ ਨੂੰ ਗ਼ਲਤ ਤੌਰ ਤੇ ਸਿੱਖਾਂ ਦੀ ਇਸਲਾਮ ਵਿਰੁੱਧ ਜਾਂ ਕਾਫ਼ਰਾਂ ਦੀ ਮੋਮਨਾਂ ਵਿਰੁੱਧ ਧਾਰਮਕ ਲੜਾਈ ਦਾ ਰੂਪ ਦਿੱਤਾ ਗਿਆ ਹੈ। ਇਸੇ ਕਰਕੇ ਖ਼ਾਫ਼ੀਖ਼ਾਨ ਦੀ 'ਮੁੰਤਖ਼ਬੁਲ-ਲੁਬਾਬ', ਗ਼ੁਲਾਮ ਹੁਸੈਨ ਖ਼ਾਨ ਦੀ 'ਸੀਅਰੁਲ-ਮੁਤਾਖ਼ਰੀਨ' ਆਦਿ ਪੁਸਤਕਾਂ ਧਾਰਮਕ ਪੱਖ-ਪਾਤ ਤੋਂ ਬਹੁਤ ਉੱਚੀਆਂ ਨਹੀਂ ਉਠ ਸਕੀਆਂ। ਉਨ੍ਹਾਂ ਨੇ ਕਈ ਝੂਠ ਮੂਠ ਅਤੇ ਨਿਗੁਣੀਆਂ ਅਫ਼ਵਾਹਾਂ ਨੂੰ ਇਤਿਹਾਸਕ ਸੱਚ ਮੰਨ ਕੇ ਬੰਦਾ ਸਿੰਘ ਨੂੰ ਭੈੜੇ ਰੰਗ ਵਿਚ ਪੇਸ਼ ਕੀਤਾ ਹੈ ਅਤੇ ਉਨ੍ਹਾਂ ਉੱਤੇ ਕਈ ਪ੍ਰਕਾਰ ਦੇ ਜ਼ੁਲਮਾਂ ਦੀਆਂ ਅਜਿਹੀਆਂ ਊਜਾਂ ਮੜ੍ਹੀਆਂ ਹਨ ਜਿਨ੍ਹਾਂ ਸੰਬੰਧੀ ਮਿੱਲ ਕਹਿੰਦਾ ਹੈ ਕਿ "ਜੇ ਕੋਈ ਮੁਸਲਮਾਨ ਕਰਨ ਵਾਲਾ ਹੁੰਦਾ ਅਤੇ ਸਿੱਖਾਂ ਵਿਰੁੱਧ ਹੋਏ ਹੁੰਦੇ ਤਾਂ ਉਹ [ਮੁਸਲਮਾਨ ਲਿਖਾਰੀ] ਸ਼ਾਇਦ ਇਨ੍ਹਾਂ ਨੂੰ ਪ੍ਰਸੰਸਾ ਦੇ ਅਯੋਗ ਨਾ ਸਮਝਦੇ।" ਬਹੁਤ ਸਾਰੇ ਅੰਗਰੇਜ਼ ਲਿਖਾਰੀਆਂ ਨੇ ਇਨ੍ਹਾਂ ਲਿਖਤਾਂ ਨੂੰ ਸੱਚ ਮੰਨ ਕੇ ਕੇਵਲ ਨਕਲ ਹੀ ਕਰ ਲਿਆ ਹੈ। ਤਸਵੀਰ ਦੇ ਦੋਨੋਂ ਪਾਸੇ ਉਹ ਪੂਰੀ ਤਰ੍ਹਾਂ ਦੇਖ ਹੀ ਨਹੀਂ ਸਕੇ। ਪਰ ਇਸ ਸਭ ਕੁਝ ਦੇ ਹੁੰਦੇ ਹੋਏ ਭੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਹੁਤ ਸਾਰੇ ਮੁਸਲਮਾਨ ਲਿਖਾਰੀਆਂ ਵਿਚ ਬੜੀ ਚੰਗੀ ਇਤਿਹਾਸਕ ਸੂਝ ਬੂਝ ਹੈ ਅਤੇ ਉਹ ਆਪਣੇ ਪੱਖਪਾਤ ਦੇ ਹੁੰਦੇ ਹੋਏ ਭੀ ਵਾਕਿਆਤ ਨੂੰ ਬਿਆਨ ਕਰਨ ਵਿਚ ਕੋਰਾ ਝੂਠ ਨਹੀਂ ਮਾਰਦੇ ਅਤੇ ਉਨ੍ਹਾਂ ਦੀਆਂ ਲਿਖਤਾਂ ਇਤਿਹਾਸ ਦੇ ਇਕ ਪਰਖਵਾਨ ਖੋਜੀ ਲਈ ਕੋਈ ਬਹੁਤ ਦਿੱਕਤ ਪੈਦਾ ਨਹੀਂ ਕਰਦੀਆਂ। ਦੂਸਰੇ ਪਾਸੇ ਸਿੱਖਾਂ ਦੇ ਸਮਕਾਲੀ ਕਾਗਜ਼ ਪੱਤਰ ਕੋਈ ਹੈ ਹੀ ਨਹੀਂ, ਬਲਕਿ ਸੱਠ ਸੱਤਰ ਸਾਲਾਂ ਦੇ ਅੰਦਰ ਅੰਦਰ ਦੀਆਂ ਕੋਈ ਭਰੋਸੇ ਯੋਗ ਲਿਖਤਾਂ ਨਹੀਂ ਹਨ, ਇਸ ਲਈ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੇ ਸਿੱਖਾਂ ਦੇ ਇਤਿਹਾਸ ਲਈ ਕੇਵਲ ਫ਼ਾਰਸੀ ਲਿਖਤਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ ਜਿਸ ਵਿਚ ਜ਼ਿਆਦਾ ਕਰਕੇ ਮੁਸਲਮਾਨਾਂ ਦੇ ਲਿਖੇ ਹੋਏ ਇਤਿਹਾਸ, ਜੀਵਨੀਆਂ ਅਤੇ ਰੋਜ਼ਨਾਮਚੇ ਹਨ।

ਸਿੱਖ ਲਿਖਾਰੀਆਂ ਦੀਆਂ ਪੁਸਤਕਾਂ ਵਾਕਿਆਤ ਦੇ ਵੇਰਵੇ ਦੇਣ ਵਿਚ ਤਾਂ ਕਾਫ਼ੀ ਸਹਾਇਤਾ ਕਰਦੀਆਂ ਹਨ, ਪਰ ਉਨ੍ਹਾਂ ਵਿਚ ਸੰਨ, ਸੰਮਤ ਦਾ ਬਹੁਤ ਖ਼ਿਆਲ ਨਹੀਂ ਰਖਿਆ ਹੋਇਆ, ਇਸ ਕਰਕੇ ਉਨ੍ਹਾਂ ਦੇ ਵਾਕਿਆਤ ਦੀ ਤਰਤੀਬ ਉਘੜੀ ਦੁਘੜੀ ਹੈ, ਅਤੇ ਉਨ੍ਹਾਂ ਉੱਤੇ ਕਾਵਿ-ਉਡਾਰੀਆਂ ਅਤੇ ਪੱਖਪਾਤੀ ਕਲਪਣਾ ਦੀ ਭੀ ਕਾਫ਼ੀ ਰੰਗਣ

ਚੜ੍ਹੀ ਹੋਈ ਹੈ। ਬੰਦਾ ਸਿੰਘ ਬਹਾਦੁਰ ਦੇ ਜੀਵਨ-ਬਿਰਤਾਂਤ ਨੂੰ ਪੱਖਪਾਤੀ ਲਿਖਾਰੀਆਂ ਦੇ ਹੱਥੋਂ ਚੋਖਾ ਨੁਕਸਾਨ ਪੁੱਜਾ ਹੈ। ਭੰਗੂ ਰਤਨ ਸਿੰਘ ਆਮ ਤੌਰ ਤੇ ਇਕ ਚੰਗਾ ਵਾਕਿਫ਼ਕਾਰ ਲਿਖਾਰੀ ਅਤੇ ਭਰੋਸੇਯੋਗ ਇਤਿਹਾਸਕਾਰ ਹੈ, ਪਰ ਬੰਦਾ ਸਿੰਘ ਦਾ ਜ਼ਮਾਨਾ ਚੂੰਕਿ ਉਸ ਤੋਂ ਸੌ ਕੁ ਸਾਲ ਪਹਿਲਾਂ ਗੁਜ਼ਰ ਚੁੱਕਾ ਸੀ, ਇਸ ਲਈ ਉਸ ਵੇਲੇ ਦੇ ਹਾਲਾਤ ਕੇਵਲ ਸੁਣੌਤ ਦੇ ਆਧਾਰ ਉੱਤੇ ਹੀ ਲਿਖੇ ਹੋਏ ਹਨ। ਉਹ ਮੀਰਾਂਕੋਟੀਏ ਸਰਦਾਰ ਮਹਿਤਾਬ ਸਿੰਘ ਦਾ ਪੋਤਰਾ ਸੀ, ਜੋ ਜਾਂ ਤਾਂ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਹੋਏ ਤੱਤ ਖ਼ਾਲਸੇ ਅਤੇ ਬੰਦਈ ਖ਼ਾਲਸੇ ਦੇ ਝਗੜੇ ਵਿਚ ਦੀ ਆਪ ਲੰਘਿਆ ਸੀ ਜਾਂ ਉਸ ਨੇ ਇਸ ਸੰਬੰਧੀ ਤੱਤ-ਖ਼ਾਲਸਿਆਂ ਪਾਸੋਂ ਜਾਂ ਆਪਣੇ ਪਿਤਾ ਜਾਂ ਹੋਰ ਸੰਬੰਧੀਆਂ ਪਾਸੋਂ ਸੁਣਿਆ ਹੋਇਆ ਸੀ। ਉਹ ਪਹਿਲਾ ਲਿਖਾਰੀ ਹੈ ਜਿਸ ਨੇ ਫ਼ੱਰੁਖ਼-ਸੀਅਰ ਅਤੇ ਮਾਤਾ ਸੁੰਦਰੀ ਜੀ ਦੇ ਵਿਚਕਾਰ ਗੱਲ ਬਾਤ ਦਾ ਜ਼ਿਕਰ ਕੀਤਾ ਹੈ ਜੋ ਕੇਵਲ ਕਿਸੇ ਚਤੁਰ ਦਿਮਾਗ਼ ਦੀ ਘਾੜਤ ਅਤੇ ਰਤਨ ਸਿੰਘ ਦੀ ਸੁਣੌਤ ਹੈ। ਸਮਕਾਲੀ ਸਿੱਖ ਲਿਖਤਾਂ ਦੇ ਅਭਾਵ ਦੇ ਕਾਰਣ ਭਾਈ ਸੰਤੋਖ ਸਿੰਘ ਵਰਗਾ ਵਿਸ਼ਾਲ ਵਾਕਫ਼ੀ ਵਾਲਾ ਵਿਦਵਾਨ ਭੀ ਉਸ ਵੇਲੇ ਦੇ ਆਮ ਬਿਆਨਾਂ ਦੀ ਉਪਰਲੀ ਤਹਿ ਤੋਂ ਹੇਠਾਂ ਨਹੀਂ ਜਾ ਸਕਿਆ। ਉਸ ਨੂੰ ਜੋ ਮਸਾਲਾ 'ਮਹਿਮਾ ਪ੍ਰਕਾਸ਼' ਤੋਂ ਲੈ ਕੇ 'ਸੌ ਸਾਖੀ' ਤਕ ਜਾਂ ਹੋਰ ਅਜਿਹੀਆਂ ਪੁਸਤਕਾਂ ਤੋਂ ਮਿਲਿਆ ਉਸ ਸਾਰੇ ਨੂੰ ਉਸ ਨੇ ਸੋਲਾਂ ਆਨੇ ਸੱਚ ਸਮਝ ਲਿਆ ਹੈ। ਇਸੇ ਤਰ੍ਹਾਂ ਗਿਆਨੀ ਗਿਆਨ ਸਿੰਘ ਨੇ ਆਪਣੇ ਸਮੇਂ ਦੀਆਂ ਸਾਰੀਆਂ ਪ੍ਰਚੱਲਤ ਕਥਾਵਾਂ ਨੂੰ ਸਹੀ ਪ੍ਰਵਾਨ ਕਰ ਕੇ ਆਪਣੇ 'ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖ਼ਾਲਸਾ' ਵਿਚ ਦਰਜ ਕਰ ਦਿੱਤਾ ਹੈ। ਗਿਆਨ ਸਿੰਘ ਦੇ ਸਮੇਂ ਬਾਬਾ ਬੰਦਾ ਸਿੰਘ ਨੂੰ ਹੋਏ ਦੋ ਪੌਣੇ ਦੋ ਸੌ ਵਰ੍ਹੇ ਬੀਤ ਚੁੱਕੇ ਸਨ, ਇਸ ਲਈ ਉਹ ਇਤਿਹਾਸਕ ਵਾਕਿਆਤ ਅਤੇ ਮਨਘੜਤ ਕਥਾਵਾਂ ਵਿਚ ਚੰਗੀ ਤਰ੍ਹਾਂ ਨਿਖੇੜਾ ਨਹੀਂ ਕਰ ਸਕਿਆ। ਉਹ ਇਕ ਖੁੱਲ੍ਹਾ ਲਿਖਾਰੀ ਹੈ ਜੋ ਕਈ ਵਾਰੀ ਆਪਣੀ ਉਪਾਜਊ ਕਲਪਣਾ ਸ਼ਕਤੀ ਤੋਂ ਐਸੀ ਚੰਗੀ ਤਰ੍ਹਾਂ ਕੰਮ ਲੈਂਦਾ ਹੈ ਕਿ ਪਾਠਕ ਲਈ ਇਤਿਹਾਸ ਅਤੇ ਕਹਾਣੀ ਵਿਚ ਨਿਖੇੜਾ ਕਰ ਸਕਣਾ ਔਖਾ ਹੋ ਜਾਂਦਾ ਹੈ।

ਲਾਲਾ ਦੌਲਤ ਰਾਇ ਦਾ ਯਤਨ ਬੜਾ ਈਮਾਨਦਾਰਾਨਾ ਸੀ, ਪਰ ਜੋ ਭੁਲੇਖੇ ਉਸ ਦੇ ਸੋਮਿਆਂ ਵਿਚ ਸਨ ਉਹ ਉਨ੍ਹਾਂ ਦੀ ਪੁਸਤਕ 'ਬੰਦਾ ਬਹਾਦੁਰ' ਵਿਚ ਭੀ ਆ ਜਾਣੇ ਕੁਦਰਤੀ ਸਨ। ਭਾਈ ਪਰਮਾਨੰਦ ਦੀ ਪੁਸਤਕ 'ਬੀਰ ਬੈਰਾਗੀ' ਨੂੰ ਇਤਿਹਾਸਕ ਪੁਸਤਕਾਂ ਦੀ ਲੜੀ ਵਿਚ ਗਿਣਨਾ ਇਤਿਹਾਸ ਨਾਲ ਅਨਿਆਇ ਹੋਵੇਗਾ ਕਿਉਂਕਿ ਨਾ ਤਾਂ ਇਸ ਦਾ ਮੁੱਢਲਾ ਮੰਤਵ ਹੀ ਇਤਿਹਾਸਕ ਹੈ, ਨਾ ਹੀ ਇਸ ਦਾ ਢੰਗ।

ਈਰਾਨ ਤੋਂ ਵਾਪਸ ਮੁੜਨ ਤੋਂ ਬਾਅਦ ਜਦ ਸੰਨ 1931 ਵਿਚ ਸਵਰਗਵਾਸੀ ਭਗਤ ਲਕਸ਼ਮਣ ਸਿੰਘ ਜੀ ਦੀ ਪ੍ਰੇਰਨਾ ਅਤੇ ਜਤਨ ਨਾਲ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਦੀ ਖੋਜ ਪੜਤਾਲ ਲਈ ਆ ਲੱਗਾ ਤਾਂ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਨੂੰ ਬੰਦਾ ਸਿੰਘ ਦੇ ਜੀਵਨ ਤੋਂ ਆਰੰਭ ਕਰਨ ਦਾ ਵਿਚਾਰ ਕੀਤਾ। ਜਿਵੇਂ ਮੈਂ ਪਿੱਛੇ ਦੱਸ ਆਇਆ ਹਾਂ, ਮੈਂ ਮਹਿਸੂਸ ਕਰਦਾ ਸਾਂ ਕਿ ਪੰਜਾਬ ਦੇ ਇਸ ਮਹਾਨ ਯੋਧੇ ਅਤੇ ਸ਼ਹੀਦ ਨਾਲ ਨਿਆਇ ਨਹੀਂ ਹੋਇਆ। ਇਸ ਲਈ ਪੁਰਾਣੇ ਲਿਖਾਰੀਆਂ

ਦੀਆਂ ਰਾਵਾਂ ਅਤੇ ਵਿਚਾਰਾਂ ਤੋਂ ਲਾਂਭੇ ਰਹਿ ਕੇ ਮੈਂ ਹਰ ਇਕ ਵਾਕੇ ਨੂੰ ਸਮਕਾਲੀ ਅਤੇ ਮੁੱਢਲੀਆਂ ਲਿਖਤਾਂ ਦੀ ਰੋਸ਼ਨੀ ਵਿਚ ਪਰਖਣਾ ਸ਼ੁਰੂ ਕੀਤਾ। ਮੈਂ ਵਿਲੀਅਮ ਅਰਵਿਨ ਅਤੇ ਜਦੂ ਨਾਥ ਸਰਕਾਰ ਦੇ ਢੰਗ ਨੂੰ ਸਾਹਮਣੇ ਰਖ ਕੇ ਆਪਣੀ ਪੁਸਤਕ ਦੇ ਮਸਾਲੇ ਲਈ ਸਮਕਾਲੀ ਸੋਮਿਆਂ ਤਕ ਪਹੁੰਚਣ ਦਾ ਜਤਨ ਕੀਤਾ ਅਤੇ ਬੰਦਾ ਸਿੰਘ ਦੇ ਪੰਜਾਬ ਪਹੁੰਚਣ ਤੋਂ ਬਾਅਦ ਦੀਆਂ ਘਟਨਾਵਾਂ ਲਈ ਉਨ੍ਹਾਂ ਲਿਖਾਰੀਆਂ ਦੀਆਂ ਲਿਖਤਾਂ ਨੂੰ ਆਧਾਰ ਬਣਾਇਆ ਜਿਨ੍ਹਾਂ ਨੇ ਜਾਂ ਤਾਂ ਉਨ੍ਹਾਂ ਨੂੰ ਆਪਣੀ ਅੱਖੀਂ ਦੇਖਿਆ ਸੀ ਜਾਂ ਜਿਨ੍ਹਾਂ ਦੇ ਸੋਮਿਆਂ ਦਾ ਵਾਕਿਆਤ ਨਾਲ ਸਿੱਧਾ ਸੰਬੰਧ ਸੀ। ਇਸ ਤਰ੍ਹਾਂ ਲਿਖੀ ਗਈ ਪੁਸਤਕ 'ਲਾਈਫ਼ ਔਫ਼ ਬੰਦਾ ਸਿੰਘ ਬਹਾਦੁਰ' 1935 ਵਿਚ ਪ੍ਰਕਾਸ਼ਿਤ ਹੋਈ ਸੀ। ਇਹ ਅੰਗਰੇਜ਼ੀ ਵਿਚ ਸੀ।

ਪਿਛਲੇ ਪੰਝੀਆਂ ਵਰ੍ਹਿਆਂ ਵਿਚ 'ਅਖ਼ਬਾਰਿ-ਦਰਬਾਰਿ-ਮੁਅੱਲਾ' ਆਦਿ ਦੇ ਚਾਨਣੇ ਵਿਚ ਆ ਜਾਣ ਨਾਲ ਇਸ ਪੁਸਤਕ ਦੇ ਮੁੜ ਲਿਖੇ ਜਾਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਸੀ। ਇਸ ਕਰਕੇ ਨਹੀਂ ਕਿ ਪਹਿਲੀ ਪੁਸਤਕ ਵਿਚ ਦਿੱਤੇ ਗਏ ਕੁਝ ਵਿਚਾਰ ਬਦਲਣ ਦੀ ਲੋੜ ਪੈ ਗਈ ਸੀ, ਬਲਕਿ ਇਸ ਕਰਕੇ ਕਿ ਉਨ੍ਹਾਂ ਦੀ ਪੁਸ਼ਟੀ ਵਿਚ ਹੋਰ ਕਾਫ਼ੀ ਨਵਾਂ ਮਸਾਲਾ ਸਾਹਮਣੇ ਆ ਗਿਆ ਸੀ ਅਤੇ ਕੁਝ ਨਵੇਂ ਵਾਕਿਆਤ ਚਾਨਣੇ ਵਿਚ ਆ ਗਏ ਸਨ, ਜਿਨ੍ਹਾਂ ਤੋਂ ਬਿਨਾਂ ਇਹ ਜੀਵਨ-ਬਿਰਤਾਂਤ ਪੂਰਾ ਨਹੀਂ ਸੀ ਕਿਹਾ ਜਾ ਸਕਦਾ।

ਇਤਿਹਾਸ ਦੀ ਲਿਖਾਈ ਲਈ ਮੈਂ ਸਿੱਧੀ ਪੱਧਰੀ ਬੋਲੀ ਨੂੰ ਹੀ ਯੋਗ ਸਮਝਦਾ ਹਾਂ ਜਿਸ ਵਿਚ ਕਿ ਕੋਈ ਗੁੰਝਲ ਨਾ ਹੋਵੇ। ਇਤਿਹਾਸਕਾਰ ਦਾ ਕੰਮ ਬੋਲੀ ਦੀ ਉਡਾਰੀ ਦੱਸਣਾ ਨਹੀਂ, ਬਲਕਿ ਘਟਨਾਵਾਂ ਨੂੰ ਠੀਕ ਠੀਕ ਬਿਆਨ ਕਰਨਾ ਹੁੰਦਾ ਹੈ। ਇਸੇ ਲਈ ਮੈਂ ਸਾਦਾ ਬੋਲੀ ਵਰਤਣ ਦਾ ਯਤਨ ਕੀਤਾ ਹੈ। ਇਹ ਪੁਸਤਕ ਨਿਰੋਲ ਇਤਿਹਾਸਕ ਹੈ ਅਤੇ ਇਸ ਵਿਚ ਬਿਆਨ ਕੀਤੇ ਗਏ ਹਰ ਵਾਕੇ ਲਈ ਇਤਿਹਾਸਕ ਗਵਾਹੀ ਮੌਜੂਦ ਹੈ। ਕੋਈ ਗੱਲ ਫ਼ਰਜ਼ ਨਹੀਂ ਕੀਤੀ ਗਈ ਅਤੇ ਨਾ ਕੋਈ ਘੜੀ ਗਈ ਹੈ। ਇਤਿਹਾਸ ਵਿਚ ਮਨੋ-ਕਲਪਣਾ ਨੂੰ ਮੈਂ ਪਾਪ ਸਮਝਦਾ ਹਾਂ।

ਪਟਿਆਲਾ ਗੰਡਾ ਸਿੰਘ
20-9-1960

# ਵਿਸ਼ੈ-ਸੂਚੀ


ਆਰੰਭਕ ਬਚਨ (iii)

1. ਬਚਪਣ ਅਤੇ ਸਾਧ-ਜੀਵਨ 1
2. ਗੁਰੂ ਦੇ ਚਰਨਾਂ ਵਿਚ 5
3. ਬੰਦਾ ਸਿੰਘ ਦਾ ਪੰਜਾਬ ਨੂੰ ਕੂਚ 11
4. ਸਾਮਾਣਾ ਅਤੇ ਸਢੌਰਾ 20
5. ਰੋਪੜ ਦੀ ਲੜਾਈ 29
6. ਚੱਪੜ-ਚਿੜੀ (ਸਰਹੰਦ) ਦੀ ਲੜਾਈ 32
7. ਘੁੜ੍ਹਾਣੀ ਅਤੇ ਮਲੇਰ ਕੋਟਲਾ 41
8. ਰਾਜਧਾਨੀ ਵਿਚ 44
9. ਜਮਨ-ਗੰਗ ਦੁਆਬ ਵਿਚ ਚੜ੍ਹਾਈਆਂ 50
10. ਮਾਝੇ ਦੀ ਚੜ੍ਹਤ ਅਤੇ ਹੈਦਰੀ ਝੰਡਾ 56
11. ਜਾਲੰਧਰ ਦੁਆਬ ਵਿਚ ਹਿਲ-ਜੁਲ ਅਤੇ ਰਾਹੋਂ ਦੀ ਲੜਾਈ 63
12. ਬਾਦਸ਼ਾਹ ਬਹਾਦੁਰ ਸ਼ਾਹ ਦਾ ਸਿੰਘਾਂ ਵਿਰੁੱਧ ਕੂਚ 69
13. ਸਢੌਰਾ ਅਤੇ ਲੋਹਗੜ੍ਹ ਦੀਆਂ ਲੜਾਈਆਂ 79
14. ਪਹਾੜੀ ਇਲਾਕੇ ਦੀ ਸੁਧਾਈ—
    ਬਹਿਰਾਮ ਪੁਰ, ਬਟਾਲੇ ਆਦਿ ਦੀਆਂ ਲੜਾਈਆਂ 90
15. ਬਹਾਦੁਰ ਸ਼ਾਹ ਬਾਦਸ਼ਾਹ ਲਾਹੌਰ ਵਿਚ—
    ਉਸ ਦੀ ਮੌਤ ਅਤੇ ਪਿੱਛੋਂ 104
16. ਸਢੌਰਾ ਅਤੇ ਲੋਹਗੜ੍ਹ ਦੇ ਘੇਰੇ 110
17. ਕਿੜੀ ਪਠਾਣਾਂ, ਰੋਪੜ ਅਤੇ ਬਟਾਲਾ 119
18. ਗੁਰਦਾਸ ਨੰਗਲ ਦਾ ਘੇਰਾ 126
19. ਬੰਦਾ ਸਿੰਘ ਅਤੇ ਦੂਸਰੇ ਸਿੰਘ ਦਿੱਲੀ ਵਿਚ ਕਤਲ 134
20. ਬੰਦਾ ਸਿੰਘ ਦੇ ਜੀਵਨ ਪਰ ਵਿਚਾਰ 143
21. ਬੰਦਈ ਅਤੇ ਤੱਤ-ਖ਼ਾਲਸਿਆਂ ਵਿਚ ਮੱਤ-ਭੇਦ 155



ਗਿਆਨੀ ਸਰੂਪ ਸਿੰਘ ਕੜਿਆਣਾ ਪਿੰਡ ਤੇ ਡਾ: ਕੜਿਆਣਾ ਤਹਿ: ਫਿਲੌਰ (ਜਲੰਧਰ)

22. ਬੰਦਾ ਸਿੰਘ ਦਾ ਖ਼ਾਨਦਾਨ 158

ਅੰਤਿਕਾ 1. ਬੰਦਾ ਸਿੰਘ ਦੀਆਂ ਯਾਦਗਾਰਾਂ 166

2. ਜੌਨ ਸਰਮਨ ਅਤੇ ਐਡਵਰਡ ਸਟੀਫ਼ਨਸਨ ਦੀ ਚਿੱਠੀ 169

3. ਤਸਵੀਰਾਂ ਦਾ ਵੇਰਵਾ 171

4. ਥਿੱਤਾਵਲੀ 172

5. ਪੁਸਤਕ-ਆਧਾਰ ਸੂਚੀ 186

ਅਧਿਆਇ 1

# ਬਚਪਣ ਅਤੇ ਸਾਧ-ਜੀਵਨ

ਬਚਪਣ ਵਿਚ ਬੰਦਾ ਸਿੰਘ ਦਾ ਨਾਉਂ ਲਛਮਨ ਦੇਵ ਸੀ। ਇਸ ਦਾ ਜਨਮ ਕੱਤਕ ਸੁਦੀ 13 ਸੰਮਤ 1727 ਬਿਕ੍ਰਮੀ, ਐਤਵਾਰ, 16 ਅਕਤੂਬਰ ਸੰਨ 1670 ਈਸਵੀ ਨੂੰ ਪੁਣਛ (ਕਸ਼ਮੀਰ) ਦੇ ਪਿੰਡ ਰਾਜੌੜੀ ਵਿਚ ਹੋਇਆ। ਇਸ ਦਾ ਪਿਓ ਰਾਮ ਦੇਵ ਭਾਰਦੁਆਜ ਗੋਤ ਦਾ ਰਾਜਪੂਤ ਸੀ ਤੇ ਵਾਹੀ ਦਾ ਕੰਮ ਕਰਦਾ ਸੀ। ਉਨ੍ਹਾਂ ਮਨੁੱਖਾਂ ਦੀ ਤਰ੍ਹਾਂ ਜਿਨ੍ਹਾਂ ਨੇ ਗਰੀਬ ਘਰਾਣਿਆਂ ਵਿਚ ਜਨਮ ਲਿਆ ਅਤੇ ਜੀਵਨ ਦੇ ਆਖਰੀ ਦਿਨੀਂ ਮਸ਼ਹੂਰੀ ਪਾਈ, ਲਛਮਨ ਦੇਵ ਦੇ ਬਾਲਪਨ ਦਾ ਕੁਝ ਪਤਾ ਨਹੀਂ। ਪਿੰਡਾਂ ਦੇ ਹਲਵਾਹਾਂ ਦੇ ਆਮ ਮੁੰਡਿਆਂ ਵਾਂਗ ਇਸ ਦੇ ਹੱਡ ਨਰੋਏ, ਜੁੱਸਾ ਛੋਹਲਾ ਤੇ ਆਦਤ ਮਿਹਨਤੀ ਸੀ। ਸ਼ਿਕਾਰ ਅਤੇ ਘੋੜ-ਸਵਾਰੀ ਦਾ ਸ਼ੁਕੀਨ ਸੀ।

ਕਸ਼ਮੀਰ ਵਿਚ ਉਨ੍ਹੀਂ ਦਿਨੀਂ ਵਿੱਦਿਆ ਦਾ ਬਹੁਤਾ ਪ੍ਰਚਾਰ ਨਹੀਂ ਸੀ ਹੁੰਦਾ। ਪ੍ਰਾਚੀਨ ਸਮਿਆਂ ਤੋਂ ਇਹ ਕੇਵਲ ਬ੍ਰਾਹਮਣਾਂ ਦੀ ਹੀ ਰੱਖ ਸੀ। ਵੀਹਵੀਂ ਸਦੀ ਵਿਚ ਭੀ ਆਮ ਕਸ਼ਮੀਰੀਆਂ ਦੀ ਵਿੱਦਿਅਕ ਹਾਲਤ ਵਿਚ ਕੋਈ ਬਹੁਤੀ ਤਬਦੀਲੀ ਨਹੀਂ ਆਈ। ਪੰਡਤਾਂ ਤੋਂ ਬਿਨਾਂ ਸ਼ਾਇਦ ਹੀ ਕਿਧਰੇ ਕੋਈ ਉੱਘਾ ਕਸ਼ਮੀਰੀ ਵਿਦਵਾਨ ਨਜ਼ਰੀ ਪੈਂਦਾ ਹੋਵੇ। ਪੁਣਛ ਦਾ ਇਲਾਕਾ ਤਾਂ ਖ਼ਾਸ ਤੌਰ ਤੇ ਪੱਛੜਿਆ ਹੋਇਆ ਸੀ। ਇਸ ਲਈ ਲਛਮਨ ਦੇਵ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਕੋਈ ਮੌਕਾ ਨਹੀਂ ਸੀ ਮਿਲਿਆ। ਉਨ੍ਹੀਂ ਦਿਨੀਂ ਨੌਜਵਾਨਾਂ ਲਈ ਹਲਵਾਹੀ ਤੋਂ ਬਿਨਾਂ ਸ਼ਿਕਾਰ, ਘੋੜ-ਸਵਾਰੀ, ਤੀਰ-ਚਲਾਈ ਆਦਿ ਦੇ ਹੀ ਸ਼ੌਕ ਹੁੰਦੇ ਸਨ। ਇਸ ਲਈ ਲਛਮਨ ਦੇਵ ਦਾ ਝੁਕਾਓ ਭੀ ਇਨ੍ਹੀਂ ਪਾਸੀਂ ਹੀ ਸੀ। ਪਰ ਉਹ ਕੁਝ ਬਹੁਤਾ ਕਰੜੇ ਦਿਲ ਵਾਲਾ ਨਹੀਂ ਸੀ। ਮਾਤਾ ਜਾਂ ਪਿਤਾ ਵਲੋਂ ਕੁਝ ਇਹੋ ਜਿਹੇ ਸੰਸਕਾਰ ਮਿਲੇ ਹੋਏ ਸਨ ਜਿਨ੍ਹਾਂ ਕਰਕੇ ਉਹ ਕੁਝ ਨਰਮ ਦਿਲ ਤੇ ਜਜ਼ਬਾਤੀ ਜਿਹਾ ਹੋ ਗਿਆ ਸੀ। ਉਹ ਅਜੇ ਅਲ੍ਹੜ ਜਵਾਨ ਹੀ ਸੀ ਕਿ ਉਸ ਦੇ ਜੀਵਨ ਵਿਚ ਪਹਿਲਾ ਨਾਟਕੀ ਪਲਟਾ ਆਇਆ।

ਕਹਿੰਦੇ ਹਨ ਕਿ ਇਕ ਵਾਰੀ ਸ਼ਿਕਾਰ ਵਿਚ ਲਛਮਨ ਦੇਵ ਨੇ ਇਕ ਹਰਨੀ ਨੂੰ ਤੀਰ ਮਾਰਿਆ। ਉਹ ਘਾਇਲ ਹੋ ਕੇ ਭੋਂਇ ਡਿਗ ਪਈ। ਜਦ ਲਛਮਣ ਦੇਵ ਲਾਗੇ ਪੁੱਜਾ ਤਾਂ ਮਰ ਰਹੀ ਹਰਨੀ ਨੂੰ ਦੇਖ ਕੇ ਉਸ ਦੇ ਦਿਲ ਵਿਚ ਕੁਝ ਤਰਸ ਜਿਹਾ ਆ ਗਿਆ। ਪਰ ਇਸ ਤੋਂ ਬਾਦ ਇਕ ਹੋਰ ਨਜ਼ਾਰੇ ਨੇ ਉਸ ਦੇ ਮਨ ਉੱਤੇ ਬਹੁਤ ਡੂੰਘਾ ਅਸਰ ਕੀਤਾ। ਆਪਣੇ ਮਨ ਨੂੰ

ਕਰੜਾ ਕਰ ਕੇ ਜਦ ਉਸ ਨੇ ਮਾਰੀ ਹੋਈ ਹਰਨੀ ਨੂੰ ਸਾਫ਼ ਕਰਨ ਲਈ ਉਸ ਦਾ ਪੇਟ ਚੀਰਿਆ ਤਾਂ ਵਿਚੋਂ ਦੋ ਬੱਚੇ ਨਿਕਲੇ ਜੋ ਲਛਮਣ ਦੇਵ ਦੀਆਂ ਅੱਖੀਆਂ ਦੇ ਸਾਮ੍ਹਣੇ ਤੜਫ ਤੜਫ ਕੇ ਮਰ ਗਏ। ਇਸ ਨਾਲ ਉਸ ਦੇ ਨਰਮ ਦਿਲ ਨੂੰ ਇਕ ਕੰਬਣੀ ਜਿਹੀ ਛਿੜ ਪਈ ਅਤੇ ਮਨ ਸ਼ਿਕਾਰ ਤੋਂ ਖੱਟਾ ਹੋ ਗਿਆ। ਮਨ ਨੂੰ ਕੁਝ ਐਸਾ ਪਛਤਾਵਾ ਲੱਗਾ ਅਤੇ ਵੈਰਾਗ ਆਇਆ ਕਿ ਦਿਲ ਇਕ ਦਮ ਸੰਸਾਰ ਅਤੇ ਸੰਸਾਰੀ ਜੀਵਨ ਤੋਂ ਉਚਾਟ ਹੋ ਗਿਆ।

ਹੁਣ ਲਛਮਣ ਦੇਵ ਰਾਜਪੂਤ ਨਹੀਂ ਸੀ ਰਿਹਾ। ਰੁਚੀ ਸੰਸਾਰ-ਤਿਆਗੀ ਸਾਧੂਆਂ ਵਲ ਮੋੜਾ ਖਾ ਗਈ ਸੀ। ਉਮਰ ਤਾਂ ਭਾਵੇਂ ਪੰਦਰਾਂ ਕੁ ਵਰ੍ਹਿਆਂ ਦੀ ਹੀ ਸੀ, ਪਰ ਉਹ ਘਰ ਦੇ ਕੰਮ ਕਾਜ ਛਡ ਕੇ ਰਮਤੇ ਸਾਧੂਆਂ ਦੀ ਸੰਗਤ ਕਰਨ ਲਗ ਪਿਆ ਜੋ ਕਸ਼ਮੀਰ ਦੇ ਤੀਰਥਾਂ ਦੀ ਯਾਤਰਾ ਲਈ ਰਸਤੇ ਵਿਚ ਰਾਜੌੜੀ ਆ ਟਿਕਦੇ ਸਨ। ਛੇਤੀ ਹੀ ਇਨ੍ਹੀ ਦਿਨੀਂ ਜਾਨਕੀ ਪਰਸਾਦ ਨਾਮੀ ਇਕ ਬੈਰਾਗੀ ਯਾਤਰਾ ਕਰਦਾ ਹੋਇਆ ਰਾਜੌੜੀ ਆ ਗਿਆ। ਉਸ ਦੇ ਉਪਦੇਸ਼ਾਂ ਨੇ ਲਛਮਣ ਦੇਵ ਨੂੰ ਕੁਝ ਐਸਾ ਕੀਲਿਆ ਕਿ ਉਹ ਘਰ ਘਾਟ ਛਡ ਕੇ ਬੈਰਾਗੀ ਦਾ ਚੇਲਾ ਬਣ ਗਿਆ ਅਤੇ ਮੰਡਲੀ ਵਿਚ ਰਲ ਕੇ ਉਸ ਦੇ ਨਾਲ ਹੀ ਤੁਰ ਗਿਆ। ਬੈਰਾਗੀਆਂ ਦੀ ਪ੍ਰਥਾ ਅਨੁਸਾਰ ਜਾਨਕੀ ਪਰਸਾਦ ਨੇ ਇਸ ਦਾ ਨਾਉਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ।

ਬੈਰਾਗੀ ਮੰਡਲੀ ਵਿਚ ਇਹ ਅਨੇਕ ਥਾਈਂ ਭੌਂਵਿਆ। ਸੰਨ 1686 ਈਸਵੀ ਮੁਤਾਬਕ ਸੰਮਤ 1743 ਬਿਕ੍ਰਮੀ ਦੀ ਵਸਾਖੀ ਦੇ ਮੇਲੇ ਤੇ ਇਨ੍ਹਾਂ ਦੀ ਮੰਡਲੀ ਕਸੂਰ ਦੇ ਲਾਗੇ ਬਾਬਾ ਰਾਮ ਥੰਮਣ ਦੇ ਡੇਰੇ ਆ ਪੁੱਜੀ। ਇਥੇ ਹੋਰ ਕਈ ਸਾਧੂ ਮੰਡਲੀਆਂ ਭੀ ਆਈਆਂ ਹੋਈਆਂ ਸਨ। ਇਨ੍ਹਾਂ ਵਿਚ ਹੀ ਇਕ ਰਾਮ ਦਾਸ ਬੈਰਾਗੀ ਭੀ ਸੀ। ਮਾਧੋ ਦਾਸ ਇਥੇ ਰਾਮ ਦਾਸ ਦੀ ਮੰਡਲੀ ਵਿਚ ਰਲ ਗਿਆ। ਕਈ ਵਰ੍ਹੇ ਇਨ੍ਹਾਂ ਦੇ ਨਾਲ ਇਹ ਤੀਰਥਾਂ ਦੀ ਯਾਤਰਾ ਕਰਦਾ ਰਿਹਾ। ਇਕ ਵਾਰੀ ਜਦ ਗੁਦਾਵਰੀ ਦੇ ਕੰਢੇ ਨਾਸਕ ਦੇ ਦਰਸ਼ਨ ਕੀਤੇ ਤਾਂ ਇਹ ਇੱਥੇ ਹੀ ਟਿਕ ਗਿਆ। ਪੰਚ-ਵਟੀ ਦਾ ਅਸਥਾਨ ਇਕਾਂਤ ਵਾਸੀ ਸਾਧੂਆਂ ਲਈ ਖਾਸ ਖਿੱਚ ਦਾ ਸੋਮਾ ਸੀ। ਕੇਵਲ ਇੱਥੇ ਦੀ ਇਕਾਂਤ ਅਤੇ ਸੁਹਾਵਣੇ ਕੁਦਰਤੀ ਨਜ਼ਾਰੇ ਹੀ ਲੁਭਾਇਮਾਨ ਨਹੀਂ ਸਨ ਬਲਕਿ ਸ੍ਰੀ ਰਾਮ ਚੰਦਰ ਅਤੇ ਸੀਤਾ ਜੀ ਦਾ ਅਸਥਾਨ ਹੋਣ ਕਰਕੇ ਤਪੱਸਵੀ ਲੋਕਾਂ ਲਈ ਇਕ ਖ਼ਾਸ ਮਹੱਤਾ ਵਾਲਾ ਧਰਮ-ਅਸਥਾਨ ਭੀ ਸੀ।

ਇੱਥੇ ਹੀ ਮਾਧੋ ਦਾਸ ਦਾ ਮੇਲ ਜੋਗੀ ਔਘੜ ਨਾਥ ਨਾਲ ਹੋਇਆ ਜੋ ਆਪਣੀਆਂ ਰਿਧੀਆਂ ਸਿੱਧੀਆਂ ਅਤੇ ਤਾਂਤਰਿਕ ਵਿੱਦਿਆ ਲਈ ਬੜਾ ਪ੍ਰਸਿੱਧ ਸੀ। ਮਾਧੋ ਦਾਸ ਨੂੰ ਯੋਗ ਵਿੱਦਿਆ ਅਤੇ ਜੰਤਰ ਮੰਤਰ ਸਿੱਖਣ ਦਾ ਇੰਨਾ ਸ਼ੌਕ ਪੈਦਾ ਹੋਇਆ ਕਿ ਇਹ ਔਘੜ ਨਾਥ ਦਾ ਅਨਿੰਨ ਭਗਤ ਅਤੇ ਸਿਰਲੱਥ ਸੇਵਕ ਬਣ ਗਿਆ। ਉਹ ਜਾਣਦਾ ਸੀ ਕਿ ਸੇਵਾ ਨਾਲ ਹੀ ਮੇਵਾ ਮਿਲਦਾ ਹੈ। ਖ਼ਾਸ ਕਰਕੇ ਪ੍ਰਾਚੀਨ ਸਾਧੂਆਂ ਪਾਸੋਂ ਕੁਝ ਗੁਣ ਜਾਂ ਕੋਈ ਗੁਝ-ਵਿੱਦਿਆ ਪ੍ਰਾਪਤ ਕਰਨ ਵਾਸਤੇ ਚੇਲੇ ਲਈ ਗੁਰੂ ਦੀ ਸੇਵਾ ਹੀ ਇਕ ਵਿਸ਼ੇਸ਼ ਸਾਧਨ ਸਮਝਿਆ ਜਾਂਦਾ ਸੀ। ਅੰਤ ਮਾਧੋ ਦਾਸ ਦੀ ਸੇਵਾ ਉੱਤੇ ਔਘੜ ਨਾਥ ਦਾ ਮਨ ਪਸੀਜ ਗਿਆ ਅਤੇ ਉਸ ਨੇ ਯੋਗ ਦੇ ਗੁੱਝੇ ਸਾਧਨ ਅਤੇ ਜਾਦੂ ਦੇ ਭੇਤ ਉਸ ਨੂੰ ਬਖਸ਼

ਦਿੱਤੇ। ਹੁਣ ਔਘੜ ਨਾਥ ਬਹੁਤ ਬਿਰਧ ਹੋ ਚੁੱਕਾ ਸੀ। ਉਸ ਦੇ ਜੀਵਨ ਦੇ ਅੰਤਲੇ ਦਿਨ ਨੇੜੇ ਸਨ। ਮਾਧੋ ਦਾਸ ਦੀ ਸੇਵਾ ਉੱਤੇ ਉਹ ਬਹੁਤ ਪ੍ਰਸੰਨ ਸੀ। ਇਸ ਲਈ ਅੰਤ ਸਮੇਂ ਉਸ ਨੇ ਯੋਗ-ਵਿੱਦਿਆ ਦਾ ਆਪਣਾ ਇਕ ਬਹੁ-ਮੁੱਲਾ ਗ੍ਰੰਥ ਭੀ ਉਸ ਨੂੰ ਦੇ ਦਿੱਤਾ। ਇਹ ਗੱਲ ਸੰਮਤ 1748 (ਸੰਨ 1691 ਈ.) ਦੀ ਹੈ। ਇਸ ਤੋਂ ਛੇਤੀ ਹੀ ਬਾਅਦ ਜੋਗੀ ਔਘੜ ਨਾਥ ਦਾ ਦੇਹਾਂਤ ਹੋ ਗਿਆ।

ਇਸ ਤਰ੍ਹਾਂ ਨਿਪੁੰਨ ਹੋ ਜਾਣ ਪਰ ਮਾਧੋ ਦਾਸ ਨੇ ਆਪਣਾ ਇਕ ਨਿਜੀ ਮਠ ਥਾਪਣ ਦੀ ਧਾਰ ਲਈ ਅਤੇ ਪੰਚਵਟੀ ਤੋਂ ਚੜ੍ਹਦੀ ਵਲ ਗੋਦਾਵਰੀ ਦੇ ਕੰਢੇ ਕੰਢੇ ਤੁਰ ਪਿਆ। ਨਾਂਦੇੜ ਦੇ ਨਜ਼ਦੀਕ ਦੀ ਰਮਣੀਕ ਥਾਂ ਮਾਧੋ ਦਾਸ ਨੂੰ ਭਾ ਗਈ ਅਤੇ ਉਸ ਨੇ ਇਥੇ ਹੀ ਟਿਕ ਜਾਣ ਲਈ ਮਨ ਬਣਾ ਲਿਆ। ਸ਼ਹਿਰੋਂ ਬਾਹਰ ਕੁਝ ਵਿੱਥ ਉੱਤੇ ਦਰਿਆ ਦੇ ਕੰਢੇ ਸੰਘਣੇ ਬ੍ਰਿਛਾਂ ਵਿਚ ਇਕ ਉੱਚੀ ਥਾਂ ਉੱਤੇ ਉਸ ਨੇ ਆਪਣੀ ਕੁਟੀਆ ਬਣਾ ਲਈ ਅਤੇ ਇਕਾਂਤ ਵਿਚ ਇਕ ਤਪੱਸਵੀ ਦਾ ਜੀਵਨ ਬਤੀਤ ਕਰਨ ਲਗ ਪਿਆ। ਹੌਲੀ ਹੌਲੀ ਦੁਖੀਆਂ ਅਤੇ ਲੋੜਵੰਦਾਂ ਦੀ ਆਵਾਜਾਈ ਸ਼ੁਰੂ ਹੋ ਗਈ ਅਤੇ ਮੰਤਰਾਂ ਤੰਤਰਾਂ ਕਰਕੇ ਛੇਤੀ ਹੀ ਸ਼ਹਿਰ ਅਤੇ ਇਰਦ ਗਿਰਦ ਵਿਚ ਉਸ ਦੀ ਪ੍ਰਸਿੱਧੀ ਫੈਲ ਗਈ। ਕੁਝ ਚੇਲੇ ਭੀ ਆ ਜਮਾ ਹੋਏ ਅਤੇ ਇਸ ਤਰ੍ਹਾਂ ਮਾਧੋ ਦਾਸ ਦੀ ਕੁਟੀਆ ਇਕ ਚੰਗੇ ਭਲੇ ਮਠ ਦਾ ਰੂਪ ਧਾਰ ਗਈ ਅਤੇ ਉਸ ਦੀ ਪੂਜਾ ਪ੍ਰਤਿਸ਼ਠਾ ਦਿਨੋ ਦਿਨ ਵਧਣ ਲਗ ਪਈ। ਤੁਲਸੀ ਦਾਸ ਦੇ ਕਥਨ ਅਨੁਸਾਰ 'ਕੋ ਜਨਮਿਓ ਐਸੋ ਜਗ ਮਾਹਿ, ਪ੍ਰਭੁਤਾ ਪਾਇ ਜਾਸਿ ਮਨਿ ਮਦ ਨਾਹਿ,' ਅਰਥਾਤ ਸ਼ਾਇਦ ਹੀ ਕੋਈ ਵਿਰਲਾ ਵਡਭਾਗੀ ਸੰਸਾਰੀ ਹੋਵੇ ਜਿਸ ਨੂੰ ਪ੍ਰਭੁਤਾ ਮਿਲ ਜਾਏ ਜਾਂ ਹੁਕਮ ਹਾਸਲ ਹੋ ਜਾਏ ਤਾਂ ਉਸ ਦੇ ਮਨ ਵਿਚ ਕੁਝ ਹਉਮੈ ਅਤੇ ਹੰਕਾਰ ਪੈਦਾ ਨਾ ਹੋਵੇ। ਮਾਧੋ ਦਾਸ ਦੀ ਇਕ ਸਿੱਧ ਯੋਗੀ ਦੇ ਤੌਰ ਤੇ ਥਾਂ ਥਾਂ ਉਸਤਤ ਹੋ ਰਹੀ ਸੀ, ਸੇਵਾ ਲਈ ਆਲੇ ਦੁਆਲੇ ਚੇਲੇ ਚਾਟੇ ਭੀ ਬਹੁਤ ਸਨ, ਦਰਸ਼ਨ ਅਭਿਲਾਖੀ ਸ਼ਰਧਾਲੂ ਅਨਗਿਣਤ ਆਉਂਦੇ, ਮੱਥਾ ਟੇਕਦੇ ਅਤੇ ਭੇਟਾ ਚੜ੍ਹਾਉਂਦੇ ਸਨ। ਇਸ ਨਾਲ ਉਸ ਦੀ ਹਉਮੈ ਨੂੰ ਪੱਠੇ ਪੈਂਦੇ ਸਨ। ਉਹ ਵਧਣ ਫੁਲਣ ਲਗ ਪਈ। ਬਾਹਰੋਂ ਸਾਧੂ ਦਾ ਭੇਖ ਜ਼ਰੂਰ ਸੀ, ਪਰ ਮਨ ਸਾਧੂ ਨਹੀਂ ਸੀ ਹੋਇਆ। ਉਸ ਵਿਚ ਨਿਮਰਤਾ ਨਹੀਂ ਸੀ ਆਈ। ਹੰਕਾਰ ਦੇ ਨਾਲ ਹੀ ਕੁਝ ਚੰਚਲਤਾ ਭੀ ਵਧ ਗਈ ਸੀ। ਨਿਰਮਾਣਤਾ ਨਾਲ ਅਤਿਥੀ-ਸੇਵਾ ਦੀ ਥਾਂ ਅਭਿਆਗਤ ਸਾਧੂਆਂ ਦੀ ਹੇਠੀ ਕਰਨਾ ਉਸ ਦਾ ਇਕ ਸ਼ੁਗਲ ਹੋ ਗਿਆ ਸੀ ਅਤੇ ਕਈ ਵਾਰੀ ਉਨ੍ਹਾਂ ਦੀ ਖਿੱਲੀ ਉਡਾਉਣ ਤੋਂ ਭੀ ਉਹ ਸੰਕੋਚ ਨਹੀਂ ਸੀ ਕਰਦਾ। ਉਸ ਵਿਚ ਸ਼ਕਤੀ ਅਤੇ ਹਿੰਮਤ ਮੌਜੂਦ ਸਨ, ਪਰ ਉਹ ਕੁਰਾਹੇ ਪਏ ਹੋਏ ਸਨ। ਕੱਚੀ ਧਾਤ ਦੀ ਉਹ ਇਕ ਅਥਾਹ ਖਾਣ ਸੀ, ਜੋ ਇਕ ਐਸੇ ਰਸਾਇਣੀ ਦੀ ਉਡੀਕ ਵਿਚ ਸੀ ਜੋ ਉਸ ਨੂੰ ਭੱਠੀ ਵਿਚ ਗਾਲ ਕੇ ਜਾਂ ਕੀਮੀਆਈ ਦੁਆਈਆਂ ਦੀ ਘੋਲ ਨਾਲ ਸੋਨੇ ਨੂੰ ਮੈਲ ਤੋਂ ਵੱਖ ਕਰ ਦੇਵੇ ਅਤੇ ਉਸ ਨੂੰ ਧੋ ਮਾਂਜ ਕੇ ਚਮਕਾ ਦੇਵੇ। ਇਸੇ ਉਡੀਕ ਵਿਚ ਉਸ ਦੇ ਸੋਲ੍ਹਾਂ ਵਰ੍ਹੇ ਨਾਂਦੇੜ ਵਿਚ ਗੁਜ਼ਰ ਗਏ। ਅੰਤ ਸੰਮਤ 1765 ਬਿਕਰਮੀ (ਸੰਨ 1708 ਈਸਵੀ) ਦੀ ਪਤਝੜ ਦੀ ਰੁੱਤੇ ਇਕ ਸ਼ਸਤਰ-ਧਾਰੀ ਘੋੜ-ਚੜ੍ਹੂ

ਸੰਤ-ਸਿਪਾਹੀ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਉੱਥੇ ਆ ਪੁੱਜੇ ਜਿਨ੍ਹਾਂ ਨੇ ਇਸ ਬੈਰਾਗੀ ਸਾਧੂ ਦੀਆਂ ਕੁਰਾਹੇ ਅਤੇ ਵਿਅਰਥ ਜਾ ਰਹੀਆਂ ਮਾਨਸਕ ਅਤੇ ਸਰੀਰਕ ਸ਼ਕਤੀਆਂ ਦਾ ਰੁਖ ਮੋੜ ਕੇ ਪੰਥ ਖਾਲਸਾ ਰਾਹੀਂ ਉਨ੍ਹਾਂ ਨੂੰ ਜ਼ਮਾਨੇ ਦੀ ਸਤਾਈ ਹੋਈ ਦੁਖੀ ਜਨਤਾ ਦੀ ਸੇਵਾ ਵਲ ਲਾ ਦਿੱਤਾ।

ਅਧਿਆਇ 2

# ਗੁਰੂ ਦੇ ਚਰਨਾਂ ਵਿਚ

ਜਿਨ੍ਹੀ ਦਿਨੀਂ ਮਾਧੋ ਦਾਸ ਬੈਰਾਗੀ ਯੋਗ ਅਤੇ ਤੰਤਰਾਂ ਮੰਤਰਾਂ ਵਿਚ ਰੁੱਝਾ ਹੋਇਆ ਦੱਖਣ ਵਿਚ ਸਾਧੂ ਦਾ ਜੀਵਨ ਬਤੀਤ ਕਰ ਰਿਹਾ ਸੀ, ਗੁਰੂ ਗੋਬਿੰਦ ਸਿੰਘ ਪੰਜਾਬ ਵਿਚ ਧਾਰਮਕ ਪੱਖ-ਪਾਤ ਅਤੇ ਰਾਜਸੀ ਜ਼ੋਰ ਜਬਰ ਦੇ ਵਿਰੁੱਧ ਧਰਮ-ਯੁੱਧ ਕਰ ਰਹੇ ਸਨ। ਦੇਸ਼ ਨੂੰ ਇਕ ਮੁਢੋਂ ਮੁਸਲਮਾਨ ਬਣਾ ਦੇਣ ਦੀ ਔਰੰਗਜ਼ੇਬ ਦੀ ਨੀਤੀ ਸਫ਼ਲ ਨਹੀਂ ਸੀਂ ਹੋ ਸਕੀ। ਹਿੰਦੂ ਜਨਤਾ ਦੀ ਰਾਖੀ ਲਈ ਦੱਖਣ ਵਿਚ ਮਰਾਠੇ ਅਤੇ ਪੰਜਾਬ ਵਿਚ ਸਿੱਖ ਉੱਠ ਖੜੋਤੇ ਸਨ। ਜ਼ਿੰਦਗੀ ਦੇ ਅੰਤਲੇ ਦਿਨਾਂ ਵਿਚ ਬਾਦਸ਼ਾਹ ਨੂੰ ਜਾਂ ਤਾਂ ਆਪਣੀ ਸਖਤੀ ਦੀ ਨੀਤੀ ਦੇ ਭੈੜੇ ਨਤੀਜਿਆਂ ਦਾ ਕੁਝ ਝਲਕਾਰਾ ਪੈਣ ਲਗ ਪਿਆ ਸੀ ਜਾਂ ਉਂਜ ਹੀ ਉਮਰ ਨਾਲ ਹਠ ਮੱਠਾ ਪੈ ਗਿਆ ਸੀ। ਕਾਰਣ ਕੁਝ ਭੀ ਹੋਵੇ, ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਨੂੰ ਸਮਾਈ ਦੀ ਇਕ ਚਿੱਠੀ ਲਿਖੀ ਅਤੇ ਉਨ੍ਹਾਂ ਨੂੰ ਗੱਲ-ਬਾਤ ਲਈ ਦੱਖਣ ਆਉਣ ਦਾ ਸੱਦਾ ਦਿੱਤਾ। ਗੁਰੂ ਜੀ ਨੇ ਉਸ ਦੇ ਉੱਤਰ ਵਿਚ ਆਪਣਾ ਜਗਤ-ਪ੍ਰਸਿੱਧ ਪੱਤਰ 'ਜ਼ਫ਼ਰਨਾਮਾ' ਲਿਖ ਭੇਜਿਆ ਜਿਸ ਵਿਚ ਉਨ੍ਹਾਂ ਨੇ ਬਾਦਸ਼ਾਹ ਦਾ ਧਿਆਨ ਦੇਸ਼ ਦੀ ਪਰਜਾ ਨਾਲ ਚੰਗਾ ਵਰਤਾਓ ਨਾ ਹੋਣ ਵਲ ਦਿਵਾਇਆ ਅਤੇ ਕਿਹਾ ਕਿ ਮੈਂ ਤਾਂ ਹੋਰ ਕੋਈ ਰਾਹ ਹੀ ਨਾ ਰਹਿ ਜਾਣ ਕਰਕੇ ਅੰਤ ਆ ਕੇ ਤਲਵਾਰ ਚੁੱਕੀ ਹੈ ਅਤੇ ਜੇ ਬਾਦਸ਼ਾਹ ਕਾਂਗੜ ਦੇ ਪਰਗਣੇ ਵਿਚ ਦਰਸ਼ਨ ਦੇਵੇ ਤਾਂ ਮੈਂ ਹੁਣ ਭੀ ਗੱਲ-ਬਾਤ ਲਈ ਹਾਜ਼ਰ ਹੋ ਜਾਵਾਂਗਾ। ਪਰ ਬਾਦਸ਼ਾਹ ਇਸ ਵੇਲੇ ਬਹੁਤ ਬੁੱਢਾ ਅਤੇ ਕਮਜ਼ੋਰ ਹੋ ਚੁੱਕਾ ਹੋਇਆ ਸੀ ਅਤੇ ਉਸ ਦੀ ਸਿਹਤ ਦਿਨੋ ਦਿਨ ਡਿਗਦੀ ਜਾ ਰਹੀ ਸੀ। ਨਾਲੇ ਚੂੰਕਿ ਗੁਰੂ ਸਾਹਿਬ ਜੀ ਦੀ ਚਿੱਠੀ ਲਿਜਾਣ ਵਾਲਾ ਭਾਈ ਦਇਆ ਸਿੰਘ ਆਪਣੇ ਸਮੇਂ ਸਿਰ ਬਾਦਸ਼ਾਹ ਵਲੋਂ ਮੁੜ ਕੇ ਵਾਪਸ ਨਹੀਂ ਸੀ ਆਇਆ ਅਤੇ ਪਤਾ ਨਹੀਂ ਸੀ ਲੱਗਾ ਕਿ ਉਹ ਬਾਦਸ਼ਾਹ ਨੂੰ ਮਿਲ ਕੇ ਚਿੱਠੀ ਪਹੁੰਚਾ ਭੀ ਸਕਿਆ ਹੈ ਕਿ ਨਹੀਂ, ਇਸ ਲਈ ਗੁਰੂ ਸਾਹਿਬ ਨੇ ਗੱਲ-ਬਾਤ ਕਰਨ ਲਈ ਆਪ ਹੀ ਦੱਖਣ ਜਾਣ ਦਾ ਇਰਾਦਾ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਅਜੇ ਰਾਜਪੂਤਾਨੇ ਵਿਚ ਬਘੌਰ ਦੇ ਲਾਗੇ ਹੀ ਸਨ ਕਿ ਉਨ੍ਹਾਂ ਨੂੰ ਬਾਦਸ਼ਾਹ ਦੀ 20 ਫਰਵਰੀ 1707 ਈ. ਨੂੰ ਹੋ ਗਈ ਮੌਤ ਦੀ ਖ਼ਬਰ ਲਗ ਗਈ। ਅੱਗੇ ਜਾਣ ਦਾ ਹੁਣ ਕੋਈ ਪਰਯੋਜਨ ਨਹੀਂ ਸੀ ਰਿਹਾ। ਇਸ ਲਈ ਉਹ ਉਥੋਂ ਹੀ ਉੱਤਰ ਨੂੰ ਮੁੜ ਪਏ। ਆਪ ਦਿੱਲੀ ਦੇ ਨਜ਼ਦੀਕ ਪੁੱਜੇ ਸਨ ਕਿ ਬਾਦਸ਼ਾਹ ਔਰੰਗਜ਼ੇਬ ਦੇ ਵੱਡੇ ਪੁੱਤਰ ਸ਼ਾਹਜ਼ਾਦਾ ਮੁਹੰਮਦ ਮੁਅੱਜ਼ਮ ਨੇ ਸਹਾਇਤਾ ਲਈ ਬੇਨਤੀ ਕੀਤੀ। ਪਿਓ ਦੀ

ਮੌਤ ਵੇਲੇ ਸ਼ਾਹਜ਼ਾਦਾ ਉੱਤਰ-ਲਹਿੰਦੀ ਸਰਹੱਦ ਉੱਤੇ ਸੀ। ਇਸ ਦਾ ਛੋਟਾ ਭਾਈ ਸ਼ਹਿਜ਼ਾਦਾ ਮੁਹੰਮਦ ਆਜ਼ਮ ਲਾਗੇ ਹੋਣ ਕਰਕੇ ਵੱਡੇ ਭਰਾ ਦੇ ਹੱਕ ਦੀ ਪਰਵਾਹ ਨਾ ਕਰਦਾ ਹੋਇਆ ਤਖ਼ਤ ਉੱਤੇ ਬੈਠ ਗਿਆ ਅਤੇ ਬਾਦਸ਼ਾਹ ਬਣ ਗਿਆ ਸੀ। ਬਾਦਸ਼ਾਹ ਔਰੰਗਜ਼ੇਬ ਖ਼ੁਦ ਅਤੇ ਉਸ ਦੇ ਬਾਪ ਦਾਦਾ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਬਜ਼ੁਰਗਾਂ ਅਤੇ ਧਰਮ ਦੇ ਕੱਟੜ ਵਿਰੋਧੀ ਅਤੇ ਜਾਨ ਦੇ ਵੈਰੀ ਰਹੇ ਸਨ। ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਉਨ੍ਹਾਂ ਦੇ ਜ਼ੁਲਮ ਦਾ ਹੀ ਨਤੀਜਾ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਣੇ ਸਾਰੇ ਵੈਰ ਭੁਲਾ ਦਿੱਤੇ। ਪਿਓ ਦਾਦੇ ਦੇ ਜ਼ੁਲਮਾਂ ਦਾ ਬਦਲਾ ਉਹ ਉਨ੍ਹਾਂ ਦੇ ਮੁਸੀਬਤ ਫਾਥੇ ਸ਼ਹਿਜ਼ਾਦੇ ਤੋਂ ਨਹੀਂ ਸਨ ਲੈਣਾ ਚਾਹੁੰਦੇ। ਉਹ ਇਨਸਾਫ਼ ਦੇ ਨਾਉਂ ਤੇ ਸ਼ਾਹਜ਼ਾਦਾ ਮੁਹੰਮਦ ਮੁਅੱਜ਼ਮ ਦੀ ਸਹਾਇਤਾ ਲਈ ਤਿਆਰ ਹੋ ਗਏ ਅਤੇ ਦੋ ਤਿੰਨ ਸੌ ਘੋੜ-ਚੜ੍ਹੇ ਆਗਰੇ ਅਤੇ ਧੌਲਪੁਰ ਦੇ ਵਿਚਕਾਰ ਜਾਜੌ ਕੋਲ 8 ਜੂਨ 1707 ਨੂੰ ਹੋਈ ਲੜਾਈ ਵਿਚ ਭੇਜ ਦਿੱਤੇ। ਇਸ ਲੜਾਈ ਵਿਚ ਮੁਅੱਜ਼ਮ ਦੀ ਫਤਿਹ ਹੋ ਗਈ ਅਤੇ ਉਹ ਸ਼ਾਹ-ਆਲਮ ਬਹਾਦਰ ਸ਼ਾਹ ਦੇ ਨਾਉਂ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ।

ਨਵੇਂ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੇ ਵਜ਼ੀਰ-ਖ਼ਾਨਿ-ਖ਼ਾਨਾਂ ਰਾਹੀਂ ਗੁਰੂ ਗੋਬਿੰਦ ਸਿੰਘ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। 23 ਜੁਲਾਈ ਨੂੰ ਮੁਲਾਕਾਤ ਹੋਈ। ਸ਼ਾਹੀ ਦਸਤੂਰ ਅਨੁਸਾਰ ਕਿਸੇ ਨੂੰ ਹਥਿਆਰ ਬੰਨ੍ਹ ਕੇ ਬਾਦਸ਼ਾਹ ਦੇ ਹਜ਼ੂਰ ਜਾਣ ਦੀ ਆਗਿਆ ਨਹੀਂ ਸੀ ਹੁੰਦੀ, ਪਰ ਬਹਾਦੁਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਖੁਲ੍ਹ ਦੇ ਦਿੱਤੀ ਅਤੇ ਭੇਟ ਵਜੋਂ ਸੱਠ ਹਜ਼ਾਰ ਦੀ ਜੜਾਊ ਧੁਖਧੁਖੀ, ਕਲਗੀ ਅਤੇ ਸਿਰੋਪਾਓ ਦਿੱਤੇ। ਆਮ ਰਿਵਾਜ ਅਨੁਸਾਰ ਸਿਰੋਪਾਓ ਦਰਬਾਰ ਵਿਚ ਹੀ ਪਹਿਨਣਾ ਹੁੰਦਾ ਸੀ ਅਤੇ ਕੇਵਲ ਹਕੂਮਤ ਦੇ ਧਾਰਮਕ ਆਗੂ ਸ਼ੈਖ਼ੁਲ-ਹਿੰਦ ਨੂੰ ਹੀ ਆਗਿਆ ਸੀ ਕਿ ਉਹ ਬਾਦਸ਼ਾਹੀ ਖ਼ਿਲਅਤ ਨਫ਼ਰ ਕੋਲੋਂ ਚੁਕਵਾ ਕੇ ਲੈ ਜਾਏ। ਬਹਾਦੁਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੀ ਇਕ ਧਾਰਮਕ ਆਗੂ ਦੇ ਤੌਰ ਤੇ ਬੜੇ ਸਤਿਕਾਰ ਨਾਲ ਵਿਦਾ ਕੀਤਾ। ਗੁਰੂ ਸਾਹਿਬ ਨੇ ਦਰਬਾਰ ਵਿਚ ਬਾਦਸ਼ਾਹ ਦੇ ਪਾਸ ਹੀ ਇਕ ਸਿੰਘ ਨੂੰ ਅੰਦਰ ਬੁਲਾ ਲਿਆ ਅਤੇ ਸਿਰੋਪਾਓ ਉਠਾ ਲੈ ਜਾਣ ਦੀ ਆਗਿਆ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਧਉਲ ਦੀ ਸੰਗਤ ਦੇ ਨਾਉਂ ਪਹਿਲੀ ਕੱਤਕ ਸੰਮਤ 1764 (2 ਅਕਤੂਬਰ ਸੰਨ 1707) ਦੇ ਹੁਕਮਨਾਮੇ ਤੋਂ ਪਤਾ ਲਗਦਾ ਹੈ ਕਿ ਬਾਦਸ਼ਾਹ ਨਾਲ ਹੋ ਰਹੀ ਗੱਲ-ਬਾਤ ਦੇ ਸਿਰੇ ਚੜ੍ਹ ਜਾਣ ਦੀ ਆਸ ਬੱਝ ਰਹੀ ਸੀ ਅਤੇ ਗੁਰੂ ਸਾਹਿਬ ਦਾ ਵਿਚਾਰ ਸੀ ਕਿ ਉਹ ਛੇਤੀ ਹੀ ਦੇਸ਼ ਨੂੰ ਮੁੜ ਪੈਣਗੇ। ਕੁਝ ਇੰਜ ਜਾਪਦਾ ਹੈ ਕਿ ਉਨ੍ਹਾਂ ਨੂੰ ਕਹਿਲੂਰ ਦੇ ਇਲਾਕੇ ਵਿਚ, ਜਿਸ ਵਿਚ ਕਿ ਅਨੰਦਪੁਰ ਦੀ ਨਗਰੀ ਸੀ, ਪਹੁੰਚਣ ਪਰ ਹਥਿਆਰ-ਬੰਦ ਖ਼ਾਲਸੇ ਦੀ ਲੋੜ ਪੈ ਜਾਣ ਦਾ ਖ਼ਿਆਲ ਸੀ, ਇਸੇ ਲਈ ਇਸ ਹੁਕਮਨਾਮੇ ਵਿਚ ਲਿਖਿਆ ਸੀ ਕਿ "ਅਸੀਂ ਭੀ ਥੋੜੇ ਹੀ ਦਿਨਾਂ ਨੋ ਆਵਤੇ ਹਾਂ, ਸੂਬਤ ਖਾਲਸੇ ਕੋ ਮੇਰਾ ਹੁਕਮ ਹੈ ਆਪਸ ਮੈਂ ਮੇਲ ਕਰਣਾ ਜਦਿ ਅਸੀਂ ਕਹਲੂਰ ਆਵਤੇ ਤਦਿ ਸੂਬਤ ਖਾਲਸੇ ਹਥੀਆਰ ਬਨਿ ਕੇ ਹਜ਼ੂਰ ਆਵਣਾ ਜੋ

ਆਵੇਗਾ ਸੋ ਨਿਹਾਲ ਹੋਵੇਗਾ ।"

ਪਰ ਗੁਰੂ ਸਾਹਿਬ ਦੀ ਬਾਦਸ਼ਾਹ ਨਾਲ ਗੱਲ-ਬਾਤ ਹਾਲੇ ਪੂਰੀ ਤਰ੍ਹਾਂ ਸਿਰੇ ਨਹੀਂ ਸੀ ਚੜ੍ਹੀ ਕਿ ਬਾਦਸ਼ਾਹ ਨੂੰ ਪਹਿਲਾਂ ਰਾਜਪੂਤਾਨੇ ਵਲ ਅਤੇ ਉੱਥੋਂ ਦੱਖਣ ਵਲ ਜਾਣਾ ਪੈ ਗਿਆ। ਦੱਖਣ ਵਿਚ ਉਸ ਦੇ ਛੋਟੇ ਭਰਾ ਕਾਮ ਬਖ਼ਸ਼ ਨੇ ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ ਸੀ। ਗੱਲ-ਬਾਤ ਨੂੰ ਕਿਸੇ ਨਤੀਜੇ ਸਿਰ ਪਹੁੰਚਾਣ ਲਈ ਗੁਰੂ ਸਾਹਿਬ ਭੀ ਉਸ ਦੇ ਨਾਲ ਹੀ ਦੱਖਣ ਵਲ ਨੂੰ ਤੁਰ ਪਏ ਤਾਂ ਕਿ ਜਿੱਥੇ ਭੀ ਮੌਕਾ ਲਗ ਸਕੇ ਗੱਲ ਹੁੰਦੀ ਜਾਏ। ਇਸ ਲੰਬੇ ਸਫ਼ਰ ਵਿਚ ਦਸ ਮਹੀਨੇ ਲਗ ਗਏ। ਭਰਾ ਦੀ ਬਗ਼ਾਵਤ ਦੇ ਕਾਰਣ ਬਾਦਸ਼ਾਹ ਨੂੰ ਆਪਣੀ ਹਕੂਮਤ ਪੱਕਿਆਂ ਪੈਰਾਂ ਤੇ ਚੰਗੀ ਤਰ੍ਹਾਂ ਜੰਮ ਗਈ ਨਹੀਂ ਸੀ ਦਿਸਦੀ। ਇਸ ਲਈ ਉਸ ਵਾਸਤੇ ਬੜੀ ਮੁਸ਼ਕਲ ਸੀ ਕਿ ਉਹ ਗੁਰੂ ਸਾਹਿਬ ਦੀ ਕੋਈ ਐਸੀ ਗੱਲ ਪਰਵਾਨ ਕਰ ਲਏ ਜਿਸ ਨਾਲ ਉੱਤਰ-ਲਹਿੰਦੇ ਵਲ ਪੰਜਾਬ ਵਿਚ ਭੀ ਉਸ ਦਾ ਕੋਈ ਹਾਕਮ ਆਕੀ ਹੋ ਖੜੋਵੇ ਅਤੇ ਰੌਲਾ ਪੈ ਜਾਏ। ਉਧਰ ਗੁਰੂ ਸਾਹਿਬ ਲਈ ਭੀ ਬਾਦਸ਼ਾਹੀ ਕੈਂਪ ਦੇ ਨਾਲ ਨਾਲ ਅਨੰਤ ਸਮੇਂ ਲਈ ਤੁਰੀ ਜਾਣਾ ਮੁਸ਼ਕਲ ਸੀ। ਇਸ ਲਈ ਨਾਂਦੇੜ ਦੇ ਮੁਕਾਮ ਤੇ ਗੱਲ-ਬਾਤ ਟੁੱਟ ਗਈ ਅਤੇ ਹੁਣ ਤਕ ਕੀਤੇ ਜਾ ਰਹੇ ਸਾਰੇ ਜਤਨ ਨਿਸਫਲ ਹੋ ਗਏ। ਹੁਣ ਮੁੜ ਤਲਵਾਰ ਦੇ ਮੁੱਠੇ ਤੇ ਹੱਥ ਰੱਖਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ। ਜਦ ਬਾਦਸ਼ਾਹ ਨੇ ਗੋਦਾਵਰੀ ਪਾਰ ਕਰ ਕੇ ਹੈਦਰਾਬਾਦ ਵਲ ਨੂੰ ਵਧਣ ਦੀ ਤਿਆਰੀ ਕਰ ਲਈ ਤਾਂ ਗੁਰੂ ਸਾਹਿਬ ਨੇ ਕੁਝ ਚਿਰ ਲਈ ਨਾਂਦੇੜ ਹੀ ਡੇਰਾ ਲਾ ਦਿੱਤਾ। ਇਹ ਗੱਲ ਸਤੰਬਰ 1708 ਈਸਵੀ ਦੇ ਆਖ਼ਰੀ ਹਫ਼ਤੇ ਦੀ ਹੈ। ਇੱਥੇ ਹੀ ਆਪ ਦਾ ਬੈਰਾਗੀ ਮਾਧੋ ਦਾਸ ਨਾਲ ਮੇਲ ਹੋਇਆ।

ਦੱਖਣ ਦੇ ਸਫ਼ਰ ਵਿਚ ਗੁਰੂ ਗੋਬਿੰਦ ਸਿੰਘ ਨੂੰ ਨਾਰਾਇਣਾ ਨਗਰ ਰਿਆਸਤ ਜੈਪੁਰ ਵਿਚ ਦਾਦੂ-ਪੰਥੀ ਮਹੰਤ ਜੈਤ ਰਾਮ ਪਾਸੋਂ ਨਾਂਦੇੜ ਵਿਚ ਟਿਕੇ ਹੋਏ ਬੈਰਾਗੀ ਮਾਧੋ ਦਾਸ ਦਾ ਪਤਾ ਲਗ ਗਿਆ ਸੀ, ਜੋ ਜੰਤਰਾਂ-ਮੰਤਰਾਂ ਨਾਲ ਅਭਿਆਗਤ ਸਾਧੂਆਂ ਅਤੇ ਅਤਿਥੀਆਂ ਦੀ ਹੇਠੀ ਕਰ ਕੇ ਖ਼ੁਸ਼ ਹੁੰਦਾ ਸੀ। ਖ਼ੁਦ ਮਹੰਤ ਜੈਤ ਰਾਮ ਨਾਲ ਭੀ ਉਸ ਨੇ ਕੋਝਾ ਵਰਤਾਓ ਕੀਤਾ ਸੀ। ਇਸ ਲਈ ਮਹੰਤ ਜੈਤ ਰਾਮ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਨਾਂਦੇੜ ਪੁੱਜਣ ਪਰ ਮਾਧੋ ਦਾਸ ਦੇ ਡੇਰੇ ਨਾ ਜਾਣ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗੱਲ ਵਲ ਕੋਈ ਧਿਆਨ ਨਾ ਦਿੱਤਾ ਉਹ ਸਨ ਗੁਰੂ ਨਾਨਕ ਦੀ ਗੱਦੀ ਉੱਤੇ, ਜੋ ਭੁੱਲਿਆਂ, ਕੁਰਾਹੀਆਂ ਅਤੇ ਠੱਗਾਂ ਨੂੰ ਸਿੱਧੇ ਰਾਹੇ ਪਾਉਣ ਲਈ ਬਲ ਪਾ ਕੇ ਭੀ ਉਚੇਚਾ ਪੁਜਦੇ ਸਨ। ਗੁਰੂ ਗੋਬਿੰਦ ਸਿੰਘ ਜੀ ਭੀ ਇਕ ਸਵੇਰੇ ਮਾਧੋ ਦਾਸ ਦੇ ਅਸਥਾਨ ਤੇ ਜਾ ਪੁੱਜੇ। ਉਸ ਵੇਲੇ ਮਾਧੋ ਦਾਸ ਮਠ ਵਿਚ ਨਹੀਂ ਸੀ। ਗੁਰੂ ਸਾਹਿਬ ਉਸ ਦੀ ਉਡੀਕ ਵਿਚ ਉਸ ਦੇ ਪਲੰਘ ਪਰ ਜਾ ਬਿਰਾਜੇ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਆਪਣੇ ਲੰਗਰ ਲਈ ਮਾਸ ਦੀਆਂ ਦੇਗਾਂ ਚੁਲ੍ਹਿਆਂ ਉੱਤੇ ਚੜ੍ਹਾ ਦਿੱਤੀਆਂ। ਵੈਸ਼ਨੋ ਬੈਰਾਗੀ ਦੇ ਚੇਲਿਆਂ ਨੂੰ ਇਹ ਗੱਲਾਂ ਚੰਗੀਆਂ ਨਾ ਲੱਗੀਆਂ। ਉਹ ਇਸ ਅਨੋਖੇ ਪਰਾਹੁਣੇ ਦੀ ਸ਼ਿਕਾਇਤ ਕਰਨ ਲਈ ਮਾਧੋ ਦਾਸ ਪਾਸ ਭੱਜੇ ਗਏ। ਮਾਧੋ ਦਾਸ ਨੂੰ ਆਪਣੀਆਂ ਸਿੱਧੀਆਂ

ਉੱਤੇ ਬੜਾ ਮਾਣ ਸੀ। ਉਹ ਹਰ ਕਿਸੇ ਨੂੰ ਨੀਚ ਸਮਝਦਾ ਸੀ। ਉਸ ਨੇ ਬੜੇ ਬੜੇ ਸਾਧੂਆਂ ਨੂੰ ਠਿੱਠ ਕੀਤਾ ਹੋਇਆ ਸੀ। ਇਸ ਲਈ ਚੇਲਿਆਂ ਦੀਆਂ ਗੱਲਾਂ ਸੁਣ ਕੇ ਉਸ ਨੂੰ ਗੁੱਸਾ ਚੜ੍ਹ ਗਿਆ ਅਤੇ ਲਾਲ ਪੀਲਾ ਹੋਇਆ ਹੋਇਆ ਆਪਣੇ ਡੇਰੇ ਵਲ ਆਇਆ ਉਹ ਉਸ ਮਠ ਦਾ ਮਾਲਕ ਸੀ ਅਤੇ ਇਲਾਕੇ ਵਿਚ ਉਸ ਦੀ ਬੜੀ ਮਾਨਤਾ ਸੀ। ਉਸ ਨੇ ਆਪਣੇ ਪਲੰਘ ਉੱਤੇ ਕਿਸੇ ਹੋਰ ਦੇ ਬੈਠ ਜਾਣ ਨਾਲ ਆਪਣੀ ਨਿਰਾਦਰੀ ਹੋ ਗਈ ਸਮਝੀ ਅਤੇ ਆਪਣੇ ਡੇਰੇ ਵਿਚ ਮਾਸ ਦੀਆਂ ਦੇਗਾਂ ਚੜ੍ਹ ਜਾਣ ਨਾਲ ਧਰਮ ਭੰਗ। ਆਪਣੀ ਪੁਰਾਣੀ ਆਦਤ ਅਨੁਸਾਰ ਉਸ ਨੇ ਯੋਗ ਬਲ ਅਤੇ ਵੱਸ ਕੀਤੇ ਹੋਏ ਅਦਿੱਖ ਬੀਰਾਂ ਦੀ ਸਹਾਇਤਾ ਨਾਲ ਪਲੰਘ ਨੂੰ ਉਲਟਾ ਦੇਣ ਦਾ ਜਤਨ ਕੀਤਾ। ਪਰ ਕੋਈ ਪੇਸ਼ ਨਾ ਗਈ, ਸਾਰੇ ਜੰਤਰ ਮੰਤਰ ਨਿਸਫਲ ਹੋ ਗਏ ਅਤੇ ਮਾਧੋ ਦਾਸ ਘਬਰਾ ਉੱਠਿਆ। ਇਸ ਪ੍ਰਕਾਰ ਦੇ ਨਾਟਕ ਚੇਟਕ ਕਮਜ਼ੋਰ ਮਨਾਂ ਉੱਤੇ ਤਾਂ ਭਾਵੇਂ ਕੁਝ ਅਸਰ ਪਾ ਜਾਣ ਪਰ ਇਨ੍ਹਾਂ ਦੀ ਡਾਢਿਆਂ ਨਾਲ ਕੋਈ ਵਾਹ ਨਹੀਂ ਚਲਦੀ। ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਆਤਮਾ ਸਨ, ਜਿਨ੍ਹਾਂ ਦੇ ਤੇਜ ਦੇ ਸਾਹਮਣੇ ਹੰਕਾਰੀ ਸਾਧੂ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਅਜ ਤਕ ਉਸ ਦੇ ਸਾਹਮਣੇ ਕੋਈ ਨਹੀਂ ਸੀ ਅੜਿਆ, ਪਰ ਇੱਥੇ ਹੁਣ ਉਹ ਆਪ ਝੜ ਗਿਆ। ਆਇਆ ਸੀ ਉਹ ਬੜੇ ਰੋਹ ਤੇ ਹੰਕਾਰ ਨਾਲ, ਘਰ ਆਏ ਪਰਾਹੁਣੇ ਉੱਤੇ ਆਪਣਾ ਦਬਦਬਾ ਜਮਾਉਣ, ਪਰ ਦਰਸ਼ਨ ਕਰਦਿਆਂ ਹੀ ਮੋਹਿਆ ਗਿਆ। ਹੰਕਾਰ ਨਾਲ ਭਰਿਆ ਹੋਇਆ ਉਸ ਦਾ ਸਿਰ ਨਿੰਮਰਤਾ ਨਾਲ ਝੁਕ ਗਿਆ ਅਤੇ ਅੱਗੇ ਵਧ ਕੇ ਉਸ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਤਿਕਾਰ ਨਾਲ ਬਨਤੀ ਕੀਤੀ :

ਮਾਧੋ ਦਾਸ : (ਮਹਾਰਾਜ) ਆਪ ਕੌਣ ਹੋ ?
ਗੁਰੂ ਸਾਹਿਬ : ਉਹ ਜਿਸ ਨੂੰ ਤੂੰ ਜਾਣਦਾ ਹੈਂ।
ਮਾਧੋ ਦਾਸ : ਮੈਂ ਕਿ ਜਾਣਦਾ ਹਾਂ ?
ਗੁਰੂ ਸਾਹਿਬ : ਆਪਣੇ ਮਨ ਵਿਚ ਚੰਗੀ ਤਰ੍ਹਾਂ ਸੋਚ।
ਮਾਧੋ ਦਾਸ : (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ।
ਗੁਰੂ ਸਾਹਿਬ : ਹਾਂ।
ਮਾਧੋ ਦਾਸ : ਆਪ ਇੱਥੇ ਕਿਸ ਤਰ੍ਹਾਂ ਪਧਾਰੇ ਹੋ ?
ਗੁਰੂ ਸਾਹਿਬ : ਮੈਂ ਏਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ।
ਮਾਧੋ ਦਾਸ : ਮੈਂ ਹਾਜ਼ਰ ਹਾਂ, ਹਜ਼ੂਰ ! ਮੈਂ ਆਪ ਦਾ ਬੰਦਾ (ਗ਼ੁਲਾਮ) ਹਾਂ।

ਇਹ ਵਾਰਤਾਲਾਪ ਅਹਿਮਦਸ਼ਾਹ ਬਟਾਲੀਏ ਦੀ ਫ਼ਾਰਸੀ ਕਿਤਾਬ 'ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾਂ' ਵਿਚ ਦਿੱਤਾ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਦੇ ਇਸ ਵਚਨ ਵਿਚ ਕਿ "ਮੈਂ ਏਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ" ਕੋਈ ਐਸੀ ਕਰਾਮਾਤ ਸੀ ਕਿ ਇਹ ਕੱਟੜ ਅਤੇ ਹੰਕਾਰੀ ਬੈਰਾਗੀ ਬੜੀ ਅਧੀਨਗੀ ਨਾਲ ਉਨ੍ਹਾਂ ਦੇ ਚਰਨੀਂ ਢਹਿ ਪਿਆ ਅਤੇ ਬਿਨਾਂ ਹੀਲ ਹੁੱਜਤ ਦੇ ਸਿੰਘ ਸਜਣ ਨੂੰ ਤਿਆਰ ਹੋ ਗਿਆ। ਅਸਲ ਵਿਚ ਮਾਧੋ ਦਾਸ ਦਰਸ਼ਨ ਕਰਦਿਆਂ ਹੀ

ਗੁਰੂ ਕਾ ਹੋ ਚੁੱਕਾ ਸੀ। ਹੁਣ ਚਰਨਾਂ ਦੀ ਛੋਹ ਨਾਲ ਬਿਜਲੀ ਦੀ ਰੌ ਜਿਹੀ ਉਸ ਦੇ ਤਨ ਮਨ ਵਿਚ ਰੁਮਕ ਗਈ ਅਤੇ ਉਹ ਪਾਰਸ ਨਾਲ ਸਪਰਸ਼ ਹੁੰਦਿਆਂ ਹੀ ਕੱਚੇ ਲੋਹੇ ਤੋਂ ਸੁੱਚਾ ਸੋਨਾ ਬਣ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੌਜਵਾਨ ਸਾਧੂ ਦੇ ਅੰਤਰ-ਆਤਮੇ ਇਕ ਚਮਕਦੀ ਚਿਣਗ ਵੇਖੀ ਜਿਸ ਨੂੰ ਆਪ ਨੇ ਆਪਣੀ ਮਿਹਰ ਨਾਲ ਜੋਤ ਬਣਾ ਕੇ ਜਗਾ ਦਿੱਤਾ। ਮਾਧੋਦਾਸ ਦੀ ਬਦਲੀ ਹੋਈ ਮਾਨਸਕ ਹਾਲਤ ਵਿਚ ਉਸ ਨੂੰ ਇਕ ਨਵੇਂ ਸੱਚੇ ਵਿਚ ਢਾਲ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਵੇਲੇ ਉਸ ਨੂੰ ਸ਼ਸਤਰ-ਧਾਰੀ ਸਿੰਘਾਂ ਵਾਲਾ ਬਾਣਾ ਧਾਰਨ ਕਰਾ ਦਿੱਤਾ ਅਤੇ ਸਿੱਖ ਰਹੁ-ਰੀਤ ਅਨੁਸਾਰ ਅੰਮ੍ਰਿਤ ਛਕਾ ਕੇ ਸਜਾ ਦਿੱਤਾ ਅਤੇ ਉਸ ਦਾ ਨਾਉਂ ਬਦਲ ਕੇ 'ਬੰਦਾ ਸਿੰਘ' ਰੱਖ ਦਿੱਤਾ। ਪ੍ਰਸਿੱਧ ਉਹ ਬਹੁਤਾ ਆਪਣੇ ਲਈ ਪਹਿਲਾਂ ਆਪੇ ਵਰਤੇ ਪਦ 'ਬੰਦਾ' ਨਾਲ ਰਿਹਾ ਤੇ ਇਹੋ ਪਦ ਹੀ ਬਹੁਤੇ ਇਤਿਹਾਸਕਾਰਾਂ ਨੇ ਉਸ ਦੇ ਨਾਉਂ ਦੇ ਤੌਰ ਤੇ ਵਰਤਿਆ।

ਇਸ ਤਰ੍ਹਾਂ ਮਾਧੋ ਦਾਸ ਬੈਰਾਗੀ ਅੱਖ ਦੇ ਫੋਰ ਵਿਚ ਉਹ ਹੋਰ ਦਾ ਹੋਰ ਹੋ ਗਿਆ। ਹੁਣ ਉਹ ਬੈਰਾਗੀ ਸਾਧ ਨਹੀਂ ਸੀ ਰਿਹਾ। ਉਹ ਤਿਆਰ ਬਰ ਤਿਆਰ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਦਾ ਸੰਤ ਸਿਪਾਹੀ ਖ਼ਾਲਸਾ ਬਣ ਗਿਆ ਸੀ। ਸੋ ਉਹ ਗੁਰੂ ਸਾਹਿਬ ਦੇ ਨਾਲ ਉਨ੍ਹਾਂ ਦੇ ਡੇਰੇ ਜਾ ਕੇ ਆਪਣੇ ਨਵੇਂ ਕੌਮੀ ਤੇ ਜੰਗੀ ਜੀਵਨ ਦੀ ਤਿਆਰੀ ਕਰਨ ਲਗ ਪਿਆ।

ਕਈ ਲਿਖਾਰੀਆਂ ਨੂੰ ਚੂੰਕਿ ਮਾਧੋਦਾਸ ਦੇ ਸਿੰਘ ਸਜਣ ਸੰਬੰਧੀ ਹਾਲ ਤਕ ਭੀ ਭੁਲੇਖਾ ਚਲਿਆ ਆ ਰਿਹਾ ਹੈ, ਇਸ ਲਈ ਇੱਥੇ ਕੁਝ ਕੁ ਇਤਿਹਾਸਕ ਹਵਾਲੇ ਦੇ ਦੇਣੇ ਜ਼ਰੂਰੀ ਸਮਝੇ ਗਏ ਹਨ। ਦੇਖੋ :

1. **ਅਹਿਮਦ ਸ਼ਾਹ ਬਟਾਲੀਆ :**

ਫੇਰ ਉਥੇ ਹੀ ਉਸ ਨੂੰ ਪਾਹੁਲ ਦੇ ਕੇ ਸਿੰਘ ਬਣਾ ਦਿੱਤਾ ਅਤੇ ਆਪਣੇ ਨਾਲ ਡੇਰੇ ਲੈ ਆਂਦਾ (ਪਸ ਹਮਾਂਗਾਹ ਓ ਰਾ ਪਾਹੁਲ ਦਾਦਾ ਸਿੰਘ ਕਰਦ ਵਾ ਬਾ-ਖ਼ੁਦ ਬ-ਡੇਰਾ ਆਵੁਰਦ)—ਜ਼ਿਕਰਿ ਗੁਰੂਆਂ, ਇਬਤਿਦਾਇ ਸਿੰਘਾਂ, ਆਦਿ, ਪੰਨਾ 11।

2. **ਅਲੀ-ਉ-ਦੀਨ, ਮੁਫ਼ਤੀ :**

ਬੰਦਾ ਇਹ ਕੁਝ ਸੁਣ ਕੇ ਤਨ ਮਨ ਨਾਲ ਚੇਲਾ ਬਣ ਗਿਆ ਅਤੇ ਪਾਹੁਲ ਲੈ ਕੇ ਜੰਗ ਲਈ ਤਿਆਰ-ਬਰ-ਤਿਆਰ ਹੋ ਗਿਆ (ਬੰਦਾ ਬ-ਇਸਤਮਾਇ-ਈਂ ਮਾਅਨੀ ਅਜ਼ ਦਿਲੋ ਜਾਨ ਇਰਾਦਤਮੰਦ ਸ਼ੁਦ ਵ ਪਾਹੁਲ ਗਰਿਫ਼ਤਾ ਮੁਸਤਾਦ ਹੰਗਾਮਾ ਓ ਮੁਹਾਰਕਾ ਗਰਦੀਦ) —ਇਬਰਤ ਨਾਮਾ, 39।

3. **ਮੁਹੰਮਦ ਅਲੀ ਖ਼ਾਨ ਅਨਸਾਰੀ :**

ਬਾਦਸ਼ਾਹ ਨੇ ਸ਼ੱਵਾਲ ਦੇ ਮਹੀਨੇ ਅਜਮੇਰ ਵੱਲ ਨੂੰ ਕੂਚ ਕੀਤਾ, ਇਸੇ ਵੇਲੇ ਗੁਰੂ ਗੋਬਿੰਦ ਸਿੰਘ ਦੇ ਖ਼ਾਸ ਚੇਲਿਆਂ ਵਿਚੋਂ ਇਕ ਬੰਦਾ ਨਾਮੀ ਦੇ ਲੜਾਈ ਫਸਾਦ ਅਤੇ ਬਗ਼ਾਵਤ ਦੀ ਖ਼ਬਰ ਬਾਦਸ਼ਾਹ ਦੇ ਕੰਨੀਂ ਪਈ। (ਆਂ ਹਜ਼ਰਤ ਦਰ ਮਾਹਿ ਸ਼ੱਵਾਲ ਰਹਿਗਰਾਈ-ਇ ਅਜਮੇਰ ਸ਼ੁਦ ਕਿ ਦਰ ਹਮੀਂ ਇਸ਼ਤਿਆਕ ਹਰਬ-ਗ਼ਾਰਤ ਵਾ ਸ਼ੋਰਸ਼ਿ ਬੰਦਾ

ਕਿ ਯਕੇ ਅਜ਼ ਮੁਰੀਦਾਨਿ ਗੁਰੂ ਗੋਬਿੰਦ ਸਿੰਘ ਬ-ਸਮਾਇ ਜਾਹੋ ਜਲਾਲ ਰਸੀਦ)—ਤਵਾਰੀਖ਼ਿ ਮੁਜ਼ੱਫਰੀ, 85 ।

4. **ਗਣੇਸ਼ ਦਾਸ ਬਡੇਹਰਾ :**

ਰਾਹ ਵਿਚ ਇਕ ਗੁਮਨਾਮ ਤੇ ਨਾਮਾਲੂਮ ਖ਼ਾਨਦਾਨ ਦੇ ਆਦਮੀ ਨੂੰ ਆਪਣੇ ਨਾਲ ਮਿਲਾ ਕੇ ਆਪਣੇ ਧਰਮ ਵਿਚ ਲੈ ਆਂਦਾ ਅਤੇ ਆਪਣਾ ਨਾਇਬ ਬਣਾ ਕੇ ਮਾਖੋਵਾਲ (ਅਨੰਦਪੁਰ) ਵੱਲ ਨੂੰ ਭੇਜ ਦਿੱਤਾ (ਦਰ ਅਸਨਾਇ ਰਾਹ ਸ਼ਖ਼ਸੇ ਮਜਹੂਲ-ਲ-ਇਸਮ ਵਾ ਨਸਬ ਰਾ ਮੁਸਤਮਾਲ ਬ-ਮਜ਼ਹਬਿ ਖ਼ੁਦ ਆਵੁਰਦ ਵਾ ਬਰ ਤਰਫ਼ਿ ਮਾਖੋਵਾਲ ਬ-ਨਿਆਬਤਿ ਖ਼ੁਦ ਰਵਾਨਾ ਕਰਦ)—ਰਿਸਾਲਾ ਸਾਹਿਬ-ਨੁਮਾ, 186-7 ।

**ਕਨ੍ਹਈਆ ਲਾਲ :**

ਬਾਵਜੂਦੇ ਕਿ ਅੱਵਲ ਵੁਹ ਖਾਨਦਾਨਿ ਬੈਰਾਗ ਕਾ ਚੇਲਾ ਥਾ, ਇਸ ਸਿਲਸਿਲੇ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਦਾ ਚੇਲਾ ਬਣ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿਖ ਹੂਆ—ਤਾਰੀਖਿ ਪੰਜਾਬ, 56 ।

ਇਸ ਤਰ੍ਹਾਂ ਬਖਤ ਮੱਲ, ਜ਼ਕਾਉੱਲਾ, ਗੁਲਾਮ ਹੁਸੈਨ ਖਾਨ, ਇਰਾਦਤ ਖ਼ਾਨ, ਫਾਰਸ਼ਟਰ, ਜੇਮਜ਼ ਬਰਾਊਨ, ਮੈਗ੍ਰੈਗਰ, ਮੁਹੰਮਦ ਲਤੀਫ਼, ਸਰਧਾ ਰਾਮ ਫਲੌਰੀ ਆਦਿ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਲਿਖਾਰੀਆਂ ਨੇ ਇਸ ਗੱਲ ਦੀ ਪੂਰੀ ਤਰ੍ਹਾਂ ਪੁਸ਼ਟੀ ਕੀਤੀ ਹੈ।

ਭਾਈ ਕਾਨ੍ਹ ਸਿੰਘ ਆਦਿ ਕੁਝ ਲਿਖਾਰੀਆਂ ਨੇ ਉਸ ਦਾ ਨਵਾਂ ਨਾਉਂ ਗੁਰਬਖਸ਼ ਸਿੰਘ ਲਿਖਿਆ ਹੈ ਜੋ ਠੀਕ ਨਹੀਂ । ਵੇਰਵੇ ਲਈ ਦੇਖੋ 'ਸਿੱਖ ਇਤਿਹਾਸ ਬਾਰੇ' ।

ਅਧਿਆਇ 3

# ਬੰਦਾ ਸਿੰਘ ਦਾ ਪੰਜਾਬ ਨੂੰ ਕੂਚ

ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਛੱਕ ਕੇ ਜਦ ਪੁਰਾਣਾ ਬੈਰਾਗੀ ਮਾਧੋ ਦਾਸ ਗਾਤਰੇ ਫੁਲਾਦੀ ਕਿਰਪਾਨ ਅਤੇ ਹੱਥ ਸਰਬ-ਲੋਹ ਦਾ ਕੜਾ ਪਹਿਣ ਕੇ ਬੰਦਾ ਸਿੰਘ ਨਾਉਂ ਦਾ ਇਕ ਨਵਾਂ ਮਨੁੱਖ ਬਣ ਗਿਆ ਤਾਂ ਉਸ ਦੀਆਂ ਸੁੱਤੀਆਂ ਕਲਾਂ ਜਾਗ ਪਈਆਂ। ਉਹ ਜੋ ਜਿਊਂਦੇ ਜੀਵਨ ਦੇ ਕਰਮ-ਖੇਤਰ ਤੋਂ ਡਰਦਾ ਹਰਿ-ਹਰਿ ਕਰਦਾ ਨਿਕਲਿਆ ਸੀ, ਸਤਿਗੁਰੂ ਦੀ ਕਿਰਪਾ ਨਾਲ ਹੁਣ ਮੁੜ ਕੌਮੀ ਸੇਵਾ ਦੇ ਸੰਗਰਾਮ ਵਿਚ ਆ ਨਿੱਤਰਿਆ। ਸਿੱਖੀ ਦੇ ਸਿਧਾਂਤਾਂ ਅਤੇ ਢਹਿੰਦੀਆਂ ਕਲਾਂ ਵਿਚ ਜਾ ਰਹੀ ਪੰਜਾਬ ਦੀ ਜਨਤਾ ਵਿਚੋਂ ਸੂਰਬੀਰਾਂ ਦੀ ਕੌਮ ਬਣਾ ਦੇਣ ਲਈ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਜਤਨਾਂ ਤੋਂ ਜਾਣੂ ਹੋਣ ਲਈ ਬੰਦਾ ਸਿੰਘ ਨੂੰ ਕੋਈ ਬਹੁਤਾ ਸਮਾਂ ਨਾ ਲੱਗਾ। ਸਿੱਖ ਧਰਮ ਦੇ ਪ੍ਰਚਾਰ ਬਦਲੇ ਕਿਵੇਂ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਕਿਵੇਂ ਔਰੰਗਜ਼ੇਬ ਦੇ ਹੁਕਮ ਨਾਲ ਧਰਮ-ਮੂਰਤ ਗੁਰੂ ਤੇਗ ਬਹਾਦਰ ਨੂੰ ਕਤਲ ਕਰ ਦਿੱਤਾ ਗਿਆ ਸੀ, ਸੁਣ ਸੁਣ ਕੇ ਬੰਦਾ ਸਿੰਘ ਕੰਬ ਉਠਿਆ ਅਤੇ ਉਸ ਦੇ ਲੂੰ ਕੰਡਿਆਂ ਵਾਂਗੂ ਖੜੇ ਹੋ ਗਏ। ਮੁਗਲਾਂ ਦੇ ਜ਼ੁਲਮ ਨਾਲ ਲਤਾੜੀ ਜਾ ਰਹੀ ਹਿੰਦੂ ਜਨਤਾ ਦੀ ਤਰਸ ਯੋਗ ਹਾਲਤ ਤਾਂ ਉਸ ਨੇ ਥਾਉਂ ਥਾਈਂ ਆਪਣੀਆਂ ਅੱਖਾਂ ਨਾਲ ਡਿੱਠੀ ਹੋਈ ਸੀ, ਪਰ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਨੂੰ ਧਰਮ ਤਿਆਗਣ ਤੋਂ ਨਾਂਹ ਕਰਨ ਪੁਰ ਜਿਊਂਦੇ ਜੀ ਕੰਧ ਵਿਚ ਚਿਣ ਦੇਣ ਅਤੇ ਫੇਰ ਛੁਰਿਆਂ ਨਾਲ ਬਕਰਿਆਂ ਵਾਂਗ ਕੋਹ ਕੇ ਕਤਲ ਕਰ ਦੇਣ ਦੀ ਦੁਖ ਭਰੀ ਵਿੱਥਿਆ ਨੂੰ ਸੁਣ ਕੇ ਬੰਦਾ ਸਿੰਘ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਅਤੇ ਮੁਗ਼ਲ ਰਾਜ ਦੇ ਵਿਰੁੱਧ ਉਸ ਦਾ ਹੀਆ ਭੜਕ ਉੱਠਿਆ।

ਇਨ੍ਹਾਂ ਦਿਨਾਂ ਵਿਚ ਹੀ ਸਰਹੰਦ ਦੇ ਇਕ ਪਠਾਣ ਨੇ ਗੁਰੂ ਗੋਬਿੰਦ ਸਿੰਘ ਉੱਤੇ ਛੁਰੇ ਨਾਲ ਕਾਫੀ ਵਾਰ ਕਰ ਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ। ਜਦ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਗੁਰੂ ਦੀ ਚੱਲ ਰਹੀ ਮਿੱਤਰਾਨਾ ਗੱਲ-ਬਾਤ ਅਤੇ ਜਾਜੋਂ ਦੀ ਰਣਭੂਮੀ ਵਿਚ ਗੁਰੂ ਸਾਹਿਬ ਵਲੋਂ ਦਿੱਤੀ ਗਈ ਫ਼ੌਜੀ ਸਹਾਇਤਾ ਦੇ ਸ਼ੁਕਰਾਨੇ ਵਜੋਂ ਬਾਦਸ਼ਾਹ ਵਲੋਂ ਭੇਟ ਕੀਤੇ ਗਏ ਬਹੁ-ਮੁੱਲੇ ਸਿਰਪਾਓ ਦੀਆਂ ਖ਼ਬਰਾਂ ਸਰਹੰਦ ਦੇ ਹਾਕਮ ਵਜ਼ੀਰ ਖ਼ਾਨ ਨੂੰ ਪੁੱਜੀਆਂ ਤਾਂ ਉਹ ਘਬਰਾ ਗਿਆ। ਉਹ ਗੁਰੂ ਸਾਹਿਬ ਅਤੇ ਸਿੱਖਾਂ ਦਾ ਸਭ ਤੋਂ ਵੱਡਾ ਦੋਖੀ ਸੀ। ਉਸੇ ਦੇ ਹੁਕਮ ਨਾਲ ਅਨੰਦਪੁਰ ਦਾ ਅੰਤਮ ਘੇਰਾ ਪਿਆ ਅਤੇ ਉਜਾੜਾ ਹੋਇਆ ਅਤੇ ਉਸੇ ਦੇ ਹੁਕਮ ਨਾਲ ਹੀ ਮਾਸੂਮ ਸਾਹਿਬਜ਼ਾਦੇ ਸ਼ਹੀਦ ਕੀਤੇ ਗਏ ਸਨ।

ਹੁਣ ਉਸ ਨੂੰ ਉਸ ਦੇ ਆਪਣੇ ਪਾਪ ਡਰਾਉਣ ਲੱਗ ਪਏ ਕਿ ਜੇ ਕਿਧਰੇ ਗੁਰੂ ਸਾਹਿਬ ਅਤੇ ਬਾਦਸ਼ਾਹ ਦੀ ਗੱਲ-ਬਾਤ ਸਫਲਤਾ ਨਾਲ ਸਿਰੇ ਚੜ੍ਹ ਗਈ ਤਾਂ ਉਸ ਦੀ ਖ਼ੈਰ ਨਹੀਂ। ਇਸ ਲਈ ਮਾਲੂਮ ਹੁੰਦਾ ਹੈ, ਉਸ ਨੇ ਗੁਰੂ ਸਾਹਿਬ ਦੇ ਪੰਜਾਬ ਨੂੰ ਮੁੜਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਕਤਲ ਕਰਵਾ ਦੇਣ ਲਈ ਦੋ ਬੰਦੇ ਉਨ੍ਹਾਂ ਦੇ ਮਗਰ ਲਾ ਦਿੱਤੇ। 'ਚਤੁਰ ਜੁਗੀ' ਗਰੰਥ ਦਾ ਕਰਤਾ ਦੱਸਦਾ ਹੈ ਕਿ ਪਹਿਲੋਂ ਇਹ ਮਾਤਾ ਸੁੰਦਰੀ ਜੀ ਪਾਸ ਦਿੱਲੀ ਗਏ ਅਤੇ ਉਥੋਂ ਪਤਾ ਲੈ ਕੇ ਦੱਖਣ ਜਾ ਪੁੱਜੇ। ਇਹ ਗੁਰੂ ਸਾਹਿਬ ਦੇ ਪਹਿਲੋਂ ਦੇ ਜਾਣੂ ਮਾਲੂਮ ਹੁੰਦੇ ਹਨ, ਇਸੇ ਕਰਕੇ ਹੀ ਦਿੱਲੀ ਤੋਂ ਇਨ੍ਹਾਂ ਨੂੰ ਗੁਰੂ ਸਾਹਿਬ ਦੇ ਦੱਖਣ ਜਾਣ ਦਾ ਪਤਾ ਮਿਲ ਗਿਆ ਅਤੇ ਨਾਂਦੇੜ ਗੁਰੂ ਸਾਹਿਬ ਦੇ ਡੇਰੇ ਵਿਚ ਇਨ੍ਹਾਂ ਦੀ ਨੀਅਤ ਉੱਤੇ ਕੋਈ ਸ਼ੱਕ ਨਾ ਪਿਆ। ਇਹ ਖੁੱਲ੍ਹੇ ਡੁੱਲ੍ਹੇ ਸ਼ਾਮ ਨੂੰ ਰਹਰਾਸਿ ਦੇ ਪਾਠ ਵੇਲੇ ਦੀਵਾਨ ਵਿਚ ਆਉਂਦੇ ਰਹੇ ਅਤੇ ਆਪਣੇ ਮੰਦਕਾਰੇ ਲਈ ਵੇਲੇ ਦੀ ਤਾੜ ਵਿਚ ਰਹੇ। ਇਕ ਦਿਨ ਸ਼ਾਮ ਦੇ ਪਾਠ ਤੋਂ ਬਾਅਦ ਗੁਰੂ ਸਾਹਿਬ ਦੀ ਅੱਖ ਲਗ ਗਈ ਅਤੇ ਕੋਲ ਦੇ ਸੇਵਾਦਾਰ ਨੂੰ ਭੀ ਊਂਘ ਆ ਗਈ। ਇਸ ਵੇਲੇ ਮੌਕੇ ਦੀ ਤਾੜ ਵਿਚ ਲਗੇ ਹੋਏ ਇਨ੍ਹਾਂ ਵਿਚੋਂ ਇਕ ਨੇ ਗੁਰੂ ਸਾਹਿਬ ਉੱਤੇ ਛੁਰੇ ਦਾ ਭਰਵਾਂ ਵਾਰ ਕੀਤਾ ਅਤੇ ਦਿਲ ਤੋਂ ਜ਼ਰਾ ਕੁ ਹੇਠਾਂ ਬੜਾ ਡੂੰਘਾ ਜ਼ਖ਼ਮ ਕਰ ਦਿੱਤਾ। ਆਪਣੀ ਵਲੋਂ ਉਸ ਨੇ ਵਾਰ ਤਾਂ ਐਨ ਦਿਲ ਉੱਤੇ ਕੀਤਾ ਸੀ ਪਰ ਉਹ ਜ਼ਰਾ ਹੇਠਾਂ ਜਾਂ ਲੱਗਾ। ਦੂਸਰਾ ਵਾਰ ਕਰ ਸਕਣ ਤੋਂ ਪਹਿਲਾਂ ਹੀ ਕੋਲ ਪਈ ਕਿਰਪਾਨ ਨਾਲ ਗੁਰੂ ਸਾਹਿਬ ਨੇ ਕਾਤਲ ਨੂੰ ਝਟਕਾ ਦਿੱਤਾ ਅਤੇ ਉਸ ਦਾ ਦੂਸਰਾ ਸਾਥੀ ਭੱਜਾ ਜਾਂਦਾ ਸਿੰਘਾਂ ਨੇ ਥਾਇ ਰੱਖਿਆ।

ਇਸ ਵਿਸਾਹ-ਘਾਤੀ ਵਾਰ ਦੀ ਖ਼ਬਰ ਨੇ ਬੰਦਾ ਸਿੰਘ ਨੂੰ ਹੋਰ ਰੋਹ ਚਾੜ੍ਹ ਦਿੱਤਾ। ਉਸ ਦਾ ਲਹੂ ਉਬਲਨ ਲਗ ਪਿਆ। ਹੁਣ ਉਸ ਲਈ ਚੁਪ ਕਰ ਕੇ ਬਹਿ ਰਹਿਣਾ ਬੜਾ ਔਖਾ ਹੋ ਗਿਆ। ਉਸ ਨੇ ਗੁਰੂ ਸਾਹਿਬ ਪਾਸੋਂ ਪੰਜਾਬ ਜਾਣ ਦੀ ਆਗਿਆ ਮੰਗੀ ਤਾਕਿ ਜ਼ੁਲਮੀ ਮੁਗਲਾਂ ਦੇ ਰਾਜ-ਮਹੱਲ ਨੂੰ ਢਾ ਢੇਰੀ ਕਰ ਦੇਵੇ ਅਤੇ ਦੋਖੀਆਂ ਨੂੰ ਉਨ੍ਹਾਂ ਦੇ ਕਰਮਾਂ ਦੀ ਸਜ਼ਾ ਦੇਵੇ।

ਇਥੇ ਇਹ ਗੱਲ ਲਿਖ ਦੇਣੀ ਜ਼ਰੂਰੀ ਜਾਪਦੀ ਹੈ ਕਿ ਜੇ ਕਿਧਰੇ ਗੁਰੂ ਗੋਬਿੰਦ ਸਿੰਘ ਜੀ ਬਹੁਤੇ ਜ਼ਖ਼ਮੀ ਹੋ ਗਏ ਨਾ ਹੁੰਦੇ ਤਾਂ ਵੀਹ ਬਿਸਵੇ ਖ਼ੁਦ ਉਨ੍ਹਾਂ ਨੇ ਭੀ ਇਸ ਵੇਲੇ ਪੰਜਾਬ ਨੂੰ ਮੁੜ ਪੈਣਾ ਸੀ। ਇਸ ਗੱਲ ਦਾ ਉਨ੍ਹਾਂ ਨੇ ਧਉਲ ਦੀ ਸੰਗਤ ਦੇ ਨਾਉਂ ਆਪਣੇ 1 ਕੱਤਕ ਸੰਮਤ 1764 (2 ਅਕਤੂਬਰ ਸੰਨ 1707) ਦੇ ਹੁਕਮਨਾਮੇ ਵਿਚ ਸਾਫ਼ ਜ਼ਿਕਰ ਕੀਤਾ ਹੋਇਆ ਹੈ। ਜੇ ਬਾਦਸ਼ਾਹ ਨਾਲ ਹੋ ਰਹੀ ਗੱਲ-ਬਾਤ ਲੰਬੀ ਨਾ ਪੈ ਜਾਂਦੀ ਤਾਂ ਪਿਛਲੇ ਸਾਲ ਉਨ੍ਹਾਂ ਨੇ ਆਗਰੇ ਤੋਂ ਹੀ ਦੇਸ ਨੂੰ ਮੁੜ ਜਾਣਾ ਸੀ। ਹੁਣ ਇਸ ਵੇਲੇ ਸਖ਼ਤ ਜ਼ਖ਼ਮੀ ਹੋਣ ਦੀ ਹਾਲਤ ਵਿਚ ਉਨ੍ਹਾਂ ਵਾਸਤੇ ਹੋਰ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ ਕਿ ਉਹ ਬੰਦਾ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰ ਲੈਣ ਅਤੇ ਖਾਲਸੇ ਦੀ ਫ਼ੌਜੀ ਕਮਾਨ ਉਸ ਨੂੰ ਬਖ਼ਸ਼ ਦੇਣ।

ਇਸ ਬਹੁ-ਰੰਗੇ ਸੰਸਾਰ ਵਿਚ ਆਦਮੀ ਨੂੰ ਸਦਾ ਸੰਤਾਂ, ਮਹਾਤਮਾਂ ਅਤੇ ਫ਼ਲਾਸਫ਼ਰਾਂ ਨਾਲ ਹੀ ਵਾਹ ਨਹੀਂ ਪੈਂਦਾ। ਕਈ ਵਾਰੀ—ਬਲਕਿ ਬਹੁਤ ਵਾਰੀ—ਅਜਿਹੇ ਲੋਕਾਂ

ਨਾਲ ਵਾਹ ਪੈਂਦਾ ਹੈ ਜੋ ਰਾਜ-ਮਦ ਜਾਂ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਬੋਲੇ ਹੋ ਗਏ ਹੁੰਦੇ ਹਨ। ਨਿੱਤ ਨਿੱਤ ਦੇ ਅਨਿਆਏ ਅਤੇ ਅੱਤਿਆਚਾਰਾਂ ਨਾਲ ਇਨ੍ਹਾਂ ਦੀ ਮੱਤ ਅਤੇ ਆਤਮਾ ਉੱਤੇ ਐਸਾ ਪਰਦਾ ਪੈ ਜਾਂਦਾ ਹੈ ਕਿ ਇਨ੍ਹਾਂ ਨੂੰ ਆਪਣੇ ਨਿਜੀ ਸੁਆਰਥਾਂ ਅਤੇ ਪੱਖ-ਪਾਤਾਂ ਤੋਂ ਪਰੇ ਕੁਝ ਦਿਸਦਾ ਹੀ ਨਹੀਂ ਭਾਵੇਂ ਉਹ ਕੌਮੀ ਹੋਣ ਜਾਂ ਰਾਜਸੀ ਜਾਂ ਧਾਰਮਿਕ। ਅਮਨ ਦੇ ਸੁਨੇਹੇ ਅਤੇ ਧਾਰਮਿਕ ਫ਼ਿਲਾਸਫ਼ੀਆਂ ਇਨ੍ਹਾਂ ਲਈ ਕੋਈ ਅਰਥ ਨਹੀਂ ਰਖਦੀਆਂ ਅਤੇ ਨਾ ਹੀ ਇਨ੍ਹਾਂ ਨੂੰ ਸਿੱਧੇ ਰਾਹੇ ਲਿਆ ਸਕਦੀਆਂ ਹਨ। ਇਹ ਕੇਵਲ ਖੜਕਦੇ ਖੰਡੇ ਦੀ ਬੋਲੀ ਹੀ ਸਮਝਦੇ ਹਨ। ਕਿਰਪਾਨ ਦੀ ਤੇਜ਼ ਧਾਰ ਹੀ ਇਨ੍ਹਾਂ ਦੀ ਮੈਲ ਕੱਟ ਸਕਦੀ ਹੈ।

ਇਹ ਗੱਲ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦੇ ਹਿੰਦੁਸਤਾਨ ਦੇ ਹਾਕਮਾਂ ਉੱਤੇ ਐਨ ਠੀਕ ਢੁਕਦੀ ਹੈ, ਖ਼ਾਸ ਕਰਕੇ ਸਿੱਖਾਂ ਅਤੇ ਮੁਗ਼ਲਾਂ ਦੇ ਸੰਬੰਧ ਵਿਚ। ਗੁਰੂ ਗੋਬਿੰਦ ਸਿੰਘ ਵਲੋਂ ਸਲਾਹ ਮਸ਼ਵਰਿਆਂ ਦੇ ਸਾਧਨ ਵਰਤੇ ਗਏ, ਪਰ ਇਹ ਕਾਮਯਾਬ ਨਾ ਹੋਏ, ਬਲਕਿ ਇਨ੍ਹਾਂ ਯਤਨਾਂ ਵਿਚ ਉਨ੍ਹਾਂ ਨੂੰ ਆਪਣੀ ਜਾਨ ਤਕ ਭੀ ਦੇਣੀ ਪੈ ਗਈ। ਅੰਤ ਤਲਵਾਰ ਤੋਂ ਬਿਨਾਂ ਉਨ੍ਹਾਂ ਪਾਸ ਹੋਰ ਕੋਈ ਚਾਰਾ ਹੀ ਨਾ ਰਹਿ ਗਿਆ ਜੋ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠਾਂ ਖ਼ਾਲਸੇ ਨੂੰ ਤਲਵਾਰ ਚੁੱਕਣ ਪਰ ਮਜਬੂਰ ਹੋਣਾ ਪਿਆ।

ਪੰਜਾਬ ਨੂੰ ਤੋਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ 'ਬਹਾਦੁਰੀ' ਦਾ ਥਾਪੜਾ ਦਿੱਤਾ, ਪੰਜ ਤੀਰ ਆਪਣੇ ਭੱਥੇ ਵਿਚੋਂ ਬਖ਼ਸ਼ੇ ਅਤੇ ਉਸ ਦੀ ਸਹਾਇਤਾ ਲਈ ਭਾਈ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਦਇਆ ਸਿੰਘ ਅਤੇ ਰਣ ਸਿੰਘ ਪੰਜ ਪਿਆਰੇ ਥਾਪੇ ਅਤੇ ਵੀਹ ਕੁ ਹੋਰ ਸੂਰਬੀਰ ਸਿੰਘ ਨਾਲ ਦਿੱਤੇ। ਇਕ ਨਿਸ਼ਾਨ ਸਾਹਿਬ ਅਤੇ ਨਗਾਰਾ ਭੀ ਬਖਸ਼ਿਆ ਜੋ ਉਸ ਦੀ ਸੰਸਾਰਕ ਸੱਤਾ ਦੀਆਂ ਬਾਹਰਮੁਖੀ ਨਿਸ਼ਾਨੀਆਂ ਸਨ। ਨਾਲ ਹੀ ਉਸ ਨੂੰ ਹੁਕਮ ਕੀਤਾ ਗਿਆ ਕਿ ਪ੍ਰਭੁਤਾ ਪ੍ਰਾਪਤ ਹੋ ਜਾਣ ਪਰ ਉਹ ਆਪੇ ਨੂੰ ਨਾ ਭੁੱਲੇ, ਜਤ-ਸਤ ਕਾਇਮ ਰੱਖੇ ਅਤੇ ਗੁਰੂ-ਰੂਪ ਖ਼ਾਲਸੇ ਦੀ ਖ਼ੁਸ਼ੀ ਵਿਚ ਆਪਣੀ ਖ਼ੁਸ਼ੀ ਸਮਝੇ, ਇਸੇ ਵਿਚ ਹੀ ਉਸ ਦੀ ਸਫ਼ਲਤਾ ਦਾ ਭੇਦ ਲੁਕਿਆ ਪਿਆ ਹੈ। ਇਸ ਤਰ੍ਹਾਂ ਗੁਰੂ ਦੀਆਂ ਖ਼ੁਸ਼ੀਆਂ ਅਤੇ ਬਖਸ਼ਸ਼ਾਂ ਨਾਲ ਵਰੁਸਾਏ ਹੋਏ ਪੰਜਾਬ ਦੇ ਸਿੱਖਾਂ ਦੇ ਨਾਉਂ ਹੁਕਮਨਾਮੇ ਲੈ ਕੇ ਬੰਦਾ ਸਿੰਘ ਨੇ ਖ਼ਾਲਸੇ ਦਾ ਜੱਥੇਦਾਰ ਬਣ ਕੇ ਪੰਜਾਬ ਨੂੰ ਚਾਲੇ ਪਾਏ।

ਆਮ ਤੌਰ ਤੇ ਇਤਿਹਾਸਕਾਰ ਬੰਦਾ ਸਿੰਘ ਦੇ ਪੰਜਾਬ ਆਉਣ ਦੇ ਮੰਤਵ ਨੂੰ ਕੁਝ ਚੰਗੀ ਤਰ੍ਹਾਂ ਨਹੀਂ ਸਮਝ ਸਕੇ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਕਈਆਂ ਨੇ ਗਲਤ ਅੰਦਾਜ਼ੇ ਲਾ ਕੇ ਇਹ ਲਿਖਿਆ ਹੈ ਕਿ ਸ਼ੁਰੂ ਸ਼ੁਰੂ ਵਿਚ ਗੁਰੂ ਜੀ ਨੂੰ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪ੍ਰੇਰਨਾ ਆਪਣੇ ਪਿਤਾ ਗੁਰੂ ਤੇਗ਼ ਬਹਾਦੁਰ ਦੇ ਕਤਲ ਦਾ ਬਦਲਾ ਲੈਣ ਦੀ ਇੱਛਾ ਤੋਂ ਹੋਈ ਸੀ, ਤਿਵੇਂ ਹੀ ਕੁਝ ਲੇਖਕਾਂ ਨੇ ਲਿਖਿਆ ਹੈ ਕਿ ਬੰਦਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੇ ਬੱਚਿਆਂ ਦਾ ਬਦਲਾ ਲੈਣ ਲਈ ਪੰਜਾਬ ਨੂੰ ਭੇਜਿਆ ਸੀ। ਪਰ ਸਾਰੇ ਇਤਿਹਾਸ ਵਿਚ ਕੋਈ ਗੱਲ ਨਹੀਂ ਜਿਸ ਤੋਂ ਇਹ ਨਤੀਜਾ ਕੱਢਿਆ ਜਾ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਜਾਂ ਉਸ ਦੇ ਕਿਸੇ

ਨਾਇਬ ਕਰਮਚਾਰੀ ਵਿਰੁੱਧ ਕੋਈ ਮੁਹਿੰਮ ਖੜੀ ਕਰਨ ਦੀ ਪਹਿਲ ਨਹੀਂ ਕੀਤੀ। ਉਨ੍ਹਾਂ ਦੇ ਸਾਰੇ ਜੰਗ, ਭੰਗਾਣੀ, ਅਨੰਦ ਪੁਰ, ਚਮਕੌਰ ਜਾਂ ਕਿਸੇ ਭੀ ਹੋਰ ਥਾਂ, ਭਾਵੇਂ ਉਹ ਪਹਾੜੀ ਰਾਜਿਆਂ ਨਾਲ ਹੋਏ ਜਾਂ ਬਾਦਸ਼ਾਹੀ ਫੌਜਾਂ ਨਾਲ, ਆਪਣੇ ਬਚਾਓ ਲਈ ਹੀ ਲੜੇ ਗਏ ਸਨ ਅਤੇ ਤਲਵਾਰ ਉੱਤੇ ਉਨ੍ਹਾਂ ਦਾ ਹੱਥ ਅਤਿ ਮਜਬੂਰੀ ਵੇਲੇ ਗਿਆ ਸੀ ਜਦ ਕਿ ਸ੍ਵੈ-ਰੱਖਿਆ ਲਈ ਹੋਰ ਕੋਈ ਭੀ ਸਾਧਨ ਨਹੀਂ ਸੀ ਰਹਿ ਗਿਆ। ਚੁਨਾਂਚਿ ਬਾਦਸ਼ਾਹ ਔਰੰਗਜ਼ੇਬ ਦੇ ਨਾਉਂ ਆਪਣੀ ਚਿੱਠੀ ਜ਼ਫ਼ਰਨਾਮੇ ਵਿਚ ਆਪ ਨੇ ਲਿਖਿਆ ਭੀ ਹੈ ਕਿ :

ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ

ਅਰਥਾਤ ਜਦ ਕੋਈ ਕਾਰਜ ਸਾਰੇ ਹੀਲਿਆਂ ਤੋਂ ਲੰਘ ਜਾਏ ਅਰਥਾਤ, ਕਿਸੇ ਕਾਰਜ ਨੂੰ ਸਿੱਧ ਕਰਨ ਲਈ ਹੋਰ ਕੋਈ ਭੀ ਸਾਧਨ ਨਾ ਰਹਿ ਜਾਏ, ਤਾਂ ਤਲਵਾਰ ਹੱਥ ਲੈ ਲੈਣੀ ਠੀਕ ਹੈ।

ਬਦਲਾ ਲੈਣ ਦੇ ਖ਼ਿਆਲ ਨਾਲ ਭਰੇ ਪਏ ਮਨੁੱਖ ਪਾਸੋਂ ਇਹ ਕਦੀ ਆਸ ਨਹੀਂ ਹੋ ਸਕਦੀ ਕਿ ਉਹ ਆਪਣੇ ਅਤਿ ਦੇ ਦੋਖੀ ਵੈਰੀਆਂ ਜਾਂ ਆਪਣੇ ਪਿਤਾ ਦੇ ਕਾਤਲ ਦੇ ਯੁਵਰਾਜ ਨੂੰ ਵੇਲੇ ਸਿਰ ਸਹਾਇਤਾ ਦੇਣ ਲਈ ਤਿਆਰ ਹੋ ਜਾਏ। ਪਰ ਗੁਰੂ ਗੋਬਿੰਦ ਸਿੰਘ ਜੀ ਇਸ ਪ੍ਰਕਾਰ ਦੀਆਂ ਨਿਜੀ ਦੁਸ਼ਮਣੀਆਂ ਤੋਂ ਬਹੁਤ ਉਚੇਰੇ ਸਨ। ਜੋ ਲੋਕ ਸਿੱਖੀ ਦੇ ਉਪਦੇਸ਼ਾਂ, ਗੁਰੂ ਜੀ ਦੀਆਂ ਲਿਖਤਾਂ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ ਉਹ ਕਦੀ ਭੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋ ਸਕਦੇ ਕਿ ਗੁਰੂ ਸਾਹਿਬ ਕੇਵਲ ਆਪਣੇ ਪੁੱਤਰਾਂ ਦਾ ਬਦਲਾ ਲੈਣ ਲਈ ਕਿਸੇ ਨੂੰ ਨਿਯਤ ਕਰਨ ਦਾ ਖ਼ਿਆਲ ਭੀ ਕਰ ਸਕਦੇ ਸਨ। ਜੇ ਕੇਵਲ ਇਹੋ ਹੀ ਮੰਤਵ ਬੰਦਾ ਸਿੰਘ ਨੂੰ ਪੰਜਾਬ ਭੇਜਣ ਦਾ ਹੁੰਦਾ ਤਾਂ ਸਰਹੰਦ ਦੇ ਹਾਕਮ ਵਜ਼ੀਰ ਖ਼ਾਨ ਦੀ ਹਾਰ ਅਤੇ ਮੌਤ ਅਤੇ ਸ਼ਹਿਰ ਸਰਹੰਦ ਦੀ ਤਬਾਹੀ ਤੋਂ ਬਾਅਦ ਉਸ ਦਾ ਕੰਮ ਖ਼ਤਮ ਹੋ ਗਿਆ ਹੁੰਦਾ ਅਤੇ ਉਹ ਸਹਾਰਨਪੁਰ, ਨਾਨੌਤਾ ਅਤੇ ਜਲਾਲਾਬਾਦ ਦੇ ਹਾਕਮਾਂ, ਘੁੜਾਣੀ ਦੇ ਰਾਮਰਾਈਆਂ ਅਤੇ ਬਟਾਲਾ ਅਤੇ ਸੁਲਤਾਨਪੁਰ ਲੋਧੀ ਦੇ ਫ਼ੌਜਦਾਰਾਂ ਉੱਤੇ ਕੋਈ ਚੜ੍ਹਾਈ ਨਾ ਕਰਦਾ। ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਉਸ ਸਮੇਂ ਦੇ ਜ਼ੁਲਮ ਅਤੇ ਅਨਿਆਇ ਦੇ ਵਿਰੁੱਧ ਧਰਮ-ਜੁਧ ਲਈ ਪੰਜਾਬ ਵਲ ਭੇਜਿਆ ਸੀ। ਇਸ ਮੰਤਵ ਦੀ ਪੂਰਤੀ ਵਿਚ ਹੀ ਬੰਦਾ ਸਿੰਘ ਨੇ ਮਾਸੂਮ ਸਾਹਿਬਜ਼ਾਦਿਆਂ ਦੇ ਦੋਖੀਆਂ ਅਤੇ ਕਾਤਲਾਂ ਨੂੰ ਭੀ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੇ ਦਿੱਤੀ।

ਨਾਂਦੇੜੋਂ ਚਾਲੇ ਪਾਉਣ ਤੋਂ ਕੁਝ ਚਿਰ ਪਿਛੋਂ ਬੰਦਾ ਸਿੰਘ ਨੂੰ ਕੁਝ ਕੁ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪੈ ਗਿਆ। ਇਨ੍ਹਾਂ ਦੀ ਨਵਿਰਤੀ ਲਈ ਉਸ ਨੇ ਅਰਦਾਸ ਕੀਤੀ ਅਤੇ ਪਰਮਾਤਮਾ ਨੇ ਉਸ ਦੀ ਅਰਦਾਸ ਸੁਣ ਲਈ। ਉਹ ਜਦ ਭਰਤਪੁਰ ਦੇ ਲਾਗੇ ਪੁੱਜਾ ਤਾਂ ਇਕ ਵਪਾਰੀ ਸਿੱਖ ਦਰਸ਼ਨ ਨੂੰ ਆਇਆ ਅਤੇ ਦਸਵੰਧ ਦੀ ਬਹੁਤ ਸਾਰੀ ਰਕਮ ਆ ਚੜ੍ਹਾਈ। ਇਸ ਨਾਲ ਉਹ ਸੌਖੇ ਹੀ ਪੰਜਾਬ ਵਲ ਨੂੰ ਧਾਈ ਕਰ ਸਕਿਆ।

ਦਿੱਲੀ ਦੀ ਸਰਹੱਦ ਉੱਤੇ ਪੁੱਜ ਕੇ ਉਸ ਦੀ ਤੋਰ ਕੁਝ ਮੱਠੀ ਪੈ ਗਈ। ਹੁਣ ਵੈਰੀਆਂ ਦਾ ਇਲਾਕਾ ਨੇੜੇ ਆ ਰਿਹਾ ਸੀ। ਇੱਥੇ ਚੌਕਸੀ ਦੀ ਲੋੜ ਸੀ। ਸ਼ਾਇਦ

ਕਿਸੇ ਪਾਸਿਓਂ ਕੋਈ ਵਾਹਰ ਆ ਪਵੇ ਜਾਂ ਮੁਗਲ ਫ਼ੌਜਾਂ ਨਾਲ ਟਾਕਰਾ ਹੋ ਪਵੇ। ਹਾਲ ਤਕ ਉਸ ਪਾਸ ਨਾ ਤਾਂ ਫ਼ੌਜ ਹੀ ਸੀ ਅਤੇ ਨਾ ਹੀ ਰੁਪਇਆ ਪੈਸਾ ਅਤੇ ਜੰਗੀ ਸਾਮਾਨ। ਇਸ ਲਈ ਉਹ ਸਿੱਧੀ ਟੱਕਰ ਲੈਣ ਲਈ ਤਿਆਰ ਨਹੀਂ ਸੀ। ਜਿਉਂ ਜਿਉਂ ਹੁਣ ਉਹ ਅੱਗੇ ਨੂੰ ਵਧਣ ਲੱਗਾ, ਲੋਕਾਂ ਵਿਚ ਹਰ-ਮਨ-ਪਿਆਰਾ ਹੁੰਦਾ ਗਿਆ। ਉਹ ਸੰਤ ਭੀ ਸੀ ਅਤੇ ਖੁਲ੍ਹ-ਦਿਲਾ ਦਾਨੀ ਭੀ। ਕੋਈ ਸਵਾਲੀ ਭੀ ਉਸ ਦੇ ਦਰੋਂ ਖਾਲੀ ਨਾ ਮੁੜਦਾ। ਆਮ ਸਿੱਖ ਸੰਗਤਾਂ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਨਿਧ ਸਮਝਦੀਆਂ ਸਨ ਅਤੇ ਹੁਮ ਹੁਮਾ ਕੇ ਦਰਸ਼ਨ ਲਈ ਆਉਣ ਲੱਗ ਪਈਆਂ। ਉਹ ਸਰਬਤ ਦੇ ਭਲੇ ਲਈ ਅਰਦਾਸਾ ਕਰਦਾ ਅਤੇ ਆਈਆਂ ਸੰਗਤਾਂ ਨੂੰ ਬੇਨਤੀ ਕਰਦਾ ਕਿ ਉਹ ਭੀ ਉਸ ਦੇ ਮੰਤਵ ਦੀ ਸਫ਼ਲਤਾ ਲਈ ਅਰਦਾਸ ਕਰਨ। ਹਰ ਵੇਲੇ ਮੋਹਰਾਂ ਦਾ ਢੇਰ ਉਸ ਪਾਸ ਲੱਗਾ ਰਹਿੰਦਾ ਅਤੇ ਉਹ ਬੜੀ ਉਦਾਰਤਾ ਨਾਲ ਬਖ਼ਸ਼ਸ਼ ਕਰਦਾ। ਮੋਹਰ ਤੋਂ ਘੱਟ ਉਹ ਕਿਸੇ ਨੂੰ ਭੀ ਕੁਝ ਨਾ ਦਿੰਦਾ। ਇਸ ਤਰ੍ਹਾਂ ਉਸ ਦੀ ਪ੍ਰਤੀਤ ਅਤੇ ਸੋਭਾ ਥਾਉਂ ਥਾਈਂ ਪਸਰ ਗਈ ਅਤੇ ਲੋਕੀਂ ਉਸ ਦੇ ਨਾਲ ਰਲਣੇ ਅਰੰਭ ਹੋ ਗਏ। ਭਾਈ ਰਤਨ ਸਿੰਘ ਭੰਗੂ ਨੇ ਇਸ ਵੇਲੇ ਬੰਦਾ ਸਿੰਘ ਦੀ ਵਧ ਰਹੀ ਪ੍ਰਭਤਾ ਅਤੇ ਉਦਾਰਤਾ ਦਾ ਇਸ ਤਰ੍ਹਾਂ ਵਰਨਣ ਕੀਤਾ ਹੈ:

ਯੋਂ ਕਰ ਬੰਦੇ ਭਈ ਪ੍ਰਤੀਤ। ਤਬ ਬੰਦਾ ਭਯੋ ਨਿਸਚਲ ਚੀਤ।
ਪੂਤ ਮੰਗੈ ਤਿਸੁ ਦਿਵਾਏ ਪੂਤ। ਦੂਧ ਮੰਗੈ ਦੇ ਦੂਧ ਬਹੂਤ।੮।
ਜੇ ਕਰ ਕੋਈ ਦੁਖੀਆ ਆਵੈ। ਕਰ ਅਰਦਾਸ ਤਿਸ ਦੁਖ ਮਿਟਾਵੈ।
ਵਾਹਿਗੁਰੂ ਦਾ ਜਾਪ ਜਪਾਵੈ। ਜੋ ਮਾਂਗੈ ਤਿਸ ਸੋਊ ਦਿਵਾਵੈ।੯।
ਐਸੀ ਜਗ ਮੈਂ ਪਰ ਗਈ ਧਾਂਕ। ਆਇ ਮਿਲੈ ਰਾਣਾ ਔ ਰਾਂਕ।
ਦੂਰਹਿ ਤੇ ਜੋ ਨਿੰਦਕ ਆਵੈ। ਹੋਇ ਨੇੜੇ ਵਹੁ ਚਰਨੀ ਪਾਵੈ।੧੦।
ਜਹਾਂ ਬੰਦਾ ਆਇ ਡੇਰਾ ਕਰੈ। ਕਾਢ ਮੋਹਰ ਸੁ ਤਹਿ ਬਹੁ ਧਰੈ।
ਦੀਵੈ ਪਾਵੈ ਤੇਲੀ ਤੇਲ। ਇਕ ਮੋਹਰ ਤਿਹ ਦੇਵੈ ਮੇਲ।੧੧।
ਨੂਠੀ ਭਾਂਡਾ ਲਿਆਵੈ ਘੁਮਿਆਰ। ਦੇਵੈ ਮੋਹਰ ਕਢ ਖੀਸਯੋਂ ਡਾਰ।
ਲਕੜੀ ਚੂਹੜੋ ਲਯਾਵੈ ਜੋਈ। ਮੋਹਰ ਖੀਸਯੋਂ ਦੇਵੈ ਓਈ।੧੨।

ਦੋਹਰਾ

ਖਾਲੀ ਕਿਸੇ ਸੁ ਨਹਿ ਛਡੇ ਮੋਹਰ ਸੁ ਦਏ ਫੜਾਇ।
ਜੋ ਆਵੈ ਸਜੂਦ ਹੋਇ ਤਹ ਸੰਗ ਲਏ ਚੜ੍ਹਾਇ।੧੩।

[ਪ੍ਰਾਚੀਨ ਪੰਥ ਪ੍ਰਕਾਸ਼, ੯੪]

ਉਨ੍ਹੀਂ ਦਿਨੀਂ ਚੋਰ ਅਤੇ ਧਾੜਵੀ ਆਮ ਸਨ। ਬੰਦਾ ਸਿੰਘ ਦੇ ਧਨ ਦੀ ਚੂੰਕਿ ਸਾਰੇ ਇਲਾਕੇ ਵਿਚ ਧਾਂਕ ਪੈ ਰਹੀ ਸੀ, ਇਹ ਧਾੜਵੀ ਲੋਕ ਵੀ ਉਸ ਦੇ ਡੇਰੇ ਦੇ ਆਲੇ ਦੁਆਲੇ ਆ ਚੱਕਰ ਲਾਉਣ ਲੱਗ ਪਏ। ਪਰ ਜਦ ਕਦੀ ਭੀ ਉਨ੍ਹਾਂ ਨੇ ਮੰਦੀ ਨੀਯਤ ਨਾਲ ਕਿਧਰੇ ਹੱਥ ਪਾਉਣ ਦਾ ਜਤਨ ਕੀਤਾ ਤਾਂ ਬੰਦਾ ਸਿੰਘ ਦੇ ਸਾਥੀਆਂ ਸੰਗੀਆਂ ਨੇ ਉਨ੍ਹਾਂ ਨੂੰ ਐਸੀ ਮਾਰ ਮਾਰੀ ਕਿ ਉਨ੍ਹਾਂ ਨੇ ਮੁੜ ਕਦੀ ਇਧਰ ਮੂੰਹ ਨਾ ਕੀਤਾ। ਇਸ ਤਰ੍ਹਾਂ ਉਹ ਸੌਖੇ ਹੀ ਬਾਗੜ ਦੇ ਇਲਾਕੇ ਵਿਚ ਪੁਜ ਗਿਆ। ਇਸ ਵੇਲੇ ਤੱਕ ਉਹ ਚੁੱਪ ਚਾਪ ਚਲਿਆ

ਆ ਰਿਹਾ ਸੀ ਅਤੇ ਕਿਸੇ ਦੇ ਮਾਮਲੇ ਵਿਚ ਦਖ਼ਲ ਨਹੀਂ ਸੀ ਦੇ ਰਿਹਾ। ਪਰ ਇਹ ਗੱਲ ਬਹੁਤੀ ਦੇਰ ਤਕ ਨਹੀਂ ਸੀ ਚਲ ਸਕਦੀ। ਆਖਰ ਉਹ ਦੱਖਣ ਤੋਂ ਆਇਆ ਹੀ ਲੋਕਾਂ ਦੇ ਕਸ਼ਟ ਨਿਵਾਰਣ ਲਈ ਸੀ। ਇਸ ਲਈ ਉਨ੍ਹਾਂ ਦੇ ਦੁਖ ਨੂੰ ਸਾਹਮਣੇ ਵੇਖ ਕੇ ਨਾ ਉਹ ਹੁਣ ਅੱਖੀਆਂ ਮੀਟ ਸਕਦਾ ਸੀ ਅਤੇ ਨਾ ਹੀ ਚੁੱਪ ਰਹਿ ਸਕਦਾ ਸੀ।

ਇਕ ਦਿਨ ਉਸ ਨੂੰ ਪਤਾ ਲੱਗਾ ਕਿ ਜਿਸ ਪਿੰਡ ਵਿਚ ਉਸ ਦਾ ਡੇਰਾ ਹੈ ਉਸ ਉੱਤੇ ਧਾੜਵੀਆਂ ਦੀ ਇਕ ਵਾਹਰ ਚੜ੍ਹੀ ਆ ਰਹੀ ਹੈ ਅਤੇ ਲੋਕ ਡਰਦੇ ਮਾਰੇ ਪਿੰਡ ਖ਼ਾਲੀ ਕਰ ਕੇ ਜੰਗਲ ਵਲ ਨੂੰ ਭੱਜੇ ਜਾ ਰਹੇ ਹਨ। ਬੰਦਾ ਸਿੰਘ ਨੇ ਉਨ੍ਹਾਂ ਨੂੰ ਧਾੜਵੀਆਂ ਦਾ ਡਟ ਕੇ ਟਾਕਰਾ ਕਰਨ ਦਾ ਉਤਸਾਹ ਦਿੱਤਾ, ਪਰ ਪਿੰਡ ਦੇ ਡਰਾਕਲ ਪੰਚਾਂ ਦਾ ਹੌਸਲਾ ਉੱਕਾ ਹੀ ਮਰ ਚੁੱਕਾ ਹੋਇਆ ਸੀ। ਉਹ ਹੀਆ ਨਹੀਂ ਸੀ ਧਰਦੇ ਅਤੇ ਥਰ ਥਰ ਕੰਬਦੇ ਸਨ। ਇਸ ਖ਼ਿਆਲ ਨਾਲ ਕਿ ਕਿਧਰੇ ਬੁਜ਼ਦਿਲ ਪੰਚਾਂ ਦੀ ਬਿਮਾਰੀ ਦੀ ਛੂਤ ਪਿੰਡ ਦੀ ਸਾਰੀ ਵਸੋਂ ਨੂੰ ਹੀ ਨਾ ਲਗ ਜਾਏ, ਬੰਦਾ ਸਿੰਘ ਨੇ ਪੰਚਾਂ ਨੂੰ ਤਾਂ ਇਕ ਕੋਠੇ ਵਿਚ ਡੱਕ ਦਿੱਤਾ ਅਤੇ ਆਪ ਸਿੰਘਾਂ ਦੇ ਛੋਟੇ ਜਿਹੇ ਜੱਥੇ ਨੂੰ ਨਾਲ ਲੈ ਕੇ ਧਾੜਵੀਆਂ ਦੇ ਟਾਕਰੇ ਲਈ ਤੁਰ ਪਿਆ। ਬੰਦਾ ਸਿੰਘ ਦਾ ਅਚਾਨਕ ਹੱਲਾ ਇੰਨਾ ਦਲੇਰਾਨਾ ਅਤੇ ਸਖ਼ਤ ਸੀ ਕਿ ਧਾੜਵੀਆਂ ਵਿਚ ਘਬਰਾਹਟ ਨਾਲ ਭਗਦੜ ਮਚ ਗਈ, ਉਨ੍ਹਾਂ ਦੇ ਪੈਰ ਹਿੱਲ ਗਏ ਅਤੇ ਉਹ ਪਿਛਲੀਆਂ ਲੁੱਟਾਂ ਦਾ ਭੀ ਮਾਲ, ਜੋ ਉਨ੍ਹਾਂ ਪਾਸ ਸੀ, ਉਥੇ ਹੀ ਛੱਡ ਕੇ ਭੱਜ ਨਿਕਲੇ। ਉਨ੍ਹਾਂ ਦਾ ਆਗੂ ਫੜ ਲਿਆ ਗਿਆ ਅਤੇ ਜਿਹੜਾ ਭੀ ਕੋਈ ਉਸ ਨੂੰ ਛੁਡਾਉਣ ਲਈ ਆਇਆ ਉਹ ਜਾਂ ਤਾਂ ਲੜਾਈ ਵਿਚ ਮਾਰਿਆ ਗਿਆ ਜਾਂ ਦੌੜ ਗਿਆ। ਇਹ ਦੇਖ ਕੇ ਪਿੰਡਾਂ ਦੇ ਲੋਕਾਂ ਨੂੰ ਭੀ ਹੌਸਲਾ ਹੋ ਗਿਆ ਅਤੇ ਆਪਣੇ ਪਿੰਡ ਦੇ ਬਚਾਓ ਲਈ ਉਹ ਭੀ ਤਿਆਰ ਹੋ ਗਏ। ਹੁਣ ਬੰਦਾ ਸਿੰਘ ਨੇ ਪੰਚਾਂ ਨੂੰ ਕੋਠੇ ਵਿਚੋਂ ਛੱਡ ਦਿੱਤਾ ਅਤੇ ਡਾਕੂਆਂ ਦਾ ਪਿੱਛਾ ਕਰਨ ਲਈ ਹੁਕਮ ਦਿੱਤਾ। ਬਸ ਫੇਰ ਕੀ ਸੀ, ਗਿੱਦੜ ਭੀ ਸ਼ੇਰ ਹੋ ਗਏ ਅਤੇ ਭੱਜੇ ਜਾਂਦੇ ਧਾੜਵੀਆਂ ਨੂੰ ਨਾਲ ਦੇ ਪਿੰਡ ਤਕ ਧੱਕ ਕੇ ਲੈ ਗਏ ਅਤੇ ਉਥੋਂ ਭੀ ਭਜਾ ਦਿੱਤਾ।

ਸੂਰਮਗਤੀ ਦਾ ਇਹ ਨੇਕ ਕੰਮ ਇਸ ਸੂਰਬੀਰ ਦੇ ਚਮਕਦਾਰ ਅਤੇ ਸੰਸਾਰ-ਪ੍ਰਸਿੱਧ ਜੀਵਨ ਦਾ ਆਰੰਭ ਸੀ। ਇਸ ਨਾਲ ਸਾਰੇ ਆਲੇ ਦੁਆਲੇ ਵਿਚ ਬੰਦਾ ਸਿੰਘ ਦੀ ਵਾਹ ਵਾਹ ਹੋਣ ਲਗ ਪਈ ਅਤੇ ਜਿੱਥੇ ਕਿਧਰੇ ਭੀ ਕਿਸੇ ਪਿੰਡ ਨੂੰ ਲੁਟੇਰਿਆਂ ਤੋਂ ਰਾਖੀ ਅਤੇ ਬਚਾਓ ਦੀ ਲੋੜ ਹੁੰਦੀ, ਲੋਕੀਂ ਆ ਇਨ੍ਹਾਂ ਪਾਸ ਫ਼ਰਿਆਦ ਕਰਦੇ। ਉਧਰ ਇਸ ਨੇ ਭੀ ਇਲਾਕੇ ਵਿਚ ਪੱਲੂ ਫਿਰਾ ਕੇ ਆਮ ਐਲਾਨ ਕਰ ਦਿੱਤਾ ਕਿ ਪੇਸ਼ਾਵਰ ਧਾੜਵੀਆਂ ਅਤੇ ਜ਼ਾਲਮ ਹਾਕਮਾਂ ਦੇ ਅੱਤਿਆਚਾਰਾਂ ਤੋਂ ਗਰੀਬ ਨਿਤਾਣੀ ਜਨਤਾ ਦੀ ਰਾਖੀ ਅਤੇ ਹਮਾਇਤ ਲਈ ਸਾਡੀ ਸੇਵਾ ਹਾਜ਼ਰ ਹੈ। ਖਾਣ ਪੀਣ ਦੀਆਂ ਵਸਤਾਂ ਦੁਧ, ਦਹੀਂ, ਘਿਓ ਤੋਂ ਬਿਨਾਂ ਸਾਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਆਓ, ਤੁਸੀਂ ਭੀ ਖ਼ਾਲਸੇ ਹੋ ਜਾਓ ਅਤੇ ਅਸੀਂ ਤੁਹਾਨੂੰ ਭੀ ਮੁਲਕ ਦੇ ਵਾਲੀ ਬਣਾ ਦਿਆਂਗੇ। ਪਰ ਇਹ ਗੱਲ ਸਰਕਾਰੀ ਚੌਧਰੀਆਂ ਨੂੰ ਕਦ ਭਾ ਸਕਦੀ ਸੀ? ਉਹ ਕਈ ਵਾਰੀ ਇਕ ਪਾਸੇ ਤਾਂ ਸਰਕਾਰ ਦੀ ਸੇਵਾ ਦਾ ਦਮ ਭਰਿਆ ਕਰਦੇ ਹਨ ਅਤੇ ਦੂਸਰੇ ਪਾਸੇ ਲੁੱਚਿਆਂ ਲੰਡਿਆਂ

ਦੀ ਪਿੱਠ ਪਨਾਹ ਬਣੇ ਹੋਏ ਹੁੰਦੇ ਹਨ। ਉਹ ਗਰੀਬ ਜਨਤਾ ਦੇ ਭਲੇ ਦੀ ਕਦੇ ਘੱਟ ਹੀ ਸੋਚਦੇ ਹਨ। ਉਨ੍ਹਾਂ ਦੀ ਆਪਣੀ ਚੌਧਰ ਦੇਸ਼ ਵਿਚ ਰੌਲਾ ਰੱਪਾ ਰੱਖਣ ਨਾਲ ਹੀ ਬਣੀ ਹੁੰਦੀ ਅਤੇ ਕਾਇਮ ਰਹਿੰਦੀ ਹੈ। ਇਸ ਲਈ ਇਲਾਕੇ ਦੇ ਚੌਧਰੀ ਖ਼ਾਲਸੇ ਨਾਲ ਰਲ ਕੇ ਦੇਸ਼ ਦੀ ਸੇਵਾ ਕਰਨ ਦੀ ਥਾਂ ਉਨ੍ਹਾਂ ਦੇ ਵਿਰੋਧੀ ਬਣ ਗਏ ਅਤੇ ਸਰਕਾਰੀ ਆਮਿਲਾਂ ਪਾਸ ਜਾ ਸ਼ਿਕਾਇਤ ਕੀਤੀ। ਇਤਨੇ ਨੂੰ ਬੰਦਾ ਸਿੰਘ ਪਰਖੌਡੇ ਦੇ ਪਰਗਣੇ ਵਿਚ ਜਾ ਪੁੱਜਾ ਅਤੇ ਸਿਹਰੀ ਅਤੇ ਖੰਡਾ ਪਿੰਡਾਂ ਪਾਸ ਜਾ ਡੇਰਾ ਲਾਇਆ।

ਇਥੋਂ ਉਸ ਨੇ ਮਾਲਵੇ, ਦੁਆਬੇ ਅਤੇ ਮਾਝੇ ਦੇ ਸਿੰਘਾਂ ਦੇ ਨਾਉਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਭੇਜੇ ਅਤੇ ਉਨ੍ਹਾਂ ਨੂੰ ਬੁਲਾ ਭੇਜਿਆ ਤਾਂ ਕਿ ਸਰਬਤ ਖ਼ਾਲਸਾ ਇਕੱਤਰ ਹੋ ਕੇ ਨਿਰਦਈ ਮੁਗ਼ਲਾਂ ਦੇ ਜ਼ੁਲਮੀ ਰਾਜ ਦਾ ਖ਼ਾਤਮਾ ਕਰ ਦੇਵੇ। ਨਾਂਦੇੜ ਤੋਂ ਉਸ ਦੇ ਨਾਲ ਆਏ ਸਿੰਘਾਂ ਨੇ ਭੀ ਬਹੁਤ ਸਾਰੀਆਂ ਚਿੱਠੀਆਂ ਦੇਸ਼ ਦੇ ਮੁਖੀ ਮੁਖੀ ਸਿੰਘਾਂ ਦੇ ਨਾਉਂ ਭੇਜੀਆਂ ਜਿਨ੍ਹਾਂ ਵਿਚ ਉਨ੍ਹਾਂ ਨੇ ਲਿਖਿਆ ਕਿ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਖ਼ਾਲਸੇ ਦਾ ਜੱਥੇਦਾਰ ਥਾਪ ਕੇ ਭੇਜਿਆ ਹੈ ਅਤੇ ਖ਼ਾਲਸੇ ਦਾ ਫ਼ਰਜ਼ ਹੈ ਕਿ ਉਹ ਆਉਣ ਵਾਲੇ ਧਰਮ-ਜੁੱਧ ਲਈ ਉਸ ਦੇ ਝੰਡੇ ਹੇਠ ਆ ਇਕੱਠਾ ਹੋਵੇ। ਇਸ ਤਰ੍ਹਾਂ ਨਵਾਬ ਵਜ਼ੀਰ ਖ਼ਾਨ ਅਤੇ ਉਸ ਦੇ ਪੇਸ਼ਕਾਰ ਸੁੱਚਾ ਨੰਦ ਵਲੋਂ ਸਰਹੰਦ ਵਿਚ ਹੋਏ ਸਾਹਿਬਜ਼ਾਦਿਆਂ ਦੇ ਕਤਲਾਂ ਦੀ ਯਾਦ ਇਕ ਵਾਰ ਮੁੜ ਤਾਜ਼ਾ ਹੋ ਗਈ ਅਤੇ ਸਿੰਘਾਂ ਦੇ ਅੰਦਰੋਂ ਅੰਦਰ ਸੁਲਗ ਰਹੀ ਅੱਗ ਭੜਕ ਉੱਠੀ।

ਬੱਸ ਫੇਰ ਕੀ ਸੀ। ਥਾਉਂ ਥਾਈਂ ਸਿੰਘਾਂ ਵਿਚ ਤਿਆਰੀ ਸ਼ੁਰੂ ਹੋ ਗਈ, ਇਸ ਦਾ ਜ਼ਿਕਰ ਕਰਦਾ ਹੋਇਆ ਭਾਈ ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ :

ਐਸੀ ਭੇਜੀ ਲਿਖ ਅਰਦਾਸ। ਭੇਜੀ ਖਾਲਸੇ ਖਾਲਸੇ ਪਾਸ।  
ਸੋ ਸੁਨ ਖਾਲਸੇ ਸਿਰ ਪਰ ਧਰੀ। ਤੁਰਤ ਰਲਨ ਕੀ ਤਿਆਰੀ ਕਰੀ।੯।  
ਜਿਸੇ ਸਿਖ ਪਹਿ ਖਰਚ ਨ ਹੋਇ। ਬਿਨਾ ਖਰਚ ਬੰਡ ਖਾਵੈ ਸੋਇ।  
ਅਸਿਖ ਸਿਖਨ ਦੇਵੈਂ ਸੁ ਨਾਹੀਂ। ਕਹੈਂ ਸਿਖ ਸਭ ਊਹਾਂ ਮਰਾਹੀਂ।੧੦।

ਦੋਹਰਾ

ਹੱਥੀਂ ਪੈਰੀਂ ਪੈ ਲਵੈਂ ਕਰ ਦੂਨੋ ਚੌਨੋਂ ਕਰਾਰ।  
ਜੀਵਤ ਆਵੈਂ ਆਇ ਦਿਵੈਂ ਮੋਇ ਅਗਲੇ ਸੰਸਾਰ।੧੧।

ਦੇਸ਼ ਵਿਚ ਹੋ ਰਹੀਆਂ ਤਿਆਰੀਆਂ ਦਾ ਪਤਾ ਜਦ ਮੁਗ਼ਲ ਕਰਮਚਾਰੀਆਂ ਨੂੰ ਲੱਗਾ ਤਾਂ ਪਿੱਸੂ ਪੈ ਗਏ। ਸਭ ਤੋਂ ਜ਼ਿਆਦਾ ਡਰ ਸਰਹੰਦ ਦੇ ਹਾਕਮ ਵਜ਼ੀਰ ਖ਼ਾਨ ਨੂੰ ਸੀ। ਉਸ ਨੇ ਸਾਰੀਂ ਪਾਸੀਂ ਸੂਹੀਏ ਦੁੜਾ ਦਿੱਤੇ, ਸੜਕਾਂ ਦੀ ਰਾਖੀ ਹੋਣ ਲਗ ਪਈ ਅਤੇ ਸਤਲੁਜ ਦਰਿਆ ਦੇ ਪੱਤਣ ਰੋਕਣ ਲਈ ਹੁਕਮ ਚੜ੍ਹ ਗਏ ਤਾਂਕਿ ਮਾਝੇ ਅਤੇ ਦੁਆਬੇ ਦੇ ਸਿੰਘ ਇਧਰ ਨਾ ਆ ਸਕਣ। ਪਰ ਮਾਲਵੇ ਦੇ ਸਿੰਘਾਂ ਦੇ ਰਾਹਾਂ ਵਿਚ ਕੋਈ ਰੋਕਾਂ

ਨਹੀਂ ਸਨ ਪੈ ਸਕਦੀਆਂ। ਇਸ ਲਈ ਸਭ ਤੋਂ ਪਹਿਲਾਂ ਉਨ੍ਹਾਂ ਦੀਆਂ ਵਹੀਰਾਂ ਆ ਇਕੱਠੀਆਂ ਹੋਈਆਂ। ਛੇਤੀ ਹੀ ਵਣਜਾਰਿਆਂ ਦਾ ਇਕ ਟਾਂਡਾ ਆ ਗਿਆ ਜਿਸ ਨਾਲ ਬੰਦਾ ਸਿੰਘ ਨੂੰ ਲੰਗਰ ਵਲੋਂ ਬੇਫ਼ਿਕਰੀ ਹੋ ਗਈ। ਇਸ ਤੋਂ ਬਾਅਦ ਭਾਈ ਭਗਤੂਕਿਆਂ ਚੋਂ ਭਾਈ ਫਤਹਿ ਸਿੰਘ, ਭਾਈ ਰੂਪੇ ਦੇ ਕਰਮ ਸਿੰਘ ਅਤੇ ਧਰਮ ਸਿੰਘ ਅਤੇ ਨਿਗਾਹੀਆ ਸਿੰਘ ਅਤੇ ਚੂਹੜ ਸਿੰਘ ਸੰਗੀਆਂ ਸਾਥੀਆਂ ਨੂੰ ਨਾਲ ਲੈ ਕੇ ਆ ਪੁੱਜੇ। ਇਸ ਤਰ੍ਹਾਂ ਸਿੰਘਾਂ ਦੇ ਇਕੱਠੇ ਹੋ ਰਿਹਾਂ ਦੀਆਂ ਖ਼ਬਰਾਂ ਸੁਣ ਕੇ ਬਾਗੜ ਦੇ ਬਹੁਤ ਸਾਰੇ ਜੱਟ ਅਤੇ ਉੱਤਰ ਵਲੋਂ ਬਰਾੜ ਸਿੰਘ ਆ ਰਲੇ। ਫੂਲਕੇ ਚੌਧਰੀਆਂ ਵਿਚੋਂ ਆਪ ਤਾਂ ਭਾਵੇਂ ਕੋਈ ਨਾ ਪੁੱਜ ਸਕਿਆ ਪਰ ਉਨ੍ਹਾਂ ਨੇ ਧਨ ਆਦਿ ਨਾਲ ਚੋਖੀ ਸੇਵਾ ਕੀਤੀ ਅਤੇ ਲਬੇ ਲੋਣੇ ਦੇ ਕਾਫ਼ੀ ਬੰਦੇ ਆ ਗਏ। ਗੁਰੂ-ਮਾਰੀ ਸਰਹੰਦ ਦੀ ਲੁੱਟ ਦੀਆਂ ਆਸਾਂ ਨਾਲ ਬਹੁਤ ਸਾਰੇ ਡਾਕੂ ਅਤੇ ਧਾੜਵੀ ਭੀ ਆ ਜਮਾਂ ਹੋਏ।

ਸਰਹੰਦ ਦੇ ਲਾਗੇ ਇਕ ਪਿੰਡ ਸਲੋਂਦੀ ਹੈ। ਉਥੇ ਦਾ ਇਕ ਸਿੰਘ, ਆਲ਼ੀ ਸਿੰਘ, ਨਵਾਬ ਵਜ਼ੀਰ ਖ਼ਾਨ ਦਾ ਨੌਕਰ ਸੀ। ਸਿੰਘਾਂ ਦੀ ਸਰਹੰਦ ਵਿਰੁੱਧ ਤਿਆਰੀ ਦਾ ਗੌਗਾ ਸੁਣ ਕੇ ਵਜ਼ੀਰ ਖ਼ਾਨ ਨੇ ਇਕ ਦਿਨ ਆਲੀ ਸਿੰਘ ਨੂੰ ਬੁਲਾਇਆ ਅਤੇ ਮਖ਼ੌਲ ਨਾਲ ਕਹਿਣ ਲਗਾ: 'ਸੁਣਿਆ ਹੈ ਤੁਹਾਡਾ ਇਕ ਹੋਰ ਗੁਰੂ ਆਇਆ ਹੈ, ਤੁਹਾਨੂੰ ਚਾਹੀਦਾ ਹੈ ਉਸ ਪਾਸ ਜਾਓ ਤੇ ਉਸ ਨੂੰ ਇਥੇ ਲਿਆਓ। ਇਥੇ ਆਏ ਦੀ ਅਲਖ ਮਿਟਾ ਦਿਆਂਗਾ, ਤਾਂ ਕਿ ਪਿਛਲੇ ਗੁਰੂ ਦੇ ਪੁੱਤਰਾਂ ਨੂੰ ਛੇਤੀ ਜਾ ਮਿਲੇ।' ਆਲੀ ਸਿੰਘ ਨੇ ਇਸ ਚੋਭ ਦਾ ਕੀ ਜਵਾਬ ਦੇਣਾ ਸੀ? ਇੰਨਾ ਹੀ ਕਿਹਾ ਕਿ ਜੇ ਉਹ ਪੂਰਾ ਗੁਰੂ ਹੋਊ ਤਾਂ ਆਪੇ ਹੀ ਆ ਜਾਊ, ਤੁਹਾਨੂੰ ਸੱਦਣ ਦੀ ਲੋੜ ਨਹੀਂ। ਬਾਕੀ ਰਹੀ ਮੇਰੀ ਗੱਲ, ਮੈਨੂੰ ਛੁੱਟੀ ਦੇ ਦਿਓ ਅਤੇ ਹਿਸਾਬ ਚੁਕਾ ਦਿਓ। ਨਵਾਬ ਇਹ ਜਵਾਬ ਕਦ ਜਰ ਸਕਦਾ ਸੀ। ਝਟ ਹੁਕਮ ਚਾੜ੍ਹ ਦਿੱਤਾ ਕਿ ਆਲੀ ਸਿੰਘ ਅਤੇ ਉਸ ਦੇ ਹੋਰ ਸਾਥੀ ਸਿੰਘਾਂ ਨੂੰ ਬੇੜੀਆਂ ਲਾ ਕੇ ਭੋਰਿਆਂ ਵਿਚ ਕੈਦ ਕਰ ਦਿੱਤਾ ਜਾਏ। ਪਰ ਮਾਲੂਮ ਹੁੰਦਾ ਹੈ ਉਨ੍ਹੀਂ ਦਿਨੀਂ ਕੈਦ ਚੋਂ ਨਿਕਲਣਾ ਭੀ ਉਤਨਾ ਹੀ ਸੌਖਾ ਸੀ ਜਿਤਨਾ ਕੈਦ ਵਿਚ ਸੁੱਟੇ ਜਾਣਾ। ਸਿੰਘ ਕਿਸੇ ਨਾ ਕਿਸੇ ਤਰ੍ਹਾਂ ਜੇਲ੍ਹ ਵਿਚੋਂ ਖਿਸਕ ਕੇ ਪੱਤਰਾ ਵਾਚ ਗਏ ਅਤੇ ਬੰਦਾ ਸਿੰਘ ਪਾਸ ਜਾ ਪਹੁੰਚੇ। ਉਹ ਇਸ ਵੇਲੇ ਖਰਖੌਡੇ ਦੇ ਪਰਗਣੇ ਵਿਚ ਸਿਹਰੀ ਖੰਡੇ ਪਿੰਡਾਂ ਦੀ ਜੂਹ ਵਿਚ ਸੀ। ਸਿੰਘਾਂ ਨੇ ਬੇਨਤੀ ਕੀਤੀ ਕਿ ਹੁਣ ਦੇਰ ਕਿਸ ਗੱਲ ਦੀ ਹੈ: ਕੂਚ ਦਾ ਨਗਾਰਾ ਬਜਾਓ ਅਤੇ ਕਾਰਜ ਸਾਧਣ ਦੀ ਕਰੋ। ਬੰਦਾ ਸਿੰਘ ਨੇ ਅਗਿਓਂ ਉੱਤਰ ਦਿੱਤਾ ਕਿ ਸਿੰਘਾਂ ਵਲ ਹੁਕਮਨਾਮੇ ਅਤੇ ਚਿੱਠੀਆਂ ਗਈਆਂ ਹੋਈਆਂ ਹਨ, ਉਹ ਦੂਰੋਂ ਧਾਈ ਕਰ ਕੇ ਆ ਰਹੇ ਹਨ, ਉਨ੍ਹਾਂ ਨੂੰ ਸੰਗ ਰਲਾ ਲੈਣਾ ਚਾਹੁੰਦਾ ਹਾਂ, ਇਸੇ ਉਡੀਕ ਵਿਚ ਹਾਂ।

ਇਨ੍ਹਾਂ ਦਿਨਾਂ ਵਿਚ ਹੀ ਖਬਰ ਪੁੱਜੀ ਕਿ ਮਾਝੇ ਅਤੇ ਦੁਆਬੇ ਤੋਂ ਆ ਰਹੇ ਚੋਖੀ ਗਿਣਤੀ ਵਿਚ ਸਿੰਘ ਸਤਲੁਜੋਂ ਪਾਰ ਕੀਰਤਪੁਰ ਪੁਜ ਗਏ ਹਨ, ਪਰ ਅੱਗੋਂ ਮਲੇਰ-ਕੋਟਲੇ ਅਤੇ ਰੋਪੜ ਦੇ ਪਠਾਣਾਂ ਨੇ ਪੱਤਣ ਰੋਕਿਆ ਹੋਇਆ ਹੈ। ਇਹ ਸਿੰਘ ਦੂਰ ਦੂਰ ਦੇ ਪੰਧ ਕੱਟ ਕੇ ਇਥੇ ਪੁੱਜੇ ਹਨ ਅਤੇ ਹੁਣ ਕੀਰਤਪੁਰ ਰੁਕ ਜਾਣ ਨਾਲ ਰਾਹ ਦੇ ਖਰਚ ਖੁਣੋ ਔਖੇ

ਹੋ ਰਹੇ ਹਨ। ਪਰ ਇਥੇ ਪਿਸ਼ੌਰਾ ਸਿੰਘ ਤੇ ਕਿਸ਼ੌਰਾ ਸਿੰਘ ਅਰੋੜੇ ਵਪਾਰੀਆਂ ਨੇ ਲੰਗਰ ਲਾਇਆ ਹੋਇਆ ਹੈ ਅਤੇ ਕੁਝ ਖਰਚ ਆਦਿ ਭੀ ਦੇ ਰਹੇ ਹਨ। ਇਹ ਸੁਣ ਕੇ ਬੰਦਾ ਸਿੰਘ ਨੇ ਉਨ੍ਹਾਂ ਨੂੰ ਕਹਿ ਭੇਜਿਆ ਕਿ ਜਿੰਨੀ ਦੇਰ ਤਕ ਤੁਹਾਨੂੰ ਹੋਰ ਕੋਈ ਸੁਨੇਹਾ ਇਧਰੋਂ ਨਾ ਪੁੱਜੇ ਤੁਸੀਂ ਉਥੇ ਹੀ ਟਿਕੇ ਰਹੋ।

ਅਧਿਆਇ 4

# ਸਾਮਾਣਾ ਅਤੇ ਸਢੌਰਾ

ਕੁਝ ਮਹੀਨਿਆਂ ਵਿਚ ਹੀ ਬੰਦਾ ਸਿੰਘ ਪਾਸ ਚੋਖੀ ਗਿਣਤੀ ਵਿਚ ਅਜਿਹੇ ਸਿਰ-ਲੱਥ ਸੂਰੇ ਆ ਇਕੱਠੇ ਹੋਏ, ਜਿਨ੍ਹਾਂ ਦੇ ਮਨਾਂ ਵਿਚ ਧਰਮ-ਜੁੱਧ ਦਾ ਚਾਉ ਠਾਠਾਂ ਮਾਰ ਰਿਹਾ ਸੀ ਅਤੇ ਆਪਣੀ ਜਿੱਤ ਅਤੇ ਸ਼ਹੀਦੀਆਂ ਦੇ ਚਾਉ ਨਾਲ ਜਿਨ੍ਹਾਂ ਦੇ ਚਿਹਰੇ ਲਾਲੀ ਨਾਲ ਭਖ ਰਹੇ ਸਨ। ਸਰਹੰਦੋਂ ਆਏ ਅਲੀ ਸਿੰਘ ਅਤੇ ਮਾਲੀ ਸਿੰਘ ਨੇ ਇਕ ਦਿਨ ਬੇਨਤੀ ਕੀਤੀ ਕਿ ਜਿਨ੍ਹਾਂ ਸਿੰਘਾਂ ਨੇ ਆਉਣਾ ਸੀ ਆ ਗਏ ਹਨ, ਇਸ ਲਈ ਹੁਣ ਮੁਹਿੰਮ ਚਾੜ੍ਹਨ ਵਿਚ ਹੋਰ ਦੇਰ ਨਹੀਂ ਕਰਨੀ ਚਾਹੀਦੀ। ਬੰਦਾ ਸਿੰਘ ਨੇ ਉੱਤਰ ਦਿੱਤਾ ਇਸ ਵੇਲੇ ਕੇਵਲ ਉਨ੍ਹਾਂ ਸਿੰਘਾਂ ਦੀ ਉਡੀਕ ਹੋ ਰਹੀ ਹੈ ਜਿਨ੍ਹਾਂ ਨੂੰ ਉਚੇਚਾ ਸੱਦਿਆ ਹੋਇਆ ਹੈ ਅਤੇ ਜੋ ਦੂਰ ਦੁਰੇਡੇ ਇਲਾਕਿਆਂ ਤੋਂ ਆ ਰਹੇ ਹਨ। ਕੁਝ ਵਿਚਾਰ ਤੋਂ ਬਾਅਦ ਅੰਤ ਇਹ ਫ਼ੈਸਲਾ ਹੋਇਆ ਕਿ ਬਹੁਤੀ ਦੇਰ ਕਰਨੀ ਭੀ ਠੀਕ ਨਹੀਂ ਅਤੇ ਖ਼ਾਲਸੇ ਨੂੰ ਆਪਣਾ ਕਾਰਜ ਆਰੰਭ ਕਰਨ ਲਈ ਚੜ੍ਹਾਈ ਕਰ ਦੇਣੀ ਚਾਹੀਦੀ ਹੈ। ਜਿਉਂ ਜਿਉਂ ਚੜ੍ਹਾਈ ਦੀਆਂ ਖ਼ਬਰਾਂ ਸਿੰਘਾਂ ਨੂੰ ਲੱਗਣਗੀਆਂ, ਸਿੰਘ ਲੰਮੀਆਂ ਤੇ ਤਿੱਖੀਆਂ ਧਾਈਆਂ ਕਰ ਕੇ ਆ ਪੁੱਜਣਗੇ। ਸੋ ਬੰਦਾ ਸਿੰਘ ਨੇ ਪੰਜ ਸੌ ਸਿੰਘਾਂ ਨਾਲ ਸੋਨੀਪਤ ਵਲ ਧਾਵਾ ਬੋਲ ਦਿੱਤਾ।

ਸੋਨੀਪਤ ਇਕ ਬੜਾ ਪੁਰਾਣਾ ਨਗਰ ਹੈ। ਉਸ ਵੇਲੇ ਇਹ ਕਾਫੀ ਮਜ਼ਬੂਤ ਸੀ ਅਤੇ ਬੰਦਾ ਸਿੰਘ ਦੇ ਸਾਥੀਆਂ ਨਾਲੋਂ ਜ਼ਿਆਦਾ ਗਿਣਤੀ ਵਿਚ ਫੌਜ ਦਾ ਟਾਕਰਾ ਕਰ ਸਕਦਾ ਸੀ। ਪਰ ਸਿੰਘਾਂ ਦੀ ਬਹਾਦੁਰੀ ਦੀਆਂ ਗੱਲਾਂ ਸੁਣ ਸੁਣ ਕੇ ਉਥੇ ਦੇ ਫੌਜਦਾਰ ਨੂੰ ਕਾਂਬਾ ਛਿੜ ਪਿਆ ਅਤੇ ਉਹ ਅਜਿਹਾ ਡਰਿਆ ਕਿ ਵਧਦੇ ਚਲੇ ਆ ਰਹੇ ਸਿੰਘਾਂ ਦੇ ਟਾਕਰੇ ਦੀ ਪੂਰੀ ਤਰ੍ਹਾਂ ਤਿਆਰੀ ਭੀ ਨਾ ਕਰ ਸਕਿਆ। ਉਧਰੋਂ ਬੰਦਾ ਸਿੰਘ ਨੇ ਅਜਿਹੇ ਜ਼ੋਰ ਨਾਲ ਹੱਲਾ ਬੋਲਿਆ ਕਿ ਪਹਿਲੀ ਸੱਟੇ ਹੀ ਡਰਾਕਲ ਕਾਇਰਾਂ ਦੇ ਪੈਰ ਨਿਕਲ ਗਏ ਅਤੇ ਉਹ ਮੈਦਾਨ ਛੱਡ ਕੇ ਭੱਜ ਨਿਕਲੇ ਅਤੇ ਫੌਜਦਾਰ ਦਿੱਲੀ ਵਲ ਨੂੰ ਦੌੜ ਗਿਆ।

ਇਸ ਜਿੱਤ ਨੇ ਸਿੰਘਾਂ ਦੇ ਹੌਸਲੇ ਵਧਾ ਦਿੱਤੇ। ਮਾਲਵੇ ਦੇ ਇਲਾਕੇ ਵਿਚ ਬੰਦਾ ਸਿੰਘ ਦਾ ਮੁਖ ਮਨਸ਼ਾ ਸਰਹੰਦ ਨੂੰ ਮਾਰਨਾ ਸੀ। ਪਰ ਸਰਹੰਦ ਇਕ ਬੜਾ ਵੱਡਾ ਅਤੇ ਉੱਘਾ ਅਸਥਾਨ ਸੀ। ਇਥੇ ਦਾ ਫ਼ੌਜਦਾਰ ਵਜ਼ੀਰ ਖ਼ਾਨ ਇਕ ਸਿਰ-ਕੱਢ ਮੁਗਲ ਸਰਦਾਰ ਸੀ। ਸਰਹੰਦ ਵਿਚ ਇਸ ਦੀ ਆਪਣੀ ਫ਼ੌਜ ਵੀ ਚੋਖੀ ਸੀ ਅਤੇ ਆਲੇ ਦੁਆਲੇ ਤੋਂ ਸਹਾਇਤਾ ਭੀ ਕਾਫ਼ੀ ਢੋਈ ਜਾ ਸਕਦੀ ਸੀ। ਬੰਦਾ ਸਿੰਘ ਦੀ ਇਸ ਲਈ ਸਲਾਹ

ਇਹ ਬਣੀ ਕਿ ਸਰਹੰਦ ਉੱਤੇ ਧਾਵਾ ਕਰਨ ਤੋਂ ਪਹਿਲਾਂ ਉਸ ਦੀਆਂ ਸੱਜੇ ਖੱਬੇ ਦੀਆਂ ਬਾਹਾਂ ਭੰਨ ਦਿੱਤੀਆਂ ਜਾਣ ਤਾਂਕਿ ਉਸ ਨੂੰ ਕਿਸੇ ਪਾਸਿਓਂ ਸਹਾਇਤਾ ਨਾ ਪੁਜ ਸਕੇ। ਇਸ ਖ਼ਿਆਲ ਨੂੰ ਮੁੱਖ ਰਖ ਕੇ ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਸਾਮਾਣੇ ਨੂੰ ਸੋਧਣਾ ਠੀਕ ਸਮਝਿਆ।

ਜਿਸ ਵੇਲੇ ਸਿੰਘ ਕੈਥਲ ਦੇ ਲਾਗੇ ਪੁੱਜੇ ਤਾਂ ਉਨ੍ਹਾਂ ਨੂੰ ਸੂਹ ਲਗੀ ਕਿ ਇਸ ਇਲਾਕੇ ਦਾ ਉਗਰਾਹਿਆ ਹੋਇਆ ਮਾਮਲਾ ਲੈ ਕੇ ਦਿੱਲੀ ਨੂੰ ਜਾ ਰਿਹਾ ਇਕ ਫ਼ੌਜੀ ਦਸਤਾ ਭੂਣੇ ਪਿੰਡ ਠਹਿਰਿਆ ਹੋਇਆ ਹੈ। ਖਰਚ ਪੱਠੇ ਦੀ ਲੋੜ ਪੂਰਾ ਕਰਨ ਲਈ ਇਹ ਇਕ ਚੰਗਾ ਮੌਕਾ ਬਣ ਗਿਆ ਅਤੇ ਬੰਦਾ ਸਿੰਘ ਨੇ ਇਸ ਦਾ ਪੂਰਾ ਫਾਇਦਾ ਉਠਾਇਆ। ਉਹ ਝਟ ਭੂਣੇ ਪੁੱਜਾ ਅਤੇ ਖ਼ਜ਼ਾਨੇ ਦੀ ਗਾਰਦ ਪਾਸੋਂ ਮਾਲ ਜਾ ਖੋਹਿਆ। ਬੰਦਾ ਸਿੰਘ ਦੇ ਇਸ ਧਾੜੇ ਦਾ ਪਤਾ ਜਦ ਕੈਥਲ ਦੇ ਹਿੰਦੂ ਆਮਿਲ ਨੂੰ ਲੱਗਾ ਤਾਂ ਉਹ ਰਿਸਾਲੇ ਦਾ ਇਕ ਤੁਰਪ ਅਤੇ ਘੋੜ-ਚੜ੍ਹੀ ਪੁਲਸ ਦਾ ਦਸਤਾ ਲੈ ਕੇ ਮੌਕੇ ਉੱਤੇ ਆ ਪੁੱਜਾ। ਬੰਦਾ ਸਿੰਘ ਦੇ ਸਾਥੀ ਸਿੰਘ ਬਹੁਤੇ ਪਿਆਦੇ ਹੀ ਸਨ। ਇਸ ਲਈ ਉਹ ਚੰਗੇ ਮੌਕੇ ਦੀ ਤਾੜ ਵਿਚ ਪੁਰਾਣੇ ਖੋਲਿਆਂ ਦੀਆਂ ਕੰਧਾਂ ਪਿਛੇ ਲੁੱਕ ਗਏ। ਜਦ ਦਾਉ ਫਬਿਆ ਤਾਂ ਉਹ ਖੋਲਿਆਂ ਵਿਚੋਂ ਛਾਲਾਂ ਮਾਰਦੇ ਬਾਹਰ ਨਿਕਲੇ ਅਤੇ ਘੋੜਿਆਂ ਉੱਤੇ ਟੁੱਟ ਪਏ। ਪਲੋ ਪਲੀ ਵਿਚ ਕਈ ਕਾਠੀਆਂ ਖਾਲੀ ਕਰ ਦਿੱਤੀਆਂ। ਆਮਿਲ ਸਿੰਘਾਂ ਦੇ ਹੱਥ ਆ ਗਿਆ ਅਤੇ ਉਸ ਦੇ ਸਾਥੀ ਭੱਜ ਨਿਕਲੇ। ਬੰਦਾ ਸਿੰਘ ਨੇ ਉਸ ਨੂੰ ਇਸ ਸ਼ਰਤ ਉੱਤੇ ਛੱਡ ਦੇਣਾ ਪ੍ਰਵਾਨ ਕਰ ਲਿਆ ਕਿ ਉਹ ਆਪਣੇ ਸਾਰੇ ਘੋੜੇ ਸਿੰਘਾਂ ਦੇ ਹਵਾਲੇ ਕਰ ਦੇਵੇ। ਉਸ ਨੇ ਇਹ ਗੱਲ ਖ਼ੁਸ਼ੀ ਨਾਲ ਮੰਨ ਲਈ। ਬੰਦਾ ਸਿੰਘ ਨੇ ਉਸ ਨੂੰ ਖ਼ਾਲਸੇ ਵਲੋਂ ਉਥੇ ਹੀ ਆਮਿਲ ਟਿੱਕ ਦਿੱਤਾ ਅਤੇ ਮਾਮਲੇ ਦੀ ਉਗਰਾਹੀ ਲਈ ਸਿੰਘਾਂ ਦਾ ਇਕ ਦਸਤਾ ਉਥੇ ਨਿਯੁਕਤ ਕਰ ਦਿੱਤਾ। ਲੁੱਟ ਵਿਚ ਜੋ ਕੁਝ ਹੱਥ ਆਇਆ ਸੀ ਉਹ ਬੰਦਾ ਸਿੰਘ ਨੇ ਬੜੀ ਖੁਲ੍ਹੀ ਹੱਥੀਂ ਆਪਣੇ ਸੰਗੀ ਸਾਥੀਆਂ ਵਿਚ ਵੰਡ ਦਿੱਤਾ। ਇਸ ਨਾਲ ਸਭ ਨੂੰ ਯਕੀਨ ਹੋ ਗਿਆ ਕਿ ਇਸ ਕਾਰਜ ਵਿਚ ਉਨ੍ਹਾਂ ਦੇ ਸੂਰਬੀਰ ਆਗੂ ਦਾ ਨਿਜੀ ਕੋਈ ਸੁਆਰਥ ਨਹੀਂ ਹੈ।

ਬੰਦਾ ਸਿੰਘ ਦੀਆਂ ਸ਼ੁਰੂ ਸ਼ੁਰੂ ਦੀਆਂ ਇਹ ਮੱਲਾਂ ਮਾਰਾਂ ਭਾਵੇਂ ਸਨ ਤਾਂ ਬੜੀਆਂ ਛੋਟੀਆਂ ਅਤੇ ਮਾਮੂਲੀ ਪਰ ਸਨ ਬੜੀਆਂ ਹੌਸਲਾ ਵਧਾਉਣ ਵਾਲੀਆਂ। ਹੁਣ ਉਹ ਸਿੱਧਾ ਸਾਮਾਣੇ ਵਲ ਨੂੰ ਚੜ੍ਹ ਪਿਆ। ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਵਿਚ ਸ਼ਹੀਦ ਕਰਨ ਵਾਲਾ ਸੱਯਦ ਜਲਾਲੁਦੀਨ ਸਾਮਾਣੇ ਦਾ ਰਹਿਣ ਵਾਲਾ ਸੀ ਅਤੇ ਸਰਹੰਦ ਵਿਚ ਸਾਹਿਬਜ਼ਾਦਿਆਂ ਨੂੰ ਜ਼ਿਬਾਹ ਕਰਨ ਅਰਥਾਤ ਕੋਹ ਕੋਹ ਕੇ ਮਾਰਨ ਵਾਲੇ ਜੱਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਭੀ ਸਾਮਾਣੀਏ ਹੀ ਸਨ। ਇਸਲਾਮ ਕਬੂਲਣ ਤੋਂ ਨਾਂਹ ਕਰਨ ਵਾਲਿਆਂ ਦਾ ਕਤਲ ਚੂੰਕਿ ਇਸਲਾਮ ਦੀ ਇਕ ਧਾਰਮਿਕ ਖ਼ਿਦਮਤ ਸਮਝੀ ਜਾਂਦੀ ਸੀ, ਇਸ ਲਈ ਇਸ ਸੇਵਾ ਦੇ ਮਾਨ ਦੇ ਹੱਕਦਾਰ ਸੱਯਦਾਂ ਨੂੰ ਹੀ ਸਮਝਿਆ ਜਾਂਦਾ ਸੀ। ਇਸੇ ਕਰ ਕੇ ਹੀ ਧਾਰਮਿਕ ਜੱਲਾਦ ਸੱਯਦ ਹੁੰਦੇ ਸਨ। ਸਾਮਾਣਾ ਇਸ ਇਲਾਕੇ ਦਾ ਬੜਾ ਧਨਾਢ ਸ਼ਹਿਰ ਸੀ ਅਤੇ ਖ਼ਿਆਲ ਸੀ ਕਿ ਇੱਥੋਂ ਦੀ ਲੁੱਟ ਨਾਲ ਇਕ ਤਾਂ ਸਾਰੇ ਇਲਾਕੇ

ਵਿਚ ਦਹਿਲ ਪੈ ਜਾਏਗਾ ਅਤੇ ਕਿਸੇ ਹੋਰ ਮਾੜੇ ਮੋਟੇ ਸ਼ਹਿਰ ਨੂੰ ਟਾਕਰਾ ਕਰਨ ਦਾ ਹੌਸਲਾ ਨਹੀਂ ਪਏਗਾ ਅਤੇ ਦੂਸਰੇ ਇੱਥੋਂ ਇਤਨਾ ਧਨ ਮਿਲ ਜਾਏਗਾ ਜਿਸ ਨਾਲ ਅਗਲੀਆਂ ਮੁਹਿੰਮਾਂ ਦੇ ਖ਼ਰਚ ਵਿਚ ਸੌਖ ਹੋ ਜਾਏਗਾ। ਸਾਮਾਣੇ ਵਿਚ ਵੱਡੇ ਵੱਡੇ ਧਨਾਢ ਅਤੇ ਉੱਚੇ ਅਹੁਦਿਆਂ ਉੱਤੇ ਰਹੇ ਹੋਏ ਖ਼ਾਨਦਾਨੀ ਸੱਯਦ ਅਤੇ ਮੁਗ਼ਲ ਵਸਦੇ ਸਨ। ਇਨ੍ਹਾਂ ਵਿਚੋਂ ਬਾਈਸ ਤਾਂ ਅਜਿਹੇ ਉੱਚ-ਨਾਮਦਾਰ ਅਮੀਰ ਸਨ ਜਿਨ੍ਹਾਂ ਨੂੰ ਬਾਹਰ ਪਾਲਕੀਆਂ ਵਿਚ ਆਉਣ ਜਾਣ ਦਾ ਅਖਤਿਆਰ ਸੀ। ਇਸ ਦੇ ਚੁਗਿਰਦੇ ਦਾ ਕੋਟ ਕਿਲੇ ਵਰਗਾ ਸੀ ਅਤੇ ਅੰਦਰ ਹੀ ਹਰ ਵੱਡੀ ਹਵੇਲੀ ਇਕ ਗੜ੍ਹੀ ਸੀ। ਇਥੇ ਦੇ ਫ਼ੌਜਦਾਰ ਨੂੰ ਯਕੀਨ ਅਤੇ ਹੌਸਲਾ ਸੀ ਕਿ ਉਹ ਕਿਸੇ ਵੀ ਬਾਹਰੋਂ ਆ ਪਈ ਵਾਹਰ ਨੂੰ ਕੋਟੋਂ ਬਾਹਰ ਹੀ ਭਾਂਜ ਦੇ ਸਕੇਗਾ ਅਤੇ ਜੇ ਘੇਰਾ ਭੀ ਪੈ ਗਿਆ ਤਾਂ ਕੋਟ ਦੀ ਮਜਬੂਤੀ ਦੇ ਕਾਰਣ ਕੋਈ ਭੀ ਵੈਰੀ ਅੰਦਰ ਨਹੀਂ ਵੜ ਸਕੇਗਾ ਅਤੇ ਨਾਕਾਮ ਡੇਰਾ ਡੰਡਾ ਚੁੱਕ ਲੈ ਜਾਣ ਪਰ ਮਜਬੂਰ ਹੋ ਜਾਏਗਾ। ਇਸ ਲਈ ਸਿੰਘਾਂ ਦੀ ਸਾਮਾਣੇ ਵਲ ਚੜ੍ਹਾਈ ਦੀਆਂ ਖ਼ਬਰਾਂ ਵਲ ਉਸ ਨੇ ਕੋਈ ਧਿਆਨ ਨਾ ਦਿੱਤਾ। ਉਸ ਨੂੰ ਖਿਆਲ ਸੀ ਕਿ ਬੰਦਾ ਸਿੰਘ ਦੇ ਅਨਾੜੀ ਸਾਥੀਆਂ ਨੇ ਸਾਮਾਣੇ ਦੇ ਰੜ੍ਹੇ ਹੋਏ ਸੂਰਮੇ ਮੁਗ਼ਲਾਂ ਦੀ ਇਕ ਸੱਟ ਵੀ ਨਹੀਂ ਸਹਿਣੀ, ਪਰ ਪਤਾ ਉਸ ਨੂੰ ਉਸ ਵੇਲੇ ਲੱਗਾ ਜਦ 11 ਮੱਘਰ ਸੰਮਤ 1766 ਬਿ., 11 ਨਵੰਬਰ ਸੰਨ 1809, ਦਿਨ ਸ਼ੁਕਰਵਾਰ ਨੂੰ ਸਵੇਰੇ ਹੀ ਅਚਾਨਕ ਦਸਾਂ ਕੋਹਾਂ ਤੋਂ ਸ਼ੂਟ ਮਾਰ ਕੇ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਾਰੇ ਪਾਸਿਆਂ ਤੋਂ ਸ਼ਹਿਰ ਉੱਤੇ ਟੁੱਟ ਪਏ ਅਤੇ ਦਰਵਾਜ਼ੇ ਬੰਦ ਕਰ ਸਕਣ ਤੋਂ ਪਹਿਲਾਂ ਪਹਿਲਾਂ ਹੀ ਅੰਦਰ ਵੜ ਗਏ।

ਕਈ ਘੰਟਿਆਂ ਤਕ ਸ਼ਹਿਰ ਦੇ ਬਾਜ਼ਾਰਾਂ ਅਤੇ ਗਲੀਆਂ ਵਿਚ ਤਲਵਾਰ ਚਲਦੀ ਰਹੀ ਅਤੇ ਨਾਲੀਆਂ ਵਿਚ ਦੀ ਲਹੂ ਵਗ ਤੁਰਿਆ। ਇਸ ਹੱਲੇ ਵੇਲੇ ਕੁਝ ਲੁਟੇਰੇ ਭੀ ਸਿੰਘਾਂ ਦੇ ਪਿੱਛੇ ਪਿੱਛੇ ਸ਼ਹਿਰ ਵਿਚ ਆ ਦਾਖ਼ਲ ਹੋਏ। ਜਿਸ ਵੇਲੇ ਸਿੰਘ ਸੱਯਦ ਜਲਾਲਦੀਨ ਅਤੇ ਸ਼ਾਸ਼ਲ ਬੇਗ, ਬਾਸ਼ਨ ਬੇਗ ਆਦਿ ਦੇ ਘਰ ਸੋਧ ਰਹੇ ਸਨ ਅਤੇ ਸਾਮਾਣੇ ਦੇ ਫ਼ੌਜਦਾਰ ਅਤੇ ਹੋਰ ਵੱਡੇ ਵੱਡੇ ਮੁਗ਼ਲਾਂ ਦੇ ਖ਼ਜ਼ਾਨਿਆਂ ਦੀ ਭਾਲ ਵਿਚ ਲੱਗੇ ਹੋਏ ਸਨ, ਲੁਟੇਰੇ ਲੋਕ ਆਪਣੀ ਕਾਰੇ ਰੁੱਝ ਗਏ। ਬਹੁਤ ਸਾਰੇ ਵੱਡੇ ਵੱਡੇ ਮੁਗ਼ਲ ਅਮੀਰਾਂ ਨੇ ਆਪਣੀਆਂ ਹਵੇਲੀਆਂ ਦੇ ਫਾਟਕ ਬੰਦ ਕਰ ਲਏ ਅਤੇ ਅੰਦਰੋਂ ਅੱਗ ਵਰ੍ਹਾਉਣ ਲੱਗ ਪਏ, ਪਰ ਉਹ ਆਲੇ ਦੁਆਲੇ ਦੇ ਪਿੰਡਾਂ ਦੇ ਗੁੱਸੇ ਦੀ ਅੱਗ ਨਾਲ ਭੜਕੇ ਹੋਏ ਮਨਚਲੇ ਕਿਸਾਨਾਂ ਦੇ ਸਾਹਮਣੇ ਬਹੁਤੀ ਦੇਰ ਟਿਕ ਨਾ ਸਕੇ। ਇਹ ਅਮੀਰ ਲੋਕ ਜ਼ਮੀਨਾਂ ਦੇ ਮਾਲਕ ਸਨ ਅਤੇ ਪਿੰਡਾਂ ਦੇ ਕਿਸਾਨ ਕੇਵਲ ਇਨ੍ਹਾਂ ਦੇ ਹਲ-ਵਾਹਕ ਮੁਜ਼ਾਰੇ, ਜੋ ਇਨ੍ਹਾਂ ਦੇ ਨਿੱਤ ਦੇ ਅੱਤਿਆਚਾਰਾਂ ਤੋਂ ਦੁਖੀ ਸਨ। ਇਸ ਲਈ ਇਹ ਆਪਣੀਆਂ ਨਵੀਆਂ ਪੁਰਾਣੀਆਂ ਕਿਰੜਾਂ ਕੱਢਣ ਲਈ ਵੱਧ ਵੱਧ ਕੇ ਹੱਥ ਮਾਰ ਰਹੇ ਸਨ। ਅਤੇ ਇਨ੍ਹਾਂ ਨੇ ਹਵੇਲੀਆਂ ਨੂੰ ਅੱਗ ਲਾਉਣੀ ਸ਼ੁਰੂ ਕਰ ਦਿੱਤੀ ਜਿਸ ਦਾ ਅੰਦਰ ਲੁਕਿਆਂ ਹੋਇਆਂ ਲਈ ਟਾਕਰਾ ਕਰ ਸਕਣਾ ਬੜਾ ਮੁਸ਼ਕਲ ਸੀ। ਉਨ੍ਹਾਂ ਵਾਸਤੇ ਅੰਦਰ ਦੋਜ਼ਖ਼ ਦੀ ਅੱਗ ਸੀ ਅਤੇ ਬਾਹਰ ਵੈਰੀਆਂ ਦੇ ਨੇਜ਼ੇ, ਅਤੇ ਹਰ ਪਾਸਿਉਂ ਉਨ੍ਹਾਂ ਦੇ ਆਪਣੇ ਮਹਾਂਬਲੀ ਪਾਪਾਂ ਨੇ ਘੇਰ ਕੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ। ਇਸ ਤਰ੍ਹਾਂ ਰਾਤ ਪੈਣ ਤੋਂ ਪਹਿਲਾਂ ਪਹਿਲਾਂ ਸਾਮਾਣੇ ਦੇ ਉੱਚੇ ਉੱਚੇ ਧੌਲਰ ਅਤੇ ਮਹਿਲ

ਮਾੜੀਆਂ ਢਹਿ ਢੇਰੀ ਹੋ ਗਏ ਜੋ ਹੁਣ ਤਕ ਮੁੜ ਆਪਣੀ ਪੁਰਾਣੀ ਸ਼ਾਨ ਵਿਚ ਨਹੀਂ ਬਸ ਸਕੇ। ਇਸ ਝੱਖੜ ਵਿਚ ਦਸ ਕੁ ਹਜ਼ਾਰ ਬੰਦੇ ਮਰਨ ਦਾ ਅੰਦਾਜ਼ਾ ਹੈ ਜਿਨ੍ਹਾਂ ਵਿਚੋਂ ਬਹੁਤ ਸਾਰੇ ਸੱਯਦ ਅਤੇ ਮੁਗ਼ਲ ਸਨ, ਅਤੇ ਜੋ ਬਚੇ ਉਨ੍ਹਾਂ ਵਿਚੋਂ ਬਹੁਤ ਸਾਰੇ ਸਦਾ ਲਈ ਸਾਮਾਣਾ ਛੱਡ ਗਏ।

ਇਸ ਹੱਲੇ ਵਿਚ ਜੋ ਦਲੇਰੀ ਅਤੇ ਬਹਾਦੁਰੀ ਭਾਈ ਫ਼ਤਿਹ ਸਿੰਘ ਨੇ ਵਿਖਾਈ ਉਸ ਨੇ ਬੰਦਾ ਸਿੰਘ ਦੇ ਮਨ ਉੱਤੇ ਬੜਾ ਅਸਰ ਕੀਤਾ। ਸਾਮਾਣੇ ਦੀ ਜਿੱਤ ਦਾ ਸਿਹਰਾ ਬਹੁਤਾ ਉਸੇ ਦੇ ਸਿਰ ਸੀ। ਬੰਦਾ ਸਿੰਘ ਨੇ ਪ੍ਰਸੰਨ ਹੋ ਕੇ ਭਾਈ ਫ਼ਤਿਹ ਸਿੰਘ ਨੂੰ ਸਾਮਾਣੇ ਅਤੇ ਉਸ ਦੇ ਅਧੀਨ ਨੌਂ ਪ੍ਰਗਣਿਆਂ ਦਾ ਫੌਜਦਾਰ ਨਿਯਤ ਕਰ ਦਿੱਤਾ। ਭਾਵੇਂ ਇਸ ਤੋਂ ਪਹਿਲਾਂ ਕੈਥਲ ਦੀ ਜਿੱਤ ਪ੍ਰਾਪਤ ਹੋ ਚੁੱਕੀ ਸੀ, ਪਰ ਇਤਿਹਾਸਕਾਰਾਂ ਨੇ ਸਾਮਾਣੇ ਨੂੰ ਹੀ ਬੰਦਾ ਸਿੰਘ ਦੀ ਪਹਿਲੀ ਜਿੱਤ ਕਿਹਾ ਹੈ। ਇਹ ਹੈ ਭੀ ਠੀਕ। ਕੈਥਲ ਨਾ ਤਾਂ ਕੋਈ ਬਹੁਤ ਉੱਘਾ ਅਤੇ ਮਜ਼ਬੂਤ ਥਾਂ ਹੀ ਸੀ ਅਤੇ ਨਾ ਹੀ ਉਥੇ ਕੋਈ ਅਜਿਹਾ ਟਾਕਰਾ ਹੋਇਆ ਜਿਸ ਨੂੰ ਇਤਿਹਾਸਕ ਵਿਸ਼ੇਸ਼ਤਾ ਦਿੱਤੀ ਜਾ ਸਕੇ। ਸਾਮਾਣਾ ਮੁਗ਼ਲਾਂ ਦਾ ਅਤੇ ਸੱਯਦਾਂ ਦਾ ਇਕ ਤਕੜਾ ਗੜ੍ਹ ਸੀ ਜਿਸ ਨੂੰ ਤੋੜ ਕੇ ਸਿੰਘਾਂ ਨੇ ਮਾਲਵੇ ਵਿਚ ਮੁਗ਼ਲ ਰਾਜ ਦੀ ਪਿੱਠ ਦੀ ਹੱਡੀ ਜਰਜਰੀ ਕਰ ਦਿੱਤੀ।

ਬੰਦਾ ਸਿੰਘ ਨੇ ਇਸ ਜਿੱਤ ਪਰ ਆਪਣੇ ਸਾਥੀ ਸਿੰਘਾਂ ਨੂੰ ਬੜੇ ਖੁਲ੍ਹੇ ਦਿਲ ਨਾਲ ਮਾਇਆ ਅਤੇ ਮਾਲ ਦੇ ਤਰੋ ਤਰੀ ਗੱਫੇ ਬਖ਼ਸ਼ੇ। ਇਸ ਵੇਲੇ ਸਿੰਘਾਂ ਦੀ ਕੋਈ ਤਨਖਾਹਦਾਰ ਫੌਜ ਨਹੀਂ ਸੀ। ਬਹੁਤੇ ਗੁਰੂ-ਪੰਥ ਦੀ ਪ੍ਰੇਮ-ਸੇਵਾ ਦੀ ਭਾਵਨਾ ਨਾਲ ਹੀ ਇਕੱਤਰ ਹੋਏ ਹੋਏ ਸਨ, ਕਿਸੇ ਲਾਲਚ ਦੀ ਇੱਛਾ ਨਾਲ ਨਹੀਂ। ਪਰ ਸਾਮਾਣੇ ਦੀ ਲੁੱਟ ਵਿਚ ਜਿਥੇ ਸਿੰਘਾਂ ਦੇ ਹਿੱਸੇ ਚੋਖਾ ਮਾਲ ਆਇਆ ਉਥੇ ਅਗਲੀਆਂ ਮੁਹਿੰਮਾਂ ਲਈ ਭੀ ਉਨ੍ਹਾਂ ਪਾਸ ਖਰਚ ਖਜ਼ਾਨਾ ਜਮ੍ਹਾਂ ਹੋ ਗਿਆ।

ਸਾਮਾਣੇ ਪਰ ਸਿੰਘਾਂ ਦਾ ਕਬਜ਼ਾ ਹੋ ਜਾਣ ਦੀਆਂ ਖਬਰਾਂ ਜਦ ਸਰਹੰਦ ਪੁੱਜੀਆਂ ਤਾਂ ਸਰਹੰਦ ਦਾ ਹਾਕਮ ਵਜ਼ੀਰ ਖਾਨ ਘਬਰਾਇਆ। ਖਬਰਾਂ ਉਡ ਰਹੀਆਂ ਸਨ ਕਿ ਸਿੰਘ ਇਧਰ ਨੂੰ ਵਾਗਾਂ ਮੋੜਨ ਵਾਲੇ ਹਨ। ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਦੇ ਸਰਹੰਦ ਪੁੱਜਣ ਪਰ ਇਸ ਸ਼ਹਿਰ ਉੱਤੇ ਕੀ ਭਾਣਾ ਵਰਤੇਗਾ, ਇਸ ਦਾ ਖਿਆਲ ਆ ਜਾਣ ਨਾਲ ਹੀ ਉਸ ਦਾ ਸਾਰਾ ਸਰੀਰ ਕੰਬ ਉਠਦਾ ਸੀ ਅਤੇ ਉਸ ਦੇ ਆਪਣੇ ਪਾਪ ਉਸ ਨੂੰ ਡਰਾ ਰਹੇ ਸਨ। ਪਰ ਆਖਰ ਪਠਾਣ ਬੱਚਾ ਅਤੇ ਸਿਪਾਹੀ-ਪੇਸ਼ਾ ਬੰਦਾ ਸੀ। ਉਸ ਨੇ ਸਰਹੰਦ ਨੂੰ ਮਜ਼ਬੂਤ ਕਰਨ ਲਈ ਪੂਰੀ ਪੂਰੀ ਤਿਆਰੀ ਆਰੰਭ ਦਿੱਤੀ ਅਤੇ ਬੰਦਾ ਸਿੰਘ ਦੀ ਤਾਕਤ ਦਾ ਪਤਾ ਕਰਨ ਲਈ ਸੂਹੇ ਭੇਜ ਦਿੱਤੇ ਤਾਂਕਿ ਜਿਸ ਤਰ੍ਹਾਂ ਵੀ ਹੋ ਸਕੇ, ਆ ਰਹੀ ਬਲਾ ਨੂੰ ਟਾਲਣ ਦੇ ਜਤਨ ਕੀਤੇ ਜਾ ਸਕਣ। ਦੂਸਰੇ ਪਾਸੇ ਬੰਦਾ ਸਿੰਘ ਭੀ ਕੋਈ ਘੱਟ ਚੌਕਸ ਨਹੀਂ ਸੀ। ਉਸ ਨੇ ਹੁਕਮ ਦੇ ਰੱਖਿਆ ਸੀ ਕਿ ਜਦ ਭੀ ਕਿਸੇ ਖ਼ੁਫ਼ੀਆ ਸੂਹੀਏ ਦਾ ਪਤਾ ਲਗੇ, ਫੜ ਕੇ ਪੇਸ਼ ਕੀਤਾ ਜਾਏ। ਦੋ ਸੂਹੇ ਫੜੇ ਗਏ। ਇਕ ਕਾਣਾ ਤੇ ਦੂਸਰਾ ਲੂੰਞਾ। ਦੋਹਾਂ ਦੀ ਕਾਫ਼ੀ ਛਿਤਰਾੜ ਹੋਈ ਅਤੇ ਇਹ ਕਹਿ ਕੇ ਬੰਦਾ ਸਿੰਘ ਦੇ ਹੁਕਮ ਨਾਲ ਛੱਡ ਦਿੱਤੇ ਗਏ ਕਿ ਜਾਓ, ਵਜ਼ੀਰ ਖਾਨ ਨੂੰ ਸੁਨੇਹਾ ਦੇ ਦਿਓ ਕਿ ਤਿਆਰ ਹੋ ਜਾਏ।

ਬੰਦਾ ਸਿੰਘ ਸਾਮਾਣੇ ਥੋੜੇ ਜਿਹੇ ਦਿਨ ਹੀ ਠਹਿਰਿਆ। ਉਸ ਦੀ ਮਨਸ਼ਾ ਛੇਤੀ ਤੋਂ ਛੇਤੀ ਸਰਹੰਦ ਜਾਣ ਦੀ ਸੀ। ਪਰ ਉਸ ਨੂੰ ਇਹ ਭੀ ਪਤਾ ਸੀ ਕਿ ਉਥੋਂ ਦੇ ਫੌਜਦਾਰ ਨਵਾਬ ਵਜ਼ੀਰ ਖਾਨ ਪਾਸ ਬੜੀ ਤਕੜੀ ਫੌਜ ਹੈ, ਉਸ ਨੇ ਖਾਣਾ ਦਾਣਾ ਅਤੇ ਲੜਾਈ ਦਾ ਸਾਮਾਨ ਚੋਖਾ ਜਮਾ ਕੀਤਾ ਹੋਇਆ ਹੈ ਅਤੇ ਉਸ ਦੇ ਪਾਸ ਤੋਪਾਂ ਦੀ ਇਕ ਲੰਮੀ ਲੜਵੰਦੀ ਹੈ ਜਿਸ ਵਿਚ ਜੰਬੂਰੇ ਅਤੇ ਰਹਿਕਲਿਆਂ ਤੋਂ ਬਿਨਾਂ ਬੜੀਆਂ ਤੋਪਾਂ ਭੀ ਹਨ। ਸ਼ਹਿਰ ਦੀ ਕੋਟ-ਬੰਦ ਭੀ ਬੜੀ ਮਜ਼ਬੂਤ ਕੀਤੀ ਹੋਈ ਹੈ। ਦੂਸਰੇ ਪਾਸੇ ਸਿੰਘਾਂ ਪਾਸ ਤਲਵਾਰਾਂ ਅਤੇ ਬਰਛੇ ਹੀ ਸਨ। ਰਾਮ-ਜੰਗੇ ਬੜੇ ਹੀ ਥੋੜ੍ਹਿਆਂ ਪਾਸ ਸਨ। ਸਿੰਘਾਂ ਨੂੰ ਇਸ ਵੇਲੇ ਜੰਗ ਦੇ ਲੋੜੀਂਦੇ ਸਾਜ ਸਾਮਾਨ ਨਾਲ ਲੈਸ ਕਰ ਸਕਣਾ, ਜਦ ਕਿ ਉਨ੍ਹਾਂ ਦੇ ਵਸੀਲੇ ਬੜੇ ਹੀ ਥੋੜੇ ਸਨ ਅਤੇ ਆਲੇ ਦੁਆਲੇ ਸਾਰੇ ਵੈਰੀ ਹੀ ਵੈਰੀ ਸਨ, ਅਸੰਭਵ ਸੀ। ਇਸ ਹਾਲਤ ਵਿਚ ਬੰਦਾ ਸਿੰਘ ਦੀ ਸਫ਼ਲਤਾ ਇਸੇ ਗੱਲ ਵਿਚ ਸੀ ਕਿ ਉਸ ਪਾਸ ਐਸੇ ਸਿਰ-ਲੱਥ ਸੂਰਿਆਂ ਦੀ ਵੱਧ ਤੋਂ ਵੱਧ ਗਿਣਤੀ ਹੋਵੇ ਜੋ ਚਮਕੌਰ ਦੇ ਬਹਾਦਰਾਂ ਵਾਂਗੂ ਸਿਰ ਧੜ ਦੀ ਬਾਜ਼ੀ ਲਾ ਦੇਣ। ਪਰ ਇਹ ਤਾਂ ਹੀ ਹੋ ਸਕਦਾ ਸੀ ਜੇ ਮਲੇਰ-ਕੋਟਲੀਏ ਅਤੇ ਰੋਪੜੀਏ ਪਠਾਣਾਂ ਦੇ ਸਤਲੁਜੋਂ ਪਾਰ ਰੋਕੇ ਹੋਏ ਮਝੈਲ ਅਤੇ ਦੁਆਬੀਏ ਸਿੰਘ ਆ ਰਲਣ। ਇਨ੍ਹਾਂ ਤੋਂ ਇਲਾਵਾ ਦੱਖਣ ਤੋਂ ਬੰਦਾ ਸਿੰਘ ਦੇ ਨਾਲ ਆਏ ਸਿੰਘ ਅਤੇ ਖ਼ਾਸ ਕਰਕੇ ਪੰਜ ਕੌਂਸਲੀਏ, ਜੋ ਬਹੁਤੇ ਮਝੈਲ ਸਨ, ਕੁਦਰਤੀ ਤੌਰ ਤੇ ਹੀ ਚਾਹੁੰਦੇ ਸਨ ਕਿ ਉਨ੍ਹ ਦੇ ਭਾਈ-ਬੰਦ ਜੋ ਦੂਰ ਦੇ ਪੰਧ ਕੱਟ ਕੇ ਗੁਰੂ ਦੇ ਹੁਕਮ ਨਾਲ ਦੇਸ਼ ਅਤੇ ਧਰਮ ਦੇ ਸਦੀਆ ਤੋਂ ਵੈਰੀਆਂ ਦੇ ਵਿਰੁੱਧ ਧਰਮ-ਯੁਧ ਅਤੇ ਸਰਹੰਦ ਦੀ ਲੁੱਟ ਵਿਚ ਸ਼ਾਮਲ ਹੋਣ ਲਈ ਸਤਲੁਜ ਤਕ ਆ ਪੁੱਜੇ ਸਨ, ਨਾਲ ਰਲ ਸਕਣ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖ ਕੇ ਬੰਦਾ ਸਿੰਘ ਨੇ ਚੜ੍ਹਦੀ ਵਲ ਨੂੰ ਬੜਾ ਲੰਮਾ ਵਲ ਪਾ ਕੇ ਕੀਰਤਪੁਰ ਵਲ ਨੂੰ ਕੂਚ ਕਰ ਦਿੱਤਾ।

**ਘੁੜਾਮ ਅਤੇ ਠਸਕਾ**

ਰਸਤੇ ਵਿਚ ਪਹਿਲੀ ਥਾਂ ਘੁੜਾਮ ਸੀ ਜਿੱਥੇ ਦੇ ਪਠਾਣਾਂ ਨੇ ਬੰਦਾ ਸਿੰਘ ਦਾ ਰਾਹ ਰੋਕਣ ਦਾ ਜਤਨ ਕੀਤਾ ਅਤੇ ਟਾਕਰੇ ਲਈ ਬਾਹਰ ਆ ਨਿਕਲੇ। ਪਰ ਇਹ ਕੈਥਲ ਅਤੇ ਸਾਮਾਣੇ ਦੇ ਵਿਜਈਆਂ ਦੇ ਸਾਹਮਣੇ ਠਹਿਰ ਨਾ ਸਕੇ ਅਤੇ ਛੇਤੀ ਹੀ ਮੈਦਾਨ ਛੱਡ ਗਏ। ਘੁੜਾਮ ਦਾ ਕਸਬਾ ਲੁੱਟ ਪੁਟ ਕੇ ਬਰਬਾਦ ਕਰ ਦਿੱਤਾ ਗਿਆ ਅਤੇ ਭਾਈ ਫਤਿਹ ਸਿੰਘ ਦੇ ਤਹਿਤ ਵਿਚ ਦੇ ਦਿੱਤਾ ਗਿਆ।

ਠਸਕੇ ਵਿਚ ਕੋਈ ਟਾਕਰਾ ਨਹੀਂ ਹੋਇਆ। ਲੋਕਾਂ ਨੇ ਚੁਪ ਚਾਪ ਈਨ ਮੰਨ ਲਈ। ਇਥੋਂ ਅਗੇ ਲੰਘ ਕੇ ਸਿੰਘਾਂ ਨੇ ਸ਼ਾਹਾਬਾਦ ਜਾ ਮਾਰਿਆ। ਇਹ ਮੁਗ਼ਲਾਂ, ਸੱਯਦਾਂ ਅਤੇ ਸ਼ੇਖਾਂ ਦੀ ਘੁੱਗ ਵਸੋਂ ਦਾ ਕਸਬਾ ਸੀ। ਪਰ ਕਿਸੇ ਨੂੰ ਭੀ ਸਿੰਘਾਂ ਦਾ ਮੁਕਾਬਲਾ ਕਰਨ ਦਾ ਹੌਸਲਾ ਨਾ ਪਿਆ। ਇੱਥੇ ਦਾ ਹਾਕਮ ਕਸਬੇ ਦੇ ਦੱਖਣ ਨੂੰ ਆਪਣੀ ਕਿਲੇਬੰਦ ਸਰਾਇ ਵਿਚ ਦੌੜ ਬੈਠਾ। ਆਪਣੀ ਵਲੋਂ ਤਾਂ ਇਸ ਨੇ ਬੜਾ ਡਟਵਾਂ ਜ਼ੋਰ ਲਾਇਆ ਪਰ ਸਿੰਘਾਂ ਦੀ ਬਹਾਦੁਰੀ ਦੇ ਸਾਹਮਣੇ ਟਿਕ ਨਾ ਸਕਿਆ ਅਤੇ ਇਹ ਅਸਥਾਨ ਭੀ ਸਿੰਘਾਂ ਦੇ ਹੱਥ ਆ ਗਿਆ।

### ਮੁਸਤਫ਼ਾਬਾਦ

ਇਥੋਂ ਬੰਦਾ ਸਿੰਘ ਉੱਤਰ-ਚੜ੍ਹਦੀ ਵਲ ਨੂੰ ਹੋ ਪਿਆ। ਜਦ ਮੁਸਤਫ਼ਾਬਾਦ ਦੇ ਲਾਗੇ ਪੁੱਜਾ ਤਾਂ ਡਰਦੇ ਮਾਰੇ ਲੋਕਾਂ ਵਿਚ ਭਾਜੜ ਮਚ ਗਈ ਅਤੇ ਉਹ ਫੌਜਦਾਰ ਪਾਸ ਪੁੱਜੇ। ਉਸ ਪਾਸ ਦੋ ਕੁ ਹਜ਼ਾਰ ਸ਼ਾਹੀ ਫ਼ੌਜੀ ਹਰ ਵੇਲੇ ਤਿਆਰ ਰਹਿੰਦੇ ਸਨ। ਫੌਜਦਾਰ ਨੇ ਦੋ ਤੋਪਾਂ ਦੇ ਕੇ ਉਨ੍ਹਾਂ ਨੂੰ ਸਿੰਘਾਂ ਦੇ ਵਿਰੁੱਧ ਜਾਣ ਦਾ ਹੁਕਮ ਦੇ ਦਿੱਤਾ। ਤੋਪਾਂ ਦੇਖ ਕੇ ਟਕਾ-ਪੰਥੀ ਸੂਰਮਿਆਂ ਅਤੇ ਲੁਟੇਰਿਆਂ ਦੀਆਂ ਧਾੜਾਂ, ਜੋ ਕੇਵਲ ਲੁੱਟ ਦੀ ਇੱਛਾ ਨਾਲ ਹੀ ਸਿੰਘਾਂ ਨਾਲ ਰਲੀਆਂ ਹੋਈਆਂ ਸਨ, ਹਰਨ ਹੋ ਗਈਆਂ। ਪਰ ਇਸ ਦਾ ਬੰਦਾ ਸਿੰਘ ਪਰ ਕੋਈ ਅਸਰ ਨਾ ਪਿਆ। ਉਸ ਨੇ ਆਪਣੇ ਸਾਥੀ 'ਧਰਮ ਜੁਧ ਕੇ ਚਾਇ' ਵਾਲੇ ਸਿੰਘਾਂ ਨੂੰ ਹੱਲਾ-ਸ਼ੇਰੀ ਦਿੱਤੀ ਅਤੇ ਅਜਿਹਾ ਜੁੜਵਾਂ ਅਤੇ ਜ਼ੋਰਦਾਰ ਰੱਕੂ ਹੱਲਾ ਮਾਰਿਆ ਕਿ ਫ਼ੌਜਦਾਰ ਦੇ ਅ ਦਮੀ ਦੌੜ ਨਿਕਲੇ ਅਤੇ ਇਕ ਤੋਪ ਭੀ ਪਿਛੇ ਛੱਡ ਗਏ। ਖ਼ਾਲਸੇ ਦੀ ਜਿੱਤ ਹੋ ਗਈ ਦੇਖ ਕੇ ਬਹੁਤ ਸਾਰੇ ਭਗੌੜੇ ਮੁੜ ਆਏ ਅਤੇ ਸ਼ਾਹਾਬਾਦ ਵਿਚ ਲੁੱਟ ਮਚਾ ਦਿੱਤੀ।

### ਕਪੂਰੀ

ਬੰਦਾ ਸਿੰਘ ਸਢੌਰੇ ਵਲ ਨੂੰ ਜਾ ਰਿਹਾ ਸੀ ਕਿ ਉਸ ਨੂੰ ਪਤਾ ਲੱਗਾ ਕਿ ਕਪੂਰੀ ਦੇ ਹਾਕਮ ਕਦਮੁੱਦੀਨ ਨੇ ਆਲੇ ਦੁਆਲੇ ਦੇ ਇਲਾਕੇ ਉੱਤੇ ਜ਼ੁਲਮ ਦੀ ਅੱਤ ਚੁੱਕੀ ਹੈ। ਇਹ ਅਮਾਨੁੱਲਾ ਦਾ ਪੁੱਤਰ ਸੀ ਜੋ ਬਾਦਸ਼ਾਹ ਔਰੰਗਜ਼ੇਬ ਦੇ ਵੇਲੇ ਗੁਜਰਾਤ ਦਾ ਹਾਕਮ ਹੁੰਦਾ ਸੀ ਅਤੇ ਜਿਸ ਨੇ ਬਿਅੰਤ ਦੌਲਤ ਇਕੱਠੀ ਕੀਤੀ ਹੋਈ ਸੀ। ਪਿਓ ਦੀ ਜ਼ੁਲਮ ਨਾਲ ਇਕੱਠੀ ਕੀਤੀ ਹੋਈ ਮਾਇਆ ਨੇ ਪੁੱਤਰ ਨੂੰ ਬਿਗਾੜ ਛੱਡਿਆ ਸੀ ਅਤੇ ਉਹ ਮਾਰਖੰਡੇ ਡੰਗਰਾਂ ਵਾਂਗ ਭੂਤਰਿਆ ਹੋਇਆ ਸੀ। ਢਾਈ ਸੌ ਸਾਲ ਗੁਜ਼ਰ ਜਾਣ ਪਰ ਹਾਲੇ ਤਕ ਭੀ ਉਸ ਦੇ ਲੁੱਚਪੁਣੇ ਦੀਆਂ ਕਹਾਣੀਆਂ ਇਸ ਇਲਾਕੇ ਵਿਚ ਮਸ਼ਹੂਰ ਹਨ। ਹਿੰਦੂਆਂ ਦੀ ਸ਼ਾਇਦ ਹੀ ਕੋਈ ਸੁਣੱਖੀ ਇਸਤਰੀ ਹੋਵੇ ਜਿਸ ਦੀ ਪਤ ਉੱਤੇ ਉਸ ਨੇ ਹੱਥ ਪਾਉਣ ਦਾ ਜਤਨ ਨਾ ਕੀਤਾ ਹੋਵੇ। ਉਸ ਦੇ ਘੋੜ-ਚੜ੍ਹੇ ਸਵਾਰ ਇਲਾਕੇ ਵਿਚ ਘੁੰਮਦੇ ਫਿਰਦੇ ਅਤੇ ਜਿੱਥੇ ਕਿਧਰੇ ਭੀ ਹਿੰਦੂਆਂ ਦੀ ਜੰਜ ਦਿਸਦੀ, ਬਹੂ ਖੋਹ ਲਿਆਉਂਦੇ ਅਤੇ ਕਦਮੁੱਦੀਨ ਦੇ ਪੇਸ਼ ਕਰ ਦਿੰਦੇ। ਉਸ ਦੀਆਂ ਇਹ ਸ਼ਿਕਾਰੀ ਮੁਹਿੰਮਾਂ ਉਸ ਦੇ ਆਪਣੇ ਇਲਾਕੇ ਤਕ ਹੀ ਸੀਮਤ ਨਹੀਂ ਸਨ। ਸਢੌਰੇ ਦੇ ਸ਼ਾਹਵਾਨੀ ਸੱਯਦਾਂ ਵਿਚ ਇਕ ਕਹਾਣੀ ਪ੍ਰਚੱਲਤ ਸੀ ਕਿ ਇਕ ਵਾਰੀ ਉਹ ਸਿੱਖ ਦਾ ਭੇਸ ਬਣਾ ਕੇ ਸ਼ਹਿਰ ਅੰਮ੍ਰਿਤਸਰ ਵਿਚੋਂ ਇਕ ਸਿੱਖ ਜ਼ਨਾਨੀ ਜ਼ੋਰੀਂ ਚੁੱਕ ਲਿਆਇਆ ਸੀ। ਹੋ ਸਕਦਾ ਹੈ ਕਿ ਕਪੂਰੀ ਉੱਤੇ ਸਿੱਖਾਂ ਦੇ ਹੱਲੇ ਤੋਂ ਬਾਅਦ ਕਿਸੇ ਚਾਲਾਕ ਸੱਯਦ ਨੇ ਇਹ ਕਹਾਣੀ ਘੜ ਕੇ ਪ੍ਰਚਲਤ ਕਰ ਦਿੱਤੀ ਹੋਵੇ। ਪਰ ਇਸ ਗੱਲ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਕਦਮੁੱਦੀਨ ਉਨ੍ਹੀਂ ਦਿਨੀਂ ਇਸ ਇਲਾਕੇ ਵਿਚ ਇਕ ਜ਼ੁਲਮੀ ਹਊਆ ਬਣਿਆ ਹੋਇਆ ਸੀ। ਇਹ ਇਕ ਐਸੀ ਗੱਲ ਸੀ ਜਿਸ ਨੂੰ ਬੰਦਾ ਸਿੰਘ ਵਰਗਾ ਗ਼ੈਰਤਦਾਰ ਸਿੱਖ ਆਈ ਗਈ ਨਹੀਂ ਸੀ ਕਰ ਸਕਦਾ ਜਦ ਕਿ ਕਦਮੁੱਦੀਨ ਦੇ ਵਿਰੁੱਧ ਸਾਰਿਆਂ ਪਾਸਿਆਂ ਤੋਂ ਉਸ ਪਾਸ ਸ਼ਿਕਾਇਤਾਂ ਪੁੱਜ ਰਹੀਆਂ ਸਨ। ਇਸ ਲਈ ਬੰਦਾ ਸਿੰਘ ਨੇ ਫ਼ੈਸਲਾ ਕਰ ਲਿਆ ਕਿ ਸਭ ਤੋਂ ਪਹਿਲਾਂ

ਕਪੂਰੀ ਦੇ ਇਸ ਦੈਂਤ ਨੂੰ ਸੋਧ ਦੇਣਾ ਚਾਹੀਦਾ ਹੈ ।

ਮੁਸਤਫ਼ਾਬਾਦੋਂ ਰਾਹ ਵਿਚ ਬਰਾੜੇ ਦੀ ਸੜਕ ਉੱਤੇ ਸਢੌਰਿਓਂ ਚਾਰ ਮੀਲ ਉੱਤੇ ਦਲੌੜ ਪਿੰਡ ਹੈ । ਬੰਦਾ ਸਿੰਘ ਨੇ ਰਾਤ ਇਥੇ ਕੱਟੀ ਤਾਂ ਕਿ ਇਥੇ ਦੇ ਲਬਾਣਿਆਂ ਪਾਸੋਂ ਲੋੜੀਂਦੀ ਵਾਕਫ਼ੀ ਪ੍ਰਾਪਤ ਕਰ ਲਈ ਜਾਏ । ਦਿਨ ਚੜ੍ਹਦੇ ਸਾਰ ਸਿੰਘ ਕਪੂਰੀ ਉੱਤੇ ਟੁੱਟ ਪਏ । ਪਲੋ ਪਲੀ ਵਿਚ ਜੋ ਅੜਿਆ ਸੋ ਝੜਿਆ, ਅਤੇ ਦੁਰਾਚਾਰੀ ਕਦਮੁੱਦੀਨ ਦੀ ਹਵੇਲੀ ਨੂੰ ਅੱਗ ਲਾ ਦਿੱਤੀ ਅਤੇ ਉਸ ਦੀ ਦੌਲਤ ਉਡਾ ਕੇ ਰਖ ਦਿੱਤੀ । ਖ਼ੁਦ ਕਦਮੁੱਦੀਨ ਨਾਲ ਕੀ ਬੀਤੀ, ਇਹ ਪਤਾ ਨਹੀਂ । ਵੀਹ ਵਿਸਵੇ ਅਨੁਮਾਨ ਇਹ ਹੀ ਹੈ ਕਿ ਉਹ ਇਸ ਭਾਂਬੜ ਵਿਚ ਆਪਣੇ ਮਾਲ ਮਤਾਹ ਦੇ ਨਾਲ ਹੀ ਸੜ ਬਲ ਕੇ ਸੁਆਹ ਹੋ ਗਿਆ ਹੋਵੇਗਾ ।

**ਸਢੌਰਾ**

ਬੰਦਾ ਸਿੰਘ ਦਾ ਅਗਲਾ ਨਿਸ਼ਾਨਾ ਸਢੌਰਾ ਸੀ । ਇਥੇ ਦਾ ਹਾਕਮ ਉਸਮਾਨ ਖ਼ਾਨ ਆਪਣੇ ਨਿੱਤ ਦੇ ਅਤਿੱਆਚਾਰਾਂ ਲਈ ਬੜਾ ਬਦਨਾਮ ਸੀ । ਇਹ ਉਹ ਹੀ ਸੀ ਜਿਸ ਨੇ ਸਢੌਰੇ ਦੇ ਨਾਮਵਰ ਮੁਸਲਮਾਨ ਪੀਰ ਸੱਯਦ ਬਦਰੁੱਦੀਨ ਸ਼ਾਹ ਨੂੰ (ਜੋ ਇਤਿਹਾਸ ਵਿਚ ਸੱਯਦ ਪੀਰ ਬੁਧੂ ਸ਼ਾਹ ਦੇ ਨਾਉਂ ਨਾਲ ਪ੍ਰਸਿੱਧ ਹੈ) ਕੇਵਲ ਇਸ ਕਰਕੇ ਤਸੀਹੇ ਦੇ ਦੇ ਕੇ ਮਰਵਾ ਦਿੱਤਾ ਸੀ ਕਿ ਉਸ ਨੇ ਭੰਗਾਣੀ ਦੇ ਜੁੱਧ ਵਿਚ ਗੁਰੂ ਗੋਬਿੰਦ ਸਿੰਘ ਦੀ ਸਹਾਇਤਾ ਕੀਤੀ ਸੀ । ਇਹ ਉਸਮਾਨ ਖ਼ਾਨ ਹਿੰਦੂਆਂ ਦਾ ਬੜਾ ਵੈਰੀ ਸੀ ਅਤੇ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਬੇਪੱਤੀ ਕਰਦਾ ਸੀ । ਇਥੋਂ ਤਕ ਕਿ ਉਨ੍ਹਾਂ ਨੂੰ ਆਪਣੇ ਮੁਰਦੇ ਫੂਕਣ ਦੀ ਭੀ ਖੁੱਲ੍ਹ ਨਹੀਂ ਸੀ । ਇਥੇ ਇਹ ਇਕ ਆਮ ਵਹਿਮ ਸੀ ਕਿ ਜੇ ਹਿੰਦੂ ਦਾ ਮੁਰਦਾ ਕੁਤਬੁਲ-ਅਕਤਾਬ ਦੀ ਮਜ਼ਾਰ ਦੇ ਕੋਲ ਦੀ ਲੰਘ ਜਾਏ, ਉਸ ਨੂੰ ਅੱਗ ਨਹੀਂ ਸਾੜਦੀ । ਸ਼ਾਹਵਾਨੀ ਮਹੱਲੇ ਦੇ ਲੋਕਾਂ ਲਈ ਇਸ ਮਜ਼ਾਰ ਦੇ ਪਾਸ ਦੀ ਲੰਘਣ ਤੋਂ ਬਿਨਾਂ ਚੂੰਕਿ ਹੋਰ ਕੋਈ ਰਾਹ ਹੀ ਨਹੀਂ ਸੀ ਇਸ ਲਈ ਇਸ ਮਹੱਲੇ ਦੇ ਬਹੁਤ ਸਾਰੇ ਹਿੰਦੂ ਤੰਗ ਆ ਕੇ ਸ਼ਹਿਰ ਹੀ ਛੱਡ ਗਏ ਸਨ ।

ਇਸ ਵੇਲੇ ਰਾਜ ਅਤੇ ਜ਼ੋਰ ਮੁਸਲਮਾਨਾਂ ਦਾ ਹੋਣ ਕਰਕੇ ਹਿੰਦੂ ਹਰ ਥਾਂ ਮੁਸਲਮਾਨਾਂ ਵਲੋਂ ਸਤਾਏ ਜਾ ਰਹੇ ਸਨ ਅਤੇ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘ ਹਰ ਥਾਂ ਉਨ੍ਹਾਂ ਦੀ ਬਾਹੁੜੀ ਅਤੇ ਸਹਾਇਤਾ ਕਰਨ ਲਈ ਪੁੱਜ ਜਾਂਦੇ ਸਨ, ਇਸ ਲਈ ਹਰ ਪਾਸਿਓਂ ਲੋਕ ਉਨ੍ਹਾਂ ਪਾਸ ਆਪਣੀਆਂ ਸ਼ਿਕਾਇਤਾਂ ਲੈ ਕੇ ਪੁੱਜਣ ਲਗ ਪਏ ਸਨ । ਇੱਥੇ ਹਿੰਦੂਆਂ ਨੇ ਆ ਕੇ ਅਰਜ਼ ਕੀਤੀ ਕਿ ਮੁਸਲਮਾਨਾਂ ਨੇ ਸਾਨੂੰ ਬਹੁਤ ਤੰਗ ਕੀਤਾ ਹੋਇਆ ਹੈ ਅਤੇ ਆਮ ਗਲੀ ਬਾਜ਼ਾਰਾਂ ਵਿਚ ਹੀ ਨਹੀਂ ਸਗੋਂ ਸਾਡੇ ਘਰਾਂ ਦੇ ਸਾਹਮਣੇ ਗਊ-ਬਧ ਕਰਦੇ ਹਨ ਅਤੇ ਲਹੂ, ਆਂਦਰਾਂ ਆਦਿ ਉਥੇ ਹੀ ਪਈਆਂ ਛੱਡ ਜਾਂਦੇ ਹਨ ਅਤੇ ਸਾਨੂੰ ਆਪਣੇ ਧਰਮ ਕਰਮ ਦੀਆਂ ਰਸਮਾਂ ਭੀ ਨਹੀਂ ਕਰਨ ਦਿੰਦੇ । ਇਹ ਗੱਲਾਂ ਸੁਣ ਕੇ ਬੰਦਾ ਸਿੰਘ ਨੂੰ ਬਹੁਤ ਰੋਹ ਚੜ੍ਹਿਆ ਅਤੇ ਉਸ ਨੇ ਸਢੌਰੇ ਉੱਤੇ ਹੱਲਾ ਕਰਨ ਦਾ ਹੁਕਮ ਦੇ ਦਿੱਤਾ ।

ਸਢੌਰਾ ਨਾਉਂ 'ਸਾਧੂ-ਵਾੜਾ' ਦੇ ਸਮੇਂ ਦਾ ਫੇਰ ਨਾਲ ਬਦਲਿਆ ਹੋਇਆ ਰੂਪ ਹੈ। ਪ੍ਰਾਚੀਨ ਸਮਿਆਂ ਵਿਚ ਇਹ ਬੁਧ ਭਿੱਖੂਆਂ ਅਤੇ ਹਿੰਦੂ ਸਾਧੂਆਂ ਦਾ ਪਵਿੱਤਰ ਧਾਰਮਿਕ ਅਸਥਾਨ ਸੀ। ਮੁਸਲਮਾਨੀ ਰਾਜ ਹੋਣ ਵੇਲੇ ਕੁਝ ਚਿਰ ਏਥੇ ਤੂਸੀ ਪਠਾਣ ਵਸਦੇ ਰਹੇ, ਜਿਨ੍ਹਾਂ ਨੂੰ ਇਥੋਂ ਸਿਆਣਾ ਜ਼ਿਲਾ ਕਰਨਾਲ ਦੇ ਸਯਦ ਨਿਜ਼ਾਮੁੱਦੀਨ ਨੇ ਬਾਹਰ ਕੱਢ ਦਿੱਤਾ ਸੀ। ਉਸ ਵਰ੍ਹੇ ਸੰਨ 1414 ਵਿਚ ਜਦ ਸੱਯਦ ਖ਼ਿਜ਼ਰ ਖਾਨ ਦਿੱਲੀ ਦੇ ਤਖ਼ਤ ਉੱਤੇ ਬੈਠਾ ਤਾਂ ਉਸ ਨੇ ਸਢੌਰਾ ਨਿਜ਼ਾਮੁੱਦੀਨ ਨੂੰ ਦਿੱਤੀ ਸੱਠ ਹਜ਼ਾਰ ਸਾਲਾਨਾ ਜਾਗੀਰ ਵਿਚ ਸ਼ਾਮਲ ਕਰ ਦਿੱਤਾ। ਗੰਜਿ-ਇਲਮ ਅਤੇ ਕੁਤਬੁਲ-ਅਕਤਾਬ ਦੇ ਮਜ਼ਾਰ ਸੱਯਦ ਨਿਜ਼ਾਮੁੱਦੀਨ ਦੇ ਦੂਸਰੇ ਪੁੱਤਰ ਸ਼ਾਹ ਅਬਦੁਲ ਹਮੀਦ ਅਤੇ ਪੋਤਰੇ ਸ਼ਾਹ ਅਬਦੁਲ ਵਹਾਬ ਦੇ ਮਜ਼ਾਰ ਹਨ ਜੋ ਆਪਣੀ ਵਿੱਦਿਆ ਅਤੇ ਧਾਰਮਕ ਰੁਚੀਆਂ ਕਰਕੇ ਇਨ੍ਹਾਂ ਖ਼ਿਤਾਬਾਂ ਨਾਲ ਪ੍ਰਸਿੱਧ ਸਨ। ਉਪਰ ਦਿੱਤੇ ਵਹਿਮ ਦੀ ਰਵਾਇਤ ਸ਼ਾਹ ਅਬਦੁਲ-ਵਹਾਬ ਦੇ ਮਜ਼ਾਰ ਨਾਲ ਸੰਬੰਧ ਰਖਦੀ ਹੈ। ਸੱਯਦ ਬਦਰੁੱਦੀਨ ਸ਼ਾਹ (ਸੱਯਦ ਬੁਧੂ ਸ਼ਾਹ) ਸੱਯਦ ਨਿਜ਼ਾਮੁੱਦੀਨ ਤੋਂ ਨੌਵੀਂ ਪੁਸ਼ਤੋਂ ਸੀ।

ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਸਢੌਰੇ ਵਲ ਨੂੰ ਵਧਣ ਦੀ ਖ਼ਬਰ ਉਡਣ ਦੀ ਦੇਰ ਹੀ ਸੀ ਕਿ ਸਢੌਰੇ ਦੇ ਇਰਦ ਗਿਰਦ ਦੀ ਦੁਖੀ ਜਨਤਾ ਅਤੇ ਹੋਰ ਲੋਕ, ਜੋ ਕੇਵਲ ਇਸੇ ਮੌਕੇ ਦੀ ਤਾੜ ਵਿਚ ਹੀ ਸਨ, ਹੱਲਾ ਕਰਨ ਵਾਲੇ ਸਿੰਘਾਂ ਨਾਲ ਆ ਰਲੇ ਅਤੇ ਸ਼ਹਿਰ ਵਿਚ ਧਸ ਗਏ। ਗੁੱਸੇ ਨਾਲ ਭਰੇ ਪਏ ਇਨ੍ਹਾਂ ਆਪ ਮੁਹਾਰੇ ਲੋਕਾਂ ਨੇ ਜਿਨ੍ਹਾਂ ਉੱਤੇ ਬੰਦਾ ਸਿੰਘ ਦਾ ਭੀ ਕੋਈ ਕਾਬੂ ਨਹੀਂ ਸੀ। ਸ਼ਹਿਰ ਵਿਚ ਵੜਦੇ ਸਾਰ ਸਭ ਤੋਂ ਪਹਿਲਾਂ ਕੁਤਬੁਲ-ਅਕਤਾਬ ਦੇ ਮਜ਼ਾਰ ਨੂੰ ਅੱਗ ਲਾਉਣ ਦੀ ਕੀਤੀ ਜਿਸ ਨਾਲ ਬਾਜ਼ਾਰਾਂ ਵਿਚ ਇਕ ਖ਼ੂਨੀ ਲੜਾਈ ਸ਼ੁਰੂ ਹੋ ਪਈ। ਡਰਦੇ ਮਾਰੇ ਸੱਯਦ ਅਤੇ ਸ਼ੇਖ ਪਨਾਹ ਲਈ ਸੱਯਦ ਬੁਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ, ਸ਼ਾਇਦ ਇਸ ਖ਼ਿਆਲ ਨਾਲ ਕਿ ਚੂੰਕਿ ਸ਼ਹੀਦ ਪੀਰ ਬੁਧੂ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਮਿੱਤਰ ਸਨ ਇਸ ਲਈ ਸਿੰਘ ਉਨ੍ਹਾਂ ਦੀ ਜਾਨ ਬਖ਼ਸ਼ ਦੇਣਗੇ। ਜੇ ਇਹ ਗੱਲ ਇਕੱਲੇ ਸਿੰਘਾਂ ਦੇ ਹੱਥ ਵਿਚ ਹੀ ਹੁੰਦੀ ਤਾਂ ਸ਼ਾਇਦ ਕੋਈ ਭੀ ਸਿੰਘ ਪੀਰ ਬੁਧੂ ਸ਼ਾਹ ਦੇ ਮਜ਼ਾਰ ਦੀ ਬੇਪੱਤੀ ਨਾ ਹੋਣ ਦਿੰਦਾ, ਪਰ ਇਸ ਵੇਲੇ ਉਹ ਬੇ-ਬੱਸ ਸਨ। ਉਨ੍ਹਾਂ ਦੀ ਗਿਣਤੀ ਬਹੁਤ ਹੀ ਥੋੜੀ ਸੀ ਅਤੇ ਉਹ ਥਾਂ ਦੇ ਭੀ ਨਾ-ਵਾਕਿਫ਼ ਸਨ। ਇਹ ਬਹੁਤ ਕਰਕੇ ਚੁਗਿਰਦੇ ਦਾ ਦੁਖੀ ਮਲੁੱਖਈਆ ਸੀ ਜਿਨ੍ਹਾਂ ਨੇ ਬਦਲੇ ਦੇ ਅੱਗ ਨਾਲ ਭੜਕ ਕੇ ਇਕ ਭੜਥੂ ਮਚਾ ਦਿੱਤਾ। ਉਹ ਮੁਦਤਾਂ ਤੋਂ ਚੁੱਪ ਕਰੀਤੇ ਬੇਬਸੀ ਦੀ ਹਾਲਤ ਵਿਚ ਜ਼ੁਲਮ ਸਹਾਰਦੇ ਚਲੇ ਆ ਰਹੇ ਸਨ। ਹੁਣ ਜਦ ਉਨ੍ਹਾਂ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਦਿਲ ਖੋਲ੍ਹ ਕੇ ਆਪਣੇ ਦੋਖੀਆਂ ਪਾਸੋਂ ਗਿਣ ਗਿਣ ਕੇ ਬਦਲੇ ਲਏ ਅਤੇ ਹਰ ਪਾਸੇ ਕਤਲਿ-ਆਮ ਮਚਾ ਦਿੱਤੀ। ਹਵੇਲੀ ਵਿਚ ਲੁਕੇ ਹੋਏ ਸਭ ਲੋਕ ਇਕ ਦਮ ਕਤਲ ਕਰ ਦਿੱਤੇ। ਇਸੇ ਕਰਕੇ ਇਸ ਥਾਂ ਦਾ ਨਾਉਂ ਹੀ ਕਤਲ-ਗੜ੍ਹੀ ਪੈ ਗਿਆ।

ਪੁਰਾਤਨ ਲਿਖਤਾਂ ਵਿਚ ਕਿਧਰੇ ਕੋਈ ਐਸੀ ਗੱਲ ਨਹੀਂ ਮਿਲਦੀ ਜਿਸ ਤੋਂ 'ਪ੍ਰਾਚੀਨ ਪੰਥ ਪ੍ਰਕਾਸ਼' ਜਾਂ 'ਸ਼ਮਸ਼ੇਰ ਖ਼ਾਲਸਾ' ਵਿਚ ਦਿੱਤੇ ਬਿਆਨਾਂ ਦੀ ਪੁਸ਼ਟੀ ਹੁੰਦੀ ਹੋਵੇ ਕਿ ਪੀਰਾਂ ਦੇ ਮਜ਼ਾਰਾਂ ਦੀ ਬੇਹੁਰਮਤੀ ਕੀਤੀ ਗਈ, ਜਾਂ ਕਬਰਾਂ ਪੁੱਟ ਕੇ ਮੁਰਦਿਆਂ ਨੂੰ ਅੱਗ

ਵਿਚ ਸਾੜਿਆ ਗਿਆ। ਅਸਲੀਅਤ ਇਹ ਹੈ ਕਿ ਗੰਜਿ-ਇਲਮ ਅਤੇ ਕੁਤਬੁਲ-ਅਕਤਾਬ ਦੇ ਮਜ਼ਾਰ ਸਨ 1946 ਵਿਚ (ਜਦ ਕਿ ਇਸ ਪੁਸਤਕ ਦੇ ਲਿਖਾਰੀ ਨੇ ਉਹ ਮਜ਼ਾਰ ਦੇਖੇ ਸਨ) ਉਸੇ ਹਾਲਤ ਵਿਚ ਖੜੋਤੇ ਸਨ ਜਿਸ ਹਾਲਤ ਵਿਚ ਕਿ ਉਹ ਬੰਦਾ ਸਿੰਘ ਦੇ ਹੱਲੇ ਤੋਂ ਪਹਿਲਾਂ ਸਨ। ਕੇਵਲ ਕੁਤਬੁਲ-ਅਕਤਾਬ ਦਾ ਮਜ਼ਾਰ (ਜੋ ਬੰਦਾ ਸਿੰਘ ਵੇਲੇ ਹਿੰਦੂਆਂ ਲਈ ਖਾਸ ਦੁਖ ਦਾ ਕਾਰਣ ਸੀ) ਲੋਕਾਂ ਵਲੋਂ ਲਾਈ ਗਈ ਅੱਗ ਨਾਲ ਕੇਵਲ ਧੁੰਆਂਖਿਆ ਹੋਇਆ ਹੀ ਸੀ।

ਅਧਿਆਇ 5

# ਰੋਪੜ ਦੀ ਲੜਾਈ

ਜਿਵੇਂ ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ, ਬਹੁਤ ਸਾਰੇ ਮਝੈਲ ਅਤੇ ਦੁਆਬੀਏ ਸਿੱਖ ਸਤਲੁਜੋਂ ਪਾਰ ਕੀਰਤਪੁਰ ਦੇ ਸੌਂਹੇ ਰੁਕੇ ਹੋਏ ਸਨ ਅਤੇ ਬੰਦਾ ਸਿੰਘ ਦੀ ਆਗਿਆ ਉਡੀਕ ਰਹੇ ਸਨ। ਇਸ ਲਈ ਹੁਣ ਉਸ ਨੇ ਉੱਤਰ-ਲਹਿੰਦੇ ਵਲ ਨੂੰ ਬਾਗਾਂ ਮੋੜੀਆਂ। ਰਸਤੇ ਵਿਚ ਛੱਤ ਦੇ ਹਿੰਦੂਆਂ ਨੇ ਬੇਨਤੀ ਕੀਤੀ ਕਿ ਇੱਥੇ ਦੇ ਮੁਸਲਮਾਨ ਸਾਨੂੰ ਤੰਗ ਕਰਦੇ ਹਨ ਇਸ ਲਈ ਸਾਡੀ ਰੱਖਿਆ ਕੀਤੀ ਜਾਏ; ਆਚਰਨ-ਹੀਨ ਮਜ਼ਹਬੀ ਕੱਟੜਾ ਦੇ ਸਾਹਮਣੇ ਸਾਡੀ ਇੱਜ਼ਤ ਅਤੇ ਧਰਮ ਖ਼ਤਰੇ ਵਿਚ ਹਨ। ਬੰਦਾ ਸਿੰਘ ਨੂੰ ਹਿੰਦੂਆਂ ਦੀ ਨਿਤਾਣੀ ਹਾਲਤ ਦੇਖ ਕੇ ਬੜਾ ਤਰਸ ਆਇਆ ਅਤੇ ਉਸ ਨੇ ਛੱਤ ਦੇ ਕਸਬੇ ਉੱਤੇ ਕਬਜ਼ਾ ਕਰ ਕੇ ਉਥੇ ਇਕ ਸਿੱਖ ਆਮਿਲ ਨਿਯਤ ਕਰ ਦਿੱਤਾ।

ਇਸ ਵੇਲੇ ਮੌਕਾ ਤਾੜ ਕੇ ਰੁਕੇ ਹੋਏ ਸਿੰਘ ਦੱਬ ਮਾਰ ਕੇ ਸਤਲੁਜੋਂ ਪਾਰ ਹੋ ਆਏ ਅਤੇ ਕੀਰਤਪੁਰ ਪੁਜ ਗਏ। ਜਿਵੇਂ ਅਸੀਂ ਪਿਛਲੇ ਅਧਿਆਇ ਵਿਚ ਦੱਸ ਆਏ ਹਾਂ, ਸਰਹੰਦ ਦੇ ਇਲਾਕੇ ਵਿਚ ਬੰਦਾ ਸਿੰਘ ਦੀਆਂ ਮੱਲਾਂ ਮਾਰਾਂ ਦੀਆਂ ਖ਼ਬਰਾਂ ਅਤੇ ਸਰਹੰਦ ਸ਼ਹਿਰ ਉੱਤੇ ਸਿੰਘਾਂ ਦੇ ਹੱਲੇ ਦੀਆਂ ਹਵਾਈਆਂ ਨੇ ਨਵਾਬ ਵਜ਼ੀਰ ਖ਼ਾਨ ਨੂੰ ਕਾਂਬਾ ਛੇੜ ਰੱਖਿਆ ਸੀ। ਹੁਣ ਪਾਰਲੇ ਸਿੰਘਾਂ ਦੇ ਸਤਲੁਜ ਲੰਘ ਆਉਣ ਦੀਆਂ ਖ਼ਬਰਾਂ ਨੇ ਉਸ ਨੂੰ ਹੋਰ ਜ਼ਿਆਦਾ ਘਬਰਾਹਟ ਪੈਦਾ ਕਰ ਦਿੱਤੀ ਕਿਉਂਕਿ ਇਨ੍ਹਾਂ ਦਾ ਮੁਖ ਨਿਸ਼ਾਨਾ ਹੀ ਸਰਹੰਦ ਉੱਤੇ ਚੜ੍ਹਾਈ ਸੀ। ਹੁਣ ਤਕ ਦੀ ਥੋੜੀ ਜਿਹੀ ਸਿੰਘਾਂ ਦੀ ਫੌਜ ਨਾਲ ਬੰਦਾ ਸਿੰਘ ਨੇ ਬੜੀਆਂ ਅਹਿਮ ਜਿੱਤਾਂ ਪ੍ਰਾਪਤ ਕਰ ਲਈਆਂ ਸਨ। ਵਜ਼ੀਰ ਖਾਨ ਨੂੰ ਡਰ ਸੀ ਕਿ ਤਾਜ਼ਾ ਦਮ ਮਝੈਲਾਂ ਅਤੇ ਦੁਆਬੀਆਂ ਦੇ ਆ ਰਲਣ ਨਾਲ ਉਸ ਦੀ ਤਾਕਤ ਇੰਨੀ ਵੱਧ ਜਾਏਗੀ ਕਿ ਸਰਹੰਦ ਦੀ ਕੋਈ ਫੌਜ ਭੀ ਉਨ੍ਹਾਂ ਦਾ ਟਾਕਰਾ ਨਹੀਂ ਕਰ ਸਕੇਗੀ। ਇਸ ਲਈ ਵਜ਼ੀਰ ਖਾਨ ਸਮਝਦਾ ਸੀ ਕਿ ਉਸ ਦਾ ਬਚਾਓ ਇਸੇ ਗੱਲ ਵਿਚ ਹੈ ਕਿ ਇਨ੍ਹਾਂ ਦੋਹਾਂ ਨੂੰ ਇਕੱਠੇ ਨਾ ਹੋਣ ਦਿੱਤਾ ਜਾਏ। ਇਸ ਲਈ ਵਜ਼ੀਰ ਖ਼ਾਨ ਨੇ ਨਵਾਬ ਸ਼ੇਰ ਮੁਹੰਮਦ ਖ਼ਾਨ ਮਲੇਰ-ਕੋਟਲੀਏ ਨੂੰ ਨਿਯਤ ਕੀਤਾ ਕਿ ਉਹ ਉੱਤਰ ਵਲੋਂ ਆ ਰਹੇ ਨਵੇਂ ਸਿੰਘਾਂ ਨੂੰ ਬੰਦਾਂ ਸਿੰਘ ਦੇ ਨਾਲ ਰਲਣ ਤੋਂ ਪਹਿਲਾਂ ਪਹਿਲਾਂ ਹੀ ਟਿਕਾਣੇ ਲਾ ਦੇਵੇ।

ਸ਼ੇਰ ਮੁਹੰਮਦ ਖ਼ਾਨ ਨੇ ਆਪਣੇ ਭਰਾ ਖਿਜ਼ਰ ਖ਼ਾਨ ਅਤੇ ਭਤੀਜੇ ਨਸ਼ਤਰ ਖਾਨ ਅਤੇ ਵਲੀ ਮੁਹੰਮਦ ਖ਼ਾਨ ਨੂੰ ਨਾਲ ਲਿਆ ਅਤੇ ਸਿੰਘਾਂ ਦੇ ਵਿਰੁੱਧ ਕੂਚ ਕਰ ਦਿੱਤਾ। ਇੰਨੇ ਚਿਰ ਵਿਚ ਮਝੈਲ ਅਤੇ ਦੁਆਬੀਏ ਸਤਲੁਜ ਦੇ ਨਾਲ ਨਾਲ ਰੋਪੜ ਪੁੱਜ ਗਏ। ਸ਼ੇਰ ਮੁਹੰਮਦ ਖ਼ਾਨ ਨੇ ਉਨ੍ਹਾਂ ਉੱਤੇ ਹੱਲਾ ਬੋਲ ਦਿੱਤਾ ਅਤੇ ਲੜਾਈ ਸ਼ੁਰੂ ਹੋ ਗਈ। ਪਰ

ਇਹ ਬਰਾਬਰ ਦਾ ਮੁਕਾਬਲਾ ਨਹੀਂ ਸੀ। ਸ਼ੇਰ ਮੁਹੰਮਦ ਖ਼ਾਨ ਦੀ ਜਮੀਅਤ ਬਹੁਤ ਜ਼ਿਆਦਾ ਸੀ। ਮਲੇਰ-ਕੋਟਲੀਏ ਪਠਾਣਾਂ ਤੋਂ ਬਿਨਾਂ ਰੋਪੜੀਏ ਰੰਘੜਾਂ ਅਤੇ ਸਰਹੰਦੀਆਂ ਦੇ ਕੁਝ ਦਸਤੇ ਭੀ ਉਨ੍ਹਾਂ ਨਾਲ ਸਨ। ਬਹੁਤ ਸਾਰੇ ਦਾਰੂ ਸਿੱਕੇ ਦੇ ਨਾਲ ਉਨ੍ਹਾਂ ਪਾਸ ਦੋ ਤੋਪਾਂ ਭੀ ਸਨ। ਦੂਸਰੇ ਪਾਸੇ ਸਿੰਘਾਂ ਦੀ ਗਿਣਤੀ ਬਹੁਤ ਹੀ ਥੋੜ੍ਹੀ ਸੀ ਅਤੇ ਰਾਮ-ਜੰਗੇ ਭੀ ਪੂਰੇ ਨਹੀਂ ਸਨ। ਕਈਆਂ ਪਾਸ ਤਾਂ ਕੇਵਲ ਤਲਵਾਰ ਜਾਂ ਨੇਜ਼ਾ ਹੀ ਸੀ। ਪਰ ਉਹ ਗੁਰੂ ਦੇ ਹੁਕਮ ਨਾਲ ਆਏ ਹੀ ਧਰਮ-ਜੁੱਧ ਦੇ ਚਾਓ ਨਾਲ ਸਨ। ਇਸ ਲਈ ਉਹ ਵਿਤੋਂ ਵੱਧ ਬਹਾਦਰੀ ਨਾਲ ਛਾਲਾਂ ਮਾਰਦੇ ਵੈਰੀਆਂ ਉੱਤੇ ਟੁੱਟ ਪਏ ਅਤੇ ਸਾਰਾ ਦਿਨ ਗਹਿ-ਗੱਚ ਲੜਾਈ ਹੁੰਦੀ ਰਹੀ। ਪਰ ਜੰਗੀ ਸਾਮਾਨ ਦੀ ਥੁੜ੍ਹ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦੀ ਅਤੇ ਜੇ ਕਿਧਰੇ ਛੇਤੀ ਹੀ ਰਾਤ ਨਾ ਪੈ ਜਾਂਦੀ ਤਾਂ ਸ਼ਾਇਦ ਉਨ੍ਹਾਂ ਦੇ ਪੈਰ ਹੀ ਹਿੱਲ ਜਾਂਦੇ। ਦੂਸਰੇ ਦਿਨ ਸਵੇਰੇ ਸ਼ੇਰ ਮੁਹੰਮਦ ਖਾਨ ਨੂੰ ਜਿੱਤ ਦੀ ਪੂਰੀ ਪੂਰੀ ਆਸ ਸੀ। ਪਰ ਰੱਬ ਨੂੰ ਕੁਝ ਹੋਰ ਹੀ ਮੰਜ਼ੂਰ ਸੀ। ਰਾਤ ਦੇ ਅਨ੍ਹੇਰੇ ਨੇ ਸਿੰਘਾਂ ਦੀ ਗ਼ੈਬੀ ਸਹਾਇਤਾ ਕੀਤੀ। ਇਕ ਤਾਂ ਉਹ ਜ਼ਰਾ ਤਾਜ਼ਾ ਦਮ ਹੋ ਗਏ ਅਤੇ ਵੈਰੀ ਦੇ ਲੜਾਈ ਦੇ ਢੰਗਾਂ ਦੇ ਵਾਕਫ਼ ਹੋ ਗਏ, ਦੂਸਰੇ, ਰਾਤ ਨੂੰ ਅਨ੍ਹੇਰੇ ਅਨ੍ਹੇਰੇ ਉੱਤਰ-ਚੜ੍ਹਦੇ ਵਲੋਂ ਹੋਰ ਸਿੰਘ ਉਨ੍ਹਾਂ ਨਾਲ ਆ ਰਲੇ। ਭਾਵੇਂ ਉਨ੍ਹਾਂ ਦੀ ਗਿਣਤੀ ਹਾਲ ਤਕ ਮੁਕਾਬਲੇ ਵਿਚ ਬਹੁਤ ਥੋੜੀ ਸੀ ਅਤੇ ਸਾਮਾਨ ਦੀ ਥੁੜ ਵਿਚ ਕੋਈ ਫ਼ਰਕ ਨਹੀਂ ਸੀ ਪਿਆ, ਪਰ ਉਨ੍ਹਾਂ ਦੇ ਹੌਸਲੇ ਦੂਣੇ ਚੌਣੇ ਹੋ ਗਏ ਸਨ।

ਸੂਰਜ ਚੜ੍ਹਦੇ ਸਾਰ ਹੀ ਖ਼ਿਜ਼ਰ ਖ਼ਾਨ ਨੇ ਹੱਲਾ ਕਰ ਦਿੱਤਾ। ਆਪਣੀ ਜਿੱਤ ਹੋ ਜਾਣ ਦੇ ਯਕੀਨ ਨਾਲ ਉਹ ਅਗਾਂਹ ਅਗਾਂਹ ਵਧਦਾ ਗਿਆ ਅਤੇ ਇਤਨਾ ਲਾਗੇ ਹੋ ਗਿਆ ਕਿ ਹੱਥੋ ਹੱਥ ਲੜਾਈ ਸ਼ੁਰੂ ਹੋ ਗਈ। ਸਿੱਖਾਂ ਨੂੰ ਲਲਕਾਰ ਕੇ ਕਹਿਣ ਲੱਗਾ ਤੁਸੀਂ ਹੁਣ ਜੀਊਂਦੇ ਬਚ ਕੇ ਨਹੀਂ ਜਾ ਸਕਦੇ, ਤੁਹਾਡੇ ਬਚਾਓ ਇਸੇ ਵਿਚ ਹੀ ਰਹਿ ਗਿਆ ਕਿ ਚੁੱਪ ਕਰ ਕੇ ਹਥਿਆਰ ਸੁਟ ਦਿਓ ਅਤੇ ਈਨ ਮੰਨ ਲਓ। ਇਸ ਲਲਕਾਰ ਦਾ ਜਵਾਬ ਸਿੰਘਾਂ ਨੇ ਤੀਰਾਂ ਦੀ ਬਾਛੜ ਨਾਲ ਦਿੱਤਾ ਅਤੇ ਸ਼ਾਇਦ ਹੀ ਉਨ੍ਹਾਂ ਦਾ ਕੋਈ ਤੀਰ ਨਿਸ਼ਾਨਿਉਂ ਖੁੰਝਿਆ ਹੋਵੇ। ਇਸ ਵੇਲੇ ਇਕ ਮਾਰੂ ਗੋਲੀ ਖਿਜ਼ਰ ਖ਼ਾਨ ਨੂੰ ਜਾ ਲੱਗੀ ਅਤੇ ਸੂਰਬੀਰ ਪਠਾਣ ਲੁੜ੍ਹਕ ਕੇ ਭੋਇੰ ਉੱਤੇ ਜਾ ਡਿਗਿਆ। ਖ਼ਿਜ਼ਰ ਖ਼ਾਨ ਦੇ ਡਿਗਣ ਦੀ ਦੇਰ ਸੀ ਕਿ ਉਸ ਦੇ ਸਾਥੀ ਪਠਾਣਾਂ ਵਿਚ ਭਗਦੜ ਮਚ ਗਈ ਅਤੇ ਉਹ ਪਿੱਛੇ ਨੂੰ ਭਜਣੇ ਸ਼ੁਰੂ ਹੋ ਗਏ। ਤਦ ਆਪਣੇ ਆਦਮੀਆਂ ਨੂੰ ਹੌਸਲਾ ਅਤੇ ਹੱਲਾ-ਸ਼ੇਰੀ ਦੇਣ ਲਈ ਸ਼ੇਰ ਮੁਹੰਮਦ ਖ਼ਾਨ ਆਪ ਅੱਗੇ ਪੁੱਜਾ, ਪਰ ਉਸ ਨੂੰ ਭੀ ਸਫਲਤਾ ਨਾ ਹੋਈ। ਹੁਣ ਸਿੰਘ ਤਲਵਾਰਾਂ ਸੂਤ ਕੇ ਪੈਰੋਂ ਨਿਕਲੇ ਹੋਏ ਵੈਰੀ ਉੱਤੇ ਟੁੱਟ ਪਏ ਅਤੇ ਪਠਾਣਾਂ ਅਤੇ ਰੰਘੜਾਂ ਨੂੰ ਅੱਗੇ ਧਰ ਲਿਆ। ਖਿਜ਼ਰ ਖ਼ਾਨ ਦੀ ਲੋਥ ਲੈਣ ਲਈ ਸ਼ੇਰ ਮੁਹੰਮਦ ਖ਼ਾਨ ਅਤੇ ਉਸ ਦੇ ਭਤੀਜੇ ਝੁੰਜਲਾ ਝੁੰਜਲਾ ਕੇ ਅੱਗੇ ਨੂੰ ਵਧੇ। ਇਸ ਜਤਨ ਵਿਚ ਨਸ਼ਤਰ ਖ਼ਾਨ ਅਤੇ ਵਲੀ ਮੁਹੰਮਦ ਖ਼ਾਨ ਦੋਨੋਂ ਮਾਰੇ ਗਏ ਅਤੇ ਸ਼ੇਰ ਮੁਹੰਮਦ ਖ਼ੁਦ ਭੀ ਸਖ਼ਤ ਫੱਟੜ ਹੋ ਗਿਆ ਅਤੇ ਬੜੀ ਮੁਸ਼ਕਲ ਨਾਲ ਭਰਾ ਅਤੇ ਭਤੀਜਿਆਂ ਦੀਆਂ ਲੋਥਾਂ ਲਿਜਾ ਸਕਿਆ। ਸਿੰਘਾਂ ਦੀ ਜਿੱਤ ਹੋ ਗਈ, ਪਰ ਗਿਣਤੀ ਥੋੜੀ ਹੋਣ ਕਰਕੇ ਉਹ ਬਹੁਤ ਦੂਰ ਤਕ ਵੈਰੀ ਦਾ ਪਿੱਛਾ ਨਾ ਕਰ ਸਕੇ, ਅਤੇ

ਉਨ੍ਹਾਂ ਹਥਿਆਰਾਂ ਅਤੇ ਜੰਗੀ ਸਾਮਾਨ ਨਾਲ ਹੀ ਸਬਰ ਸ਼ੁਕਰ ਕੀਤਾ ਜੋ ਭੱਜੇ ਜਾਂਦੇ ਦੁਸ਼ਮਣ ਛੱਡ ਅਤੇ ਸੁੱਟ ਗਏ ਸਨ ।

ਹੁਣ ਸਿੰਘਾਂ ਨੇ ਇਕ ਪਲ ਭੀ ਵਿਅਰਥ ਗੁਆਉਣਾ ਚੰਗਾ ਨਾ ਸਮਝਿਆ ਅਤੇ ਬੰਦਾ ਸਿੰਘ ਨਾਲ ਰਲਣ ਲਈ ਛੇਤੀ ਨਾਲ ਦੱਖਣ ਵਲ ਨੂੰ ਚਾਲੇ ਪਾਏ । ਜਿਸ ਵੇਲੇ ਇਹ ਸਿੰਘ ਪਠਾਣਾਂ ਅਤੇ ਰੰਘੜਾਂ ਨਾਲ ਜੁਟੇ ਹੋਏ ਸਨ, ਬੰਦਾ ਸਿੰਘ ਨੇ ਬਨੂੜ ਜਾ ਮਾਰਿਆ । ਬਨੂੜੀਆਂ ਨੇ ਕੋਈ ਟਾਕਰਾ ਨਾ ਕੀਤਾ ਅਤੇ ਬਿਨਾਂ ਗੋਲੀ ਦਾਗਣ ਦੇ ਹੀ ਹੱਥ ਜੋੜ ਦਿੱਤੇ । ਜਦ ਬੰਦਾ ਸਿੰਘ ਨੂੰ ਸਿੰਘਾਂ ਦੀ ਰੋਪੜ ਵਿਚ ਜਿੱਤ ਦਾ ਪਤਾ ਲੱਗਾ ਤਾਂ ਉਹ ਬੜਾ ਪ੍ਰਸੰਨ ਹੋਇਆ ਅਤੇ ਉਨ੍ਹਾਂ ਦਾ ਸੁਆਗਤ ਕਰਨ ਲਈ ਅੱਗੇ ਗਿਆ । ਇਹ ਯਾਦਗਾਰੀ ਮਿਲਨੀ ਅੰਬਾਲਿਓਂ ਰੋਪੜ ਨੂੰ ਜਾ ਰਹੀ ਸੜਕ ਉੱਤੇ ਬਨੂੜ ਅਤੇ ਖਰੜ ਦੇ ਵਿਚਕਾਰ ਹੋਈ ।

## ਅਧਿਆਇ 6

# ਚੱਪੜ-ਚਿੜੀ (ਸਰਹੰਦ) ਦੀ ਲੜਾਈ

ਮਝੈਲਾਂ ਅਤੇ ਦੁਆਬੀਆਂ ਦੇ ਆ ਰਲਣ ਪਰ ਬੰਦਾ ਸਿੰਘ ਦੇ ਕੰਪੂ ਵਿਚ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ, ਵਾਹਿਗੁਰੂ ਦੇ ਹਜ਼ੂਰ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸਾਦ ਦੇ ਖੁਲ੍ਹੇ ਗੱਫੇ ਵਰਤਾਏ ਗਏ। ਸਿੰਘਾਂ ਨੂੰ ਹੁਣ ਗੁਰੂ-ਮਾਰੀ ਸਰਹੰਦ ਅਤੇ ਉਸ ਦੇ ਫੌਜਦਾਰ ਵਜ਼ੀਰ ਖ਼ਾਨ ਦੇ ਵਿਰੁੱਧ ਧਰਮ-ਜੁਧ ਦੇ ਚਾਓ ਨਾਲ ਲਾਲੀਆਂ ਚੜ੍ਹ ਰਹੀਆਂ ਸਨ ਅਤੇ ਉਹ ਉਤਾਵਲੇ ਹੋ ਰਹੇ ਸਨ। ਇਸ ਦੇ ਨਾਲ ਹੀ ਲੁਟੇਰਿਆਂ ਅਤੇ ਧਾੜਵੀਆਂ ਦੀ ਗਿਣਤੀ ਭੀ ਵਧਦੀ ਜਾ ਰਹੀ ਸੀ ਜੋ ਸਦੀਆਂ ਤੋਂ ਇਕੱਠੀ ਹੋ ਰਹੀ ਇਥੇ ਦੀ ਦੌਲਤ ਦੀ ਲੁੱਟ ਵਲ ਅੱਖਾਂ ਲਾਈ ਬੈਠੇ ਸਨ ਅਤੇ ਬੰਦਾ ਸਿੰਘ ਦੇ ਕੰਪੂ ਦੇ ਪਿੱਛੇ ਪਿੱਛੇ ਤੁਰੇ ਆ ਰਹੇ ਸਨ। ਇਹ ਦੇਖ ਕੇ ਬੰਦਾ ਸਿੰਘ ਨੇ ਸਰਹੰਦ ਉੱਤੇ ਚੜ੍ਹਾਈ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਇਸ ਨਾਲ ਸਿੰਘਾਂ ਦੇ ਡੌਲੇ ਹੋਰ ਫਰਕਣ ਲੱਗ ਪਏ ਅਤੇ ਆਸਮਾਨ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਇਸ ਵੇਲੇ ਸਰਹੰਦ ਦਾ ਇਕ ਹਿੰਦੂ ਅਫ਼ਸਰ, ਜੋ 'ਬੰਦਾ ਦੀ ਬ੍ਰੇਵ' ਦੇ ਕਰਤਾ ਅਨੁਸਾਰ ਨਵਾਬ ਵਜ਼ੀਰ ਖ਼ਾਨ ਦੇ ਪੇਸ਼ਕਾਰ ਸੁੱਚਾ ਨੰਦ ਦਾ ਭਤੀਜਾ ਸੀ, ਇਕ ਹਜ਼ਾਰ ਆਦਮੀ ਨਾਲ ਲੈ ਕੇ ਬੰਦਾ ਸਿੰਘ ਦੇ ਕੰਪੂ ਵਿਚ ਆ ਗਿਆ ਅਤੇ ਕਹਿਣ ਲੱਗਾ ਕਿ ਮੈਂ ਆਪਣੇ ਅਤੇ ਆਪਣੇ ਟੱਬਰ ਕਬੀਲੇ ਉੱਤੇ ਹੋਏ ਵਜ਼ੀਰ ਖ਼ਾਨ ਦੇ ਜ਼ੁਲਮ ਤੋਂ ਤੰਗ ਆ ਕੇ ਸਰਹੰਦ ਛੱਡ ਆਇਆ ਹਾਂ ਅਤੇ ਬਦਲਾ ਲੈਣ ਲਈ ਖਾਲਸੇ ਦੀ ਸ਼ਰਨ ਆਇਆ ਹਾਂ ਅਤੇ ਆਪਣੇ ਵਫ਼ਾਦਾਰ ਆਦਮੀਆਂ ਨੂੰ ਨਾਲ ਲੈ ਆਇਆ ਹਾਂ। ਅਸਲ ਵਿਚ ਇਹ ਸਭ ਕੁਝ ਬੰਦਾ ਸਿੰਘ ਨੂੰ ਧੋਖਾ ਦੇਣ ਲਈ ਇਕ ਬਣੌਟ ਸੀ ਅਤੇ ਉਸ ਨੂੰ ਵਜ਼ੀਰ ਖ਼ਾਨ ਅਤੇ ਸੁੱਚਾ ਨੰਦ ਨੇ ਇਸ ਲਈ ਭੇਜਿਆ ਸੀ ਕਿ ਉਹ ਸਿੰਘਾਂ ਦੇ ਕੰਪੂ ਵਿਚ ਜਾ ਕੇ ਆਪਣਾ ਇਤਬਾਰ ਜਮਾਵੇ ਅਤੇ ਜਦ ਦਾਉ ਲੱਗੇ ਤਾਂ ਬੰਦਾ ਸਿੰਘ ਨੂੰ ਪਾਰ ਬੁਲਾਵੇ, ਪਰ ਜੇ ਉਸ ਨੂੰ ਮੌਕਾ ਨਾ ਮਿਲੇ ਤਾਂ ਸਰਹੰਦ ਉੱਤੇ ਸਿੰਘਾਂ ਦੇ ਹੱਲੇ ਵੇਲੇ ਕੋਈ ਅਜਿਹੀ ਚਾਲ ਚਲੇ ਕਿ ਸਿੰਘਾਂ ਨੂੰ ਭਾਂਜ ਪੈ ਜਾਏ। ਅਜਿਹੀਆਂ ਧੋਖਾਬਾਜ਼ੀਆਂ ਓਦੋਂ ਕੋਈ ਅਣਹੋਣੀਆਂ ਨਹੀਂ ਸਨ। ਪਰ ਬੰਦਾ ਸਿੰਘ ਨੇ ਸਾਧੂਆਂ ਦੀ ਸੰਗਤ ਵਿਚ ਜੀਵਨ ਬਤੀਤ ਕੀਤਾ ਸੀ। ਉਸ ਨੇ ਸਰਹੰਦੀ ਹਿੰਦੂ ਅਫ਼ਸਰ ਦੀ ਕਹਾਣੀ ਉੱਤੇ ਇਤਬਾਰ ਕਰ ਲਿਆ ਅਤੇ ਉਸ ਨੂੰ ਆਪਣੇ ਕੰਪੂ ਨਾਲ ਰਲ ਜਾਣ ਦੀ ਆਗਿਆ ਦੇ ਦਿੱਤੀ।

ਸਰਹੰਦ ਪੰਜ ਸਾਢੇ ਪੰਜ ਸਾਲ ਤੋਂ ਖਾਲਸਿਆਂ ਦੀਆਂ ਅੱਖਾਂ ਵਿਚ ਰੜਕ ਰਿਹਾ ਸੀ। ਇਸ ਨਿਰਦਈ ਧਰਤੀ ਵਿਚ ਦਸੰਬਰ ਸੰਨ 1704 ਈ., ਪੋਹ ਸੰਮਤ 1761

ਬਿ., ਵਿਚ ਗੁਰੂ ਗੋਬਿੰਦ ਸਿੰਘ ਦੇ ਦੋ ਮਾਸੂਮ ਸਾਹਿਬਜ਼ਾਦੇ ਜੀਉਂਦੇ ਕੰਧ ਵਿਹ ਚਿਣੇ ਅਤੇ ਫੇਰ ਕੋਹ ਕੇ ਕਤਲ ਕੀਤੇ ਗਏ ਸਨ। ਇਸ ਭਿਆਨਕ ਸਾਕੇ ਦਾ ਇਸ਼ਾਰੇ ਮਾਤਰ ਇੱਥੇ ਜ਼ਿਕਰ ਕਰ ਦੇਣਾ ਜ਼ਰੂਰੀ ਜਾਪਦਾ ਹੈ। ਦਸੰਬਰ ਸੰਨ 1704 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਛੱਡ ਦੇਣ ਤੋਂ ਬਾਅਦ ਜਦ ਵਿਸਾਹ-ਘਾਤੀ ਪਹਾੜੀ ਰਾਜਿਆਂ ਅਤੇ ਸ਼ਾਹੀ ਫੌਜਾਂ ਨੇ ਸਰਸਾ ਦੇ ਸੱਜੇ ਕੰਢੇ ਹੱਲਾ ਕਰ ਦਿੱਤਾ ਅਤੇ ਅਗੋਂ ਪਾਰਲੇ ਰੋਪੜੀਏ ਰੰਘੜਾਂ ਨੇ ਰੋਕ ਪਾਉਣ ਦਾ ਯਤਨ ਕੀਤਾ ਤਾਂ ਉਸ ਵੇਲੇ ਦੀ ਗੜਬੜ ਵਿਚ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਉਨ੍ਹਾਂ ਤੋਂ ਵਿਛੜ ਗਏ। ਇਨ੍ਹਾਂ ਨੂੰ ਉਨ੍ਹਾਂ ਦੇ ਇਕ ਸੇਵਾਦਾਰ ਪਿੰਡ ਸਹੇੜੀ ਦੇ ਗੰਗੂ ਨਾਮੀ ਬ੍ਰਾਹਮਣ ਨੇ ਮੁਰਿੰਡੇ ਦੇ ਰੰਘੜ ਹਾਕਮਾਂ ਦੇ ਹਵਾਲੇ ਕਰ ਦਿੱਤਾ ਅਤੇ ਮੁਰਿੰਡੀਆਂ ਨੇ ਉਨ੍ਹਾਂ ਨੂੰ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਪਾਸ ਪਹੁੰਚਾ ਦਿੱਤਾ। ਵਜ਼ੀਰ ਖ਼ਾਨ ਗੁਰੂ ਗੋਬਿੰਦ ਸਿੰਘ ਦਾ ਵੈਰੀ ਬਣੀ ਬੈਠਾ ਸੀ। ਉਸ ਨੇ ਇਨ੍ਹਾਂ ਮਾਸੂਮਾਂ ਨੂੰ ਤਸੀਹੇ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਕਿਹਾ ਕਿ ਜੇ ਉਹ ਮੁਸਲਮਾਨ ਹੋ ਜਾਣ ਤਾਂ ਉਨ੍ਹਾਂ ਦੀ ਜਾਨ ਬਖ਼ਸ਼ੀ ਜਾ ਸਕਦੀ ਹੈ। ਪਰ ਸਾਹਿਬਜ਼ਾਦਿਆਂ ਨੇ ਧਰਮ ਤਿਆਗਣਾ ਪਰਵਾਨ ਨਾ ਕੀਤਾ ਅਤੇ ਜਾਨ ਦੇ ਦੇਣੀ ਕਬੂਲ ਕਰ ਲਈ। ਨਵਾਬ ਵਜ਼ੀਰ ਖ਼ਾਨ ਦੇ ਹੁਕਮ ਨਾਲ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਅਤੇ ਡਰ ਦਿੱਤੇ ਗਏ ਪਰ ਜਦ ਉਨ੍ਹਾਂ ਨੂੰ ਕੋਈ ਗੱਲ ਭੀ ਡੁਲਾ ਨਾ ਸਕੀ ਤਾਂ ਇਕ ਕੰਧ ਬਣਾ ਕੇ ਉਨ੍ਹਾਂ ਨੂੰ ਜੀਉਂਦੇ ਜੀ ਵਿਚ ਚਿਣ ਦੇਣ ਦਾ ਹੁਕਮ ਦੇ ਦਿੱਤਾ। ਪਰ ਇਸ ਦਾ ਭੀ ਉਨ੍ਹਾਂ ਪਰ ਕੋਈ ਅਸਰ ਨਾ ਹੋਇਆ। ਦੋ ਮਾਸੂਮ ਬੱਚਿਆਂ ਨੂੰ ਮੁਸਲਮਾਨ ਬਣਾਉਣ ਵਿਚ ਅਸਫਲਤਾ ਨਾਲ ਨਵਾਬ ਵਜ਼ੀਰ ਖ਼ਾਨ ਨਿਰਾਸ ਜਿਹਾ ਹੋ ਗਿਆ, ਅਤੇ ਮਾਲੂਮ ਹੁੰਦਾ ਹੈ ਕਿ ਸ਼ਾਇਦ ਉਹ ਇਨ੍ਹਾਂ ਨੂੰ ਛੱਡ ਦੇਣ ਦਾ ਖ਼ਿਆਲ ਕਰ ਰਿਹਾ ਸੀ ਕਿ ਕਚਹਿਰੀ ਵਿਚ ਮੌਜੂਦ ਨਵਾਬ ਦੇ ਪੇਸ਼ਕਾਰ ਸੁੱਚਾ ਨੰਦ ਨੇ ਸ਼ੇਖ਼ ਸਾਦੀ ਦਾ ਇਹ ਕਥਨ ਸੁਣਾ ਕੇ ਕਿ 'ਅਫ਼ਈ ਕੁਸ਼ਤਨ ਵਾ ਬੱਚਾ-ਸ਼ ਨਿਗਾਹ ਦਾਸ਼ਤਨ ਕਾਰਿ ਖ਼ਿਰਦ ਮੰਦਾਂ ਨੀਸਤ, ਆਕਬਤਿ ਗੁਰਗਜ਼ਾਦਾ ਗੁਰਗ ਸ਼ਵਦ' (ਅਰਥਾਤ ਸੱਪ ਨੂੰ ਮਾਰਨਾ ਅਤੇ ਸਪੋਲੀਆਂ ਨੂੰ ਪਾਲਣਾ ਅਕਲਮੰਦਾਂ ਦਾ ਕੰਮ ਨਹੀਂ, ਬਘਿਆੜ ਦਾ ਬੱਚਾ ਆਖ਼ਰ ਬਘਿਆੜ ਹੀ ਹੁੰਦਾ ਹੈ), ਨਵਾਬ ਨੂੰ ਰੋਹ ਚੜ੍ਹਾ ਦਿੱਤਾ। ਉਸ ਨੇ ਉਥੇ ਬੈਠੇ ਨਵਾਬ ਸ਼ੇਰ ਮੁਹੰਮਦ ਖ਼ਾਨ ਮਲੇਰ-ਕੋਟਲੀਏ ਨੂੰ ਕਿਹਾ ਕਿ ਮੈਂ ਇਨ੍ਹਾਂ ਨੂੰ ਤੁਹਾਡੇ ਹਵਾਲੇ ਕਰ ਦਿੰਦਾ ਹਾਂ, ਤੁਸੀਂ ਇਨ੍ਹਾਂ ਨੂੰ ਕਤਲ ਕਰ ਕੇ ਚਮਕੌਰ ਦੀ ਲੜਾਈ ਵਿਚ ਮਾਰੇ ਗਏ ਆਪਣੇ ਭਰਾ ਅਤੇ ਭਤੀਜਿਆਂ ਦਾ ਬਦਲਾ ਲੈ ਲਓ। ਪਰ ਸ਼ੇਰ ਮੁਹੰਮਦ ਖ਼ਾਨ ਰਹਿਮ-ਦਿਲ ਪਠਾਣ ਪੁੱਤਰ ਸੀ। ਉਸ ਨੇ ਜੰਗ ਵਿਚ ਲੜ ਕੇ ਮੋਏ ਭਰਾ ਭਤੀਜਿਆਂ ਦਾ ਬਦਲਾ ਨਿਤਾਣੇ ਮਾਸੂਮ ਬੱਚਿਆਂ ਤੋਂ ਲੈਣਾ ਅਯੋਗ ਸਮਝਿਆ ਅਤੇ ਇਸ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ, ਪਰ ਨਵਾਬ ਵਜ਼ੀਰ ਖ਼ਾਨ ਨੇ ਇਸ ਵਲ ਕੋਈ ਧਿਆਨ ਨਾ ਦਿੱਤਾ ਅਤੇ ਜੱਲਾਦਾਂ ਨੂੰ ਹੁਕਮ ਦੇ ਦਿੱਤਾ ਕਿ ਸਾਹਿਬਜ਼ਾਦਿਆਂ ਨੂੰ ਸਰਿ-ਦਰਬਾਰ ਕਤਲ ਕਰ ਦਿੱਤਾ ਜਾਏ। ਬਸ ਫੇਰ ਕੀ ਸੀ। ਛੁਰਿਆਂ ਵਾਲੇ ਜੱਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਜ਼ਮੀਨ ਉੱਤੇ ਢਾਹ ਲਿਆ ਅਤੇ ਗੋਡਿਆਂ ਹੇਠ ਦੇ ਕੇ ਕੋਹ

ਸੁੱਟਿਆ। ਇਹ ਸੁਣ ਕੇ ਗੁਰੂ ਜੀ ਦੀ ਮਾਤਾ ਨੇ ਠੰਢੇ ਬੁਰਜ ਦੀ ਕੈਦ ਵਿਚ ਪਰਾਣ ਤਿਆਗ ਦਿੱਤੇ। ਇਹ ਸੀ 27 ਦਸੰਬਰ ਸੰਨ 1704 ਈ. (ਨਵੇਂ ਢੰਗ ਅਨੁਸਾਰ) ਦੀ ਸਰਹੰਦ ਦੀ ਜ਼ੁਲਮੀ ਕਥਾ ਜੋ ਬੰਦਾ ਸਿੰਘ ਅਤੇ ਸਿੰਘਾਂ ਨੂੰ ਸਰਹੰਦ ਉੱਤੇ ਚੜ੍ਹਾਈ ਕਰਨ ਲਈ ਪ੍ਰੇਰਨਾ ਕਰ ਰਹੀ ਸੀ। ਜੇਮਜ਼ ਬਰਾਉਨ ਲਿਖਦਾ ਹੈ ਕਿ "ਨਵੇਂ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨ ਵਾਲਿਆਂ ਉੱਤੇ ਢਾਏ ਗਏ ਜ਼ੁਲਮ ਦੀਆਂ ਸਾਰੀਆਂ ਮਿਸਾਲਾਂ ਵਿਚੋਂ ਇਹ ਸਭ ਤੋਂ ਜ਼ਿਆਦਾ ਕਠੋਰ ਉਪੱਦਰ ਅਤੇ ਨਿਰਦਈ ਅੱਤਿਆਚਾਰ ਹੈ। ਨਿਰਬਲ ਅਤੇ ਨਿਹੱਥੀਆਂ ਇਸਤਰੀਆਂ ਅਤੇ ਬੱਚੇ ਆਮ ਤੌਰ ਤੇ ਧਾਰਮਿਕ ਕਰੋਧ ਤੋਂ ਭੀ ਬਚ ਰਹਿੰਦੇ ਰਹੇ ਹਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਜੇ ਸਿੱਖਾਂ ਦਾ ਗੁੱਸਾ ਇਤਨਾ ਸਖ਼ਤ ਸੀ।"

ਇਨ੍ਹਾਂ ਬੇ-ਗੁਨਾਹਾਂ ਦੇ ਕਤਲਾਂ ਦੇ ਬਦਲੇ ਦਾ ਡਰ ਵਜ਼ੀਰ ਖ਼ਾਨ ਨੂੰ ਸਭ ਤੋਂ ਜ਼ਿਆਦਾ ਭੈ-ਭੀਤ ਕਰ ਰਿਹਾ ਸੀ। ਇਸ ਲਈ ਉਸ ਨੇ ਆਪਣੇ ਅਤੇ ਸਰਹੰਦ ਦੇ ਬਚਾਓ ਲਈ ਪੂਰਾ ਪੂਰਾ ਟਿੱਲ ਲਾਇਆ ਅਤੇ ਸਾਰੇ ਸਾਧਨ ਵਰਤੇ। ਚਾਰ ਪੰਜ ਆਪਣੇ ਮਿੱਤਰ ਫੌਜਦਾਰਾਂ ਅਤੇ ਵੱਡੇ ਵੱਡੇ ਜ਼ਿਮੀਂਦਾਰਾਂ ਨੂੰ ਮਦਦ ਲਈ ਸੱਦ ਬੁਲਾਇਆ ਅਤੇ ਮੁਸਲਮਾਨ ਹਮਾਇਤੀਆਂ ਦੀ ਵੱਧ ਤੋਂ ਵੱਧ ਜਮਾਤ ਜਮਾਂ ਕਰਨ ਲਈ ਸਿੱਖਾਂ ਦੇ ਵਿਰੁੱਧ ਇਸਲਾਮੀ ਜਹਾਦ ਦਾ ਐਲਾਨ ਕਰ ਦਿੱਤਾ। ਜਹਾਦ ਦਾ ਡਗਾ ਵੱਜਣ ਦੀ ਦੇਰ ਸੀ ਕਿ ਆਲੇ ਦੁਆਲਿਓਂ ਦੂਰ ਨੇੜਿਓਂ ਆ ਰਹੀਆਂ ਸਰਕਾਰੀ ਫੌਜਾਂ ਦੇ ਨਾਲ ਨਾਲ ਗਾਜ਼ੀਆਂ ਦੇ ਝੁਰਮਟ ਵਜ਼ੀਰ ਖ਼ਾਨ ਪਾਸ ਆ ਇਕੱਠੇ ਹੋਏ। ਉਸ ਨੇ ਸਿੱਕੇ ਅਤੇ ਬਰੂਦ ਦੇ ਕੋਠੇ ਭਰ ਲਏ ਅਤੇ ਸਿੰਘਾਂ ਦਾ ਟਾਕਰਾ ਕਰਨ ਲਈ ਤੋਪਾਂ ਦੀ ਲਾਮ ਡੋਰੀ ਅਤੇ ਹਾਥੀ ਲੈ ਆਂਦੇ। ਖ਼ਾਫ਼ੀ ਖ਼ਾਨ 'ਮੁੰਤਖੱਬੁਲ-ਲੁਬਾਬ' ਵਿਚ ਵਜ਼ੀਰ ਖ਼ਾਨ ਦੀ ਸਾਰੀ ਫੌਜ ਦੀ ਗਿਣਤੀ ਪੰਦਰਾਂ ਹਜ਼ਾਰ ਦੱਸਦਾ ਹੈ ਜਿਸ ਵਿਚ ਸੱਤ ਅੱਠ ਹਜ਼ਾਰ ਬੰਦੂਕਚੀ ਬਰਕੰਦਾਜ਼, ਪੰਜ ਛੇ ਹਜ਼ਾਰ ਘੋੜ-ਚੜ੍ਹੇ ਅਤੇ ਇਨ੍ਹਾਂ ਨਾਲ ਤੋਪਚੀ, ਤੋਪਾਂ ਅਤੇ ਹਾਥੀ ਸਨ। ਮੁਹੰਮਦ ਹਾਰਿਸੀ 'ਇਬਰਤਨਾਮੇ' ਵਿਚ ਇਹ ਗਿਣਤੀ ਬਾਰਾਂ ਹਜ਼ਾਰ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਇਨ੍ਹਾਂ ਨੂੰ ਉਚੇਚਾ ਇਸ ਮੁਹਿੰਮ ਲਈ ਇਕੱਠਾ ਕੀਤਾ ਗਿਆ ਸੀ।

ਦੂਸਰੇ ਪਾਸੇ ਬੰਦਾ ਸਿੰਘ ਪਾਸ ਤਿੰਨ ਕਿਸਮ ਦੇ ਆਦਮੀ ਸਨ। ਪਹਿਲੇ ਉਹ ਸੱਚੇ ਸੁੱਚੇ ਅਤੇ ਆਗਿਆਕਾਰ ਦਰਿੜ੍ਹ ਸਿੰਘ ਸਨ ਜਿਨ੍ਹਾਂ ਨੂੰ ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਹੋ ਚੁੱਕੀ ਸੀ ਅਤੇ ਜਿਨ੍ਹਾਂ ਦੇ ਅੰਦਰ ਗੁਰੂ ਮਹਾਰਾਜ ਦੀ ਜਗਾਈ ਹੋਈ ਧਰਮ ਅਤੇ ਦੇਸ਼ ਲਈ ਕੁਰਬਾਨੀ ਦੀ ਜੋਤ ਜਗ ਰਹੀ ਸੀ। ਇਨ੍ਹਾਂ ਵਿਚੋਂ ਕੁਝ ਤਾਂ ਬੰਦਾ ਸਿੰਘ ਦੇ ਨਾਲ ਦੱਖਣ ਤੋਂ ਆਏ ਸਨ ਅਤੇ ਬਾਕੀ ਸਤਿਗੁਰੂ ਦੇ ਹੁਕਮਨਾਮੇ ਪੁੱਜਣ ਪਰ ਧਰਮ-ਜੁਧ ਲਈ ਸਿਰ ਤਲੀ ਤੇ ਰਖ ਕੇ ਆਏ ਸਨ। ਇਨ੍ਹਾਂ ਸਿਰ-ਲੱਥ ਸੂਰਿਆਂ ਦੇ ਸਾਹਮਣੇ ਇੱਕੋ ਨਿਸ਼ਾਨਾ ਸੀ, ਗੁਰੂ ਦੇ ਹੁਕਮ ਅਨੁਸਾਰ ਦੇਸ਼ ਅਤੇ ਧਰਮ ਦੀ ਸੇਵਾ। ਇਨ੍ਹਾਂ ਦਾ ਨਾ ਕੋਈ ਨਿਜੀ ਸੁਆਰਥ ਸੀ ਅਤੇ ਨਾ ਧਨ ਜਾਂ ਲੁੱਟ ਦਾ ਲਾਲਚ। ਬਲਕਿ ਇਨ੍ਹਾਂ ਵਿਚੋਂ ਸੈਂਕੜੇ ਹਥਿਆਰ ਖਰੀਦਣ ਲਈ ਘਰ ਦਾ ਮਾਲ ਮਤਾਹ ਵੇਚ ਕੇ ਬੰਦਾ ਸਿੰਘ ਨਾਲ ਰਲੇ ਸਨ।

ਦੂਸਰੀ ਕਿਸਮ ਦੇ ਉਹ ਲੋਕ ਸਨ ਜਿਨ੍ਹਾਂ ਨੂੰ ਫੂਲਕਿਆਂ ਆਦਿ ਉਨ੍ਹਾਂ ਸਰਦਾਰਾਂ

ਨੇ ਤਨਖਾਹਾਂ ਉੱਤੇ ਭਰਤੀ ਕਰਕੇ ਭੇਜਿਆ ਸੀ ਜੋ ਆਪ ਤਾਂ ਕੁਝ ਕਾਰਣਾਂ ਕਰਕੇ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਨਹੀਂ ਸਨ ਹੋ ਸਕੇ ਪਰ ਉਨ੍ਹਾਂ ਦੀ ਹਮਦਰਦੀ ਸਿੰਘਾਂ ਦੇ ਨਾਲ ਸੀ ਅਤੇ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਦੇ ਚਾਹਵਾਨ ਸਨ।

ਤੀਸਰੇ ਉਹ ਆਜ਼ਾਦ ਮਨਚਲੇ ਸਨ ਜੋ ਕੇਵਲ ਲੁੱਟ ਅਤੇ ਮਾਲ ਦੇ ਲਾਲਚ ਨਾਲ ਬੰਦਾ ਸਿੰਘ ਦੇ ਕੈਂਪ ਵਿਚ ਰਲੇ ਹੋਏ ਸਨ। ਇਨ੍ਹਾਂ ਵਿਚ ਬਹੁਤ ਸਾਰੇ ਪੇਸ਼ਾਵਰ ਧਾੜਵੀ ਅਤੇ ਲੁਟੇਰੇ ਸਨ ਜੋ ਇਕੱਲੇ ਰਾਹੀਆਂ ਜਾਂ ਵਪਾਰੀਆਂ ਦੇ ਟਾਂਡਿਆਂ ਨੂੰ ਲੁੱਟਣ ਦੀ ਥਾਂ ਸ਼ਹਿਰਾਂ ਅਤੇ ਕਸਬਿਆਂ ਨੂੰ ਲੁੱਟ ਸਕਣ ਦਾ ਮੌਕਾ ਦੇਖਕੇ ਆ ਇਕੱਠੇ ਹੋਏ ਸਨ। ਇਨ੍ਹਾਂ ਦੇ ਨਾਲ ਹੀ ਕੁਝ ਕੁ ਉਹ ਦੁਖੀ ਕਿਸਾਨ ਜਾਂ ਦੂਸਰੇ ਲੋਕ ਸਨ ਜੋ ਆਪਣੀਆਂ ਨਿਜੀ ਕਿਰੜਾਂ ਅਤੇ ਰੰਜਸ਼ਾਂ ਕੱਢਣ ਲਈ ਕਿਸੇ ਵੇਲੇ ਦੀ ਤਾੜ ਵਿਚ ਸਨ। ਵਿਸ਼ੇਸ਼ ਕਰਕੇ ਇਹ ਲੋਕ ਸਨ ਜੋ ਸਿੰਘਾਂ ਦੀਆਂ ਇਸ ਵੇਲੇ ਦੀਆਂ ਮੁਹਿੰਮਾਂ ਵਿਚ ਲੁੱਟ ਮਾਰ ਅਤੇ ਕਈ ਥਾਈਂ ਅੰਨ੍ਹੇ ਵਾਹ ਕਤਲਾਂ ਦੇ ਜ਼ਿੰਮੇਵਾਰ ਸਨ। ਇਹ ਕੋਈ ਨਵੀਂ ਗੱਲ ਨਹੀਂ ਸੀ। ਹੋਰ ਤਾਂ ਹੋਰ, ਖ਼ੁਦ ਬਾਬਰ ਬਾਦਸ਼ਾਹ ਆਪਣੀ ਤੁਜ਼ਕ ਵਿਚ ਇਸ ਕਿਸਮ ਦੇ ਲੁਟੇਰਿਆਂ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ : "ਜਦ ਭੀ ਮੈਂ ਹਿੰਦੁਸਤਾਨ ਵਿਚ ਦਾਖ਼ਲ ਹੋਇਆ, ਅਣਗਿਣਤ ਜੱਟ ਅਤੇ ਗੁੱਜਰ ਬਲਦ ਅਤੇ ਮੱਝਾਂ ਲੁੱਟਣ ਲਈ ਆਪਣੇ ਜੰਗਲਾਂ ਅਤੇ ਪਹਾੜਾਂ ਵਿਚੋਂ ਨਿਕਲ ਆਉਂਦੇ। ਇਹ ਬਦਮਾਸ਼ ਸਨ ਜਿਹੜੇ ਕਿ ਅਸਲ ਵਿਚ ਲੋਕਾਂ ਉੱਤੇ ਸਖ਼ਤੀਆਂ ਕਰਦੇ ਸਨ ਅਤੇ ਦੇਸ਼ ਵਿਚ ਅੱਤਿਆਚਾਰ ਦੇ ਗੁਨਾਹਗਾਰ ਸਨ। ਇਸ ਕਮਾਸ਼ ਦੇ ਬੰਦੇ ਬੜੇ ਖ਼ਤਰਨਾਕ ਅਤੇ ਵਿਸਾਹਘਾਤੀ ਹੁੰਦੇ ਹਨ ਅਤੇ ਬੰਦਾ ਸਿੰਘ ਦੀਆਂ ਲੜਾਈਆਂ ਵਿਚ ਭੀ ਕਈ ਵਾਰੀ ਦੇਖਿਆ ਗਿਆ ਕਿ ਜਦ ਕਦੇ ਭੀ ਹਾਰ ਹੋਣ ਦਾ ਡਰ ਲੱਗਾ, ਇਹ ਲੋਕ ਗਹਿ-ਗਚ ਲੜਾਈ ਵਿਚੋਂ ਭੱਜ ਨਿਕਲੇ।

ਬੰਦਾ ਸਿੰਘ ਪਾਸ ਨਾ ਤਾਂ ਕੋਈ ਤੋਪਖ਼ਾਨਾ ਸੀ ਅਤੇ ਨਾ ਹੀ ਹਾਥੀ, ਬਲਕਿ ਉਸ ਦੇ ਸਾਰੇ ਆਦਮੀਆਂ ਲਈ ਘੋੜੇ ਭੀ ਪੂਰੇ ਨਹੀਂ ਸਨ। ਲੰਮੇ ਨੇਜ਼ੇ, ਤੀਰ ਕਮਾਨ ਅਤੇ ਤਲਵਾਰਾਂ ਹੀ ਸਿੰਘਾਂ ਪਾਸ ਸਾਰਾ ਲੜਾਈ ਦਾ ਸਾਮਾਨ ਸੀ। ਪਰ ਬੰਦਾ ਸਿੰਘ ਅਤੇ ਉਸ ਦੇ ਸ਼ਰਧਾਲੂ ਸਿੰਘਾਂ ਦੀ ਅਜਿੱਤ ਦਲੇਰੀ ਅਤੇ ਅਠੱਲ੍ਹ ਫੁਰਤੀ ਬਹੁਤ ਹੱਦ ਤਕ ਸਾਮਾਨ ਦੇ ਘਾਟੇ ਨੂੰ ਪੂਰਾ ਕਰ ਰਹੀ ਸੀ। ਉਸ ਨੂੰ ਜੇ ਸਭ ਤੋਂ ਵੱਧ ਭਰੋਸਾ ਸੀ ਤਾਂ ਉਹ ਸੀ ਧਰਮ-ਯੁਧ ਲਈ ਉਸ ਉਤਸਾਹ ਅਤੇ ਸਾਹਸ ਦਾ ਜੋ ਸਰਹੰਦ ਨੂੰ ਦੇਖਦੇ ਸਾਰ ਸਾਹਿਬਜ਼ਾਦਿਆਂ ਉੱਤੇ ਹੋਏ ਜ਼ੁਲਮ ਦਾ ਧਿਆਨ ਕਰਕੇ ਸਿੰਘਾਂ ਦੇ ਮਨਾਂ ਵਿਚ ਪੈਦਾ ਹੋ ਜਾਣਾ ਸੀ। ਸਰਹੰਦ ਉੱਤੇ ਹੱਲੇ ਵੇਲੇ ਸਿੰਘਾਂ ਦੀ ਤਾਕਤ ਕਿੰਨੀ ਕੁ ਹੋ ਗਈ ਸੀ, ਇਸ ਦਾ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ। ਖ਼ਾਫ਼ੀ ਖ਼ਾਨ ਕਹਿੰਦਾ ਹੈ ਕਿ ਸਿੱਖਾਂ ਦੀ ਗਿਣਤੀ ਤੀਹ ਚਾਲੀ ਹਜ਼ਾਰ ਹੋ ਗਈ ਸੀ। ਪਰ ਇਹ ਗਿਣਤੀ ਮੁਸਲਮਾਨਾਂ ਦੀ ਗਿਣਤੀ ਨਾਲੋਂ ਬਹੁਤ ਵੱਧ ਦੱਸਣ ਲਈ ਬਹੁਤ ਵਧਾ ਕੇ ਦਿੱਤੀ ਹੋਈ ਜਾਪਦੀ ਹੈ।

ਬੰਦਾ ਸਿੰਘ ਦੀਆਂ ਸਰਹੰਦ ਉੱਤੇ ਹੱਲਾ ਕਰਨ ਦੀ ਤਿਆਰੀ ਦੀਆਂ ਖਬਰਾਂ ਪੁੱਜਦੇ ਸਾਰ ਫੌਜਦਾਰ ਵਜ਼ੀਰ ਖਾਨ ਘੋੜ-ਚੜ੍ਹਿਆਂ, ਬਰਕੰਦਾਜ਼ਾਂ, ਤੀਰ-ਕਮਾਨੀਆ ਅਤੇ ਤੋਪਚੀਆਂ ਆਦਿ ਦੀ ਵੀਹ ਕੁ ਹਜ਼ਾਰ ਦੀ ਫੌਜ ਅਤੇ ਹਾਥੀਆਂ ਦੀ ਲਾਮ ਡੋਰੀ ਲੈ ਕੇ

ਸਿੰਘਾਂ ਦਾ ਅੱਗਾ ਰੋਕਣ ਲਈ ਆਪ ਸਰਹੰਦੋਂ ਚੜ੍ਹ ਪਿਆ। ਉਧਰ ਬੰਦਾ ਸਿੰਘ ਨੂੰ ਭੀ ਵਜ਼ੀਰ ਖ਼ਾਨ ਦੀ ਚੜ੍ਹਾਈ ਦੀ ਸੂਹ ਲੱਗ ਗਈ ਅਤੇ ਉਹ ਭੀ ਟਾਕਰੇ ਲਈ ਤੁਰ ਪਿਆ। ਉਸ ਨੇ ਭਾਈ ਬਾਜ ਸਿੰਘ, ਭਾਈ ਫਤਿਹ ਸਿੰਘ ਆਦਿ ਸਿਰ-ਕੱਢ ਆਗੂਆਂ ਨੂੰ ਹੁਕਮ ਦਿੱਤਾ ਕਿ ਜਿਵੇਂ ਹੋ ਸਕੇ ਵਜ਼ੀਰ ਖ਼ਾਨ ਨੂੰ ਫੜ ਲਿਆ ਜਾਵੇ ਅਤੇ ਜਿਊਂਦਾ ਬਚ ਕੇ ਨਾ ਜਾਣ ਦਿੱਤਾ ਜਾਵੇ; ਉਨ੍ਹਾਂ ਸਾਰੇ ਮੁਸਲਮਾਨਾਂ ਨੂੰ ਜੋ ਚੁਪ ਚਾਪ ਈਨ ਮੰਨ ਲੈਣ ਅਤੇ ਹਿੰਦੂਆਂ ਨੂੰ, ਜੋ ਬੋਦੀ ਵਿਖਾ ਦੇਣ, ਕੁਝ ਨਾ ਕਿਹਾ ਜਾਏ। ਬਾਕੀ ਜੋ ਅੜੇ ਸੋ ਝੜੇ। ਚੱਪੜ-ਚਿੜੀ ਦੀ ਜੂਹ ਵਿਚ 24 ਰਬੀ-ਉਲ ਅੱਵਲ 1122 ਹਿਜਰੀ, 12 ਮਈ ਸਨ 1710 ਈ. ਨੂੰ ਜੁਮੇ ਦੇ ਦਿਨ ਦੋਹਾਂ ਦਲਾਂ ਦਾ ਭੇੜ ਹੋ ਗਿਆ।

ਬੰਦਾ ਸਿੰਘ ਨੇ ਸਿੰਘ ਦਲ ਦੀ ਕਮਾਨ ਭਾਈ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਸ਼ਾਮ ਸਿੰਘ ਦੇ ਹਵਾਲੇ ਕਰ ਦਿੱਤੀ ਅਤੇ ਆਪ ਵਿਚਕਾਰ ਲਾਗੇ ਦੇ ਇਕ ਟਿੱਬੇ ਉੱਤੇ ਹੋ ਕੇ ਫੌਜ ਦੀ ਚਾਲ ਵੇਖਣ ਅਤੇ ਲੋੜ ਅਨੁਸਾਰ ਹੁਕਮ ਦੇਣ ਲਈ ਚੜ੍ਹ ਖੜੋਤਾ। ਲੜਾਈ ਲਗਦੇ ਸਾਰ ਜਦ ਨਵਾਬ ਦੀਆਂ ਤੋਪਾਂ ਨੇ ਅੱਗ ਵਰ੍ਹਾਉਣੀ ਸ਼ੁਰੂ ਕੀਤੀ ਤਾਂ ਧਾੜਵੀ ਅਤੇ ਲੁਟੇਰੇ ਜਿਨ੍ਹਾਂ ਦੀ ਕੋਈ ਸਾਂਝੀ ਕਮਾਨ ਨਹੀਂ ਸੀ ਅਤੇ ਜੋ ਆਏ ਹੀ ਲੁੱਟ ਦੇ ਲਾਲਚ ਨਾਲ ਸਨ, ਪੱਤਰਾ ਵਾਚ ਗਏ। ਇਨ੍ਹਾਂ ਦੀ ਭਾਂਜ ਦਾ ਹੀ ਜ਼ਿਕਰ ਕਰਦਾ ਹੋਇਆ ਅਰਵਿਨ ਕਹਿੰਦਾ ਹੈ ਕਿ ਪਹਿਲੀ ਸੱਟੇ ਹੀ ਥੋੜ੍ਹਾ ਜਿਹਾ ਹੀ ਅੜਨ ਮਗਰੋਂ ਸਿੱਖ ਪਿੱਛੇ ਨੂੰ ਮੁੜ ਕੇ ਦੌੜ ਗਏ। ਇਨ੍ਹਾਂ ਤੋਂ ਛੇਤੀ ਬਾਅਦ ਸੁੱਚਾ ਨੰਦ ਪੇਸ਼ਕਾਰ ਦਾ ਭਤੀਜਾ ਆਪਣੇ ਸਾਥੀਆਂ ਸਣੇ ਭੱਜ ਨਿਕਲਿਆ। ਉਹ ਤਾਂ ਖੈਰ ਰਲਿਆ ਹੀ ਇਸੇ ਬਦਨੀਅਤ ਨਾਲ ਸੀ ਕਿ ਉਸ ਨੂੰ ਭਜਦੇ ਦੇਖ ਕੇ ਸਿੱਖਾਂ ਵਿਚ ਵੀ ਭਗਦੜ ਮੱਚ ਜਾਏਗੀ ਅਤੇ ਉਹ ਮੈਦਾਨ ਖ਼ਾਲੀ ਕਰ ਜਾਣਗੇ। ਇਸ ਦੀ ਇਹ ਚਾਲ ਕੁਝ ਕੁ ਸਫ਼ਲ ਭੀ ਹੋ ਗਈ ਅਤੇ ਸਿੰਘਾਂ ਵਿਚ ਹਿਲ-ਜੁਲ ਪੈ ਗਈ। ਇਹ ਦੇਖ ਕੇ ਬਾਜ ਸਿੰਘ ਘੋੜਾ ਭਜਾ ਕੇ ਬੰਦਾ ਸਿੰਘ ਪਾਸ ਪੁੱਜਾ। ਉਹ ਇਕ ਸੂਰਬੀਰ ਜਰਨੈਲ ਦੀ ਤਰ੍ਹਾਂ ਇਕ ਦਮ ਆਪਣੀ ਫੌਜ ਦੇ ਅੱਗੇ ਆ ਪੁੱਜਾ, ਅਤੇ ਬੜੀ ਦਲੇਰੀ ਅਤੇ ਨਿਰਭੈਤਾ ਨਾਲ ਸਿੰਘਾਂ ਨੂੰ ਜੋੜ ਕੇ ਵੈਰੀ ਉੱਤੇ ਟੁੱਟ ਪਿਆ। ਹੁਣ ਸਿੰਘਾਂ ਦੇ ਹੌਸਲੇ ਵੱਧ ਗਏ ਅਤੇ ਉਨ੍ਹਾਂ ਦੇ ਪੈਰ ਮੁੜ ਜੰਮ ਗਏ। 'ਵਾਹਿਗੁਰੂ ਜੀ ਕੀ ਫਤਹਿ' ਅਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਹੋਏ ਉਹ ਲੋਹੇ ਦੀ ਇੰਜਨਦਾਰ ਦੀਵਾਰ ਵਾਂਗ ਵੈਰੀ ਉੱਤੇ ਜਾ ਪਏ ਅਤੇ ਅਗਲੀ ਕਤਾਰ ਦੇ ਕੁਝ ਸਿੰਘ ਭਗਉਤੀਆਂ ਸੂਤ ਕੇ ਹਾਥੀਆਂ ਨੂੰ ਜਾ ਟੱਕਰੇ। ਦੋਂਹ ਨੂੰ ਭੋਇੰ ਡੇਗ ਲਿਆ ਅਤੇ ਕਈਆਂ ਨੂੰ ਜ਼ਖਮੀ ਕਰ ਦਿੱਤਾ। ਚੰਗਿਆੜਾਂ ਮਾਰਦੇ ਜ਼ਖ਼ਮੀ ਹਾਥੀ ਪਿੱਛੇ ਨੂੰ ਮੁੜ ਪਏ ਅਤੇ ਲਗ ਪਏ ਆਪਣੀ ਹੀ ਫੌਜ ਨੂੰ ਦਰੜਨ। ਮੁਸਲਮਾਨ ਫੌਜੀ ਸਿੰਘਾਂ ਦੇ ਲਗਾਤਾਰ ਖ਼ੂੰਖਾਰ ਹੱਲਿਆਂ ਦੇ ਸਾਹਮਣੇ ਖੜੋ ਨਾ ਸਕੇ ਅਤੇ ਬਹੁਤ ਸਾਰੇ ਸ਼ਹੀਦੀਆਂ ਪਾ ਗਏ। ਸ਼ੇਰ ਮੁਹੰਮਦ ਖ਼ਾਨ ਅਤੇ ਖੁਆਜਾ ਅਲੀ ਮਲੇਰ-ਕੋਟਲੀਏ ਭੀ ਮਾਰੇ ਗਏ। 'ਅਹਿਵਾਲਿ ਸਲਾਤੀਨਿ-ਹਿੰਦ' ਦਾ ਕਰਤਾ ਲਿਖਦਾ ਹੈ ਕਿ "ਸਿੱਖਾਂ ਨੇ ਮੁਸਲਮਾਨੀ ਫੌਜ ਦੇ ਰੂਬਰੂ ਆ ਕੇ ਬੜੀ ਤੇਜ਼ੀ ਨਾਲ ਬੰਦੂਕਾਂ ਦੀ ਵਾੜ ਝਾੜੀ ਅਤੇ ਲੜਾਈ ਨੂੰ ਹੱਥੋ ਹੱਥੀ ਅਤੇ ਹੂਰੇ ਮੁੱਕੀ ਉੱਤੇ ਲੈ ਆਂਦਾ। ਮੁਸਲਮਾਨਾਂ ਦਾ ਸਰਦਾਰ [ਵਜ਼ੀਰ ਖ਼ਾਨ] ਅਤੇ ਉਸ ਦੇ ਕੁਝ

ਆਦਮੀ ਇਸ ਬਹਾਦੁਰੀ ਨਾਲ ਲੜੇ ਕਿ ਕਾਫ਼ਰਾਂ ਦੇ ਮੁਰਦਿਆਂ ਦੇ ਢੇਰਾਂ ਦੇ ਢੇਰ ਜ਼ਮੀਨ ਉੱਤੇ ਲੱਗ ਗਏ ਅਤੇ ਜੰਗ ਦੇ ਮੈਦਾਨ ਵਿਚ ਚੌਹੀਂ ਪਾਸੀਂ ਕਿਆਮਤ ਦੇ ਦਿਨ ਵਾਲਾ ਸ਼ੋਰ ਮਚ ਗਿਆ ।...ਆਖ਼ਰ ਮੁਸਲਮਾਨਾਂ ਦੀ ਸਾਰੀ ਫੌਜ ਮਾਰੀ ਗਈ ਅਤੇ ਵਜ਼ੀਰ ਖ਼ਾਨ ਇਕੱਲਾ ਹੀ ਰਹਿ ਗਿਆ । ਉਸ ਨੇ ਬਾਜ਼ ਸਿੰਘ ਦੇ ਰੂ-ਬਰੂ ਹੋ ਕੇ ਉਸ ਨੂੰ ਲਲਕਾਰਿਆ ਅਤੇ ਨੇਜ਼ਾ ਹੱਥ ਲੈ ਕੇ ਉਸ ਨੂੰ ਮਾਰਿਆ । ਬਾਜ ਸਿੰਘ ਨੇ ਨੇਜਾ ਵਜ਼ੀਰ ਖ਼ਾਨ ਦੇ ਹੱਥੋਂ ਖੋਹ ਲਿਆ ਅਤੇ ਉਸ ਦੇ ਘੋੜੇ ਦੇ ਸਿਰ ਵਿਚ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ । ਕੁਝ ਚਿਰ ਪਿੱਛੋਂ ਵਜ਼ੀਰ ਖ਼ਾਨ ਨੇ ਇਕ ਤੀਰ ਆਪਣੇ ਭੱਥੇ ਵਿਚੋਂ ਕੱਢ ਕੇ ਬਾਜ਼ ਸਿੰਘ ਦੀ ਬਾਂਹ ਉੱਤੇ ਮਾਰਿਆ ਅਤੇ ਤਲਵਾਰ ਸੂਤ ਕੇ ਉਸ ਵਲ ਨੂੰ ਵਧਿਆ ਕਿ ਉਸ ਨੂੰ ਮਾਰ ਮੁਕਾਏ । ਇਸ ਵੇਲੇ ਫਤਿਹ ਸਿੰਘ ਨੇ, ਜੋ ਪਿਛਲੇ ਪਾਸੇ ਖੜੋਤਾ ਸੀ, ਆਪਣੀ ਕਿਰਪਾਨ ਮਿਆਨ 'ਚੋਂ ਧੂ ਕੇ ਇੰਨੀ ਬਹਾਦੁਰੀ ਅਤੇ ਜ਼ੋਰ ਨਾਲ ਵਜ਼ੀਰ ਖ਼ਾਨ ਦੀ ਪੇਟੀ ਉੱਤੇ ਮਾਰੀ ਕਿ ਉਹ ਮੋਢੇ ਤੋਂ ਲੈ ਕੇ ਕਮਰ ਤਕ ਚੀਰਦੀ ਸਾਫ਼ ਨਿਕਲ ਗਈ ਅਤੇ ਨਵਾਬ ਦਾ ਸਿਰ ਭੋਇੰ ਤੇ ਜਾ ਡਿੱਗਿਆ ।" ਹੁਣ ਬਾਕੀ ਬਚੇ ਮੁਸਲਮਾਨੀ ਲਸ਼ਕਰ ਵਿਚ ਗੜਬੜ ਮੱਚ ਗਈ ਅਤੇ ਰੌਲਾ ਪੈ ਗਿਆ । ਇਸ ਵੇਲੇ ਸਿੰਘ ਝੁੰਜਲਾ ਕੇ ਉਨ੍ਹਾਂ ਉੱਤੇ ਟੁੱਟ ਪਏ ਅਤੇ ਖ਼ਾਫ਼ੀ ਖ਼ਾਨ ਦੇ ਕਥਨ ਅਨੁਸਾਰ, ਇਸਲਾਮੀ ਲਸ਼ਕਰ ਦਾ ਇਕ ਬੰਦਾ ਭੀ ਸਿਵਾਏ ਆਪਣੀ ਜਾਨ ਅਤੇ ਤਨ ਦੇ ਕਪੜਿਆਂ ਤੋਂ ਬਗੈਰ ਕੁਝ ਹੋਰ ਨਾ ਬਚਾ ਸਕਿਆ । ਅਣਗਿਣਤ ਘੋੜ-ਚੜ੍ਹੇ ਅਤੇ ਪਿਆਦੇ ਸਿੰਘਾਂ ਦੀਆਂ ਤਲਵਾਰਾਂ ਹੇਠ ਸ਼ਹੀਦ ਹੋ ਗਏ । ਵਜ਼ੀਰ ਖ਼ਾਨ ਦੀ ਫੌਜ ਨੂੰ ਪੂਰੀ ਤਰ੍ਹਾਂ ਹਾਰ ਹੋ ਗਈ ਅਤੇ ਉਹ ਮੈਦਾਨ ਛੱਡ ਕੇ ਹਰਨ ਹੋ ਗਈ । ਵਿਜਈ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘ ਹੁਣ ਮੈਦਾਨ ਦੇ ਮਾਲਕ ਸਨ ਅਤੇ ਇਸ ਫਤਿਹ ਨੂੰ ਉਹ ਵਾਹਿਗੁਰੂ ਦੀ ਬਖ਼ਸ਼ਸ਼ ਸਮਝਦੇ ਸਨ ਅਤੇ ਉਨ੍ਹਾਂ ਦੇ 'ਵਾਹਿਗੁਰੂ ਜੀ ਕੀ ਫਤਿਹ' ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਰਿਹਾ ਸੀ । ਸਰਹੰਦ ਇਥੋਂ ਦਸ ਕੁ ਮੀਲ ਦੀ ਵਿੱਥ ਉੱਤੇ ਸੀ । ਸਿੰਘਾਂ ਨੇ ਉਥੇ ਨੂੰ ਕੂਚ ਕੀਤਾ । ਸ਼ਹਿਰ ਨੇ ਵਿਜਈਆਂ ਦਾ ਬਹੁਤ ਟਾਕਰਾ ਨਹੀਂ ਕੀਤਾ, ਪਰ ਕਿਲੇ ਦੀ ਇਕ ਤੋਪ ਚੋਖਾ ਚਿਰ ਅੱਗ ਵਰ੍ਹਾਉਂਦੀ ਰਹੀ ਜਿਸ ਨਾਲ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ । ਬੰਦਾ ਸਿੰਘ ਨੇ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਇਸ ਤੋਪ ਨੂੰ ਚੁਪ ਕਰਾਉਣ । ਕੁਝ ਸਿੰਘਾਂ ਨੇ ਚੋ ਦੇ ਲਾਗੇ ਇਕ ਭੱਠੇ ਦੀ ਥੇਹ ਉੱਤੇ ਚੜ੍ਹ ਕੇ ਬੰਦੂਕਾਂ ਦੀ ਇਕ ਅਜਿਹੀ ਵਾੜ ਝਾੜੀ ਕਿ ਉਸ ਦੇ ਤੋਪਚੀ ਉਡਾ ਦਿੱਤੇ ਅਤੇ ਤੋਪ ਨਿਕੰਮੀ ਕਰ ਦਿੱਤੀ । ਫਿਰ ਕਿਲੇ ਉੱਤੇ ਹੱਲਾ ਕੀਤਾ ਗਿਆ । ਇਸ ਵਿਚ ਕੋਈ ਪੰਜ ਕੁ ਸੌ ਸਿੰਘ ਸ਼ਹੀਦ ਹੋਏ । ਜਿਥੇ ਇਨ੍ਹਾਂ ਦਾ ਸਸਕਾਰ ਕੀਤਾ ਗਿਆ ਸੀ ਉਥੇ ਸ਼ਹੀਦ ਗੰਜ ਬਣਿਆ ਹੋਇਆ ਹੈ ।

26 ਰਬੀ-ਉਲ-ਅੱਵਲ ਸਨ 1122 ਹਿਜਰੀ, 14 ਮਈ ਸਨ 1710 ਈ. ਨੂੰ ਸਿੰਘ ਸਰਹੰਦ ਵਿਚ ਦਾਖ਼ਲ ਹੋ ਗਏ । ਸਾਹਿਬਜ਼ਾਦਿਆਂ ਦੇ ਕਤਲ ਦੀ ਯਾਦ ਤਾਜ਼ਾ ਹੋ ਜਾਣ ਨਾਲ ਸਿੰਘਾਂ ਦਾ ਰੋਹ ਜਾਗ ਉੱਠਿਆ । ਇਸ ਹਾਲਤ ਵਿਚ ਉਨ੍ਹਾਂ ਨੂੰ ਰੋਕ ਸਕਣਾ ਕੋਈ ਸੌਖੀ ਗੱਲ ਨਹੀਂ ਸੀ । ਮੁਸਲਮਾਨੀ ਮਹੱਲਿਆਂ ਵਿਚ ਮਾਰੋ ਮਾਰ ਸ਼ੁਰੂ ਹੋ ਗਈ । ਇਸ ਵੇਲੇ ਲੁਟੇਰਿਆਂ ਦੀਆਂ ਧਾੜਾਂ ਦੀ ਭੀ ਚੜ੍ਹ ਮਚ ਗਈ ਅਤੇ ਸ਼ਹਿਰ ਵਿਚ

ਆਮ ਲੁੱਟ ਪੈ ਗਈ। ਕਈਆਂ ਨੂੰ ਆਪਣੇ ਨਿਜੀ ਵੈਰ ਕੱਢਣ ਦਾ ਮੌਕਾ ਮਿਲ ਗਿਆ ਅਤੇ ਉਨ੍ਹਾਂ ਨੇ ਊਧਮ ਮਚਾ ਦਿੱਤਾ।

ਆਪਣੇ ਪਿਓ ਦੇ ਮਾਰੇ ਜਾਣ ਅਤੇ ਫ਼ੌਜ ਦੀ ਹਾਰ ਦੀ ਖ਼ਬਰ ਸੁਣਦੇ ਸਾਰ ਵਜ਼ੀਰ ਖ਼ਾਨ ਦਾ ਸਭ ਤੋਂ ਵੱਡਾ ਪੁੱਤਰ ਦੌਲਤ ਮਲ ਸਭ ਕੁਝ ਛਡ ਛਡਾ ਕੇ ਆਪਣੇ ਖਾਨਦਾਨ ਦੇ ਬੰਦੇ ਲੈ ਕੇ ਦਿੱਲੀ ਨੂੰ ਭੱਜ ਗਿਆ ਸੀ। ਇਸੇ ਤਰ੍ਹਾਂ ਹੋਰ ਕਈ ਧਨਾਢ ਲੋਕ ਭੀ ਜੋ ਕੁਝ ਨਾਲ ਚੁੱਕ ਸਕੇ, ਲੈ ਕੇ ਨਿਕਲ ਗਏ ਸਨ। ਕੇਵਲ ਉਹ ਮੁਸਲਮਾਨ ਹੀ ਮਾਰ ਜਾਂ ਲੁੱਟ ਤੋਂ ਬਚ ਸਕੇ ਜਿਨ੍ਹਾਂ ਨੇ ਜਾਂ ਤਾਂ ਭੇਸ ਵਟਾ ਲਿਆ ਜਾਂ ਹਿੰਦੂਆਂ ਦੇ ਘਰਾਂ ਵਿਚ ਲੁਕ ਛੁਪ ਗਏ। ਇਹ ਮਾਰ ਉਨ੍ਹਾਂ ਨੂੰ ਇਸ ਕਰਕੇ ਨਹੀਂ ਸੀ ਪਈ ਕਿ ਉਹ ਮੁਸਲਮਾਨ ਸਨ ਬਲਕਿ ਇਸ ਕਰਕੇ ਕਿ ਉਨ੍ਹਾਂ ਨੇ ਆਪਣੇ ਮੁਸਲਮਾਨੀ ਰਾਜ ਦੇ ਘੁਮੰਡ ਵਿਚ ਗ਼ਰੀਬ ਹਿੰਦੂ ਜਨਤਾ ਉੱਤੇ ਜ਼ੁਲਮ ਦੀ ਅੱਤ ਚੁੱਕੀ ਹੋਈ ਸੀ। ਇਹ ਕੋਈ ਵੱਡੀ ਗੱਲ ਨਹੀਂ ਕਿ ਕਿਧਰੇ ਕਿਧਰੇ ਕੋਈ ਬੇਗੁਨਾਹ ਮੁਸਲਮਾਨ ਭੀ ਦਰੜੇ ਗਏ ਹੋਣ। ਅਜਿਹੇ ਵੇਲੇ ਬਹੁਤੀ ਬਰੀਕ ਤਮੀਜ਼ ਹੋ ਸਕਣੀ ਮੁਸ਼ਕਲ ਹੁੰਦੀ ਹੈ। ਹਾਕਮਾਂ ਦੀ ਸ਼ਹਿ ਨਾਲ ਜ਼ੁਲਮ ਕਮਾਉਣ ਵਾਲੇ ਹਿੰਦੂਆਂ ਨੂੰ ਭੀ ਨਾਲ ਹੀ ਲਪੇਟ ਲਿਆ ਗਿਆ। ਖ਼ਾਸ ਕਰ ਸੁੱਚਾ ਨੰਦ ਪੇਸ਼ਕਾਰ ਦੇ ਵਿਰੁੱਧ ਲੋਕਾਂ ਨੂੰ ਬਹੁਤ ਗੁੱਸਾ ਸੀ। ਇਸ ਨੇ ਹੀ ਸ਼ੇਖ ਸਾਦੀ ਦਾ ਕਥਨ ਸੁਣਾ ਕੇ ਵਜ਼ੀਰ ਖ਼ਾਨ ਨੂੰ ਅੰਤ ਵੇਲੇ ਹੋਰ ਜ਼ਿਆਦਾ ਭੜਕਾ ਦਿੱਤਾ ਸੀ। ਪਰ ਇਹ ਚਲਾਕ ਬੰਦਾ ਸੀ। ਬਚ ਕੇ ਨਿਕਲ ਗਿਆ। ਪਰ ਇਸ ਦਾ ਘਰ ਘਾਟ ਲੁੱਟ ਪੁੱਟ ਕੇ ਬਰਬਾਦ ਕਰ ਦਿੱਤਾ ਗਿਆ। 'ਇਬਰਤ ਨਾਮੇ' ਦਾ ਕਰਤਾ ਮੁਹੰਮਦ ਕਾਸਿਮ ਲਿਖਦਾ ਹੈ ਕਿ ' ਖ਼ਾਸ ਕਰਕੇ ਵਜ਼ੀਰ ਖ਼ਾਨ ਦੇ ਪੇਸ਼ਕਾਰ ਸੁੱਚਾ ਨੰਦ ਦੀ ਹਵੇਲੀ ਅਤੇ ਮਾਲ ਦੌਲਤ ਜਿਵੇਂ ਇਸੇ ਦਿਨ ਲਈ ਹੀ ਬਣੇ ਅਤੇ ਜਮਾਂ ਕੀਤੇ ਹੋਏ ਸਨ ਕਿ ਸੁਰਗਾਂ ਵਰਗੇ ਮਹੱਲ ਕਾਵਾਂ ਦੇ ਅੱਡੇ ਬਣਨ। ਧੰਨ ਹੈ ਉਹ ਰੱਬ ਕਿ ਜਿਸ ਸੱਚੇ ਅਦਾਲਤੀ ਦੀ ਦਰਗਾਹ ਵਿਚੋਂ ਬਲ ਲੈ ਕੇ ਇਕ ਨਿਰਬਲ ਕੀੜੀ ਮਨੁੱਖਾਂ ਦੇ ਦੋਖੀ ਸੱਪ ਨੂੰ ਇਕ ਨਿੱਕਾ ਜਿਹਾ ਕਮਜ਼ੋਰ ਮੱਛਰ ਖੂੰਖਰ ਹਾਥੀ ਨੂੰ ਮਾਰ ਦੇਣ ਦਾ ਕਾਰਨ ਬਣ ਜਾਂਦੇ ਹਨ। ਮੈਂ ਆਲੇ ਦੁਆਲੇ ਦੇ ਭਰੋਸੇ ਯੋਗ ਲੋਕਾਂ ਤੋਂ ਸੁਣਿਆ ਹੈ ਕਿ ਸ਼ਹੀਦ [ਨਵਾਬ ਵਜ਼ੀਰ] ਖ਼ਾਨ ਦੀ ਹਕੂਮਤ ਦੇ ਦਿਨੀਂ ਕਿਹੜਾ ਜ਼ੁਲਮ ਸੀ ਜੋ ਇਸ ਅਨਿਆਈਂ [ਸੁੱਚਾ ਨੰਦ] ਨੇ ਗ਼ਰੀਬਾਂ ਉੱਤੇ ਨਾ ਕੀਤਾ ਹੋਵੇ ਅਤੇ ਫਸਾਦ ਦਾ ਕਿਹੜਾ ਬੀਜ ਸੀ ਜੋ ਇਸ ਨੇ ਆਪਣੇ ਲਈ ਨਾ ਬੀਜਿਆ ਹੋਵੇ ਕਿ ਜਿਸ ਦਾ ਫਲ ਇਸ ਨੂੰ ਪ੍ਰਾਪਤ ਹੋਇਆ।" ਵਜ਼ੀਰ ਖ਼ਾਨ ਦੀ ਲੁੱਟ ਵਿਚ ਜੋ ਧਨ ਮਾਲ ਵਿਜੱਈਆਂ ਦੇ ਹੱਥ ਆਇਆ ਉਸ ਦਾ ਅੰਦਾਜ਼ਾ ਦੋ ਕਰੋੜ ਦਾ ਲਾਇਆ ਜਾਂਦਾ ਹੈ ਅਤੇ ਹੋਰਨਾਂ ਕੋਲੋਂ ਕੁਝ ਲੱਖ।

ਥੋਰਨਟਨ ਕਹਿੰਦਾ ਹੈ ਕਿ "ਸੀਅਰੁਲ-ਮਤਾਖ਼ਰੀਨ [ਅਤੇ ਮੁੰਤਖਬੁਲ-ਲੁਬਾਬ] ਦੇ ਕਰਤਾ ਨੇ ਸਿੱਖਾਂ ਵਲੋਂ ਜ਼ੁਲਮਾਂ ਦਾ ਬੜਾ ਵੇਰਵਾ ਦਿੱਤਾ ਹੋਇਆ ਹੈ, ਪਰ ਇਸ ਗੱਲ ਵਿਚ ਕਿਸੇ ਮੁਸਲਮਾਨ ਲਿਖਾਰੀ ਉੱਤੇ ਪੱਕਾ ਭਰੋਸਾ ਨਹੀਂ ਕੀਤਾ ਜਾ ਸਕਦਾ।" ਸਿੱਖਾਂ ਦੇ ਨਾਉਂ ਹਰ ਕਿਸਮ ਦੇ ਜ਼ੁਲਮ ਮੜ੍ਹਨ ਲਈ ਬੜੀ ਕਾਮਯਾਬ ਘੜਨ-ਸ਼ਕਤੀ ਵਰਤੋਂ ਵਿਚ ਲਿਆਂਦੀ ਗਈ ਹੈ। ਸਿਵਾਏ ਇਕ ਵਾਕੇ ਦੇ ਜਿਸ ਵਿਚ ਕਿ ਸਿੰਘਾਂ ਨੂੰ ਇਕ ਕਬਰ

ਪੁੱਟਣੀ ਪਈ ਸੀ ਅਤੇ ਉਹ ਭੀ ਇਕ ਸਿੱਖ ਇਸਤਰੀ ਬੀਬੀ ਅਨੂਪ ਕੌਰ ਦੀ, ਜਿਸ ਨੂੰ ਸ਼ੇਰ ਮੁਹੰਮਦ ਖ਼ਾਨ ਮਲੇਰ-ਕੋਟਲੀਆ ਫੜ ਕੇ ਲੈ ਗਿਆ ਸੀ ਅਤੇ ਜਿਸ ਨੇ ਆਪਣਾ ਸਤ ਬਚਾਉਣ ਲਈ ਆਤਮ-ਘਾਤ ਕਰ ਲਿਆ ਸੀ ਅਤੇ ਜਿਸ ਨੂੰ ਸ਼ੇਰ ਮੁਹੰਮਦ ਖ਼ਾਨ ਦੇ ਹੁਕਮ ਨਾਲ ਕਬਰ ਵਿਚ ਦਬਵਾ ਦਿੱਤਾ ਗਿਆ ਸੀ, ਸਾਰੇ ਸਿੱਖ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ ਜਿਸ ਤੋਂ ਖ਼ਾਫ਼ੀ ਖ਼ਾਨ ਆਦਿ ਦੇ ਦੂਖਣਾਂ ਦੀ ਪੁਸ਼ਟੀ ਹੋ ਸਕੇ। ਮੁਸਲਮਾਨ ਮਸੀਤਾਂ ਦੀ ਬੇਹੁਰਮਤੀ ਦਾ ਦੂਖਣ ਭੀ ਉੱਕਾ ਹੀ ਨਿਰਮੂਲ ਹੈ। 'ਸਰਹੰਦ ਵਿਚ ਸਭ ਤੋਂ ਪ੍ਰਸਿਧ ਮੁਸਲਮਾਨੀ ਮਜ਼ਾਰ ਸ਼ੇਖ ਅਹਿਮਦ ਮੁਜੱਦਦ ਅਲਫ਼-ਸਾਨੀ ਦਾ ਹੈ। ਡਾਕਟਰ ਗੋਕਲ ਚੰਦ ਨਾਰੰਗ ਨੇ ਸਰਹੰਦ ਦੀ ਬਰਬਾਦੀ ਤੋਂ 202 ਵਰ੍ਹੇ ਪਿਛੋਂ ਸਨ 1912 ਈ. ਵਿਚ ਲਿਖਿਆ ਸੀ ਕਿ 'ਸਾਰੀਆਂ ਇਮਾਰਤਾਂ ਵਿਚੋਂ ਜ਼ਿਆਦਾ ਸ਼ਾਨਦਾਰ ਅਹਿਮਦ ਸ਼ਾਹ ਦਾ ਮਜ਼ਾਰ ਹੁਣ ਤਕ ਉਸੇ ਤਰ੍ਹਾਂ ਖੜਾ ਹੈ ਜਿਵੇਂ ਕਿ ਲੜਾਈ ਤੋਂ ਪਹਿਲਾਂ ਸੀ ਅਤੇ ਇਹ [ਮੁਹੰਮਦ] ਲਤੀਫ਼ ਦੇ [ਹਿਸਟਰੀ ਔਫ਼ ਦੀ ਪੰਜਾਬ] ਬਿਆਨ ਵਿਚ ਜਿਸ ਦੀ ਭਾਵੇਂ ਖ਼ਾਫ਼ੀ ਖ਼ਾਨ ਨੇ ਪੁਸ਼ਟੀ ਕੀਤੀ ਹੋਈ ਹੈ, ਬਹੁਤ ਹੀ ਵਧਾਇਆ ਹੋਇਆ ਹੈ।'

ਸਰਹੰਦ ਇਕ ਬਹੁਤ ਵੱਡਾ ਅਤੇ ਧਨਾਢ ਸ਼ਹਿਰ ਹੁੰਦਾ ਸੀ, ਪਰ ਇਸ ਬਰਬਾਦੀ ਤੋਂ ਬਾਅਦ ਇਸ ਦੀ ਪੁਰਾਣੀ ਸ਼ਾਨ ਮੱਧਮ ਪੈ ਗਈ। ਜਦ ਇਸ ਸ਼ਹਿਰ ਦੇ ਹਿੰਦੂਆਂ ਨੇ ਬੰਦਾ ਸਿੰਘ ਪਾਸ ਰਹਿਮ ਲਈ ਬੇਨਤੀ ਕੀਤੀ ਅਤੇ ਇਕ ਵੱਡੀ ਰਕਮ ਛੁਡੌਤੀ ਵਜੋਂ ਭਰ ਦਿੱਤੀ ਤਾਂ ਉਸ ਨੇ ਜਾਨ ਬਖਸ਼ੀ ਕਰ ਦਿੱਤੀ ਅਤੇ ਸ਼ਹਿਰ ਨੂੰ ਉੱਕਾ ਹੀ ਬਰਬਾਦ ਹੋਣੋਂ ਬਚਾ ਲਿਆ। ਇਸ ਦੀ ਅੰਤਿਮ ਬਰਬਾਦੀ ਜਨਵਰੀ ਸਨ 1764 ਈ. ਵਿਚ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੀ ਅਗਵਾਈ ਹੇਠ ਸਿੱਖ ਮਿਸਲਦਾਰਾਂ ਦੇ ਹੱਥੋਂ ਹੋਈ। ਪਰ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੋਈ ਹੋਈ ਕਹੀ-ਜਾਂਦੀ ਭਵਿੱਖ ਬਾਣੀ ਪਿੱਛੋਂ ਪੂਰੀ ਹੋ ਗਈ ਜਦ ਕਿ ਰੇਲਵੇ ਦਾ ਇਕ ਠੇਕੇਦਾਰ ਇਥੇ ਆ ਪੁੱਜਾ ਅਤੇ ਉਸ ਨੇ ਪੁਰਾਣੇ ਸਰਹੰਦ ਦੇ ਮਕਾਨਾਂ ਦੀਆਂ ਇੱਟਾਂ ਦਾ ਮਲਬਾ ਰੇਲ ਦੀਆਂ ਲੀਹਾਂ ਹੇਠ ਬਿਛਾ ਦਿੱਤਾ। ਹੁਣ ਤਕ ਭੀ ਕਈ ਸ਼ਰਧਾਲੂ ਸਿੱਖ ਉੱਤਰ ਜਾਂ ਦੱਖਣ ਨੂੰ ਸਫ਼ਰ ਕਰਦੇ ਹੋਏ ਇਥੋਂ ਇਕ ਅੱਧੀ ਇੱਟ ਚੁੱਕ ਕੇ ਸਤਲੁਜ ਜਾਂ ਜਮਨਾ ਵਿਚ ਲਿਜਾ ਸੁੱਟਦੇ ਹਨ।

ਸਰਹੰਦ ਉੱਤੇ ਕਬਜ਼ੇ ਤੋਂ ਬਾਅਦ ਬੰਦਾ ਸਿੰਘ ਨੇ ਜਿੱਤੇ ਹੋਏ ਇਲਾਕਿਆਂ ਦੇ ਪ੍ਰਬੰਧ ਵਲ ਧਿਆਨ ਦੇਣਾ ਸ਼ੁਰੂ ਕੀਤਾ। ਨੰਦੇੜ ਤੋਂ ਆਪਣੇ ਨਾਲ ਆਏ ਬਾਜ ਸਿੰਘ ਨੂੰ ਸਰਹੰਦ ਦਾ ਹਾਕਮ ਨਿਯਤ ਕੀਤਾ ਅਤੇ ਆਲੀ ਸਿੰਘ ਨੂੰ ਉਸ ਦਾ ਨਾਇਬ ਬਣਾਇਆ। ਭਾਈ ਫਤਿਹ ਸਿੰਘ ਨੂੰ ਸਾਮਾਣੇ ਦਾ ਹਾਕਮ ਪੱਕਾ ਕਰ ਦਿੱਤਾ ਅਤੇ ਬਾਜ ਸਿੰਘ ਦੇ ਭਰਾ ਰਾਮ ਸਿੰਘ ਨੂੰ ਥਾਨੇਸਰ ਦਾ ਹਾਕਮ ਨੀਯਤ ਕੀਤਾ ਅਤੇ ਬਾਬਾ ਬਿਨੋਦ ਸਿੰਘ ਨੂੰ ਉਸ ਦਾ ਸਾਥੀ ਥਾਪਿਆ। ਸਰਹੰਦ ਨੂੰ ਆਪਣਾ ਕੇਂਦਰੀ ਅੱਡਾ ਬਣਾ ਕੇ ਦੱਖਣ, ਚੜ੍ਹਦੇ ਅਤੇ ਲਹਿੰਦੇ ਨੂੰ ਮੱਲਾਂ ਮਾਰਨ ਲਈ ਫੌਜੀ ਦਸਤੇ ਭੇਜੇ ਗਏ। ਸਿੰਘਾਂ ਦਾ ਕੁਝ ਐਸਾ ਡਰ ਅਤੇ ਰੁਹਬ ਪੈ ਗਿਆ ਕਿ ਕੀ ਮੁਸਲਮਾਨ ਅਤੇ ਕੀ ਹਿੰਦੂ, ਸਭ ਸਰਕਾਰੀ ਅਫ਼ਸਰ ਸਿੰਘਾਂ ਦੇ ਪੁਜਦੇ ਸਾਰ ਈਨ ਮੰਨ ਲੈਣ ਵਿਚ ਹੀ ਸੁਖ ਸਮਝਦੇ। ਇਸ਼ ਤਰ੍ਹਾਂ ਥੋੜੇ ਦਿਨਾਂ ਵਿਚ ਹੀ ਛੱਤੀ ਲੱਖ ਸਾਲਾਨਾ ਦੇ ਸਾਰੇ ਛੋਟੇ ਮੋਟੇ ਪਰਗਣੇ ਸਿੰਘਾਂ ਦੇ ਤਹਿਤ ਵਿਚ ਆ ਗਏ।

ਸਰਹੰਦ ਵਿਚ ਸਿੰਘਾਂ ਦੇ ਤਹਿਤ ਵੇਲੇ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸਿੰਘ ਸਜਣ ਲਗ ਪਏ। ਨਵਾਬ ਅਮੀਨੁ-ਦੌਲਾ ਦੇ ਰੁਕਾਤ (ਦਸਤੂਰੁਲ-ਇਨਸ਼ਾ) ਦੇ ਛੇਵੇਂ ਰੁੱਕੇ ਵਿਚ ਇਉਂ ਲਿਖਿਆ ਹੋਇਆ ਹੈ :

> ਇਸ ਭੈੜੇ ਫ਼ਿਰਕੇ ਦੇ ਤਾਕਤ ਵਿਚ ਆਉਣ ਦਾ ਇਸ ਹੱਦ ਤਕ ਅਸਰ ਹੋਇਆ ਕਿ ਤਮਾਮ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਉਨ੍ਹਾਂ ਦੀ ਤਾਬੇ-ਦਾਰੀ ਅਤੇ ਈਨ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਾ ਰਿਹਾ ਅਤੇ ਇਨ੍ਹਾਂ ਨੇ ਉਨ੍ਹਾਂ ਦੀ ਰਹਿਤ ਬਹਿਤ ਧਾਰਨ ਕਰ ਲਈ। ਉਨ੍ਹਾਂ ਦਾ ਸਰਦਾਰ ਅਜਿਹਾ ਪੀਰ ਅਤੇ ਮਨ ਨੂੰ ਮੋਹ ਲੈਣ ਵਾਲਾ ਜਾਦੂਗਰ ਸੀ ਕਿ ਆਪਣੇ ਆਪ ਨੂੰ ਬਹਾਦੁਰਾਂ ਅਤੇ ਦਲੇਰਾਂ ਦਾ ਮੋਹਰੀ ਜ਼ਾਹਰ ਕਰਦਾ ਸੀ ਅਤੇ ਉਸ ਵਿਚ ਕੁਝ ਅਜਿਹਾ ਜਾਦੂ ਸੀ ਕਿ ਹਰ ਕਿਸੇ ਦੇ ਮਨ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਸੀ। ਕੀ ਹਿੰਦੂ ਅਤੇ ਕੀ ਮੁਸਲਮਾਨ, ਜੋ ਕੋਈ ਭੀ ਉਸ ਕੋਲ ਜਾਂਦਾ ਇਹ ਉਸ ਨੂੰ ਸਿੰਘ ਕਰਕੇ ਬੁਲਾਉਂਦਾ। ਚੁਨਾਂਚਿ ਇਸ ਇਲਾਕੇ ਦੇ ਲਾਗੇ ਦਾ ਹਾਕਮ ਦੀਨਦਾਰ ਖ਼ਾਨ, ਦੀਨਦਾਰ ਸਿੰਘ ਹੋ ਗਿਆ ਅਤੇ ਸਰਹੰਦ ਦਾ ਅਖ਼ਬਾਰ-ਨਵੀਸ ਮੀਰ ਨਸੀਰੁੱਦੀਨ, ਮੀਰ ਨਸੀਰ ਸਿੰਘ ਬਣ ਗਿਆ। ਇਸ ਤਰ੍ਹਾਂ ਮੁਸਲਮਾਨਾਂ ਦੀ ਵੱਡੀ ਗਿਣਤੀ ਇਸਲਾਮ ਦਾ ਧਰਮ ਤਿਆਗ ਕੇ ਕੁਰਾਹੇ [ਸਿੱਖਾਂ ਦੇ ਪੰਥ ਵਿਚ] ਪੈ ਗਈ ਅਤੇ ਉਸ [ਬੰਦਾ ਸਿੰਘ] ਦੇ ਮਿੱਤਰ ਅਤੇ ਸਾਥੀ ਬਣਨ ਲਈ ਉਨ੍ਹਾਂ ਨੇ ਪੱਕੇ ਵਹਿਦੇ ਅਤੇ ਇਕਰਾਰ ਕਰ ਲਏ।

ਅਧਿਆਇ 7

# ਘੁੜ੍ਹਾਣੀ ਅਤੇ ਮਲੇਰ ਕੋਟਲਾ

ਹੁਣ ਬੰਦਾ ਸਿੰਘ ਅਤੇ ਸਿੰਘਾਂ ਦੇ ਧਰਮ-ਰੱਖਕ ਹੋਣ ਦੀ ਦੋਹੀ ਫਿਰ ਗਈ ਅਤੇ ਇਹ ਰਿਵਾਜ ਹੀ ਪੈ ਗਿਆ ਕਿ ਜਿਸ ਕਿਸੇ ਨੂੰ ਕੋਈ ਛੋਟੀ ਜਿਹੀ ਭੀ ਸ਼ਿਕਾਇਤ ਹੁੰਦੀ, ਇਨਸਾਫ਼ ਅਤੇ ਸਹਾਇਤਾ ਲਈ ਆ ਇਨ੍ਹਾਂ ਪਾਸ ਬੇਨਤੀ ਕਰਦਾ। ਇਹ ਭੀ ਅੱਗਿਓਂ ਦੀਨ ਦੁਖੀਆਂ ਦਾ ਦਰਦ ਵੰਡਾਉਣ ਲਈ ਹਰ ਵੇਲੇ ਤਤਪਰ ਰਹਿੰਦੇ। ਇਕ ਦਿਨ ਬੁਲਾਕਾ ਸਿੰਘ ਨਾਮੀ ਇਕ ਰਾਗੀ ਸਿੰਘ ਨੇ, ਜੋ ਕੁਝ ਚਿਰ ਆਲੀ ਸਿੰਘ ਹੋਰਾਂ ਪਾਸ ਰਿਹਾ ਹੋਇਆ ਸੀ, ਖਲ੍ਹੇ ਦੀਵਾਨ ਵਿਚ ਥਾਣਾ ਪਾਇਲ ਦੇ ਘੁੜ੍ਹਾਣੀ ਪਿੰਡ ਦੇ ਰਾਮ-ਰਾਈਆਂ ਵਿਰੁੱਧ ਆ ਨਾਲਸ਼ ਕੀਤੀ ਕਿ ਘੁੜਾਣੀਏ ਮਸੰਦ ਗੁਰੂ ਦੀ ਨਿੰਦਿਆ ਕਰਦੇ ਹਨ ਅਤੇ ਖਾਲਸੇ ਨੂੰ ਮਸ਼ਕਰੀਆਂ ਕਰਦੇ ਅਤੇ ਖਿਝਾਉਂਦੇ ਹਨ। ਇਸ ਪਿੰਡ ਵਿਚ ਬਹੁਤ ਸਾਰੇ ਖਤਰੀ ਵਸਦੇ ਸਨ ਜੋ ਸ੍ਰੀ ਰਾਮਰਾਇ ਦੇ ਡੇਰੇ ਦੇ ਮਸੰਦ ਸਨ। ਇਕ ਦਿਨ ਬੁਲਾਕਾ ਸਿੰਘ ਉਥੇ ਗਿਆ ਹੋਇਆ ਸੀ। ਗੁਰੂ ਹਰਿਗੋਬਿੰਦ ਦੇ ਗੁਰਦੁਆਰੇ ਵਿਚ ਸ਼ਾਮ ਨੂੰ ਰਹਿਰਾਸ ਦੇ ਪਾਠ ਪਿਛੋਂ ਅਰਦਾਸ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਤੋਂ ਬਾਅਦ ਜਦ ਬੁਲਾਕਾ ਸਿੰਘ ਨੇ 'ਖ਼ਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ' ਕਿਹਾ ਤਾਂ ਰਾਮ-ਰਾਈਏ ਗੁੱਸੇ ਨਾਲ ਲੋਹੇ ਲਾਖੇ ਹੋਏ ਹੋਏ ਭੜਕ ਉੱਠੇ ਅਤੇ ਬਕਣ ਲਗੇ :

> ਪੁੱਤਰ ਮੁਏ ਆਪਿ ਮੁਯੋ
> ਅਬਿ ਮੁਯੋ ਨਾ ਵਾਹਿਗੁਰੂ ਬੋਲ। (ਪ੍ਰਾ. ਪੰ. ਪ੍ਰ. ੧੧੪)

ਅਤੇ ਬੁਲਾਕਾ ਸਿੰਘ ਦਾ ਦੁਤਾਰਾ ਭੰਨ ਦਿੱਤਾ, ਉਸ ਨੂੰ ਮਾਰਿਆ ਕੁੱਟਿਆ ਅਤੇ ਕਈ ਅਜੋਗ ਬੋਲ ਬੋਲੇ। ਬੰਦਾ ਸਿੰਘ ਲਈ ਇਸ ਤਰ੍ਹਾਂ ਗੁਰੂ ਅਤੇ ਸਿੰਘ ਦੀ ਨਿਰਾਦਰੀ ਸਹਿ ਜਾਣਾ ਮੁਸ਼ਕਲ ਸੀ। ਉਸ ਨੇ ਪਹਿਲੀ ਗੱਲ ਇਹ ਕੀਤੀ ਕਿ ਪਾਇਲ ਸਿੰਘਾਂ ਦਾ ਠਾਣਾ ਪਾ ਦਿੱਤਾ ਅਤੇ ਬੁਲਾਕਾ ਸਿੰਘ ਨੂੰ ਉਸ ਇਲਾਕੇ ਦਾ, ਜਿਸ ਵਿਚ ਘੁੜਾਣੀ ਪਿੰਡ ਸੀ, ਠਾਣੇਦਾਰ ਨਿਯੁਕਤ ਕਰ ਦਿੱਤਾ ਅਤੇ ਘੁੜ੍ਹਾਣੀ ਪੁੱਜ ਕੇ ਗੁਰ-ਨਿੰਦਕ ਰਾਮ-ਰਾਈਆਂ ਨੂੰ ਸਜ਼ਾ ਦਿੱਤੀ ਅਤੇ ਦੋਖੀਆਂ ਨੂੰ ਮਾਰ ਕੁੱਟ ਕੇ ਪਿੰਡੋਂ ਕੱਢ ਦਿੱਤਾ। ਇਥੇ ਘੜੋਟੀ, ਧਮੋਟ ਆਦਿ ਅਨੇਕ ਪਿੰਡਾਂ ਦੇ ਚੌਧਰੀਆਂ ਨੇ ਆ ਨਜ਼ਰਾਂ ਪੇਸ਼ ਕੀਤੀਆਂ ਅਤੇ ਸਿੰਘਾਂ ਦੀ ਅਮਲਦਾਰੀ ਪਰਵਾਣ ਕਰ ਲਈ।

ਇਥੋਂ ਬੰਦਾ ਸਿੰਘ ਨੇ ਮਲੇਰਕੋਟਲੇ ਨੂੰ ਚਾਲੇ ਪਏ। ਜਿਵੇਂ ਪਿੱਛੇ ਇਕ ਥਾਂ ਇਸ਼ਾਰੇ ਮਾਤਰ ਜ਼ਿਕਰ ਕੀਤਾ ਗਿਆ ਹੈ, ਸੰਨ 1704 ਵਿਚ ਦਸੰਬਰ ਦੇ ਮਹੀਨੇ ਗੁਰੂ ਗੋਬਿੰਦ ਸਿੰਘ

ਜੀ ਦੇ ਆਨੰਦਪੁਰ ਛੱਡਣ ਤੋਂ ਬਾਅਦ ਜਦ ਵਿਸਾਹਘਾਤੀਆਂ ਨੇ ਸਰਸਾ ਦੇ ਕੰਢੇ ਉਨ੍ਹਾਂ ਉੱਤੇ ਹੱਲਾ ਆ ਕੀਤਾ ਤਾਂ ਗੜਬੜ ਵਿਚ ਉਸ ਵੇਲੇ ਗੁਰੂ ਘਰ ਦੀ ਇਕ ਟਹਿਲਣ ਬੀਬੀ ਅਨੂਪ ਕੌਰ ਸ਼ੇਰ ਮੁਹੰਮਦ ਖ਼ਾਨ ਦੇ ਹੱਥ ਆ ਗਈ ਅਤੇ ਉਹ ਉਸ ਨੂੰ ਜ਼ੋਰੀ ਮਲੇਰ-ਕੋਟਲੇ ਲੈ ਗਿਆ। ਸੂਰਬੀਰ ਬੀਬੀ ਨੇ ਆਪਣੇ ਧਰਮ ਅਤੇ ਸਤ ਦੀ ਰੱਖਿਆ ਲਈ ਜਾਨ ਕੁਰਬਾਨ ਕਰ ਦਿੱਤੀ ਅਤੇ ਕਟਾਰੀ ਮਾਰ ਕੇ ਆਤਮਘਾਤ ਕਰ ਲਿਆ। ਸ਼ੇਰ ਮੁਹੰਮਦ ਖ਼ਾਨ ਨੇ ਉਸ ਨੂੰ ਚੁੱਪ ਚਾਪ ਇਕ ਕਬਰ ਵਿਚ ਦਬਵਾ ਦਿੱਤਾ। ਅਨੂਪ ਕੌਰ ਨੇ ਇਸਲਾਮ ਧਾਰਣ ਨਹੀਂ ਸੀ ਕੀਤਾ ਅਤੇ ਸਿੱਖ ਹੀ ਮਰੀ ਸੀ। ਇਸ ਲਈ ਉਸ ਨੂੰ ਦਬਵਾਉਣਾ ਨਹੀਂ ਸੀ ਚਾਹੀਦਾ ਬਲਕਿ ਸਿੱਖ ਮਰਯਾਦਾ ਅਨੁਸਾਰ ਉਸ ਦਾ ਸਸਕਾਰ ਹੋਣਾ ਚਾਹੀਦਾ ਸੀ। ਅਨੂਪ ਕੌਰ ਦੀ ਵਿੱਥਿਆ ਸੁਣ ਕੇ ਬੰਦਾ ਸਿੰਘ ਦਾ ਮਨ ਭਰ ਆਇਆ ਅਤੇ ਉਸ ਨੇ ਕਿਹਾ ਕਿ ਉਸ ਵਿਚਾਰੀ ਦੀਆਂ ਹੱਡੀਆਂ ਹੁਣ ਹੋਰ ਜ਼ਿਆਦਾ ਕਬਰ ਵਿਚ ਸੜਨ ਨਹੀਂ ਦੇਣੀਆਂ ਚਾਹੀਦੀਆਂ। ਬੰਦਾ ਸਿੰਘ ਮਲੇਰ-ਕੋਟਲੇ ਪੁੱਜਾ। ਅੱਗਿਓਂ ਕਿਸੇ ਨੇ ਕੀ ਰੋਕਣਾ ਸੀ। ਸ਼ੇਰ ਮੁਹੰਮਦ ਖ਼ਾਨ ਦਾ ਪੁੱਤਰ ਆਪਣੇ ਟੱਬਰ ਅਤੇ ਮਾਲ ਮਤਾਹ ਲੈ ਕੇ ਭੱਜ ਗਿਆ। ਪਰ ਬੰਦਾ ਸਿੰਘ ਦੀ ਮਨਸ਼ਾ ਮਲੇਰ-ਕੋਟਲੇ ਨੂੰ ਲੁੱਟਣ ਮਾਰਨ ਦੀ ਹੈ ਹੀ ਨਹੀਂ ਸੀ। ਉਸ ਨੂੰ ਇਹ ਪਤਾ ਸੀ ਕਿ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਨਵਾਬ ਵਜ਼ੀਰ ਖ਼ਾਨ ਦੇ ਕਹਿਣ ਦੇ ਬਾਵਜੂਦ ਭੀ ਸਹਿਬਜ਼ਾਦਿਆਂ ਨੂੰ ਮਾਰਨਾ ਪਰਵਾਣ ਨਹੀਂ ਸੀ ਕੀਤਾ ਬਲਕਿ ਇਸ ਅਨਿਆਇ ਦੇ ਵਿਰੁੱਧ 'ਹਾਹ' ਦਾ ਨਾਹਰਾ ਮਾਰ ਕੇ ਵਜ਼ੀਰ ਖ਼ਾਨ ਦੀ ਕਚਿਹਿਰੀਓਂ ਉਠ ਆਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਅਸੀਸ ਦਿੱਤੀ ਸੀ। ਭਾਵੇਂ ਸ਼ੇਰ ਮੁਹੰਮਦ ਖ਼ਾਨ ਨੇ ਸਿੰਘਾਂ ਦੇ ਵਿਰੁੱਧ ਬਹੁਤ ਕੁਝ ਕੀਤਾ ਹੋਇਆ ਸੀ ਪਰ ਸਾਹਿਬਜ਼ਾਦਿਆਂ ਨਾਲ ਕੀਤੀ ਹਮਦਰਦੀ ਕਰਕੇ ਸਿੰਘਾਂ ਨੇ ਸਭ ਕੁਝ ਭੁਲਾ ਦਿੱਤਾ। ਸਿੱਖ ਦਾ ਇਹ ਇਕ ਖਾਸਾ ਹੈ ਕਿ ਜੇ ਉਸ ਨਾਲ ਕੋਈ ਨਿੱਕੀ ਜਿਹੀ ਭੀ ਭਲਾਈ ਕਰੇ ਤਾਂ ਉਹ ਉਸ ਦੇ ਵੱਡੇ ਵੱਡੇ ਜ਼ੁਲਮਾਂ ਅਤੇ ਪਾਪਾਂ ਨੂੰ ਭੀ ਮਾਫ਼ ਕਰ ਦਿੰਦਾ ਅਤੇ ਭੁਲ ਜਾਂਦਾ ਹੈ। ਇਸੇ ਜਜ਼ਬੇ ਦੇ ਹੇਠਾਂ ਸਿੰਘਾਂ ਨੇ ਮਲੇਰ-ਕੋਟਲੇ ਦਾ ਕਦੀ ਬਾਲ ਵਿੰਗਾ ਨਹੀਂ ਹੋਣ ਦਿੱਤਾ ਭਾਵੇਂ ਆਲੇ ਦੁਆਲੇ ਦਾ ਸਾਰਾ ਇਲਾਕਾ ਸਿੰਘਾਂ ਦੇ ਘੋੜਿਆਂ ਦੇ ਪੌੜਾਂ ਨੇ ਦਰੜ ਛੱਡਿਆ ਸੀ ਅਤੇ ਸਰਹੰਦ ਵਰਗੇ ਸ਼ਹਿਰ ਦੀਆਂ ਮਹਿਲ ਮਾੜੀਆਂ ਭੋਇੰ ਨਾਲ ਮਿਲਾ ਛੱਡੀਆਂ ਸਨ। 1947 ਦੇ ਘਲੂਘਾਰੇ ਵੇਲੇ ਭੀ ਕਿਸੇ ਨੇ ਮਲੇਰ-ਕੋਟਲੀਆਂ ਉੱਤੇ ਕੋਈ ਹੱਥ ਨਹੀਂ ਚੁੱਕਿਆ ਅਤੇ ਹੋਰ ਭਾਵੇਂ ਸਾਰਾ ਪੰਜਾਬ ਮੁਸਲਮਾਨ ਖ਼ਾਲੀ ਕਰ ਗਏ ਹਨ ਪਰ ਮਲੇਰ-ਕੋਟਲੀਏ ਮੁਸਲਮਾਨ ਪਹਿਲੇ ਵਾਂਗ ਹੀ ਅਮਨ ਚੈਨ ਨਾਲ ਆਪਣੇ ਘਰਾਂ ਵਿਚ ਰਸਦੇ ਵਸਦੇ ਹਨ।

ਜਦ ਬੰਦਾ ਸਿੰਘ ਮਲੇਰ ਕੋਟਲੇ ਸ਼ਹਿਰ ਪੁੱਜਾ ਤਾਂ ਇਥੋਂ ਦੇ ਇਕ ਹਿੰਦੂ ਵਪਾਰੀ ਕਿਸ਼ਨ ਦਾਸ ਬਾਣੀਏ ਨੇ ਉਸ ਨੂੰ ਪਛਾਣ ਲਿਆ। ਸਾਧੂ-ਪਣੇ ਦੀ ਪਹਿਲੀ ਜ਼ਿੰਦਗੀ ਵਿਚ ਇਕ ਵਾਰੀ ਇਹ ਕੁਝ ਦਿਨ ਇਸ ਦੇ ਘਰ ਠਹਿਰਿਆ ਸੀ। ਕਿਸ਼ਨ ਦਾਸ ਨੇ ਇਥੋਂ ਦੇ ਸ਼ਾਹੂਕਾਰਾਂ ਅਤੇ ਹਟਵਾਣੀਆਂ ਪਾਸੋਂ ਕੁਝ ਰਕਮ ਇਕੱਠੀ ਕੀਤੀ ਅਤੇ ਬੰਦਾ ਸਿੰਘ ਦੇ ਸਾਹਮਣੇ ਭੇਟ ਰਖ ਕੇ ਬੇਨਤੀ ਕੀਤੀ ਕਿ ਸ਼ਹਿਰ ਨੂੰ ਬਖਸ਼ ਦਿੱਤਾ ਜਾਏ। ਉਸ ਦੀ ਤਾਂ ਅੱਗੇ ਹੀ ਇਸ ਨੂੰ ਲੁੱਟਣ, ਮਾਰਨ ਦੀ ਕੋਈ ਨੀਅਤ ਨਹੀਂ ਸੀ। ਉਹ ਤਾਂ ਇਥੇ ਕੇਵਲ

ਬੀਬੀ ਅਨੂਪ ਕੌਰ ਦੇ ਅੰਤਿਮ ਸਸਕਾਰ ਲਈ ਹੀ ਆਇਆ ਸੀ, ਇਸ ਲਈ ਸ਼ਹਿਰ ਨੂੰ ਕੁਝ ਨਾ ਆਖਿਆ ਗਿਆ। ਬੀਬੀ ਅਨੂਪ ਕੌਰ ਦੀ ਕਬਰ ਖੋਹਲੀ ਅਤੇ ਉਸ ਦਾ ਸਰੀਰ ਕੱਢ ਕੇ ਸਿੱਖ ਮਰਯਾਦਾ ਅਨੁਸਾਰ ਅਗਨ-ਭੇਟ ਕੀਤਾ ਗਿਆ।

ਅਨੂਪ ਕੌਰ ਦੀ ਕਬਰ ਦੀ ਪੁਟਾਈ ਅਤੇ ਉਸ ਦੇ ਸਰੀਰ ਨੂੰ ਅੱਗ ਦੇ ਹਵਾਲੇ ਕਰਨ ਨੂੰ ਜਾਂ ਤਾਂ ਸ਼ਾਹੀ ਅਖਬਾਰ ਨਵੀਸ ਸਮਝ ਨਹੀਂ ਸਕੇ ਜਾਂ ਉਨ੍ਹਾਂ ਨੇ ਜਾਣ ਬੁੱਝ ਕੇ ਇਸ ਨੂੰ ਕੋਝੇ ਗ਼ਲਤ ਢੰਗ ਨਾਲ ਪੇਸ਼ ਕੀਤਾ ਅਤੇ ਖ਼ਾਫ਼ੀ ਖ਼ਾਨ, ਸੱਯਦ ਮੁਹੰਮਦ ਲਤੀਫ਼, ਆਦਿਕਾਂ ਦੇ ਗ਼ਲਤ ਬਿਆਨਾਂ ਦਾ ਮੁੱਢ ਬੰਨ੍ਹ ਦਿੱਤਾ ਹੈ।

ਮਲੇਰ-ਕੋਟਲਿਓਂ ਬੰਦਾ ਸਿੰਘ ਰਾਇ ਕੋਟ ਨੂੰ ਗਿਆ। ਇਥੇ ਦੇ ਹਾਕਮ ਨੇ ਅੱਗੋਂ ਕੋਈ ਹੁੱਤ ਨਾ ਕੀਤੀ, ਪੰਜ ਹਜ਼ਾਰ ਰੁਪਈਆ ਨਜ਼ਰ ਭੇਟ ਕੀਤੀ ਅਤੇ ਈਨ ਮੰਨ ਲਈ।

ਅਧਿਆਇ 8

# ਰਾਜਧਾਨੀ ਵਿਚ

ਰਾਇ ਕੋਟ ਤੋਂ ਬੰਦਾ ਸਿੰਘ ਸਰਹੰਦ ਨੂੰ ਮੁੜ ਗਿਆ । ਇਸ ਵੇਲੇ ਸਾਰੇ ਇਲਾਕੇ ਵਿਚ ਕੋਈ ਉਸ ਦਾ ਵਿਰੋਧ ਕਰਨ ਜੋਗਾ ਨਹੀਂ ਸੀ । ਆਲੇ ਦੁਆਲੇ ਦੇ ਪਿੰਡਾਂ ਦੇ ਚੌਧਰੀਆਂ ਨੇ ਈਨ ਮੰਨ ਲਈ ਸੀ ਅਤੇ ਸਰਹੰਦ ਦੇ ਨਵੇਂ ਹਾਕਮ ਸਰਦਾਰ ਬਾਜ ਸਿੰਘ ਨੇ ਪ੍ਰਬੰਧ ਵਿਚ ਗੜਬੜ ਮਚਾ ਸਕਣ ਜੋਗਾ ਕੋਈ ਨਹੀਂ ਸੀ ਛੱਡਿਆ । ਸਰਹੰਦ ਤੋਂ ਉੱਤਰ, ਲਹਿੰਦੇ-ਉੱਤਰ ਅਤੇ ਦੱਖਣ-ਲਹਿੰਦੇ ਨੂੰ ਛੋਟੇ ਛੋਟੇ ਦਸਤੇ ਮੁਹਿੰਮਾਂ ਉੱਤੇ ਭੇਜੇ ਗਏ ਅਤੇ ਥੋੜੇ ਦਿਨਾਂ ਵਿਚ ਹੀ ਸਢੌਰੇ ਤੋਂ ਰਾਏ ਕੋਟ ਅਤੇ ਮਾਛੀਵਾੜੇ ਅਤੇ ਲੁਧਿਆਣੇ ਤੋਂ ਕਰਨਾਲ ਦੀ ਦੱਖਣੀ ਹੱਦ ਤਕ ਸਾਰਾ ਇਲਾਕਾ ਸਿੰਘਾਂ ਦੇ ਅਧੀਨ ਹੋ ਗਿਆ ।

ਰਾਜਸੀ ਤਾਕਤ ਬਣ ਜਾਣ ਨਾਲ ਬੰਦਾ ਸਿੰਘ ਨੇ ਰਾਜਸੀ ਠਾਠ ਬਣਾਉਣਾ ਸ਼ੁਰੂ ਕਰ ਦਿੱਤਾ । ਉਸ ਨੇ ਮੁਖ਼ਲਸ ਗੜ੍ਹ ਦੇ ਕਿਲੇ ਨੂੰ ਆਪਣੀ ਰਾਜਧਾਨੀ ਥਾਪਿਆ ਅਤੇ ਇਸ ਅਸਥਾਨ ਨੂੰ ਆਪਣੀਆਂ ਅਗਲੀਆਂ ਮੁਹਿੰਮਾਂ ਲਈ ਆਧਾਰ-ਕੇਂਦਰ ਬਣਾਇਆ । ਇਸ ਮਤਲਬ ਲਈ ਪਹਿਲੋਂ ਉਸ ਦੀ ਅੱਖ ਸਰਹੰਦ ਉੱਤੇ ਪਈ ਸੀ ਅਤੇ ਪ੍ਰਤੀਤ ਹੁੰਦਾ ਹੈ ਕਿ ਇਸੇ ਗੱਲ ਨੂੰ ਮੁੱਖ ਰਖਕੇ ਉਸਨੇ ਇਸ ਸ਼ਹਿਰ ਨੂੰ ਤਬਾਹੀ ਤੋਂ ਬਚਾ ਲਿਆ ਸੀ । ਪਰ ਚੂੰਕਿ ਇਹ ਮੈਦਾਨ ਵਿਚ ਅਤੇ ਵੱਡੀ ਸ਼ਾਹੀ ਸੜਕ ਉੱਤੇ ਸੀ, ਇਸ ਲਈ ਇਹ ਬਾਦਸ਼ਾਹੀ ਫੌਜਾਂ ਦੀ ਮਾਰ ਹੇਠਾਂ ਛੇਤੀ ਹੀ ਆ ਜਾਣ ਵਾਲਾ ਸੀ, ਜਦ ਭੀ ਉਹ ਆਪਣੀ ਖੁੱਸੀ ਹੋਈ ਤਾਕਤ ਨੂੰ ਮੁੜ ਬਹਾਲ ਕਰਨ ਲਈ ਆਈਆਂ । ਇਸ ਕਰਕੇ ਸਰਹੰਦ ਦਾ ਖ਼ਿਆਲ ਛੱਡ ਦਿੱਤਾ ਗਿਆ ।

ਮੁਖ਼ਲਿਸ-ਗੜ੍ਹ ਦਾ ਕਿਲਾ ਬਾਦਸ਼ਾਹ ਸ਼ਾਹਜਹਾਨ ਦੀ ਆਗਿਆ ਅਨੁਸਾਰ ਮੁਖ਼ਲਿਸ ਖ਼ਾਨ ਨੇ ਬਣਵਾਇਆ ਸੀ ਅਤੇ ਬਾਦਸ਼ਾਹ ਕਦੀ ਕਦੀ ਇੱਥੇ ਗਰਮੀਆਂ ਕੱਟਣ ਆ ਜਾਂਦਾ ਸੀ । ਇਹ ਸਢੌਰੇ ਅਤੇ ਨਾਹਣ ਦੇ ਵਿਚਕਾਰ ਆਮੂਵਾਲ ਪਿੰਡ ਦੀ ਹੱਦ ਵਿਚ ਹਿਮਾਲਾ ਪਰਬਤ ਦੀਆਂ ਸਿੱਧੀਆਂ ਚੜ੍ਹਾਈਆਂ ਵਿਚ ਇਕ ਉੱਚੀ ਠੇਰੀ ਉੱਤੇ ਖੜਾ ਸੀ ਅਤੇ ਇਥੇ ਜਾਣ ਲਈ ਖੜਬੜ ਟੀਲਿਆਂ ਅਤੇ ਖੱਡਾਂ ਵਿਚ ਦੀ ਲੰਘਣਾ ਪੈਂਦਾ ਸੀ । ਇਸ ਦੇ ਦੋਹੀਂ ਪਾਸੀਂ ਡਸਕੇ ਵਾਲੀਆਂ ਦੋ ਖੱਡਾਂ ਸਨ ਜੋ ਅਸਲ ਵਿਚ ਤਾਂ ਭਾਵੇਂ ਇਕ ਹੀ ਨਦੀ ਸੀ ਪਰ ਇਸ ਕਿਲੇ ਦੀ ਪਹਾੜੀ ਨੂੰ ਕਲਾਵੇ ਵਿਚ ਲੈਣ ਲਈ ਪਾਟ ਗਈ ਹੋਈ ਸੀ ।

ਜਿਸ ਵੇਲੇ ਬੰਦਾ ਸਿੰਘ ਨੇ ਇਸ ਕਿਲੇ ਉੱਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ ਭੱਜੀ ਹਾਲਤ ਵਿਚ ਸੀ । ਛੇਤੀ ਛੇਤੀ ਇਸ ਦੀ ਮੁਰੰਮਤ ਕੀਤੀ ਗਈ ਅਤੇ ਇਸ ਦਾ ਨਾਂ ਲੋਹਗੜ੍ਹ ਧਰਿਆ ਗਿਆ । ਸਰਹੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ

ਅਸਬਾਬ ਅਤੇ ਜੰਗੀ ਸਾਮਾਨ ਅਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਗੱਲ ਕੀ, ਅਸਲੀ ਅਰਬਾਂ ਵਿਚ ਲੋਹ-ਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਸਤਲੁਜੋਂ ਆਰ ਅਤੇ ਪਾਰ ਦੇ ਇਲਾਕਿਆਂ ਤੋਂ ਸਿੰਘ ਚੋਖੀ ਗਿਣਤੀ ਵਿਚ ਇੱਥੇ ਆ ਇਕੱਤਰ ਹੋਏ ਖਾਲਸੇ ਦੇ ਦਲ ਵਿਚ ਸ਼ਾਮਲ ਹੋ ਗਏ। ਇਨ੍ਹਾਂ ਵਿਚੋਂ ਕਈ ਤਾਂ ਖਾਲਸੇ ਦੇ ਰਾਜ ਲਈ ਧਰਮ-ਜੁੱਧ ਦੇ ਚਾਉ ਨਾਲ ਆਏ ਸਨ ਅਤੇ ਕਈ ਖਾਲਸੇ ਦੀ ਬੜੇ ਜ਼ੋਰਾਂ ਨਾਲ ਵਧ ਰਹੀ ਪ੍ਰਭਤਾ ਵਿਚ ਉੱਚ ਪਦਵੀਆਂ ਨਾਮਵਰੀਆਂ ਪ੍ਰਾਪਤ ਕਰਨ ਦੀ ਧਾਰਨਾ ਨਾਲ।

ਬੰਦਾ ਸਿੰਘ ਹੁਣ ਇਕ ਛੋਟਾ ਜਿਹਾ ਬਾਦਸ਼ਾਹ ਬਣ ਗਿਆ ਸੀ ਇਸ ਨੇ ਕਈ ਇਲਾਕੇ ਜਿੱਤ ਲਏ ਸਨ ਅਤੇ ਆਪਣੇ ਪ੍ਰਤਿਨਿਧਾਂ ਰਾਹੀਂ ਉਨ੍ਹਾਂ ਦਾ ਪ੍ਰਬੰਧ ਕਰ ਲੈਣ ਲਈ। ਉਸ ਦੇ ਪਾਸ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ। ਰਾਜ ਕਾਜ ਲਈ ਰਾਜਧਾਨੀ ਭੀ ਬਣ ਗਈ ਸੀ ਅਤੇ ਰਹਿਣ ਲਈ ਮਹਿਲ ਮਾੜੀਆਂ ਭੀ। ਹੁਣ ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਉਂ ਤੇ ਸਿੱਕਾ ਭੀ ਜਾਰੀ ਕਰ ਦਿੱਤਾ ਜਿਸ ਉੱਤੇ ਉਸ ਵੇਲੇ ਦੇ ਰਿਵਾਜ ਅਨੁਸਾਰ ਇਨ੍ਹਾਂ ਫ਼ਾਰਸੀ ਸ਼ਬਦਾਂ ਦਾ ਠੱਪਾ ਲਾਇਆ ਗਿਆ :

سکه زد بر هر دو عالم تیغ نانک واهب است
فتح گوبند سنگه شاه شاهان فضل سچا صاحب است

ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ ਨਾਨਕ ਵਾਹਿਬ ਅਸਤ
ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ

ਅਰਥਾਤ :

ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ਼ ਨੇ ਜੀ।
ਫਤਿਹ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ :

ضرب بامان الدهر مصورت شهر زینت التخت مبارک بخت

ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜ਼ੀਨਤੁ-ਤਖ਼ਤੁ, ਮੁਬਾਰਕ ਬਖ਼ਤ ਅਰਥਾਤ : ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ ।

ਇਹ ਸਨ ਸ਼ਬਦ ਜੋ ਲੋਹਗੜ੍ਹ ਦੀ ਉਸਤਤਿ ਵਿਚ ਵਰਤੇ ਗਏ ਸਨ । ਇਸ ਤੋਂ ਬਾਅਦ ਉਸ ਨੇ ਸਰਕਾਰੀ ਦਸਤਾਵੇਜ਼ਾਂ, ਸਨਦਾਂ, ਪਰਵਾਨਿਆਂ ਆਦਿ ਲਈ ਮੋਹਰ ਬਣਵਾਈ ਜਿਸ ਦੇ ਇਹ ਸ਼ਬਦ ਸਨ :

عظمت نانک گورو هم ظاهر هم باطن است
پادشاه دین و دنیا آپ سچا صاحب است

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ
ਪਾਦਸ਼ਾਹਿ ਦੀਨੋ ਦੁਨੀਆ ਆਪ ਸੱਚਾ ਸਾਹਬ ਅਸਤ

ਅਰਥਾਤ : ਗੁਰੂ ਨਾਨਕ ਦੀ ਵਡਿਆਈ ਹੈ ਬਾਹਰ ਅੰਦਰ ਸਾਰੇ ।
ਦੀਨ ਦੁਨੀ ਦਾ ਵਾਲੀ ਹੈ ਉਹ ਆਪੇ ਰੱਬ ਸੱਚਾ ਰੇ ।

ਇਸ ਨੂੰ ਬਦਲ ਕੇ ਬਾਅਦ ਵਿਚ ਇਸ ਤਰ੍ਹਾਂ ਕਰ ਦਿੱਤਾ ਗਿਆ ਅਤੇ ਜਿੱਥੇ ਕਿਧਰੇ ਭੀ ਬੰਦਾ ਸਿੰਘ ਦੀਆਂ ਮੋਹਰਾਂ ਲੱਗੀਆਂ ਹੋਈਆਂ ਹਨ, ਉਨ੍ਹਾਂ ਦੇ ਇਹ ਹੀ ਸ਼ਬਦ ਹਨ :

دیگ و تیغ و فتح و نصرت بیدرنگ
یافت از نانک گورو گوبند سنگھ

ਦੇਗੋ ਤੇਗੋ ਫ਼ਤਿਹ ਓ ਨੁਸਰਤਿ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਅਰਥਾਤ :

ਦੇਗ ਤੇਗ ਜਿੱਤ ਸੇਵ ਨਿਰਾਲਮ,
ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ ।

ਮੁਗ਼ਲ ਬਾਦਸ਼ਾਹਾਂ ਦੇ ਸੰਨਿ-ਜਲੂਸ ਅਰਥਾਤ ਰਾਜ-ਸੰਮਤ ਦੀ ਤਰ੍ਹਾਂ ਬੰਦਾ ਸਿੰਘ

ਨੇ ਭੀ ਸਰਹੰਦ ਦੀ ਫ਼ਤਿਹ ਤੋਂ ਇਕ ਨਵਾਂ ਸੰਮਤ ਆਰੰਭ ਕੀਤਾ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ । ਬੰਦਾ ਸਿੰਘ ਨੇ ਇਹ ਸਭ ਕੁਝ ਮੁਗ਼ਲ ਬਾਦਸ਼ਾਹਾਂ ਦੀ ਨਕਲ ਦੇ ਤੌਰ ਤੇ ਇਸ ਲਈ ਕੀਤਾ ਕਿ ਸਿੰਘਾਂ ਵਿਚ ਮੁਗ਼ਲਾਂ ਦੀ ਬਰਾਬਰੀ ਦੀ ਸਪਿਰਟ ਪੈਦਾ ਹੋ ਜਾਏ ਅਤੇ ਉਨ੍ਹਾਂ ਦੇ ਮਨਾਂ ਉੱਤੇ ਇਹ ਗੱਲ ਉੱਕਰੀ ਜਾਏ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ। ਜੇ ਮੁਗ਼ਲ ਬਾਦਸ਼ਾਹ ਦੀ ਰਾਜਧਾਨੀ, ਸਿੱਕੇ, ਮੋਹਰਾਂ ਅਤੇ ਸੰਨਿ-ਜਲੂਸ ਹਨ ਤਾਂ ਉਨ੍ਹਾਂ ਦੇ ਭੀ ਹਨ । ਮੁਗ਼ਲ ਬਾਦਸ਼ਾਹ ਦਾ ਰਾਜ, ਸਿੱਕੇ ਅਤੇ ਮੋਹਰਾਂ ਉਨ੍ਹਾਂ ਦੇ ਨਿਜੀ ਨਾਉਂ ਉੱਤੇ ਚਲਦੇ ਸਨ, ਪਰ ਖਾਲਸੇ ਦਾ ਰਾਜ-ਨੇਤਾ ਬੰਦਾ ਸਿੰਘ ਆਪਣੇ ਨਿਜੀ ਨਾਉਂ ਉੱਤੇ ਕੁਝ ਨਹੀਂ ਸੀ ਕਰਦਾ । ਉਹ ਰਾਜ ਦੀ ਪ੍ਰਾਪਤੀ ਸੱਚੇ ਸਾਹਿਬ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਹੋਈ ਕਹਿੰਦਾ ਹੈ ਅਤੇ ਆਪ ਦੇਗ ਅਤੇ ਤੇਗ਼ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖ਼ਸ਼ਸ਼ ਗੁਰੂ ਨਾਨਕ ਦੀ ਹੈ, ਫਤਿਹ ਗੁਰੂ ਗੋਬਿੰਦ ਸਿੰਘ ਦੀ ਅਤੇ ਪਾਤਸ਼ਾਹੀ ਅਕਾਲ ਪੁਰਖ ਵਾਹਿਗੁਰੂ ਦੀ। ਇਹ ਸੰਸਾਰ ਦੇ ਇਤਿਹਾਸ ਵਿਚ ਇਕ ਅਦੁੱਤੀ ਮਿਸਾਲ ਹੈ ।

ਧਾਰਮਿਕ ਮਾਮਲਿਆਂ ਵਿਚ ਬੰਦਾ ਸਿੰਘ ਦੇ ਨਾਉਂ ਲਾਈ ਜਾਂਦੀ ਗੱਲ ਭੀ ਉਸ ਦੇ ਕਿਸੇ ਬਹੁਤੇ ਜੋਸ਼ੀਲੇ ਭਗਤ ਨੇ ਹੀ ਘੜ ਲਈ ਜਾਪਦੀ ਹੈ । 'ਰਿਸਾਲਾ-ਇ-ਸਾਹਿਬ-ਨੁਮਾ ਚਹਾਰ ਬਾਗ਼ਿ ਪੰਜਾਬ' ਦਾ ਕਰਤਾ ਲਿਖਦਾ ਹੈ ਕਿ ਬੰਦਾ ਸਿੰਘ ਆਪਣੇ ਆਪ ਨੂੰ ਗੁਰੂ ਦਾ ਬੰਦਾ ਹੀ ਕਹਿੰਦਾ ਸੀ, ਪਰ ਖਾਲਸਾ ਉਸ ਨੂੰ ਗੁਰੂ ਵਾਂਗ ਸਮਝ ਕੇ ਉਸ ਦੀ ਤਾਬੇਦਾਰੀ ਕਰਦਾ ਸੀ। ਉਸ ਦੀ ਕੋਈ ਐਸੀ ਲਿਖਤ ਹਾਲ ਤਕ ਨਹੀਂ ਮਿਲੀ ਜਿਸ ਵਿਚ ਉਸ ਨੇ ਆਪਣੇ ਆਪ ਨੂੰ ਗੁਰੂ ਕਿਹਾ ਹੋਵੇ। ਸਿੱਖ ਸੰਗਤਾਂ ਦੇ ਨਾਉਂ ਉਸ ਦੀਆਂ ਜਿਤਨੀਆਂ ਭੀ ਚਿੱਠੀਆਂ ਮਿਲਦੀਆਂ ਹਨ ਉਨ੍ਹਾਂ ਵਿਚ 'ਸੱਚਾ ਸਾਹਿਬ' ਵਾਹਿਗੁਰੂ ਲਈ ਵਰਤਿਆ ਹੋਇਆ ਹੈ, ਆਪਣੇ ਲਈ ਨਹੀਂ । ਇਹ ਠੀਕ ਹੈ ਉਸ ਨੇ 'ਫ਼ਤਿਹ ਦਰਸ਼ਨ' ਜਾਰੀ ਕਰਨ ਦਾ ਯਤਨ ਕੀਤਾ ਸੀ ਪਰ ਚੂੰਕਿ ਇਹ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ ਵਰਤ ਹੋਣ ਲੱਗ ਪਈ ਸੀ, ਇਸ ਲਈ ਖਾਲਸੇ ਨੇ ਇਸ ਨੂੰ ਅਪਰਵਾਣ ਕਰ ਦਿੱਤਾ ਅਤੇ ਇਸ ਦੀ ਵਰਤੋਂ ਸਿੰਘਾਂ ਵਿਚ ਬੰਦ ਹੋ ਗਈ।

ਬੰਦਾ ਸਿੰਘ ਅਤੇ ਉਸ ਦੇ ਨਿਯਤ ਕੀਤੇ ਹਾਕਮਾਂ ਨੇ ਮੁਲਕੀ ਪ੍ਰਬੰਧ ਲਈ ਕੀ ਰਾਜ-ਬਣਤਰ ਸਾਜੀ ਸੀ ? ਇਸ ਦਾ ਕੁਝ ਪਤਾ ਨਹੀਂ। ਅਨੁਮਾਨ ਇਹ ਹੀ ਹੈ ਕਿ ਉਨ੍ਹਾਂ ਨੇ ਕੋਈ ਖ਼ਾਸ ਨਵੀਂ ਰਾਜ-ਬਣਤਰ ਜਾਰੀ ਨਹੀਂ ਸੀ ਕੀਤੀ। ਇਸ ਲਈ ਕੋਈ ਸਮਾਂ ਹੀ ਨਹੀਂ ਮਿਲਿਆ। ਉਨ੍ਹਾਂ ਦਾ ਰਾਜ ਕੇਵਲ ਥੋੜੇ ਜਿਹੇ ਸਮੇਂ ਲਈ ਹੀ ਟਿਕ ਸਕਿਆ ਸੀ ਅਤੇ ਇਹ ਕੇਵਲ ਫੌਜੀ ਕਬਜ਼ਾ ਹੀ ਸੀ। ਇਕੋ ਖ਼ਾਸ ਗੱਲ ਜੋ ਬੰਦਾ ਸਿੰਘ ਕਰ ਸਕਿਆ, ਉਹ ਸੀ ਮੁਗ਼ਲਾਂ ਦੇ ਜ਼ਿਮੀਂਦਾਰੀ ਢੰਗ ਦਾ ਉੜਾ ਦੇਣਾ। ਨਿਜੀ ਅਮਲੀ ਤਜਰਬੇ ਤੋਂ ਸਿੰਘਾਂ ਨੂੰ ਪਤਾ ਸੀ ਕਿ ਰਈਅਤ ਇਸ ਤੋਂ ਬਹੁਤ ਦੁਖੀ ਹੈ ਅਤੇ ਉਨ੍ਹਾਂ ਨੂੰ ਸੁਖ ਕੇਵਲ ਇਸ ਦੇ ਮਿਟਾ ਦੇਣ ਨਾਲ ਹੀ ਹੋ ਸਕਦਾ ਹੈ। ਸਹੀ-ਉਲ-ਅਖ਼ਬਾਰ ਦਾ ਕਰਤਾ ਲਿਖਦਾ ਹੈ ਕਿ 'ਬਾਦਸ਼ਾਹਾਂ ਦੇ ਵੇਲੇ ਹਰ ਉਹ ਆਦਮੀ ਜੋ ਪੁਰਾਣੇ ਸਮੇਂ ਤੋਂ ਕਈ ਪ੍ਰਗਣਿਆਂ ਦਾ ਮਾਲਕ ਚਲਾ ਆਉਂਦਾ ਸੀ, ਜ਼ਿਮੀਂਦਾਰ ਕਹਾਉਂਦਾ ਸੀ।' ਇਹ ਆਪਣੀ ਮਨ-ਮਰਜ਼ੀ

ਨਾਲ ਕਿਸਾਨਾਂ ਨੂੰ ਰੱਖ ਅਤੇ ਕੱਢ ਸਕਦਾ ਸੀ। ਇਹ ਜ਼ਿਮੀਂਦਾਰ ਆਮ ਤੌਰ ਤੇ ਵੱਡੇ ਸਰਕਾਰੀ ਅਫ਼ਸਰ ਹੁੰਦੇ ਸਨ ਜੋ ਆਪਣੇ ਆਪ ਵਿਚ ਹੀ ਮਨ-ਮੌਜੀ ਬਾਦਸ਼ਾਹਾਂ ਵਾਂਗ ਹੁੰਦੇ ਸਨ ਅਤੇ ਕਿਸੇ ਦੀ ਘੱਟ ਹੀ ਪ੍ਰਵਾਹ ਕਰਦੇ ਸਨ। ਸਰਕਾਰੀ ਹਾਕਮ ਭੀ ਉਦੋਂ ਤਕ ਇਨ੍ਹਾਂ ਦੇ ਅੰਦਰੂਨੀ ਪ੍ਰਬੰਧ ਵਿਚ ਦਖਲ ਨਹੀਂ ਸੀ ਦਿੰਦੇ ਜਦੋਂ ਤਕ ਕਿ ਇਹ ਨਿਯਤ ਸਰਕਾਰੀ ਮਾਮਲਾ ਤਾਰਦੇ ਰਹਿੰਦੇ ਸਨ। ਸਰਕਾਰ ਇਸ ਗੱਲ ਦੀ ਪ੍ਰਵਾਹ ਹੀ ਨਹੀਂ ਕਰਦੀ ਸੀ ਕਿ ਇਹ ਜ਼ਿਮੀਂਦਾਰ ਲੋਕ ਆਪ ਕਿੰਨੀ ਤੇ ਕਿਵੇਂ ਉਗਰਾਹੀ ਕਰਦੇ ਹਨ। ਨਤੀਜਾ ਇਹ ਹੁੰਦਾ ਸੀ ਕਿ ਹਲਵਾਹਕ ਲੋਕਾਂ ਦੀ ਦਸ਼ਾ ਹੌਲੀ ਹੌਲੀ ਪ੍ਰਾਧੀਨ ਦਾਸਾਂ ਵਰਗੀ ਹੋ ਜਾਂਦੀ ਸੀ। ਉਸੇ ਲਿਖਾਰੀ ਦੇ ਕਥਨ ਅਨੁਸਾਰ 'ਸਾਰੇ ਹੀ ਸੂਬਿਆਂ ਵਿਚ ਹਾਲਾਤ ਬੜੇ ਬਿਗੜੇ ਹੋਏ ਸਨ ਅਤੇ ਸਰਕਾਰੀ ਅਫ਼ਸਰਾਂ ਅਤੇ ਜ਼ਿਮੀਂਦਾਰਾਂ ਉੱਤੇ ਕੋਈ ਕੁੰਡਾ ਨਹੀਂ ਸੀ। ਸਾਰੇ ਸਰਕਾਰੀ ਅਫ਼ਸਰਾਂ ਨੇ ਖੋਹ ਖਿੰਜ ਅਤੇ ਵੱਢੀ ਉੱਤੇ ਲੱਕ ਬੱਧਾ ਹੋਇਆ ਸੀ ਅਤੇ ਸਰਕਾਰੀ ਪ੍ਰਬੰਧ ਅਤੇ ਅਮਨ ਅਮਾਨ ਉਲਟ ਪੁਲਟ ਹੋਇਆ ਹੋਇਆ ਸੀ।' ਸਿੱਖ ਬਹੁਤੇ ਚੂੰਕਿ ਪੇਂਡੂ ਕਿਸਾਨਾਂ ਵਿਚੋਂ ਬਣੇ ਹੋਏ ਸਨ ਇਸ ਲਈ ਉਹ ਚੰਗੀ ਤਰਾਂ ਜਾਣਦੇ ਸਨ ਕਿ ਪੀੜ ਕਿੱਥੇ ਅਤੇ ਕਿੱਥੋਂ ਹੋ ਰਹੀ ਹੈ। ਜ਼ਿਮੀਂਦਾਰ ਪ੍ਰਬੰਧ ਹੇਠ ਲੋਕਾਂ ਉੱਤੇ ਹੋ ਰਹੇ ਜ਼ੁਲਮ ਵਲ ਕੋਈ ਭੀ ਧਿਆਨ ਨਹੀਂ ਸੀ ਦੇ ਰਿਹਾ। ਇਸ ਲਈ ਹੱਥ ਵਿਚ ਤਾਕਤ ਆ ਜਾਣ ਨਾਲ ਜੋ ਕੰਮ ਕੁਦਰਤੀ ਤੌਰ ਉੱਤੇ ਉਨ੍ਹਾਂ ਨੂੰ ਕਰਨਾ ਚਾਹੀਦਾ ਸੀ ਜਾਂ ਉਨ੍ਹਾਂ ਨੇ ਕੀਤਾ ਉਹ ਸੀ ਇਸ ਜ਼ਿਮੀਂਦਾਰੀ ਨਿਜ਼ਾਮ ਨੂੰ ਜੜੋਂ ਪੁੱਟ ਦੇਣਾ। ਸਿੱਖ ਇਸ ਵਡਿਆਈ ਦੇ ਸਭ ਤੋਂ ਵੱਧ ਭਾਗੀ ਹਨ ਕਿ ਉਨ੍ਹਾਂ ਨੇ ਆਪਣੇ ਥੋੜੇ ਜਿਹੇ ਦਿਨਾਂ ਦੇ ਰਾਜ ਦੇ ਸਮੇਂ ਵਿਚ ਇਕ ਬੜਾ ਵੱਡਾ ਸੁਧਾਰ ਕਰਕੇ ਰੱਖ ਦਿੱਤਾ। ਅਸਲੀ ਹਲਵਾਹਕ ਭੋਇੰ ਦੇ ਮਾਲਕ ਬਣ ਗਏ ਅਤੇ ਉਨ੍ਹਾਂ ਦੇ ਇਲਾਕੇ ਵਿਚੋਂ ਇਹ ਸਦਾ ਵਗਦਾ ਮੋਗਲੀ ਫੋੜਾ ਹੱਟ ਗਿਆ। ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਇਹ ਸੁਧਾਰ ਆਖਰੀ ਅਤੇ ਪੂਰੀ ਹੱਦ ਤਕ ਪਹੁੰਚਾ ਦਿੱਤਾ ਗਿਆ। ਇਹ ਹੀ ਕਾਰਣ ਹੈ ਕਿ ਪੰਜਾਬ ਦਾ ਕਿਸਾਨ ਆਪਣੀ ਕਮਾਈ ਦਾ ਪੂਰਾ ਪੂਰਾ ਮਾਲਕ ਹੈ ਅਤੇ ਹੁਣ ਹੋਏ ਨਵੇਂ ਸੁਧਾਰ ਤੋਂ ਪਹਿਲਾਂ ਉਸ ਦੀ ਮਾਲੀ ਹਾਲਤ ਬੰਗਾਲੀ ਅਤੇ ਪੂਰਬੀਏ ਕਿਸਾਨਾਂ ਨਾਲੋਂ ਬਹੁਤ ਚੰਗੀ ਸੀ।

ਇਸ ਵੇਲੇ ਸਿੰਘਾਂ ਦਾ ਰਾਜ ਭਾਵੇਂ ਛੋਟਾ ਜਿਹਾ ਹੀ ਸੀ ਪਰ ਇਸ ਦੇ ਕਾਇਮ ਹੋ ਜਾਣ ਨਾਲ ਉਨ੍ਹਾਂ ਦੇ ਨਜ਼ਰੀਏ'ਚ ਬੜੀ ਭਾਰੀ ਤਬਦੀਲੀ ਆ ਗਈ। ਜਿਵੇਂ ਗ਼ੈਰ-ਮੁਸਲਿਮ ਲੋਕ ਉਨ੍ਹਾਂ ਨੂੰ ਖ਼ਿਆਲ ਕਰਦੇ ਸਨ, ਉਹ ਭੀ ਆਪਣੇ ਆਪ ਨੂੰ ਦੇਸ਼ ਅਤੇ ਧਰਮ ਦੇ ਰਾਖੇ ਸਮਝਣ ਲੱਗ ਪਏ। ਜਦ ਭੀ ਕਦੀ ਕਿਸੇ ਉੱਤੇ ਹੁੰਦੇ ਜ਼ੁਲਮ ਦਾ ਪਤਾ ਉਨ੍ਹਾਂ ਨੂੰ ਲੱਗਾ ਜਾਂ ਇਸ ਦੀ ਫ਼ਰਿਆਦ ਉਨ੍ਹਾਂ ਪਾਸ ਆਈ ਉਹ ਸਰਕਾਰੀ ਅਫ਼ਸਰਾਂ ਅਤੇ ਹੰਕਾਰੀ ਕਰਮਚਾਰੀਆਂ ਦੇ ਵਿਰੁੱਧ ਉਠ ਖੜੋਤੇ। ਦੁਖੀ ਦੇਸ਼ ਵਾਸੀਆਂ ਦੀ ਸੇਵਾ ਅਤੇ ਸਹਾਇਤਾ ਉਨ੍ਹਾਂ ਨੇ ਆਪਣਾ ਧਾਰਮਿਕ ਫਰਜ਼ ਬਣਾ ਲਿਆ ਅਤੇ ਇਹ ਚੂੰਕਿ ਮੁਗਲ ਕਰਮਚਾਰੀਆਂ ਨੂੰ ਜ਼ੁਮੇਵਾਰ ਅਹੁਦਿਆਂ ਤੋਂ ਹਟਾਉਣ ਨਾਲ ਹੀ ਪੂਰਾ ਹੋ ਸਕਦਾ ਸੀ, ਇਸ ਲਈ ਉਨ੍ਹਾਂ ਨੇ ਥਾਉਂ ਥਾਈਂ ਇਸ ਨੂੰ ਆਪਣੇ ਢੰਗ ਨਾਲ ਸਿਰੇ ਚਾੜ੍ਹਣ ਲਈ ਇਰਦ ਗਿਰਦ ਫੌਜੀ ਮੁਹਿੰਮਾਂ ਚਾੜ੍ਹ ਦਿੱਤੀਆਂ। ਇਸ ਧਾਰਮਿਕ ਪ੍ਰੇਰਨਾ ਨਾਲ ਉਨ੍ਹਾਂ ਨੇ ਉਹ ਸੂਰਮਗਤੀ ਦੇ

ਕਾਰਨਾਮੇ ਕਰ ਵਿਖਾਏ ਜਿਨ੍ਹਾਂ ਨੇ ਦੋ ਕੁ ਮਹੀਨਿਆਂ ਵਿਚ ਹੀ ਸਦੀਆਂ ਦੇ ਅਸਥਾਪਤ ਹੋਏ ਰਾਜ ਕਾਜ ਅਤੇ ਦਸਤੂਰ ਨੂੰ ਬਦਲ ਕੇ ਰਖ ਦਿੱਤਾ।

ਸਿੰਘਾਂ ਦਾ ਕੁਝ ਐਸਾ ਦਬ-ਦਬਾ ਬੈਠਾ ਕਿ ਇਕ ਇਕੱਲੇ ਸਿੱਖ ਦੇ ਦਿਖਾਲੀ ਦੇ ਜਾਣ ਨਾਲ ਹੀ ਪੁਰਾਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਹਿਮਾਇਤੀਆਂ ਦੀ ਭੀੜ ਦੇ ਪਰਾਣ ਸੁੱਕਣ ਲੱਗ ਜਾਂਦੇ। ਮਾਮੂਲੀ ਸਿੰਘ ਭੀ ਆਪਣੇ ਆਪ ਨੂੰ ਵਾਹਿਗੁਰੂ ਦਾ ਰੋਸਾਇਆ ਹੋਇਆ ਹਾਕਮ ਬਣਨ ਦਾ ਹੱਕਦਾਰ ਸਮਝਦਾ ਸੀ। ਸਮਕਾਲੀ ਲਿਖਤਾਂ ਦੇ ਆਧਾਰ ਤੇ ਵਿਲੀਅਮ ਅਰਵਿਨ ਦੱਸਦਾ ਹੈ ਕਿ ਸਿੱਖਾਂ ਦੇ ਕਬਜ਼ੇ ਹੇਠ ਆਏ ਸਾਰੇ ਪਰਗਣਿਆਂ ਵਿਚ ਪੁਰਾਣੇ ਰਿਵਾਜਾਂ ਦਾ ਉਲਟ ਪੁਲਟ ਹੋ ਜਾਣਾ ਹੈਰਾਨ ਕਰ ਦੇਣ ਵਾਲਾ ਅਤੇ ਮੁਕੰਮਲ ਸੀ। ਇਕ ਨੀਚ ਭੰਗੀ ਜਾਂ ਚਮਾਰ ਲਈ, ਜਿਸ ਨੂੰ ਹਿੰਦੁਸਤਾਨੀਆਂ ਦੇ ਖ਼ਿਆਲ ਵਿਚ ਅਤਿ ਨੀਵਾਂ ਸਮਝਿਆ ਜਾਂਦਾ ਹੈ, ਸਿਰਫ ਘਰ ਛੱਡ ਕੇ ਗੁਰੂ [ਬੰਦਾ ਸਿੰਘ ਵਲ ਇਸ਼ਾਰਾ ਹੈ] ਪਾਸ ਕੇਵਲ ਪਹੁੰਚਣਾ ਹੀ ਹੁੰਦਾ ਸੀ ਕਿ ਥੋੜੇ ਚਿਰ ਵਿਚ ਹੀ ਉਹ ਆਪਣੀ ਨਿਯੁਕਤੀਆਂ ਦਾ ਹੁਕਮ ਹੱਥੀਂ ਲੈ ਕੇ ਆਪਣੇ ਜਨਮ ਅਸਥਾਨ ਦਾ ਹਾਕਮ ਬਣ ਆਉਂਦਾ ਸੀ। ਜਦੋਂ ਉਹ ਆਪਣੀ ਸਰਹੱਦ ਉੱਤੇ ਪੈਰ ਆ ਧਰਦਾ, ਉੱਚੇ ਜਨਮ ਵਾਲੇ ਕੁਲੀਨ ਅਤੇ ਧਨਾਢ ਲੋਕ ਉਸ ਦਾ ਸੁਆਗਤ ਕਰਨ ਲਈ ਜਾਂਦੇ ਅਤੇ ਉਸ ਨੂੰ ਨਾਲ ਲਿਆਉਂਦੇ। ਉਥੇ ਪੁੱਜਣ ਪਰ, ਇਹ ਲੋਕ ਹੱਥ ਬੰਨ੍ਹੀਂ ਉਸ ਦੇ ਸਾਹਮਣੇ ਖੜੋ ਜਾਂਦੇ ਅਤੇ ਉਸ ਦੇ ਹੁਕਮ ਦੀ ਉਡੀਕ ਕਰਦੇ...ਕੀ ਮਜਾਲ ਕੋਈ ਉਸ ਦੀ ਹੁਕਮ-ਅਦੂਲੀ ਕਰ ਸਕਦਾ ਅਤੇ ਉਹ ਆਦਮੀ ਜੋ ਕਈ ਵਾਰੀ ਰਣਭੂਮੀ ਦੀ ਜੋਖੋਂ ਵਿਚ ਪੈਣ ਨੂੰ ਤਿਆਰ ਹੋ ਜਾਂਦੇ ਸਨ ਇਸ ਤਰ੍ਹਾਂ ਗਊਆਂ ਬਣ ਕਿ ਅੱਗਿਓਂ ਗੱਲ ਕਰਨੋਂ ਭੀ ਡਰਦੇ ਸਨ।

ਇਸ ਵੇਲੇ ਦੇਸ਼ ਵਿਚ ਸਿੱਖਾਂ ਵਿਚ ਆਮ ਜਾਗ੍ਰਤ ਪੈਦਾ ਹੋ ਗਈ ਸੀ। ਉਨ੍ਹਾਂ ਦੀਆਂ ਮੱਲਾਂ ਮਾਰਾਂ ਕੇਵਲ ਦੱਖਣ ਦੇ ਇਲਾਕੇ ਤਕ ਹੀ ਸੀਮਤ ਨਹੀਂ ਸਨ ਬਲਕਿ ਉੱਤਰ ਵਿਚ ਭੀ ਉਸੇ ਬਲਕਿ ਜ਼ਿਆਦਾ ਸਾਹਸ ਨਾਲ ਹੋ ਰਹੀਆਂ ਸਨ। ਚੂੰਕਿ ਉਨ੍ਹਾਂ ਦੀਆਂ ਜਮਨ-ਗੰਗ ਦੁਆਬ ਦੀਆਂ ਚੜ੍ਹਾਈਆਂ ਉਸੇ ਵੇਲੇ ਹੋਈਆਂ ਸਨ ਜਿਸ ਵੇਲੇ ਕਿ ਬਿਸਤ-ਜਲੰਧਰ ਅਤੇ ਬਾਰੀ ਦੁਆਬਿਆਂ ਵਿਚ, ਇਸ ਲਈ ਇਨ੍ਹਾਂ ਦਾ ਤਾਰੀਖੀ ਕ੍ਰਮ ਅਨੁਸਾਰ ਵਰਨਣ ਕਰ ਸਕਣਾ ਔਖਾ ਹੈ, ਇਸ ਲਈ ਅਸੀਂ ਇਨ੍ਹਾਂ ਦਾ ਜ਼ਿਕਰ ਇਕ ਦੂਸਰੇ ਤੋਂ ਬਾਅਦ ਕਰਾਂਗੇ।

ਅਧਿਆਇ 9

# ਜਮਨ-ਗੰਗ ਦੁਆਬ ਵਿਚ ਚੜ੍ਹਾਈਆਂ

ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ ਸਿੰਘਾਂ ਦੀ ਚੜ੍ਹਦੀ ਕਲਾ ਨੂੰ ਦੇਖ ਕੇ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨਾਂ ਨੇ ਖੰਡੇ ਦਾ ਅੰਮ੍ਰਿਤ ਛੱਕ ਲਿਆ ਅਤੇ ਖ਼ਾਲਸੇ ਸਜ ਗਏ। ਅਜਿਹੇ ਬਹੁਤ ਸਾਰੇ ਸਿੰਘ ਦਿਉਬੰਦ ਦੇ ਪ੍ਰਗਣੇ ਦੇ ਉਨਾਰਸਾ ਪਿੰਡ ਵਿਚ ਸਜੇ ਸਨ। ਇਸ ਇਲਾਕੇ ਦਾ ਫੌਜਦਾਰ ਜਲਾਲ ਖ਼ਾਨ ਸੀ। ਉਸ ਦੇ ਹੁਕਮ ਨਾਲ ਇਹ ਸਿੰਘ ਕੈਦ ਕਰ ਦਿੱਤੇ ਗਏ ਅਤੇ ਇਨ੍ਹਾਂ ਨੂੰ ਤਸੀਹੇ ਦੇਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚੋਂ ਇਕ ਸਿੰਘ ਕਪੂਰ ਸਿੰਘ ਉਥੇ ਪ੍ਰਚਾਰਕ ਨਿਯਤ ਕੀਤਾ ਹੋਇਆ ਸੀ। ਉਸ ਨੇ ਬੰਦਾ ਸਿੰਘ ਨੂੰ ਦੱਸਿਆ ਕਿ ਉਨਾਰਸੇ ਦੇ ਸਿੰਘ ਬੜੀ ਤਕਲੀਫ਼ ਵਿਚ ਹਨ ਅਤੇ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਚੁਨਾਂਚਿ ਬੰਦਾ ਸਿੰਘ ਨੇ ਸੁਣਦੇ ਸਾਰ ਸਿੰਘਾਂ ਦਾ ਇਕ ਦਲ ਵੈਰੀਆਂ ਨੂੰ ਸੋਧਨ ਲਈ ਤੋਰ ਦਿੱਤਾ ਅਤੇ ਆਪ ਭੀ ਓਧਰ ਨੂੰ ਤੁਰ ਪਿਆ।

ਸਹਾਰਨਪੁਰ ਭੀ ਕੱਟੜ ਮੁਸਲਮਾਨਾਂ ਦਾ ਇਕ ਤਕੜਾ ਗੜ੍ਹ ਸੀ। ਅਲੀ ਹਾਮਿਦ ਖ਼ਾਨ ਕਨੌਜੀ ਸੱਯਦ ਇੱਥੇ ਦਾ ਫੌਜਦਾਰ ਸੀ। ਸਿੰਘਾਂ ਨੇ ਉਸ ਨੂੰ ਚਿੱਠੀ ਲਿਖੀ ਕਿ ਜੇ ਉਹ ਈਨ ਮੰਨ ਲਏ ਤਾਂ ਉਸ ਨੂੰ ਕੁਝ ਨਹੀਂ ਕਿਹਾ ਜਾਏਗਾ। ਪਰ ਉਹ ਸਿੰਘਾਂ ਦੇ ਜਮੁਨਾ ਟੱਪ ਆਉਣ ਦੀ ਖ਼ਬਰ ਸੁਣ ਕੇ ਇਤਨਾ ਡਰਿਆ ਕਿ ਭਾਵੇਂ ਸ਼ਹਿਰ ਦੇ ਵੱਡੇ ਵੱਡੇ ਆਦਮੀਆਂ ਅਤੇ ਅਫ਼ਗਾਨਾਂ ਨੇ ਉਸ ਨੂੰ ਕਿਹਾ ਕਿ ਉਹ ਤਕੜਾ ਰਹੇ ਅਤੇ ਸ਼ਹਿਰ ਦੀ ਰਾਖੀ ਦਾ ਪ੍ਰਬੰਧ ਪੱਕਾ ਕਰੇ, ਉਸ ਉੱਤੇ ਕੋਈ ਅਸਰ ਨਾ ਹੋਇਆ। ਉਸ ਨੇ ਆਪਣਾ ਮਾਲ ਮਤਾਹ ਇਕੱਠਾ ਕੀਤਾ ਅਤੇ ਆਪਣੇ ਟੱਬਰ ਨੂੰ ਨਾਲ ਲੈ ਕੇ ਉਸੇ ਰਾਤੀਂ ਵਾਹੋ ਦਾਹੀ ਦਿੱਲੀ ਨੂੰ ਦੌੜ ਗਿਆ। ਪਰ ਸ਼ਹਿਰ ਦੇ ਲੋਕ ਅਤੇ ਹੋਰ ਕਰਮਚਾਰੀ ਕੁਝ ਚੰਗੀ ਮਿੱਟੀ ਦੇ ਬਣੇ ਹੋਏ ਸਨ ਅਤੇ ਇਕ ਮੁੱਠ ਅਤੇ ਇਕ-ਸਲਾਹ ਹੋ ਕੇ ਕੰਮ ਕਰਨ ਵਾਲੇ ਸਨ। ਉਨ੍ਹਾਂ ਨੇ ਸ਼ਹਿਰ ਦੇ ਆਲੇ ਦੁਆਲੇ ਮੋਰਚੇ ਬਣਾ ਲਏ ਅਤੇ ਸਿੰਘਾਂ ਦੀ ਰੋਕ ਦਾ ਪ੍ਰਬੰਧ ਕਰ ਕੇ ਉਨ੍ਹਾਂ ਦਾ ਤੀਰਾਂ ਅਤੇ ਗੋਲੀਆਂ ਨਾਲ ਸੁਆਗਤ ਕੀਤਾ, ਪਰ ਇਹ ਜਤਨ ਸਫਲ ਨਾ ਹੋ ਸਕਿਆ। ਸਿੰਘ ਉਨ੍ਹਾਂ ਨਾਲੋਂ ਡਾਢੇ ਸਨ। ਇੱਕੋ ਜ਼ੋਰਦਾਰ ਹੱਲੇ ਨਾਲ ਉਹ ਇਨ੍ਹਾਂ ਨੂੰ ਧੱਕ ਕੇ ਲੈ ਗਏ ਅਤੇ ਸ਼ਹਿਰ ਦੇ ਬਹੁਤ ਸਾਰੇ ਹਿੱਸੇ ਉੱਤੇ ਕਾਬਜ਼ ਹੋ ਗਏ। ਸ਼ਹਿਰ ਵਿਚ ਲੁੱਟ ਪੈ ਗਈ। ਲੜਾਈ ਵਿਚ ਬਹੁਤ ਸਾਰੇ ਬੰਦੇ ਮਾਰੇ ਗਏ ਅਤੇ ਚੋਖਾ ਮਾਲ ਸਿੰਘਾਂ ਦੇ ਹੱਥ ਆਇਆ। ਸਿੰਘਾਂ ਨੇ ਸਹਾਰਨਪੁਰ ਦਾ ਨਾਉਂ ਬਦਲ ਕੇ ਭਾਗ-ਨਗਰ ਰਖ ਦਿੱਤਾ।

ਜਮਨਾ ਪਾਰ ਦੇ ਇਲਾਕੇ ਵਿਚ ਚੋਖੀ ਵਸੋਂ ਗੁੱਜਰਾਂ ਦੀ ਹੈ, ਜੋ ਲੁੱਟ ਮਾਰ ਵਿਚ

ਕਾਫ਼ੀ ਤਾਕ ਹਨ। ਹਲ-ਵਾਹਕ ਹੋਣ ਕਰਕੇ ਇਹ ਭੀ ਸਰਕਾਰੀ ਕਰਮਚਾਰੀਆਂ ਤੋਂ ਤੰਗ ਆਏ ਹੋਏ ਸਨ ਅਤੇ ਬਦਲੇ ਲੈਣ ਲਈ ਮੌਕੇ ਦੀ ਤਾੜ ਵਿਚ ਸਨ। ਜਦ ਸਿੰਘਾਂ ਦੇ ਦਰਿਆ ਪਾਰ ਕਰ ਆਉਣ ਨਾਲ ਰਾਜ-ਰੌਲਾ ਮਚ ਗਿਆ ਤਾਂ ਇਨ੍ਹਾਂ ਦਾ ਭੀ ਦਾਉ ਲੱਗ ਗਿਆ। ਇਨ੍ਹਾਂ ਵਿਚੋਂ ਕੁਝ ਸਿੰਘਾਂ ਨਾਲ ਰਲ ਗਏ, ਪਰ ਬਹੁਤ ਸਾਰੇ ਟੋਲੇ ਖੁਲ੍ਹੇ ਹੀ ਵਿਚਰਨ ਲੱਗ ਪਏ ਅਤੇ ਧਾੜੇ ਮਾਰਨ ਲੱਗ ਪਏ।

ਆਲੇ ਦੁਆਲੇ ਦੇ ਸਾਰੇ ਇਲਾਕੇ ਵਿਚ ਥਲਕਾ ਮਚ ਗਿਆ। ਸਰਦੇ ਪੁਜਦੇ ਲੋਕ, ਜਾਂ ਜਿਨ੍ਹਾਂ ਪਾਸ ਸਵਾਰੀ ਦਾ ਕੋਈ ਪ੍ਰਬੰਧ ਸੀ, ਆਪਣਾ ਮਾਲ ਅਤੇ ਟੱਬਰ ਲੱਦ ਕੇ ਨਿਕਲ ਗਏ। ਦੂਸਰੇ ਆਪਣੇ ਇਸਤਰੀ ਬੱਚਿਆਂ ਨੂੰ ਲੈ ਕੇ ਪੈਰੀਂ ਤੁਰ ਗਏ। ਕਈ ਜ਼ਨਾਨੀਆਂ ਨੂੰ ਜਿਨ੍ਹਾਂ ਕਦੀ ਆਪਣੇ ਵਿਹੜਿਆਂ ਤੋਂ ਬਾਹਰ ਪੈਰ ਨਹੀਂ ਸੀ ਧਰਿਆ ਅਤੇ ਬਾਹਰ ਕਦੀ ਪੈਦਲ ਨਹੀਂ ਸੀ ਤੁਰੀਆਂ, ਮੀਲਾਂ ਦੇ ਪੰਧ ਪੈਦਲ ਕਰਨੇ ਪੈ ਗਏ।

ਇਸ ਭਗਦੜ ਦੀ ਹਾਲਤ ਵਿਚ ਸਹਾਰਨਪੁਰ ਦਾ ਅੱਧਾ ਇਲਾਕਾ ਖ਼ਾਲੀ ਹੋ ਗਿਆ ਅਤੇ ਸੌਖੇ ਹੀ ਸਿੰਘਾਂ ਦੇ ਹੱਥ ਆ ਗਿਆ। ਬੰਦਾ ਸਿੰਘ ਆਪ ਤਾਂ ਸਹਾਰਨਪੁਰ ਟਿਕ ਗਿਆ ਅਤੇ ਛੋਟੇ ਛੋਟੇ ਜੱਥੇ ਇਲਾਕੇ ਵਿਚ ਫਿਰ ਨਿਕਲੇ। ਇਕ ਜੱਥਾ ਸਹਾਰਨਪੁਰ ਦੇ ਉੱਤਰ ਨੂੰ ਬਿਹਤ ਵਲ ਗਿਆ। ਇਹ ਕਸਬਾ ਬੜਾ ਬਦਨਾਮ ਸੀ ਅਤੇ ਇਥੇ ਦੇ ਹਿੰਦੂ ਬੜੇ ਦੁਖੀ ਸਨ। ਇਥੇ ਪੀਰਜ਼ਾਦਿਆਂ ਦਾ ਇਕ ਬੜਾ ਧਨਾਢ ਟੱਬਰ ਵਸਦਾ ਸੀ ਜਿਸ ਦੀ ਸ਼ਹਿ ਨਾਲ ਇਥੇ ਖੁਲ੍ਹੇ ਬਾਜ਼ਾਰਾਂ ਵਿਚ ਗਲੀਆਂ ਵਿਚ ਗਊ-ਬਧ ਹੁੰਦਾ ਸੀ। ਇਥੇ ਦੀ ਦੁਖੀ ਹਿੰਦੂ ਪਰਜਾ ਦੀ ਪੁਕਾਰ ਸੁਣ ਕੇ ਸਿੰਘਾਂ ਨੇ ਬਿਹਤ ਨੂੰ ਸੋਧ ਕੱਢਿਆ ਅਤੇ ਪੀਰਜ਼ਾਦਿਆਂ ਨੂੰ ਉਨ੍ਹਾਂ ਦੇ ਜ਼ੁਲਮਾਂ ਦੀ ਸਜ਼ਾ ਦਿੱਤੀ। ਇਨ੍ਹਾਂ ਵਿਚੋਂ ਕੇਵਲ ਇਕ ਬੰਦਾ ਹੀ ਬਚਿਆ ਦੱਸੀਦਾ ਹੈ, ਜੋ ਉਸ ਦਿਨ ਬੁਲੰਦ ਸ਼ਹਿਰ ਗਿਆ ਹੋਇਆ ਸੀ। ਜੀ. ਆਰ. ਸੀ. ਵਿਲੀਅਮਜ਼ ਦੇ ਕਥਨ ਅਨੁਸਾਰ ਇਨ੍ਹਾਂ ਨੂੰ ਗਾਈਆਂ ਮਾਰਨ ਦੀ ਸਜ਼ਾ ਦੇ ਤੌਰ ਤੇ ਮੌਤ ਦੀ ਸਜ਼ਾ ਦਿੱਤੀ ਜਿਹੜਾ ਜੁਰਮ ਕਿ ਇਨ੍ਹਾਂ ਦੇ ਵਿਰੁੱਧ ਸੌਖੇ ਹੀ ਸਾਬਤ ਹੋ ਗਿਆ ਜਿਸ ਜੁਰਮ ਦੀ ਮਨਾਹੀ ਦਾ, ਜਿਤਨੀ ਦੇਰ ਕਿ ਸਾਨੂੰ ਆਪਣੀ ਤਾਕਤ ਦਾ ਪਤਾ ਨਹੀਂ ਸੀ ਲੱਗਾ, ਸਾਡੀ ਸਰਕਾਰ ਨੇ ਭੀ ਐਲਾਨ ਕੀਤਾ ਹੋਇਆ ਸੀ।

ਇਸ ਜੱਥੇ ਦੇ ਸਹਾਰਨਪੁਰ ਨੂੰ ਮੁੜਨ ਪਰ ਸਿੰਘਾਂ ਦੇ ਇਕ ਛੋਟੇ ਜਿਹੇ ਦਸਤੇ ਨੇ ਗੜ੍ਹੀ ਜਲਾਲ ਖ਼ਾਨ ਵਲ ਨੂੰ ਧਾਈ ਕਰ ਦਿੱਤੀ। ਇਹ ਗੜ੍ਹੀ ਸਹਾਰਨਪੁਰ ਦੇ ਲਾਗੇ ਹੀ ਸੀ ਅਤੇ ਜਲਾਲ ਖ਼ਾਨ ਨੇ ਇੱਥੇ ਕਾਫ਼ੀ ਜੰਗੀ ਸਾਮਾਨ ਅਤੇ ਆਦਮੀ ਰੱਖੇ ਹੋਏ ਸਨ ਜਿਨ੍ਹਾਂ ਦਾ ਸਿੰਘਾਂ ਨੂੰ ਕੋਈ ਪਤਾ ਨਹੀਂ ਸੀ। ਸਿੰਘਾਂ ਦੀ ਗਿਣਤੀ ਬਹੁਤ ਹੀ ਥੋੜੀ ਸੀ, ਇਸ ਲਈ ਇਹ ਬਿਨਾਂ ਕਿਸੇ ਟੱਕਰ ਲੈਣ ਤੋਂ ਹੀ ਵਾਪਸ ਮੁੜ ਆਏ। ਇਨ੍ਹਾਂ ਦਾ ਆਗੂ ਅਮਰ ਸਿੰਘ ਥਾਨੇਦਾਰ ਸੁਲਤਾਨਪੁਰ ਸੀ। ਇਹ ਗੱਲ ਲੱਗ ਭਗ 10–12 ਜੂਨ, 1710 ਦੀ ਹੈ।

ਇਨ੍ਹੀਂ ਦਿਨੀਂ ਬੂੜੀਏ ਉੱਤੇ ਸਿੰਘਾਂ ਦਾ ਕਬਜ਼ਾ ਹੋ ਚੁੱਕਾ ਹੋਇਆ ਸੀ ਅਤੇ ਉਸ ਦਾ ਨਾਉਂ ਬਦਲ ਕੇ ਗੁਲਾਬ–ਨਗਰ ਰੱਖ ਦਿੱਤਾ ਹੋਇਆ ਸੀ। ਇਥੇ ਗੁਰਬਖਸ਼ ਸਿੰਘ ਫੌਜਦਾਰ ਅਤੇ ਅਮੀਨ ਸੀ। ਇਸ ਨੇ ਬੂੜੀਏ (ਗੁਲਾਬ-ਨਗਰ) ਦੇ ਕਾਜ਼ੀ ਸ਼ਾਹ ਮੁਹੰਮਦ ਨੂੰ

ਕੈਦ ਕਰ ਕੇ ਅਤੇ ਮਾਲ ਜ਼ਬਤ ਕਰ ਕੇ ਲੋਹਗੜ੍ਹ ਭੇਜ ਦਿੱਤਾ ਹੋਇਆ ਸੀ ਜਿਥੇ ਉਹ ਮੀਹਾਂ ਸਿੰਘ ਦੇ ਹਵਾਲੇ ਸੀ। ਬੰਦਾ ਸਿੰਘ ਨੂੰ ਸ਼ੱਕ ਸੀ ਕਿ ਗੁਰਬਖ਼ਸ਼ ਸਿੰਘ ਅਤੇ ਮੀਹਾਂ ਸਿੰਘ ਨੇ ਕਾਜ਼ੀ ਸ਼ਾਹ ਮੁਹੰਮਦ ਦੇ ਕੁਝ ਮਾਲ ਨੂੰ ਹੇਠ ਉੱਤੇ ਕਰ ਦਿੱਤਾ ਹੈ, ਇਸ ਲਈ ਉਸ ਨੇ ਬੂੜੀਏ ਦੇ ਕੁਲ ਅਖ਼ਤਿਆਰ ਕਿਸ਼ੋਰ ਸਿੰਘ ਨੂੰ ਦੇ ਦਿੱਤੇ।

23 ਜੁਲਾਈ ਸਨ 1710 (7 ਜਮਾਦੀਉ-ਸਾਨੀ, 4 ਬਹਾਦੁਰ ਸ਼ਾਹੀ) ਦੀ ਸ਼ਾਹੀ ਦਰਬਾਰ ਦੀ ਖ਼ਬਰ ਵਿਚ ਲਿਖਿਆ ਹੋਇਆ ਹੈ 'ਕਿ ਲੋਕੀ ਕਹਿ ਰਹੇ ਨੇ ਕਿ ਦਾਬੜ (ਕਿਲਾ ਲੋਹਗੜ੍ਹ) ਤੋਂ ਸਹਾਰਨਪੁਰ ਜਾਣ ਲਈ ਜਦ ਗੁਰੂ [ਬੰਦਾ ਸਿੰਘ] ਜਮਨਾ ਨਦੀ ਉੱਤੇ ਪੁੱਜਾ ਤਾਂ ਉਹ ਬੜੇ ਜ਼ੋਰ ਵਿਚ ਚਲ ਰਹੀ ਸੀ। ਉਹ ਸੋਟੀ ਹੱਥ ਲੈ ਕੇ ਦਰਿਆ ਦੇ ਕੰਢੇ ਪੁਜਾ ਅਤੇ ਕਹਿਣ ਲਗਾ ਕਿ ਮੈਨੂੰ ਅਤੇ ਮੇਰੀ ਫੌਜ ਨੂੰ ਰਾਹ ਦੇ ਦੇ। ਕਹਿੰਦੇ ਹਨ ਕਿ ਪਾਣੀ ਉਤਰ ਗਿਆ ਅਤੇ ਸਾਰੇ ਲੋਕ ਦਰਿਆਓਂ ਪਾਰ ਹੋ ਗਏ।

ਜਦ ਬੰਦਾ ਸਿੰਘ 10-12 ਜੂਨ 1710 ਨੂੰ ਬੂੜੀਏ ਦੇ ਪੱਤਣੋਂ ਜਮੁਨਾ ਪਾਰ ਕਰ ਕੇ ਸਹਾਰਨਪੁਰ ਪੁੱਜਾ ਤਾਂ ਅਮਰ ਸਿੰਘ ਥਾਨੇਦਾਰ ਸੁਲਤਾਨਪੁਰ ਪੇਸ਼ ਹੋਇਆ। ਬੰਦਾ ਸਿੰਘ ਉਸ ਨੂੰ ਬੜਾ ਗੁੱਸੇ ਹੋਇਆ ਅਤੇ ਦੋ ਵਾਰੀ ਨੇਜ਼ਾ ਚੁੱਕ ਕੇ ਉਸ ਨੂੰ ਘੂਰਿਆ ਕਿ ਅਫ਼ਗਾਨ ਨਾਲ ਜੰਗੋਂ ਕਿਉਂ ਦੌੜ ਆਇਆ ਹੈਂ? ਉਸ ਨੇ ਅੱਗੋਂ ਉੱਤਰ ਦਿੱਤਾ ਕਿ ਕਸੂਰ ਖ਼ਾਲਸਿਆਂ ਦਾ ਹੈ ਅਤੇ ਲਾਲ ਕੁੰਵਰ ਗੁੱਜਰ ਨੇ ਧੋਖਾ ਕੀਤਾ ਹੈ ਜਿਸ ਕਰਕੇ ਸਾਨੂੰ ਭਾਂਜ ਪੈ ਗਈ। ਬੰਦਾ ਸਿੰਘ ਨੇ ਕਿਹਾ ਮੈਂ ਧਰਮ ਲਈ ਇਹ ਕੰਮ ਚੁੱਕਿਆ ਹੈ, ਕੀ ਗੁੱਜਰ ਅਤੇ ਕੀ ਹਿੰਦੂ, ਆਪਣੇ ਆਪ ਆ ਕੇ ਨੌਕਰ ਹੋਇਆ ਕਰਨਗੇ। ਬੰਦਾ ਸਿੰਘ ਨੇ ਬੂੜੀਏ ਦੇ ਜ਼ਿਮੀਦਾਰ ਜਾਨ ਮੁਹੰਮਦ ਨੂੰ ਕਿਹਾ ਕਿ ਮੈਂ ਤੈਨੂੰ ਸਾਰੇ ਪਰਗਣੇ ਦਾ ਜ਼ਿਮੀਂਦਾਰ ਬਣਾ ਦਿੱਤਾ ਹੈ ਅਤੇ ਤੇਰਾ ਕਸੂਰ ਮਾਫ਼ ਕਰ ਦਿੱਤਾ ਹੈ। ਤੂੰ ਆਪਣੇ ਬੰਦੇ ਲੈ ਜਾ ਅਤੇ ਚੂੰਡਲੇ ਦੇ ਜ਼ਿਮੀਂਦਾਰ ਸਰਦਾਰ ਖ਼ਾਨ ਨੂੰ ਲੈ ਆ ਅਤੇ ਫੇਰ ਜਲਾਲ ਖ਼ਾਨ ਨੂੰ ਸੋਧਣ ਲਈ ਸਾਡੇ ਨਾਲ ਚਲੀਂ।

ਸਹਾਰਨਪੁਰੋਂ ਜਲਾਲਾਬਾਦ ਨੂੰ ਸਿੱਧੇ ਰਸਤੇ ਵਿਚ ਨਾਨੌਤਾ ਆਉਂਦਾ ਸੀ। ਪਰ ਇਥੇ ਹੱਲਾ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਅੰਬੇਹਤਾ ਮਾਰ ਲੈਣਾ ਚੰਗਾ ਸਮਝਿਆ ਤਾਂ ਕਿ ਉਨ੍ਹਾਂ ਦਾ ਇਸ ਮੁਹਿੰਮ ਉੱਤੇ ਹੋ ਰਿਹਾ ਖ਼ਰਚ ਕੁਝ ਪੂਰਾ ਹੋ ਜਾਏ। ਇਥੇ ਧਨਾਢ ਪਠਾਣਾਂ ਦੀ ਵਸੋਂ ਸੀ। ਪ੍ਰਸਿੱਧ ਮੁਸਲਮਾਨ ਪੀਰ ਸ਼ੇਖ ਅਬਦੁਲ ਅਲੀ ਮੁਆਲੀ ਕਰਕੇ ਇਥੇ ਧਨਾਢ ਲੋਕ ਬਹੁਤ ਆ ਵਸੇ ਹੋਏ ਸਨ। ਇਨ੍ਹਾਂ ਨੇ ਸਿੰਘਾਂ ਦਾ ਕੋਈ ਟਾਕਰਾ ਨਾ ਕੀਤਾ ਅਤੇ ਉਹ ਸੌਖੇ ਹੀ ਸ਼ਹਿਰ ਦੇ ਮਾਲਕ ਹੋ ਗਏ।

ਇਸ ਤੋਂ ਬਾਅਦ ਸਿੰਘਾਂ ਦੇ ਛੋਟੇ ਛੋਟੇ ਦਲ ਇਲਾਕੇ ਵਿਚ ਫਿਰ ਨਿਕਲੇ ਅਤੇ ਆਲੇ ਦੁਆਲੇ ਕਈ ਥਾਈਂ ਕਬਜ਼ੇ ਕਰ ਲਏ। 4 ਜਮਾਦੀ-ਉਲ-ਅੱਵਲ 1122 ਹਿਜਰੀ (20 ਜੂਨ, 1710) ਨੂੰ ਪਿੰਡ ਰੜ੍ਹ ਦੇ ਲਾਗੇ, ਜਿਥੇ ਕਿ ਧਿਰਾਣੇ ਅਤੇ ਆਲੇ ਦੁਆਲੇ ਦੇ ਮੁਸਲਮਾਨ ਇਕ ਦਿਨ ਪਹਿਲਾਂ 19 ਜੂਨ ਨੂੰ ਸਿੰਘਾਂ ਵਿਰੁੱਧ ਜਹਾਦ ਲਈ ਜਮ੍ਹਾਂ ਹੋਏ ਸਨ ਅਤੇ ਜਲਾਲ ਖ਼ਾਨ ਆਪਣੇ ਪੋਤਰੇ ਗੁਲਾਮ ਮੁਹੰਮਦ ਅਤੇ ਪੀਰ ਮੁਹੰਮਦ ਨੂੰ ਨਾਲ ਲੈ ਕੇ ਆਇਆ ਹੋਇਆ ਸੀ, ਟੱਕਰ ਹੋ ਗਈ ਜਿਸ ਵਿਚ ਜਹਾਦੀਆਂ

ਦਾ ਜ਼ੋਰ ਪੈ ਗਿਆ ਅਤੇ ਸਿੰਘਾਂ ਨੂੰ ਪਿੱਛੇ ਹਟਣਾ ਪੈ ਗਿਆ। ਸਿੰਘਾਂ ਦੀਆਂ ਦੋ ਤੋਪਾਂ, ਪੰਜ ਰਹਿਕਲੇ, 60 ਰਾਮ-ਜੰਗੇ, ਦੋ ਤਲਵਾਰਾਂ ਅਤੇ ਚਾਰ ਤੰਬੋਈਆਂ ਮੁਸਲਮਾਨਾਂ ਦੇ ਹੱਥ ਆ ਗਈਆਂ।

25 ਜਮਾਦੀ-ਉਲ-ਅੱਵਲ, 11 ਜੁਲਾਈ ਸੰਨ 1710 ਨੂੰ ਬੰਦਾ ਸਿੰਘ ਅਤੇ ਸਿੰਘ ਨਾਨੌਤੇ ਪੁੱਜੇ। ਇਸ ਵੇਲੇ ਤਕ ਗੁੱਜਰਾਂ ਦੀ ਚੋਖੀ ਗਿਣਤੀ ਆਪਣੇ ਪੁਰਾਣੇ ਬਦਲੇ ਕੱਢਣ ਲਈ ਸਿੰਘਾਂ ਨਾਲ ਆ ਰਲੀ ਸੀ। ਇਹ ਚਾਹੁੰਦੇ ਸਨ ਕਿ ਮੁਸਲਮਾਨੀ ਰਾਜ ਤੋਂ ਆਜ਼ਾਦ ਹੋਣ ਲਈ ਕੋਈ ਮੌਕਾ ਲਭ ਜਾਏ। ਇਨ੍ਹਾਂ ਗੁੱਜਰਾਂ ਨੇ ਐਲਾਨ ਕੀਤਾ ਕਿ ਅਸੀਂ ਸਾਰੇ ਗੁਰੂ ਨਾਨਕ ਦੇ ਸਿੱਖ ਸੇਵਕ ਨਾਨਕ-ਪੰਥੀ ਹਾਂ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਬੰਗਾਲ, ਉੜੀਸਾ ਵਿਚ ਉਸ ਵੇਲੇ ਬੜੀ ਭਾਰੀ ਗਿਣਤੀ ਨਾਨਕ-ਪੰਥੀਆਂ ਦੀ ਸੀ ਅਤੇ ਹੁਣ ਤਕ ਚਲੀ ਆ ਰਹੀ ਸੀ। ਪਰ ਸਿੱਖੀ ਦਾ ਕੋਈ ਪ੍ਰਚਾਰ ਨਾ ਹੋਣ ਕਰਕੇ ਥੋੜ੍ਹੇ ਚਿਰ ਤੋਂ ਘਟਦੀ ਜਾ ਰਹੀ ਹੈ।

ਮੁਜ਼ੱਫ਼ਰ ਨਗਰ ਦੇ ਗੈਜ਼ਟੀਅਰ ਵਿਚ ਨੈਵਿਲ ਲਿਖਦਾ ਹੈ ਕਿ 'ਕੁਝ ਕੁ ਧਰਮ ਅਤੇ (ਮੁਸਲਮਾਨਾਂ ਵਿਰੁੱਧ) ਨਫ਼ਰਤ ਦੀ ਸਾਂਝ ਨੇ ਵੇਲੇ ਦੀ ਤਾਕਤ ਨੂੰ ਉਖੇੜਨ ਲਈ ਗੁੱਜਰਾਂ ਨੂੰ ਸਿੱਖਾਂ ਦੇ ਸਹਾਇਕ ਬਣਾ ਦਿੱਤਾ, ਪਰ ਸ਼ਾਇਦ ਇਸ ਵਿਚ ਉਨ੍ਹਾਂ ਦਾ ਪਿਤਾ ਪੁਰਖੀ ਅਤੇ ਸੁਭਾਵਕ ਲੁੱਟ ਮਾਰ ਦਾ ਪਿਆਰ ਕੰਮ ਕਰਦਾ ਸੀ ਜਾਂ ਸ਼ਾਇਦ ਆਪਣੇ ਪਿੰਡਾਂ ਨੂੰ ਬਚਾਉਣ ਦਾ ਖ਼ਿਆਲ।'

ਨਾਨੌਤੇ ਦੇ ਸ਼ੇਖ਼-ਜ਼ਾਦੇ ਤੀਰ ਚਲਾਉਣ ਵਿਚ ਬੜੇ ਮਾਹਰ ਪ੍ਰਸਿੱਧ ਸਨ ਅਤੇ ਉਨ੍ਹਾਂ ਨੇ ਸਿੰਘਾਂ ਨੂੰ ਰੋਕਣ ਲਈ ਆਪਣਾ ਪੂਰਾ ਜ਼ੋਰ ਲਾਇਆ ਪਰ ਇਸ ਨਾਲ ਹੋਏ ਸਿੰਘਾਂ ਦੇ ਨੁਕਸਾਨ ਨੇ ਉਨ੍ਹਾਂ ਨੂੰ ਹੋਰ ਗੁੱਸਾ ਚੜ੍ਹਾ ਦਿੱਤਾ। ਗਲੀਆਂ ਅਤੇ ਹਵੇਲੀਆਂ ਵਿਚ ਗਹਿ ਗੱਚ ਲੜਾਈ ਹੋ ਪਈ ਅਤੇ ਅਜਿਹੀ ਤਬਾਹੀ ਹੋਈ ਕਿ ਇਕ ਸਮਕਾਲੀ ਲਿਖਾਰੀ ਮੁਹੰਮਦ ਜ਼ਫ਼ਰੁੱਦੀਨ ਦੇ ਰੋਜ਼ਨਾਮਚੇ ਅਨੁਸਾਰ, ਜਿਸ ਦਾ ਜ਼ਿਕਰ ਜੀ. ਆਰ. ਸੀ. ਵਿਲੀਅਮਜ਼ ਨੇ ਕੀਤਾ ਹੈ, ਤਿੰਨ ਸੌ ਸ਼ੇਖ਼ਜ਼ਾਦੇ ਇਕੱਲੇ ਸ਼ੇਖ਼ ਮੁਹੰਮਦ ਅਫ਼ਜ਼ਲ ਦੇ ਵਿਹੜੇ ਵਿਚ ਹੀ ਮਾਰੇ ਗਏ। ਨਾਨੌਤਾ ਥੋੜ੍ਹੇ ਚਿਰ ਵਿਚ ਹੀ ਧੁਖਦੇ ਖੋਲਿਆਂ ਦੀ ਇਕ ਥੇਹ ਬਣ ਗਿਆ। ਵਿਲੀਅਮਜ਼ ਦਸਦਾ ਹੈ ਕਿ 25 ਜਮਾਦੀ-ਉਲ-ਅੱਵਲ (11 ਜੁਲਾਈ, 1710) ਦਾ ਦਿਨ ਹਾਲ ਤਕ ਲੋਕਾਂ ਨੂੰ ਯਾਦ ਹੈ ਅਤੇ ਇਸ ਦਿਨ ਤੋਂ ਇਸ ਮੰਦਭਾਗੇ ਸ਼ਹਿਰ ਦਾ ਨਾਉਂ 'ਫੂਟਾ ਸ਼ਹਿਰ' ਪੈ ਗਿਆ ਜਿਸ ਨੇ ਇਸ ਦਾ ਅਸਲ ਨਾਉਂ ਲੋਕਾਂ ਦੀ ਬੋਲੀ ਵਿਚੋਂ ਬਿਲਕੁਲ ਕੱਢ ਕੇ ਰਖ ਦਿੱਤਾ ਹੈ।

ਨਾਨੌਤੇ ਤੋਂ ਬਾਅਦ ਬੰਦਾ ਸਿੰਘ, ਮਾਲੂਮ ਹੁੰਦਾ ਹੈ, ਸਹਾਰਨਪੁਰ ਨੂੰ ਮੁੜ ਗਿਆ ਅਤੇ ਸਿੰਘਾਂ ਦਾ ਇਕ ਜੱਥਾ ਜਲਾਲਾਬਾਦ ਵਲ ਨੂੰ ਵਧਿਆ। ਇਨ੍ਹਾਂ ਨੇ ਜਲਾਲ ਖ਼ਾਨ ਨੂੰ ਚਿੱਠੀ ਲਿਖੀ ਕਿ ਉਹ ਉਨਾਰਸੇ ਦੇ ਕੈਦ ਕੀਤੇ ਹੋਏ ਸਿੰਘ ਛਡ ਦੇਵੇ ਅਤੇ ਖਾਲਸੇ ਦੀ ਈਨ ਮੰਨ ਲਵੇ। ਪਰ ਜਲਾਲ ਖ਼ਾਨ ਸਹਾਰਨਪੁਰੀਏ ਅਲੀ ਹਾਮਿਦ ਖ਼ਾਨ ਨਾਲੋਂ ਵੱਖਰੀ ਕਿਸਮ ਦਾ ਬੰਦਾ ਸੀ ਅਤੇ ਦਲੇਰੀ ਤੇ ਬਹਾਦੁਰੀ ਵਿਚ ਕਾਫ਼ੀ ਪ੍ਰਸਿੱਧ ਸੀ। ਇਸ ਨੇ ਤਿਆਰੀ ਭੀ ਕਾਫ਼ੀ ਕੀਤੀ ਹੋਈ ਸੀ। ਇਸ ਨੂੰ ਸਿੰਘਾਂ ਦੇ ਜਲਾਲਬਾਦ ਉੱਤੇ ਚੜ੍ਹਾਈ

ਦੀ ਮਨਸ਼ਾ ਦੀ ਖਬਰ ਦੇਰ ਦੀ ਲਗ ਚੁੱਕੀ ਹੋਈ ਸੀ ਅਤੇ ਸਰਹੰਦ, ਸਹਾਰਨਪੁਰ ਆਦਿ ਉੱਤੇ ਬੀਤੇ ਹਾਲਾਤ ਦਾ ਭੀ ਪਤਾ ਸੀ। ਇਸ ਲਈ ਇਸ ਨੇ ਜਲਾਲਾਬਾਦ ਦਾ ਕੋਟ ਮਜ਼ਬੂਤ ਕਰ ਲਿਆ ਸੀ ਅਤੇ ਫੌਜ ਅਤੇ ਜੰਗੀ ਸਾਮਾਨ ਭੀ ਚੋਖਾ ਇਕੱਠਾ ਕੀਤਾ ਹੋਇਆ ਸੀ। ਜਦ ਸਿੰਘਾਂ ਦੀ ਚਿੱਠੀ ਇਸ ਨੂੰ ਪੁੱਜੀ ਤਾਂ ਇਸ ਨੇ ਚਿੱਠੀ ਲਿਜਾਣ ਵਾਲੇ ਏਲਚੀ ਸਿੰਘਾਂ ਨੂੰ ਗਧਿਆਂ ਉੱਤੇ ਚੜ੍ਹਾ ਕੇ ਸ਼ਹਿਰ ਵਿਚ ਦੀ ਫੇਰ ਕੇ ਬਾਹਰ ਕੱਢ ਦੇਣ ਦਾ ਹੁਕਮ ਦੇ ਦਿੱਤਾ।

ਬਾਦਸ਼ਾਹ ਬਹਾਦੁਰ ਸ਼ਾਹ ਨੂੰ ਬੰਦਾ ਸਿੰਘ ਦੇ ਸਹਾਰਨਪੁਰ ਦੇ ਪਰਗਣੇ ਵਿਚ ਦਾਖ਼ਲ ਹੋਣ ਦੀ ਖ਼ਬਰ 7 ਜਮਾਦੀ-ਉਲ-ਅੱਵਲ ਸਨ 4 ਬਹਾਦੁਰ ਸ਼ਾਹੀ (23 ਜੂਨ ਸਨ 1710) ਨੂੰ ਲਗੀ ਅਤੇ ਅੱਠ ਦਿਨ ਪਿਛੋਂ 1 ਜੁਲਾਈ (15 ਜਮਾਦੀ-ਉਲ-ਅੱਵਲ) ਨੂੰ ਪਿੰਡ ਗੜ੍ਹ ਵਿਚ 20 ਜੂਨ ਨੂੰ ਹੋਈ ਟੱਕਰ ਦੀ ਖ਼ਬਰ ਮਿਲਣ ਪਰ ਬਾਦਸ਼ਾਹ ਨੇ ਇਕ ਖ਼ਿੱਲਤ, ਫ਼ਰਮਾਨ ਅਤੇ ਇਕ ਘੋੜਾ ਜਲਾਲ ਖ਼ਾਨ ਨੂੰ ਭੇਜਿਆ। ਜਿਉਂ ਜਿਉਂ ਸਿੰਘਾਂ ਦੇ ਜਲਾਲਬਾਦ ਵਲ ਵਧਣ ਅਤੇ ਉਥੇ ਘੇਰਾ ਜਾ ਪਾਉਣ ਦੀਆਂ ਖ਼ਬਰਾਂ ਪੁਜਦੀਆਂ ਗਈਆਂ, ਬਾਦਸ਼ਾਹ ਜਲਾਲ ਖ਼ਾਨ ਦੀ ਸਹਾਇਤਾ ਲਈ ਹੁਕਮ ਦਿੰਦਾ ਗਿਆ। ਇਸ ਵੇਲੇ ਬਾਦਸ਼ਾਹ ਪਾਸ ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਪੁਜ ਰਹੀਆਂ ਸਨ ਜਿਨ੍ਹਾਂ ਵਿਚ ਲਿਖਿਆ ਹੋਇਆ ਹੁੰਦਾ ਸੀ ਕਿ ਜਲਾਲ ਖ਼ਾਨ ਰੁਹੇਲੇ ਅਤੇ ਬਾਰ੍ਹੇ ਦੇ ਸੱਯਦਾਂ ਨੇ ਛੇ ਹਜ਼ਾਰ ਸਵਾਰ ਅਤੇ ਇੰਨੇ ਹੀ ਪਿਆਦੇ ਜਮ੍ਹਾਂ ਕਰ ਕੇ ਜੰਗ ਵਿਚ ਬੰਦਾ ਸਿੰਘ ਨੂੰ ਮਾਰ ਮੁਕਾਇਆ ਹੈ, ਸਿੰਘ ਦੌੜ ਗਏ ਹਨ, ਅੱਠ ਕੁ ਸੌ ਮਾਰੇ ਗਏ ਹਨ, ਬੰਦਾ ਸਿੰਘ ਸਹਾਰਨਪੁਰ ਨੂੰ ਭੱਜ ਗਿਆ ਹੈ ਅਤੇ ਜਲਾਲ ਖ਼ਾਨ ਨੇ ਸਿੰਘਾਂ ਦੇ ਦੋ ਤਿੰਨ ਠਾਣੇ ਉਠਾ ਦਿੱਤੇ ਹਨ, ਸਿੰਘਾਂ ਨੂੰ ਛੇਤੀ ਹੀ ਹਾਰ ਹੋ ਜਾਏਗੀ, ਆਦਿ, ਆਦਿ।

25-26 ਜੁਲਾਈ ਨੂੰ ਫੀਰੋਜ਼ ਖ਼ਾਨ ਮੇਵਾਤੀ, ਮੁਆਰਿਫ ਖ਼ਾਨ, ਸ਼ਿਕਾਰ ਖ਼ਾਨ ਅਤੇ ਨਿਜ਼ਾਮ ਖ਼ਾਨ ਨੂੰ ਹੁਕਮ ਹੋਇਆ ਕਿ ਉਹ ਸਿੰਘਾਂ ਦੇ ਵਿਰੁੱਧ ਜਾਣ। 14 ਅਗਸਤ ਨੂੰ ਬਾਰ੍ਹੇ ਦਾ ਸੱਯਦ ਵਜ਼ੀਹ-ਉ-ਦੀਨ ਖ਼ਾਨ ਭੀ ਤੋਰਿਆ ਗਿਆ। 26 ਅਗਸਤ ਨੂੰ ਅਬੂ ਮੁਹੰਮਦ ਖ਼ਾਨ ਨੂੰ ਹੁਕਮ ਹੋਇਆ ਕਿ ਕਮਾਊਂ ਦੇ ਰਾਜੇ ਨੂੰ ਨਾਲ ਲੈ ਜਾਏ ਅਤੇ ਬਿਰਜ ਰਾਜ ਨੂੰ ਨਾਲ ਤੋਰਿਆ ਗਿਆ। ਇਸੇ ਤਰ੍ਹਾਂ ਸਿਰੀ ਨਗਰ (ਗੜ੍ਹਵਾਲ) ਅਤੇ ਸਿਰਮੌਰ (ਨਾਹਣ) ਦੇ ਰਾਜਪੂਤ ਰਾਜਿਆਂ ਦਾ ਨਾਉਂ 28 ਅਗਸਤ ਨੂੰ ਫ਼ਰਮਾਨ ਜਾਰੀ ਹੋਏ ਕਿ ਉਹ ਭੀ ਸਿੰਘਾਂ ਨੂੰ ਮਾਰ ਮੁਕਾਉਣ ਵਿਚ ਬਾਦਸ਼ਾਹੀ ਫੌਜਾਂ ਦੀ ਸਹਾਇਤਾ ਕਰਨ।

ਸ਼ੁਰੂ ਜੁਲਾਈ ਵਿਚ ਇਕ ਦਿਨ ਬਾਦਸ਼ਾਹ ਬਹਾਦੁਰ ਸ਼ਾਹ ਨੇ ਗੱਲਾਂ ਗੱਲਾਂ ਵਿਚ ਸਹਿਜ-ਸੁਭਾਓ ਹੀ ਕਿਹਾ ਸੀ ਕਿ ਵਜ਼ੀਰ ਖ਼ਾਨ ਸਰਹੰਦੀ ਨੇ ਫਜ਼ੂਲ ਹੀ ਜਾਨ ਗਵਾਈ ਜਿਸ ਨਾਲ ਬਾਦਸ਼ਾਹੀ ਕੰਮ ਬਿਗੜ ਗਿਆ ਹੈ। ਜੇ ਉਸ ਵਿਚ ਗੁਰੂ (ਬੰਦਾ ਸਿੰਘ) ਦੇ ਟਾਕਰੇ ਤੇ ਲੜਾਈ ਕਰਨ ਦੀ ਹਿੰਮਤ ਨਹੀਂ ਸੀ ਤਾਂ ਉਸ ਨੂੰ ਲੜਾਈ ਵਿਚ ਜਾਣਾ ਹੀ ਨਹੀਂ ਸੀ ਚਾਹੀਦਾ। ਇਸ ਵੇਲੇ ਜਲਾਲ ਖ਼ਾਨ ਰੁਹੇਲੇ ਨੂੰ ਕੁਝ ਸਿੰਘਾਂ ਨੇ ਗੜ੍ਹੀ ਵਿਚ ਘੇਰਿਆ ਹੋਇਆ ਸੀ ਅਤੇ ਬਾਕੀ ਜਥਿਆਂ ਨੇ ਆਲੇ ਦੁਆਲੇ ਦੇ ਪਿੰਡਾਂ ਉੱਤੇ ਧਾਵੇ ਬੋਲਣੇ ਸ਼ੁਰੂ ਕੀਤੇ ਹੋਏ ਸਨ। ਜਲਾਲ ਖ਼ਾਨ ਆਪ ਤਾਂ ਜਲਾਲਾਬਾਦ ਹੀ ਦੜਿਆ ਰਿਹਾ ਅਤੇ

ਆਪਣੇ ਪੋਤਰੇ ਗੁਲਾਮ ਮੁਹੰਮਦ ਖ਼ਾਨ ਅਤੇ ਭਤੀਜੇ ਹੱਯਬਰ ਖ਼ਾਨ ਦੇ ਤਹਿਤ ਇਕ ਹਜ਼ਾਰ ਬੰਦੂਕੀਏ ਅਤੇ ਤੀਰਦਾਰਾਂ ਦੀ ਫੌਜ ਅਤੇ ਚਾਰ ਸੌ ਘੋੜ-ਚੜ੍ਹੇ ਸਿੰਘਾਂ ਤੋਂ ਪਿੰਡ ਛੁਡਾਉਣ ਲਈ ਭੇਜੇ। ਫੌਜਦਾਰ ਦੀ ਫੌਜ ਪੁਜ ਜਾਣ ਪਰ ਪਿੰਡਾਂ ਦੇ ਲੋਕਾਂ ਦੇ ਹੌਸਲੇ ਵੱਧ ਗਏ। ਚਾਰ ਪੰਜ ਹਜ਼ਾਰ ਪੇਂਡੂ ਅਤੇ ਅਣਗਿਣਤ ਮੁਲਖੱਈਆ ਤਰ੍ਹਾਂ ਤਰ੍ਹਾਂ ਦੇ ਹਥਿਆਰ ਲੈ ਕੇ, ਜਿਨ੍ਹਾਂ ਵਿਚ ਕਈਆਂ ਪਾਸ ਗੋਪੀਏ ਅਤੇ ਪੱਥਰ ਹੀ ਸਨ, ਸਿੰਘਾਂ ਦੇ ਟਾਕਰੇ ਲਈ ਆ ਜਮਾਂ ਹੋਏ ਅਤੇ ਲੜਾਈ ਛੇੜ ਦਿੱਤੀ। ਸਿੰਘ ਬੜੀ ਦਲੇਰੀ ਅਤੇ ਹੌਸਲੇ ਨਾਲ ਲੜੇ। ਬਹੁਤ ਸਾਰੇ ਮੁਸਲਮਾਨ ਅਤੇ ਸਹਾਈ ਕਿਸਾਨ ਸਣੇ ਹੱਯਬਰ ਖ਼ਾਨ ਦੇ ਮਾਰੇ ਗਏ।

ਇਸ ਵੇਲੇ ਸਿੰਘਾਂ ਅਤੇ ਅਫ਼ਗਾਨਾਂ ਵਿਚਕਾਰ ਕਈ ਝੜਪਾਂ ਹੋਈਆਂ। ਜਲਾਲ ਖ਼ਾਨ ਆਪ ਜਲਾਲਾਬਾਦੋਂ ਨਿਕਲ ਕੇ ਤਾਂ ਨਾ ਆਇਆ ਪਰ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ ਉਸ ਦੇ ਪੁੱਤਰ ਪੋਤਰਿਆਂ ਨੇ ਰੁਹੇਲਿਆਂ ਦੀ ਸਹਾਇਤਾ ਨਾਲ ਰਾਤ ਬਰਾਤੀਂ ਸਿੰਘਾਂ ਦੇ ਡੇਰਿਆਂ ਉੱਤੇ ਹੱਲੇ ਕਰਕੇ ਚੋਖਾ ਨੁਕਸਾਨ ਕੀਤਾ। ਜਲਾਲ ਖ਼ਾਨ ਦੇ ਭਤੀਜਿਆਂ ਜਮਾਲ ਖ਼ਾਨ ਅਤੇ ਪੀਰ ਖ਼ਾਨ ਨੇ ਸਿੰਘਾਂ ਦਾ ਅੱਗਾ ਰੋਕਣ ਲਈ ਜਤਨ ਕੀਤੇ, ਪਰ ਲੜਾਈ ਵਿਚ ਮਾਰੇ ਗਏ। ਜਲਾਲ ਖ਼ਾਨ ਦਾ ਪੁੱਤਰ ਦੀਨਦਾਰ ਅਲੀ ਖ਼ਾਨ ਬੜੀ ਮੁਸ਼ਕਲ ਨਾਲ ਇਨ੍ਹਾਂ ਦੀਆਂ ਲੋਥਾਂ ਲੈ ਕੇ ਜਲਾਲਾਬਾਦ ਦੇ ਕਿਲੇ ਵਿਚ ਜਾ ਸਕਿਆ।

ਹੁਣ ਸਿੰਘਾਂ ਨੇ ਜਲਾਲਾਬਾਦ ਜਾ ਘੇਰਾ ਪਾਇਆ। ਪਰ ਉਸ ਨੂੰ ਛੇਤੀ ਹੀ ਸਰ ਕਰ ਲੈਣਾ ਸੌਖਾ ਨਹੀਂ ਸੀ। ਬਰਸਾਤ ਸ਼ੁਰੂ ਹੋ ਚੁੱਕੀ ਸੀ ਅਤੇ ਜਲਾਲਾਬਾਦ ਦੇ ਆਲੇ ਦੁਆਲੇ ਕੇਵਲ ਵਰਖਾ ਦਾ ਹੀ ਪਾਣੀ ਨਹੀਂ ਸੀ ਖੜਾ, ਬਲਕਿ ਕਰਿਸ਼ਨੀ ਨਦੀ ਦੇ ਹੜ੍ਹ ਦਾ ਪਾਣੀ ਸ਼ਹਿਰ ਅਤੇ ਕਿਲੇ ਦੀ ਕੰਧਾਂ ਨਾਲ ਖਹਿ ਰਿਹਾ ਸੀ। ਇਸ ਹਾਲਤ ਵਿਚ ਸਿੰਘਾਂ ਲਈ ਕਿਲੇ ਦੇ ਲਾਗੇ ਪੁੱਜਣਾ ਬੜਾ ਮੁਸ਼ਕਲ ਸੀ। ਉਨ੍ਹਾਂ ਨੇ ਲਕੜੀ ਦੇ ਫੱਟਿਆਂ ਦੇ ਦੋ ਤਿੰਨ ਸੌ ਮੋਰਚੇ ਬਣਾ ਕੇ ਗੱਡਿਆਂ ਉੱਤੇ ਧਰ ਲਏ ਅਤੇ ਹੌਲੀ ਹੌਲੀ ਵੱਡੇ ਦਰਵਾਜ਼ੇ ਦੇ ਲਾਗੇ ਦੀ ਦੀਵਾਰ ਵਲ ਨੂੰ ਸਿਰਕਦੇ ਗਏ। ਲਾਗੇ ਪੁੱਜ ਕੇ ਚਾਰ ਪੰਜ ਸੌ ਗੇਂਤੀਆਂ ਅਤੇ ਹੋਰ ਹਥਿਆਰਾਂ ਵਾਲੇ ਜੈਕਾਰੇ ਲਾਉਂਦੇ ਹੋਏ ਬੜੀ ਦਲੇਰੀ ਨਾਲ ਕੰਧ ਵਿਚ ਪਾੜ ਲਾ ਕੇ ਪੌੜੀਆਂ ਨਾਲ ਉਪਰ ਚੜ੍ਹ ਗਏ ਅਤੇ ਦਰਵਾਜ਼ੇ ਨੂੰ ਅੱਗ ਲਾਉਣ ਦੇ ਜਤਨ ਕੀਤੇ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਵੀਹ ਕੁ ਦਿਨ ਘੇਰਾ ਪਿਆ ਰਿਹਾ ਪਰ ਜਲਾਲਾਬਾਦੀ ਅਫ਼ਗਾਨਾਂ ਨੇ ਬੜਾ ਦਮ ਰੱਖਿਆ ਅਤੇ ਖੂਬ ਡਟ ਕੇ ਸਿੰਘਾਂ ਦਾ ਟਾਕਰਾ ਕੀਤਾ। ਦੋਹੀਂ ਪਾਸੀਂ ਚੋਖਾ ਨੁਕਸਾਨ ਹੋਇਆ। ਜਦ ਸਿੰਘਾਂ ਨੇ ਵੇਖਿਆ ਕਿ ਛੇਤੀ ਹੀ ਕਿਲਾ ਸਰ ਹੋਣ ਦੀ ਆਸ ਨਹੀਂ ਅਤੇ ਪੰਜਾਬ ਵਲੋਂ ਛੇਤੀ ਦੇ ਸੁਨੇਹੇ ਆ ਰਹੇ ਹਨ ਤਾਂ ਉਨ੍ਹਾਂ ਨੇ ਘੇਰਾ ਛੱਡ ਦਿੱਤਾ ਅਤੇ ਸੁਲਤਾਨਪੁਰ ਅਤੇ ਜਲੰਧਰ ਦੇ ਪਰਗਣਿਆਂ ਨੂੰ ਸਰ ਕਰਨ ਲਈ ਤੁਰ ਗਏ।

ਅਧਿਆਇ 10

# ਮਾਝੇ ਦੀ ਚੜ੍ਹਤ ਅਤੇ ਹੈਦਰੀ ਝੰਡਾ

ਸਰਹੰਦ ਦੀ ਫ਼ਤਿਹ ਦੀਆਂ ਖ਼ਬਰਾਂ ਪੁਜਦੇ ਸਾਰ ਸਾਰੇ ਦੇਸ਼ ਵਿਚ ਸਿੰਘਾਂ ਦੇ ਹੌਸਲੇ ਵੱਧ ਗਏ ਅਤੇ ਆਜ਼ਾਦੀ ਦੀ ਸਪਿਰਿਟ ਜਾਗ ਪਈ। ਸਨ 1709 ਦੀਆਂ ਗਰਮੀਆਂ ਵਿਚ ਸਰਕਾਰ ਲਾਹੌਰ (ਨਾਇਬ ਸੂਬੇਦਾਰ ਅਸਲਮ ਖ਼ਾਨ) ਦੀ ਸ਼ਹਿ ਨਾਲ ਜਦ ਚੂਹੜ ਮੱਲ ਉਹਰੀ ਦੇ ਕਹੇ ਕਹਾਏ ਪੱਟੀ ਦੇ ਅਮੀਨ ਹਰਿ ਸਹਾਇ ਨੇ ਅੰਮ੍ਰਿਤਸਰ ਦੇ ਸਿੰਘਾਂ ਉੱਤੇ ਆ ਹੱਲਾ ਬੋਲਿਆ ਸੀ ਤਾਂ ਤਿੰਨਾਂ ਪਹਿਰਾਂ ਦੀ ਡਟਵੀਂ ਲੜਾਈ ਵਿਚ ਸਿੰਘਾਂ ਨੇ ਪੱਟੀ ਦੀ ਵਾਰ੍ਹਾਂ ਭਜਾ ਦਿੱਤੀਆਂ ਸਨ ਅਤੇ ਹਰਿ ਸਹਾਇ ਦੇ ਮਾਰੇ ਜਾਣ ਪਰ ਉਨ੍ਹਾਂ ਦੀ ਫ਼ਤਿਹ ਹੋ ਗਈ ਸੀ। ਇਸ ਤੋਂ ਬਾਅਦ ਜਦ ਅਸਲਮ ਖ਼ਾਨ ਦੇ ਹੁਕਮ ਨਾਲ ਨੁਸ਼ਹਿਰਾਂ ਪੰਨੂਆਂ ਦਾ ਚੌਧਰੀ ਦੇਵਾ ਜੱਟ ਸਰਕਾਰੀ ਫ਼ੌਜ ਅਤੇ ਮੁਲਖੱਈਆ ਲੈ ਕੇ ਆ ਚੜ੍ਹਿਆ ਤਾਂ ਭੀ ਥੋੜੇ ਜਿਹੇ ਸਿੰਘਾਂ ਨੇ ਉਸ ਨੂੰ ਅਜਿਹੀ ਹਾਰ ਦਿੱਤੀ ਕਿ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ। ਇਨ੍ਹਾਂ ਜਿੱਤਾਂ ਨੇ ਜਿਥੇ ਸਿੰਘਾਂ ਦੇ ਹੌਸਲੇ ਦੂਣੇ ਕਰ ਦਿੱਤੇ ਹੋਏ ਸਨ ਉਥੇ ਸਰਕਾਰ ਲਾਹੌਰ ਦੀ ਧੌਣ ਨਮੋਸ਼ੀ ਨਾਲ ਨੀਵੀਂ ਪੈ ਗਈ ਹੋਈ ਸੀ, ਸਰਕਾਰੀ ਕਰਮਚਾਰੀ ਸਿੰਘਾਂ ਪਾਸੋਂ ਭੈ ਖਾਂਦੇ ਸਨ ਅਤੇ ਕਿਸੇ ਨੂੰ ਮੋਹਰੇ ਹੋਣ ਦਾ ਹੌਸਲਾ ਨਹੀਂ ਸੀ ਪੈਂਦਾ।

ਸਿੰਘ ਹੁਣ ਇਹ ਸਮਝਣ ਲੱਗ ਪਏ ਕਿ ਕਰਤਾਰ ਆਪ ਉਨ੍ਹਾਂ ਨੂੰ ਜਿੱਤਾਂ ਅਤੇ ਰਾਜ ਬਖਸ਼ ਰਿਹਾ ਹੈ ਅਤੇ ਮੁਗ਼ਲਾਂ ਦਾ ਇਕਬਾਲ ਢਹਿ ਢੇਰੀ ਹੋਣ ਵਾਲਾ ਹੈ, ਬੰਦਾ ਸਿੰਘ ਬਹਾਦੁਰ ਨੂੰ ਸਤਿਗੁਰੂ ਨੇ ਆਪ ਭੇਜਿਆ ਹੈ ਅਤੇ ਉਸ ਦੇ ਸਾਮ੍ਹਣੇ ਜੋ ਅੜੇਗਾ ਸੋ ਝੜੇਗਾ। ਇਸ ਵੇਲੇ ਬੰਦਾ ਸਿੰਘ ਦੇ ਪਰਵਾਨੇ ਅਤੇ ਸਿੰਘਾਂ ਦੀਆਂ ਅਰਦਾਸਾਂ ਭੀ ਥਾਂ ਥਾਂ ਦੇਸ਼ ਵਿਚ ਪੁਜ ਗਈਆਂ ਅਤੇ ਰਿਆੜਕੀ ਦੇ ਸਿੰਘਾਂ ਨੇ ਭੀ ਕਮਰਕੱਸੇ ਕਰ ਲਏ। ਮਾਝੇ ਅਤੇ ਇਰਦ ਗਿਰਦ ਦਾ ਸਰਬਤ ਖਾਲਸਾ ਅੱਠ ਕੁ ਹਜ਼ਾਰ ਦੀ ਗਿਣਤੀ ਵਿਚ ਅੰਮ੍ਰਿਤਸਰ ਇਕੱਠਾ ਹੋਇਆ ਅਤੇ ਗੁਰਮਤਾ ਸੋਧ ਕੇ ਦੇਸ਼ ਵਿਚ ਫਿਰ ਨਿਕਲਿਆ। ਸਿੰਘਾਂ ਦੀ ਇਸ ਵੇਲੇ ਦੀ ਚੜ੍ਹਤ ਇਕ ਅਚਾਨਕ ਫਟੇ ਜੁਆਲਾ ਮੁਖੀ ਪਹਾੜ ਵਾਂਗੂ ਸੀ, ਜਿਸ ਦੀ ਪਿਘਲ ਇਤਨੀ ਤੇਜ਼ ਅਤੇ ਜ਼ੋਰ ਨਾਲ ਵਗੀ ਕਿ ਸਭ ਕੁਝ ਰੋੜ੍ਹ ਕੇ ਲੈ ਗਈ।

ਲਾਹੌਰ ਅਤੇ ਕਸੂਰ ਦੇ ਪਰਗਣੇ ਉਨ੍ਹਾਂ ਪਹਿਲੋਂ ਪਹਿਲ ਛੇੜਨੇ ਉਚਿਤ ਨਾ ਸਮਝੇ। ਲਾਹੌਰ ਤਾਂ ਸੂਬੇ ਦੀ ਰਾਜਧਾਨੀ ਅਤੇ ਸਰਕਾਰੀ ਤਾਕਤ ਦਾ ਕੇਂਦਰ ਸੀ ਅਤੇ ਕਸੂਰ ਖ਼ੇਸ਼ਗੀ ਪਠਾਣਾਂ ਦਾ ਗੜ੍ਹ ਸੀ। ਸ਼ੁਰੂ ਸ਼ੁਰੂ ਵਿਚ ਹੀ ਇਨ੍ਹਾਂ ਉੱਤੇ ਚੜ੍ਹਾਈ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਲਈ ਸਿੰਘਾਂ ਨੇ ਪਹਿਲ ਰਿਆੜਕੀ ਵਲੋਂ ਕੀਤੀ। ਬਟਾਲੇ

ਅਤੇ ਕਲਾਨੌਰ ਉੱਤੇ ਕਬਜ਼ਾ ਕਰ ਲਿਆ ਅਤੇ ਇਨ੍ਹੀਂ ਥਾਈਂ ਆਪਣੇ ਠਾਣੇ ਬਿਠਾ ਦਿੱਤੇ। ਇਹ ਸ਼ਹਿਰ ਉਨ੍ਹੀਂ ਦਿਨੀਂ ਬੜੇ ਧਨਾਢ ਗਿਣੇ ਜਾਂਦੇ ਸਨ। ਕਲਾਨੌਰ ਵਿਚ ਅਕਬਰ ਬਾਦਸ਼ਾਹ ਤਖ਼ਤ ਉੱਤੇ ਬੈਠਾ ਸੀ ਅਤੇ ਇਥੇ ਬੜੇ ਬੜੇ ਬਾਦਸ਼ਾਹੀ ਅਮੀਰ ਵਸਦੇ ਸਨ। ਬਟਾਲਾ ਕਸ਼ਮੀਰ ਅਤੇ ਕਾਬੁਲ ਦੇ ਮਾਲ ਦੀ ਇਕ ਬੜੀ ਵੱਡੀ ਮੰਡੀ ਸੀ। ਇਨ੍ਹਾਂ ਸ਼ਹਿਰਾਂ ਦੀ ਫ਼ਤਿਹ ਨਾਲ ਸਿੰਘਾਂ ਨੂੰ ਚੋਖਾ ਮਾਲ ਮਿਲ ਗਿਆ ਅਤੇ ਉਨ੍ਹਾਂ ਨੇ ਲਾਹੌਰ ਵਲ ਨੂੰ ਮੂੰਹ ਮੋੜ ਲਿਆ। ਇਨ੍ਹਾਂ ਵਿਚੋਂ ਕੁਝ ਨੇ, ਜਿਨ੍ਹਾਂ ਦੇ ਮੁਹੈਲ ਸਿਠਾਲੇ ਬੁਤਾਲੇ ਦੇ ਸਿੰਘ ਸਨ, ਉੱਤਰ ਵਲ ਨੂੰ ਧਾਈ ਕਰ ਦਿੱਤੀ ਅਤੇ ਵੱਧਦੇ ਵੱਧਦੇ ਪਠਾਨਕੋਟ ਤਕ ਜਾ ਪੁੱਜੇ ਅਤੇ ਇਲਾਕੇ ਉੱਤੇ ਕਬਜ਼ਾ ਕਰ ਲਿਆ।

ਜਿਹੜੇ ਜੱਥੇ ਲਾਹੌਰ ਵਲ ਨੂੰ ਗਏ ਉਨ੍ਹਾਂ ਸ਼ਾਲਾਮਾਰ ਬਾਗ਼ ਤਕ ਜਾ ਮੱਲਾਂ ਮਾਰੀਆਂ ਅਤੇ ਸ਼ਹਿਰ ਦੀ ਫ਼ਸੀਲ ਤਕ ਜਾ ਖੰਡਾ ਖੜਕਾਇਆ। ਸਿੰਘਾਂ ਦੇ ਇਸ ਵੇਲੇ ਦੇ ਧੱਕੇ ਦੀ ਲਪੇਟ ਵਿਚ ਬਹੁਤੇ ਉਹ ਮੁੱਲਾਂ ਤੇ ਮੁਲਾਣੇ ਜਾਂ ਸਰਕਾਰੀ ਕਰਮਚਾਰੀ ਹੀ ਆਏ ਜਿਨ੍ਹਾਂ ਦੇ ਹਥੋਂ ਲੋਕੀ ਦੁਖੀ ਸਨ। ਇਹ ਲੋਕ ਬਾਹਰੋਂ ਭੱਜ ਕੇ ਲਾਹੌਰ ਆ ਗਏ ਅਤੇ ਸ਼ਹਿਰ ਵਿਚ ਸਹਿਮ ਛਾ ਗਿਆ। ਇਸ ਵੇਲੇ ਲਾਹੌਰ ਦਾ ਹਾਕਮ ਕਾਬੁਲ ਦਾ ਮੌਲਵੀ-ਜ਼ਾਦਾ ਸੱਯਦ ਅਸਲਮ ਖਾਨ ਬਹਾਦੁਰ-ਸ਼ਾਹ ਬਾਦਸ਼ਾਹ ਦੇ ਵੱਡੇ ਪੁੱਤਰ ਸ਼ਾਹਜ਼ਾਦਾ ਮੁਇਜ਼-ਦੀਨ ਦਾ ਨਾਇਬ ਸੀ। ਇਹ ਕੁਝ ਤਾਂ ਪਿਛਲੇ ਸਾਲ ਦਾ ਹੀ ਡਰਿਆ ਹੋਇਆ ਸੀ। ਹੁਣ ਸਾਰੇ ਦੇਸ਼ ਵਿਚ ਸਿੰਘਾਂ ਦੀ ਚੜ੍ਹਤ ਦੀਆਂ ਖ਼ਬਰਾਂ ਸੁਣ ਸੁਣ ਕੇ ਹੋਰ ਭੀ ਘਾਬਰ ਗਿਆ। ਉਸ ਵਿਚ ਹੌਸਲਾ ਹੀ ਨਾ ਪਵੇ ਕਿ ਲਾਹੌਰ ਸ਼ਹਿਰੋਂ ਨਿਕਲ ਕੇ ਸਿੰਘਾਂ ਦਾ ਟਾਕਰਾ ਕਰੇ।

ਸੱਯਦ ਅਸਲਮ ਖ਼ਾਨ ਨੂੰ ਹੀਆ ਨਾ ਧਰਦਾ ਦੇਖ ਕੇ ਲਾਹੌਰ ਦੇ ਮੁਲਾਣਿਆਂ ਨੇ ਅਗਵਾਈ ਆਪਣੇ ਹੱਥ ਲੈ ਲਈ ਅਤੇ ਮੁਸਲਮਾਨਾਂ ਦੇ ਧਾਰਮਿਕ ਜਜ਼ਬੇ ਨੂੰ ਭੜਕਾ ਕੇ ਸਿੰਘਾਂ ਵਿਰੁੱਧ ਜਹਾਦ ਦਾ ਇਲਾਨ ਕਰ ਦਿੱਤਾ ਅਤੇ ਲੋਕਾਂ ਨੂੰ ਇਕੱਠਾ ਕਰਨ ਲਈ ਈਦਗਾਹ ਮਸੀਤ ਦੇ ਲਾਗੇ ਹਰਾ ਹੈਦਰੀ ਝੰਡਾ ਗੱਡ ਦਿੱਤਾ। ਸ਼ਾਹ ਜਹਾਨ ਬਾਦਸ਼ਾਹ ਦੇ ਵੱਡੇ ਵਜ਼ੀਰ ਸਾਦੁੱਲਾ ਖਾਨ ਅੱਲਾਮੀ ਦਾ ਇਕ ਰਿਸ਼ਤੇਦਾਰ ਮੁਹੰਮਦ ਤਕੀ ਅਤੇ ਖੁਦਾ-ਵਰਦੀ ਖ਼ਾਨ ਅਗਰਖਾਨੀ ਦਾ ਪੁੱਤਰ ਮੂਸਾ ਬੇਗ ਇਸ ਜਹਾਦ ਦੇ ਵੱਡੇ ਆਗੂ ਸਨ। ਇਨ੍ਹਾਂ ਨੇ ਆਪਣੇ ਘਰਾਂ ਦਾ ਸਭ ਮਾਲ ਮਤਾਹ ਵੇਚ ਕੇ ਸਾਰੀ ਵਟਕ ਜਹਾਦ ਲਈ ਬੰਦੇ, ਘੋੜੇ ਅਤੇ ਫ਼ੌਜੀ ਸਾਮਾਨ ਇਕੱਠੇ ਕਰਨ ਉੱਤੇ ਲਾ ਦਿੱਤੀ। ਕਈ ਖੋਜਿਆਂ ਅਤੇ ਵਪਾਰੀਆਂ ਨੇ, ਜੋ ਪੰਜਾਬ ਵਿਚ ਲੱਖੀ ਅਤੇ ਦਹਿ-ਲੱਖੀ ਕਰਕੇ ਪ੍ਰਸਿੱਧ ਸਨ, ਬੜੀਆਂ ਵੱਡੀਆਂ ਵੱਡੀਆਂ ਰਕਮਾਂ ਜਹਾਦ ਲਈ ਦਿੱਤੀਆਂ। ਹਾਜੀ ਸੱਯਦ ਇਸਮਾਈਲ, ਹਾਜੀ ਯਾਰ ਬੇਗ, ਸ਼ਾਹ ਇਨਾਇਤ ਅਤੇ ਮੁੱਲਾਂ ਪੀਰ ਮੁਹੰਮਦ ਪ੍ਰਚਾਰਕ ਆਦਿ ਕਈ ਦੂਸਰੇ ਮੁਸਲਮਾਨ ਆਗੂ ਵਡੇਰੀਆਂ ਉਮਰਾਂ ਵਾਲੇ ਅਤੇ ਜੰਗੀ ਤਜਰਬੇ ਤੋਂ ਸੱਖਣੇ ਹੁੰਦੇ ਹੋਏ ਭੀ ਲੱਕ ਬੰਨ੍ਹ ਕੇ ਆਪਣੇ ਆਪਣੇ ਮੁਰੀਦਾਂ ਸਮੇਤ, ਜਿਨ੍ਹਾਂ ਵਿਚ ਕਈ ਹਿੰਦੂ ਸਰਕਾਰੀ ਅਫ਼ਸਰ ਭੀ ਸਨ, ਜਹਾਦ ਵਿਚ ਸ਼ਾਮਲ ਹੋਣ ਲਈ ਈਦਗਾਹ ਪਾਸ ਆ ਇਕੱਠੇ ਹੋਏ। ਹਿੰਦੂਆਂ ਵਿਚੋਂ ਵੱਡਾ ਆਗੂ ਟੋਡਰ ਮਲ ਦਾ ਇਕ ਪੋਤਰਾ ਅਤੇ ਪਹਾੜਾ ਮੱਲ ਦਾ ਪੁੱਤਰ ਸੀ।

ਉਸ ਨੇ ਆਪਣੀ ਰਾਜ-ਭਗਤੀ ਦੱਸਣ ਲਈ ਕਹਿ ਸੁਣਾਇਆ ਕਿ ਜਿਸ ਕਿਸੇ ਵਿਚ ਜਾਣ ਦੀ ਹਿੰਮਤ ਹੋਵੇ ਉਹ ਬੇਸ਼ੱਕ ਜਹਾਦੇ ਚੜ੍ਹ ਜਾਵੇ, ਜੇ ਖਰਚ ਪੱਠੇ ਲਈ ਪੈਸੇ ਨਾ ਹੋਣ, ਉਹ ਮੇਰੇ ਪਾਸੋਂ ਲੈ ਲਵੇ ਅਤੇ ਮੇਰੀ ਵਲੋਂ ਨੌਕਰ ਹੋ ਕੇ ਜਹਾਦੀਆਂ ਨਾਲ ਰਲ ਜਾਏ। ਨਵਾਬ ਅਸਲਮ ਖ਼ਾਨ ਦੀ ਖਾਤਰ ਉਸ ਨੇ ਕੁਝ ਤੋਪਾਂ ਅਤੇ ਜੰਬੂਰੇ ਵੀ ਆਪਣੀ ਵਲੋਂ ਦਿੱਤੇ। ਆਖ਼ਰ ਜਦ ਸੱਯਦ ਅਸਲਮ ਖ਼ਾਨ ਨੇ ਸੁਣਿਆ ਕਿ ਲੋਕਾਂ ਵਿਚ ਉਸ ਦੀ ਬੜੀ ਬਦਨਾਮੀ ਹੋ ਰਹੀ ਹੈ ਤਾਂ ਉਸ ਨੇ ਚੜ੍ਹਦੇ ਵਲ ਦੇ ਇਕ ਮੁਹੈਲ ਮੀਰ ਅਤਾ-ਉਲਾ (ਤਰਾਵੜੀਆ ਰਾਜਪੂਤ ਇਨਾਇਤੁਲਾ) ਅਤੇ ਫ਼ਰੀਦਾਬਾਦ ਦੇ ਜ਼ਿਮੀਂਦਾਰ ਮੁਹਿੱਬ ਖ਼ਾਨ ਖਰਲ ਨੂੰ ਪੰਜ ਸੌ ਸਵਾਰ ਅਤੇ ਇਕ ਹਜ਼ਾਰ ਪਿਆਦਿਆਂ ਦੀ ਫੌਜ ਦੇ ਕੇ ਗਾਜ਼ੀਆਂ ਦੀ ਸਹਾਇਤਾ ਲਈ ਨਿਯਤ ਕੀਤਾ। ਇਸ ਤਰ੍ਹਾਂ ਜਹਾਦੀ ਗਾਜ਼ੀਆਂ, ਮੁਲਖਈਏ, ਸੂਬੇ ਦੀ ਫੌਜ ਅਤੇ ਸਰਕਾਰੀ ਹਿੰਦੂਆਂ ਦੀ ਅਣਗਿਣਤ ਧਾੜ ਸਿੰਘਾਂ ਦੇ ਵਿਰੁੱਧ ਇਕੱਠੀ ਹੋ ਗਈ ਅਤੇ ਝੰਡੇ, ਨਿਸ਼ਾਨ ਲੈ ਕੇ 'ਯਾ ਅਲੀ' ਦੇ ਨਾਹਰੇ ਲਾਉਂਦੀ ਹੋਈ ਤੁਰ ਨਿਕਲੀ।

ਦੂਸਰੇ ਪਾਸੇ ਸਿੰਘਾਂ ਦੀ ਗਿਣਤੀ ਬਹੁਤ ਹੀ ਥੋੜੀ ਸੀ। ਸਿੰਘ ਉਂਜ ਹੀ ਦੇਸ਼ ਵਿਚ ਥੋੜੇ ਸਜੇ ਹੋਏ ਸਨ ਅਤੇ ਜੋ ਸਨ ਭੀ, ਉਹ ਭੀ ਜਥਿਆਂ ਵਿਚ ਖਿੰਡਰੇ ਪੁੰਡਰੇ ਹੋਏ ਸਨ। ਜਹਾਦੀਆਂ ਦੇ ਟਾਕਰੇ ਉਹ ਆਟੇ ਵਿਚ ਲੂਣ ਭੀ ਨਹੀਂ ਸਨ। ਇਸ ਲਈ ਸਿੱਧੀ ਟੱਕਰ ਲਾ ਸਕਣਾ ਉਨ੍ਹਾਂ ਲਈ ਬੜਾ ਔਖਾ ਸੀ। ਉਨ੍ਹਾਂ ਨੇ ਟਲ ਕੇ ਵੇਲਾ ਲੰਘਾ ਲੈਣਾ ਜ਼ਿਆਦਾ ਚੰਗਾ ਸਮਝਿਆ ਅਤੇ ਪਿੰਡਾਂ ਤੋਂ ਖਿਸਕ ਕੇ ਕਾਹਨੂਵਾਣ ਦੇ ਛੰਭ ਵਿਚ ਜਾ ਵੜੇ। ਸਿੰਘ ਝੱਲਾਂ, ਬੇਲਿਆਂ ਦੇ ਜਾਣੂ ਸਨ। ਇਥੇ ਰੋਟੀ ਪਾਣੀ ਦੀ ਦਿੱਕਤ ਜ਼ਰੂਰ ਸੀ, ਪਰ ਸ਼ਿਕਾਰ ਦੇ ਮਾਸ ਅਤੇ ਮੱਛੀ ਨਾਲ ਉਨ੍ਹਾਂ ਦਾ ਗੁਜ਼ਾਰਾ ਹੋ ਜਾਂਦਾ ਸੀ। ਲਾਹੌਰੀ ਜਹਾਦੀਆਂ ਦੇ ਸ਼ਹਿਰੀ ਮਲੂਕ-ਜ਼ਾਦੇ ਆਗੂਆਂ ਲਈ ਕੰਡਿਆਲੇ ਝੱਲਾਂ ਬੇਲਿਆਂ ਵਿਚ ਸਿੰਘਾਂ ਦੇ ਪਿੱਛੇ ਜਾਣਾ ਔਖਾ ਸੀ ਅਤੇ ਜੇ ਕਦੀ ਜਾਣ ਦਾ ਜਤਨ ਭੀ ਕਰਦੇ ਤਾਂ ਉਹਲੇ ਲੁਕਿਆਂ ਸਿੰਘਾਂ ਦੀਆਂ ਵਾੜਾਂ ਨਾਲ ਜਹਾਦੀਆਂ ਦਾ ਨੁਕਸਾਨ ਜ਼ਿਆਦਾ ਹੁੰਦਾ। ਇਸ ਲਈ ਹੋਰ ਕਿਧਰੇ ਪੇਸ਼ ਨਾ ਜਾਂਦੀ ਦੇਖ ਕੇ ਜਹਾਦੀ ਪਿੰਡਾਂ ਵਿਚ ਜਾ ਕੇ ਹਿੰਦੂਆਂ ਉੱਤੇ ਜ਼ੋਰ ਧਿੰਗਾਣਾ ਕਰਨ ਲੱਗ ਪਏ। ਮਾਝੇ ਦਾ ਇਲਾਕਾ ਚੂੰਕਿ ਲਾਹੌਰ ਦੇ ਨਾਲ ਲਗਦਾ ਸੀ ਇਸ ਲਈ ਬਹੁਤਾ ਅੱਤਿਆਚਾਰ ਉਥੇ ਹੋਣ ਲੱਗਾ। ਜਹਾਦੀ ਇਹ ਕਹਿ ਕੇ ਇਥੇ ਦੇ ਹਿੰਦੂਆਂ ਨੂੰ ਤੰਗ ਕਰਦੇ ਸਨ ਕਿ ਇਨ੍ਹਾਂ ਨੇ ਆਪਣੇ (ਸਿੰਘ ਸਜੇ ਹੋਏ) ਮੁੰਡੇ ਸਿਖਾ ਕੇ ਘੱਲੇ ਹੋਏ ਹਨ, ਉਹ ਲੁੱਟ ਕੇ ਲਿਆਉਂਦੇ ਹਨ ਅਤੇ ਇਹ ਘਰੀਂ ਬੈਠੇ ਖਾਂਦੇ ਹਨ। ਜਦ ਇਸ ਹੋ ਰਹੀ ਸਖਤੀ ਦਾ ਪਤਾ ਸਿੰਘਾਂ ਨੂੰ ਲੱਗਾ ਤਾਂ ਉਨ੍ਹਾਂ ਨੂੰ ਰੋਹ ਚੜ੍ਹ ਗਿਆ ਅਤੇ ਕਹਿਣ ਲੱਗੇ ਕਿ ਧ੍ਰਿਗ ਹੈ ਸਾਡਾ ਜੀਉਣਾ ਜੇ ਸਾਡੇ ਬਦਲੇ ਸਾਡੇ ਮਾਂ ਪਿਓ ਨੂੰ ਦੁਖ ਮਿਲ ਰਿਹਾ ਹੈ। ਇਸ ਲਈ ਮੌਕਾ ਹੱਥ ਲੱਗਣ ਪਰ ਝੱਲਾਂ ਬੇਲਿਆਂ ਚੋਂ ਨਿਕਲ ਕੇ ਉਨ੍ਹਾਂ ਨੇ ਜਹਾਦੀਆਂ ਉੱਤੇ ਛਾਪੇ ਮਾਰਨੇ ਆਰੰਭ ਦਿੱਤੇ। ਜਿਉਂ ਜਿਉਂ ਉਹ ਸਿੰਘਾਂ ਨੂੰ ਟੋਲ ਟੋਲ ਕੇ ਮਾਰਨ, ਤਿਉਂ ਤਿਉਂ ਸਿੰਘ ਭੀ ਤੇਜ਼ ਹੁੰਦੇ ਜਾਣ ਅਤੇ ਜਹਾਦੀਆਂ ਦੇ ਆਹੂ ਲਾਹੀ ਜਾਣ। ਛਾਪਾ ਮਾਰ ਕੇ ਸਿੰਘ ਮੁੜ ਝੱਲਾਂ ਵਿਚ ਜਾ ਵੜਦੇ ਅਤੇ ਜਹਾਦੀਆਂ ਦੀ ਪਹੁੰਚ ਤੋਂ ਦੂਰ ਨਿਕਲ ਜਾਂਦੇ।

ਸਮੇਂ ਨੂੰ ਵਿਚਾਰ ਕੇ ਸਿੰਘਾਂ ਨੇ ਚਾਰ ਤੁਮਣ (ਜੱਥੇ) ਬਣਾ ਲਏ, ਜਿਨ੍ਹਾਂ ਦੀ ਵੰਡ

ਇਉਂ ਕੀਤੀ ਕਿ ਇਕ ਤਾਂ ਮਾਝੇ ਵਿਚ ਲਾਹੌਰ ਅਤੇ ਅੰਮ੍ਰਿਤਸਰ ਦੇ ਇਲਾਕੇ ਵਿਚ ਰਹੇ, ਦੂਸਰਾ ਰਿਆੜਕੀ ਵਿਚ ਪਹਾੜ ਦੀ ਕੰਢੀ ਤਕ ਗੁਰਦਾਸਪੁਰ ਪਠਾਨਕੋਟ ਵਲ ਵਿਚਰੇ, ਤੀਸਰਾ ਲਾਹੌਰ ਸ਼ਹਿਰ ਦੇ ਆਲੇ ਦੁਆਲੇ ਰਹੇ ਅਤੇ ਚੌਥਾ ਜਹਾਦੀ ਤੁਰਕਾਂ ਦੇ ਇਰਦ ਗਿਰਦ ਰਹੇ ਅਤੇ ਜੇ ਕਿਧਰੇ ਕੋਈ ਤੁਮਣ ਇਕੱਲਾ ਫਸ ਜਾਏ ਤਾਂ ਦੂਸਰੇ ਆ ਕੇ ਉਸ ਦੀ ਸਹਾਇਤਾ ਕਰਨ। ਇਹ ਤੁਮਣ ਦੋ ਦੋ ਸੌ ਦੇ ਸਨ। ਇਕੜ-ਦੁੱਕੜ ਇਨ੍ਹਾਂ ਵਿਚ ਹੋਰ ਭੀ ਆ ਰਲਦੇ ਸਨ।

ਲਾਹੌਰੀ ਜੱਥਾ ਰਾਵੀ ਦੇ ਕੰਢੇ ਫਿਰਦਾ ਫਿਰਾਉਂਦਾ ਇਕ ਵਾਰੀ ਪਿੰਡ ਭਰਤ ਕੋਲ ਜਾ ਨਿਕਲਿਆ। ਇਥੇ ਪਰਗਣਾ ਨੌਸ਼ਟਾ-ਭਰਲੀ ਦੇ ਕਾਨੂੰਗੋ ਮਹਿਤਾ ਭਗਵੰਤ ਰਾਏ ਨੇ ਦਰਿਆ ਦੇ ਕਿਨਾਰੇ ਆਪਣੀ ਹਵੇਲੀ ਬਣਾਈ ਹੋਈ ਸੀ। ਇਤਿਹਾਸਕਾਰਾਂ ਨੇ ਇਸ ਦਾ ਨਾਉਂ ਕਿਲਾ ਭਗਵੰਤ ਰਾਏ ਕਰਕੇ ਲਿਖਿਆ ਹੈ। ਬਰਖਾ ਹੋ ਰਹੀ ਹੋਣ ਕਰਕੇ ਵੇਲਾ ਲੰਘਾਉਣ ਲਈ ਸਿੰਘ ਹਵੇਲੀ ਵਿਚ ਜਾ ਵੜੇ। ਸਿੰਘਾਂ ਦੇ ਇਥੇ ਹੋਣ ਦੀ ਖ਼ਬਰ ਲਾਹੌਰੀ ਫੌਜ ਦੇ ਇਕ ਹਜ਼ਾਰ ਸਵਾਰਾਂ ਦੇ ਦਲ ਨੂੰ ਲਗ ਗਈ। ਸ਼ਾਇਦ ਸਿੰਘਾਂ ਦੀ ਭਾਲ ਵਿਚ ਉਹ ਭੀ ਕਿਧਰੇ ਏਧਰ ਹੀ ਫਿਰਦੇ ਹੋਣ। ਉਨ੍ਹਾਂ ਨੇ ਝਟ ਪਟ ਹਵੇਲੀ ਨੂੰ ਘੇਰਾ ਪਾ ਲਿਆ ਅਤੇ ਜੋ ਕੋਈ ਇਕੱਲਾ ਦੁਕੱਲਾ ਸਿੰਘ ਇਨ੍ਹਾਂ ਨੂੰ ਬਾਹਰ ਟੱਕਰ ਪਿਆ ਤਾਂ ਉਸ ਨੂੰ ਉਥੇ ਹੀ ਮਾਰ ਮੁਕਾਇਆ। ਹਵੇਲੀ ਵਿਚ ਸਿੰਘਾਂ ਦੇ ਘਿਰ ਜਾਣ ਦੀ ਖ਼ਬਰ ਸੁਣ ਕੇ ਹਜ਼ਾਰਾਂ ਹੋਰ ਜਹਾਦੀ ਭੀ ਇਥੇ ਆ ਇਕੱਠੇ ਹੋਏ ਅਤੇ ਘੇਰਾ ਇਤਨਾ ਪੀਡਾ ਕਰ ਦਿੱਤਾ ਕਿ ਸਿੰਘਾਂ ਵਾਸਤੇ ਬਾਹਰ ਨਿਕਲ ਸਕਣਾ ਔਖਾ ਹੋ ਗਿਆ। ਜਹਾਦੀਆਂ ਨੇ ਮਦੋਲੇ ਅਤੇ ਕੰਧਾਂ ਕਰ ਕੇ ਉਪਰ ਤੋਪਾਂ ਜੰਬੂਰੇ ਚੜ੍ਹਾ ਦਿੱਤੇ ਅਤੇ ਲਗ ਪਏ ਹਵੇਲੀ ਉੱਤੇ ਅੱਗ ਵਰ੍ਹਾਉਣ। ਸਿੰਘ ਇਸ ਨਾਲ ਬੜੇ ਔਖੇ ਹੋਏ ਪਰ ਉਨ੍ਹਾਂ ਨੇ ਡਟ ਕੇ ਟਾਕਰਾ ਕਰਨ ਦੀ ਠਾਣੀ ਹੋਈ ਸੀ। ਉਨ੍ਹਾਂ ਨੇ ਬੁਰਜੀਆਂ, ਬਨੇਰਿਆਂ ਅਤੇ ਕੰਧਾਂ ਉਪਰੋਂ ਦੀ ਵੈਰੀ ਉੱਤੇ ਵਾੜਾਂ ਝਾੜਨੀਆਂ ਆਰੰਭ ਦਿੱਤੀਆਂ ਅਤੇ ਜਦ ਕਦੀ ਅਨਾੜੀ ਜਹਾਦੀਆਂ ਨੇ ਕੰਧਾਂ ਉਪਰ ਚੜ੍ਹਨ ਲਈ ਹੱਥ ਪਾਏ ਤਾਂ ਅਗੋਂ ਸਿੰਘਾਂ ਨੇ ਤਲਵਾਰਾਂ ਨਾਲ ਉਨ੍ਹਾਂ ਨੂੰ ਭੋਇੰ ਡੇਗ ਦਿੱਤਾ। ਇਸ ਤਰ੍ਹਾਂ ਦੋਹੀਂ ਪਾਸੀਂ ਚੋਖਾ ਨੁਕਸਾਨ ਹੋਇਆ। ਪਰ ਕਿਸੇ ਪਾਸਿਓਂ ਭੀ ਢਿੱਲ ਪੈਂਦੀ ਨਹੀਂ ਸੀ ਦਿਸਦੀ। ਜਹਾਦੀ ਗਾਜ਼ੀਆਂ ਵਾਸਤੇ ਕੰਧਾਂ ਟੱਪ ਕੇ ਅੰਦਰ ਜਾਣਾ ਔਖਾ ਸੀ ਕਿ ਸਿੰਘਾਂ ਨੂੰ ਫੜ ਸਕਣ, ਅਤੇ ਸਿੰਘਾਂ ਵਾਸਤੇ ਘੇਰਾ ਤੋੜ ਕੇ ਬਾਹਰ ਨਿਕਲਣਾ ਅਤੇ ਜਹਾਦੀਆਂ ਨੂੰ ਭਜਾਉਣਾ ਮੁਸ਼ਕਿਲ ਸੀ। ਘੇਰਾ ਲੰਮਾ ਹੁੰਦਾ ਜਾਣ ਨਾਲ ਸਿੰਘਾਂ ਦਾ ਖਾਣਾ ਦਾਣਾ ਮੁੱਕਣ ਲਗ ਪਿਆ। ਇਸ ਲਈ ਉਨ੍ਹਾਂ ਲਈ ਹਵੇਲੀ ਵਿਚੋਂ ਨਿਕਲ ਜਾਣਾ ਹੀ ਯੋਗ ਸੀ। ਇਹ ਗੱਲ ਠਾਣ ਕੇ ਇਕ ਰਾਤ ਦੇ ਅੰਨ੍ਹੇਰੇ ਵਿਚ ਬਰਖਾ ਅਤੇ ਅੰਨ੍ਹੇਰੀ ਦਾ ਫ਼ਾਇਦਾ ਉਠਾ ਕੇ ਸਿੰਘ ਹਵੇਲੀਓਂ ਬਾਹਰ ਦੜੇ ਹੋਏ ਜਹਾਦੀਆਂ ਨੂੰ ਮਾਰਦੇ ਚੀਰਦੇ ਪਲੋ ਪਲੀ ਵਿਚ ਨਿਕਲ ਗਏ। ਸ਼ਿਕਾਰ ਹੱਥੋਂ ਨਿਕਲ ਜਾਣ ਪਰ ਜਹਾਦੀ ਨਿਰਾਸ ਹੱਥ ਮਲਦੇ ਰਹਿ ਗਏ। ਪਰ ਆਪਣੀ ਅਸਫ਼ਲਤਾ ਨੂੰ ਲੁਕੋਣ ਲਈ ਉਹ ਬਹਾਦੁਰ ਵਿਜਈਆਂ ਵਾਂਗੂ ਖੁਸ਼ੀਆਂ ਮਨਾਉਂਦੇ ਲਾਹੌਰ ਨੂੰ ਮੁੜ ਪਏ, ਪਰ ਨਮੋਸ਼ੀ ਉਨ੍ਹਾਂ ਨੂੰ ਅੰਦਰੋ ਅੰਦਰ ਖਾ ਰਹੀ ਸੀ, ਇਸ ਲਈ ਛਿੱਥੇ ਪਏ ਹੋਏ ਉਨ੍ਹਾਂ ਨੇ ਸ਼ਹਿਰ ਦੇ

ਹਿੰਦੂਆਂ ਦੀ ਬੇ-ਇਜ਼ਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਆਪਣੇ ਹਾਕਮਾਂ ਨੂੰ ਹੀ ਧਮਕਾਉਣ ਲਗ ਪਏ।

ਮੁਹੰਮਦ ਕਾਸਿਮ ਆਪਣੀ ਪੁਸਤਕ 'ਇਬਰਤ ਨਾਮੇ' ਵਿਚ ਲਿਖਦਾ ਹੈ ਕਿ ਚੂੰਕਿ ਜਹਾਦੀਆਂ ਦੀ ਜਮਾਤ ਵਿਚੋਂ ਕੁਝ ਕੁ ਹੋਛੇ ਅਤੇ ਮੂਰਖ ਲੋਕਾਂ ਨੇ, ਜਿਨ੍ਹਾਂ ਦੀ ਜਨਮ ਜਨਮਾਂਤਰਾਂ ਦੀ ਨੀਚਤਾ ਵਿੱਦਿਆ ਦੀ ਵਡੱਪਣ ਨਾਲ ਦੂਰ ਨਹੀਂ ਸੀ ਹੋਈ ਅਤੇ ਜੋ ਝੂਠੇ ਮਜ਼ਹਬੀ ਅਭਿਮਾਨ ਨਾਲ ਪਾਗਲ ਹੋਏ ਹੋਏ ਸਨ, ਸ਼ਹਿਰ ਦੇ ਹਿੰਦੂਆਂ ਨਾਲ ਬੜੀਆਂ ਕਮੀਨੀਆਂ ਅਤੇ ਕੋਝੀਆਂ ਹਰਕਤਾਂ ਕੀਤੀਆਂ ਅਤੇ ਸਰਕਾਰੀ ਹਾਕਮਾਂ ਦੀ ਹੇਠੀ ਕੀਤੀ। ਪਰ ਰੱਬ ਦੀ ਸੱਚੀ ਅਦਾਲਤ ਵਿਚੋਂ ਹਰ ਚੰਗੇ ਕੰਮ ਲਈ ਨੇਕੀ ਅਤੇ ਹਰ ਮੰਦੀ ਕਰਤੂਤ ਦੀ ਸਜ਼ਾ ਮਿਲਦੀ ਹੈ। ਉਸ ਕੁਰਾਹੇ ਪਏ ਫ਼ਿਰਕੇ ਦੇ ਲੋਕ (ਸਿੱਖ) ਦੂਸਰੀ ਵਾਰ ਫੇਰ ਲਾਹੌਰੋਂ ਕੁਝ ਕੋਹਾਂ ਤੇ ਚਮਿਆਰੀ ਨਗਰ ਦੇ ਲਾਗੇ ਕੋਟਲਾ ਬੇਗਮ ਆ ਜਮਾਂ ਹੋਏ ਅਤੇ ਆਪਣੇ ਭੈੜੇ ਚਾਲੇ ਫੜ ਲਏ! ਇਹ ਪਤਾ ਲਗਣ ਪਰ ਮੁਸਲਮਾਨ ਮੁਲਾਣਿਆਂ ਨੇ ਇਕ ਵਾਰ ਫੇਰ ਜਹਾਦ ਦਾ ਢੋਲ ਵਜਾ ਦਿੱਤਾ ਅਤੇ ਕੀੜੀਆਂ ਅਤੇ ਟਿੱਡੀ ਦਲ ਦੀ ਤਰ੍ਹਾਂ ਇਕ ਬੜਾ ਭਾਰੀ ਲਸ਼ਕਰ ਇਕੱਠਾ ਹੋ ਕੇ ਸਿੰਘਾਂ ਵਿਰੁੱਧ ਕੋਟਲਾ ਬੇਗਮ ਨੂੰ ਚੜ੍ਹ ਤੁਰਿਆ ਅਤੇ ਰਸਤੇ ਵਿਚ ਜਿਹੜੇ ਪਿੰਡ ਆਏ ਬਦਲੇ ਦੀ ਅੱਗ ਨਾਲ ਭੜਕੇ ਹੋਏ ਜਹਾਦੀਆਂ ਨੇ ਲੁੱਟ ਪੁੱਟ ਕੇ ਬਰਬਾਦ ਕਰ ਦਿੱਤੇ ਅਤੇ ਗ਼ਰੀਬ ਲੋਕਾਂ ਉੱਤੇ ਅੰਨ੍ਹੇ-ਵਾਹ ਜ਼ੁਲਮ ਕੀਤੇ। ਇਨ੍ਹਾਂ ਵਧੀਕੀਆਂ ਅਤੇ ਅੱਤਿਆਚਾਰਾਂ ਨੂੰ ਦੇਖ ਜਹਾਦੀ ਲਸ਼ਕਰ ਦੇ ਆਗੂ ਭੀ ਤ੍ਰਾਹ ਤ੍ਰਾਹ ਕਰ ਉੱਠੇ ਅਤੇ ਭੀਲੋਵਾਲ ਪਿੰਡ ਦੇ ਲਾਗੇ ਦੋ ਤਿੰਨ ਆਦਮੀਆਂ ਨੂੰ ਤਲਵਾਰ ਨਾਲ ਦੋ ਟੁੱਕ ਕਰਕੇ ਮੌਤ ਦੀ ਸਜ਼ਾ ਦੇਣੀ ਪਈ। ਪਰ ਆਮ ਜਹਾਦੀਆਂ ਉੱਤੇ ਇਸ ਦਾ ਕੁਝ ਬਹੁਤਾ ਅਸਰ ਨਾ ਹੋਇਆ, ਉਹ ਉਤਨੀ ਦੇਰ ਤਕ ਲੁੱਟ ਮਾਰ ਤੋਂ ਬਾਜ਼ ਨਾ ਆਏ ਜਦ ਤਕ ਕਿ ਉਹ ਕੋਟਲਾ ਬੇਗਮ ਦੇ ਕਿਲੇ ਦੀਆਂ ਕੰਧਾਂ ਦੇ ਪਾਸ ਸਿੰਘਾਂ ਦੇ ਸਾਹਮਣੇ ਨਾ ਪੁੱਜ ਗਏ।

ਜਹਾਦੀਆਂ ਨੂੰ ਆ ਗਏ ਦੇਖ ਕੇ ਸਿੰਘ ਉਨ੍ਹਾਂ ਦਾ ਸੁਆਗਤ ਕਰਨ ਲਈ ਰਾਮ-ਜੰਗੇ ਲੈ ਕੇ ਕੋਟ ਤੋਂ ਬਾਹਰ ਨਿਕਲ ਆਏ ਅਤੇ ਗੋਲੀਆਂ ਅਤੇ ਤੀਰਾਂ ਦੀਆਂ ਵਾੜਾਂ ਨਾਲ ਕਈਆਂ ਨੂੰ ਪੈਰੋਂ ਕੱਢ ਦਿਤਾ ਅਤੇ ਕਈਆਂ ਨੂੰ ਭਗਉਤੀਆਂ ਨਾਲ ਸੋਧ ਕੱਢਿਆ। ਸਿੰਘਾਂ ਦੇ ਨੰਗੇ ਖੰਡਿਆਂ ਦੀ ਲਸ਼ਕਰ ਨੇ ਕਈ ਜਹਾਦੀਆਂ ਨੂੰ ਚਕਰਾ ਦਿੱਤਾ ਅਤੇ ਮੈਦਾਨੋਂ ਭਜ ਨਿਕਲਨ ਲਈ ਮਜਬੂਰ ਕਰ ਦਿੱਤਾ। ਬੜੀ ਗਹਿ-ਗੱਚ ਲੜਾਈ ਹੋਈ ਅਤੇ ਕਈ ਸੂਰਮੇ ਰਣ ਤੱਤੇ ਵਿਚ ਢਹਿ ਢੇਰੀ ਹੋ ਗਏ। ਦੋਹਾਂ ਪਾਸਿਆਂ ਦਾ ਚੋਖਾ ਨੁਕਸਾਨ ਹੋਇਆ। ਲੜਾਈ ਵਿਚ ਇਕ ਐਸਾ ਵੇਲਾ ਭੀ ਆ ਗਿਆ, ਜਿਸ ਵੇਲੇ ਕਿ ਨਤੀਜਾ ਡਾਵਾਂ ਡੋਲ ਸੀ। ਪਰ ਸਿੰਘ ਆਮ ਤੌਰ ਤੇ ਹਾਰੀ ਜਾ ਰਹੀ ਲੜਾਈ ਲੜੀ ਜਾਣ ਵਿਚ ਪ੍ਰਸਿੱਧ ਹਨ। ਇਨ੍ਹਾਂ ਨੇ ਇਸ ਵੇਲੇ ਬੜੀ ਦਲੇਰੀ ਨਾਲ ਅੱਗੇ ਵਧ ਕੇ ਇਕ ਅਜਿਹਾ ਜ਼ੋਰ ਦਾ ਹੱਲਾ ਕੀਤਾ ਕਿ ਜਹਾਦੀਆਂ ਦੀਆਂ ਸਫ਼ਾਂ ਟੁੱਟ ਗਈਆਂ ਅਤੇ ਉਨ੍ਹਾਂ ਦੇ ਪੈਰ ਥਿੜਕਣ ਲਗ ਪਏ। ਅਫ਼ਗਾਨ ਘੋੜ-ਚੜ੍ਹੇ ਸਿੰਘਾਂ ਦੀ ਦੱਬ ਨਾ ਸਹਿ ਸਕੇ ਅਤੇ ਵਾਗਾਂ ਪਿੱਛੇ ਨੂੰ ਮੋੜ ਕੇ ਪੱਟੀਏ ਪੈ ਗਏ। ਸਵਾਰਾਂ ਦੇ ਖਿਸਕਣ ਦੀ ਦੇਰ ਸੀ ਕਿ ਜਹਾਦੀਆਂ

ਵਿਚ ਭਗਦੜ ਮਚ ਗਈ ਅਤੇ ਉਹ ਮੁੜ ਪੈਰ ਨਾ ਸੰਭਾਲ ਸਕੇ। ਉਨ੍ਹਾਂ ਦੇ ਹੌਸਲੇ ਹਰ ਗਏ। ਬੇਸ਼ੁਮਾਰ ਗਾਜ਼ੀ ਮੈਦਾਨ ਵਿਚ ਮਾਰੇ ਗਏ ਅਤੇ ਕਈਆਂ ਨੇ ਗੀਦੀਆਂ ਵਾਂਗੂ ਜਾਨਾਂ ਗੰਵਾਈਆਂ। ਸੱਯਦ ਇਨਾਇਤ, ਮੁਹੰਮਦ ਤਕੀ ਅਤੇ ਰੰਘੜ ਮੁਹੰਮਦ ਜ਼ਮਾਨ ਇਸ ਵੇਲੇ ਬੜੀ ਬਹਾਦੁਰੀ ਨਾਲ ਡਟ ਕੇ ਲੜੇ, ਪਰ ਸਿੰਘਾਂ ਅੱਗੇ ਕੁਝ ਵਾਹ ਨਾ ਚੱਲੀ। ਦਿਨ ਲਹਿਣ ਵੇਲੇ ਬੜੇ ਜ਼ੋਰ ਦਾ ਮੀਂਹ ਵਰ੍ਹਨ ਲੱਗ ਪਿਆ ਅਤੇ ਤੇਜ਼ ਹਵਾ ਚਲ ਪਈ ਅਤੇ ਜਿਉਂ ਜਿਉਂ ਦਿਨ ਦੀ ਲੋ ਮੱਧਮ ਪੈਂਦੀ ਗਈ ਲੜਾਈ ਭੀ ਮੱਠੀ ਹੁੰਦੀ ਗਈ ਅਤੇ ਰਾਤ ਦੇ ਅੰਨੇਰ੍ਹੇ ਵਿਚ ਜਹਾਦੀ ਗਾਜ਼ੀਆਂ ਦਾ ਲਸ਼ਕਰ ਬਿਲਕੁਲ ਅਲੋਪ ਹੋ ਗਿਆ।

ਬਾਕੀ ਬਚੇ ਜਹਾਦੀ ਨਿੰਮੋ-ਝੂਣੇ ਹੋਏ ਹੋਏ ਲਾਹੌਰ ਵਲ ਨੂੰ ਮੁੜ ਪਏ। ਪਰ ਉਨ੍ਹਾਂ ਦੀ ਬਦਕਿਸਮਤੀ ਇਥੇ ਹੀ ਨਹੀਂ ਸੀ ਮੁਕ ਗਈ। ਇਕ ਹੋਰ ਵਦਾਣ ਦੀ ਸੱਟ, ਜੋ ਪਹਿਲੀਆਂ ਸੱਟਾਂ ਨਾਲੋਂ ਬਹੁਤ ਭਾਰੀ ਸੀ, ਉਨ੍ਹਾਂ ਉੱਤੇ ਪੈਣ ਵਾਲੀ ਸੀ। ਰਸਤੇ ਵਿਚ ਰਾਤ ਕੱਟਣ ਲਈ ਉਹ ਭੀਲੋਵਾਲ ਪਿੰਡ ਵਿਚ ਅਟਕ ਗਏ। ਫੌਜੀ ਸਿਪਾਹੀ ਤਾਂ ਕਿਲੇ ਵਿਚ ਚਲੇ ਗਏ ਅਤੇ ਬਾਕੀ ਜਹਾਦੀ ਅਤੇ ਮੁਲਖੱਈਏ ਸਿੰਘਾਂ ਵਲੋਂ ਬੇਧਿਆਨੇ ਹੋ ਕੇ ਖੁਲ੍ਹੇ ਮੈਦਾਨ ਵਿਚ ਹੀ ਸੌਂ ਗਏ। ਦੂਸਰੇ ਪਾਸੇ ਸਿੰਘ ਅਨ੍ਹੇਰੇ ਦਾ ਫ਼ਾਇਦਾ ਉਠਾ ਕੇ ਲੁਕਵੇਂ ਅਤੇ ਬਚਵੇਂ ਬਚਵੇਂ ਇਨ੍ਹਾਂ ਦੇ ਮਗਰ ਹੀ ਲੱਗ ਤੁਰੇ ਸਨ ਤਾਂਕਿ ਇਨ੍ਹਾਂ ਦੇ ਲਾਹੌਰ ਪੁੱਜਣ ਤੋਂ ਪਹਿਲਾਂ ਪਹਿਲਾਂ ਹੀ ਇਕ ਅੱਧੀ ਸੱਟ ਹੋਰ ਮਾਰ ਸਕਣ। ਭੀਲੋਵਾਲ ਦੇ ਲਾਗੇ ਪੁੱਜ ਕੇ ਇਹ ਬਾਹਰਵਾਰ ਝਾੜਾਂ ਵਿਚ ਲੁਕ ਗਏ ਅਤੇ ਤੜਕੇ ਸਵੇਰੇ ਪਹੁ-ਫੁਟਾਲੇ ਤੋਂ ਪਹਿਲਾਂ ਮੂੰਹ-ਅਨ੍ਹੇਰੇ ਹੀ ਝਾੜਾਂ 'ਚੋਂ ਨਿਕਲ ਕੇ ਅਚਾਨਕ ਜਹਾਦੀਆਂ ਉੱਤੇ ਟੁਟ ਪਏ। ਅੱਗਿਓਂ ਉਹ ਕੋਈ ਬੱਝਵਾਂ ਟਾਕਰਾ ਨਾ ਕਰ ਸਕੇ ਅਤੇ ਬਹੁਤ ਸਾਰੇ ਤਿਆਰ ਹੋ ਸਕਣ ਤੋਂ ਪਹਿਲਾਂ ਹੀ ਮਾਰੇ ਗਏ। ਅਚਾਨਕ ਹੱਲੇ ਦੀ ਘਬਰਾਹਟ ਵਿਚ ਹਰ ਕਿਸੇ ਨੂੰ ਆਪੋ ਆਪਣੀ ਪੈ ਗਈ ਅਤੇ ਜਿਧਰ ਨੂੰ ਰਾਹ ਲੱਭਾ, ਭੱਜ ਨਿਕਲਿਆ। ਸਿੰਘਾਂ ਵਾਸਤੇ ਵੈਰੀਆਂ ਨੂੰ ਸੋਧਣ ਲਈ ਇਕ ਮੁੜ ਹੱਥ ਨਾ ਆਉਣ ਵਾਲਾ ਮੌਕਾ ਸੀ ਜਿਸ ਦਾ ਉਨ੍ਹਾਂ ਨੇ ਵੱਧ ਤੋਂ ਵੱਧ ਫ਼ਾਇਦਾ ਉਠਾਇਆ ਅਤੇ ਖਿੰਡੇ ਅਤੇ ਘਬਰਾਏ ਹੋਏ ਜਹਾਦੀਆਂ ਨੂੰ ਇਕ ਡਾਢੀ ਮਾਰ ਮਾਰੀ ਅਤੇ ਪੈਰਾਂ ਤੋਂ ਕੱਢ ਦਿੱਤਾ। ਅਤਾਉੱਲਾ ਨੇ ਪਿੰਡੋਂ ਬਾਹਰ ਖੁਲ੍ਹੇ ਮੈਦਾਨ ਵਿਚ ਜਦ ਜਹਾਦੀਆਂ ਦੀ ਇਹ ਬੁਰੀ ਹਾਲਤ ਦੇਖੀ ਤਾਂ ਉਸ ਨੇ ਇਕ ਮਕਾਨ ਦੀ ਛੱਤ ਉੱਤੇ ਚੜ੍ਹ ਕੇ ਉੱਚੀ ਉੱਚੀ ਅਵਾਜ਼ਾਂ ਮਾਰੀਆਂ ਕਿ ਬਚਣ ਲਈ ਸਭ ਦੌੜ ਕੇ ਪਿੰਡ ਵਿਚ ਵੜ ਜਾਓ। ਪਰ ਇਸ ਵੇਲੇ ਤਕ ਸਿੰਘਾਂ ਨੇ ਆਪਣਾ ਬਹੁਤ ਸਾਰਾ ਕੰਮ ਮੁਕਾ ਲਿਆ ਹੋਇਆ ਸੀ ਅਤੇ ਸ਼ਾਇਦ ਹੀ ਕੋਈ ਅਜਿਹਾ ਬਚਿਆ ਹੋਵੇ ਜਿਸ ਨੇ ਤਲਵਾਰ ਦੀ ਧਾਰ ਨਾ ਚੱਖੀ ਹੋਵੇ। ਭੀਲੋਵਾਲ ਦੀ ਇਸ ਮਾਰ ਨੇ ਜਹਾਦੀਆਂ ਦਾ ਲੱਕ ਤੋੜ ਕੇ ਰੱਖ ਦਿੱਤਾ। ਜੋ ਜੀਉਂਦੇ ਬਚੇ ਉਹ ਆਪਣੇ ਆਪਣੇ ਘਰਾਂ ਨੂੰ ਤੁਰ ਗਏ ਅਤੇ ਉਨ੍ਹਾਂ ਦੇ ਆਗੂ ਮੂੰਹ ਲਕੋਈ ਲਾਹੌਰ ਜਾ ਵੜੇ।

ਭੀਲੋਵਾਲ ਦੇ ਹੱਲੇ ਵਿਚ ਜਹਾਦੀਆਂ ਅਤੇ ਸਿੰਘਾਂ ਦੇ ਹੋਏ ਨੁਕਸਾਨ ਦਾ ਕੋਈ ਠੀਕ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਪਰ ਇਸ ਗੱਲ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਜਹਾਦੀਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ ਅਤੇ ਉਨ੍ਹਾਂ ਦਾ ਮਾਲ ਅਤੇ ਘੋੜੇ ਸਿੰਘਾਂ ਦੇ ਹੱਥ ਆਏ। ਆਗੂਆਂ ਵਿਚੋਂ ਮੁਰਤਜ਼ਾ ਖ਼ਾਨ ਅਤੇ ਹਿੰਦੂਆਂ ਦਾ ਮੋਹਰੀ ਟੋਡਰ

ਮਲ ਦਾ ਪੋਤਰਾ ਇਥੇ ਮਾਰੇ ਗਏ । ਇਸ ਜਿੱਤ ਨਾਲ ਸਾਰੇ ਦੇਸ਼ ਵਿਚ ਸਿੰਘਾਂ ਦਾ ਬੋਲ ਬਾਲਾ ਹੋ ਗਿਆ ਅਤੇ ਖ਼ਾਸ ਸ਼ਹਿਰ ਲਾਹੌਰ ਨੂੰ ਛੱਡ ਕੇ ਲਗ ਭਗ ਸਾਰੇ ਮਾਝੇ ਅਤੇ ਰਿਆੜਕੀ ਵਿਚ ਸਿੰਘਾਂ ਦੇ ਘੋੜੇ ਦੜਕਣ ਲਗ ਪਏ । ਮੁਲਾਣਿਆਂ ਨੇ ਕਈ ਵਾਰੀ ਫੇਰ ਈਮਾਨ ਦੇ ਨਾਉਂ ਤੇ ਮੁਸਲਮਾਨਾਂ ਨੂੰ ਉਭਾਰਨ ਦਾ ਜਤਨ ਕੀਤਾ ਅਤੇ ਸਿੰਘਾਂ ਤੋਂ ਬਦਲਾ ਲੈਣ ਲਈ ਲੱਕ ਬੰਨ੍ਹਣ ਲਈ ਉਕਸਾਇਆ, ਪਰ ਉਨ੍ਹਾਂ ਦੀ ਕਿਸੇ ਨੇ ਨਾ ਸੁਣੀ ।

ਅਧਿਆਇ 11

# ਜਾਲੰਧਰ ਦੁਆਬ ਵਿਚ ਹਿਲ-ਜੁਲ ਅਤੇ ਰਾਹੋਂ ਦੀ ਲੜਾਈ

ਜਾਲੰਧਰ ਦੁਆਬ (ਜਾਲੰਧਰ, ਹੁਸ਼ਿਆਰਪੁਰ ਅਤੇ ਕਾਂਗੜੇ ਦੇ ਜ਼ਿਲਿਆਂ ਦਾ ਇਲਾਕਾ) ਚੂੰਕਿ ਬੰਦਾ ਸਿੰਘ ਦੇ ਫ਼ਤਿਹ ਕੀਤੇ ਸਰਹੰਦ ਦੇ ਇਲਾਕੇ ਦੇ ਨਾਲ ਲਗਦਾ ਸਤਲੁਜ ਦਰਿਆ ਦੇ ਉੱਤਰ ਨੂੰ ਸੀ, ਅਤੇ ਇਸ ਇਲਾਕੇ ਦੇ ਕੁਝ ਸਿੰਘ ਸਰਹੰਦ ਦੀ ਫ਼ਤਿਹ ਵੇਲੇ ਉਥੇ ਭੀ ਜਾ ਪੁੱਜੇ ਸਨ, ਇਸ ਲਈ ਇੱਥੇ ਆਜ਼ਾਦੀ ਦੀ ਸਪਿਰਟ ਛੇਤੀ ਹੀ ਜਾਗ ਪਈ ਸੀ। ਇਨ੍ਹਾਂ ਨੇ ਭੀ ਕਮਰ-ਕਸੇ ਕਰ ਲਏ ਅਤੇ ਮੱਲਾਂ ਮਾਰਨ ਜੁਟ ਪਏ। ਸਿੰਘ ਤਾਂ ਇਸ ਛਿੜ ਪਏ ਜੁੱਧ ਨੂੰ ਉਸੇ ਤਰ੍ਹਾਂ ਹੀ ਧਰਮ ਦਾ ਕੰਮ ਸਮਝ ਰਹੇ ਸਨ ਜਿਵੇਂ ਕਿ ਉਹ ਖ਼ੁਦ ਗੁਰੂ ਗੋਬਿੰਦ ਜੀ ਦੇ ਹੁਕਮ ਨਾਲ ਲੜੇ ਗਏ ਜੁੱਧਾਂ ਜੰਗਾਂ ਨੂੰ ਸਮਝਦੇ ਸਨ। ਇਨ੍ਹਾਂ ਤੋਂ ਬਿਨਾਂ ਹੋਰ ਉਹ ਸਭ ਲੋਕ ਭੀ ਉਠ ਖੜੋਤੇ ਜੋ ਸਰਕਾਰੀ ਕਰਮਚਾਰੀਆਂ ਹੱਥੋਂ ਦੁਖੇ ਹੋਏ ਸਨ। ਕੁਝ ਹਫਤਿਆਂ ਵਿਚ ਹੀ ਦੁਆਬੇ ਵਿਚਲੇ ਕਈ ਸਰਕਾਰੀ ਅਫ਼ਸਰ ਉਠਾ ਦਿੱਤੇ ਅਤੇ ਉਨ੍ਹਾਂ ਦੀ ਥਾਂ ਸਿੱਖ ਤਹਿਸੀਲਦਾਰ ਅਤੇ ਠਾਣੇਦਾਰ ਨਿਯਤ ਕਰ ਦਿੱਤੇ। ਇਸ ਵੇਲੇ ਖ਼ੁਦ ਬੰਦਾ ਸਿੰਘ ਅਤੇ ਸਿੰਘਾਂ ਦਾ ਵੱਡਾ ਦਲ ਸਰਹੰਦ ਅਤੇ ਗੰਗ-ਦੁਆਬ ਦੇ ਇਲਾਕਿਆਂ ਵਿਚ ਰੁੱਝਾ ਹੋਇਆ ਸੀ। ਇਥੇ ਕੇਵਲ ਦੁਆਬੇ ਦੇ ਸਿੰਘ ਅਤੇ ਸਤਲੁਜ ਪਾਰੋਂ ਆਏ ਹੋਏ ਸਿੰਘਾਂ ਦਾ ਇਕ ਛੋਟਾ ਜਿਹਾ ਜੱਥਾ ਹੀ ਸੀ ਜੋ ਦੁਆਬੇ ਨੂੰ ਸੋਧਣ ਦਾ ਜਤਨ ਕਰ ਰਹੇ ਸਨ।

ਇਸ ਵੇਲੇ ਕਸੂਰ ਦਾ ਇਕ ਖ਼ਲਫ਼ਜ਼ਈ ਪਠਾਣ ਸ਼ੱਮਸ ਖ਼ਾਨ ਦੁਆਬੇ ਦਾ ਫੌਜਦਾਰ ਸੀ। ਉਹ ਪੀਰ ਖ਼ਾਨ ਦਾ ਇਕਲੌਤਾ ਪੁੱਤਰ ਸੀ ਜਿਸ ਦੇ ਪਿਤਾ ਸੁਲਤਾਨ ਅਹਿਮਦ ਖ਼ਾਨ ਖ਼ਲਫ਼ਜ਼ਈ ਨੇ ਸ਼ਾਹਜ਼ਾਦਾ ਮੁਹੰਮਦ ਆਜ਼ਮ ਦੀ ਬੜੀ ਸੇਵਾ ਕੀਤੀ ਸੀ। ਸੁਲਤਾਨ ਅਹਿਮਦ ਖ਼ਾਨ ਦੇ ਚਾਰ ਪੁੱਤਰ ਸਨ : ਹੁਸੈਨ ਖ਼ਾਨ, ਬਾਯਜ਼ੀਦ ਖ਼ਾਨ (ਕੁਤੁਬ ਦੀਨ ਖ਼ਾਨ), ਪੀਰ ਖ਼ਾਨ ਅਤੇ ਅਲੀ ਖ਼ਾਨ। ਚੌਥੇ ਪੁੱਤਰ ਅਲੀ ਖ਼ਾਨ ਦਾ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਆਉਂਦਾ। ਉਸ ਨੇ ਰਾਜ ਕਾਜ ਵਿਚ ਕੋਈ ਬਹੁਤੇ ਹੱਥ ਪੈਰ ਨਹੀਂ ਮਾਰੇ ਜਾਪਦੇ। ਹੁਸੈਨ ਖ਼ਾਨ ਬੜਾ ਹੁਸ਼ਿਆਰ ਬੰਦਾ ਸੀ ਅਤੇ ਲਾਹੌਰ ਦੇ ਸੂਬੇਦਾਰ ਅਬੁਦ-ਸਮੱਦ ਖ਼ਾਨ ਦੇ ਸਮੇਂ ਉਸ ਨੇ ਇਕ ਛੋਟੀ ਜਿਹੀ ਰਿਆਸਤ ਬਣਾ ਲਈ ਸੀ, ਪਰ ਉਹ ਬਹੁਤਾ ਚਿਰ ਜੀਵਿਆ ਨਹੀਂ। ਮੁਹੰਮਦ ਸ਼ਾਹ ਬਾਦਸ਼ਾਹ ਦੇ ਦੂਸਰੇ ਸਾਲ ਵਿਚ ਉਹ 24 ਮਾਰਚ ਸਨ 1721 (6 ਜਮਾਦੀ-ਉ-ਸਾਨੀ, 1133 ਹਿਜਰੀ) ਨੂੰ ਚੂਨੀਆਂ ਦੀ ਲੜਾਈ ਵਿਚ ਮਾਰਿਆ ਗਿਆ। ਬਾਯਜ਼ੀਦ ਖ਼ਾਨ ਦਾ ਅੱਗੇ ਕਾਫ਼ੀ ਜ਼ਿਕਰ ਆਵੇਗਾ। ਪੀਰ ਖ਼ਾਨ ਬਾਦਸ਼ਾਹ ਬਹਾਦੁਰ ਸ਼ਾਹ ਵੇਲੇ ਕਾਫ਼ੀ ਵੱਡੇ ਅਹੁਦੇ ਉੱਤੇ ਸੀ ਅਤੇ ਇਹ ਉਸ ਦੀ ਸੇਵਾ ਦੇ ਬਦਲੇ ਹੀ

ਸੀ ਕਿ ਉਸ ਦੀ ਮੌਤ ਤੋਂ ਬਾਦ ਉਸਦੇ ਪੁੱਤਰ ਨੂਰ ਖ਼ਾਨ ਨੂੰ ਸ਼ੱਮਸ ਖ਼ਾਨ (ਸ਼ੱਮਸੁ-ਦੀਨ ਖ਼ਾਨ) ਦਾ ਖ਼ਿਤਾਬ ਅਤੇ ਦੁਆਬਾ ਬਿਸਤ ਜਾਲੰਧਰ ਦੀ ਫੌਜਦਾਰੀ ਦਿੱਤੀ ਗਈ। ਸੁਲਤਾਨਪੁਰ ਲੋਧੀ ਉਸ ਦਾ ਰਾਜ-ਕੇਂਦਰ ਸੀ।

ਜਦ ਸਿੰਘਾਂ ਨੂੰ ਜਾਲੰਧਰ ਦੁਆਬ ਦੇ ਇਲਾਕੇ ਵਿਚ ਕਾਫ਼ੀ ਸਫਲਤਾ ਹੋ ਗਈ ਅਤੇ ਉਨ੍ਹਾਂ ਦਾ ਜ਼ੋਰ ਭੀ ਕੁਝ ਵਧ ਗਿਆ ਤਾਂ ਉਨ੍ਹਾਂ ਨੇ ਖ਼ੁਦ ਫੌਜਦਾਰ ਨੂੰ ਭੀ ਵੰਗਾਰਿਆ। ਉਨ੍ਹਾਂ ਦਾ ਰਿਵਾਜ ਇਹ ਸੀ ਕਿ ਜਦ ਭੀ ਕਿਸੇ ਇਲਾਕੇ ਉੱਤੇ ਹੱਲਾ ਕਰਨਾ ਹੁੰਦਾ ਤਾਂ ਪਹਿਲਾਂ ਉਥੋ ਦੇ ਹਾਕਮ ਜਾਂ ਚੌਧਰੀ ਨੂੰ ਈਨ ਮੰਨ ਲੈਣ ਲਈ ਚਿੱਠੀ ਲਿਖਦੇ। ਜੇ ਉਹ ਉਨ੍ਹਾਂ ਦੀ ਗੱਲ ਮੰਨ ਕੇ ਮਿਲ ਪੈਂਦਾ ਤਾਂ ਵਾਹ ਵਾਹ, ਨਹੀਂ ਤਾਂ ਧਾਵਾ ਬੋਲ ਦਿੰਦੇ। ਇਸੇ ਅਨੁਸਾਰ ਸਿੰਘਾਂ ਨੇ ਸ਼ੱਮਸ ਖ਼ਾਨ ਨੂੰ ਭੀ ਚਿੱਠੀ ਲਿਖੀ ਕਿ ਉਹ ਆਪਣੇ ਇਲਾਕੇ ਦੇ ਪ੍ਰਬੰਧ ਵਿਚ ਲੋੜੀਂਦੇ ਸੁਧਾਰ ਕਰੇ, ਈਨ ਮੰਨ ਲਏ ਅਤੇ ਖ਼ਜ਼ਾਨਾ ਲੈ ਕੇ ਹਾਜ਼ਰ ਹੋਵੇ। ਸ਼ੱਮਸ ਖ਼ਾਨ ਨੇ ਆਪਣੇ ਵੱਡੇ ਵੱਡੇ ਕਰਮਚਾਰੀਆਂ ਅਤੇ ਫੌਜੀ ਸਰਦਾਰਾਂ ਨਾਲ ਸਲਾਹ ਕੀਤੀ। ਉਨ੍ਹਾਂ ਸਾਰਿਆਂ ਨੇ ਕੁਰਾਨ ਮਜੀਦ ਵਿਚਕਾਰ ਰਖ ਕੇ ਵਫ਼ਾਦਾਰੀ ਅਤੇ ਮਿਲਵਰਤਨ ਦੀ ਸਹੁੰ ਖਾਧੀ ਅਤੇ ਡਟ ਕੇ ਸਿੰਘਾਂ ਦਾ ਟਾਕਰਾ ਕਰਨ ਦੀ ਸਲਾਹ ਦਿੱਤੀ। ਸ਼ੱਮਸ ਖ਼ਾਨ ਅੰਦਰੋਂ ਡਰਦਾ ਸੀ ਕਿ ਨਾਂਹ ਸੁਣ ਕੇ ਸਿੰਘ ਕਿਧਰੇ ਅਚਨਚੇਤ ਹੀ ਹੱਲਾ ਨਾ ਕਰ ਦੇਣ। ਇਸ ਲਈ ਤਿਆਰੀ ਵਾਸਤੇ ਸਮਾਂ ਲੈਣ ਲਈ ਉਸ ਨੇ ਸਿੰਘਾਂ ਨੂੰ ਗੋਲ ਮੋਲ ਜਵਾਬ ਦੇ ਭੇਜਿਆ ਕਿ ਮੈਂ ਛੇਤੀ ਹੀ ਮਿਲਣ ਲਈ ਆਵਾਂਗਾ, ਇਸ ਦੇ ਨਾਲ ਹੀ ਉਸ ਨੇ ਕੁਝ ਸਿੱਕਾ ਤੇ ਬਾਰੂਦ ਭੇਜ ਕੇ ਲਿਖਿਆ ਕਿ ਇਸ ਵੇਲੇ ਗੱਡਿਆਂ ਆਦਿ ਦਾ ਪ੍ਰਬੰਧ ਨਾ ਹੋਣ ਕਰਕੇ ਹੋਰ ਭੇਜ ਸਕਣੋਂ ਅਸਮਰਥ ਹਾਂ। ਇਥੇ ਬਾਜ਼ਾਰ ਵਿਚ ਵਪਾਰੀਆਂ ਪਾਸ ਅਤੇ ਸਰਕਾਰੀ ਗੁਦਾਮਾਂ ਵਿਚ ਢੇਰਾਂ ਦੇ ਢੇਰ ਬਾਰੂਦ ਮੌਜੂਦ ਹੈ ਅਤੇ ਜੇ ਢੁਆਈ ਦਾ ਪ੍ਰਬੰਧ ਹੋ ਜਾਏ ਤਾਂ ਉਹ ਭੇਜਿਆ ਜਾ ਸਕਦਾ ਹੈ।

ਸ਼ੱਮਸ ਖ਼ਾਨ ਹੁਸ਼ਿਆਰ ਬੰਦਾ ਸੀ ਉਸ ਨੂੰ ਖਿਆਲ ਸੀ ਕਿ ਜੇ ਈਮਾਨ ਦੇ ਨਾਉਂ ਉੱਤੇ ਇਲਾਕੇ ਵਿਚ ਲੋਕਾਂ ਨੂੰ ਸੱਦਾ ਦਿੱਤਾ ਗਿਆ ਤਾਂ ਕਾਫ਼ੀ ਮੁਸਲਮਾਨ ਮੁਲਖੱਈਆ ਸਿੰਘਾਂ ਵਿਰੁੱਧ ਜਮਾਂ ਹੋ ਜਾਏਗਾ ਇਸ ਲਈ ਉਸ ਨੇ ਜਹਾਦ ਦਾ ਢੋਲ ਵਜਾ ਦਿੱਤਾ ਅਤੇ ਝੰਡਾ ਗੱਡ ਦਿੱਤਾ।

ਜਹਾਦ ਦੀ ਵੰਗਾਰ ਨੇ ਸਿੱਧੇ ਸਾਦੇ ਮੁਸਲਮਾਨ ਕਿਸਾਨਾਂ ਅਤੇ ਇਲਾਕੇ ਦੇ ਜੁਲਾਹਿਆਂ ਉੱਤੇ ਕਾਫ਼ੀ ਅਸਰ ਕੀਤਾ। ਖ਼ਾਫ਼ੀ ਖ਼ਾਨ ਮੁੰਤਖਬੁਲ-ਲੁਬਾਬ ਵਿਚ ਲਿਖਦਾ ਹੈ ਕਿ ਸ਼ੱਮਸ ਖ਼ਾਨ ਨੇ ਕਰੀਬ ਚਾਰ ਪੰਜ ਹਜ਼ਾਰ ਘੋੜ-ਚੜ੍ਹੇ ਅਤੇ ਤੀਹ ਹਜ਼ਾਰ ਪਿਆਦੇ, ਤੋਪਚੀ, ਤੀਰਮਾਰ ਅਤੇ ਹੋਰ ਹਥਿਆਰਾਂ ਵਾਲੇ ਲੜਾਕੇ, ਜੋ ਜ਼ਿਮੀਂਦਾਰਾਂ ਨਾਲ ਆਏ ਸਨ, ਜਮਾਂ ਕਰ ਲਏ। ਇਸ ਤੋਂ ਬਿਨਾਂ ਹਰ ਕੌਮ ਦੇ ਚੰਗੇ ਚੰਗੇ ਆਦਮੀ, ਰਈਅਤ ਅਤੇ ਕਾਰੀਗਰ, ਜਿਨ੍ਹਾਂ ਵਿਚ ਬਹੁਤੇ ਜੁਲਾਹੇ ਸਨ, ਜਾਨ ਮਾਲ ਅਤੇ ਬਾਲ ਬੱਚੇ ਤੋਂ ਹੱਥ ਧੋ ਕੇ, ਰੱਬੀ ਕਲਾਮ (ਕੁਰਾਨ ਮਜੀਦ) ਨੂੰ ਵਿਚਕਾਰ ਰਖ ਕੇ ਆਪਸ ਵਿਚ ਕੌਲ ਇਕਰਾਰ ਕਰ ਕੇ ਸ਼ਹਾਦਤ ਦੀ ਇੱਛਾ ਨਾਲ ਕਮਰਾਂ ਕਸ ਕੇ ਆ ਜੁੜੇ ਅਤੇ ਰੁਪਏ ਇਕੱਠੇ ਕਰਨ ਵਿਚ ਸ਼ਾਮਲ ਹੋਏ। ਇਸ ਤਰ੍ਹਾਂ ਸ਼ੱਮਸ ਖ਼ਾਨ ਇਕ ਲੱਖ ਤੋਂ ਵੱਧ ਆਦਮ ਜਮਾਂ ਕਰ ਕੇ ਬੜੇ ਦਬਦਬੇ ਨਾਲ ਸੁਲਤਾਨ

ਪੁਰੋਂ ਚੜ੍ਹ ਤੁਰਿਆ ।

ਦੂਸਰੇ ਪਾਸੇ ਸਿੰਘ ਇਸ ਖ਼ੁਸ਼ੀ ਵਿਚ ਸਨ ਕਿ ਸ਼ੱਮਸ ਖ਼ਾਨ ਦੀ ਈਨ ਦੀ ਚਿੱਠੀ ਆ ਗਈ ਹੈ ਅਤੇ ਖ਼ੁਦ ਸ਼ੱਮਸ ਖ਼ਾਨ ਦੇ ਹਾਜ਼ਰ ਹੋ ਜਾਣ ਨਾਲ ਇਲਾਕੇ ਦੇ ਬਾਕੀ ਰਹਿੰਦੇ ਛੋਟੇ ਮੋਟੇ ਕਰਮਚਾਰੀ ਭੀ ਸਿੰਘਾਂ ਦੀ ਤਾਬੇਦਾਰੀ ਮੰਨ ਲੈਣਗੇ ਅਤੇ ਇਸ ਤਰ੍ਹਾਂ ਇਧਰ ਸੌਖੇ ਹੀ ਸਿੰਘਾਂ ਦੀ ਅਮਲਦਾਰੀ ਹੋ ਜਾਏਗੀ । ਪਰ ਉਨ੍ਹਾਂ ਨੂੰ ਅਸਲੀਅਤ ਦਾ ਉਸ ਵੇਲੇ ਚਾਨਣਾ ਹੋਇਆ ਜਦ ਪਤਾ ਲੱਗਾ ਕਿ ਸ਼ੱਮਸ ਖ਼ਾਨ ਨੇ ਜਹਾਦ ਦਾ ਢੋਲ ਵਜਾ ਕੇ ਇਕ ਲੱਖ ਆਦਮੀ ਇਕੱਠਾ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਜਹਾਦ ਲਈ ਚੜ੍ਹ ਪਿਆ ਹੈ ।

ਇਸ ਵੇਲੇ ਸਿੰਘਾਂ ਦੇ ਜੱਥੇ ਖਿੰਡੇ ਹੋਏ ਸਨ । ਮਾਝੇ ਅਤੇ ਰਿਆੜਕੀ ਵਾਲੇ ਸਾਰੇ ਹੀ ਛੇਤੀ ਪੁੱਜ ਨਹੀਂ ਸੀ ਸਕਦੇ । ਉਹ ਪਾਸੇ ਖਾਲੀ ਕਰ ਆਉਣੇ ਭੀ ਠੀਕ ਨਹੀਂ ਸਨ । ਟਾਕਰਾ ਬੜਾ ਡਾਢਾ ਦਿਸਦਾ ਸੀ । ਇਸ ਲਈ ਉਨ੍ਹਾਂ ਨੇ ਬੰਦਾ ਸਿੰਘ ਅਤੇ ਗੰਗ-ਦੁਆਬ ਵਿਚ ਗਏ ਹੋਏ ਸਿੰਘਾਂ ਨੂੰ ਸੁਨੇਹੇ ਭੇਜੇ ਅਤੇ ਸਾਰੀ ਹਕੀਕਤ ਦੱਸ ਕੇ ਛੇਤੀ ਦੁਆਬੇ ਵਿਚ ਪੁੱਜਣ ਲਈ ਬੇਨਤੀ ਕੀਤੀ । ਇਹ ਉਹ ਦਿਨ ਸਨ ਜਦ ਕਿ ਬੰਦਾ ਸਿੰਘ ਸਹਾਰਨਪੁਰ ਵਲ ਸੀ ਅਤੇ ਸਿੰਘਾਂ ਨੇ ਜਲਾਲਾਬਾਦ ਨੂੰ ਘੇਰਾ ਪਾਇਆ ਹੋਇਆ ਸੀ । ਪਰ ਇਸ ਵੇਲੇ ਖ਼ੁਦ ਬੰਦਾ ਸਿੰਘ ਦਾ ਦੁਆਬੇ ਪੁੱਜ ਸਕਣਾ ਮੁਸ਼ਕਿਲ ਸੀ ਕਿਉਂਕਿ ਬਾਦਸ਼ਾਹ ਬਹਾਦੁਰ ਸ਼ਾਹ ਦੱਖਣ ਤੋਂ ਵਾਪਸ ਆ ਰਿਹਾ ਸੀ ਅਤੇ ਖ਼ਬਰਾਂ ਉਡ ਰਹੀਆਂ ਸਨ ਕਿ ਉਹ ਸ਼ਾਹੀ ਲਸ਼ਕਰ ਸਮੇਤ ਸਿੰਘਾਂ ਵਿਰੁੱਧ ਪੰਜਾਬ ਵਲ ਚੜ੍ਹਾਈ ਕਰਨ ਦਾ ਇਰਾਦਾ ਕਰ ਰਿਹਾ ਹੈ । ਇਸ ਹਾਲਤ ਵਿਚ ਬੰਦਾ ਸਿੰਘ ਦਾ ਆਪ ਸਰਹੰਦ ਦੇ ਇਲਾਕੇ ਵਿਚ ਰਹਿਣਾ ਅਤਿ ਜ਼ਰੂਰੀ ਹੈ । ਪਰ ਦੁਆਬੇ ਵਿਚ ਭੀ ਕੁਝ ਸਿੰਘਾਂ ਦਾ ਜਾਣਾ ਜ਼ਰੂਰੀ ਸੀ । ਇਸ ਲਈ ਜਲਾਲਾਬਾਦ ਦਾ ਘੇਰਾ ਚੁੱਕ ਲਿਆ ਗਿਆ ਅਤੇ ਇਥੇ ਦੇ ਸਿੰਘਾਂ ਨੇ ਰਵਾਂ ਰਵੀਂ ਦੁਆਬੇ ਨੂੰ ਧਾਈ ਕਰ ਦਿੱਤੀ ।

ਮਾਲੂਮ ਹੁੰਦਾ ਹੈ ਕਿ ਸ਼ੱਮਸ ਖ਼ਾਨ ਨੂੰ ਭੀ ਸਿੰਘਾਂ ਦੇ ਦੁਆਬੇ ਵਲ ਆਉਂਦੇ ਹੋਣ ਦਾ ਪਤਾ ਲਗ ਗਿਆ ਸੀ ਅਤੇ ਉਸ ਨੂੰ ਖਿਆਲ ਸੀ ਕਿ ਉਹ ਮਾਛੀਵਾੜੇ ਦੇ ਪੱਤਣ ਤੋਂ ਸਤਲੁਜ ਪਾਰ ਹੋਣਗੇ, ਜਿਥੇ ਕਿ ਦਰਿਆ ਦੇ ਕੰਢੇ ਉੱਤੇ ਉਨ੍ਹਾਂ ਨੂੰ ਸੌਖਿਆਂ ਹੀ ਰੋਕਿਆ ਜਾ ਸਕੇਗਾ । ਇਸੇ ਲਈ ਸ਼ੱਮਸ ਖ਼ਾਨ ਜਹਾਦੀਆਂ ਦੇ ਇਤਨੇ ਭਾਰੇ ਲਾਓ ਲਸ਼ਕਰ ਨਾਲ ਸੁਲਤਾਨ ਪੁਰੋਂ ਇਤਨੀ ਦੂਰ ਪਚਵੰਜਾ ਮੀਲ ਤਕ ਨਿਕਲ ਆਇਆ ਅਤੇ ਅੱਗੇ ਹੋ ਕੇ ਮਾਛੀਵਾੜੇ ਦੇ ਪਾਸ ਪੱਕੀ ਸਰਾਇ ਵਿਚ ਠਾਣਾ ਬਿਠਾ ਦਿੱਤਾ, ਪਰ ਸਿੰਘ ਸ਼ੱਮਸ ਖ਼ਾਨ ਦੇ ਅੰਦਾਜ਼ੇ ਤੋਂ ਪਹਿਲਾਂ ਹੀ ਸਤਲੁਜ ਟੱਪ ਆਏ ਅਤੇ ਰਾਹੋਂ ਸ਼ਹਿਰ ਤੋਂ ਬਾਹਰ ਦੋਹਾਂ ਦਾ ਭੇੜ ਹੋ ਗਿਆ ।

ਸਿੰਘਾਂ ਨੇ ਜਦ ਦੇਖਿਆ ਕਿ ਅਨਗਿਣਤ ਜਹਾਦੀ ਲੋਕ ਵਧੀ ਚਲੇ ਆ ਰਹੇ ਹਨ ਅਤੇ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਹੈ, ਜੰਗੀ ਸਾਮਾਨ ਭੀ ਕੋਈ ਬਹੁਤਾ ਨਹੀਂ ਤਾਂ ਉਨ੍ਹਾਂ ਸ਼ਹਿਰੋਂ ਬਾਹਰ ਉੱਤਰ-ਲਹਿੰਦੇ ਨੂੰ ਪੁਰਾਣੇ ਭੱਠਿਆਂ ਦੇ ਟਿੱਬਿਆਂ ਨੂੰ ਮੱਲ ਲਿਆ ਅਤੇ ਇਨ੍ਹਾਂ ਨੂੰ ਕਿਲੇ ਵਾਂਗ ਵਰਤਣ ਲਈ ਲੋੜ ਅਨੁਸਾਰ ਆਲੇ ਦੁਆਲੇ ਖਾਈਆਂ ਵਿਚ ਦੜ ਗਏ । ਖ਼ਾਫ਼ੀ ਖ਼ਾਨ ਨੇ ਜਿਥੇ ਸੁਲਤਾਨਪੁਰੋਂ ਤੁਰੇ ਜਹਾਦੀ ਲਸ਼ਕਰ ਦੀ ਗਿਣਤੀ ਇਕ ਲੱਖ ਤੋਂ ਉਪਰ ਦਸੀ ਹੈ ਜੋ ਮੁਸਲਮਾਨੀ ਇਲਾਕੇ ਵਿਚ ਲੰਘਣ ਵੇਲੇ ਹੋਰ ਵਧ ਗਈ ਹੋਣੀ ਹੈ, ਉਥੇ ਸਿੰਘਾਂ ਦੀ ਗਿਣਤੀ ਸਤਰ ਅੱਸੀ ਹਜ਼ਾਰ ਦਿੱਤੀ ਹੈ । ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਸਿੰਘਾਂ ਦੀ

ਗਿਣਤੀ ਇਤਨੀ ਥੋੜ੍ਹੀ ਹੋਣੀ ਹੈ ਕਿ ਖਾਫ਼ੀ ਖ਼ਾਨ ਨੂੰ ਮਜਬੂਰ ਹੋ ਕੇ ਜਹਾਦੀਆਂ ਨਾਲੋਂ ਘੱਟ ਮੰਨਣੀ ਪਈ। ਖਾਫ਼ੀ ਖ਼ਾਨ ਕਹਿੰਦਾ ਹੈ ਕਿ ਰਾਹੋਂ ਦੇ ਕੰਪੂ ਤੋਂ ਸਿੰਘਾਂ ਨੇ ਸਾਰੀ ਪਾਸੀਂ ਗਾਰਦਾਂ ਭੇਜ ਦਿੱਤੀਆਂ ਅਤੇ ਇਰਦ ਗਿਰਦ ਦੇ ਚੌਧਰੀਆਂ ਅਤੇ ਕਾਨੂੰਗੋਆਂ ਨੂੰ ਈਣ ਮੰਨ ਲੈਣ ਲਈ ਪਰਵਾਨੇ ਭੇਜੇ।

ਸ਼ੱਮਸ ਖ਼ਾਨ ਦੇ ਜਹਾਦੀ ਇਕ ਦੂਸਰੇ ਨੂੰ ਹੱਲਾਸ਼ੇਰੀ ਦੇਣ ਲਈ ਕਹਿੰਦੇ ਸਨ ਕਿ ਜੇ ਕਿਧਰੇ ਸ਼ੱਮਸ ਖ਼ਾਨ ਨੂੰ ਹਾਰ ਹੋ ਗਈ ਜਾਂ ਉਹ ਮਾਰਿਆ ਗਿਆ ਤਾਂ ਸਾਡਾ ਜਾਨ ਮਾਲ, ਬਾਲ ਬੱਚੇ ਅਤੇ ਸਾਰੇ ਅਸੀਂ ਜੰਗ ਦੀ ਇਸ ਕਤਲਗਾਹ ਵਿਚ ਤਬਾਹ ਹੋ ਜਾਵਾਂਗੇ, ਇਸ ਲਈ ਸ਼ਹਾਦਤ ਦੀ ਇੱਛਾ ਨਾਲ ਉਨ੍ਹਾਂ ਨੂੰ ਡਟ ਕੇ ਅਤੇ ਜੁਟ ਕੇ ਲੜਨਾ ਚਾਹੀਦਾ ਹੈ। ਇਸ ਤਰ੍ਹਾਂ ਖ਼ੁਸ਼ੀ ਅਤੇ ਚਾਓ ਦੀਆਂ ਗੱਲਾਂ ਕਰਦੇ ਅਤੇ ਅੱਲਾ-ਹੂ-ਅਕਬਰ ਦੇ ਨਾਹਰੇ ਮਾਰਦੇ ਇਕ ਦੂਸਰੇ ਨਾਲੋਂ ਮੋਹਰੇ ਹੁੰਦੇ ਬੜੀ ਬਹਾਦੁਰੀ ਨਾਲ ਅੱਗੇ ਨੂੰ ਵਧੇ। ਪਹਿਰ ਕੁ ਦਿਨ ਚੜ੍ਹੇ ਇਹ ਸਿੰਘਾਂ ਦੇ ਗੋਲੇ ਦੀ ਮਾਰ ਹੇਠਾਂ ਪੁੱਜੇ ਹੀ ਸਨ ਕਿ ਤੋਪ ਦਗਣ ਅਤੇ ਬੰਦੂਕਾਂ ਚਲਣ ਦੀ ਆਵਾਜ਼ ਆਈ ਅਤੇ ਇੱਕੋ ਵਾਰ ਦਸ ਬਾਰਾਂ ਹਜ਼ਾਰ ਗੋਲੇ ਅਤੇ ਗੋਪ੍ਰੀਆਂ ਦੇ ਪੱਥਰ ਇਸਲਾਮੀ ਲਸ਼ਕਰ ਉੱਤੇ ਵਰ੍ਹ ਪਏ ਅਤੇ ਲੜਾਈ ਸ਼ੁਰੂ ਹੋ ਪਈ। ਸਿੰਘਾਂ ਵਲੋਂ ਦੋ ਵਾਲੀਆਂ ਛੁਟਣ ਪਿਛੋਂ ਜਹਾਦੀ ਗਾਜ਼ੀ ਅਤੇ ਚਾਲ੍ਹੀ ਪੰਜਾਹ ਹਜ਼ਾਰ ਹੋਰ ਮੁਸਲਮਾਨ ਮੁਲਖਈਆ, ਜੋ ਇਰਦ ਗਿਰਦ ਦੇ ਪਰਗਣਿਆਂ ਤੋਂ ਇਕੱਠਾ ਹੋ ਕੇ ਆਇਆ ਸੀ, ਅੱਲਾ-ਹੂ-ਅਕਬਰ ਦੇ ਨਾਹਰੇ ਲਾਉਂਦਾ ਟਿੱਡੀ ਦਲ ਵਾਂਙ ਸਿੰਘਾਂ ਉੱਤੇ ਟੁੱਟ ਪਿਆ। ਸ਼ੱਮਸ ਖ਼ਾਨ ਨੇ ਉਨ੍ਹਾਂ ਨੂੰ ਤੇਜ਼ੀ ਕਰਨ ਤੋਂ ਰੋਕਿਆ ਅਤੇ ਠਰ੍ਹਮੇ ਨਾਲ ਅੱਗੇ ਵਧਣ ਲਈ ਕਿਹਾ। ਸਿੰਘਾਂ ਲਈ ਇਸ ਅਥਾਹ ਹੜ੍ਹ ਦੇ ਸਾਮ੍ਹਣੇ ਬਹੁਤ ਚਿਰ ਮੋਰਚਿਆਂ ਵਿਚ ਟਿਕੇ ਰਹਿ ਸਕਣਾ ਔਖਾ ਸੀ, ਇਸ ਲਈ ਉਹ ਭੱਠਿਆਂ ਦੀਆਂ ਖਾਈਆਂ ਵਿਚੋਂ ਨਿਕਲ ਕੇ ਰਾਹੋਂ ਦੇ ਕਿਲੇ ਵਿਚ ਜਾ ਵੜੇ ਜਿਸ ਉੱਤੇ ਕਿ ਉਨ੍ਹਾਂ ਨੇ ਜਹਾਦੀਆਂ ਦੇ ਇੱਥੇ ਪੁੱਜਣ ਤੋਂ ਪਹਿਲਾਂ ਹੀ ਕਬਜ਼ਾ ਕਰ ਲਿਆ ਹੋਇਆ ਸੀ।

ਰਾਹੋਂ ਦੇ ਕਿਲੇ ਦਾ ਕਈ ਦਿਨ ਘੇਰਾ ਪਿਆ ਰਿਹਾ। ਸਿੰਘ ਕਈ ਵਾਰ ਰਾਤ ਨੂੰ ਛੋਟੀਆਂ ਛੋਟੀਆਂ ਟੋਲੀਆਂ ਬਣਾ ਕੇ ਕਿਲਿਓਂ ਨਿਕਲਦੇ ਅਤੇ ਅਨ੍ਹੇਰੇ ਵਿਚ ਗਾਜ਼ੀਆਂ ਉੱਤੇ ਹੱਲਾ ਕਰਕੇ ਉਨ੍ਹਾਂ ਦੇ ਆਦਮੀਆਂ ਅਤੇ ਘੋੜਿਆਂ ਦਾ ਕਾਫ਼ੀ ਨੁਕਸਾਨ ਕਰਦੇ ਪਰ ਜਹਾਦੀਆਂ ਦੀ ਗਿਣਤੀ ਇਤਨੀ ਜ਼ਿਆਦਾ ਸੀ ਕਿ ਇਸ ਤਰ੍ਹਾਂ ਦੇ ਨੁਕਸਾਨ ਨਾਲ ਉਨ੍ਹਾਂ ਦਾ ਬਹੁਤਾ ਕੁਝ ਨਾ ਵਿਗੜਦਾ। ਇਹ ਗੱਲ ਦੇਖ ਕੇ ਸਿੰਘਾਂ ਨੇ ਵੈਰੀ ਨਾਲ ਇਕ ਚਾਲਾਕੀ ਕਰਨ ਦੀ ਸੋਚੀ ਅਤੇ 1-2 ਅਕਤੂਬਰ ਸਨ 1710 (19 ਸ਼ਾਬਾਨ, 1122 ਹਿਜਰੀ) ਦੀ ਰਾਤ ਨੂੰ ਅਨ੍ਹੇਰੇ ਵਿਚ ਕਿਲੇ ਤੋਂ ਨਿਕਲ ਪਏ। ਸ਼ੱਮਸ ਖ਼ਾਨ ਥੋੜ੍ਹੀ ਜਿਹੀ ਦੂਰ, ਕੁਝ ਕੋਹ, ਉਨ੍ਹਾਂ ਦੇ ਪਿੱਛੇ ਗਿਆ, ਇਕ ਤੋਪ ਅਤੇ ਕੁਝ ਲੱਦੇ ਹੋਏ ਊਠ ਤੇ ਬਲਦ ਉਸ ਦੇ ਹੱਥ ਆ ਗਏ ਜਿਸ ਤੋਂ ਉਸ ਨੂੰ ਯਕੀਨ ਹੋ ਗਿਆ ਕਿ ਸਿੰਘ ਹਾਰ ਖਾ ਕੇ ਭੱਜ ਨਿਕਲੇ ਹਨ। ਇਸ ਲਈ ਉਹ ਉਸੇ ਦਿਨ ਸੁਲਤਾਨਪੁਰ ਨੂੰ ਵਾਪਸ ਮੁੜ ਗਿਆ।

ਪਰ ਸਿੰਘ ਰਾਹੋਂ ਤੋਂ ਬਹੁਤ ਦੂਰ ਨਹੀਂ ਸਨ ਗਏ। ਉਹ ਲਾਗੇ ਝੱਲਾਂ ਵਿਚ ਹੀ ਦੜੇ ਹੋਏ ਸਨ। ਦੂਸਰੇ ਦਿਨ 3 ਅਕਤੂਬਰ (20 ਸ਼ਾਬਾਨ) ਨੂੰ ਸਵੇਰੇ ਹੀ ਹਜ਼ਾਰ ਕੁ

ਸਿੰਘਾਂ ਦਾ ਜੱਥਾ ਮੁੜ ਰਾਹੋਂ ਆ ਪੁੱਜਾ ਅਤੇ ਉਸ ਨੇ ਸ਼ੱਮਸ ਖ਼ਾਨ ਦੇ ਆਦਮੀਆਂ ਨੂੰ ਕਿਲੇ ਵਿਚੋਂ ਕੱਢ ਕੇ ਆਪ ਕਬਜ਼ਾ ਕਰ ਲਿਆ।

ਇਹ ਸਿੰਘਾਂ ਦਾ ਲੜਾਈ ਦਾ ਇਕ ਖ਼ਾਸ ਹਥਕੰਡਾ ਸੀ ਜੋ ਉਨ੍ਹਾਂ ਨੇ ਮੁਗਲਾਂ, ਦੁੱਰਾਨੀਆਂ ਅਤੇ ਸਥਾਈ ਕਰਮਚਾਰੀਆਂ ਵਿਰੁੱਧ ਜੁੱਧਾਂ ਵਿਚ ਵਰਤਿਆ ਹੈ ਅਤੇ ਜਿਸ ਨੂੰ ਵੈਰੀਆਂ ਨੇ ਆਮ ਤੌਰ ਤੇ ਗ਼ਲਤੀ ਨਾਲ ਹਾਰ ਸਮਝਿਆ ਅਤੇ ਪ੍ਰਗਟ ਕੀਤਾ ਹੈ। ਸਿੰਘ ਜਦ ਕਦੀ ਮਿਥ ਕੇ ਮੈਦਾਨ ਵਿਚੋਂ ਭੱਜ ਪੈਂਦੇ ਤਾਂ ਵੈਰੀ ਇਸ ਨੂੰ ਸਿੰਘਾਂ ਦੀ ਭਾਂਜ ਸਮਝ ਕੇ ਉਨ੍ਹਾਂ ਦੇ ਪਿੱਛੇ ਲਗ ਤੁਰਦੇ ਅਤੇ ਉਨ੍ਹਾਂ ਦੀਆਂ ਅੱਖਾਂ ਤਦ ਖੁਲ੍ਹਦੀਆਂ ਜਦ ਕੁਝ ਦੂਰ ਨਿਕਲ ਕੇ ਸਿੰਘ ਭੱਜੇ ਜਾਂਦੇ ਜਾਂਦੇ ਅਚਾਣਕ ਹੀ ਇਕ ਦਮ ਪਿੱਛੇ ਨੂੰ ਮੁੜ ਪੈਂਦੇ ਅਤੇ ਜ਼ੋਰ ਦਾ ਹੱਲਾ ਕਰ ਕੇ ਆਮ ਫੌਜ ਤੋਂ ਵੱਖਰੇ ਹੋ ਕੇ ਦੂਰ ਨਿਕਲ ਆਏ ਵੈਰੀਆਂ ਉੱਤੇ ਟੁੱਟ ਪੈਂਦੇ ਅਤੇ ਉਨ੍ਹਾਂ ਦੀ ਸਫ਼ਾਈ ਕਰ ਦਿੰਦੇ। ਇਸ ਤਰ੍ਹਾਂ ਦੇ ਅਮਲੀ ਤਜਰਬੇ ਦੇ ਆਧਾਰ ਤੇ ਕਾਜ਼ੀ ਨੂਰ ਮੁਹੰਮਦ ਗੰਜਾਬਵੀ ਆਪਣੇ 'ਜੰਗਨਾਮੇ' ਵਿਚ ਆਪਣੇ ਮੁਸਲਮਾਨ ਭਰਾਵਾਂ ਨੂੰ ਸੁਚੇਤ ਕਰਦਾ ਹੋਇਆ ਕਹਿੰਦਾ ਹੈ ਕਿ :

> ਜੇ ਕਦੇ ਉਨ੍ਹਾਂ (ਸਿੰਘਾਂ) ਨੂੰ ਹਾਰ ਹੋ ਜਾਏ ਤਾਂ, ਐ ਜੁਆਨ, ਤੂੰ ਇਸ ਨੂੰ ਹਾਰ ਨਾ ਸਮਝੀਂ,
> ਕਿਉਂਕਿ ਇਹ ਉਨ੍ਹਾਂ ਦਾ ਲੜਾਈ ਦਾ ਇਕ ਮਕਰ ਹੈ। ਇਨ੍ਹਾਂ ਤੋਂ ਦੁਬਾਰਾ ਡਰੋ, ਡਰੋ।
> ਕਿਉਂਕਿ ਇਨ੍ਹਾਂ ਦਾ ਇਹ ਮਕਰ (ਫ਼ਰੇਬ) ਇਸ ਤਰ੍ਹਾਂ ਹੁੰਦਾ ਹੈ ਕਿ ਗੁੱਸੇ ਵਿਚ ਆਏ ਹੋਏ ਵੈਰੀ ਦਾ ਮੁੜ ਜ਼ੋਰ ਪੈ ਜਾਂਦਾ ਹੈ।
> ਜੋ ਇਨ੍ਹਾਂ ਦੇ ਪਿਛੇ ਦੌੜਦਾ ਹੈ ਉਹ ਆਪਣੇ ਲਸ਼ਕਰ ਤੋਂ ਨਿਖੜ ਜਾਂਦਾ ਹੈ ਅਤੇ ਆਪਣੇ ਮਦਦਗਾਰਾਂ ਤੋਂ ਜੁਦਾ ਹੋ ਜਾਂਦਾ ਹੈ।
> ਇਸ ਤੋਂ ਬਾਅਦ ਇਹ ਮੂੰਹ ਭੁਆ ਕੇ ਪਿੱਛੇ ਨੂੰ ਮੁੜ ਪੈਂਦੇ ਹਨ ਅਤੇ ਜੇ (ਇਨ੍ਹਾਂ ਦੇ ਪਿਛੇ) ਪਾਣੀ (ਦਾ ਹੜ੍ਹ) ਭੀ ਹੋਵੇ ਤਾਂ ਉਸ ਨੂੰ ਭੀ ਅੱਗ ਲਾ ਦਿੰਦੇ ਹਨ।
> ਕੀ ਤੂੰ ਨਹੀਂ ਸੀ ਵੇਖਿਆ ਕਿ ਜੰਗ ਵਿਚ ਇਹ ਖ਼ਾਨ ਦੇ ਸਾਹਮਣੇ ਮਕਰ ਕਰ ਕੇ (ਝੂਠ ਮੂਠ) ਭੱਜ ਪਏ ਸਨ ਅਤੇ ਫੇਰ ਪਿੱਛੇ ਮੁੜ ਪਏ ਸਨ ਅਤੇ ਖ਼ਾਨ ਨੂੰ ਘੇਰੇ ਵਿਚ ਲੈ ਲਿਆ ਸੀ।

ਬਹਾਦੁਰ ਸ਼ਾਹ ਬਾਦਸ਼ਾਹ ਨੂੰ 1-2 ਅਕਤੂਬਰ 1710 (19 ਸ਼ਾਬਾਨ 1122 ਹਿਜਰੀ) ਦੀ ਰਾਤ ਨੂੰ ਸਿੰਘਾਂ ਦੇ ਰਾਹੋਂ ਤੋਂ ਖਿਸਕ ਜਾਣ ਦੀ ਖਬਰ 15 ਅਕਤੂਬਰ ਸਨ 1710 (3 ਰਮਜ਼ਾਨ ਸਨ, 4 ਜਲੂਸੀ) ਨੂੰ ਪੁੱਜੀ ਜਦ ਕਿ ਉਹ ਸੋਨੀਪਤ ਦੇ ਲਾਗੇ ਉਤਰਿਆ ਹੋਇਆ ਸੀ। ਸਿੰਘਾਂ ਦੇ ਮੁੜ ਰਾਹੋਂ ਉੱਤੇ ਕਬਜ਼ਾ ਕਰ ਲੈਣ ਦੀ ਖਬਰ ਦੇਰ ਨਾਲ ਪੁੱਜੀ ਹੋਣੀ ਹੈ।

ਰਾਹੋਂ ਉੱਤੇ ਤਹਿਤ ਬਿਠਾ ਕੇ ਸਿੰਘ ਜਾਲੰਧਰ ਵਲ ਨੂੰ ਚੜ੍ਹ ਪਏ। ਇੱਥੇ ਦੇ ਪਠਾਣ ਇਤਨੇ ਡਰੇ ਹੋਏ ਸਨ ਕਿ ਉਹ ਸਿੰਘਾਂ ਦੇ ਪੁੱਜਣ ਦੀ ਸੋ ਸੁਣ ਕੇ ਹੀ ਸ਼ਹਿਰੋਂ ਭੱਜ ਗਏ ਅਤੇ ਜਾਲੰਧਰ ਉੱਤੇ ਸਿੰਘਾਂ ਦਾ ਸੌਖੇ ਹੀ ਕਬਜ਼ਾ ਹੋ ਗਿਆ। ਇਸੇ ਤਰ੍ਹਾਂ ਹੀ ਬਜਵਾੜੇ

(ਹੁਸ਼ਿਆਰਪੁਰ) ਦੇ ਸਰਕਾਰੀ ਕਰਮਚਾਰੀ ਨੇ ਕੋਈ ਟਾਕਰਾ ਨਾ ਕੀਤਾ ਅਤੇ ਈਨ ਮੰਨ ਲਈ । ਗੱਲ ਕੀ ਥੋੜੇ ਚਿਰ ਵਿਚ ਲਗ ਭਗ ਸਾਰਾ ਦੁਆਬਾ ਬਿਸਤ ਜਾਲੰਧਰ ਸਿੰਘਾਂ ਦੇ ਤਹਿਤ ਵਿਚ ਆ ਗਿਆ । ਦੁਆਬੇ ਦਾ ਫ਼ੌਜਦਾਰ ਖ਼ੁਦ ਸ਼ੱਮਸ ਖ਼ਾਨ ਭੀ ਸੁਲਤਾਨ ਪੁਰ ਵਿਚ ਆਰਾਮ ਨਾਲ ਨਾ ਰਹਿ ਸਕਿਆ ਅਤੇ ਮੁਆੱਸਿਰੁ-ਲ-ਉਮਰਾ (ਜਿਲਦ 3-128) ਅਨੁਸਾਰ ਸ਼ੱਮਸ ਖ਼ਾਨ ਅਤੇ ਸਿੰਘਾਂ ਦੇ ਵਿਚਕਾਰ ਬਾਈ ਲੜਾਈਆਂ ਹੋਈਆਂ ।

ਇਸ ਵੇਲੇ ਦੀ ਦੇਸ਼ ਦੀ ਹਾਲਤ ਸੰਖੇਪ ਨਾਲ ਇਸ ਤਰ੍ਹਾਂ ਸੀ :

ਚੜ੍ਹਦੇ ਅਤੇ ਚੜ੍ਹਦੇ-ਦੱਖਣੀ ਪੰਜਾਬ ਵਿਚ ਹਰ ਥਾਂ ਸਿੰਘ ਉਠ ਖੜੋਏ ਹੋਏ ਸਨ । ਸ਼ਹਿਰ ਲਾਹੌਰ ਤੋਂ ਬਿਨਾਂ, ਜਿੱਥੇ ਕਿ ਸ਼ਾਹੀ ਸੂਬੇਦਾਰ ਅਤੇ ਹੋਰ ਵੱਡੇ ਵੱਡੇ ਸਰਕਾਰੀ ਕਰਮਚਾਰੀ ਸਨ, ਲਗ ਭਗ ਸਾਰਾ ਮਾਝਾ, ਰਿਆੜਕੀ ਅਤੇ ਪਠਾਨਕੋਟ ਤਕ ਕੰਢੀ ਦਾ ਇਲਾਕਾ ਸਿੰਘਾਂ ਦੇ ਤਹਿਤ ਵਿਚ ਸੀ । ਦੁਆਬੇ ਬਿਸਤ ਜਲੰਧਰ ਵਿਚ ਭੀ ਸਿੰਘਾਂ ਦਾ ਬੋਲ ਬਾਲਾ ਸੀ ਅਤੇ ਸ਼ੱਮਸ ਖ਼ਾਨ ਨਾਉਂ ਮਾਤਰ ਦਾ ਹੀ ਹਾਕਮ ਸੀ । ਜਮਨਾ ਦੇ ਚੜ੍ਹਦੇ ਪਾਸੇ ਗੰਗਾ-ਦੁਆਬ ਦਾ ਉੱਪਰਲਾ ਹਿੱਸਾ ਸਿੰਘਾਂ ਗਾਹ ਮਾਰਿਆ ਸੀ ਅਤੇ ਸਤਲੁਜ ਦੇ ਦੱਖਣ ਨੂੰ ਮਾਛੀਵਾੜੇ ਤੋਂ ਕਰਨਾਲ ਤਕ ਦਾ ਸਰਹਿੰਦ ਦਾ ਸਾਰਾ ਇਲਾਕਾ ਸਿੰਘਾਂ ਦੇ ਕਬਜ਼ੇ ਵਿਚ ਸੀ ਜਿਥੇ ਕਿ ਸਰਦਾਰ ਬਾਜ ਸਿੰਘ ਹਾਕਮ ਸੀ ਅਤੇ ਥਾਂ ਥਾਂ ਸਿੱਖ ਫ਼ੌਜਦਾਰ ਅਤੇ ਥਾਣੇਦਾਰ ਨਿਯਤ ਸਨ । ਸਿੰਘ ਦਿੱਲੀ ਦੇ ਉੱਤਰੀ ਇਲਾਕੇ ਵਿਚ ਭੀ ਜਾ ਪੁੱਜੇ ਸਨ ਅਤੇ ਇਰਾਦਤ ਖ਼ਾਨ ਦੇ ਕਥਨ ਅਨੁਸਾਰ 'ਦਿੱਲੀ ਵਿਚ ਕੋਈ ਅਜਿਹਾ ਸਰਦਾਰ ਨਹੀਂ ਸੀ ਜਿਸ ਵਿਚ ਦਿੱਲੀਓਂ ਉਨ੍ਹਾਂ ਦੇ ਵਿਰੁੱਧ ਚੜ੍ਹਾਈ ਕਰਨ ਦੀ ਦਲੇਰੀ ਹੁੰਦੀ । ਰਾਜਧਾਨੀ ਦਾ ਵੱਡਾ ਸਰਕਾਰੀ ਹਾਕਮ ਆਸਫ਼-ਦੌਲਾ ਅਸਦ ਖ਼ਾਨ ਚੂੰਕਿ ਡਰਦਾ ਪਿਆ ਜਾਪਦਾ ਸੀ, ਇਸ ਲਈ ਸ਼ਹਿਰ ਦੇ ਵਸਨੀਕ ਦਿਸ ਰਹੇ ਝੱਖੜ ਤੋਂ ਬਚਨ ਲਈ ਆਪਣੇ ਬਾਲ ਬੱਚੇ ਅਤੇ ਮਾਲ ਮਤਾਹ ਸਮੇਤ ਪੂਰਬ ਵਲ ਦੇ ਸੂਬਿਆਂ ਨੂੰ ਭੱਜਣੇ ਸ਼ੁਰੂ ਹੋ ਗਏ ਸਨ । ਜੇ ਕਿਧਰੇ ਕਰਨਾਲ ਦੇ ਪਾਸੇ ਦੇ ਇਕ ਮੁਸਲਮਾਨ ਰਾਜਪੂਤ ਜ਼ਿਮੀਦਾਰ ਸਰਦਾਰ ਖ਼ਾਨ ਦੀ ਹਿਲ-ਜੁਲ ਨ ਹੁੰਦੀ 'ਤਾਂ ਉਨ੍ਹਾਂ (ਸਿੰਘਾਂ) ਨੂੰ ਦਿੱਲੀ ਉੱਤੇ ਚੜ੍ਹਾਈ ਕਰਨੋਂ ਕੋਈ ਰੋਕਣ ਵਾਲਾ ਨਹੀਂ ਸੀ,' ਅਤੇ 'ਜੇ ਬਹਾਦਰ ਸ਼ਾਹ ਦੱਖਣੋਂ ਨਾ ਚਲ ਪੈਂਦਾ ਜਿਵੇਂ ਕਿ ਸਨ 1710 ਈਸਵੀ ਵਿਚ ਉਹ ਤੁਰ ਪਿਆ, ਅਤੇ ਸਾਰੀ ਸ਼ਾਹੀ ਫ਼ੌਜ ਸਮੇਤ ਪੰਜਾਬ ਵਲ ਨੂੰ ਕੂਚ ਨਾ ਕਰ ਦਿੰਦਾ, ਤਾਂ ਜੌਨ ਮੈਲਕਮ ਦੇ ਕਹਿਣ ਅਨੁਸਾਰ, 'ਹਰ ਇਕ ਦਲੀਲ ਇਹ ਖ਼ਿਆਲ ਕਰ ਲੈਣ ਦੇ ਹੱਕ ਵਿਚ ਸੀ ਕਿ ਸਾਰਾ ਹਿੰਦੁਸਤਾਨ ਹੀ ਇਨ੍ਹਾਂ ਹੱਲੇ ਕਰਨ ਵਾਲਿਆਂ (ਸਿੰਘਾਂ) ਦੇ ਤਹਿਤ ਹੇਠ ਹੋ ਗਿਆ ਹੁੰਦਾ ।'

ਅਧਿਆਇ 12

# ਬਾਦਸ਼ਾਹ ਬਹਾਦੁਰ ਸ਼ਾਹ ਦਾ ਸਿੰਘਾਂ ਵਿਰੁੱਧ ਕੂਚ

ਬਾਦਸ਼ਾਹ ਬਹਾਦੁਰ ਸ਼ਾਹ ਨੂੰ ਪੰਜਾਬ ਵਿਚ ਸਿੰਘਾਂ ਦੇ ਉਠ ਖੜੋਣ ਦੀਆਂ ਖ਼ਬਰਾਂ ਸਨ 1709 ਦੇ ਅਖੀਰ ਵਿਚ ਹੀ ਦਸੰਬਰ ਦੇ ਮਹੀਨੇ ਜਾਂ ਸੰਨ 1710 ਦੇ ਆਰੰਭ ਵਿਚ ਜਨਵਰੀ ਦੇ ਸ਼ੁਰੂ ਵਿਚ ਪੁਜਣ ਲੱਗ ਪਈਆਂ ਸਨ। ਬਾਦਸ਼ਾਹੀ ਦਰਬਾਰ ਦੀਆਂ ਖ਼ਬਰਾਂ (ਅਖ਼ਬਾਰਿ ਦਰਬਾਰਿ-ਮੁਅੱਲਾ) ਦੇ ਜੈਪੁਰ ਵਿਚ ਸੁਰੱਖਿਤ ਸੰਚੇ ਵਿਚ ਇਕ ਖ਼ਬਰ ਤੋਂ, ਜਿਸ ਉੱਤੇ ਤਾਰੀਖ਼ ਕੋਈ ਨਹੀਂ ਪਈ ਹੋਈ ਅਤੇ ਉਪਰਲੇ ਪੱਤਰੇ ਉੱਤੇ 131 ਨੰਬਰ ਦਿੱਤਾ ਹੋਇਆ ਹੈ ਅਤੇ ਸੰਮਤ ਬਹਾਦੁਰ ਸ਼ਾਹੀ ਲਿਖਿਆ ਹੋਇਆ ਹੈ, ਪਤਾ ਲਗਦਾ ਹੈ ਕਿ ਇਸ ਵੇਲੇ ਤਕ ਸਿੰਘਾਂ ਨੇ ਸਢੌਰਾ ਮਾਰ ਲਿਆ ਹੋਇਆ ਸੀ (ਜੋ 11 ਨਵੰਬਰ ਸੰਨ 1709 ਨੂੰ ਸਮਾਣਾ ਮਾਰਨ ਤੋਂ ਬਾਅਦ ਦੀ ਗੱਲ ਹੈ)। ਸਰਹੰਦ ਦੇ ਫੌਜਦਾਰ ਵਜ਼ੀਰ ਖ਼ਾਨ ਦੇ ਵਕੀਲ ਨੇ ਖ਼ਬਰ ਭੇਜਣ ਵਾਲੇ ਨੂੰ ਕਿਹਾ ਸੀ ਕਿ "ਇਸ ਫਸਾਦ ਦੀ ਅੱਗ ਨੂੰ ਮਾਮੂਲੀ ਨਹੀਂ ਸਮਝਣਾ ਚਾਹੀਦਾ, ਸੱਤਰ ਹਜ਼ਾਰ ਦੇ ਲਗ ਭਗ ਸਿੱਖ ਸਢੌਰੇ ਕੰਪੂ ਪਾਈ ਬੈਠੇ ਹਨ, ਗੁਰੂ ਦਾ ਨਾਉਂ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਇਕ ਮਹਾਤਮਾ (ਸੱਯਦ, ਸਿੱਧ) ਅਗੰਮੋਂ ਸਾਡੇ ਨਾਲ ਆ ਰਲਿਆ ਹੈ (ਇਸ ਤੋਂ ਬੰਦਾ ਸਿੰਘ ਵਲ ਇਸ਼ਾਰਾ ਜਾਪਦਾ ਹੈ)। ਨਵਾਬ ਨਿਜ਼ਾਮ-ਉਲ-ਮੁਲਕ ਨੇ ਵਜ਼ੀਰ ਖ਼ਾਨ ਫ਼ੌਜਦਾਰ ਸਰਹੰਦ ਦੀਆਂ ਚਿੱਠੀਆਂ ਪੜ੍ਹ ਕੇ ਫੈਸਲਾ ਕੀਤਾ ਹੈ ਕਿ ਹਿਸਾਰ ਦਾ ਫੌਜਦਾਰ ਵਜ਼ੀਰ ਖ਼ਾਨ ਨਾਲ ਸ਼ਾਮਲ ਹੋਵੇ। (ਖ਼ਬਰ ਦੇ ਅੰਤ ਵਿਚ ਲਿਖਿਆ ਹੋਇਆ ਹੈ ਕਿ) ਇਹ ਵਿਚਾਰੇ ਬੜੀ ਲਾਚਾਰੀ ਵਿਚ ਹਨ। ਪਤਾ ਨਹੀਂ ਰੱਬ ਨੂੰ ਕੀ ਮਨਜ਼ੂਰ ਹੈ ?" "ਲਾਹੌਰ ਵਿਚ ਸੂਬੇ ਦੇ ਆਦਮੀਆਂ ਨਾਲ ਇਸ ਜਮਾਤ ਦੇ ਲੋਕਾਂ ਨੇ ਲੜਾਈ ਕੀਤੀ ਹੈ ਕਿ ਅਤੇ ਕਈਆਂ ਨੂੰ ਮਾਰ ਮੁਕਾਇਆ ਹੈ* ਅਤੇ ਇਸ ਵੇਲੇ ਸਾਰੀ ਥਾਈਂ ਇਨ੍ਹਾਂ ਦਾ ਗ਼ਲਬਾ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਨੇ ਆ ਕੇ ਸਹਾਰਨਪੁਰ ਨੂੰ ਘੇਰਾ ਪਾਇਆ ਹੋਇਆ ਹੈ।"

25 ਫਰਵਰੀ 1710 (7 ਮੁਹੱਰਮ, ਸਨ 4 ਬ.) ਨੂੰ ਵਜ਼ੀਰ ਖ਼ਾਨ ਦੀ ਅਰਜ਼ੀ ਬਾਦਸ਼ਾਹ ਦੇ ਪੇਸ਼ ਹੋਈ। 23 ਅਪ੍ਰੈਲ (5 ਰੱਬੀ-ਉਲ-ਅਵੱਲ) ਨੂੰ ਲਾਹੌਰ ਦੇ ਦੀਵਾਨ ਦੀ ਲਿਖਤ ਪੁੱਜੀ ਜਿਸ ਉੱਤੇ ਹੁਕਮ ਹੋਇਆ ਕਿ ਇਰਦ ਗਿਰਦ ਦੇ ਫੌਜਦਾਰਾਂ ਨੂੰ ਲਿਖਿਆ

---

*ਇਸ ਤੋਂ ਸੰਨ 1709 ਦੀਆਂ ਗਰਮੀਆਂ ਵਿਚ ਅਸਲਮ ਖ਼ਾਂ ਨਾਇਬ ਸੂਬੇਦਾਰ ਲਾਹੌਰ ਦੇ ਹੁਕਮ ਨਾਲ ਆਏ ਪੱਟੀ ਦੇ ਅਮੀਨ ਹਰਿ ਸਹਾਏ ਅਤੇ ਨੁਸ਼ਹਿਰਾ ਪੁਨੂਆਂ ਦੇ ਚੌਧਰੀ ਦੇਵੇ ਜੱਟ ਨਾਲ ਅੰਮ੍ਰਿਤਸਰ ਵਿਚ ਸਿੰਘਾਂ ਦੀਆਂ ਹੋ ਪਈਆਂ ਲੜਾਈਆਂ ਵੱਲ ਇਸ਼ਾਰਾ ਹੈ।

ਜਾਏ ਕਿ ਲੋੜ ਵੇਲੇ ਇਕੱਠੇ ਹੋ ਕੇ ਇਸ ਦੀ ਸਹਾਇਤਾ ਕਰਨ। ਮਾਲੂਮ ਹੁੰਦਾ ਹੈ ਕਿ ਸਰਹੰਦ ਉੱਤੇ ਹੱਲਾ ਕਰਨ ਤੋਂ ਪਹਿਲਾਂ ਬੰਦਾ ਸਿੰਘ ਨੇ ਕੁਝ ਸਿੰਘ ਜਮੁਨਾ ਪਾਰ ਸਹਾਰਨ-ਪੁਰ ਵਲ ਇਸ ਲਈ ਭੇਜ ਦਿੱਤੇ ਸਨ ਤਾਂਕਿ ਪਾਰਲੇ ਮੁਸਲਮਾਨ ਕਰਮਚਾਰੀ ਪਾਰ ਹੀ ਰੁਝੇ ਰਹਿਣ ਅਤੇ ਸਰਹੰਦ ਦੀ ਸਹਾਇਤਾ ਲਈ ਨਾ ਆ ਸਕਣ। ਇਸ ਲਈ 12 ਮਈ ਨੂੰ ਜਦ ਪਰਤੀਤ ਰਾਓ ਹਰਕਾਰੇ ਨੇ ਪੰਜਾਬ ਦੀਆਂ ਖ਼ਬਰਾਂ ਦੱਸਦੇ ਹੋਏ ਬੰਦਾ ਸਿੰਘ ਦਾ ਜ਼ਿਕਰ ਕੀਤਾ ਅਤੇ ਸਹਾਰਨਪੁਰ ਵਲ ਸਿੰਘਾਂ ਦੇ ਜਮਾਂ ਹੋਣ ਦੀ ਖ਼ਬਰ ਸੁਣਾਈ ਤਾਂ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਫੌਜਦਾਰਾਂ ਨੂੰ ਤਾਕੀਦ ਕੀਤੀ ਜਾਏ ਕਿ ਇਨ੍ਹਾਂ ਨੂੰ ਸਿੱਧਾ ਕਰਨ। 17 ਮਈ ਨੂੰ ਬਾਦਸ਼ਾਹ ਪਾਸ ਅਰਜ਼ ਹੋਈ ਕਿ ਆਸਫ਼ੁਦੌਲਾ ਨੇ ਇਕ ਲੱਖ ਰੁਪਈਆ ਸੱਯਦ ਅਬਦੁੱਲਾ ਖ਼ਾਨ ਬਹਾਦੁਰ ਨੂੰ ਦੇ ਕੇ ਸਹਾਰਨਪੁਰ ਵਲ ਸਿੰਘਾਂ ਵਲੋਂ ਖੜਾ ਕੀਤਾ ਫ਼ਸਾਦ ਮਿਟਾਉਣ ਲਈ ਕਿਹਾ ਹੈ ਅਤੇ ਖ਼ਾਨ-ਦੌਰਾਨ ਆਦਿ ਨੂੰ ਭੀ ਇਸ ਕੰਮ ਲਈ ਨਿਯਤ ਕੀਤਾ ਹੈ। 20 ਮਈ ਸਨ 1710 ਨੂੰ ਬਾਦਸ਼ਾਹ ਨੂੰ ਅਜਮੇਰ ਦੇ ਲਾਗੇ ਖ਼ਬਰ ਮਿਲ ਗਈ ਕਿ ਸਰਹੰਦ ਦਾ ਫੌਜਦਾਰ ਵਜ਼ੀਰ ਖ਼ਾਨ ਸਿੰਘਾਂ ਨਾਲ ਲੜਾਈ ਵਿਚ 12 ਮਈ ਨੂੰ ਮਾਰਿਆ ਗਿਆ ਹੈ ਅਤੇ ਬੰਦਾ ਸਿੰਘ ਨੇ ਸਰਹੰਦ ਉੱਤੇ ਕਬਜ਼ਾ ਕਰ ਲਿਆ ਹੈ। 24 ਮਈ (6 ਰੱਬੀ-ਉ-ਸਾਨੀ, 4 ਬ.) ਨੂੰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਰਾਜਧਾਨੀ (ਦਿੱਲੀ) ਦੇ ਮੁਤਸੱਦੀਆਂ ਨੂੰ ਲਿਖਿਆ ਜਾਵੇ ਕਿ ਅੱਠ ਲੱਖ ਰੁਪਿਆ ਖ਼ਾਨ ਜਾਨ ਬਹਾਦੁਰ ਸੂਬੇਦਾਰ ਅਲਾਹਾਬਾਦ ਅਤੇ ਸੱਯਦ ਅਬਦੁੱਲਾ ਖ਼ਾਨ ਬਹਾਦੁਰ ਨੂੰ ਸਹਾਇਤਾ ਵਜੋਂ ਦਿੱਤਾ ਜਾਵੇ ਅਤੇ ਅਫ਼ਜ਼ਲ ਖ਼ਾਨ ਦਿੱਲੀ ਜਾ ਕੇ ਖ਼ਾਨ (ਜਾਨ) ਬਹਾਦੁਰ ਨੂੰ ਸੱਯਦ ਅਬਦੁੱਲਾ ਖ਼ਾਨ, ਸ਼ਮਸ਼ੇਰ ਖ਼ਾਨ, ਚੇਤ ਸਿੰਘ ਜ਼ਿਮੀਂਦਾਰ ਕਮਾਊਂ, ਅਨੂਪ ਸਿੰਘ ਅਤੇ ਈਸਾ ਖ਼ਾਨ ਆਦਿ ਨੂੰ ਬੰਦਾ ਸਿੰਘ ਦੇ ਵਿਰੁੱਧ ਭੇਜੇ। 27 ਮਈ (9 ਰੱਬੀ-ਉ-ਸਾਨੀ) ਨੂੰ ਸਫ਼-ਸ਼ਿਕਨ ਖ਼ਾਨ ਨੇ ਅਰਜ਼ ਕੀਤੀ ਕਿ ਜੇ ਸਰਹੰਦ ਦੀ ਫੌਜਦਾਰੀ, ਫੌਜ ਅਤੇ ਮਸਾਲਾ ਮੈਨੂੰ ਮਿਲ ਜਾਏ ਤਾਂ ਮੈਂ ਫਸਾਦੀ ਬੰਦਾ ਸਿੰਘ ਨੂੰ ਸੋਧ ਦਿਆਂਗਾ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬਖ਼ਸ਼ੀ-ਉਲ-ਮੁਮਾਲਿਕ ਦੱਸੇ ਕਿ ਕਿਤਨੇ ਸਾਮਾਨ ਦੀ ਲੋੜ ਹੋਵੇਗੀ।

28 ਮਈ ਨੂੰ ਬਾਦਸ਼ਾਹ ਦੀ ਸੇਵਾ ਵਿਚ ਅਰਜ਼ ਹੋਈ ਕਿ ਰਾਜਾ ਅਜੀਤ ਸਿੰਘ (ਰਾਠੌਰ) ਅਤੇ ਰਾਜਾ ਜੈ ਸਿੰਘ (ਕਛਵਾਹਾ) ਸਾਂਭਰ ਤੋਂ ਮਨੋਹਰ ਪੁਰ ਵਲ ਨੂੰ ਕੂਚ ਕਰ ਗਏ ਹਨ। ਉਨ੍ਹਾਂ ਨੂੰ ਗੁਰੂ [ਬੰਦਾ ਸਿੰਘ] ਦੀਆਂ ਚਿੱਠੀਆਂ ਆਈਆਂ ਸਨ ਅਤੇ ਉਨ੍ਹਾਂ ਨੇ ਜਵਾਬ ਲਿਖ ਭੇਜੇ ਹਨ। ਮੁਨਇਮ ਖ਼ਾਨ ਅਤੇ ਮਹਾਬਤ ਖ਼ਾਨ ਦੇ ਯਤਨਾਂ ਨਾਲ ਇਹ ਰਾਜੇ 11 ਜੂਨ ਨੂੰ ਬਾਦਸ਼ਾਹ ਦੇ ਹਜ਼ੂਰ ਆ ਹਾਜ਼ਰ ਹੋਏ। ਬਾਦਸ਼ਾਹ ਨੇ ਇਨ੍ਹਾਂ ਦਾ ਬੜਾ ਸਤਿਕਾਰ ਕੀਤਾ, ਵਡ-ਮੁੱਲੀਆਂ ਖਿੱਲਤਾਂ ਅਤੇ ਇਨਾਮ ਅਤੇ ਤਸੱਲੀ ਦੇ ਕੇ ਵਤਨਾਂ ਨੂੰ ਵਿਦਾ ਕੀਤਾ।

10 ਜੂਨ (23 ਰੱਬੀ-ਉ-ਸਾਨੀ) ਨੂੰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਸੂਬਾ ਲਾਹੌਰ ਦੇ ਮੁਤਸੱਦੀਆਂ ਨੂੰ ਲਿਖਿਆ ਜਾਏ ਕਿ ਸੁਰਗਵਾਸੀ ਵਜ਼ੀਰ ਖ਼ਾਨ ਦੇ ਭਤੀਜੇ ਮੁਹੰਮਦ ਤਕੀ ਨੂੰ ਤਿੰਨ ਹਜ਼ਾਰ ਰੁਪਈਆ ਖਰਚ ਲਈ ਦੇ ਕੇ ਬਾਦਸ਼ਾਹ ਦੇ ਹਜ਼ੂਰ ਭੇਜ ਦੇਣ।

ਜਿਵੇਂ ਪਿਛੇ ਦੱਸਿਆ ਜਾ ਚੁੱਕਾ ਹੈ, ਬਾਦਸ਼ਾਹ ਬਹਾਦੁਰ ਸ਼ਾਹ ਇਸ ਵੇਲੇ ਆਪਣੇ

ਭਰਾ ਕਾਮ ਬਖ਼ਸ਼ ਦੇ ਵਿਰੁੱਧ ਦੱਖਣ ਦੀ ਮੁਹਿੰਮ ਮੁਕਾ ਕੇ ਰਾਜਪੁਤਾਨੇ ਨੂੰ ਇਸ ਲਈ ਆਇਆ ਸੀ ਕਿ ਇਥੇ ਦੇ ਅੜੀਅਲ ਰਾਜਾ ਜੈ ਸਿੰਘ ਕਛਵਾਹਾ ਅਤੇ ਜਸਵੰਤ ਸਿੰਘ ਰਾਠੌੜ ਦੇ ਪੁੱਤਰ ਰਾਜਾ ਅਜੀਤ ਸਿੰਘ ਨੂੰ ਸੋਧਦਾ ਜਾਵੇ। ਪਰ ਪੰਜਾਬ ਦੀਆਂ ਭਿਆਨਕ ਖ਼ਬਰਾਂ ਅਤੇ ਖ਼ਾਸ ਕਰ ਸਰਹੰਦ ਉੱਤੇ ਬੰਦਾ ਸਿੰਘ ਦੇ ਕਬਜ਼ੇ ਨੇ ਬਾਦਸ਼ਾਹ ਦੀ ਸਲਾਹ ਬਦਲ ਦਿੱਤੀ। ਦਿੱਲੀ ਤੋਂ ਆਸਫ਼-ਦੌਲਾ ਅਸਦ ਖ਼ਾਨ ਦੀਆਂ ਅਰਜ਼ੀਆਂ ਅਤੇ ਦੀਵਾਨ ਤਾਜ ਦੀਨ, ਦੀਵਾਨ ਹਾਫ਼ਿਜ਼ ਖ਼ਾਨ, ਹਸਨ ਰਜ਼ਾ ਕੋਤਵਾਲ, ਬਖ਼ਸ਼ੀ ਫ਼ਖ਼ਰੁੱਦੀਨ, ਮੁਹੰਮਦ ਤਾਹਿਰ ਅਤੇ ਕਾਜ਼ੀ ਦਰਵੇਸ਼ ਮੁਹੰਮਦ ਦੀਆਂ ਲਿਖਤਾਂ ਅਤੇ ਖ਼ਬਰਾਂ ਨੇ ਬਾਦਸ਼ਾਹ ਦਾ ਧਿਆਨ ਜ਼ਿਆਦਾ ਪੰਜਾਬ ਵਲ ਮੋੜ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਸਰਹੰਦ ਅਤੇ ਥਾਨੇਸਰ ਦੇ ਕੁਝ ਸਿਰਕੱਢ ਬੰਦਿਆਂ ਅਤੇ ਸਾਮਾਣੇ ਅਤੇ ਸਢੌਰੇ ਦੇ ਪੀਰਜ਼ਾਦਿਆਂ ਨੇ ਅਜਮੇਰ 11-12 ਜੂਨ ਨੂੰ ਬਾਦਸ਼ਾਹ ਪਾਸ ਆ ਫ਼ਰਿਆਦ ਕੀਤੀ ਅਤੇ ਵਾ-ਵੇਲਾ ਮਚਾਇਆ। ਇਸ ਦਾ ਬਾਦਸ਼ਾਹ ਦੇ ਮਨ ਉੱਤੇ ਬੜਾ ਅਸਰ ਹੋਇਆ ਅਤੇ ਉਸ ਨੇ ਸਿੱਧਾ ਪੰਜਾਬ ਨੂੰ ਜਾਣ ਦਾ ਇਰਾਦਾ ਕਰ ਲਿਆ। ਬਾਦਸ਼ਾਹੀ ਰਾਜਧਾਨੀ ਦੇ ਇਤਨੇ ਨਜ਼ਦੀਕ ਇਸ ਪ੍ਰਕਾਰ ਦੀ ਆਮ ਜਨਤਾ ਦੀ ਬਗ਼ਾਵਤ, ਜਿਹੀ ਕਿ ਸਿੱਖਾਂ ਨੇ ਖੜੀ ਕਰ ਦਿੱਤੀ ਹੋਈ ਸੀ, ਰਾਜਪੂਤਾਂ ਦੇ ਝਗੜੇ ਨਾਲੋਂ ਜ਼ਿਆਦਾ ਖ਼ਤਰਨਾਕ ਅਤੇ ਦੂਰੀ ਅਸਰ ਵਾਲੇ ਨਤੀਜੇ ਪੈਦਾ ਕਰ ਸਕਦੀ ਸੀ। ਰਾਜਪੂਤਾਂ ਨੂੰ ਜੇ ਆਪਣੇ ਖ਼ਾਨਦਾਨੀ ਇਲਾਕਿਆਂ ਵਿਚ ਰਹਿਣ ਭੀ ਦਿੱਤਾ ਜਾਏ ਤਾਂ ਭੀ ਉਨ੍ਹਾਂ ਦੇ ਹੋਰ ਵਧੀਕੀਆਂ ਕਰਨ ਦੀ ਸੰਭਾਵਨਾ ਨਹੀਂ ਸੀ। ਇਸ ਲਈ ਬਾਦਸ਼ਾਹ ਨੇ ਉਨ੍ਹਾਂ ਦੇ ਕਸੂਰ ਅੱਖੋਂ ਉਹਲੇ ਕਰ ਕੇ ਉਨ੍ਹਾਂ ਦੇ ਵਿਰੁੱਧ ਚੜ੍ਹਾਈ ਦਾ ਖ਼ਿਆਲ ਛੱਡ ਦਿੱਤਾ।

ਇਸ ਵੇਲੇ ਬਾਦਸ਼ਾਹ ਅਤੇ ਵਜ਼ੀਰ ਮੁਨਇਮ ਖ਼ਾਨ ਵਿਚਕਾਰ ਮਤ-ਭੇਦ ਹੋ ਗਿਆ। ਵਜ਼ੀਰ ਕਹਿੰਦਾ ਸੀ ਕਿ ਇਤਨੇ ਬੜੇ ਪ੍ਰਤਾਪੀ ਬਾਦਸ਼ਾਹ ਲਈ ਸਿੱਖਾਂ ਵਰਗੇ ਤੁੱਛ ਬਾਗ਼ੀਆਂ ਵਿਰੁੱਧ ਆਪ ਚੜ੍ਹਾਈ ਕਰਨਾ ਉਸ ਦੀ ਸ਼ਾਨ ਦੇ ਵਿਰੁੱਧ ਹੈ ਅਤੇ ਸੌਹਾਂ ਖਾ ਕੇ ਜ਼ੁਮੇਵਾਰੀ ਲੈਂਦਾ ਸੀ ਕਿ ਉਹ ਬੰਦਾ ਸਿੰਘ ਨੂੰ ਫੜ ਕੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕਰੇਗਾ, ਪਰ ਇਰਾਦਤ ਖ਼ਾਨ ਦਸਦਾ ਹੈ ਕਿ ਇਸ ਮਤ-ਭੇਦ ਦੇ ਹੁੰਦੇ ਭੀ ਬਾਦਸ਼ਾਹ ਨੇ ਆਪਣਾ ਧਾਰਮਿਕ ਫ਼ਰਜ਼ ਸਮਝਿਆ ਕਿ ਉਹ ਸਿੱਖਾਂ ਦੇ ਵਿਰੁੱਧ ਜਹਾਦ ਵਿਚ ਖ਼ੁਦ ਸ਼ਾਮਲ ਹੋਵੇ ਅਤੇ ਆਪਣੇ ਪਿਤਾ ਔਰੰਗਜ਼ੇਬ ਦੀ ਕਾਇਮ ਕੀਤੀ ਮਿਸਾਲ ਪਰ ਚਲੇ ਜਿਵੇਂ ਕਿ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿਚ ਕਾਫ਼ਰਾਂ ਦੇ ਹਰ ਕਿਲੇ ਨੂੰ ਘੇਰਾ ਪਾਉਣ ਵੇਲੇ ਉਹ ਆਪ ਮੌਜੂਦ ਹੁੰਦਾ ਸੀ।

ਬਹਾਦੁਰ ਸ਼ਾਹ ਬਾਦਸ਼ਾਹ ਨੇ ਨਿਜ਼ਾਮੁਲ-ਮੁਲਕ ਆਸਫ਼-ਦੌਲਾ ਅਸਦ ਖ਼ਾਨ ਨੂੰ ਹੁਕਮ ਭੇਜੇ ਕਿ ਉਹ ਸਿੱਖਾਂ ਦੇ ਵਿਰੁੱਧ ਝਟ ਪਟ ਚੜ੍ਹਾਈ ਕਰਨ ਲਈ ਫੌਜ ਤਿਆਰ ਕਰੇ ਅਤੇ ਅਵਧ ਦੇ ਸੂਬੇਦਾਰ ਖ਼ਾਨ-ਦੌਰਾਨ, ਮੁਰਾਦਾਬਾਦ ਦੇ ਫੌਜਦਾਰ ਮੁਹੰਮਦ ਅਮੀਨ ਖ਼ਾਨ ਚੀਨ-ਬਹਾਦੁਰ, ਅਲਾਹਾਬਾਦ ਦੇ ਨਾਜ਼ਿਮ ਖ਼ਾਨ ਜਾਨ ਅਤੇ ਬਾਰ੍ਹੇ ਦੇ ਸੱਯਦ ਅਬਦੁੱਲਾ ਖ਼ਾਨ ਨੂੰ ਇਸ ਮੁਹਿੰਮ ਨਾਲ ਸ਼ਾਮਲ ਹੋਣ ਲਈ ਸੱਦੇ ਭੇਜੇ। ਖ਼ੁਦ ਬਾਦਸ਼ਾਹ ਨੇ 17 ਜੂਨ 1710 (1 ਜਮਾਦੀ-ਉਲ-ਅੱਵਲ, 4 ਬਹਾਦੁਰੀ ਸ਼ਾਹੀ, 1122 ਹਿਜਰੀ)

ਨੂੰ ਅਜਮੇਰੋਂ ਪੰਜਾਬ ਵਲ ਨੂੰ ਕੂਚ ਕੀਤਾ ।

6 ਜੁਲਾਈ (20 ਜਮਾਦੀ-ਉਲ-ਅੱਵਲ) ਨੂੰ ਜਦ ਸ਼ਾਹੀ ਵਾਕਿਆ-ਨਵੀਸ (ਰੋਜ਼ਨਾਮਚੇ ਦੇ ਲਿਖਾਰੀ) ਹਿਦਾਇਤ-ਕੇਸ਼ ਖ਼ਾਨ ਨੇ ਬੰਦਾ ਸਿੰਘ ਦੀ ਮੋਹਰ ਦੇ ਸ਼ਬਦ

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਿਨ ਅਸਤ
ਪਾਦਸ਼ਾਹਿ ਦੀਨੋ ਦੁਨੀਆ ਆਪ ਸੱਚਾ ਸਾਹਿਬ ਅਸਤ

ਬਾਦਸ਼ਾਹ ਦੇ ਪੇਸ਼ ਕੀਤੇ ਤਾਂ ਬਾਦਸ਼ਾਹ ਨੂੰ ਦੱਸਿਆ ਗਿਆ "ਕਿ ਖ਼ਾਲਸੇ ਸਿੱਖ ਸਿੱਕੇ ਜਾਰੀ ਕਰ ਰਹੇ ਹਨ ਅਤੇ ਆਮਿਲਾਂ ਦੇ ਨਾਂਉਂ ਹੁਕਮ-ਨਾਮਿਆਂ ਵਿਚ ਸਨ ੧ ਦਰਜ ਕਰਦੇ ਹਨ। ਇਕ ਸਿੱਖ ਨੂੰ ਫੌਜਾਂ ਸੱਦਦੇ ਹਨ। ਪਿੰਡਾਂ ਵਿਚੋਂ ਤੀਸਰਾ ਹਿੱਸਾ ਬਟਾਈ ਲੈਂਦੇ ਹਨ। ਵਜ਼ੀਰ ਖ਼ਾਨ ਦਾ ਕਾਫ਼ੀ ਮਾਲ ਇਨ੍ਹਾਂ ਦੇ ਹੱਥ ਲੱਗਾ ਹੈ।"

ਇਹ ਉਹ ਦਿਨ ਸਨ ਜਦ ਕਿ ਬੰਦਾ ਸਿੰਘ ਅਤੇ ਸਿੰਘ ਜਮੁਨਾ ਪਾਰ ਸਹਾਰਨਪੁਰ, ਜਲਾਲਾਬਾਦ ਵਲ ਵਧੇ ਹੋਏ ਸਨ ਜਿਸ ਦਾ ਜ਼ਿਕਰ ਪਿਛੇ ਨੌਵੇਂ ਅਧਿਆਇ ਵਿਚ ਕੀਤਾ ਗਿਆ ਹੈ। ਬਾਦਸ਼ਾਹ ਨੂੰ ਰਸਤੇ ਵਿਚ ਜਿਉਂ ਖ਼ਬਰਾਂ ਪੁੱਜਦੀਆਂ ਗਈਆਂ ਉਹ ਜਲਾਲ ਖ਼ਾਨ ਦੀ ਸਹਾਇਤਾ ਦੇ ਹੁਕਮ ਦਿੰਦਾ ਗਿਆ ਅਤੇ ਆਪਣੀ ਮੁਹਿੰਮ ਲਈ ਭੀ ਜੋਗ ਪ੍ਰਬੰਧ ਕਰਦਾ ਗਿਆ। 8 ਜੁਲਾਈ (22 ਜਮਾਦੀ-ਉਲ-ਅੱਵਲ) ਨੂੰ ਬਾਦਸ਼ਾਹ ਨੇ ਸੁਰਗਵਾਸੀ ਵਜ਼ੀਰ ਖ਼ਾਨ ਦੀ ਥਾਂ ਜ਼ੈਨੁਦੀਨ ਅਹਿਮਦ ਖ਼ਾਨ ਨੂੰ ਸਿਕੰਦਰਾਬਾਦ ਅਤੇ ਮੇਰਠ ਦੇ ਚਕਲੇ ਤੋਂ ਬਦਲ ਕੇ ਸਰਹੰਦ ਦਾ ਫੌਜਦਾਰ ਨਿਯਤ ਕੀਤਾ ਉਸ ਨੂੰ ਦੋ ਹਜ਼ਾਰ ਸਵਾਰ ਅਤੇ ਦੋ ਹਜ਼ਾਰ ਸਿਹਬੰਦੀ ਪਿਆਦੇ ਦਿੱਤੇ। 28 ਜੁਲਾਈ (12 ਜਮਾਦੀ-ਉ-ਸਾਨੀ) ਨੂੰ ਪਰਾਗਪੁਰ ਦੇ ਮੁਕਾਮ ਤੋਂ ਸਾਂ-ਭਰ ਦੇ ਮੌਕੂਫ਼ ਹੋਏ ਹੋਏ ਫ਼ੌਜਦਾਰ ਫੀਰੋਜ਼ ਖ਼ਾਨ ਮੇਵਾਤੀ, ਰੁਸਤਮ-ਦਿਲ ਖ਼ਾਨ ਦੇ ਭਤੀਜੇ ਸੁਲਤਾਨ-ਕੁਲੀ ਖ਼ਾਨ, ਸ਼ਾਕਰ ਖ਼ਾਨ ਅਤੇ ਕੁਝ ਹੋਰ ਸਰਦਾਰਾਂ ਦੀ ਕਮਾਨ ਹੇਠ ਸਿੰਘਾਂ ਵਿਰੁੱਧ ਇਕ ਆਗਾਊਂ ਫ਼ੌਜ ਭੇਜੀ ਗਈ ਅਤੇ ਮੇਵਾਤੀ ਨੂੰ ਸਿਹਬੰਦੀ ਗੈਰ-ਆਈਨੀ (ਖੁਲ੍ਹੇ) ਸਿਪਾਹੀਆਂ ਦੀ ਤਲਬ ਲਈ ਪੰਜਾਹ ਹਜ਼ਾਰ ਰੁਪਏ ਪੇਸ਼ਗੀ ਦਿੱਤੇ ਗਏ ਅਤੇ ਉਸ ਨੂੰ ਕਿਹਾ ਗਿਆ ਕਿ ਜਿਥੇ ਕਿਧਰੇ ਭੀ ਸਿੰਘਾਂ ਨੇ ਆਪਣੇ ਠਾਣੇ ਕਾਇਮ ਕਰ ਲਏ ਹਨ ਉਠਾ ਕੇ ਮੁੜ ਆਪਣੇ ਬਠਾ ਦੇਵੇ ਅਤੇ ਸ਼ਾਹਾਬਾਦ, ਮੁਸਤਫ਼ਾਬਾਦ, ਸਢੌਰੇ ਅਤੇ ਹੋਰ ਥਾਵਾਂ ਦੇ ਉਜੜੇ ਹੋਏ ਲੋਕਾਂ ਨੂੰ ਮੁੜ ਵਸਾਵੇ। ਇਸ ਵੇਲੇ ਮੁਹੰਮਦ ਅਮੀਨ ਖ਼ਾਨ ਚੀਨ-ਬਹਾਦੁਰ ਅਤੇ ਕਮਰੁੱਦੀਨ ਖ਼ਾਨ ਮੁਰਾਦਾਬਾਦ ਤੋਂ ਪੁੱਜ ਗਏ। 14 ਅਗਸਤ (29 ਜਮਾਦੀ-ਉ-ਸਾਨੀ) ਨੂੰ ਬਾਰ੍ਹੇ ਦੇ ਸੱਯਦ ਅਬਦੁੱਲਾ ਖ਼ਾਨ ਨੂੰ ਨਾਰਨੌਲ ਤੋਂ ਪੰਜਾਬ ਨੂੰ ਤੋਰਿਆ ਗਿਆ। ਮਾਲੂਮ ਹੁੰਦਾ ਹੈ ਕਿ ਇਸ ਵੇਲੇ ਬਾਦਸ਼ਾਹ ਨੂੰ ਪਤਾ ਲੱਗਾ ਕਿ ਲਸ਼ਕਰ ਵਿਚੋਂ ਲੋਕ ਦਿੱਲੀ ਜਾ ਰਹੇ ਹਨ ਅਤੇ ਦਿੱਲੀ ਤੋਂ ਸਿਪਾਹੀਆਂ ਦੇ ਰਿਸ਼ਤੇਦਾਰ ਸ਼ਾਹੀ ਕੰਪੂ ਵਿਚ ਉਨ੍ਹਾਂ ਨੂੰ ਮਿਲਣ ਆਉਂਦੇ ਹਨ ਅਤੇ ਇਸ ਤਰ੍ਹਾਂ ਕਈ ਸਿਪਾਹੀ ਕੰਪੂ ਨੂੰ ਛੱਡ ਕੇ ਚਲੇ ਜਾਂਦੇ ਹਨ। ਇਸ ਲਈ ਬਾਦਸ਼ਾਹ ਦੇ ਹੁਕਮ ਨਾਲ ਡੌਂਡੀ ਪਿਟਵਾ ਦਿੱਤੀ ਗਈ ਕਿ ਕੋਈ ਭੀ ਆਦਮੀ ਆਗਿਆ ਬਿਨਾਂ ਦਿੱਲੀ ਰਾਜਧਾਨੀ ਨੂੰ ਨਾ ਜਾਏ ਅਤੇ ਨਾ ਕਿਸੇ ਦੇ ਰਿਸ਼ਤੇਦਾਰ ਨੂੰ ਕੰਪੂ ਵਿਚ ਆਉਣ ਦੀ ਆਗਿਆ ਦਿੱਤੀ ਜਾਏ। ਅਗਲੇ ਦਿਨ 15 ਅਗਸਤ (1 ਰੱਜਬ) ਨੂੰ ਕੋਕਲਤਾਸ਼ ਖ਼ਾਨ ਨੂੰ ਵੱਡੇ

ਸ਼ਾਹਜ਼ਾਦੇ ਮੁਅੱਜ਼ੁੱਦੀਨ ਦੀ ਜਾਗੀਰ ਦੇ ਪਰਗਣਾ ਸੋਨੀਪਤ ਦਾ ਪ੍ਰਬੰਧ ਸੰਭਾਲਣ ਲਈ ਭੇਜਿਆ ਗਿਆ। ਇਸ ਥਾਂ ਤੋਂ ਬਾਦਸ਼ਾਹੀ ਡੇਰਾ ਸੋਨੀਪਤ ਵਲ ਨੂੰ ਹੋ ਪਿਆ ਜਿਥੇ ਕਿ ਹੌਲੀ ਹੌਲੀ ਚਲਦਾ 12 ਅਕਤੂਬਰ (29 ਸ਼ਾਬਾਨ) ਨੂੰ ਪੁੱਜਾ।

ਇਸ ਸਮੇਂ ਵਿਚ ਸ਼ਾਇਦ ਇਸ ਡਰ ਤੋਂ ਕਿ ਬਾਦਸ਼ਾਹ ਡੇਰੇ ਵਿਚ ਦਾੜ੍ਹੀ ਵਾਲੇ ਹਿੰਦੂਆਂ ਵਿਚ ਕੋਈ ਸਿੱਖ ਹੀ ਨਾ ਹੋਵੇ ਜੋ ਸੂਹੀਏ ਦਾ ਕੰਮ ਕਰਦਾ ਹੋਵੇ, ਬਾਦਸ਼ਾਹ ਨੇ 29 ਅਗਸਤ (15 ਰੱਜਬ) ਨੂੰ ਹੁਕਮ ਦੇ ਦਿੱਤਾ ਕਿ ਬਾਦਸ਼ਾਹੀ ਦਫ਼ਤਰਾਂ ਵਿਚ ਜਿਤਨੇ ਭੀ ਹਿੰਦੂ ਪੇਸ਼ਕਾਰ ਨੌਕਰ ਹਨ ਆਪਣੀਆਂ ਦਾੜ੍ਹੀਆਂ ਮੁਨਾ ਦੇਣ। ਡੇਰੇ ਵਿਚ ਕੋਈ ਸਿੱਖ ਹੈ ਹੀ ਨਹੀਂ ਸੀ। ਹਿੰਦੂ ਦੀਵਾਨਾਂ ਅਤੇ ਪੇਸ਼ਕਾਰਾਂ ਨੇ ਇਸ ਹੁਕਮ ਦੀ ਤੁਰਤ ਪਾਲਣਾ ਕਰਦੇ ਹੋਏ ਦਾੜ੍ਹੀਆਂ ਮੁਨਾ ਦਿੱਤੀਆਂ ਜਿਸ ਤੋਂ ਬਾਦਸ਼ਾਹ ਨੇ ਪਰਸੰਨ ਹੋ ਕੇ ਇਨ੍ਹਾਂ ਨੂੰ ਖਿਲਤਾਂ ਬਖ਼ਸ਼ੀਆਂ ਅਤੇ ਹੋਰ ਇਨਾਮ ਦਿੱਤੇ।

ਇਸ ਤੋਂ ਪਹਿਲੇ ਦਿਨ 28 ਅਗਸਤ ਨੂੰ ਬਾਦਸ਼ਾਹ ਨੇ ਹੁਕਮ ਦਿੱਤਾ ਸੀ ਕਿ ਨਾਨਕ-ਪੂਜ ਸਿੱਖਾਂ (ਨਾਨਕ-ਪ੍ਰਸਤਾਂ) ਨੂੰ ਤਾੜਨਾ ਕਰਨ ਦੇ ਸੰਬੰਧ ਵਿਚ ਦੋ ਫ਼ਰਮਾਨ ਜਾਰੀ ਕਰ ਕੇ ਮੁਹੰਮਦ ਨਕੀ ਆਦਿ ਦੋ ਨਫ਼ਰ ਗੁਰਜਦਾਰਾਂ ਦੇ ਹੱਥੀਂ ਸਿਰੀ-ਨਗਰ (ਗੜ੍ਹਵਾਲ) ਅਤੇ ਸਿਰਮੌਰ (ਨਾਹਣ) ਦੇ ਰਾਜਿਆਂ ਨੂੰ ਪਹੁੰਚਾ ਦਿੱਤੇ ਜਾਣ। ਇਸੇ ਤਰ੍ਹਾਂ 26 ਅਗਸਤ ਨੂੰ ਅਬੂ-ਮੁਹੰਮਦ ਖ਼ਾਨ ਨੂੰ ਖਿਲੱਤ ਇਨਾਮ ਦੇ ਕੇ ਹੁਕਮ ਕੀਤਾ ਸੀ ਕਿ ਕਮਾਊਂ ਦੇ ਰਾਜੇ ਨੂੰ ਬੰਦਾ ਸਿੰਘ ਦੇ ਵਿਰੁੱਧ ਲੈ ਜਾਏ ਅਤੇ ਕਾਰਜ ਸਿਧ ਹੋ ਜਾਣ ਪਿਛੋਂ ਉਸ ਨੂੰ ਬਾਦਸ਼ਾਹ ਦੇ ਹਜ਼ੂਰ ਲਿਆਵੇ ਅਤੇ ਇਸੇ ਦਿਨ ਬ੍ਰਿਜ-ਰਾਜ ਨਾਮੀ ਹਿੰਦੂ ਨੂੰ ਭੀ ਖ਼ਿਲਤ ਦੇ ਕੇ ਉਸ ਦੇ ਨਾਲ ਹੀ ਭੇਜਿਆ।

ਇਨ੍ਹਾਂ ਗੱਲਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਬਾਦਸ਼ਾਹ ਪੰਜਾਬ ਦੀਆਂ ਸਰਹੱਦਾਂ ਉੱਤੇ ਦੇ ਹਿੰਦੂ ਰਾਜਪੂਤਾਂ ਨੂੰ ਸਿੱਖਾਂ ਦੀ ਹਿਲਜੁਲ ਤੋਂ ਵੱਖਰਾ ਰਖਣਾ ਚਾਹੁੰਦਾ ਸੀ ਅਤੇ ਉਨ੍ਹਾਂ ਨੂੰ ਪੁਚਕਾਰ ਕੇ ਸਿੱਖਾਂ ਦੀ ਚਲਾਈ ਹੋਈ ਆਜ਼ਾਦੀ ਦੀ ਲਹਿਰ ਨੂੰ ਦਬਾਉਣਾ ਚਾਹੁੰਦਾ ਸੀ। ਜੈਪੁਰ ਅਤੇ ਜੋਧਪੁਰ ਦੇ ਰਾਜਿਆਂ ਨੂੰ ਬਾਦਸ਼ਾਹ ਨੇ ਅੱਗੇ ਹੀ (11 ਜੂਨ 1710 ਨੂੰ) ਤਸੱਲੀ ਦੇ ਕੇ ਰਾਜ਼ੀ ਕਰ ਲਿਆ ਸੀ।

ਸੱਯਦ ਸੈਫ਼ੁਦੀਨ-ਅਲੀਖ਼ਾਨ, ਨਜਮੁੱਦੀਨ-ਅਲੀ ਖ਼ਾਨ ਅਤੇ ਸਿਰਾਜੁੱਦੀਨ-ਅਲੀ ਖ਼ਾਨ 31 ਅਗਸਤ (17 ਰੱਜਬ) ਨੂੰ ਪਟੌਦੀ ਦੇ ਮੁਕਾਮ ਤੇ ਬਾਦਸ਼ਾਹੀ ਕੈਂਪ ਵਿਚ ਹਾਜ਼ਰ ਹੋਏ ਅਤੇ ਚੂੜਾਮਣਿ ਜਾਟ ਦਿੱਲੀ ਦੇ ਲਾਗੇ ਆ ਹਾਜ਼ਰ ਹੋਇਆ। 21 ਸਤੰਬਰ (8 ਸ਼ਾਬਾਨ) ਨੂੰ ਸ਼ਰਫ਼ਾਬਾਦ ਦੇ ਲਾਗੇ ਕੇਸ਼ੋ ਰਾਓ ਹਰਕਾਰੇ ਵਲੋਂ ਪੇਸ਼ ਹੋਈ ਖ਼ਬਰਾਂ ਦੀ ਫ਼ਰਦ ਤੋਂ ਬਾਦਸ਼ਾਹ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਨੇ ਹਰਦੁਆਰ ਦੇ ਲਾਗੇ ਜੁਆਲਾਪੁਰ ਦੇ ਜ਼ਿਮੀਂਦਾਰ (ਰਾਜੇ) ਨੂੰ ਲਿਖਿਆ ਸੀ ਕਿ ਮੇਰੇ ਸੰਬੰਧੀਆਂ ਦੇ ਰਹਿਣ ਲਈ ਮਕਾਨ ਦੇ ਦੇਣਾ ਪਰ ਉਸ ਨੇ ਨਾਂਹ ਕਰ ਦਿੱਤੀ ਹੈ। ਇਸ ਲਈ ਬੰਦਾ ਸਿੰਘ ਨੇ ਉਸ ਨਾਲ ਜੰਗ ਕਰਨ ਲਈ ਚਾਲੇ ਪਾ ਦਿੱਤੇ ਹਨ। ਬਾਦਸ਼ਾਹੀ ਫ਼ੌਜ ਦੇ (ਸਿੰਘਾਂ ਵਿਰੁੱਧ) ਨਿਯਤ ਹੋਣ ਦੀ ਖ਼ਬਰ ਸੁਣ ਕੇ ਬੰਦਾ ਸਿੰਘ ਦੇ ਦੋ ਹਜ਼ਾਰ ਸਵਾਰ ਉਸ ਤੋਂ ਵੱਖਰੇ ਹੋ ਕੇ ਲਾਹੌਰ ਵਲ ਨੂੰ ਚਲੇ ਗਏ

ਹਨ। ਇਹ ਸਿੰਘ ਉਹ ਹੀ ਮਾਲੂਮ ਹੁੰਦੇ ਹਨ ਜਿਹੜੇ ਕਿ ਸ਼ੱਮਸ ਖ਼ਾਨ ਦੇ ਜਹਾਦੀਆਂ ਦੇ ਟਾਕਰੇ ਸਿੰਘਾਂ ਦੀ ਮਦਦ ਕਰਨ ਲਈ ਦੁਆਬੇ ਵਲ ਗਏ ਸਨ ਅਤੇ ਜਿਨ੍ਹਾਂ ਨੇ ਰਾਹੋਂ ਦੀ ਦੋ ਤਿੰਨ ਅਕਤੂਬਰ ਦੀ ਲੜਾਈ ਅਤੇ ਉਥੇ ਮੁੜ ਕਬਜ਼ਾ ਕਰਨ ਵਿਚ ਹਿੱਸਾ ਲਿਆ ਸੀ।

23 ਸਤੰਬਰ (10 ਸ਼ਾਬਾਨ) ਨੂੰ ਸ਼ਰਫ਼ਾਬਾਦ ਬਾਦਸ਼ਾਹ ਪਾਸ ਸ਼ਿਕਾਇਤ ਹੋਈ ਕਿ ਦਿੱਲੀ ਦੇ ਨਾਜ਼ਮ ਮੁਹੰਮਦ-ਯਾਰ ਖ਼ਾਨ ਦਾ ਪੇਸ਼ਕਾਰ ਬਖ਼ਤ ਮੱਲ ਸਿੱਖਾਂ ਨਾਲ ਲਿਖਾ-ਪੜ੍ਹੀ ਰਖਦਾ ਹੈ। ਹੁਕਮ ਹੋਇਆ ਕਿ ਉਸ ਨੂੰ ਹਾਜ਼ਰ ਕੀਤਾ ਜਾਏ, ਪਰ ਇਹ ਖ਼ਬਰ ਸੁਣ ਕੇ ਉਹ ਆਪੇ ਹੀ ਹਾਜ਼ਰ ਹੋ ਗਿਆ ਅਤੇ ਆ ਅਰਜ਼ ਕੀਤੀ। ਬਾਦਸ਼ਾਹ ਦੇ ਹੁਕਮ ਨਾਲ ਰਾਜਾ ਚਤੁਰਸਾਲ ਬੁੰਦੇਲਾ ਮਾਤਾ ਸੁੰਦਰੀ ਜੀ ਦੇ ਪੁਤਰੇਲੇ ਅਜੀਤ ਸਿੰਘ ਨੂੰ ਦਿੱਲੀਓਂ ਲਿਆਉਣ ਗਿਆ ਹੋਇਆ ਸੀ। ਉਹ ਅਤੇ ਅਜੀਤ ਸਿੰਘ 26 ਸਤੰਬਰ ਨੂੰ ਬਾਦਸ਼ਾਹ ਦੇ ਹਜ਼ੂਰ ਆ ਹਾਜ਼ਰ ਹੋਏ ਅਤੇ ਬਾਦਸ਼ਾਹ ਵਲੋਂ ਉਨ੍ਹਾਂ ਨੂੰ ਖਿਲਤਾਂ ਇਨਾਮ ਮਿਲੀਆਂ। 29 ਸਤੰਬਰ (16 ਸ਼ਾਬਾਨ) ਨੂੰ ਬਾਦਸ਼ਾਹ ਨੂੰ ਇਹ ਖ਼ਬਰ ਪੁੱਜਣ ਪਰ ਕਿ ਕਰਨਾਲ ਵਲ ਠਾਣਿਆਂ ਵਿਚ ਸਿੰਘਾਂ ਦੇ ਆਦਮੀ ਬੈਠੇ ਹੋਏ ਹਨ, ਮਹਾਬਤ ਖ਼ਾਨ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਸਿੰਘਾਂ ਨੂੰ ਸਜ਼ਾ ਦੇਵੇ ਅਤੇ ਕਰਨਾਲ ਵਿਚ ਟਿਕਾਣਾ ਕਰੇ ਅਤੇ ਨੁਸਰਤ ਖ਼ਾਨ, ਗੁਲਾਮ ਨਬੀ ਕੁਲੀ ਖ਼ਾਨ, ਰਾਜਾ ਚਤੁਰਸਾਲ ਬੁੰਦੇਲੇ ਅਤੇ ਸੱਯਦ ਹਸ਼ਨ ਖ਼ਾਨ ਨੂੰ ਸਹਾਇਤਾ ਲਈ ਉਸ ਦੇ ਨਾਲ ਭੇਜਿਆ।

20 ਅਕਤੂਬਰ (8 ਰਮਜ਼ਾਨ) ਨੂੰ ਸਰਾਇ ਕੰਵਰ ਦੇ ਮੁਕਾਮ ਤੇ ਬਾਦਸ਼ਾਹ ਨੂੰ ਖ਼ਬਰ ਪੁੱਜੀ ਕਿ 16 ਅਕਤੂਬਰ ਨੂੰ ਫੀਰੋਜ਼ ਖ਼ਾਨ ਮੇਵਾਤੀ ਅਤੇ ਸਿੰਘਾਂ ਵਿਚ ਇੰਦਰੀ ਅਤੇ ਕਰਨਾਲ ਦੇ ਵਿਚਕਾਰ ਖੇੜਾ ਅਮੀਨ ਲਾਗੇ ਹੋਈ ਲੜਾਈ ਵਿਚ ਮੇਵਾਤੀ ਨੂੰ ਫ਼ਤਿਹ ਹੋਈ ਹੈ। ਇਥੇ ਮਾਰੇ ਗਏ ਤਿੰਨ ਸੌ ਸਿੰਘਾਂ ਦੇ ਸਿਰ ਨੇਜ਼ਿਆਂ ਉੱਤੇ ਟੰਗੇ ਹੋਏ ਬਾਦਸ਼ਾਹ ਦੀ ਨਜ਼ਰੋਂ ਗੁਜ਼ਾਰੇ ਗਏ। ਦੇਖ ਕੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਜਿਸ ਥਾਂ ਉੱਤੇ ਸਿਰ ਕੱਟੇ ਗਏ ਹਨ ਉਥੇ ਇਨ੍ਹਾਂ ਸਿਰਾਂ ਦਾ ਮੁਨਾਰਾ ਚਿਣ ਦਿੱਤਾ ਜਾਏ ਅਤੇ ਨਾਲ ਹੀ ਜ਼ੈਨੁੱਦੀਨ-ਅਹਿਮਦ ਖ਼ਾਨ ਨੂੰ ਸਰਹੰਦੋਂ ਬਦਲ ਕੇ ਉਸ ਦੀ ਥਾਂ ਮੇਵਾਤੀ ਨੂੰ ਉਥੇ ਦਾ ਫੌਜਦਾਰ ਨਿਯਤ ਕੀਤਾ ਗਿਆ, ਅਤੇ ਇਕ ਹਫ਼ਤਾ ਪਿੱਛੋਂ 27 ਅਕਤੂਬਰ (15 ਰਮਜ਼ਾਨ) ਨੂੰ ਇਕ ਲੱਖ ਰੁਪਿਆ ਬਰੇਲੀ ਦੇ ਖਜ਼ਾਨੇ ਤੋਂ ਦੇਣ ਦਾ ਹੁਕਮ ਦਿੱਤਾ।

ਇਸ ਵੇਲੇ ਫੀਰੋਜ਼ਖ਼ਾਨ ਮੇਵਾਤੀ ਦੀ ਗੁੱਡੀ ਚੜ੍ਹੀ ਹੋਈ ਸੀ, ਹਰ ਪਾਸਿਓਂ ਬਾਦਸ਼ਾਹੀ ਸਰਦਾਰਾਂ ਨਾਲ ਫੌਜੀ ਸਹਾਇਤਾ ਉਸ ਨੂੰ ਪੁਜ ਰਹੀ ਸੀ ਅਤੇ ਉਸ ਪਾਸ ਇਕ ਬੜਾ ਭਾਰੀ ਲਸ਼ਕਰ ਜਮਾਂ ਹੋ ਗਿਆ ਸੀ। ਦੂਸਰੇ ਪਾਸੇ ਥਾਨੇਸਰ ਵਿਚ ਬਾਬਾ ਬਿਨੋਦ ਸਿੰਘ ਪਾਸ ਸਿੰਘ ਬੜੇ ਹੀ ਥੋੜ੍ਹੇ ਸਨ। ਬੰਦਾ ਸਿੰਘ ਅਜੇ ਸਹਾਰਨਪੁਰ ਵਲ ਹੀ ਸੀ, ਸਿੰਘਾਂ ਦੇ ਕੁਝ ਜੱਥੇ ਜਮਨਾ ਪਾਰ ਸਨ ਅਤੇ ਕੁਝ ਦੁਆਬਾ ਬਿਸਤ ਜਲੰਧਰ ਵਿਚ ਰੁਝੇ ਹੋਏ ਸਨ ਅਤੇ ਕੁਝ ਸਮਾਣੇ, ਸਰਹੰਦ ਅਤੇ ਸਢੌਰੇ ਟਿਕੇ ਹੋਏ ਸਨ। ਇਸ ਲਈ ਗਿਣਤੀ ਥੋੜ੍ਹੀ ਹੋਣ ਅਤੇ ਕਿਸੇ ਪਾਸਿਉਂ ਸਹਾਇਤਾ ਪੁੱਜ ਸਕਣ ਦੀ ਆਸ ਨਾ ਹੋਣ ਕਰਕੇ ਸਿੰਘਾਂ ਲਈ ਇਸ ਵੇਲੇ

ਇੱਕੋ ਹੀ ਰਾਹ ਸੀ ਕਿ ਥਾਨੇਸਰੋਂ ਸਰਹੰਦ ਨੂੰ ਹਟ ਜਾਣ। ਥਾਨੇਸਰ ਵਿਚ ਫੀਰੋਜ਼ਖ਼ਾਨ ਮੇਵਾਤੀ ਦਾ ਠਾਣਾ ਕਾਇਮ ਹੋ ਜਾਣ ਦੀ ਖ਼ਬਰ ਜਦ ਇਕ ਨਵੰਬਰ (20 ਰਮਜ਼ਾਨ) ਨੂੰ ਬਾਦਸ਼ਾਹ ਨੂੰ ਲੱਗੀ ਤਾਂ ਉਸ ਨੇ ਹੁਕਮ ਦਿੱਤਾ ਕਿ ਸੱਠ ਹਜ਼ਾਰ ਫੌਜ ਦੀ ਮੁਹਿੰਮ ਇਕ ਦਮ ਤਿਆਰ ਕੀਤੀ ਜਾਏ ਜਿਨ੍ਹਾਂ ਵਿਚੋਂ 31 ਹਜ਼ਾਰ ਸਵਾਰ ਵੱਡੇ ਸ਼ਾਹਜ਼ਾਦਾ ਮੁਅੱਜ਼ੁਦੀਨ (ਜਹਾਂਦਾਰ ਸ਼ਾਹ) ਦੀ ਕਮਾਨ ਹੇਠ ਹੋਵੇ, ਗਿਆਰਾਂ ਹਜ਼ਾਰ ਦੂਸਰੇ ਤਿੰਨਾਂ ਸ਼ਹਿਜ਼ਾਦਿਆਂ ਦੇ ਤਹਿਤ ਵਿਚ, ਗਿਆਰਾਂ ਹਜ਼ਾਰ ਜ਼ਮਦਾਤੁਲ-ਮੁਲਕ ਨਾਲ ਅਤੇ ਸੱਤ ਹਜ਼ਾਰ ਸਵਾਰ ਮੁਹਾਬਤ ਖ਼ਾਨ ਪਾਸ।

ਕਰਨਾਲ (1 ਨਵੰਬਰ, 20 ਰਮਜ਼ਾਨ), ਆਜ਼ਮਾਬਾਦ ਤਰਾਵੜੀ-ਆਲਮਗੀਰਪੁਰ (3 ਨਵੰਬਰ 22 ਰਮਜ਼ਾਨ), ਥਾਨੇਸਰ (9 ਨਵੰਬਰ, 28 ਰਮਜ਼ਾਨ) ਅਤੇ ਸ਼ਾਹਾਬਾਦ ਵਿਚ ਦੀ ਹੁੰਦਾ ਹੋਇਆ ਬਾਦਸ਼ਾਹ 17 ਨਵੰਬਰ (6 ਸ਼ੱਵਾਲ) ਨੂੰ ਪਿੰਡ ਉਗਾਲਾ ਪਾਸ ਪੁੱਜਾ। ਇੱਥੇ ਉਸ ਨੂੰ ਪਤਾ ਲੱਗਾ ਕਿ ਤਿੰਨ ਕੁ ਹਜ਼ਾਰ ਪਿਆਦਾ ਸਿੰਘ ਸਢੌਰੇ ਤੋਂ ਇਸ ਪਾਸੇ ਮੋਰਚਿਆਂ ਵਿਚ ਬੈਠੇ ਹੋਏ ਹਨ, ਅਤੇ ਜੋ ਉਮਰ ਖ਼ਾਨ ਅਤੇ ਬਾਯਜ਼ੀਦ ਖ਼ਾਨ ਪਠਾਣਾਂ ਨਾਲ ਯਾਕੂਬ ਖ਼ਾਨ ਦੇ ਬਾਗ਼ ਵਿਚ ਲੜੇ ਸਨ ਉਹ ਸਰਹੰਦ ਦੇ ਕਿਲੇ ਵਿਚ ਜਾ ਵੜੇ ਹਨ। ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਚੀਨ-ਬਹਾਦੁਰ ਨੂੰ ਹੁਕਮ ਦਿੱਤਾ ਕਿ ਜਾ ਕੇ ਸਰਹੰਦ ਨੂੰ ਘੇਰਾ ਪਾ ਲਵੇ, ਅਤੇ ਆਪ ਸਢੌਰੇ ਵਲ ਨੂੰ ਤੁਰ ਪਿਆ ਜਿੱਥੇ ਕਿ ਉਹ 24 ਨਵੰਬਰ (13 ਸ਼ੱਵਾਲ) ਨੂੰ ਪੁੱਜਾ। ਇੱਥੇ ਸਰਹੰਦ ਦੀ ਲੜਾਈ ਵਿਚ ਮਾਰੇ ਗਏ 300 ਸਿੰਘਾਂ ਦੇ ਸਿਰ ਝੰਡੇ, ਨਿਸ਼ਾਨ ਅਤੇ ਬਾਣ ਸ਼ੱਮਸ ਖ਼ਾਨ ਵਲੋਂ ਪੁੱਜੇ।

ਬਾਦਸ਼ਾਹ ਬਹਾਦੁਰ ਸ਼ਾਹ ਨੂੰ ਸਢੌਰੇ ਡੇਰਾ ਪਾਈ ਛੱਡ ਕੇ ਅਸੀਂ ਹੁਣ ਫ਼ੀਰੋਜ਼ ਖ਼ਾਨ ਮੇਵਾਤੀ ਦੀ ਅਗਾਊਂ ਫ਼ੌਜ ਦਾ ਕੁਝ ਹਾਲ ਲਿਖਦੇ ਹਾਂ।

ਜਿਸ ਵੇਲੇ ਬਾਦਸ਼ਾਹ ਨੇ ਫੀਰੋਜ਼ ਖ਼ਾਨ ਨੂੰ 28 ਜੁਲਾਈ (12 ਜਮਾਦੀ ਉਲ-ਅੱਵਲ, ਸਨ 4 ਬਹਾਦੁਰ ਸ਼ਾਹੀ, 1122 ਹਿਜਰੀ) ਨੂੰ ਅਗਾਊਂ ਫੌਜ ਦਾ ਕਮਾਂਡਰ ਬਣਾ ਕੇ ਇਹ ਹੁਕਮ ਦੇ ਕੇ ਤੋਰਿਆ ਸੀ ਕਿ ਜਿੱਥੋਂ ਜਿੱਥੋਂ ਬਾਦਸ਼ਾਹੀ ਰਾਜ ਸਿੰਘਾਂ ਨੇ ਉਠਾ ਦਿੱਤਾ ਹੈ ਉਸ ਨੂੰ ਮੁੜ ਕਾਇਮ ਕਰੇ ਅਤੇ ਸ਼ਾਹਬਾਦ, ਮੁਸਤਫ਼ਾਬਾਦ, ਸਢੌਰਾ ਆਦਿ ਦੇ ਉਜੜੇ ਲੋਕਾਂ ਨੂੰ ਮੁੜ ਵਸਾਵੇ, ਉਸ ਵੇਲੇ ਪਾਣੀਪਤ ਤੋਂ ਸਤਲੁਜ ਦਰਿਆ ਤਕ ਦਾ ਲੱਗ ਭਗ ਸਾਰਾ ਇਲਾਕਾ ਸਿੰਘਾਂ ਦੇ ਕਬਜ਼ੇ ਵਿਚ ਸੀ। ਕਸੂਰ ਦਾ ਖੇਸ਼ਗੀ ਪਠਾਣ ਬਾਯਜ਼ੀਦ ਖ਼ਾਨ, ਜਿਸ ਦੀ ਦੱਖਣ ਵਿਚ ਪ੍ਰਸੰਸਾ ਜੋਗ ਸੇਵਾ ਬਦਲੇ ਬਾਦਸ਼ਾਹ ਨੇ ਜੰਮੂ ਦੀ ਫੌਜਦਾਰੀ ਬਖ਼ਸ਼ੀ ਸੀ, ਸਿੰਘਾਂ ਨਾਲ ਟੱਕਰ ਲੈਣੋਂ ਡਰਦਾ ਮਾਰਿਆ ਦੋ ਤਿੰਨ ਮਹੀਨਿਆਂ ਤੋਂ ਪਾਣੀਪਤ ਦੇ ਲਾਗੇ ਅਟਕਿਆ ਬੈਠਾ ਸੀ। ਫੀਰੋਜ਼ਖ਼ਾਨ ਮੇਵਾਤੀ ਦੀ ਅਗਾਊਂ ਫੌਜ ਨੂੰ ਆਇਆ ਦੇਖ ਕੇ ਇਹ ਉਸ ਦੇ ਨਾਲ ਰਲ ਗਿਆ ਅਤੇ ਉਨ੍ਹਾਂ ਦੀ ਲਾਮ-ਡੋਰੀ ਵਿਚ ਉੱਤਰ ਵਲ ਨੂੰ ਤੁਰ ਪਿਆ। ਜਿਵੇਂ ਪਿੱਛੇ ਜ਼ਿਕਰ ਆ ਚੁੱਕਾ ਹੈ, ਸਿੰਘ ਇਸ ਵੇਲੇ ਥਾਈਂ ਥਾਈਂ ਖਿੰਡਰੇ ਪਏ ਸਨ। ਇਸ ਲਈ ਬਾਬਾ ਬਿਨੋਦ ਸਿੰਘ ਅਤੇ ਰਾਮ ਸਿੰਘ ਨੂੰ ਹੀ ਆਪਣੇ ਥੋੜੇ ਜਿਹੇ ਸਾਥੀਆਂ ਨਾਲ ਫੀਰੋਜ਼ ਖ਼ਾਨ ਦੀ ਸ਼ਾਹੀ ਫੌਜ ਨਾਲ ਟੱਕਰ ਲੈਣੀ ਪਈ ਜੋ ਤਰਾਵੜੀ ਲੰਘ ਕੇ 16

ਅਕਤੂਬਰ 1710 (4 ਰਮਜ਼ਾਨ, 1122 ਹਿ.) ਨੂੰ ਅਮੀਨ ਤਕ ਪੁੱਜ ਗਈ ਸੀ। ਤਰਾਵੜੀ ਦੇ ਦੁਆਲੇ ਛਿਛਰਿਆਂ ਦਾ ਸੰਘਣਾ ਜੰਗਲ ਸੀ। ਜਦ ਬਾਦਸ਼ਾਹੀ ਫੌਜ ਸਿੰਘਾਂ ਦੀ ਮਾਰ ਹੇਠਾਂ ਆਈ ਤਾਂ ਉਨ੍ਹਾਂ ਨੇ ਇਕ ਦਮ ਤੋੜੇ ਦਾਗ ਦਿੱਤੇ ਅਤੇ ਲੜਾਈ ਸ਼ੁਰੂ ਹੋ ਗਈ। ਖ਼ਾਨਿ-ਖ਼ਾਨਾ ਮੁਨਇਮ ਖ਼ਾਨ ਦੇ ਪੁੱਤਰ ਮਹਾਬਤ ਖ਼ਾਨ ਦੀ ਅਗਲੀ ਪੰਗਤ ਉੱਤੇ ਸਿੰਘਾਂ ਦੇ ਮੁੜ ਮੁੜ ਕੇ ਕੀਤੇ ਹੱਲਿਆਂ ਨੇ ਉਸ ਦੇ ਫੌਜੀਆਂ ਨੂੰ ਪੈਰਾਂ ਤੋਂ ਕੱਢ ਦਿੱਤਾ। ਮਹਾਬਤ ਖ਼ਾਨ ਨੇ ਆਪਣੇ ਪਿਓ ਅਤੇ ਆਪਣੀ ਸ਼ਾਨ ਦੇ ਵਿਰੁੱਧ ਕਾਇਰਤਾ ਵਿਖਾਈ ਅਤੇ ਨੁਕਸਾਨ ਉਠਾ ਕੇ ਪਿੱਛੇ ਨੂੰ ਹਟ ਗਿਆ।

ਫੀਰੋਜ਼ ਖ਼ਾਨ ਮੇਵਾਤੀ ਪਹਿਲੀ ਸੱਟੇ ਹੀ ਲੜਾਈ ਦੀ ਇਹ ਬੁਰੀ ਹਾਲਤ ਦੇਖ ਕੇ ਬਹੁਤ ਘਾਬਰ ਗਿਆ ਅਤੇ ਜਾਨ ਦੀ ਬਾਜ਼ੀ ਲਾਉਣ ਤਕ ਉਤਰ ਆਇਆ। ਉਸ ਨੇ ਬਾਰ੍ਹੇ ਦੇ ਸੱਯਦਾਂ ਨੂੰ ਆਪਣੇ ਕੋਲ ਸੱਦ ਭੇਜਿਆ। ਉਹ ਸਾਰੇ ਘੋੜਿਆਂ ਤੋਂ ਉਤਰ ਪਏ ਅਤੇ ਤਲਵਾਰਾਂ ਹੱਥ ਲੈ ਕੇ ਅੱਗੇ ਵਧੇ, ਉਧਰੋਂ ਸਿੰਘ ਭੀ ਆ ਗਏ। ਦੋ ਪਾਸੀਂ ਲਹੂ ਦੇ ਘਰਾਲੇ ਵਗ ਤੁਰੇ ਅਤੇ ਫੀਰੋਜ਼ ਖ਼ਾਨ ਨੂੰ ਜਿੱਤ ਦੀ ਕੋਈ ਆਸ ਨਾ ਰਹੀ। ਪਰ ਵੈਰੀ ਦੇ ਟਾਕਰੇ ਤੇ ਸਿੰਘਾਂ ਦੀ ਗਿਣਤੀ ਬੜੀ ਹੀ ਥੋੜ੍ਹੀ ਸੀ। ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਅਤੇ ਉਹ ਟਿਕੇ ਨਾ ਰਹਿ ਸਕੇ। ਝੁੰਜਲਾਏ ਹੋਏ ਸ਼ਾਹੀ ਫੌਜੀ ਮੋਏ ਹੋਏ ਅਤੇ ਘਾਇਲ ਹੋ ਕੇ ਮਰ ਰਹੇ ਸਿੰਘਾਂ ਉੱਤੇ ਟੁੱਟ ਪਏ ਅਤੇ ਉਨ੍ਹਾਂ ਨਾਲ ਬੜਾ ਅਨਾਦਰ ਭਰਿਆ ਸਲੂਕ ਕੀਤਾ। ਤਿੰਨ ਸੌ ਆਦਮੀਆਂ ਦੇ ਸਿਰ ਗੱਡਿਆਂ ਵਿਚ ਲੱਦ ਕੇ ਬਾਦਸ਼ਾਹ ਪਾਸ ਭੇਜੇ ਅਤੇ ਬਹੁਤ ਸਾਰੇ ਸਿਰ ਬਾਦਸ਼ਾਹੀ ਸੜਕ ਦੇ ਦੋਹੀਂ ਪਾਸੀਂ ਕੇਸਾਂ ਤੋਂ ਦਰਖਤਾਂ ਉੱਤੇ ਲਮਕਾ ਦਿੱਤੇ।

ਜਿਸ ਵੇਲੇ ਅਮੀਨ ਵਿਚ ਹੋਈ ਜਿੱਤ ਦੀ ਖ਼ਬਰ ਬਾਦਸ਼ਾਹ ਨੂੰ ਪਹੁੰਚੀ ਤਾਂ ਉਸ ਨੇ ਖ਼ੁਸ਼ ਹੋ ਕੇ 20 ਅਕਤੂਬਰ (8 ਰਮਜ਼ਾਨ) ਨੂੰ ਸਰਹੰਦ ਦੀ ਫੌਜਦਾਰੀ ਫੀਰੋਜ਼ਖਾਨ ਨੂੰ ਬਖ਼ਸ਼ੀ ਅਤੇ ਛੇ ਖਿਲਤਾਂ ਭੇਜੀਆਂ।

ਅਮੀਨ ਤੋਂ ਸਿੰਘ ਥਾਨੇਸਰ ਨੂੰ ਹਟ ਆਏ ਸਨ ਪਰ ਇੱਥੇ ਭੀ ਕਿਸੇ ਪਾਸਿਓਂ ਸਹਾਇਤਾ ਪੁੱਜਣ ਦੀ ਆਸ ਨਹੀਂ ਸੀ ਦਿਸਦੀ। ਉਧਰ ਮੇਵਾਤੀ ਉਨ੍ਹਾਂ ਦਾ ਖੁਰਾ ਨੱਪੀ ਚੜ੍ਹਿਆ ਆ ਰਿਹਾ ਸੀ, ਇਸ ਲਈ ਥੋੜੀ ਜਿਹੀ ਝੜਪ ਤੋਂ ਬਾਅਦ ਸਿੰਘ ਸਢੌਰੇ ਵਲ ਨੂੰ ਹਟੀ ਗਏ ਤਾਂ ਕਿ ਲੋੜ ਪੈਣ ਤੇ ਲੋਹਗੜ੍ਹ ਦੇ ਕਿਲੇ ਵਿਚ ਵੜ ਸਕਣ।

ਜਦ ਬਾਦਸ਼ਾਹ 3 ਨਵੰਬਰ (22 ਰਮਜ਼ਾਨ) ਨੂੰ ਆਜ਼ਮਾਬਾਦ ਤਰਾਵੜੀ, ਜਿਸ ਨੂੰ ਆਲਮਗੀਰਪੁਰ ਭੀ ਸਦਦੇ ਸਨ, ਪੁੱਜਾ ਤਾਂ ਰੁਸਤਮ-ਦਿਲ ਖ਼ਾਨ ਨੇ ਸੋਨੇ-ਜੜਿਆ ਇਕ ਛਤਰ ਪੇਸ਼ ਕੀਤਾ ਜੋ ਥਾਨੇਸਰੋਂ ਫੀਰੋਜ਼ਖ਼ਾਨ ਦੇ ਹੱਥ ਲੱਗਾ ਸੀ (ਕਿਸੇ ਪ੍ਰਾਚੀਨ ਹਿੰਦੂ ਮੰਦਰ ਦੀ ਮੂਰਤੀ ਦਾ ਹੋਣਾ ਹੈ) ਅਤੇ ਬੇਨਤੀ ਕੀਤੀ ਕਿ ਫੀਰੋਜ਼ਖ਼ਾਨ ਸਿੰਘਾਂ ਦੇ ਪਿਛੇ ਥਾਨੇਸਰ ਤੋਂ ਸ਼ਾਹਾਬਾਦ ਨੂੰ ਕੂਚ ਕਰ ਗਿਆ ਹੈ।

ਜਦ ਫੀਰੋਜ਼ਖ਼ਾਨ ਸਿੰਘਾਂ ਨਾਲ ਰੁੱਝਾ ਹੋਇਆ ਸੀ ਤਾਂ ਬਾਯਜ਼ੀਦ ਖ਼ਾਨ, ਜੋ ਪਾਣੀ-ਪਤੋਂ ਉਸ ਦੀ ਫੌਜ ਦੇ ਨਾਲ ਆਇਆ ਸੀ, ਉੱਤਰ ਵਲ ਚਲਾ ਗਿਆ। ਉਧਰੋਂ ਬਾਦਸ਼ਾਹ ਦੇ ਸਿੰਘਾਂ ਵਿਰੁੱਧ ਆਉਂਦੇ ਹੋਣ ਅਤੇ ਆਪਣੇ ਚਾਚੇ ਬਾਯਜ਼ੀਦ ਖ਼ਾਨ ਦੇ ਮੁੜ

ਆਉਣ ਦੀਆਂ ਖ਼ਬਰਾਂ ਸੁਣ ਕੇ ਸ਼ੱਮਸ ਖ਼ਾਨ ਦਾ ਭੀ ਹੌਸਲਾ ਵੱਧ ਗਿਆ। ਉਸ ਨੇ ਦੁਆਬਾ ਬਿਸਤ ਜਾਲੰਧਰ ਵਿਚੋਂ ਕਾਫ਼ੀ ਮੁਲਖੱਈਆ ਇਕੱਠਾ ਕਰ ਲਿਆ ਅਤੇ ਸਰਹੰਦ ਵਲ ਨੂੰ ਚੜ੍ਹ ਪਿਆ। ਬਾਯਜ਼ੀਦ ਖ਼ਾਨ, ਸ਼ੱਮਸ ਖ਼ਾਨ ਅਤੇ ਉਮਰ ਖ਼ਾਨ ਦੀਆਂ ਇਕੱਠੀਆਂ ਫ਼ੌਜਾਂ ਦਾ ਯਾਕੂਬ ਖ਼ਾਨ ਦੇ ਬਾਗ ਵਿਚ ਭੇੜ ਸਿੰਘਾਂ ਨਾਲ ਹੋ ਗਿਆ। ਸਰਹੰਦ ਦਾ ਸਿੱਖ ਫ਼ੌਜਦਾਰ ਬਾਜ ਸਿੰਘ ਇਸ ਵੇਲੇ ਕਿਧਰੇ ਬਾਹਰ ਸੀ। ਉਸ ਦੇ ਭਰਾਵਾਂ ਸੁੱਖਾ ਸਿੰਘ ਅਤੇ ਸ਼ਾਮ ਸਿੰਘ ਨੇ ਬੜੀ ਦਲੇਰੀ ਨਾਲ ਡਟ ਕੇ ਟਾਕਰਾ ਕੀਤਾ, ਪਰ ਪਠਾਣ ਸਰਦਾਰਾਂ ਦੇ ਸਾਥੀ ਮੁਲਖੱਈਏ ਦੀ ਬਹੁ-ਗਿਣਤੀ ਉਨ੍ਹਾਂ ਪਰ ਭਾਰੂ ਹੋ ਗਈ ਅਤੇ ਸੁੱਖਾ ਸਿੰਘ ਦੇ ਇਕ ਐਸੇ ਵੇਲੇ ਮਾਰੇ ਜਾਣ ਨੇ, ਜਦ ਕਿ ਲੜਾਈ ਬਰਾਬਰ ਦੀ ਤੁਲੀ ਹੋਈ ਸੀ, ਉਨ੍ਹਾਂ ਨੂੰ ਸਰਹੰਦ ਦੇ ਕਿਲੇ ਵਲ ਹਟਦੇ ਜਾਣ ਲਈ ਮਜਬੂਰ ਕਰ ਦਿੱਤਾ।

ਬਾਦਸ਼ਾਹ ਨੂੰ ਉਗਾਲੇ 17 ਨਵੰਬਰ (6 ਸ਼ੱਵਾਲ) ਨੂੰ ਇਸ ਖ਼ਬਰ ਦੇ ਪੁਜਦੇ ਸਾਰ ਕਿ ਸਿੰਘ ਸਰਹੰਦ ਦੇ ਕਿਲੇ ਵਿਚ ਜਾ ਕੇ ਡਟ ਗਏ ਹਨ, ਉਸ ਨੇ ਮੁਹੰਮਦ ਅਮੀਨ ਚੀਨ-ਬਹਾਦੁਰ ਨੂੰ ਹੁਕਮ ਦਿੱਤਾ ਕਿ ਕੁਝ ਪੜਾਓ ਛੱਡਦਾ ਹੋਇਆ ਬੜੀ ਤੇਜ਼ੀ ਨਾਲ ਸਰਹੰਦ ਵਲ ਕੂਚ ਕਰੇ ਅਤੇ ਕਿਲੇ ਨੂੰ ਘੇਰਾ ਪਾ ਲਵੇ, ਪਰ ਉਸ ਦੇ ਪੁੱਜਣ ਤੋਂ ਪਹਿਲਾਂ ਹੀ ਸ਼ੱਮਸ ਖ਼ਾਨ ਆਦਿ ਨੇ ਕਿਲਾ ਛੁਡਾ ਲਿਆ ਸੀ ਅਤੇ ਲੜਾਈ ਵਿਚ ਮਾਰੇ ਗਏ ਸਿੰਘਾਂ ਦੇ ਤਿੰਨ ਸੌ ਸਿਰਾਂ ਦੇ ਚਾਰ ਗੱਡੇ, ਇਕ ਝੰਡਾ, ਦੋ ਨਿਸ਼ਾਨ, ਚਾਰ ਬਾਣ ਅਤੇ ਦੋ ਨੇਜ਼ੇ ਬਾਦਸ਼ਾਹ ਦੀ ਸੇਵਾ ਵਿਚ ਭੇਜ ਦਿੱਤੇ ਸਨ, ਜੋ 24 ਨਵੰਬਰ (13 ਸ਼ੱਵਾਲ) ਨੂੰ ਸਢੌਰੇ ਪਹੁੰਚੇ ਅਤੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਸ਼ੱਮਸ ਖ਼ਾਨ ਨੂੰ ਖ਼ਿਲਤ ਭੇਜੀ ਜਾਏ। ਸਰਹੰਦ ਉੱਤੇ ਕਬਜ਼ਾ ਕਰਨ ਦੀ ਸੋਭਾ ਦਾ ਮੌਕਾ ਹੱਥੋਂ ਖੁੱਸ ਜਾਣ ਨਾਲ ਮੁਹੰਮਦ ਅਮੀਨ ਖ਼ਾਨ ਘਾਬਰ ਕੇ ਛਿੱਥਾ ਪੈ ਗਿਆ ਅਤੇ ਸ਼ੱਮਸ ਖ਼ਾਨ ਦਾ ਕੱਟੜ ਵੈਰੀ ਬਣ ਗਿਆ। ਉਸ ਨੇ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਕਿ ਸ਼ੱਮਸ ਖ਼ਾਨ ਨੇ ਮੰਦੀ ਨੀਤਿ ਨਾਲ ਬੜਾ ਭਾਰਾ ਲਸ਼ਕਰ ਜਮਾਂ ਕੀਤਾ ਹੋਇਆ ਹੈ ਅਤੇ ਉਸ ਦੀਆਂ ਚਾਲਾਂ ਦੇਸ਼ ਦੇ ਅਮਨ ਲਈ ਖ਼ਤਰੇ ਤੋਂ ਖ਼ਾਲੀ ਨਹੀਂ ਦਿਸਦੀਆਂ। ਗ਼ਰੀਬ ਸ਼ੱਮਸ ਖ਼ਾਨ ਪਤਾ ਨਹੀਂ ਕੀ ਕੀ ਵੱਡੇ ਅਹੁਦਿਆਂ ਦੀਆਂ ਆਸਾਂ ਲਾਈ ਬੈਠਾ ਹੋਣਾ ਹੈ, ਪਰ ਜੋ ਸਲੂਕ ਉਸ ਨਾਲ ਹੋਇਆ ਉਹ ਬਹੁਤ ਹੀ ਕਿਰਤ-ਘਣਤਾ ਵਾਲਾ ਸੀ। ਉਸ ਨੂੰ ਬਿਸਤ ਜਲੰਧਰ ਦੀ ਫ਼ੌਜਦਾਰੀ ਤੋਂ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ ਈਸਾ ਖ਼ਾਨ ਮੰਝ ਨੂੰ 1500 ਜ਼ਾਤ ਅਤੇ 1000 ਸਵਾਰ ਦੀ ਪਦਵੀ ਦੇ ਕੇ ਨਿਯਤ ਕੀਤਾ ਗਿਆ।

ਵੈਰੀਆਂ ਨੇ ਸਰਹੰਦ ਤੋਂ ਨਿਕਲੇ ਸਿੰਘਾਂ ਦਾ ਖਰੜ ਅਤੇ ਬੁੜਾਇਲ ਤਕ ਪਿੱਛਾ ਕੀਤਾ। ਜਦ ਬੁੜਾਇਲ ਦੀ ਜੂਹ ਵਿਚ ਸਿੰਘਾਂ ਅਤੇ ਵੈਰੀਆਂ ਦਾ ਭੇੜ ਹੋਇਆ ਤਾਂ ਬੰਦਾ ਸਿੰਘ ਅਚਣਚੇਤ ਹੀ ਆ ਪੁੱਜਾ। ਸਿੰਘਾਂ ਦੇ ਹੌਸਲੇ ਦੂਣੇ ਚੌਣੇ ਹੋ ਗਏ ਅਤੇ ਉਹ ਭਗਉਤੀਆਂ ਲੈ ਪਿਛਾਂਹ ਨੂੰ ਮੁੜ ਪਏ। ਬਸ ਫੇਰ ਕੀ ਸੀ, ਵਧੀ ਆ ਰਹੇ ਵੈਰੀਆਂ ਦੇ ਅਗਾਊਂ ਦਸਤੇ ਪਿਛਲੀ ਪੈਰੀਂ ਨੱਸ ਤੁਰੇ। ਇਹ ਸ਼ਾਇਦ ਮੁਹੰਮਦ ਅਮੀਨ ਖ਼ਾਨ ਦੇ ਬੰਦੇ ਹੋਣ ਜਿਨ੍ਹਾਂ ਨੂੰ ਪਈ ਭਾਂਜ ਨੇ ਉਸ ਨੂੰ ਛਿੱਥਾ ਪਾ ਦਿੱਤਾ ਅਤੇ ਆਪਣੀ ਬਦਨਾਮੀ ਹੋਣ ਤੋਂ ਉਨ੍ਹਾਂ ਨੇ ਸ਼ੱਮਸ ਖ਼ਾਨ ਦੇ ਵਿਰੁੱਧ ਸ਼ਿਕਾਇਤ ਘੜ ਕੇ ਆਪਣੇ ਮਨ ਦੀ ਈਰਖਾ ਨੂੰ ਠੰਢਾ

ਕੀਤਾ। ਮੁਹੰਮਦ ਅਮੀਨ ਖ਼ਾਨ ਵਲੋਂ ਆਪਣੇ ਭਰਾ ਰਿਆਇਤ ਖ਼ਾਨ ਹੱਥੀਂ ਭੇਜੀ ਅਰਦਾਸ ਤੋਂ, ਜੋ 7 ਦਸੰਬਰ ਨੂੰ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਈ, ਪਤਾ ਲੱਗਦਾ ਹੈ ਕਿ ਮੁਹੰਮਦ ਅਮੀਨ ਖ਼ਾਨ ਨੇ ਸਰਹੰਦ ਪੁਜ ਕੇ ਇਕ ਬੁਰਜ ਨੂੰ ਸੁਰੰਗ ਲਾ ਕੇ ਉੱਡਾ ਦਿੱਤਾ ਅਤੇ ਉਸ ਨੂੰ ਪੂਰਵਾ ਦਿੱਤਾ। ਰਾਤ ਦੇ ਵੇਲੇ ਤਿੰਨ ਕੁ ਹਜ਼ਾਰ ਸਿੰਘ ਮਤਬ ਖ਼ਾਨ ਦੇ ਮੋਰਚੇ ਉੱਤੇ ਆ ਪਏ ਅਤੇ ਇਕ ਹਜ਼ਾਰ ਆਦਮੀਆਂ ਨੂੰ ਮਾਰ ਕੇ ਹਰਨ ਹੋ ਗਏ।

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
98150-03075

# ਸਢੌਰਾ ਅਤੇ ਲੋਹਗੜ੍ਹ ਦੀਆਂ ਲੜਾਈਆਂ

ਜਿਸ ਵੇਲੇ ਬਾਦਸ਼ਾਹ ਦਾ ਡੇਰਾ 24 ਨਵੰਬਰ ਨੂੰ ਸਢੌਰੇ ਪੁੱਜਾ ਤਾਂ ਥਾਨੇਸਰ ਅਤੇ ਸਰਹੰਦ ਤੋਂ ਹਟ ਆਏ ਸਿੰਘ ਲੋਹਗੜ੍ਹ ਆ ਗਏ ਸਨ। ਬੰਦਾਂ ਸਿੰਘ ਭੀ ਇੱਥੇ ਆ ਗਿਆ ਸੀ ਅਤੇ ਕਿਲੇ ਦੀ ਮੋਰਚਾਬੰਦੀ ਮਜ਼ਬੂਤ ਕਰਨ ਲਗ ਗਿਆ ਸੀ। ਹਰ ਕੋਈ, ਕੀ ਵੱਡਾ ਕੀ ਛੋਟਾ, ਜੋ ਭੀ ਬਾਦਸ਼ਾਹੀ ਡੇਰੇ ਵਿਚ ਆਉਂਦਾ, ਇਹੋ ਹੀ ਕਹਿੰਦਾ ਕਿ ਬੰਦਾ ਸਿੰਘ ਦੇ ਵਸ ਵਿਚ ਕੋਈ ਜਾਦੂ ਦੀਆਂ ਸ਼ਕਤੀਆਂ ਹਨ, ਉਸ ਦੇ ਮੂੰਹ ਵਿਚੋਂ ਅੱਗ ਦੇ ਭਬੂਕੇ ਨਿਕਲਦੇ ਹਨ ਅਤੇ ਤਲਵਾਰ ਅਰ ਤੀਰ ਉਸ ਦੇ ਲਾਗੇ ਰਹਿਣ ਵਾਲੇ ਸਾਥੀਆਂ ਨੂੰ ਜ਼ਖ਼ਮੀ ਨਹੀਂ ਕਰ ਸਕਦੇ। ਵਿਲੀਅਮ ਅਰਵਿਨ ਸਮਕਾਲੀ ਲਿਖਾਰੀਆਂ ਦੇ ਆਧਾਰ ਤੇ ਕਹਿੰਦਾ ਹੈ ਕਿ ਇਹ ਗੱਲ ਆਮ ਲੋਕਾਂ ਦੀ ਜੀਭ ਉੱਤੇ ਸੀ ਕਿ ਗੁਰੂ [ਬੰਦਾ ਸਿੰਘ] ਉਸ ਨਾਲੋਂ ਭੀ ਬਹੁਤ ਜ਼ੋਰਦਾਰ ਜਾਦੂਗਰ ਹੈ ਜੋ ਵੱਛਿਆਂ ਤੋਂ ਗੱਲਾਂ ਕਰਵਾਉਂਦਾ ਸੀ, ਉਹ ਗੋਲੀ ਨੂੰ ਰਸਤੇ ਵਿਚੋਂ ਦੂਸਰੇ ਪਾਸੇ ਮੋੜ ਸਕਦਾ ਹੈ ਅਤੇ ਅਜਿਹਾ ਟੂਣੇ ਕਰ ਸਕਦਾ ਹੈ ਕਿ ਉਸ ਦੇ ਸੰਗੀ ਸਾਥੀਆਂ ਉੱਤੇ ਤਲਵਾਰ ਅਤੇ ਨੇਜ਼ਾ ਬਹੁਤ ਥੋੜਾ ਅਸਰ ਕਰੇ ਜਾਂ ਬਿਲਕੁਲ ਹੀ ਕੋਈ ਅਸਰ ਨਾ ਕਰੇ। ਇਨ੍ਹਾਂ ਵਿਹਲੀਆਂ ਗੱਪਾਂ ਨੂੰ ਸੁਣ ਸੁਣ ਕੇ ਬਾਦਸ਼ਾਹ, ਉਸ ਦੇ ਵੱਡੇ ਵੱਡੇ ਅਮੀਰ, ਅਤੇ ਫੌਜੀ ਸਿਪਾਹੀ ਘਬਰਾਹਟ ਵਿਚ ਦਿਲ ਛੱਡੀ ਬੈਠੇ ਸਨ। ਦੂਸਰੇ ਪਾਸੇ ਬੰਦਾ ਸਿੰਘ ਵਲੋਂ ਦਿੱਤੇ ਹੋਏ ਇਸ ਯਕੀਨ ਨਾਲ ਸਿੱਖਾਂ ਦੇ ਹੌਸਲੇ ਵਧੇ ਹੋਏ ਸਨ ਕਿ ਜੋ ਭੀ ਇਸ ਜੰਗ ਵਿਚ ਸ਼ਹੀਦ ਹੋਵੇਗਾ ਉਹ ਛੇਤੀ ਹੀ ਉੱਚੀ ਪਦਵੀ ਪ੍ਰਾਪਤ ਕਰ ਕੇ ਮੁੜ ਜਨਮ ਲਏਗਾ।'

24 ਨਵੰਬਰ (13 ਸ਼ੱਵਾਲ) ਨੂੰ ਰੁਸਤਮ-ਦਿਲ ਖ਼ਾਨ ਅਤੇ ਫੀਰੋਜ਼ਖ਼ਾਨ ਮੇਵਾਤੀ ਨੂੰ, ਜੋ ਇਸ ਵੇਲੇ ਸ਼ਾਹੀ ਡੇਰੇ ਵਿਚ ਆ ਗਏ ਸਨ, ਹੁਕਮ ਹੋਇਆ ਕਿ ਅਗਾਊਂ ਤੰਬੂਆਂ ਨਾਲ ਅੱਗੇ ਜਾਣ ਅਤੇ ਅਗਲੇ ਡੇਰੇ ਲਈ ਕੋਈ ਚੰਗੀ ਥਾਂ ਵੇਖ ਲੈਣ ਅਤੇ ਬਾਦਸ਼ਾਹੀ ਤੋਪਖ਼ਾਨੇ ਨੂੰ ਲਿਜਾ ਕੇ ਸਿੰਘਾਂ ਦੇ ਕਿਲੇ (ਲੋਹਗੜ੍ਹ) ਵਲ ਅਜਿਹੇ ਉੱਚੇ ਥਾਂ ਤੋਪਾਂ ਬੀੜਨ ਕਿ ਜਿਥੋਂ ਚੰਗੀ ਤਰ੍ਹਾਂ ਤੀਰ ਅਤੇ ਗੋਲੇ ਵਰ੍ਹਾਏ ਜਾ ਸਕਣ। ਮੁਨਇਮ ਖ਼ਾਨ ਅਤੇ ਉਸ ਦਾ ਪੁੱਤਰ ਮਹਾਬਤ ਖ਼ਾਨ ਆਪਣੀਆਂ ਫੌਜਾਂ ਸਣੇ ਅਤੇ ਬਖਸ਼ੀ ਅਫ਼ਜ਼ਲ ਖ਼ਾਨ ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਦੀ ਪਿੱਛੇ ਰੱਖੀ ਹੋਈ ਫੌਜ ਲੈ ਕੇ ਅਗਾਊਂ ਤੰਬੂਆਂ ਦੇ ਨਾਲ ਜਾਣ। ਦੂਸਰੇ ਦਿਨ ਸਵੇਰੇ 25 ਨਵੰਬਰ (14 ਸ਼ੱਵਾਲ) ਨੂੰ ਖ਼ਬਰ ਆਈ ਕਿ ਰੁਸਤਮ-ਦਿਲ ਖ਼ਾਨ ਮੁਸ਼ਕਲ ਨਾਲ ਅਜੇ ਦੋ ਕੁ ਜਰੀਬੀ ਕੋਹ ਹੀ ਬਾਦਸ਼ਾਹੀ ਡੇਰੇ ਤੋਂ ਅੱਗੇ ਗਿਆ ਹੋਣਾ ਹੈ ਕਿ ਸਿੱਖਾਂ ਨੇ ਦਸ ਬਾਰਾਂ ਕੋਹਾਂ ਤੋਂ ਆ ਕੇ ਉਸ ਉੱਤੇ ਤੀਰਾਂ, ਬਾਣਾਂ ਅਤੇ ਗੋਲੀਆਂ

ਦੀ ਵਰਖਾ ਕਰਨੀ ਸ਼ੁਰੂ ਕਰ ਦਿੱਤੀ। ਸਿੰਘ ਲਾਗੇ ਹੀ ਜੰਗਲ ਵਿਚ ਲੁਕੇ ਹੋਏ ਮੌਕੇ ਦੀ ਤਾੜ ਵਿਚ ਬੈਠੇ ਉਡੀਕ ਰਹੇ ਹੋਣੇ ਹਨ। ਖਾਫ਼ੀ ਖ਼ਾਨ ਕਹਿੰਦਾ ਹੈ ਕਿ ਜੋ ਲੜਾਈ ਇਸ ਤੋਂ ਬਾਅਦ ਹੋਈ, "ਉਸ ਨੂੰ ਬਿਆਨ ਕਰ ਸਕਣਾ ਮੇਰੇ ਲਈ ਅਸੰਭਵ ਹੈ। ਫ਼ਕੀਰਾਂ ਵਾਲੇ ਭੇਖ ਵਿਚ ਸਿੰਘਾਂ ਨੇ ਸ਼ਾਹੀ ਲਸ਼ਕਰ ਨੂੰ ਭੈ ਭੀਤ ਕਰ ਦਿੱਤਾ। ਬਾਦਸ਼ਾਹੀ ਫੌਜੀਆਂ ਵਿਚੋਂ ਮੋਇਆਂ ਅਤੇ ਮਰ ਰਿਹਾਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਕੁਝ ਚਿਰ ਲਈ ਤਾਂ ਇੰਜ ਪ੍ਰਤੀਤ ਹੁੰਦਾ ਰਿਹਾ ਕਿ ਲੜਾਈ ਹਾਰੀ ਜਾ ਰਹੀ ਹੈ। ਫੀਰੋਜ਼ ਖ਼ਾਨ ਮੇਵਾਤੀ ਦਾ ਇਕ ਭਤੀਜਾ ਮਾਰਿਆ ਗਿਆ ਅਤੇ ਉਸ ਦਾ ਪੁੱਤਰ ਫੱਟੜ ਹੋ ਗਿਆ। ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਸਿੱਖ ਸਰਦਾਰ ਤਲਵਾਰਾਂ ਹੱਥ ਲੈ ਅਗੇ ਵਧੇ ਅਤੇ ਬਹੁਤ ਸਾਰੇ ਜਹਾਦੀਆਂ ਨੂੰ ਸ਼ਹਾਦਤ ਦੇ ਪਿਆਲੇ ਪਿਆਏ ਅਤੇ ਬਹੁਤ ਸਾਰਿਆਂ ਨੂੰ ਘਾਇਲ ਕਰ ਦਿੱਤਾ।" ਰੁਸਤਮ-ਦਿਲ ਖ਼ਾਨ ਦੇ ਫੌਜੀ ਇਸ ਹੱਲੇ ਨੂੰ ਸਹਿ ਨਾ ਸਕੇ ਅਤੇ ਖਿੰਡਾ ਦਿੱਤੇ ਗਏ। ਪਰ ਛੇਤੀ ਹੀ ਪਿਛੋਂ ਹੋਰ ਬਾਦਸ਼ਾਹੀ ਫੌਜ ਆ ਪੁੱਜੀ ਅਤੇ ਉਨ੍ਹਾਂ ਦੀ ਬਹੁ-ਗਿਣਤੀ ਸਿੰਘਾਂ ਉੱਤੇ ਭਾਰੂ ਹੋ ਗਈ।

ਤਜ਼ਕਿਰਾਤੁ-ਸਲਾਤੀਨ ਦਾ ਲਿਖਾਰੀ ਮੁਹੰਮਦਹਾਦੀ ਕਾਮਵਰ ਖ਼ਾਨ ਕਹਿੰਦਾ ਹੈ ਕਿ ਮੈਂ ਸ਼ਾਹਜ਼ਾਦਾ ਰਫੀ-ਉ-ਸ਼ਾਨ ਦੀ ਫੌਜ ਵਿਚ ਉਸ ਵੇਲੇ ਉਥੇ ਮੌਜੂਦ ਸਾਂ ਅਤੇ ਮੈਂ ਆਪਣੀ ਅੱਖੀਂ ਡਿਠਾ ਕਿ ਇਨ੍ਹਾਂ ਮਰਦੂਦ ਸਿੱਖਾਂ ਵਿਚੋਂ ਹਰ ਇਕ ਜੁਆਨ ਛਾਲਾਂ ਮਾਰ ਮਾਰ ਖਾਈ ਵਿਚੋਂ ਨਿਕਲਦਾ, ਬਾਦਸ਼ਾਹੀ ਲਸ਼ਕਰੀਆਂ ਨੂੰ ਆ ਵੰਗਾਰਦਾ ਅਤੇ ਬੜੀ ਬਹਾਦਰੀ ਦੇ ਜੌਹਰ ਵਿਖਾਲ ਕੇ ਗਾਜ਼ੀਆਂ ਦੀ ਤਲਵਾਰ ਹੇਠ ਬੇ-ਦਰੇਗ ਜਾਨ ਦੇ ਦਿੰਦਾ।...ਇਸ ਵੇਲੇ ਬਾਦਸ਼ਾਹੀ ਅਤੇ ਨਾਮਵਰ ਅਮੀਰਾਂ ਦੀਆਂ ਫੌਜਾਂ ਨੇ ਭੀ ਹਰ ਪਾਸਿਓਂ ਹੱਲਾ ਕਰਕੇ ਰੁਸਤਮ ਅਤੇ ਅਸਫੰਦ—ਯਾਰ ਦੇ ਕਾਰਨਾਮੇ ਮਾਤ ਪਾ ਦਿੱਤੇ। ਬੜੀ ਭਿਆਨਕ ਲੜਾਈ ਹੋਈ। ਸਿੱਖਾਂ ਦੇ ਦੋ ਸਰਦਾਰ ਅਤੇ ਢਾਈ ਹਜ਼ਾਰ ਬੰਦੇ ਮਾਰੇ ਗਏ। ਵਿਜਈ ਫੌਜ ਵਿਚੋਂ ਫੀਰੋਜ਼ ਖ਼ਾਨ ਮੇਵਾਤੀ ਦਾ ਇਕ ਭਤੀਜਾ ਮਾਰਿਆ ਗਿਆ ਅਤੇ ਪੁੱਤਰ ਜ਼ਖ਼ਮੀ ਹੋ ਗਿਆ।

ਸੂਰਜ ਛਿਪਣ ਨਾਲ ਸਿੱਖ ਚੜ੍ਹਦੀਆਂ ਪਹਾੜੀਆਂ ਵਲ ਨੂੰ ਹਟ ਗਏ ਅਤੇ ਲੋਹਗੜ੍ਹ ਦੇ ਕਿਲ੍ਹੇ ਵਿਚ ਜਾ ਵੜੇ। ਇਸ ਨਾਲ ਨਾਮਵਰ ਅਮੀਰਾਂ ਨੇ ਫ਼ਤਿਹ ਦੇ ਨਗਾਰਿਆਂ ਅਤੇ ਜੈਕਾਰਿਆਂ ਨਾਲ ਗੜਗੱਜ ਮਚਾ ਦਿੱਤੀ ਅਤੇ ਡੇਢ ਕੋਹ ਅੱਗੇ ਜਾ ਕੇ ਅਗਾਊਂ ਤੰਬੂ ਲਾ ਦਿੱਤੇ। ਮੁਨਇਮ ਖ਼ਾਨ ਅਤੇ ਉਸ ਦਾ ਪੁੱਤਰ ਮੁਹਾਬਤ ਖ਼ਾਨ ਤਾਂ ਇਥੇ ਰਾਖੀ ਲਈ ਰਹੇ ਅਤੇ ਰੁਸਤਮ ਖ਼ਾਨ, ਅਫ਼ਜ਼ਲ ਖ਼ਾਨ ਅਤੇ ਦੂਸਰੇ ਸਰਦਾਰਾਂ ਨੇ ਅੱਧਾ ਕੁ ਕੋਹ ਅਗੇ ਹੋ ਕੇ ਸੋਮ ਨਦੀ ਦਾ ਕੰਢਾ ਮੱਲ ਲਿਆ। ਨਦੀ ਬੜੀ ਹੌਲੀ ਹੌਲੀ ਵਗ ਰਹੀ ਸੀ। ਇਸ ਦੇ ਪਾਰਲੇ ਕੰਢੇ ਦੂਰ ਤਕ ਸੰਘਣਾ ਜੰਗਲ ਸੀ ਜਿਸ ਵਿਚੋਂ ਰਾਤ ਬੜੀਆਂ ਭਿਆਨਕ ਆਵਾਜ਼ਾਂ ਆਉਂਦੀਆਂ ਰਹੀਆਂ ਜਿਸ ਲਈ ਬੜੀ ਚੌਕਸੀ ਨਾਲ ਪਹਿਰਾ ਰੱਖਣਾ ਪਿਆ।

ਇਸ ਨੂੰ ਇਕ ਚੰਗੀ ਜਿੱਤ ਸਮਝ ਕੇ ਬਾਦਸ਼ਾਹ ਨੇ ਰੁਸਤਮ-ਦਿਲ ਖ਼ਾਨ ਨੂੰ 'ਗਾਜ਼ੀਖ਼ਾਨ ਰੁਸਤਮਿ-ਜੰਗ' ਦੇ ਖ਼ਿਤਾਬ ਨਾਲ ਨਿਵਾਜਿਆ ਅਤੇ ਉਸ ਦਾ ਹੁੱਦਾ 4000

ਜ਼ਾਤ ਅਤੇ 3000 ਸਵਾਰ ਤਕ ਵਧਾ ਦਿੱਤਾ ਅਤੇ ਖ਼ਾਨਿਖ਼ਾਨਾਂ ਮੁਨਇਮ ਖ਼ਾਨ ਅਤੇ ਮਹਾਬਤ ਖ਼ਾਨ ਨੂੰ ਬਾਦਸ਼ਾਹੀ ਲੰਗਰ ਵਿਚੋਂ ਖਾਣਾ ਭੇਜਿਆ।

25 ਤੋਂ 28 ਨਵੰਬਰ (14-17 ਸ਼ੱਵਾਲ) ਤਕ ਰੁਸਤਮ-ਦਿਲ ਖ਼ਾਨ ਸੋਮ ਨਦੀ ਦੇ ਕੰਢੇ ਹੀ ਰਿਹਾ। 29 (18 ਸ਼ੱਵਾਲ) ਨੂੰ ਬਾਦਸ਼ਾਹੀ ਡੇਰਾ ਭੀ ਨਦੀ ਦੇ ਕੰਢੇ ਆ ਗਿਆ। ਇਥੋਂ ਲੋਹਗੜ੍ਹ ਦਾ ਕਿਲਾ ਸਾਮ੍ਹਣੇ ਉੱਚੀ ਟੀਸੀ ਉੱਤੇ ਦਿਸਦਾ ਸੀ ਜਿਸ ਦੇ ਆਲੇ ਦੁਆਲੇ ਖੱਡਾਂ, ਅੜਬੜ ਚੱਟਾਨਾਂ ਅਤੇ ਡੂੰਘਾ ਰਸਤਾ ਸੀ। ਬਾਦਸ਼ਾਹ ਨੇ ਲੜਾਈ ਦਾ ਮੈਦਾਨ ਦੇਖਿਆ ਅਤੇ ਰੁਸਤਮ-ਦਿਲ ਖ਼ਾਨ ਅਤੇ ਫੀਰੋਜ਼ਖਾਨ ਨੂੰ ਸ਼ਾਬਾਸ਼ ਦਿੱਤੀ। ਇਥੇ ਜਦ ਮਹਾਬਤ ਖ਼ਾਨ, ਖ਼ਾਨ ਜ਼ਮਾਨ ਅਤੇ ਜਮਦਾਤੁਲ-ਮੁਲਕ ਹਾਜ਼ਰ ਹੋਏ ਤਾਂ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਫੌਜ ਨਾਲ ਜਾਓ, ਸਿੱਖਾਂ ਨੂੰ ਮਾਰ ਮਾਰ ਕੇ ਕਿਲੇ ਵਿਚ ਵਾੜ ਦਿਓ ਅਤੇ ਕਿਲੇ ਉੱਤੇ ਚੜ੍ਹਾਈ ਕਰੋ।

ਜੁਮੇਰਾਤ 30 ਨਵੰਬਰ (19 ਸ਼ੱਵਾਲ) ਨੂੰ ਸ਼ਾਹੀ ਫੌਜਾਂ ਨੇ ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਦੀ ਕਮਾਨ ਹੇਠਾਂ ਡਾਬਰ ਦੀ ਪਹਾੜੀ ਦੇ ਹੇਠਲੇ ਕੰਢੇ ਨੂੰ ਕੂਚ ਕੀਤਾ। ਦਲ ਦੀ ਪਰ੍ਹੇ-ਬੰਦੀ ਇਸ ਤਰ੍ਹਾਂ ਸੀ :

> ਖੱਬੇ ਪਾਸੇ ਇਕ ਕੋਹ ਅੱਗੇ ਬਾਦਸ਼ਾਹ ਫੌਜ ਦੀ ਅਗਾਊਂ ਗਾਰਦ ਦੀ ਕਮਾਨ ਸ਼ਾਹਜ਼ਾਦਾ ਕਰ ਰਿਹਾ ਸੀ ਅਤੇ ਰਾਜਾ ਉਦਿਤ ਸਿੰਘ ਬੁੰਦੇਲੇ ਪਾਸ ਬਖ਼ਸ਼ੀ-ਉਲ-ਮੁਮਾਲਿਕ ਦੀ ਅਗਾਊਂ ਗਾਰਦ ਦੀ ਕਮਾਨ ਸੀ।
>
> ਸੱਜੇ ਪਾਸੇ ਜਮਦਾਤੁਲ-ਮੁਲਕ ਖ਼ਾਨਿਖ਼ਾਨਾਂ ਮੁਨਇਮ ਖ਼ਾਨ ਅਤੇ ਉਸ ਦੇ ਪੁੱਤਰ ਮੁਹਾਬਤ ਖ਼ਾਨ ਅਤੇ ਖ਼ਾਨ ਜ਼ਮਾਨ ਸਨ ਜਿਨ੍ਹਾਂ ਦੇ ਨਾਲ ਇਥੇ ਦੇ ਲੋਕ ਰਾਹ ਦੱਸਣ ਵਾਲੇ ਸਨ। ਇਨ੍ਹਾਂ ਦੀ ਅਗਾਊਂ ਫੌਜ ਰਾਜਾ ਚਤਰ ਸਾਲ ਬੁੰਦੇਲੇ ਅਤੇ ਇਸਲਾਮ ਖ਼ਾਨ ਦੇ ਤਹਿਤ ਵਿਚ ਸੀ। ਮੁਨਇਮ ਖ਼ਾਨ ਦੀ ਹੋਰ ਸਹਾਇਤਾ ਲਈ ਹਮੀਦੁ-ਦੀਨ ਖ਼ਾਨ ਅਤੇ ਸ਼ਾਹਜ਼ਾਦਾ ਅਜ਼ੀਮੁ-ਸ਼ਾਨ ਅਤੇ ਸ਼ਾਹਜ਼ਾਦਾ ਜਹਾਨ ਸ਼ਾਹ ਦੀਆਂ ਪਿਛੇ ਰਹੀਆਂ ਫ਼ੌਜਾਂ ਸਨ।

ਇਸ ਤਰ੍ਹਾਂ ਲੋਹਗੜ੍ਹ ਦੇ ਕਿਲੇ ਨੂੰ ਸੱਠ ਹਜ਼ਾਰ ਬਾਦਸ਼ਾਹੀ ਸਵਾਰਾਂ ਅਤੇ ਪਿਆਦਿਆਂ ਅਤੇ ਅਣਗਿਣਤ ਰੁਹੇਲੇ ਪਠਾਣਾਂ, ਬਲੋਚਾਂ ਅਤੇ ਹੋਰ ਕੌਮਾਂ ਦੇ ਲੁਟੇਰਿਆਂ ਨੇ ਕੱਸ ਕੇ ਘੇਰਾ ਪਾ ਲਿਆ। ਲੋਹਗੜ੍ਹ ਦਾ ਕਿਲਾ ਇਤਨਾ ਮਜ਼ਬੂਤ ਅਤੇ ਅਪਹੁੰਚ ਸੀ ਕਿ ਬਾਦਸ਼ਾਹ ਨੂੰ ਹੌਸਲਾ ਨਹੀਂ ਸੀ ਪੈ ਰਿਹਾ ਕਿ ਕਿਲੇ ਵਿਚ ਸਿੰਘਾਂ ਉੱਤੇ ਹੱਲਾ ਕਰਵਾ ਸਕੇ। ਇਸ ਲਈ ਉਸ ਨੇ ਫੈਸਲਾ ਕੀਤਾ ਕਿ ਕਿਲੇ ਤੋਂ ਬਾਹਰ ਚੁੱਪ ਚਾਪ ਢਿੱਲੇ ਪ੍ਰਤੀਤ ਹੋਣਾ ਚਾਹੀਦਾ ਹੈ ਤਾਕਿ ਸਿੱਖ ਲੜਾਈ ਲਈ ਕਿਲੇ ਤੋਂ ਬਾਹਰ ਨਿਕਲ ਆਉਣ। ਇਸ ਲਈ ਬਾਦਸ਼ਾਹ ਨੇ ਸ਼ਾਹਜ਼ਾਦਿਆਂ ਅਤੇ ਸਾਰੇ ਅਮੀਰਾਂ (ਸਰਦਾਰਾਂ) ਨੂੰ ਪੱਕੇ ਹੁਕਮ ਜਾਰੀ ਕੀਤੇ ਕਿ ਕਿਸੇ ਹਾਲਤ ਵਿਚ ਜਾਂ ਬਹਾਨੇ ਭੀ ਸਿੱਖਾਂ ਦੇ ਮੋਰਚਿਆਂ ਦੇ ਲਾਗੇ ਨਾ ਢੁੱਕਣ। ਵਜ਼ੀਰ ਮੁਨਇਮ ਖ਼ਾਨ ਖ਼ਾਨਿ-ਖ਼ਾਨਾਂ ਨੇ ਬਾਦਸ਼ਾਹ ਦੇ ਹਜ਼ੂਰ ਬੇਨਤੀ ਕੀਤੀ ਕਿ ਉਸ ਨੂੰ ਦੁਸ਼ਮਨ ਦੇ ਟਿਕਾਣਿਆਂ ਦੀ ਦੇਖ ਭਾਲ ਲਈ ਫੌਜ ਸਮੇਤ ਅੱਗੇ ਵਧਣ ਦੀ ਆਗਿਆ ਬਖਸ਼ੀ ਜਾਏ। ਬਾਦਸ਼ਾਹ ਨੇ ਇਸ ਸ਼ਰਤ ਉੱਤੇ ਆਗਿਆ ਦੇਣੀ ਪ੍ਰਵਾਨ ਕੀਤੀ ਕਿ ਉਹ ਬਾਦਸ਼ਾਹ ਦੀ

ਹੋਰ ਆਗਿਆ ਬਿਨਾਂ ਹੱਲਾ ਸ਼ੁਰੂ ਨਹੀਂ ਕਰੇਗਾ।

ਜਦ ਮੁਨਇਮ ਖ਼ਾਨ ਸਿੱਖਾਂ ਦੇ ਮੋਰਚਿਆਂ ਦੀ ਮਾਰ ਹੇਠਾਂ ਪੁੱਜਾ ਤਾਂ ਉਨ੍ਹਾਂ ਨੇ ਆਪਣੇ ਅੱਡਿਆਂ ਤੋਂ ਤੋਪਾਂ ਦੀ ਜ਼ੋਰਦਾਰ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਦੇ ਪਿਆਦਿਆਂ ਨੇ ਪਹਾੜੀ ਟੀਸੀਆਂ ਤੋਂ ਬਾਣਾਂ, ਗੋਲੀਆਂ ਅਤੇ ਤੀਰਾਂ ਨਾਲ ਵਿੰਨ੍ਹ ਦਿੱਤਾ। ਮੁਨਇਮ ਖ਼ਾਨ ਨੇ ਬਾਦਸ਼ਾਹ ਦੀ ਖ਼ਫ਼ਗੀ ਨਾਲੋਂ ਜ਼ਿਆਦਾ ਆਪਣੀ ਫੌਜੀ ਮਸ਼ਹੂਰੀ ਦੀ ਰਾਖੀ ਦੇ ਖਿਆਲ ਨਾਲ ਇਕ ਵਾਰੀ ਬਾਦਸ਼ਾਹ ਦੀ ਹੁਕਮ ਅਦੂਲੀ ਦਾ ਹੌਸਲਾ ਕਰ ਲਿਆ ਅਤੇ ਹੱਲੇ ਦਾ ਹੁਕਮ ਦੇ ਦਿੱਤਾ। ਇਹ ਸਭ ਕੁਝ ਬਾਦਸ਼ਾਹੀ ਡੇਰੇ ਤੋਂ ਦਿਸ ਰਿਹਾ ਸੀ। ਫੌਜੀ ਮਸ਼ਹੂਰੀ ਦੀ ਲਾਲਸਾ ਅਤੇ ਈਰਖਾ ਨਾਲ ਦੂਸਰੇ ਸਰਦਾਰਾਂ ਅਤੇ ਸਿਪਾਹੀਆਂ ਨੇ ਭੀ ਹੁਕਮ ਦੀ ਉਡੀਕ ਨਾ ਕੀਤੀ। ਇਸੇ ਤਰ੍ਹਾਂ ਸ਼ਾਹਜ਼ਾਦ ਰਫ਼ੀ-ਉ-ਸ਼ਾਨ ਅਤੇ ਰੁਸਤਮ-ਦਿਲ ਖ਼ਾਨ ਦੀਆਂ ਫੌਜਾਂ ਨੇ ਕੋਈ ਹੁਕਮ ਨਾ ਉਡੀਕਿਆ ਅਤੇ ਇਨ੍ਹਾਂ ਸਾਰਿਆਂ ਦੀ ਇਕ ਬੜੀ ਭਾਰੀ ਗਿਣਤੀ ਹੱਲੇ ਵਿਚ ਜਾ ਸ਼ਾਮਲ ਹੋਈ। ਇਸ ਗੱਲ ਨੂੰ ਬਾਦਸ਼ਾਹ ਅਤੇ ਚਾਰੇ ਸ਼ਾਹਜ਼ਾਦੇ ਆਪਣੇ ਤੰਬੂਆਂ ਦੇ ਵਿਹੜਿਆਂ ਤੋਂ ਗੁੱਸੇ ਅਤੇ ਤਸੱਲੀ ਦੇ ਮਿਲਵੇਂ ਖ਼ਿਆਲਾਂ ਨਾਲ ਦੇਖ ਰਹੇ ਸਨ।

ਜ਼ੁਹਰ ਦੀ ਨਮਾਜ਼ ਦੇ ਵੇਲੇ ਤੋਂ ਕੁਝ ਚਿਰ ਪਹਿਲਾਂ ਸਿੰਘਾਂ ਦੀ ਵਲਗਣ ਅੰਦਰੋਂ ਬਹੁਤ ਸਾਰਾ ਧੂੰਆਂ ਨਿਕਲਿਆ ਅਤੇ ਇਕ ਤਕੜਾ ਧਮਾਕਾ ਸੁਣਿਆ ਗਿਆ। ਕਾਮਵਰ ਖ਼ਾਨ, ਉਸ ਦਾ ਮੁਤਬੰਨਾ ਪੁੱਤਰ ਖਿਦਮਤਯਾਰ ਖ਼ਾਨ ਅਤੇ ਖ੍ਵਾਜਾ ਅਮਾਨੁੱਲਾ ਕਾਊਸ-ਬੇਗੀ ਅਤੇ ਕੁਝ ਹੋਰ ਸ਼ਾਹੀ ਬੰਦੇ ਲਸ਼ਕਰ ਤੋਂ ਨਿਖੜ ਕੇ ਸਿੰਘਾਂ ਦੇ ਮੋਰਚਿਆਂ ਵਲ ਗਏ ਅਤੇ ਉਹ ਸਿੱਖਾਂ ਦੀ ਕੱਚੀ ਗੜ੍ਹੀ ਤੋਂ ਤੀਰ ਦੀ ਮਾਰ ਉੱਤੇ ਸਨ ਕਿ ਇਕ ਪਹਾੜੀ ਦੀ ਟੀਸੀ ਉਪਰੋਂ ਇਕ ਇਮਲੀ ਦੇ ਬਿਰਛ ਤੋਂ ਇਕ ਤੋਪ ਦੇ ਗੋਲੇ ਨੇ ਇਸ ਟੋਲੀ ਨੂੰ ਖਿੰਡਾ ਦਿੱਤਾ। ਇਥੇ ਕਾਮਵਰ ਖ਼ਾਨ ਨੂੰ ਕੁਝ ਕਹਾਰਾਂ ਤੋਂ ਪਤਾ ਲਗਾ ਕਿ ਸਿੱਖ ਸਤਾਰਾਗੜ੍ਹ ਅਤੇ ਲੋਹਗੜ੍ਹ ਦੇ ਕਿਲਿਆਂ ਵਲ ਨੂੰ ਪਿੱਛੇ ਹਟ ਰਹੇ ਹਨ ਅਤੇ ਬਾਦਸ਼ਾਹੀ ਫੌਜਾਂ ਅੱਗ ਲਾਉਣ ਅਤੇ ਲੁੱਟ ਮਾਰ ਵਿਚ ਰੁਝ ਪਈਆਂ ਹਨ।

ਲੜਾਈ ਤਪਦੀ ਅਤੇ ਭੜਕਦੀ ਵੇਖ ਕੇ ਸ਼ਾਹੀ ਫੌਜਾਂ ਵਿਚ ਭੀ ਉਕਸਾਹਟ ਵੱਧ ਗਈ ਅਤੇ ਬਾਦਸ਼ਾਹ ਅਤੇ ਸ਼ਾਹਜ਼ਾਦਿਆਂ ਦੀਆਂ ਨਿਜੀ ਗਾਰਦਾਂ ਤੋਂ ਬਿਨਾਂ ਸਾਰੀ ਦੀ ਸਾਰੀ ਸੱਠ ਹਜ਼ਾਰ ਫੌਜ ਅਤੇ ਲੁਟੇਰਿਆਂ ਦੀ ਧਾੜ ਸਿੱਖਾਂ ਦੇ ਮੋਰਚਿਆਂ ਉੱਤੇ ਟੁੱਟ ਪਈ। ਇਸ ਵੇਲੇ ਸਿੱਖਾਂ ਵਾਸਤੇ ਮੁਸ਼ਕਲ ਬਣ ਗਈ। ਵੈਰੀ ਦੇ ਟਿੱਡੀ ਦਲ ਦੇ ਹਜ਼ਾਰਾਂ ਹੀ ਬੰਦੇ ਇਕ ਇਕ ਮੋਰਚੇ ਉੱਤੇ ਪੈ ਗਏ। ਸਿੱਖ ਆਟੇ ਵਿਚ ਲੂਣ ਬਰਾਬਰ ਭੀ ਨਹੀਂ ਸਨ। ਇਕ ਇਕ ਕਰਕੇ ਨੀਵੀਆਂ ਪਹਾੜੀਆਂ ਦੀਆਂ ਬਿੜਕਾਂ ਛੱਡਣੀਆਂ ਪੈ ਗਈਆਂ ਅਤੇ ਲੋਹਗੜ੍ਹ ਦੇ ਕਿਲੇ ਵਿਚ ਦੇ ਆਖ਼ਰੀ ਟਿਕਾਣੇ ਵਲ ਨੂੰ ਹਟ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ। ਦੋਹੀਂ ਪਾਸੀਂ ਅਤਿ ਦਾ ਜਾਨੀ ਨੁਕਸਾਨ ਹੋਇਆ। ਮੁਸਲਮਾਨੀ ਪਾਸੇ ਵਲ ਮੋਇਆਂ ਵਿਚ ਸੁਚਾ ਨੰਦ ਸਰਹੰਦੀ ਦਾ ਪੁੱਤਰ ਭੀ ਸੀ ਜਿਸ ਦੀ ਲੋਥ ਹੋਰ ਮਰੇ ਪਏ ਮੁਸਲਮਾਨਾਂ ਦੀਆਂ ਲੋਥਾਂ ਨਾਲ ਕੁਝ ਪੱਥਰਾਂ ਹੇਠ ਅੱਧੀ ਲੁਕੀ ਪਈ ਸੀ। ਕਾਮਵਰ ਖ਼ਾਨ ਕਹਿੰਦਾ ਹੈ ਕਿ 'ਇਸ ਭਿਆਨਕ ਕਤਲ ਦੇ ਡਰਾਉਣੇ ਨਜ਼ਾਰੇ ਨੇ ਕਈ ਰਹਿਮ-ਦਿਲਾਂ ਦੇ ਕਾਲਜੇ ਕੰਬਾ

ਦਿੱਤੇ ਅਤੇ ਭਾਵੀ ਦੇ ਛਲਾਵੇ ਭਰੇ ਤਮਾਸ਼ੇ ਨੇ ਕਈ ਦੁਖੀਆਂ ਦੇ ਦਿਮਾਗ ਹਿਲਾ ਦਿੱਤੇ।' ਲੁੱਟ ਮਾਰ ਸੰਬੰਧੀ ਕਾਮਵਰ ਖ਼ਾਨ ਕਹਿੰਦਾ ਹੈ ਕਿ 'ਇਸ ਵੇਲੇ ਸ਼ਾਹੀ ਲਸ਼ਕਰ ਦੇ ਲੁੱਚੇ ਲਫੰਗੇ ਕਿਲੇ ਅੰਦਰੋਂ ਬਰੂਦ ਦੀ ਅੱਗ ਨਾਲ ਸੜੇ ਝੁਲਸੇ ਮਾਲ ਦੀਆਂ ਪੰਡਾਂ ਸਿਰਾਂ ਮੋਰਾਂ ਉੱਤੇ ਚੁੱਕੀ ਆਉਂਦੇ ਦਿਸੇ। ਉਨ੍ਹਾਂ ਦੀਆਂ ਗੱਲਾਂ ਤੋਂ ਪਤਾ ਲਗਦਾ ਸੀ ਕਿ ਸ਼ਾਹੀ ਫੌਜ ਟੀਸੀ ਤੋਂ ਟੁੱਟ ਪਈ ਹੈ ਅਤੇ ਲੋਹਗੜ੍ਹ ਵਿਚ ਕਤਲ-ਗਾਰਤ ਮਚਾ ਰਹੀ ਹੈ ਅਤੇ ਕੁਰਬਾਨ ਹੋ ਹਰੇ ਸਿੱਖਾਂ ਨੂੰ ਜਹਾਦੀਆਂ ਦੀ ਤਲਵਾਰ ਦੀ ਖ਼ੁਰਾਕ ਬਣਾ ਰਹੀ ਹੈ। ਉਹ (ਸਿੱਖ) ਅਜੇ ਕਿਸੇ ਕਿਸੇ ਟਿੱਬੇ ਉੱਤੇ ਟਾਕਰੇ ਲਈ ਤਿਆਰ ਹਨ। ਕੁਝ ਦੂਸਰੇ ਕਿਲੇ ਸਤਾਰਾਗੜ੍ਹ ਵਿਚ ਡਟੇ ਹੋਏ ਤੀਰ ਅਤੇ ਬੰਦੂਕਾਂ ਚਲਾ ਰਹੇ ਹਨ।

ਮਿਰਜ਼ਾ ਰੁਕਨ ਨੇ ਇਸ ਵੇਲੇ ਅੱਗਿਓਂ (ਜੰਗ ਦੇ ਮੈਦਾਨੋਂ) ਆ ਕੇ ਬਾਦਸ਼ਾਹ ਨੂੰ ਇਤਲਾਹ ਦਿੱਤੀ ਕਿ ਲੜਾਈ ਅਜੇ ਪਹਾੜੀਆਂ ਦੇ ਦੱਰਿਆਂ ਵਿਚ ਲਗੀ ਹੋਈ ਹੈ ਅਤੇ ਰੁਸਤਮ-ਦਿਲ ਖ਼ਾਨ ਉਸ ਪਹਾੜੀ ਦੇ ਪੈਰਾਂ ਤਕ ਜਾ ਪੁੱਜਾ ਹੈ ਜਿਸ ਦੇ ਚਿੱਟੇ ਮਕਾਨ ਵਿਚ ਸਿੱਖ ਸਰਦਾਰ ਬੰਦਾ ਸਿੰਘ ਹੈ। ਮਿਰਜ਼ਾ ਰੁਕਨ ਨੇ ਉਸ ਪਹਾੜੀ ਅਤੇ ਤੰਬੂ ਵਲ ਇਸ਼ਾਰਾ ਕੀਤਾ ਜਿਥੋਂ ਕਿ ਖਿਆਲ ਸੀ ਕਿ ਬੰਦਾ ਸਿੰਘ ਆਪਣੇ ਸਿਦਕੀ ਸਾਥੀ ਸਿੰਘਾਂ ਦੇ ਬਹਾਦੁਰੀ ਦੇ ਕਾਰਨਾਮੇ ਦੇਖ ਰਿਹਾ ਸੀ। ਐਨ ਇਸ ਵੇਲੇ ਆਪਣੀ ਵਤਨੀ ਰਾਜਾ ਚਤਰਸਾਲ ਦੇ ਮਿਹਣਿਆਂ ਦਾ ਡੰਗਿਆ ਹੋਇਆ ਰਾਜਾ ਉਦਿਤ ਸਿੰਘ ਬੁੰਦੇਲਾ ਬਾਦਸ਼ਾਹੀ ਫੌਜਾਂ ਤੋਂ ਨਿਖੜ ਕੇ ਖਾਨਿ-ਖ਼ਾਨਾਂ ਮੁਨਇਮ ਖ਼ਾਨ ਦੀ ਫੌਜ ਦੀ ਸਹਾਇਤਾ ਕਰਨ ਲਈ ਉਸ ਪਹਾੜੀ ਵਲ ਨੂੰ ਘੋੜਾ ਭਜਾ ਕੇ ਗਿਆ। ਉਸ ਦੇ ਤਾਜ਼ਾ ਦਮ ਬੰਦੂਕਚੀਆਂ ਨੇ ਥੱਕੇ ਹੋਏ ਸਿੱਖਾਂ ਉੱਤੇ ਅੱਗ ਵਰ੍ਹਾਉਣੀ ਆਰੰਭ ਦਿੱਤੀ ਪਰ ਸਿੱਖ ਅੱਗੋਂ ਬੜੀ ਬਹਾਦੁਰੀ ਨਾਲ ਟਾਕਰਾ ਅਤੇ ਬਚਾਓ ਕਰਦੇ ਰਹੇ। ਭਾਵੇਂ ਰਾਤ ਪੈ ਗਈ, ਪਰ ਹੋ ਰਹੀ ਲੜਾਈ ਦੀਆਂ ਆਵਾਜ਼ਾਂ ਅੱਧੀ ਰਾਤ ਤਕ ਹਵਾ ਨਾਲ ਬਾਦਸ਼ਾਹੀ ਡੇਰੇ ਤਕ ਪੁੱਜਦੀਆਂ ਰਹੀਆਂ।

ਖ਼ਾਫ਼ੀ ਖ਼ਾਨ ਕਹਿੰਦਾ ਹੈ ਕਿ ਸਿੱਖ ਆਪਣੇ ਆਗੂ ਦਾ ਹੁਕਮ 'ਸਤ' ਕਰਕੇ ਪਰਵਾਨ ਕਰਦੇ ਸਨ। ਉਹ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਕਿਲੇ ਵਿਚੋਂ ਨਿਕਲਦੇ ਅਤੇ ਜੈਕਾਰੇ ਗਜਾਉਂਦੇ ਹੋਏ ਭਾਣਾ ਮੰਨ ਕੇ ਬੜੀ ਦਲੇਰੀ ਨਾਲ ਬਾਦਸ਼ਾਹੀ ਤੋਪਖਾਨੇ ਅਤੇ ਤੀਰਾਂ, ਤਲਵਾਰਾਂ ਅਤੇ ਭਾਲਿਆਂ ਉੱਤੇ ਇਸ ਤਰ੍ਹਾਂ ਟੁੱਟ ਪੈਂਦੇ ਜਿਵੇਂ ਪਤੰਗੇ ਜੋਤ ਉੱਤੇ ਆਉਂਦੇ ਹਨ। ਉਹ ਬਾਦਸ਼ਾਹੀ ਮੋਰਚਿਆਂ ਉੱਤੇ ਸਫ਼ਾਂ-ਤੋੜ ਹੱਲੇ ਕਰਦੇ ਅਤੇ ਮੁਸਲਮਾਨਾਂ ਦੀ ਵੱਡੀ ਗਿਣਤੀ ਨੂੰ ਸਦੀਵੀ ਸ਼ਹਾਦਤ ਪ੍ਰਦਾਨ ਕਰਦੇ। ਹਿੰਦੂ ਖ਼ੱਤਰੀਆਂ ਅਤੇ ਜੱਟਾਂ ਵਿਚੋਂ ਉਨ੍ਹਾਂ ਨੂੰ ਹੀ ਛੱਡਦੇ ਜਿਹੜੇ ਕਿ ਉਨ੍ਹਾਂ ਦੀ ਰਹਿਤ ਧਾਰਨ ਕਰਕੇ ਉਨ੍ਹਾਂ ਨਾਲ ਰਲ ਜਾਂਦੇ, ਬਾਕੀ ਸਾਰਿਆਂ ਨੂੰ ਮੁਸਲਮਾਨਾਂ ਦੀ ਤਰ੍ਹਾਂ ਹੀ ਸਮਝਦੇ ਜਿਹੜੇ ਕਿ ਉਨ੍ਹਾਂ ਵਲੋਂ ਦਇਆ ਦੇ ਹੱਕਦਾਰ ਨਹੀਂ ਸਨ। ਜੇ ਕਿਸੇ ਦੋ ਤਿੰਨ ਹਜ਼ਾਰ ਦੀ ਫੌਜ ਵਿਚ ਦੋ ਤਿੰਨ ਸੌ ਵਫ਼ਾਦਾਰ ਪੱਕੇ ਨਮਕ-ਹਲਾਲ ਸਵਾਰ ਹੋਣ ਤਾਂ ਉਹ ਫੌਜ ਲਈ ਮਾਣ ਅਤੇ ਜਿੱਤ ਦਾ ਸੋਮਾ ਹੁੰਦੇ ਹਨ। ਭਾਵੇਂ ਬਹੁਤ ਸਿੱਖ ਪਿਆਦੇ ਹੀ ਸਨ, ਉਨ੍ਹਾਂ ਵਿਚ ਸ਼ਾਇਦ ਹੀ ਕੋਈ ਸਵਾਰ ਜਾਂ ਪਿਆਦਾ ਹੋਵੇ ਜਿਹੜਾ ਕਿ ਦਿਲ ਅਤੇ ਆਤਮਾ ਨਾਲ ਆਪਣੇ ਆਗੂ ਲਈ ਆਪਣੇ ਆਪ ਨੂੰ ਬੱਕਰੇ ਵਾਂਗੂ ਕੁਰਬਾਨ ਹੋਣ ਲਈ ਪੇਸ਼ ਨਾ ਕਰਦਾ ਹੋਵੇ ਜਾਂ ਜਿਸ ਨੇ ਚਾਓ ਨਾਲ ਆਪਣੀ ਜਾਨ

ਨਾ ਦਿੱਤੀ ਹੋਵੇ ।

ਦਿਨ ਛਿਪੇ ਦੀ ਨਮਾਜ਼ ਵੇਲੇ ਇਸ ਪੱਕੇ ਖ਼ਿਆਲ ਨਾਲ ਕਿ ਸਿੱਖ ਆਗੂ (ਬੰਦਾ ਸਿੰਘ) ਉਨ੍ਹਾਂ ਦੇ ਕਾਬੂ ਵਿਚ ਹੈ. ਮੁਨਾਇਮ ਖ਼ਾਨ ਨੇ ਫ਼ੌਜ ਨੂੰ ਹੱਲਾ ਬੰਦ ਕਰਨ ਦਾ ਹੁਕਮ ਦੇ ਦਿੱਤਾ ਅਤੇ ਕਿਹਾ ਕਿ ਉਹ ਸਵੇਰ ਤਕ, ਜਦ ਕਿ ਇਹ ਕਾਰਜ ਸਫ਼ਲਤਾ ਨਾਲ ਮੁਕਾ ਲਿਆ ਜਾਏਗਾ, ਆਪਣੀ ਆਪਣੀ ਥਾਂ ਉੱਤੇ ਹਥਿਆਰਾਂ ਸਮੇਤ ਟਿਕ ਜਾਣ । ਉਸ ਨੇ ਰੁਸਤਮ-ਦਿਲ ਖ਼ਾਨ ਅਤੇ ਉਸ ਦੀ ਫੌਜ ਨੂੰ ਪਹਾੜੀ ਅਤੇ ਲੋਹਗੜ੍ਹ ਦੇ ਕਿਲੇ ਨੂੰ ਸਾਰੇ ਪਾਸਿਆਂ ਤੋਂ ਘੇਰੀ ਰੱਖਣ ਲਈ ਛੱਡ ਦਿੱਤਾ ਅਤੇ ਆਪ ਬਾਦਸ਼ਾਹ ਨੂੰ ਸਾਰਾ ਵਾਕਿਆ ਦੱਸਣ ਲਈ ਬਾਦਸ਼ਾਹੀ ਡੇਰੇ ਨੂੰ ਮੁੜ ਆਇਆ । ਬਾਦਸ਼ਾਹ ਨੂੰ ਇਹ ਪੱਕਾ ਯਕੀਨ ਦਿਵਾਉਣ ਪਰ ਕਿ ਬੰਦਾ ਸਿੰਘ ਘੇਰਿਆ ਪਿਆ ਹੈ ਅਤੇ ਸਵੇਰੇ ਉਸ ਨੂੰ ਕੈਦ ਕਰਕੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕਰ ਦਿੱਤਾ ਜਾਏਗਾ । ਹੁਕਮ-ਅਦੂਲੀ ਦੇ ਕਾਰਣ ਬਾਦਸ਼ਾਹ ਦਾ ਵਜ਼ੀਰ ਦੇ ਵਿਰੁੱਧ ਗੁੱਸਾ ਠੰਢਾ ਹੋ ਗਿਆ ਹੋਣਾ ਹੈ । ਮੁਆਸਿਰੁ-ਲ-ਉਮਰਾ ਦਾ ਲਿਖਾਰੀ ਕਹਿੰਦਾ ਹੈ ਕਿ ਕਿਹਾ ਜਾਂਦਾ ਹੈ ਕਿ ਮੁਨਇਮ ਖ਼ਾਨ ਨਾਲ ਵੈਰ ਦੇ ਕਾਰਣ ਜ਼ੁਲਫ਼ਿਕਾਰ ਖ਼ਾਨ ਦੇ ਹਰਕਾਰਿਆਂ ਨੇ ਉਸ ਦੇ ਕਹੇ ਇਹ ਝੂਠੀ ਖ਼ਬਰ ਉਡਾ ਦਿੱਤੀ ਸੀ ਕਿ ਸਿੱਖਾਂ ਦਾ ਆਗੂ (ਬੰਦਾ ਸਿੰਘ) ਉਨ੍ਹਾਂ ਦੇ ਕਾਬੂ ਵਿਚ ਹੈ । ਮੁਨਇਮ ਖ਼ਾਨ ਦੇ ਹਰਕਾਰਿਆਂ ਨੇ ਇਸ ਖ਼ਬਰ ਉੱਤੇ ਯਕੀਨ ਕਰਕੇ ਇਹ ਉਸ ਨੂੰ ਪਹੁੰਚਾ ਦਿੱਤੀ ਅਤੇ ਇਸ ਦੇ ਆਧਾਰ ਉੱਤੇ ਮੁਨਇਮ ਖ਼ਾਨ ਨੇ ਬਾਦਸ਼ਾਹ ਨੂੰ ਭਰੋਸਾ ਦਿਵਾ ਦਿੱਤਾ ਸੀ ।

ਲੋਹਗੜ੍ਹ ਦੇ ਕਿਲੇ ਵਿਚਲੇ ਸਿੱਖਾਂ ਪਾਸ ਖਾਣੇ ਦਾਣੇ ਦਾ ਕੋਈ ਜ਼ਖ਼ੀਰਾ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਡਰ ਪੈ ਰਿਹਾ ਸੀ ਕਿ ਘੇਰਾ ਪੈ ਜਾਣ ਨਾਲ ਉਨ੍ਹਾਂ ਨੂੰ ਬੜੀ ਮੁਸ਼ਕਲ ਬਣ ਜਾਏਗੀ । ਕਿਲੇ ਦੀ ਟੀਸੀ ਤੋਂ ਉਨ੍ਹਾਂ ਨੇ ਹੱਥਾਂ ਅਤੇ ਅੱਖਾਂ ਦੇ ਇਸ਼ਾਰਿਆਂ ਨਾਲ ਸ਼ਾਹੀ ਡੇਰੇ ਦੇ ਬਾਣੀਆਂ ਨਾਲ ਸੌਦਾ ਕੀਤਾ ਅਤੇ ਦੋ ਤਿੰਨ ਰੁਪਏ ਸੇਰ ਦਾਣੇ ਜਿਤਨੇ ਭੀ ਮਿਲ ਸਕੇ ਖ਼ਰੀਦ ਲਏ । ਉਹ ਉਪਰੋਂ ਚਾਦਰਾਂ ਸੁੱਟ ਦਿੰਦੇ ਅਤੇ ਫੇਰ ਰੱਸਿਆਂ ਨਾਲ ਮਾਲ ਖਿੱਚ ਲੈਂਦੇ । ਇਕ ਇਕ ਦੋ ਦੋ ਮੁੱਠਾ ਉਨ੍ਹਾਂ ਨੇ ਘੇਰੇ ਵਿਚ ਪਏ ਆਦਮੀਆਂ ਨੂੰ ਵੰਡ ਦਿੱਤੀਆਂ । ਸਿੱਖਾਂ ਲਈ ਆਖ਼ੀਰੀ ਆਸ ਇਸ ਤਜਵੀਜ਼ ਵਿਚ ਰਹਿ ਗਈ ਸੀ ਕਿ ਰਾਤ ਦੇ ਅੰਧੇਰੇ ਵਿਚ ਉਹ ਵੈਰੀਆਂ ਦੀਆਂ ਸਫ਼ਾਂ ਚੀਰ ਕੇ ਨਿਕਲ ਜਾਣ । ਇਸ ਨੂੰ ਸਿਰੇ ਚਾੜ੍ਹਨ ਦੇ ਯਤਨਾਂ ਵਿਚ ਔਖਿਆਈਆਂ ਤੋਂ ਉਹ ਘਬਰਾਏ ਨਹੀਂ । ਇਕ ਭਾਈ ਗੁਲਾਬ ਸਿੰਘ ਨੇ, ਜੋ ਨਵਾਂ ਹੀ ਸਿੰਘ ਸਜਿਆ ਸੀ ਅਤੇ ਫੌਜ ਦਾ ਬਖ਼ਸ਼ੀ ਸੀ, ਧਰਮ ਦੇ ਨਾਂਉਂ ਉੱਤੇ ਆਪਣੀ ਜਾਨ ਕੁਰਬਾਨ ਕਰ ਦੇਣ ਦੇ ਵਿਚਾਰ ਨਾਲ ਬੰਦਾ ਸਿੰਘ ਵਰਗੀ ਪੁਸ਼ਾਕ ਸਜਾ ਲਈ ਅਤੇ ਉਸ ਦੀ ਥਾਂ ਤੇ ਬੈਠ ਗਿਆ । ਅੱਧੀ ਰਾਤ ਅਤੇ ਤੜਕੇ ਦੇ ਵਿਚਕਾਰ ਸਿੱਖਾਂ ਦੀ ਕੋਟ-ਖਾਈ ਤੋਂ ਇਕ ਬੜਾ ਭਾਰੀ ਧਮਾਕਾ ਸੁਣਾਈ ਦਿੱਤਾ । ਇਹ ਇਤਨਾ ਜ਼ਿਆਦਾ ਸੀ ਕਿ ਇਸ ਨਾਲ ਬਾਦਸ਼ਾਹੀ ਡੇਰੇ ਦੀ ਜ਼ਮੀਨ ਭੀ ਕੰਬ ਗਈ । ਇਹ ਉਸ ਤੋਪ ਦਾ ਧਮਾਕਾ ਸੀ ਜੋ ਇਮਲੀ ਦੇ ਪੇੜ ਦੀ ਗੇਲੀ ਦੀ ਸਿੰਘਾਂ ਨੇ ਬਣਾਈ ਹੋਈ ਸੀ ਤੇ ਕਿਲ੍ਹੇ 'ਚੋਂ ਨਿਕਲਣ ਤੋਂ ਪਹਿਲਾਂ ਜਿਸ ਵਿਚ ਜ਼ਿਆਦਾ ਬਰੂਦ ਭਰ ਕੇ ਉਨ੍ਹਾਂ ਨੇ ਉਡਾ ਦਿੱਤਾ ਸੀ । ਇਸ ਤੋਂ ਬਾਅਦ ਬੰਦਾ ਸਿੰਘ ਅਤੇ ਉਸ ਦੇ ਕੁਝ ਸਾਥੀ ਤਲਵਾਰਾਂ ਲੈ ਕੇ ਕਿਲੇ ਵਿਚੋਂ ਨਿਕਲੇ ਅਤੇ

ਘੇਰਾ ਪਾਉਣ ਵਾਲਿਆਂ ਦੀਆਂ ਪੰਗਤਾਂ ਚੀਰਦੇ ਹੋਏ ਨਾਹਨ ਦੇ 'ਬਰਫੀ ਰਾਜਾ' ਦੀਆਂ ਪਹਾੜੀਆਂ ਵਲ ਨੂੰ ਚੁੰਗੀਆਂ ਮਾਰ ਗਏ।

ਪਹਿਲੀ ਦਸੰਬਰ 1710 (20 ਸ਼ੱਵਾਲ) ਜੁਮੇ ਨੂੰ ਸਵੇਰੇ ਪਹੁ-ਫੁਟਾਲੇ ਤੋਂ ਪਹਿਲਾਂ ਹੀ ਜਮਦਾਤੁਲ-ਮੁਲਕ ਮੁਨਇਮ ਖ਼ਾਨ ਨੇ ਧਾਵਾ ਬੋਲ ਦਿੱਤਾ ਅਤੇ ਥੋੜੇ ਜਿਹੇ ਤਰੱਦਦ ਨਾਲ ਹੀ ਲੋਹਗੜ੍ਹ ਅਤੇ ਸਤਾਰਾਗੜ੍ਹ ਉੱਤੇ ਕਬਜ਼ਾ ਕਰ ਲਿਆ। ਉਹ ਇਸ ਵੇਲੇ ਬੜੀ ਖ਼ੁਸ਼ੀ ਵਿਚ ਸੀ। ਉਸ ਨੂੰ ਯਕੀਨ ਸੀ ਕਿ ਉਹ ਛੇਤੀ ਹੀ ਸਿੰਘਾਂ ਦੇ ਸਰਦਾਰ ਬੰਦਾ ਸਿੰਘ ਨੂੰ ਮੋਇਆ ਜਾਂ ਜਿਊਂਦਾ ਬਾਦਸ਼ਾਹ ਦੇ ਪੇਸ਼ ਕਰੇਗਾ। ਪਰ ਕੌਣ ਅੰਦਾਜ਼ਾ ਲਾ ਸਕਦਾ ਹੈ ਉਸ ਦੀ ਨਿਰਾਸ਼ਤਾ, ਘਬਰਾਹਟ ਅਤੇ ਦੁੱਖ ਦਾ ਜਦ ਮੁਨਇਮ ਖ਼ਾਨ ਨੂੰ ਪਤਾ ਲੱਗਾ ਕਿ ਬਾਜ਼ ਤਾਂ ਉਡਾਰੀ ਲਾ ਗਿਆ ਹੈ ਅਤੇ ਪਿਛੇ ਇਸ ਗੱਲ ਦਾ ਨਾਉਂ ਨਿਸ਼ਾਨ ਭੀ ਨਹੀਂ ਕਿ ਉਹ ਕਿੱਧਰ ਨੂੰ ਚਲਾ ਗਿਆ ਹੈ? ਇਰਾਦਤ ਖ਼ਾਨ ਦੱਸਦਾ ਹੈ ਕਿ ਕੁਝ ਚਿਰ ਲਈ ਮੁਨਇਮ ਖ਼ਾਨ ਦੀ ਮੱਤ ਹੀ ਮਾਰੀ ਗਈ ਅਤੇ ਬਾਦਸ਼ਾਹ ਦੇ ਗੁੱਸੇ ਦੇ ਭੈ ਵਿਚ ਡੁਬ ਗਿਆ। ਸਰਬਰਾਹ ਖਾਨ ਕੋਤਵਾਲ ਨੇ ਭਾਈ ਗੁਲਾਬ ਸਿੰਘ ਨੂੰ (ਜਿਸ ਨੇ ਬੰਦਾ ਸਿੰਘ ਦਾ ਰੂਪ ਬਣਾਇਆ ਹੋਇਆ ਸੀ) ਅਤੇ ਦਸ ਬਾਰਾਂ ਹੋਰ ਜ਼ਖ਼ਮੀ ਅਤੇ ਮਰ ਰਹੇ ਸਿੰਘਾਂ ਨੂੰ ਫੜ ਲਿਆ ਸੀ। ਇਨ੍ਹਾਂ ਕੈਦੀਆਂ ਨੂੰ ਨਾਲ ਲੈ ਕੇ ਜਮਦਾਤੁਲ-ਮੁਲਕ ਖਾਨਿ-ਖ਼ਾਨਾਂ ਮੁਨਇਮ ਖ਼ਾਨ ਨਿੰਮੋਝੂਣਾ ਹੋਇਆ ਹੋਇਆ ਬਾਦਸ਼ਾਹੀ ਡੇਰੇ ਵਲ ਨੂੰ ਮੁੜਿਆ। ਇਸ ਵੇਲੇ ਤਕ ਬਾਦਸ਼ਾਹ ਨੂੰ ਅਸਲੀਅਤ ਦਾ ਪਤਾ ਲੱਗ ਚੁੱਕਾ ਸੀ ਅਤੇ ਉਹ ਗੁੱਸੇ ਨਾਲ ਲੋਹਾ ਲਾਖਾ ਹੋਇਆ ਸੀ। ਖ਼ਾਸ ਜਿੱਤ ਤੋਂ ਬਾਅਦ ਬਾਜਾ ਬਜਾਉਣ ਦੇ ਰਿਵਾਜ਼ ਅਨੁਸਾਰ ਚੂੰਕਿ ਢੋਲ ਵੱਜਦਾ ਆ ਰਿਹਾ ਸੀ, ਬਾਦਸ਼ਾਹ ਨੇ ਹੁਕਮ ਦੇ ਭੇਜਿਆ ਕਿ ਬਾਜਾ ਬੰਦ ਕਰ ਦਿੱਤਾ ਜਾਏ। ਜਦ ਬਾਦਸ਼ਾਹ ਦੇ ਹਜ਼ੂਰ ਅਰਜ਼ ਹੋਈ ਕਿ ਮੁਹਾਬਤ ਖ਼ਾਨ ਅਤੇ ਹਮੀਦੁ-ਦੀਨ ਖ਼ਾਨ ਆਏ ਹਨ, ਤਾਂ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਆਪਣੇ ਆਪਣੇ ਡੇਰਿਆਂ ਨੂੰ ਚਲੇ ਜਾਣ। ਇਸ ਤੋਂ ਬਾਅਦ ਵਜ਼ੀਰ ਮੁਨਇਮ ਖ਼ਾਨ (ਜਮਦਾਤੁਲ-ਮੁਲਕ ਖ਼ਾਨਿ-ਖ਼ਾਨਾ) ਹਾਜ਼ਰ ਹੋਇਆ ਅਤੇ ਜੰਗ ਦਾ ਹਾਲ ਦੱਸਿਆ ਅਤੇ ਹੱਥ ਆਏ ਮਾਲ ਦਾ ਵੇਰਵੇ ਸਹਿਤ ਜ਼ਿਕਰ ਕੀਤਾ। ਬਾਦਸ਼ਾਹ ਇਸ ਵੇਲੇ ਘੁੱਟਿਆ ਬੈਠਾ ਸੀ, ਬਹੁਤ ਖ਼ੁਸ਼ ਨਾ ਹੋਇਆ, ਸਗੋਂ ਗੁੱਸੇ ਨਾਲ ਕਹਿਣ ਲੱਗਾ ਕਿ "ਇਤਨੇ ਕੁੱਤਿਆਂ ਦੇ ਘੇਰੇ ਵਿਚੋਂ ਗਿੱਦੜ ਬਚ ਕੇ ਨਿਕਲ ਗਿਆ।" ਮਿਰੱਤਿ-ਵਾਰਿਦਾਤ ਦੇ ਲਿਖਾਰੀ ਅਨੁਸਾਰ ਬਾਦਸ਼ਾਹ ਨੇ ਕਿਹਾ "ਮੈਂ ਨਹੀਂ ਜਾਣਦਾ ਕਿ ਉਹ ਕੁੱਤਾ ਕਿੱਥੇ ਨੂੰ ਦੌੜ ਗਿਆ ਹੈ, ਨਦੀ ਵਿਚ ਡੁਬ ਮੋਇਆ ਹੈ ਜਾਂ ਪਹਾੜ ਦੀ ਕਿਸੇ ਗੁਫ਼ਾ ਵਿਚ ਲੁਕਿਆ ਹੋਇਆ ਹੈ? ਵਜ਼ੀਰ (ਮੁਨਇਮ ਖ਼ਾਨ) ਨੇ ਉਸ ਨੂੰ ਹਜ਼ੂਰ ਪੇਸ਼ ਕਰਨ ਦੀ ਜ਼ੁਮੇਵਾਰੀ ਲਈ ਸੀ, ਉਸ ਨੂੰ ਚਾਹੀਦਾ ਹੈ ਕਿ ਉਹ ਹੁਣ ਉਸ ਨੂੰ ਪੇਸ਼ ਕਰੇ। ਇਸ ਤਰ੍ਹਾਂ ਘੜੀ ਕੁ ਪਿਛੋਂ ਮੁਨਇਮ ਖ਼ਾਨ ਸਿਰ ਨੀਵਾਂ ਪਾਈ ਆਪਣੇ ਡੇਰੇ ਨੂੰ ਚਲਾ ਗਿਆ। ਸਰਕਾਰੀ ਮੁਤਸੱਦੀਆਂ ਨੂੰ ਹੁਕਮ ਦਿੱਤਾ ਗਿਆ ਕਿ ਸਿੱਖਾਂ ਦਾ ਹੱਥ ਆਇਆ ਮਾਲ ਜ਼ਬਤ ਕਰ ਲੈਣ, ਅਤੇ ਕਚਹਿਰੀ ਅਤੇ ਸਵਾਰੀ ਮੌਕੂਫ਼ ਕਰ ਦਿੱਤੀਆਂ।

ਮੁਨਇਮ ਖ਼ਾਨ ਨੂੰ ਆਪਣੇ ਡੇਰੇ ਚਲੇ ਜਾਣ ਪਰ ਜਦ ਇਹ ਖ਼ਬਰਾਂ ਪੁੱਜਣ

ਲੱਗੀਆਂ ਕਿ ਉਸ ਦੇ ਵੈਰੀ ਉਸ ਦੀ ਨਿਰਾਦਰੀ ਉੱਤੇ ਬੜੀਆਂ ਖ਼ੁਸ਼ੀਆਂ ਮਨਾ ਰਹੇ ਹਨ ਅਤੇ ਬਾਦਸ਼ਾਹ ਦੀ ਹਜ਼ੂਰੀ ਵਿਚ, ਜੋ ਗੁੱਸੇ ਨਾਲ ਭਰਿਆ ਹੋਇਆ ਸੀ, ਉਸ ਦੀ ਨਿੰਦਿਆ ਕਰ ਰਹੇ ਹਨ ਤਾਂ ਉਹ ਬੜਾ ਹੀ ਦੁਖੀ ਹੋਇਆ। ਪਰ ਵਿਚਾਰਾ ਕਰ ਕੀ ਸਕਦਾ ਸੀ ?

ਇਸੇ ਦਿਨ ਸਵੇਰੇ ਰੁਸਤਮ-ਦਿਲ ਖ਼ਾਨ ਨੇ ਸਿੱਖ ਕੈਦੀ ਅਤੇ ਹੱਥ ਆਇਆ ਮਾਲ (ਪੰਜ ਹਾਥੀ, ਤਿੰਨ ਤੋਪਾਂ, ਸਤਾਰਾਂ ਰਹਿਕਲੇ, ਇਕ ਸਾਇਬਾਣ ਅਤੇ ਕੁਝ ਚਾਂਦੀ ਦੀਆਂ ਚੋਬਾਂ) ਪੇਸ਼ ਕੀਤੇ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਇਕ ਜੋੜੀ ਹਾਥੀਆਂ ਦੀ (ਇਕ ਨਰ ਅਤੇ ਇਕ ਮਦੀਨ) ਇਨਾਮ ਦਿੱਤੀ। ਸਿੱਖ ਕੈਦੀਆਂ ਨੂੰ ਕਤਲ ਕਰਨ ਲਈ ਸਰਬਰਾਹ ਖ਼ਾਨ ਕੋਤਵਾਲ ਦੇ ਹਵਾਲੇ ਕੀਤਾ ਗਿਆ। ਦੋ ਤਿੰਨ ਦਸੰਬਰ ਨੂੰ ਲੜਾਈ ਵਿਚ ਬਹਾਦੁਰੀ ਕਰਨ ਵਾਲਿਆਂ ਨੂੰ ਇਨਾਮ ਬਖ਼ਸ਼ੇ ਗਏ। ਦੋ ਕੁ ਦਿਨਾਂ ਵਿਚ ਬਾਦਸ਼ਾਹ ਦਾ ਗੁੱਸਾ ਠੰਢਾ ਹੋ ਗਿਆ ਅਤੇ 3 ਦਸੰਬਰ (22 ਸ਼ੱਵਾਲ) ਨੂੰ ਖਾਨਿ-ਖ਼ਾਨਾਂ ਮੁਨਇਮ ਖ਼ਾਨ ਨੂੰ ਬੁਲਾਇਆ ਅਤੇ ਭਰੇ ਦਰਬਾਰ ਵਿਚ ਖ਼ਿਲਤਾਂ ਬਖ਼ਸ਼ੀਆਂ। ਇਸੇ ਤਰ੍ਹਾਂ ਬਖ਼ਸ਼ੀ-ਉਲ-ਮੁਲਕ ਅਮੀਰ-ਉਲ-ਉਮਰਾ, ਮੁਹਾਬਤ ਖ਼ਾਨ ਬਹਾਦੁਰ, ਹਮੀਦੁ-ਦੀਨ ਖ਼ਾਨ ਬਹਾਦੁਰ ਅਤੇ ਇਸਲਾਮ ਖ਼ਾਨ ਬਹਾਦੁਰ ਨੂੰ ਖਿਲਤਾਂ ਦਿੱਤੀਆਂ। ਹਿੰਦੂ ਰਾਜਿਆਂ ਅਤੇ ਸਰਦਾਰਾਂ ਵਿਚੋਂ ਜਿਨ੍ਹਾਂ ਨੇ ਸਿੱਖਾਂ ਦੇ ਵਿਰੁੱਧ ਮੁਹਿੰਮ ਵਿਚ ਮੁਗ਼ਲ ਬਾਦਸ਼ਾਹ ਸਲਾਮਤ ਦੀ ਬੜੀ ਉਘੀ ਸੇਵਾ ਕੀਤੀ ਸੀ, ਰਾਜਾ ਉਦਿਤ ਸਿੰਘ ਬੁੰਦੇਲੇ ਨੂੰ ਖ਼ਾਸ ਖ਼ਿੱਲਤ ਦਿੱਤੀ, ਰਾਜਾ ਚਤਰਸਾਲ ਬੁੰਦੇਲੇ ਨੂੰ ਕਲਗੀ ਬਖ਼ਸ਼ੀ ਗਈ ਅਤੇ ਚੂੜਾਮਣਿ ਜਾਟ ਨੂੰ ਇਕ ਹਾਥੀ ਦਿੱਤਾ। 3 ਤਾਰੀਖ਼ ਨੂੰ ਹੀ 'ਖਾਨਿ-ਖ਼ਾਨ ਜਮਦਾਤੁਲ-ਮੁਲਕ ਦੀ ਮੋਹਰ ਨਾਲ ਬਾਦਸ਼ਾਹੀ ਹੁਕਮ ਕਮਾਊਂ ਦੇ ਰਾਜਾ ਗਿਆਨ ਚੰਦ, ਸਿਰੀ ਨਗਰ ਦੇ ਰਾਜਾ ਫਤਿਹ ਚੰਦ (ਸਿੰਘ) ਅਤੇ ਨਾਹਨ ਦੇ ਰਾਜੇ (ਭੂਪ) ਦੇ ਨਾਉਂ ਭੇਜੇ ਗਏ ਕਿ ਬੰਦਾ ਸਿੰਘ ਡਾਬਰ (ਲੋਹਗੜ੍ਹ) ਤੋਂ ਭੱਜ ਗਿਆ ਹੈ, ਜੇ ਤੁਹਾਡੀਆਂ ਸਰਹੱਦਾਂ ਤੇ ਪੁਜੇ ਤਾਂ ਫੜ ਕੇ ਹਜ਼ਰ ਭੇਜ ਦਿਓ। ਹਮੀਦ-ਖ਼ਾਨ ਨੂੰ ਬੰਦਾ ਸਿੰਘ ਦੀ ਭਾਲ ਵਿਚ ਇਹ ਹੁਕਮ ਦੇ ਕੇ ਭੇਜਿਆ ਗਿਆ ਕਿ 'ਜੇ ਸਿੱਖ ਸਰਦਾਰ ਫੜਿਆ ਜਾਏ ਤਾਂ ਉਸ ਨੂੰ ਜੀਉਂਦੇ ਨੂੰ ਕੈਦੀ ਬਣਾ ਕੇ ਲਿਆਉਣ, ਪਰ ਜੇ ਉਹ ਹੱਥ ਨਾ ਆਵੇ ਤਾਂ ਉਹ ਬਰਫੀ ਰਾਜਾ (ਨਾਹਣੀਏ) ਨੂੰ ਲਿਆ ਕੇ ਹਜ਼ੂਰ ਪੇਸ਼ ਕਰਨ।' ਚੂੰਕਿ ਬੰਦਾ ਸਿੰਘ ਅਤੇ ਉਸ ਦੇ ਸਿੱਖ ਸਾਥੀ ਨਾਹਨ ਦੇ ਇਲਾਕੇ ਵਿਚ ਅਤੇ ਇਸ ਦੇ ਵਿਚ ਦੀ ਹੁੰਦੇ ਹੋਏ ਬਚ ਕੇ ਨਿਕਲ ਗਏ ਸਨ, ਇਸ ਲਈ ਨਾਹਨ ਦੇ ਰਾਜੇ ਦਾ ਕਸੂਰ ਬਹੁਤ ਭਾਰੀ ਸਮਝਿਆ ਗਿਆ। ਮੰਦੇ ਭਾਗਾਂ ਨੂੰ ਬਰਫੀ ਰਾਜੇ ਦੀ ਰਾਜਧਾਨੀ (ਨਾਹਨ) ਥੋੜੇ ਹੀ ਮੀਲਾਂ ਦੇ ਫ਼ਾਸਲੇ ਉੱਤੇ ਸੀ ਅਤੇ ਬਾਦਸ਼ਾਹੀ ਸਰਦਾਰਾਂ ਨੂੰ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਦੀ ਕੋਈ ਸੂਹ ਨਾ ਮਿਲੀ, ਇਸ ਲਈ ਸਾਰਾ ਗੱਚ ਉਨ੍ਹਾਂ ਨੇ ਰਾਜਾ ਭੂਪ ਪ੍ਰਕਾਸ਼ (ਰਾਜਾ ਹਰੀ ਪ੍ਰਕਾਸ਼ ਦੇ ਪੁੱਤਰ) ਉੱਤੇ ਕੱਢਿਆ ਅਤੇ ਉਸ ਨੂੰ ਫੜ ਕੇ ਪੂਰੀ ਪਿੰਡ ਦੇ ਲਾਗੇ ਬਾਦਸ਼ਾਹੀ ਡੇਰੇ ਵਿਚ 14 ਦਸੰਬਰ (4 ਜ਼ੀ-ਕਦਾ) ਨੂੰ ਲੈ ਅਏ।

ਰਾਜਾ ਭੂਪ ਪ੍ਰਕਾਸ਼ ਨੂੰ ਤਾਂ ਕੈਦ ਕਰ ਲਿਆ ਅਤੇ ਤੀਹ ਦੇ ਲਗਭਗ ਪਹਾੜੀਏ, ਜੋ ਭੂਪ ਪ੍ਰਕਾਸ਼ ਦੀ ਮਾਂ ਨੇ ਉਸ ਨੂੰ ਛੁਡਾਉਣ ਲਈ ਬੇਨਤੀ ਕਰਨ ਵਾਸਤੇ ਭੇਜੇ ਸਨ,

ਪਿਛੋਂ 13 ਮਾਰਚ ਸੰਨ 1711 (4 ਸਫ਼ਰ, 1123 ਹਿਜਰੀ, ਸਨ 5 ਬਹਾਦੁਰ ਸ਼ਾਹੀ) ਨੂੰ ਕਤਲ ਕਰਵਾ ਦਿੱਤੇ। ਇਸੇ ਦਿਨ ਖ਼ੁਦ ਰਾਜਾ ਨਾਲ ਜੋ ਸਲੂਕ ਹੋਣ ਦਾ ਹੁਕਮ ਹੋਇਆ ਉਹ ਤਰਸ ਯੋਗ ਸੀ। ਖਾਫੀ ਖ਼ਾਨ ਦੱਸਦਾ ਹੈ ਕਿ ਬਰਫੀ ਰਾਜਾ (ਭੂਪ ਪ੍ਰਕਾਸ਼) ਅਤੇ ਉਸ ਸਿੱਖ ਨੂੰ ਜਿਸ ਨੇ ਗੁਰੂ (ਬੰਦਾ ਸਿੰਘ) ਅਤੇ ਆਪਣੇ ਧਰਮ ਹਿਤ ਬੜੇ ਸਿਦਕ ਨਾਲ ਕੁਰਬਾਨੀ ਕੀਤੀ ਸੀ ਇਕ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਭੇਜ ਦਿੱਤਾ।

ਰਾਜਾ ਫ਼ਤਿਹ ਸਿੰਘ ਸਿਰੀ-ਨਗਰੀਆ (ਗੜ੍ਹਵਾਲੀਆ) ਚੂੰਕਿ ਬੜੇ ਅਪਹੁੰਚ ਪਹਾੜਾਂ ਵਿਚ ਰਹਿੰਦਾ ਸੀ ਜਿਥੇ ਕਿ ਬਾਦਸ਼ਾਹੀ ਬੰਦਿਆਂ ਦਾ ਪੁੱਜ ਸਕਣਾ ਔਖਾ ਸੀ, ਇਸ ਲਈ ਉਹ ਫੜਿਆ ਨਾ ਜਾ ਸਕਿਆ। ਉਸ ਨੇ ਇਕ ਹੁਸ਼ਿਆਰੀ ਇਹ ਕੀਤੀ ਕਿ ਬਾਦਸ਼ਾਹ ਦੀ ਸੇਵਾ ਵਿਚ ਤੁਹਫ਼ੇ ਭੇਜ ਕੇ ਈਨ ਮੰਨ ਲਈ। ਇਹ ਤੋਹਫ਼ੇ 27 ਫ਼ਰਵਰੀ ਸਨ 1711 (20 ਮੁਹੱਰਮ 1123 ਹਿਜਰੀ) ਨੂੰ ਬਾਦਸ਼ਾਹ ਪਾਸ ਪਹੁੰਚੇ।

6 ਦਸੰਬਰ (25 ਸ਼ੱਵਾਲ) ਨੂੰ ਸ਼ਾਹੀ ਹੁਕਮ ਜਾਰੀ ਹੋਇਆ ਕਿ ਬਾਦਸ਼ਾਹੀ ਲਸ਼ਕਰ ਦੇ ਹਿੰਦੂ (ਨੌਕਰ ਚਾਕਰ) ਸਿੱਖਾਂ ਦੀ (ਲੋਹਗੜ੍ਹ ਦੀ) ਗਾਰਤ ਵੇਲੇ ਦੇ ਗ਼ੁਲਾਮ ਅਤੇ ਲੌਂਡੀਆਂ ਨਾ ਖਰੀਦਣ ਅਤੇ ਜੋ ਉਨ੍ਹਾਂ ਪਾਸ ਬੰਦੀ ਹਨ ਉਨ੍ਹਾਂ ਨੂੰ ਛੱਡ ਦੇਣ।

ਬਾਦਸ਼ਾਹੀ ਸਫ਼ਰ-ਮੈਨਾ ਦੇ ਆਦਮੀਆਂ ਨੇ ਸਿੰਘਾਂ ਦੇ ਦੱਬੇ ਹੋਏ ਖ਼ਜ਼ਾਨੇ ਦੀ ਭਾਲ ਵਿਚ ਕਿਲ੍ਹਾ ਲੋਹਗੜ੍ਹ ਦੀ ਜ਼ਮੀਨ ਪੁੱਟਣੀ ਸ਼ੁਰੂ ਕੀਤੀ ਹੋਈ ਸੀ। ਬਾਦਸ਼ਾਹ ਦੀ ਸੇਵਾ ਵਿਚ ਇਸੇ ਦਿਨ 6 ਦਸੰਬਰ ਨੂੰ ਅਰਜ਼ ਹੋਈ ਕਿ ਉਥੋਂ ਪੰਜ ਲੱਖ ਰੁਪਈਆ ਅਤੇ ਤਿੰਨ ਹਜ਼ਾਰ ਚਾਰ ਸੌ ਸੋਨੇ ਦੀਆਂ ਅਸ਼ਰਫੀਆਂ ਮਿਲੀਆਂ ਹਨ ਜਿਨ੍ਹਾਂ ਬਾਬਤ ਹੁਕਮ ਹੋਇਆ ਕਿ ਸ਼ਾਹੀ ਖਜ਼ਾਨੇ ਵਿਚ ਜਮਾਂ ਕਰ ਲਈਆਂ ਜਾਣ।

10 ਦਸੰਬਰ (29 ਸ਼ੱਵਾਲ) ਸਨ 1710 ਨੂੰ ਬਾਦਸ਼ਾਹ ਨੇ ਬਖ਼ਸ਼ੀ-ਉਲ-ਮੁਲਕ ਮਹਾਬਤ ਖ਼ਾਨ ਨੂੰ ਕਿਹਾ ਕਿ ਸ਼ਾਹਜਹਾਨਾਬਾਦ ਦੇ ਆਲੇ ਦੁਆਲੇ ਦੇ ਫੌਜਦਾਰਾਂ ਨੂੰ ਸ਼ਾਹੀ ਹੁਕਮ ਲਿਖ ਦੇਵੇ ਕਿ ਨਾਨਕ-ਪੂਜ (ਸਿੱਖ) ਜਿਥੇ ਕਿਧਰੇ ਭੀ ਮਿਲ ਜਾਣ, ਕਤਲ ਕਰ ਦਿੱਤੇ ਜਾਣ।

ਬੰਦਾ ਸਿੰਘ ਨੂੰ ਫੜਨ ਵਾਸਤੇ ਨਾਹਨ ਅਤੇ ਸਿਰੀ-ਨਗਰ ਦੇ ਰਾਜਿਆਂ ਦੇ ਨਾਉਂ ਫ਼ੁਰਮਾਨ ਭੇਜਣ ਅਤੇ ਹਮੀਦ ਖ਼ਾਨ ਨੂੰ ਉਸ ਦੀ ਭਾਲ ਵਿਚ ਤੋਰਨ ਪਿਛੋਂ ਬਾਦਸ਼ਾਹ ਨੇ ਆਪਣਾ ਡੇਰਾ ਲਾਹੌਰ ਨੂੰ ਜਾਣ ਲਈ ਸਢੌਰੇ ਵਲ ਨੂੰ ਤੋਰ ਦਿੱਤਾ। ਪਰ ਬਾਰਸ਼ ਜ਼ਿਆਦਾ ਹੋਣ ਕਰਕੇ ਡੇਰਾ ਬਾਰਾਂ ਦਿਨ ਹਰੀ (ਪੁਰੀ ?) ਹੀ ਰੁਕਿਆ ਰਿਹਾ ਜਿਥੇ ਕਿ 12 ਦਸੰਬਰ ਨੂੰ ਪੁੱਜਾ ਸੀ। 24 ਨੂੰ ਸ਼ਾਹੀ ਡੇਰਾ ਸੋਮ ਨਦੀਉਂ ਉਰਾਰ ਅਤੇ 25 ਨੂੰ ਸਢੌਰੇ ਦੇ ਲਾਗੇ ਲੱਗਾ। 27 ਦਸੰਬਰ (17 ਜ਼ੀਕਦਾ) ਨੂੰ ਖਾਨਿ-ਖ਼ਾਨਾ ਨੇ ਬੇਨਤੀ ਕੀਤੀ ਕਿ ਗੁਰੂ ਗੋਬਿੰਦ ਸਿੰਘ ਦਾ (ਪਾਲਕ) ਪੁੱਤਰ ਅਜੀਤ ਸਿੰਘ ਚਤੁਰਸਾਲ ਬੁੰਦੇਲੇ ਦੇ ਹਵਾਲੇ ਸੀ। ਚਤੁਰਸਾਲ ਨੂੰ ਚੂੰਕਿ ਆਪਣੇ ਵਤਨ ਜਾਣ ਦੀ ਛੁੱਟੀ ਮਿਲ ਗਈ ਹੈ ਇਸ ਲਈ ਅਜੀਤ ਸਿੰਘ ਨੂੰ ਕਿਸੇ ਹੋਰ ਦੇ ਹਵਾਲੇ ਕਰਨਾ ਚਾਹੀਦਾ ਹੈ, ਬਾਦਸ਼ਾਹ ਨੇ ਹੁਕਮ ਦਿੱਤਾ ਕਿ ਕਾਰ-ਤਲਬ ਖ਼ਾਨ ਦੇ ਹਵਾਲੇ ਕਰ ਦਿੱਤਾ ਜਾਏ।

9 ਫਰਵਰੀ ਸਨ 1711 (2 ਮੁਹੱਰਮ ਸਨ 1123 ਹਿਜਰੀ, 5 ਬਹਾਦੁਰ ਸ਼ਾਹੀ) ਨੂੰ ਬਾਦਸ਼ਾਹਜ਼ਾਦਾ ਜਹਾਂਦਾਰ ਸ਼ਾਹ ਸ਼ਿਕਾਰ ਨੂੰ ਗਿਆ। ਜਦ ਪਤਾ ਲੱਗਾ ਕਿ ਇਕ ਲਾਗੇ ਦੇ ਪਿੰਡ ਵਿਚ ਸਿੰਘ ਵਸਦੇ ਹਨ, ਉਸ ਨੇ ਪਿੰਡ ਨੂੰ ਘੇਰਾ ਪਾ ਕੇ ਸਤ ਸਿੰਘ ਫੜ ਲਏ ਜੋ ਡੇਰੇ ਪੁੱਜਣ ਪਰ ਬਾਦਸ਼ਾਹ ਦੇ ਹੁਕਮ ਨਾਲ ਕਤਲ ਕਰ ਦਿੱਤੇ ਗਏ। ਇਸੇ ਤਰ੍ਹਾਂ ਨਾਹਣੀਏ ਰਾਜਾ ਭੂਪ ਪ੍ਰਕਾਸ਼ ਦੀ ਮਾਂ ਨੇ ਜੋ ਚਾਲੀ ਸਿੰਘ ਫੜ ਕੇ ਭੇਜੇ ਸਨ ਉਹ 4 ਮਾਰਚ ਨੂੰ ਕਤਲ ਕੀਤੇ ਗਏ।

ਬਾਦਸ਼ਾਹੀ ਡੇਰਾ 5 ਫ਼ਰਵਰੀ ਨੂੰ ਮਧਲੀ ਪੁੱਜਾ ਸੀ, ਇਥੇ ਹੀ 18 ਫ਼ਰਵਰੀ (11 ਮੁਹੱਰਮ) ਨੂੰ ਖ਼ਾਨਿ-ਖ਼ਾਨਾਂ ਵਜ਼ੀਰ ਮੁਨਇਮ ਖ਼ਾਨ ਚਿਹਰੇ ਦੇ ਉਠਾ ਨਾਲ, ਜਿਸ ਨਾਲ ਉਸ ਦੀਆਂ ਅੱਖਾਂ ਅਤੇ ਕੰਨ ਖ਼ਰਾਬ ਹੋ ਗਏ ਸਨ, ਅਗਲੇ ਜਹਾਨ ਨੂੰ ਚੜ੍ਹਾਈ ਕਰ ਗਿਆ। ਬਾਦਸ਼ਾਹੀ ਅਮੀਰਾਂ ਅਤੇ ਸਰਦਾਰਾਂ ਵਿਚੋਂ ਇਹ ਚੰਗਾ ਆਦਮੀ ਜਾਪਦਾ ਸੀ ਅਤੇ ਸਿੱਖਾਂ ਅਤੇ ਮੁਸਲਮਾਨਾਂ ਵਿਚ ਬਿਗਾੜ ਨਹੀਂ ਸੀ ਪਿਆ ਚਾਹੁੰਦਾ। ਇਸੇ ਦੀ ਇੱਛਾ ਨਾਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਨੂੰ ਗੱਲ ਬਾਤ ਲਈ ਦੱਖਣ ਸੱਦ ਭੇਜਿਆ ਸੀ। ਇਸੇ ਨੇ ਹੀ ਗੁਰੂ ਸਾਹਿਬ ਅਤੇ ਬਹਾਦੁਰ ਸ਼ਾਹ ਦੀ ਆਗਰੇ ਮੁਲਾਕਾਤ ਦਾ ਪ੍ਰਬੰਧ ਕੀਤਾ ਸੀ ਅਤੇ ਇਹ ਨਹੀਂ ਸੀ ਚਾਹੁੰਦਾ ਕਿ ਬਾਦਸ਼ਾਹ ਖ਼ੁਦ ਬੰਦਾ ਸਿੰਘ ਦੇ ਵਿਰੁੱਧ ਮੁਹਿੰਮ ਲੈ ਕੇ ਚੜ੍ਹੇ। ਪਰ ਹੁੰਦਾ ਉਹੀ ਹੈ ਜੋ ਕਰਤਾਰ ਨੂੰ ਭਾਵੇ।

ਰਸਤੇ ਵਿਚ ਬਾਦਸ਼ਾਹ ਨੂੰ ਖ਼ਬਰਾਂ ਪੁੱਜਣੀਆਂ ਸ਼ੁਰੂ ਹੋ ਗਈਆਂ ਕਿ ਲਾਹੌਰ ਅਤੇ ਪਠਾਨਕੋਟ ਕੰਢੀ ਵਲ ਸਿੰਘ ਫੇਰ ਉਠ ਖੜੋਤੇ ਹਨ। 12 ਫ਼ਰਵਰੀ (5 ਮੁਹੱਰਮ) ਨੂੰ ਪਤਾ ਲੱਗਾ ਕਿ ਸ਼ੱਮਸ ਖ਼ਾਨ ਦੀ ਸਿੰਘਾਂ ਨਾਲ ਇਕ ਲੜਾਈ ਹੋਈ ਹੈ। ਇਸੇ ਤਰ੍ਹਾਂ ਮਾਰਚ ਦੇ ਦੂਸਰੇ ਹਫਤੇ 11 ਨੂੰ ਇਕ ਹੋਰ ਲੜਾਈ ਦੀ ਖ਼ਬਰ ਪੁੱਜੀ, ਜਿਸ ਵਿਚ ਲਿਖਿਆ ਹੋਇਆ ਸੀ ਕਿ ਸ਼ੱਮਸ ਖ਼ਾਨ ਅਤੇ ਕੁਤਬ ਅਲੀ ਖ਼ਾਨ ਮਾਰੇ ਗਏ ਹਨ। 20 ਮਾਰਚ (11 ਸਫਰ ਸਨ, ਪ ਬ. ਸ਼) ਨੂੰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਸੁੱਚਾ ਨੰਦ ਨੂੰ ਜੋ ਵਜ਼ੀਰ ਖ਼ਾਨ ਸਰਹੰਦੀ ਦਾ ਦੀਵਾਨ ਸੀ ਅਤੇ ਸਢੌਰੇ ਦੇ ਜ਼ਿਮੀਂਦਾਰ ਜੋਗੇ ਜੱਟ ਨੂੰ ਹਿਦਾਇਤੁੱਲਾ ਖ਼ਾਨ ਨਾਇਬ ਦੀਵਾਨ ਪਾਸ ਭੇਜਿਆ ਜਾਏ ਕਿ ਇਨ੍ਹਾਂ ਪਾਸੋਂ ਪਿਛਲਾ ਹਿਸਾਬ ਮੰਗੇ।

26 ਮਾਰਚ (17 ਸਫ਼ਰ) ਨੂੰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਅੱਗੇ ਨੂੰ ਸਿੱਖਾਂ (ਨਾਨਕ-ਪ੍ਰਸਤਾਂ) ਨੂੰ 'ਦੁਜ਼ਦਾਨਿ-ਸਿੱਖ' ਅਰਥਾਤ 'ਚੋਰ-ਸਿੱਖ' ਲਿਖਿਆ ਜਾਇਆ ਕਰੇ। ਇਹ ਹੁਕਮ ਰੋਜ਼ਨਾਮਚਾ ਅਤੇ ਖ਼ਬਰਾਂ ਲਿਖਣ ਵਾਲਿਆਂ ਨੂੰ ਦਿੱਤਾ ਜਾਪਦਾ ਹੈ।

ਇਸ ਵੇਲੇ ਤਕ ਬਾਦਸ਼ਾਹ ਡੇਰਾ ਸਤਲੁਜੋਂ ਦੱਖਣ ਨੂੰ ਹੀ ਸੀ। 10 ਅਪ੍ਰੈਲ (3 ਰਬੀ-ਉਲ-ਅੱਵਲ) ਨੂੰ ਇਹ ਛੱਤ ਬਨੂੜ ਦੇ ਲਾਗੇ ਸੀ। ਇਥੋਂ ਜ਼ਰਾ ਤੇਜ਼ ਹੋ ਕੇ ਰਵਾਂ ਰਵੀਂ 20 ਅਪ੍ਰੈਲ (13 ਰਬੀ-ਉਲ-ਅੱਵਲ) ਨੂੰ ਰੋਪੜ ਪੁਜ ਗਿਆ। ਇਥੋਂ 7 ਮਈ (30 ਰਬੀ-ਉਲ-ਅੱਵਲ) ਨੂੰ ਸਤਲੁਜੋਂ ਪਾਰ ਹੋ ਕੇ ਦੁਆਬਾ ਬਿਸਤ ਜਲੰਧਰ ਦੇ ਜ਼ਿਲਾ ਹੁਸ਼ਿਆਰਪੁਰ ਵਿਚ ਦਾਖ਼ਲ ਹੋਇਆ। 14 ਮਈ (7 ਰੱਬੀ-ਉ-ਸਾਨੀ) ਨੂੰ ਮਹਿਤ-ਪੁਰੋਂ ਖ਼ਾਨ ਬਹਾਦੁਰ 'ਰੁਸਤਮਿ-ਜੰਗ' ਨੂੰ ਸਿੰਘਾਂ ਦੇ ਵਿਰੁੱਧ ਭੇਜਿਆ ਗਿਆ ਅਤੇ ਇਸੇ

ਦਿਨ ਤਲਵਨ ਦੇ ਜ਼ਿਮੀਂਦਾਰਾਂ ਮੁਗ਼ਲ-ਬੇਗ ਖ਼ਾਨ, ਦੁਰਲਾਬ ਖ਼ਾਨ, ਅਬਦੁੱਸਮਦ ਖ਼ਾਨ, ਇਨਾਇਤ ਖ਼ਾਨ ਆਦਿ ਨੂੰ ਮੁਹੰਮਦ ਅਮੀਨ ਖ਼ਾਨ ਦੇ ਨਾਲ ਬੰਦਾ ਸਿੰਘ ਦੇ ਵਿਰੁੱਧ ਨਿਯਤ ਕਰਨ ਦਾ ਹੁਕਮ ਹੋਇਆ। ਨੁਸ਼ਹਿਰੇ, ਅਕਬਰਪੁਰ, ਧਰਮਪੁਰ ਵਿਚ ਦੀ ਹੁੰਦਾ ਹੋਇਆ ਬਾਦਸ਼ਾਹ 30 ਮਈ ਨੂੰ ਹੁਸ਼ਿਆਰਪੁਰ ਪੁੱਜਾ। ਇਥੇ ਹੀ ਬਖ਼ਸ਼ੀ-ਉਲ-ਮੁਲਕ (ਜ਼ੁਲਫ਼ਿਕਾਰ ਖ਼ਾਨ) ਵਲੋਂ ਅਰਜ਼ ਹੋਈ ਕਿ ਕਮਾਊਂ ਦੇ ਰਾਜਾ ਜਗਤ ਸਿੰਘ ਨੇ ਸਿਰੀ-ਨਗਰੀਏ ਦੀ ਹੱਦ ਵਿਚੋਂ ਪੰਝੀ ਸਿੱਖਾਂ ਦੇ ਸਿਰ ਵੱਢ ਕੇ ਭੇਜੇ ਹਨ। ਬਾਦਸ਼ਾਹ ਨੇ ਕਿਹਾ ਕਿ 'ਕੋਤਵਾਲ ਪਾਸ ਭੇਜ ਦਿਓ, ਚੌਕ ਵਿਚ ਸੁੱਟ ਦੇਵੇ।' 1 ਜੂਨ ਨੂੰ ਇਥੇ (ਗੁਰੂ ਗੋਬਿੰਦ ਸਿੰਘ ਦੇ ਪਾਲਕ-ਪੁੱਤਰ) ਅਜੀਤ ਸਿੰਘ ਨੇ ਹਮੀਦੁ-ਦੀਨ ਰਾਹੀਂ ਬਾਦਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਅਗੇ ਨੂੰ ਉਹ ਸਰਬਰਾਹ ਖ਼ਾਨ ਕੋਤਵਾਲ ਦੇ ਡੇਰੇ ਵਿਚ ਉਤਾਰਾ ਕਰਿਆ ਕਰੇ ਅਤੇ ਕੋਤਵਾਲ ਖ਼ਿਆਲ ਰੱਖੇ ਕਿ ਲਸ਼ਕਰ ਦੇ ਲੋਕ ਉਸ ਨੂੰ ਤੰਗ ਨਾ ਕਰਨ।

13 ਜੂਨ (8 ਜਮਾਦੀ-ਉਲ-ਅੱਵਲ) ਨੂੰ ਬਾਦਸ਼ਾਹ ਨੇ ਰੁਹੇਲੇ ਦੇ ਪੱਤਣ (ਸ੍ਰੀ ਹਰਿਗੋਬਿੰਦ ਪੁਰ) ਤੋਂ ਨਵੇਂ ਬਣੇ ਬੇੜੀਆਂ ਦੇ ਪੁਲ ਉੱਤੋਂ ਦੀ ਬਿਆਸਾ ਨਦੀ ਪਾਰ ਕੀਤੀ। ਅਜੇ ਲਸ਼ਕਰ ਲੰਘ ਹੀ ਰਿਹਾ ਸੀ ਕਿ ਅਤਿ ਦੀ ਬਰਖਾ ਉਤਰ ਪਈ ਅਤੇ ਪੁਲ ਟੁੱਟ ਗਿਆ ਜਿਸ ਨਾਲ ਚੋਖਾ ਨੁਕਸਾਨ ਹੋਇਆ ਅਤੇ ਕਈ ਲੋਕ ਡੁੱਬ ਗਏ। ਇਥੋਂ ਕਾਹਨੂੰਵਾਣ (4-6 ਜੁਲਾਈ), ਚਮਿਆਰੀ (20 ਜੁਲਾਈ) ਅਤੇ ਪੰਜ-ਗਰਾਈਂ (24-29 ਜੁਲਾਈ) ਵਿਚ ਦੀ ਹੁੰਦਾ ਹੋਇਆ ਬਾਦਸ਼ਾਹੀ ਡੇਰਾ 1 ਅਗਸਤ 1711 (27 ਜਮਾਦੀ-ਉ-ਸਾਨੀ 1123 ਹਿ. 5 ਬਹਾਦੁਰ ਸ਼ਾਹੀ) ਨੂੰ ਲਾਹੌਰ ਦੀ ਜੂਹ ਵਿਚ ਜਾ ਪੁੱਜਾ।

# ਪਹਾੜੀ ਇਲਾਕੇ ਦੀ ਸੁਧਾਈ

## ਬਹਿਰਾਮ ਪੁਰ, ਬਟਾਲੇ ਆਦਿ ਦੀਆਂ ਲੜਾਈਆਂ

ਬੰਦਾ ਸਿੰਘ ਅਤੇ ਸਿੱਖਾਂ ਦੇ ਲੋਹਗੜ੍ਹ ਦੇ ਕਿਲੇ ਵਿਚੋਂ ਬਚ ਕੇ ਨਿਕਲ ਜਾਣ ਨੂੰ ਸਿੱਖਾਂ ਦੀ ਹਾਰ ਨਹੀਂ ਕਿਹਾ ਜਾ ਸਕਦਾ। ਇਹ ਠੀਕ ਹੈ ਸਿੱਖਾਂ ਨੂੰ ਲੋਹਗੜ੍ਹ ਅਤੇ ਸਤਾਰਾਗੜ੍ਹ ਕਿਲੇ ਖਾਲੀ ਕਰਨੇ ਪੈ ਗਏ ਅਤੇ ਉਹ ਬਾਦਸ਼ਾਹ ਲਸ਼ਕਰ ਦੇ ਹੱਥ ਵਿਚ ਆ ਗਏ। ਪਰ ਬਾਦਸ਼ਾਹ ਦਾ ਹੁਕਮ ਇਹ ਸੀ ਕਿ ਸਿੱਖ ਸਰਦਾਰ ਬੰਦਾ ਸਿੰਘ ਨੂੰ ਜੀਉਂਦਾ ਫੜ ਕੇ ਹਾਜ਼ਰ ਕੀਤਾ ਜਾਏ। ਇਸੇ ਮਤਲਬ ਲਈ ਬਾਦਸ਼ਾਹ ਨੇ ਇਕ ਲੋਹੇ ਦਾ ਪਿੰਜਰਾ ਭੀ ਬਣਵਾ ਕੇ ਨਾਲ ਲਿਆਂਦਾ ਹੋਇਆ ਸੀ। ਵਜ਼ੀਰ ਮੁਨਇਮ ਖ਼ਾਨ ਖ਼ਾਨਿ-ਖ਼ਾਨਾਂ ਨੇ ਬਾਦਸ਼ਾਹ ਨੂੰ ਭਰੋਸਾ ਹੀ ਨਹੀਂ ਸੀ ਦਿਵਾਇਆ ਬਲਕਿ ਪੂਰੀ ਪੂਰੀ ਜ਼ਿਮੇਵਾਰੀ ਲਈ ਸੀ ਕਿ ਉਹ ਸਿੱਖ ਆਗੂ ਨੂੰ ਫੜ ਕੇ ਹਾਜ਼ਰ ਕਰੇਗਾ। ਬਾਦਸ਼ਾਹ ਨੇ ਸਭ ਤੋਂ ਵੱਡੇ ਅਮੀਰ ਅਤੇ ਸਰਦਾਰ ਇਸ ਮੁਹਿੰਮ ਉੱਤੇ ਚਾੜ੍ਹੇ ਸਨ ਅਤੇ ਹਰ ਪ੍ਰਕਾਰ ਦੀ ਸਹਾਇਤਾ ਉਨ੍ਹਾਂ ਨੂੰ ਪਹੁੰਚਾਈ ਗਈ। ਜੰਗੀ ਸਾਮਾਨ ਦਾ ਭੀ ਕੋਈ ਘਾਟਾ ਨਹੀਂ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਖ਼ੁਦ ਬਾਦਸ਼ਾਹ ਭੀ ਮੁਹਿੰਮ ਉੱਤੇ ਮੌਜੂਦ ਸੀ। ਪਰ ਇਸ ਸਭ ਕੁਝ ਦੇ ਹੁੰਦੇ ਭੀ ਬੰਦਾ ਸਿੰਘ ਅਤੇ ਉਸ ਦੇ ਉਘੇ ਸਾਥੀ ਤਲਵਾਰਾਂ ਹੱਥ ਵਿਚ ਲੈ ਕੇ ਸੱਠ ਹਜ਼ਾਰ ਬਾਦਸ਼ਾਹੀ ਲਸ਼ਕਰੀਆਂ ਦੀਆਂ ਸਫ਼ਾਂ ਚੀਰਦੇ ਹੋਏ ਬਚ ਕੇ ਨਿਕਲ ਗਏ। ਬਾਦਸ਼ਾਹ, ਸ਼ਾਹਜ਼ਾਦੇ, ਵਜ਼ੀਰ, ਬਖ਼ਸ਼ੀ-ਉਲ-ਮੁਲਕ, ਹਿੰਦੂ ਰਾਜਪੂਤ ਬੁੰਦੇਲੇ ਰਾਜੇ ਅਤੇ ਜੱਟ ਹੱਥ ਮਲਦੇ ਰਹਿ ਗਏ ਅਤੇ ਕਿਸੇ ਦੀ ਕੋਈ ਪੇਸ਼ ਨਾ ਗਈ। ਮੁਹਿੰਮ ਦੇ ਆਸ਼ੇ ਵਿਚ ਅਸਫਲ ਰਿਹਾ ਵੱਡਾ ਬਾਦਸ਼ਾਹੀ ਵਜ਼ੀਰ ਨਿੰਮੋ-ਝੂਣ ਹੋਇਆ ਧੌਣ ਨੀਵੀਂ ਪਾਈ ਰਣਭੂਮੀ ਵਿਚੋਂ ਵਾਪਸ ਆਇਆ ਬਾਦਸ਼ਾਹ ਨੇ ਬਾਜੇ ਬੱਜਣੇ ਬੰਦ ਕਰਵਾ ਦਿੱਤੇ ਅਤੇ ਬਖ਼ਸ਼ੀ-ਉਲ-ਮੁਲਕ ਮਹਾਬਤ ਖ਼ਾਨ ਦੇ ਮੱਥੇ ਲੱਗਣੋਂ ਨਾਂਹ ਕਰਕੇ ਉਨ੍ਹਾਂ ਨੂੰ ਆਪਣੇ ਆਪਣੇ ਡੇਰੇ ਤੋਰ ਦਿੱਤਾ। ਬਾਦਸ਼ਾਹ ਦੇ ਗੁੱਸੇ ਹੋਣ ਅਤੇ ਨਿਰਾਦਰੀ ਭਰੇ ਸ਼ਬਦ ਕਹਿਣ ਕਰਕੇ ਵੱਡਾ ਵਜ਼ੀਰ ਅਫ਼ਸੋਸ ਨਾਲ ਬਾਦਸ਼ਾਹੀ ਦਰਬਾਰ ਵਿਚੋਂ ਉਠ ਗਿਆ। ਇਹ ਸਭ ਕੁਝ ਇਸ ਗੱਲ ਦਾ ਲਖਾਇਕ ਹੈ ਕਿ ਬਾਦਸ਼ਾਹੀ ਲਸ਼ਕਰ ਅਸਲ ਵਿਚ ਆਪਣੀ ਮੁਹਿੰਮ ਵਿਚ ਅਸਫ਼ਲ ਰਿਹਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬੰਦਾ ਸਿੰਘ ਨੂੰ ਕਿਲੇ ਖ਼ਾਲੀ ਕਰਨੇ ਪੈ ਗਏ ਸਨ ਪਰ ਉਸ ਨੂੰ ਪਤਾ ਸੀ ਕਿ ਘੱਟ ਗਿਣਤੀ ਅਤੇ ਜੰਗੀ ਸਾਮਾਨ ਦੇ ਘਾਟੇ ਕਰਕੇ ਉਹ ਕਿਲੇ ਵਿਚ ਟਿਕੇ ਰਹਿ ਕੇ ਸ਼ਾਹੀ ਲਸ਼ਕਰ ਨੂੰ ਭਜਾ ਨਹੀਂ ਸਕਦੇ ਅਤੇ ਨਾ ਹੀ ਇਥੇ ਬੈਠੇ ਰਹਿ ਕੇ

ਹੋਰ ਇਲਾਕਿਆਂ ਵਿਚ ਮੱਲਾਂ ਮਾਰ ਕੇ ਬਾਦਸ਼ਾਹੀ ਤਾਕਤ ਨੂੰ ਕਮਜ਼ੋਰ ਕਰਨ ਵਿਚ ਸਫ਼ਲ ਹੋ ਸਕਦੇ ਸਨ। ਇਸ ਆਪਣੇ ਅਰੰਭੇ ਹੋਏ ਕੰਮ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਦਾ ਇਥੋਂ ਬਚ ਨਿਕਲਣਾ ਜ਼ਰੂਰੀ ਸੀ ਅਤੇ ਇਸ ਵਿਚ ਉਹ ਸਫ਼ਲ ਹੋ ਗਏ।

ਸਿੰਘਾਂ ਨੇ ਪਾਣੀਪਤ ਤੋਂ ਲੈ ਕੇ ਲਾਹੌਰ ਦੇ ਨਜ਼ਦੀਕ ਤਕ ਅਜੋਕੇ ਪੰਜਾਬ ਦੇ ਅੱਠ ਜ਼ਿਲ੍ਹੇ ਅੰਮ੍ਰਿਤਸਰ, ਗੁਰਦਾਸਪੁਰ, ਜਾਲੰਧਰ, ਹੁਸ਼ਿਆਰਪੁਰ, ਲੁਧਿਆਣਾ, ਪਟਿਆਲਾ, ਅੰਬਾਲਾ ਅਤੇ ਕਰਨਾਲ ਅਤੇ ਇਨ੍ਹਾਂ ਦੇ ਨਾਲ ਦਾ ਇਲਾਕਾ ਜਿੱਤ ਲਿਆ। ਸ਼ਾਇਦ ਹੀ ਕਿਧਰੇ ਕਿਧਰੇ ਵਿਚਕਾਰ ਕੋਈ ਛੋਟੇ ਛੋਟੇ ਟੁਕੜੇ ਰਹਿੰਦੇ ਹੋਣਗੇ। ਪਰ ਇਸ ਇਲਾਕੇ ਵਿਚ ਪੱਕੀ ਤਰ੍ਹਾਂ ਸਿੰਘਾਂ ਦੀ ਅਮਲਦਾਰੀ ਹਾਲ ਤਕ ਕਾਇਮ ਨਹੀਂ ਸੀ ਹੋਈ। ਇਕ ਤਾਂ ਬੰਦਾ ਸਿੰਘ ਪਾਸ ਬਹੁਤੀ ਬਾਕਾਇਦਾ ਫ਼ੌਜ ਹੈ ਹੀ ਨਹੀਂ ਸੀ, ਮੱਲਾਂ ਮਾਰਨ ਲਈ ਹਰ ਥਾਂ ਸਥਾਨਕ ਜੱਥੇ ਹੀ ਕੰਮ ਕਰਦੇ ਸਨ। ਥੋੜ੍ਹੀ ਬਹੁਤ ਫ਼ੌਜ ਜੋ ਸੀ ਭੀ, ਉਹ ਭੀ ਖਿੰਡੀ ਹੋਈ ਸੀ। ਜੰਗੀ ਸਾਮਾਨ ਭੀ ਬਹੁਤ ਘੱਟ ਸੀ। ਸਮਾਣੇ ਉੱਤੇ ਕਬਜ਼ੇ ਤੋਂ ਲੈ ਕੇ ਲੋਹਗੜ੍ਹ ਖ਼ਾਲੀ ਕਰਨ ਤਕ ਜੋ ਕੁਝ ਭੀ ਬਣਿਆ ਬਣਾਇਆ ਸੀ ਉਹ ਸਾਲ ਕੁ ਭਰ ਵਿਚ ਹੀ ਬਣਿਆ ਸੀ। ਇਨ੍ਹਾਂ ਹਾਲਾਤ ਵਿਚ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਲਈ ਸੱਠ ਹਜ਼ਾਰ ਬਾਦਸ਼ਾਹੀ ਫ਼ੌਜ ਅਤੇ ਅਣਗਿਣਤ ਮੁਲਖੱਈਏ ਦਾ ਬਿਨਾਂ ਖਾਣੇ ਦਾਣੇ ਦੇ ਭਰਪੂਰ ਖਾਤਿਆਂ ਦੇ ਲੰਬਾ ਟਾਕਰਾ ਕਰ ਸਕਣਾ ਅਤਿ ਔਖਾ ਸੀ। ਪਰ ਫੇਰ ਭੀ ਬੰਦਾ ਸਿੰਘ ਅਤੇ ਉਸ ਦੇ ਮੁੱਠੀ ਭਰ ਸਾਥੀ ਸਿੰਘ ਇਤਨੀ ਵੱਡੀ ਮੁਗ਼ਲ ਬਾਦਸ਼ਾਹੀ ਦੀ ਤਾਕਤ ਦੇ ਹੁੰਦੇ ਹੋਏ ਮੁਗ਼ਲ ਬਾਦਸ਼ਾਹ ਅਤੇ ਉਸ ਦੇ ਵੱਡੇ ਮੁਗ਼ਲ ਸਰਦਾਰਾਂ ਨੂੰ ਧੱਤਾ ਵਿਖਾ ਕੇ ਉਨ੍ਹਾਂ ਦੇ ਜਤਨਾਂ ਨੂੰ ਨਿਸਫਲ ਕਰਨ ਵਿਚ ਸਫ਼ਲ ਹੋ ਗਏ।

ਬੰਦਾ ਸਿੰਘ ਆਪਣੇ ਕਿਲੇ ਅਤੇ ਖਜ਼ਾਨੇ ਦੇ ਖੁੱਸ ਜਾਣ ਨਾਲ ਨਿਰਾਸ ਹੋ ਕੇ ਦਿਲ ਨਹੀਂ ਸੀ ਢਾ ਬੈਠਾ। ਉਸ ਨੂੰ ਪਤਾ ਸੀ ਕਿ ਉਸ ਦੀ ਤਾਕਤ ਅਤੇ ਸਫ਼ਲਤਾ ਦੇ ਇਹੋ ਹੀ ਵੱਡੇ ਸਾਧਨ ਨਹੀਂ ਸਨ। ਇਹ ਤਾਂ ਉਸ ਦੀਆਂ ਮੱਲਾਂ ਮਾਰਾਂ ਅਤੇ ਜਿੱਤਾਂ ਦੀ ਸਫ਼ਲਤਾ ਕਰਕੇ ਆਪਣੇ ਆਪ ਉਸ ਦੇ ਹੱਥ ਆਏ ਸਨ। ਉਸ ਦੀ ਤਾਕਤ ਖਾਲਸੇ ਦੇ ਅਜਿੱਤ ਸਾਹਸ ਵਿਚ ਸੀ ਜਿਸ ਉੱਤੇ ਉਸ ਨੂੰ ਪੂਰਾ ਭਰੋਸਾ ਸੀ। ਲੋਹਗੜ੍ਹ ਦੇ ਕਿਲੇ ਵਿਚੋਂ ਨਿਕਲਣ ਦੇ ਬਾਰ੍ਹਵੇਂ ਦਿਨ ਹੀ ਬੰਦਾ ਸਿੰਘ ਨੇ ਖਾਲਸੇ ਦੇ ਨਾਉਂ ਗਸ਼ਤੀ ਚਿੱਠੀਆਂ, ਜਿਨ੍ਹਾਂ ਨੂੰ ਖਾਲਸੇ ਹੁਕਮ-ਨਾਮੇ ਕਹਿੰਦੇ ਸਨ, ਜਾਰੀ ਕਰ ਦਿੱਤੀਆਂ, ਜਿਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਹੁਕਮ ਦੇਖਦਿਆਂ ਹੀ ਖਾਲਸਾ ਉਸ ਪਾਸ ਪਹੁੰਚ ਜਾਏ। 12 ਪੋਹ ਸੰਮਤ 1 (12 ਦਸੰਬਰ ਸੰਨ 1710) ਦਾ ਲਿਖਿਆ ਜੌਨਪੁਰ ਦੇ ਖਾਲਸੇ ਦੇ ਨਾਉਂ ਜੋ ਹੁਕਮਨਾਮਾ ਪ੍ਰਾਪਤ ਹੋਇਆ ਹੈ ਉਹ ਇਸ ਤਰ੍ਹਾਂ ਹੈ :

ਮੋਹਰ ਦੇਗੋ ਤੇਗ਼ੋ ਫ਼ਤਿਹ ਨੁਸਰਿਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ-ਗੁਰੂ ਗੋਬਿੰਦ ਸਿੰਘ

ੴ ਫਤੇ ਦਰਸ਼ਨੁ

ਸਿਰੀ ਸੱਚੇ ਸਾਹਿਬ ਜੀ ਕਾ ਹੁਕਮ ਹੈ ਸਰਬਤ ਖਾਲਸਾ ਜਉਨ ਪੁਰ ਕਾ

ਗੁਰੂ ਰੱਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਰੈਗਾ ਤੁਸੀ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ ਪੰਜ ਹਥੀਆਰ ਬਨਿ ਕੈ ਹੁਕਮੁ ਦੇਖਦਿਆਂ ਦਰਸਨਿ ਆਵਣਾ ਖਾਲਸੇ ਦੀ ਰਹਤ ਰਹਣਾ ਭੰਗ ਤਮਾਕੂ ਹਫੀਮ ਪੋਸਤੁ ਦਾਰੂ ਅਮਲੁ ਕੋਈ ਨਹੀਂ ਖਾਣਾ ਮਾਸੁ ਮਛਲੀ ਪਿਆਜੁ ਨਾਹੀ ਖਾਣਾ ਚੋਰੀ ਜਾਰੀ ਨਾਹੀ ਕਰਣੀ ਅਸਾਂ ਸਤ ਜੁਗੁ ਵਰਤਾਇਆ ਹੈ ਆਪ ਵਿਚਿ ਪਿਆਰ ਕਰਣਾ ਮੇਰਾ ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ ਮਿਤੀ ਪੋਹ ੧੨ ਸੰਮਤ ਪਹਿਲਾ ੧ ਸਤਰਾ ਦਸ ੧੦

ਲੋਹਗੜ੍ਹ ਵਿਚ ਹੋਏ ਨੁਕਸਾਨ ਨਾਲ ਖ਼ਾਲਸਾ ਭੀ ਨਿਰਾਸ਼ ਨਹੀਂ ਸੀ ਹੋਇਆ। ਹੁਕਮਨਾਮੇ ਪੁੱਜਣ ਦੀ ਦੇਰ ਸੀ ਕਿ ਜਿਨ੍ਹਾਂ ਜਿਨ੍ਹਾਂ ਨੂੰ ਪਤਾ ਲੱਗਾ ਸਿੰਘ ਸਾਰੇ ਪਾਸਿਆਂ ਤੋਂ ਕੀਰਤਪੁਰ ਆ ਇਕੱਠੇ ਹੋਏ। ਬੰਦਾ ਸਿੰਘ ਦਾ ਭੀ ਹੌਸਲਾ ਵੱਧ ਗਿਆ ਅਤੇ ਛੇਤੀ ਹੀ ਉਸ ਨੂੰ ਖ਼ਿਆਲ ਹੋ ਗਿਆ ਕਿ ਉਹ ਸ਼ਿਵਾਲਕ ਪਹਾੜ ਦੇ ਦੋਖੀ ਰਾਜਿਆਂ ਦੇ ਵਿਰੁੱਧ ਚੜ੍ਹਾਈ ਕਰ ਸਕਣ ਜੋਗਾ ਤਕੜਾ ਹੋ ਗਿਆ ਹੈ।

ਭੀਮ ਚੰਦ ਕਹਿਲੂਰੀਏ ਉੱਤੇ ਬੰਦਾ ਸਿੰਘ ਦੀ ਸਭ ਤੋਂ ਪਹਿਲਾਂ ਨਜ਼ਰ ਪੈਣ ਦਾ ਵੱਡਾ ਕਾਰਣ ਇਹ ਸੀ ਕਿ ਇਹ ਸ਼ੁਰੂ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੈਰ ਕਮਾਉਂਦਾ ਰਿਹਾ ਸੀ। ਇਹ ਪਹਾੜੀ ਰਾਜਿਆਂ ਨੂੰ ਇਕੱਠਾ ਕਰਕੇ ਸਿੱਖਾਂ ਵਿਰੁੱਧ ਮੁਹਿੰਮਾਂ ਚੜ੍ਹਾ ਲਿਆਉਂਦਾ ਸੀ। ਜਦ ਪਹਾੜੀਆਂ ਨੂੰ ਕੋਈ ਸਫ਼ਲਤਾ ਨਾ ਹੋਈ ਤਾਂ ਇਸ ਨੇ ਸਰਹੰਦ ਅਤੇ ਲਾਹੌਰ ਦੇ ਮੁਗ਼ਲ ਹਾਕਮਾਂ ਨਾਲ ਜਾ ਗੰਢੀ। ਪਰ ਬੰਦਾ ਸਿੰਘ ਕਿਸੇ ਬੇਧਿਆਨੇ ਉੱਤੇ ਅਕਾਰਣ ਹੀ ਹੱਲਾ ਨਹੀਂ ਸੀ ਕਰਿਆ ਕਰਦਾ। ਆਪਣੇ ਦਸਤੂਰ ਅਨੁਸਾਰ ਬੰਦਾ ਸਿੰਘ ਨੇ ਪਰਵਾਨਾ ਦੇ ਕੇ ਇਸ ਪਾਸ ਆਦਮੀ ਭੇਜੇ ਕਿ ਈਨ ਮੰਨ ਲਵੇ। ਭੀਮ ਚੰਦ ਦਾ ਅਪਰਾਧੀ ਦਿਲ ਅੱਗੇ ਹੀ ਧੜਕ ਰਿਹਾ ਸੀ। ਸਰਹੰਦ ਉੱਤੇ ਸਿੰਘਾਂ ਦੀ ਫ਼ਤਿਹ ਤੋਂ ਉਸ ਨੂੰ ਡਰ ਪੈ ਰਿਹਾ ਸੀ ਕਿ ਹੁਣ ਉਹ ਉਨ੍ਹਾਂ ਦੇ ਹੱਲੇ ਤੋਂ ਬਚ ਨਹੀਂ ਸਕਦਾ। ਇਸ ਲਈ ਉਸ ਨੇ ਜਲੰਧਰ ਦੁਆਬ ਦੇ ਉੱਘੇ ਉੱਘੇ ਮੁਸਲਮਾਨ ਜ਼ਿਮੀਂਦਾਰਾਂ ਅਤੇ ਗੁਆਂਢੀ ਪਹਾੜੀ ਰਾਜਿਆਂ ਨੂੰ ਆਪਣੀ ਸਹਾਇਤਾ ਲਈ ਜਮਾਂ ਕਰ ਲਿਆ। ਉਨ੍ਹਾਂ ਬਿਲਾਸਪੁਰ ਦੀ ਕਿਲਾਬੰਦੀ ਮਜ਼ਬੂਤ ਕਰ ਲਈ ਅਤੇ ਸਿੰਘਾਂ ਦੇ ਹੱਲੇ ਦੀ ਉਡੀਕ ਕਰਨ ਲਗ ਪਏ। ਇਸ ਲਈ ਬੰਦਾ ਸਿੰਘ ਦੇ ਪਰਵਾਨੇ ਵਲ ਕੋਈ ਧਿਆਨ ਨਾ ਦਿੱਤਾ। ਪਰ ਜਦ ਸਿੰਘ ਆ ਪੁੱਜੇ ਤਾਂ ਸਾਰੇ ਜਤਨਾਂ ਦੇ ਹੁੰਦੇ ਹੋਏ ਭੀ ਕੋਈ ਉਨ੍ਹਾਂ ਦੇ ਸਾਹਮਣੇ ਅੜ ਨਾ ਸਕਿਆ। ਇਸ ਟਾਕਰੇ ਵਿਚ ਤੇਰਾਂ ਸੌ ਰਾਜਪੂਤ ਮੀਂਏ ਮਾਰੇ ਗਏ ਅਤੇ ਮੁਸ਼ਕਲ ਨਾਲ ਹੀ ਕੋਈ ਸਿਰਕੱਢ ਬਚ ਕੇ ਜਾ ਸਕਿਆ। ਮੁਰਦਿਆਂ ਨੂੰ ਸੌ ਸੌ ਕਰਕੇ ਤੇਰਾਂ ਡੂੰਘੀਆਂ ਖਾਈਆਂ ਵਿਚ ਦੱਬਿਆ ਗਿਆ। ਸ਼ਹਿਰ ਬਿਲਾਸਪੁਰ ਤੋਂ ਸਿੰਘਾਂ ਨੂੰ ਚੋਖਾ ਮਾਲ ਹੱਥ ਆਇਆ।

ਕਹਿਲੂਰੀਏ ਰਾਜਾ ਅਤੇ ਉਸ ਦੇ ਸਹਾਇਕਾਂ ਦੀ ਹਾਰ ਨੇ ਬਹੁਤ ਸਾਰੇ ਦੂਸਰੇ ਪਹਾੜੀ ਰਾਜਪੂਤ ਰਾਜਿਆਂ ਨੂੰ ਘਬਰਾਹਟ ਪਾ ਦਿੱਤੀ। ਉਹ ਸਿੰਘਾਂ ਦੇ ਹੱਲੇ ਦਾ ਖ਼ਿਆਲ ਕਰ ਕੇ ਹੀ ਕੰਬਣ ਲਗ ਪਏ। ਉਨ੍ਹਾਂ ਵਾਸਤੇ ਸੌਖਾ ਅਤੇ ਬਚਾਉ ਦਾ ਰਾਹ ਇਹ ਸੀ ਕਿ

ਉਹ ਚੁੱਪ ਕਰ ਕੇ ਬੰਦਾ ਸਿੰਘ ਦੀ ਈਨ ਮੰਨ ਲੈਣ। ਇਸ ਲਈ ਬਹੁਤ ਸਾਰੇ ਖ਼ਾਲਸੇ ਦੇ ਡੇਰੇ ਆ ਹਾਜ਼ਰ ਹੋਏ ਅਤੇ ਨਜ਼ਰਾਂ ਅਤੇ ਕਰ ਭੇਂਟ ਕਰ ਕੇ ਬੰਦਾ ਸਿੰਘ ਦੇ ਤਾਬੇਦਾਰ ਬਣ ਗਏ।

ਹਾਜ਼ਰ ਹੋਣ ਵਾਲਿਆਂ ਪਹਿਲੀਆਂ ਵਿਚ ਮੰਡੀ ਦਾ ਰਾਜਾ ਸਿੱਧ ਸੈਨ ਸੀ। ਉਸ ਨੇ ਬੇਨਤੀ ਕੀਤੀ ਕਿ ਅਸੀਂ ਤਾਂ ਅੱਗੇ ਹੀ ਗੁਰੂ ਨਾਨਕ ਦੇ ਘਰ ਦੇ ਟਹਿਲੂਏ ਹਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੰਡੀ ਵਿਚ ਚਰਨ ਪਾ ਕੇ ਨਿਵਾਜਿਆ ਸੀ ਅਤੇ ਰਾਜ ਘਰਾਣੇ ਨੂੰ ਅਸੀਸ ਦਿੱਤੀ ਸੀ। ਬੰਦਾ ਸਿੰਘ ਰਾਜਾ ਸਿੱਧ ਸੈਨ ਦੀ ਅਧੀਨਗੀ ਦੇਖ ਕੇ ਬੜਾ ਪ੍ਰਸੰਨ ਹੋਇਆ ਅਤੇ ਹੋਰ ਅਸੀਸ ਦਿੱਤੀ। ਇਹ ਭੀ ਕਹਿੰਦੇ ਹਨ ਕਿ ਬੰਦਾ ਸਿੰਘ ਨੇ ਸਿੱਧ ਸੈਨ ਨੂੰ ਰਿੱਧੀਆਂ ਦੀ ਇਕ ਪੋਥੀ ਭੀ ਦਿੱਤੀ ਅਤੇ ਕਿਹਾ ਕਿ ਇਹ ਵੇਲੇ ਕੁਵੇਲੇ ਤੁਹਾਡੀ ਸਹਾਇਤਾ ਕਰੇਗੀ।

ਭੰਗੂ ਰਤਨ ਸਿੰਘ ਸ਼ਹੀਦ ਨੇ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਉਪਰੋਕਤ ਪੋਥੀ ਦੀ ਅਸਚਰਜ ਲੀਲਾ ਦੀ ਇਕ ਕਥਾ ਦਿੱਤੀ ਹੈ। ਉਹ ਲਿਖਦਾ ਹੈ ਕਿ ਇਸ ਪੋਥੀ ਦੇ ਇਕ ਪੱਤਰੇ ਦੀ ਨਕਲ ਬੰਦਾ ਸਿੰਘ ਦੀ ਘਰ-ਵਾਲੀ ਨੇ ਇਕ ਅਰੋੜਾ ਇਸਤਰੀ ਨੂੰ ਦਿੱਤੀ ਸੀ। ਇਸ ਨੇ ਛੋਟੀ ਉਮਰ ਵਿਚ ਜੇਜੋਂ ਦੇ ਲਾਗੇ ਉਨ੍ਹਾਂ ਦੀ ਸੇਵਾ ਕੀਤੀ ਸੀ। ਉਹ ਬੰਦਈ ਮਾਈ ਕਰਕੇ ਪ੍ਰਸਿੱਧ ਸੀ ਅਤੇ ਦੂਰ ਨੇੜੇ ਦੇ ਲੋਕਾਂ ਵਿਚ ਇਹ ਗੱਲ ਮਸ਼ਹੂਰ ਸੀ ਕਿ ਉਸ ਦੇ ਬਚਨ ਵਿਚ ਸਿੱਧੀ ਹੈ ਅਤੇ ਜੋ ਉਹ ਕਹਿ ਦੇਵੇ ਪੂਰਾ ਹੋ ਜਾਂਦਾ ਹੈ। ਲਿਖਿਆ ਹੈ ਕਿ ਜਸਵਾਨ ਦੂਨ ਦੇ ਰਾਜਾ ਜਘੜ ਸਿੰਘ ਦੇ ਘਰ ਦੋ ਰਾਣੀਆਂ ਸਨ, ਪਰ ਕਿਸੇ ਦੇ ਭੀ ਕੋਈ ਨਰੀਨਾ ਉਲਾਦ ਨਹੀਂ ਸੀ। ਰਾਣੀਆਂ ਕਈ ਥਾਈਂ ਸਿੱਧਾਂ ਅਤੇ ਸੰਤਾਂ ਦੀ ਸੇਵਾ ਵਿਚ ਅਸੀਸ ਲਈ ਹਾਜ਼ਰ ਹੋਈਆਂ ਅਤੇ ਕਰਤਾਰ ਪੁਰੀਏ ਸੋਢੀ ਵਡਭਾਗ ਸਿੰਘ ਦੀ ਭੀ ਹਾਜ਼ਰੀ ਭਰੀ, ਪਰ ਕਿਧਰੋਂ ਵੀ ਉਨ੍ਹਾਂ ਦੀ ਆਸ ਪੂਰੀ ਨਾ ਹੋਈ। ਅੰਤ ਉਨ੍ਹਾਂ ਨੂੰ ਊਨੇ ਦੇ ਬੇਦੀ ਸਾਹਿਬ ਸਿੰਘ ਪਾਸੋਂ, ਜਿਨ੍ਹਾਂ ਨੇ ਇਸ ਬੰਦਈ ਮਾਈ ਦੇ ਦਰਸ਼ਨ ਕੀਤੇ ਹੋਏ ਸਨ, ਇਸ ਦਾ ਪਤਾ ਲੱਗਾ। ਰਾਣੀਆਂ ਮਾਈ ਦੀ ਸੇਵਾ ਵਿਚ ਪੁੱਜੀਆਂ ਅਤੇ ਭੇਟਾ ਰਖ ਕੇ ਹਥ ਜੋੜੀ ਖੜੀਆਂ ਰਹੀਆਂ। ਅੱਗੋਂ ਸੰਤਨੀ ਮਾਈ ਨੇ ਬਚਨ ਕੀਤਾ "ਹਮ ਲਾਇਕ ਕਿਆ ਕੰਮ ਤੁਮਾਰਾ। ਤੁਸੀ ਬਡੇ ਮਹੰਤ ਗੁਰੂਅਨ ਪਹਿ ਜਾਹੋ। ਹਮ ਗਰੀਬਨ ਤੇ ਤੁਮ ਕਿਆ ਚਾਹੋ। ਉਨਹੀ ਕੀ ਤੁਮ ਸੇਵਾ ਕਰੋ। ਉਨ ਹੀ ਆਗੇ ਤੁਮ ਚੜ੍ਹਤੀ ਧਰੋ।" ਇਹ ਬਚਨ ਸੁਣ ਕੇ ਉਹ ਦੋਨੋਂ ਰਾਣੀਆਂ ਮਾਈ ਦੀ ਚਰਨੀਂ ਢਹਿ ਪਈਆਂ। ਇਹ ਨਿੰਮਰਤਾ ਦੇਖ ਕੇ ਮਾਈ ਨੇ ਉਨ੍ਹਾਂ ਦੇ ਸਿਰ ਉੱਤੇ ਪਿਆਰ ਦਾ ਹੱਥ ਰੱਖਿਆ, ਆਦਰ ਨਾਲ ਬਿਠਾਇਆ, ਅਤੇ ਹੱਸ ਕੇ ਅਸੀਸ ਦੇ ਬਚਨ ਕਹੇ : 'ਦੇਊਗ ਮਾਲਕ ਆਸ ਪੁਜਾਇ।' ਮਿਹਰ ਕਰਤਾਰ ਦੀ, ਬੰਦਈ ਸੰਤਨੀ ਮਾਈ ਦੇ ਬਚਨ ਪੂਰੇ ਹੋ ਗਏ ਅਤੇ ਸਾਲ ਕੁ ਵਿਚ ਹੀ ਉਨ੍ਹਾਂ ਦੋਹਾਂ ਰਾਣੀਆਂ ਦੇ ਘਰ ਪੁੱਤਰ ਹੋ ਗਏ ਜਿਨ੍ਹਾਂ ਦੇ ਨਾਉਂ ਅਭਿਰਾਜ ਸਿੰਘ ਅਤੇ ਰਾਜਰਿਪ ਸਿੰਘ ਰੱਖੇ ਗਏ।

ਮੰਡੀ ਤੋਂ ਬੰਦਾ ਸਿੰਘ ਕੁੱਲੂ ਵਲ ਨੂੰ ਹੋ ਪਿਆ, ਪਰ ਸੁਲਤਾਨਪੁਰ ਪੁੱਜਣ ਤੇ ਉਹ ਰਾਜੇ ਦੇ ਹੱਥ ਪੈ ਗਿਆ। ਇਸ ਵੇਲੇ ਇਥੇ ਮਾਨ ਸਿੰਘ ਰਾਜ ਕਰਦਾ ਸੀ। ਹੋਰ ਪਹਾੜੀ

ਰਾਜਿਆਂ ਦੀ ਤਰ੍ਹਾਂ ਉਸ ਨੂੰ ਭੀ ਸ਼ਾਹੀ ਹੁਕਮ ਪੁੱਜਾ ਹੋਣਾ ਹੈ ਕਿ ਜੇ ਬੰਦਾ ਸਿੰਘ ਉਧਰ ਜਾਵੇ ਤਾਂ ਉਸ ਨੂੰ ਫੜ ਕੇ ਬਾਦਸ਼ਾਹ ਦੇ ਹਜ਼ੂਰ ਭੇਜ ਦਿੱਤਾ ਜਾਏ। ਪਹਾੜੀ ਰਾਜੇ ਇਸ ਵੇਲੇ ਸਿੰਘਾਂ ਨੂੰ ਫੜਕੇ ਜਾਂ ਉਨ੍ਹਾਂ ਦੇ ਸਿਰ ਭੇਜ ਕੇ ਬਹਾਦੁਰ ਸ਼ਾਹ ਬਾਦਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਰਹੇ ਸਨ। ਹੁਣ ਰਾਜਾ ਮਾਨ ਸਿੰਘ ਨੂੰ ਭੀ ਮੁਗ਼ਲ ਰਾਜ ਦੀ ਵਫ਼ਾਦਾਰੀ ਜ਼ਾਹਰ ਕਰਨ ਦਾ ਮੌਕਾ ਹੱਥ ਆ ਗਿਆ। ਕਹਿੰਦੇ ਹਨ ਕਿ ਰਾਜਾ ਮਾਨ ਸਿੰਘ ਨੇ ਬੰਦਾ ਸਿੰਘ ਨੂੰ ਕਿਹਾ ਕਿ ਕੋਈ ਕਰਾਮਾਤ ਵਿਖਾਓ। ਬੰਦਾ ਸਿੰਘ ਨੇ ਆਪਣੀ ਦਾੜ੍ਹੀ ਹੱਥ ਵਿਚ ਲਈ ਅਤੇ ਉਹ ਬਹੁਤ ਲੰਮੀ ਵੱਧ ਗਈ। ਇਹ ਦੇਖ ਕੇ ਰਾਜਾ ਮਾਨ ਸਿੰਘ ਨੇ ਆਪਣੇ ਮੂੰਹ ਵਿਚੋਂ ਅਜਿਹੀ ਲਾਟ ਕੱਢੀ ਜੋ ਬੰਦਾ ਸਿੰਘ ਦੀ ਵਧੀ ਹੋਈ ਦਾੜ੍ਹੀ ਨੂੰ ਜਾ ਲੱਗੀ। ਆਪਣੀ ਵਡਿਆਈ ਦੱਸਣ ਲਈ ਮਾਨ ਸਿੰਘ ਨੇ ਬੰਦਾ ਸਿੰਘ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਕੈਦ ਕਰ ਦਿੱਤਾ। ਇਸ ਦੇ ਉੱਤਰ ਵਿਚ ਬੰਦਾ ਸਿੰਘ ਸਣੇ ਪਿੰਜਰੇ ਉਡ ਕੇ ਮੰਡੀ ਰਾਜ ਵਿਚ ਆ ਪਹੁੰਚਾ ਜਿਥੇ ਰਾਜਾ ਸਿੱਧ ਸੈਨ ਨੇ ਉਸ ਦੀ ਬੜੀ ਆਓ-ਭਗਤ ਕੀਤੀ। ਅਸਲੀਅਤ ਇਉਂ ਜਾਪਦੀ ਹੈ ਕਿ ਕੁਲੂ ਦੀ ਰਾਜਧਾਨੀ ਵਿਚ ਇਕੱਲਾ ਪੁੱਜਾ ਹੋਇਆ ਬੰਦਾ ਸਿੰਘ ਅਚਾਨਕ ਤੇ ਅਭੋਲ ਹੀ ਰਾਜਾ ਮਾਨ ਸਿੰਘ ਦੇ ਹੱਥ ਆ ਗਿਆ ਅਤੇ ਉਸ ਨੇ ਉਸ ਨੂੰ ਇਸ ਖ਼ਿਆਲ ਨਾਲ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਕਿ ਉਸ ਨੂੰ ਬਹਾਦੁਰ ਸ਼ਾਹ ਬਾਦਸ਼ਾਹ ਦੇ ਆਦਮੀਆਂ ਦੇ ਹਵਾਲੇ ਕਰ ਦੇਵੇ ਜੋ ਇਸ ਵੇਲੇ ਬੰਦਾ ਸਿੰਘ ਦੀ ਭਾਲ ਵਿਚ ਸ਼ਿਵਾਲਕ ਪਹਾੜ ਵਿਚ ਫਿਰ ਰਹੇ ਸਨ। ਇਸ ਗੱਲ ਦੀ ਖ਼ਬਰ ਸੁਣ ਕੇ ਮੰਡੀ ਦੇ ਰਾਜਾ ਸਿੱਧ ਸੈਨ ਨੇ ਕੁੱਲੂ ਦੇ ਵਿਰੁੱਧ ਚੜ੍ਹਾਈ ਦੀ ਤਿਆਰੀ ਆਰੰਭ ਦਿੱਤੀ। ਪਰ ਮੁਹਿੰਮ ਦੀ ਚੜ੍ਹਾਈ ਤੋਂ ਪਹਿਲਾਂ ਹੀ ਬੰਦਾ ਸਿੰਘ ਕਿਸੇ ਢੰਗ ਨਾਲ ਮਾਨ ਸਿੰਘ ਦੀ ਕੈਦ ਵਿਚੋਂ ਬਚ ਨਿਕਲਿਆ ਅਤੇ ਮੰਡੀ ਪੁੱਜ ਗਿਆ।

ਪਰ ਬੰਦਾ ਸਿੰਘ ਮੰਡੀ ਰਾਜ ਵਿਚ ਬਹੁਤ ਦੇਰ ਟਿਕਿਆ ਨਹੀਂ ਜਾਪਦਾ। ਕਿਉਂਕਿ ਛੇਤੀ ਹੀ ਪਿਛੋਂ ਉਹ ਚੰਬੇ ਵਲ ਨੂੰ ਚੜ੍ਹ ਪਿਆ। ਇਸ ਵੇਲੇ ਇਥੇ ਰਾਜਾ ਉਦੇ ਸਿੰਘ ਰਾਜ ਕਰਦਾ ਸੀ। ਜਦ ਬੰਦਾ ਸਿੰਘ ਦੇ ਇੱਧਰ ਆਉਣ ਦੀ ਖ਼ਬਰ ਰਾਜੇ ਨੂੰ ਲੱਗੀ ਤਾਂ ਉਸ ਨੇ ਆਪਣਾ ਵਜ਼ੀਰ ਬੰਦਾ ਸਿੰਘ ਦੀ ਇੱਛਾ ਦਾ ਪਤਾ ਕਰਨ ਲਈ ਭੇਜਿਆ। ਵਜ਼ੀਰ ਬੰਦਾ ਸਿੰਘ ਦੀ ਸੇਵਾ ਵਿਚ ਪਹੁੰਚਾ ਅਤੇ ਭੇਟਾ ਰਖ ਕੇ ਨਮਸਕਾਰ ਕੀਤੀ। ਬੰਦਾ ਸਿੰਘ ਨੇ ਕਿਹਾ ਕਿ ਤੁਸੀਂ ਡਰੋ ਨਾ, ਮੇਰੀ ਇੱਛਾ ਕੇਵਲ ਚੰਬਾ ਸ਼ਹਿਰ ਦੇਖਣ ਦੀ ਹੀ ਹੈ, ਹੋਰ ਕੋਈ ਨਹੀਂ। ਮੈਂ ਇਕੱਲਾ ਹੀ ਆਵਾਂਗਾ ਅਤੇ ਸੈਰ ਕਰ ਕੇ ਮੁੜ ਆਵਾਂਗਾ। ਇਹ ਗੱਲ ਵਜ਼ੀਰ ਨੇ ਮੰਨ ਲਈ ਅਤੇ ਉੱਚੀਆਂ ਘਾਟੀਆਂ ਦੇ ਔਖੇ ਰਾਹਾਂ ਵਿਚ ਦੀ ਨਾਲ ਹੀ ਚੰਬੇ ਲੈ ਗਿਆ। ਰਾਜਾ ਉਦੇ ਸਿੰਘ ਨੇ ਬੰਦਾ ਸਿੰਘ ਦੀ ਬੜੀ ਆਉ-ਭਗਤ ਅਤੇ ਸ਼ਰਧਾ ਨਾਲ ਸੇਵਾ ਕੀਤੀ। ਥੋੜ੍ਹੇ ਦਿਨਾਂ ਵਿਚ ਰਾਜੇ ਦੇ ਮਨ ਉੱਤੇ ਐਸਾ ਪਰਭਾਉ ਪਿਆ ਕਿ ਉਹ ਬੰਦਾ ਸਿੰਘ ਦਾ ਸੇਵਕ ਬਣ ਗਿਆ ਅਤੇ ਰਾਜ ਘਰਾਣੇ 'ਚੋਂ ਇਕ ਲੜਕੀ ਨਾਲ ਵਿਆਹ ਕਰਵਾ ਦਿੱਤਾ। ਇਸ ਦੀ ਕੁੱਖ ਤੋਂ ਸੰਨ 1711 ਦੇ ਅੰਤ ਵਿਚ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਉਂ ਅਜੈ ਸਿੰਘ ਧਰਿਆ ਗਿਆ।

ਸੰਨ 1123 ਹਿਜਰੀ ਦੇ ਆਰੰਭ ਵਿਚ ਫ਼ਰਵਰੀ–ਮਾਰਚ ਸੰਨ 1711 ਵਿਚ

ਲੋਹਗੜ੍ਹ ਖ਼ਾਲੀ ਕਰਨ ਤੋਂ ਤਿੰਨ ਕੁ ਮਹੀਨਿਆਂ ਵਿਚ ਹੀ ਬੰਦਾ ਸਿੰਘ ਪਹਾੜਾਂ ਵਿਚ ਰਾਇਪੁਰ ਬਹਿਰਾਮਪੁਰ ਦੇ ਲਾਗੇ ਨਿਕਲ ਆਇਆ ਅਤੇ ਗੁਰਦਾਸਪੁਰ ਵਲ ਨੂੰ ਹੱਥ ਪੈਰ ਪਸਾਰਨੇ ਆਰੰਭ ਕਰ ਦਿੱਤੇ ।

1 ਜਨਵਰੀ ਸੰਨ 1711 (22 ਜ਼ੀ-ਕਦਾ 1122 ਹਿਜਰੀ) ਨੂੰ ਮੁਹੰਮਦ ਅਮੀਨ ਖ਼ਾਨ ਦੇ ਬਾਦਸ਼ਾਹੀ ਡੇਰੇ ਵਿਚ ਆ ਜਾਣ ਤੋਂ ਛੇਤੀ ਹੀ ਬਾਅਦ 13 ਜਨਵਰੀ ਨੂੰ ਬਾਦਸ਼ਾਹ ਨੇ ਸਫ-ਸ਼ਿਕਨ ਖ਼ਾਨ ਬਹਾਦੁਰ ਅਤੇ ਉਸ ਦੇ ਭਾਣਜੇ ਹਿੰਮਤ-ਦਲੇਰ ਖ਼ਾਨ ਨੂੰ ਲਾਹੌਰ ਵਲ ਸਿੰਘਾਂ ਦੇ ਵਿਰੁੱਧ ਜਾਣ ਦੀ ਆਗਿਆ ਦਿੱਤੀ । 19 ਫਰਵਰੀ (12 ਮੁਹੱਰਮ) ਨੂੰ ਹਾਮਦ ਖ਼ਾਨ ਨੂੰ ਜਾਣ ਦਾ ਹੁਕਮ ਹੋਇਆ ਅਤੇ ਪੰਜ ਹਜ਼ਾਰ ਸਵਾਰ ਉਸ ਦੇ ਨਾਲ ਨਿਯਤ ਕਰਨ ਲਈ ਕਿਹਾ ਗਿਆ, ਅਤੇ 25 ਫਰਵਰੀ (18 ਮੁਹੱਰਮ) ਨੂੰ ਇਸ ਨੇ ਚਾਲੇ ਪਾਏ । 6 ਮਾਰਚ (27 ਮੁਹੱਰਮ) ਨੂੰ ਰੁਸਤਮ ਜੰਗ ਵਲੋਂ ਅਰਜ਼ ਪੁੱਜੀ ਕਿ ਸੂਬਾ ਲਾਹੌਰ ਦੇ ਨੇੜੇ ਸਿੰਘ ਇਕੱਠੇ ਹੋ ਰਹੇ ਹਨ, ਜੇ ਹੁਕਮ ਹੋਵੇ ਤਾਂ ਮੈਂ ਉਨ੍ਹਾਂ ਨੂੰ ਸੋਧਣ ਲਈ ਚਲਾ ਜਾਵਾਂ । ਬਾਦਸ਼ਾਹ ਨੇ ਹੁਕਮ ਦਿੱਤਾ ਕਿ ਚੌਦਾਂ ਹਜ਼ਾਰ ਸਵਾਰ ਖ਼ਾਨ ਦੇ ਨਾਲ ਜਾਣ ਲਈ ਤਿਆਰ ਹੋ ਜਾਣ । 11 ਮਾਰਚ (2 ਸਫਰ) ਨੂੰ ਖ਼ਬਰ ਆਈ ਅਤੇ 13 ਮਾਰਚ (4 ਸਫਰ) ਨੂੰ ਇਸਲਾਮ ਖ਼ਾਨ ਦੇ ਨਾਉਂ ਇਖ਼ਲਾਸ ਖ਼ਾਨ ਦੀ ਅਰਜ਼ੀ ਅਤੇ ਬਟਾਲੇ ਦੇ ਕਾਨੂੰਗੋਆਂ ਦੇ ਖਤ ਤੋਂ, ਜੋ ਉਸ ਨੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤਾ, ਪੁਸ਼ਟੀ ਹੋ ਗਈ ਕਿ ਬਟਾਲੇ ਵਲ ਸ਼ੱਮਸ ਖ਼ਾਨ ਅਤੇ ਕੁਤਬ ਅਲੀ ਖ਼ਾਨ (ਕੁਤਬੁਦੀਨ ਖ਼ਾਨ-ਬਾਯਜ਼ੀਦ ਖ਼ਾਨ) ਨੇ ਸਿੰਘਾਂ ਨਾਲ ਜੰਗ ਕੀਤੀ ਹੈ । ਪਹਿਲੀ ਖ਼ਬਰ ਵਿਚ ਲਿਖਿਆ ਸੀ ਕਿ ਦੋਨੋ ਖ਼ਾਨ ਮਾਰੇ ਗਏ ਹਨ ਪਰ ਦੂਸਰੀ ਵਿਚ ਦਰਜ ਸੀ ਕਿ ਲੜਾਈ ਹੋ ਰਹੀ ਹੈ, ਦੋਨੋ ਖ਼ਾਨ ਕਾਇਮ ਹਨ, ਸ਼ੱਮਸ ਖ਼ਾਨ ਜ਼ਖਮੀ ਹੋ ਗਿਆ ਹੈ । ਇਹ ਲੜਾਈ ਰਾਇਪੁਰ ਬਹਿਰਾਮਪੁਰ ਦੇ ਲਾਗੇ ਮਾਰਚ ਦੇ ਪਹਿਲੇ ਹਫਤੇ ਹੋਈ । ਇਸ ਵਿਚ ਸ਼ੱਮਸ ਖ਼ਾਨ ਤਾਂ ਰਣਭੂਮੀ ਵਿਚ ਹੀ ਮਾਰਿਆ ਗਿਆ ਅਤੇ ਬਾਯਜ਼ੀਦ ਖ਼ਾਨ ਮਾਰੂ ਜ਼ਖਮਾਂ ਨਾਲ ਘਾਇਲ ਹੋ ਕੇ ਮਰਨ ਬਰਾਬਰ ਹੋ ਗਿਆ ਅਤੇ ਚੌਥੇ ਦਿਨ ਮਰ ਗਿਆ ।

ਜਦ ਬੰਦਾ ਸਿੰਘ ਰਾਇਪੁਰ ਬਹਿਰਾਮਪੁਰ ਦੇ ਲਾਗੇ ਪਹਾੜਾਂ ਵਿਚੋਂ ਨਿਕਲਿਆ ਤਾਂ ਜੰਮੂ ਦਾ ਫੌਜਦਾਰ ਬਾਯਜ਼ੀਦ ਖ਼ਾਨ ਖੇਸ਼ਗੀ, ਜਿਸ ਨੂੰ ਕੁਤਬੁਦੀਨ ਖ਼ਾਨ ਦਾ ਖਿਤਾਬ ਮਿਲਿਆ ਹੋਇਆ ਸੀ, ਰਾਇ ਪੁਰੋਂ ਉੱਤਰ-ਲਹਿੰਦੇ ਨੂੰ ਸੋਲਾਂ ਕੁ ਮੀਲ ਦੀ ਵਿੱਥ ਉੱਤੇ ਸੀ। ਇਸ ਵੇਲੇ ਉਸਦਾ ਭਤੀਜਾ ਸ਼ੱਮਸ ਖ਼ਾਨ ਦੁਆਬਾ ਬਿਸਤ ਜਲੰਧਰ ਦੀ ਫੌਜਦਾਰੀ ਤੋਂ ਹਟਾਏ ਜਾਣ ਪਰ ਇਤਫਾਕ ਨਾਲ ਇੱਧਰ ਆ ਪੁੱਜਾ । ਸਿੰਘਾਂ ਦੇ ਇਸ ਇਲਾਕੇ ਵਿਚ ਪ੍ਰਗਟ ਹੋ ਜਾਣ ਦੀ ਖ਼ਬਰ ਪੁੱਜਣ ਪਰ ਬਾਯਜ਼ੀਦ ਖ਼ਾਨ ਨੇ ਸ਼ੱਮਸ ਖ਼ਾਨ ਦੇ ਬਹਿਨੋਈ ਸ਼ਾਹਦਾਦ ਖ਼ਾਨ ਨੂੰ ਡੇਢ ਹਜ਼ਾਰ ਸਵਾਰ ਦੇ ਕੇ ਛੇਤੀ ਨਾਲ ਰਾਇਪੁਰ ਦੀ ਰਾਖੀ ਲਈ ਭੇਜ ਦਿੱਤਾ । ਪਿਛੋਂ ਖ਼ੁਦ ਬਾਯਜ਼ੀਦ ਖ਼ਾਨ ਅਤੇ ਸੱਮਸ ਖ਼ਾਨ ਭੀ ਨੌ ਸੌ ਸਵਾਰ ਲੈ ਕੇ ਉਧਰ ਨੂੰ ਚੜ੍ਹ ਪਏ । ਅੱਧਾ ਕੁ ਪੰਧ ਕੱਟ ਕੇ ਰਾਹ ਵਿਚ ਸ਼ਿਕਾਰ ਖੇਲਣ ਲਗ ਪਏ । ਇੱਥੇ ਇਨ੍ਹਾਂ ਨੂੰ ਖ਼ਬਰ ਪੁੱਜੀ ਕਿ ਸਿੰਘ ਬਹੁਤ ਲਾਗੇ ਆ ਗਏ ਹਨ । ਸ਼ੱਮਸ ਖ਼ਾਨ ਉਨ੍ਹਾਂ ਨੂੰ ਰੋਕਣ ਲਈ ਅੱਗੇ ਵਧਿਆ ਪਰ ਸਿੰਘਾਂ ਨੇ ਰਾਹੋਂ ਵਾਲੀ ਚਾਲਾਕੀ ਨਾਲ ਉਸ ਨੂੰ ਫਸਾ ਲਿਆ । ਮਾਲੂਮ ਹੁੰਦਾ ਹੈ ਕਿ

ਸ਼ੱਮਸ ਖ਼ਾਨ ਨੂੰ ਦੇਖ ਕੇ ਸਿੰਘਾਂ ਨੇ ਭੱਜ ਨਿਕਲਣ ਦਾ ਬਹਾਨਾ ਬਣਾਇਆ। ਬਾਯਜ਼ੀਦ ਖ਼ਾਨ ਦੇ ਕਹਿਣ ਦੇ ਬਾਵਜੂਦ ਭੀ ਸ਼ੱਮਸ ਖ਼ਾਨ ਉਨ੍ਹਾਂ ਦੇ ਮਗਰ ਗਿਆ ਅਤੇ ਲਾਗੇ ਜਾ ਢੁੱਕਾ। ਥੋੜ੍ਹੀ ਦੂਰ ਜਾ ਕੇ ਸਿੰਘ ਬੜੀ ਤੇਜ਼ੀ ਨਾਲ ਇਕ ਦਮ ਪਿੱਛੇ ਨੂੰ ਪਰਤ ਪਏ ਅਤੇ ਮਗਰ ਆ ਰਹੇ ਪਠਾਣਾਂ ਉੱਤੇ ਟੁੱਟ ਪਏ।

ਬਸ ਫੇਰ ਕੀ ਸੀ ? ਗਹਿ-ਗੱਚ ਲੜਾਈ ਸ਼ੁਰੂ ਹੋ ਪਈ ਅਤੇ ਸਿੰਘਾਂ ਨੇ ਪਠਾਣਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਪਿੱਛੇ ਨੂੰ ਧੱਕ ਦਿੱਤੀਆਂ ਅਤੇ ਮੋਇਆਂ ਅਰ ਫੱਟੜਾਂ ਦੇ ਢੇਰ ਲਾ ਦਿੱਤੇ। ਬਾਯਜ਼ੀਦ ਖਾਨ ਅਤੇ ਸ਼ੱਮਸ ਖ਼ਾਨ ਨੇ ਜਦ ਵੇਖਿਆ ਕਿ ਲੜਾਈ ਦਾ ਪਾਸਾ ਉਨ੍ਹਾਂ ਦੇ ਵਿਰੁੱਧ ਪਰਤ ਰਿਹਾ ਹੈ ਤਾਂ ਉਹ ਬਾਜ਼ ਸਿੰਘ ਆਦਿ ਵਧੇ ਆ ਰਹੇ ਸਿੱਖ ਸਰਦਾਰਾਂ ਨੂੰ ਰੋਕਣ ਲਈ ਬੜੀ ਤੇਜ਼ੀ ਨਾਲ ਅੱਗੇ ਨੂੰ ਆਏ। ਬਾਜ਼ ਸਿੰਘ ਅਤੇ ਫ਼ਤਿਹ ਸਿੰਘ ਉਨ੍ਹਾਂ ਦਾ ਟਾਕਰਾ ਕਰਨ ਲਈ ਨਿਕਲ ਪਏ। ਸ਼ੱਮਸ ਖ਼ਾਨ ਨੇ ਨੇਜ਼ੇ ਨਾਲ ਬਾਜ਼ ਸਿੰਘ ਉੱਤੇ ਹੱਲਾ ਕੀਤਾ। ਅੱਗੋਂ ਬਾਜ਼ ਸਿੰਘ ਨੇ ਉਸ ਦਾ ਨੇਜ਼ਾ ਖੋਹ ਕੇ ਮੁੜ ਉਹ ਹੀ ਉਸ ਉੱਤੇ ਮਾਰਿਆ ਅਤੇ ਸ਼ੱਮਸ ਖ਼ਾਨ ਦੀ ਬਾਂਹ ਬੁਰੀ ਤਰ੍ਹਾਂ ਫੱਟੜ ਕਰ ਦਿੱਤੀ। ਜ਼ਖ਼ਮੀ ਹੋਏ ਸ਼ੱਮਸ ਖ਼ਾਨ ਨੇ ਆਪਣੇ ਘੋੜੇ ਨੂੰ ਅੱਡੀ ਲਾਈ ਅਤੇ ਤਲਵਾਰ ਲੈ ਕੇ ਬਾਜ਼ ਸਿੰਘ ਉੱਤੇ ਟੁੱਟ ਪਿਆ। ਬਾਜ਼ ਸਿੰਘ ਨੇ ਤਲਵਾਰ ਦਾ ਵਾਰ ਆਪਣੀ ਢਾਲ ਉੱਤੇ ਰੋਕ ਲਿਆ ਅਤੇ ਮੋੜਵੀਂ ਐਸੀ ਸੱਟ ਮਾਰੀ ਕਿ ਸ਼ੱਮਸ ਖ਼ਾਨ ਦੀ ਤਲਵਾਰ ਉਸ ਦੇ ਹੱਥੋਂ ਡਿਗ ਪਈ। ਬਾਜ਼ ਸਿੰਘ ਦਾ ਭਰਾ ਪਹਾੜ ਸਿੰਘ ਲਾਗੇ ਹੀ ਖੜੋਤਾ ਸੀ। ਉਹ ਸ਼ੱਮਸ ਖ਼ਾਨ ਉੱਤੇ ਜਾ ਪਿਆ ਅਤੇ ਸ਼ੱਮਸ ਖ਼ਾਨ ਦੇ ਬਾਜ਼ ਸਿੰਘ ਉੱਤੇ ਮੁੜ੍ਹਾ ਹੱਲਾ ਕਰਨ ਤੋਂ ਪਹਿਲਾਂ ਹੀ ਪਹਾੜ ਸਿੰਘ ਨੇ ਤਲਵਾਰ ਦਾ ਇਕ ਐਸਾ ਭਰਪੂਰ ਹਥ ਮਾਰਿਆ ਕਿ ਉਸ ਦੀ ਤਲਵਾਰ ਸ਼ੱਮਸ ਖ਼ਾਨ ਦੇ ਮੋਢੇ ਨੂੰ ਚੀਰਦੀ ਹੋਈ ਪਿੱਠ ਤਕ ਜਾ ਨਿਕਲੀ ਅਤੇ ਉਸ ਦਾ ਸਿਰ ਭੋਇੰ ਤੇ ਜਾ ਡਿਗਿਆ।

ਬਾਯਜ਼ੀਦ ਖ਼ਾਨ ਨੂੰ ਭਤੀਜੇ ਦੇ ਮਾਰੇ ਜਾਣ ਪਰ ਬੜਾ ਰੋਹ ਚੜ੍ਹਿਆ ਅਤੇ ਸਿੰਘਾਂ ਪਾਸੋਂ ਬਦਲਾ ਲੈਣ ਲਈ ਦਲੇਰੀ ਨਾਲ ਅਗਾਂਹ ਵਧਿਆ। ਇਹ ਦੇਖ ਕੇ ਕਿ ਉਸ ਦੀ ਬੰਦੂਕ ਦਾ ਨਿਸ਼ਾਨਾ ਹਰ ਵਾਰੀ ਖੁੰਝ ਜਾਂਦਾ ਹੈ, ਬਾਯਜ਼ੀਦ ਖ਼ਾਨ ਨੇ ਗੁੱਸੇ ਵਿਚ ਉਸ ਨੂੰ ਭੰਨ ਦਿੱਤਾ ਅਤੇ ਤਲਵਾਰ ਲੈ ਕੇ ਬਾਜ਼ ਸਿੰਘ ਵਲ ਨੂੰ ਹੋਇਆ। ਬਾਜ਼ ਸਿੰਘ ਥੋੜ੍ਹਾ ਜਿਹਾ ਜ਼ਖ਼ਮੀ ਹੋ ਗਿਆ ਪਰ ਇਸ ਤੋਂ ਪਹਿਲਾਂ ਕਿ ਖ਼ਾਨ ਬਾਜ਼ ਸਿੰਘ ਨੂੰ ਦੂਸਰੀ ਸੱਟ ਮਾਰ ਸਕਦਾ ਫ਼ਤਿਹ ਸਿੰਘ ਆ ਪੁੱਜਾ ਅਤੇ ਆਪਣੇ ਨੇਜ਼ੇ ਨਾਲ ਬਾਯਜ਼ੀਦ ਖ਼ਾਨ ਦੀ ਬਾਂਹ ਜ਼ਖ਼ਮੀ ਕਰ ਦਿੱਤੀ। ਬਾਯਜ਼ੀਦ ਖ਼ਾਨ ਨੇ ਬਾਜ਼ ਸਿੰਘ ਉੱਤੇ ਇਕ ਹੋਰ ਹੱਲਾ ਕਰਨ ਦਾ ਜਤਨ ਕੀਤਾ ਪਰ ਇਤਨੇ ਨੂੰ ਫ਼ਤਿਹ ਸਿੰਘ ਨੇ ਆਪਣੀ ਤਲਵਾਰ ਨਾਲ ਬਾਯਜ਼ੀਦ ਖ਼ਾਨ ਨੂੰ ਘਾਇਲ ਕਰ ਕੇ ਸੁੱਟ ਦਿੱਤਾ। ਬਾਯਜ਼ੀਦ ਖ਼ਾਨ ਦੇ ਡਿਗਣ ਦੀ ਦੇਰ ਸੀ ਕਿ ਉਸ ਦੇ ਸਾਥੀਆਂ ਦੇ ਹੌਸਲੇ ਢਹਿ ਗਏ, ਪੈਰ ਥਿੜਕ ਗਏ ਅਤੇ ਉਹ ਮੈਦਾਨ ਵਿਚ ਟਿਕੇ ਨਾ ਰਹਿ ਸਕੇ। ਕੁਝ ਚਿਰ ਸ਼ੱਮਸ ਖ਼ਾਨ ਅਤੇ ਬਾਯਜ਼ੀਦ ਖ਼ਾਨ ਦੇ ਧੜਾਂ ਲਈ ਕਾਫ਼ੀ ਖਿੱਚ ਤਾਣ ਰਹੀ ਅਤੇ ਬੜੀ ਮੁਸ਼ਕਲ ਨਾਲ ਹੀ ਪਠਾਣਾਂ ਦੇ ਹੱਥ ਆਏ। ਬਾਯਜ਼ੀਦ ਖ਼ਾਨ ਨੂੰ ਇਤਨੇ ਡੂੰਘੇ ਜ਼ਖ਼ਮ ਹੋ ਗਏ ਸਨ ਕਿ ਤਿੰਨਾਂ ਦਿਨਾਂ ਪਿਛੋਂ ਉਹ ਭੀ ਮਰ ਗਿਆ। ਉਨ੍ਹਾਂ ਦੀਆਂ

ਲੋਥਾਂ ਕਸੂਰ ਲਿਜਾ ਕੇ ਦਫਨਾਈਆਂ ਗਈਆਂ। ਬਾਯਜ਼ੀਦ ਖ਼ਾਨ ਖ਼ੇਸ਼ਗੀ (ਕੁਤਬੁਦੀਨ ਖ਼ਾਨ) ਫੌਜਦਾਰ ਜੰਮੂ ਅਤੇ ਸ਼ੱਮਸਖ਼ਾਨ ਦਾ ਕੁਲ ਡੇਰਾ ਅਤੇ ਸਾਮਾਨ ਸਿੰਘਾਂ ਦੇ ਹੱਥ ਆ ਗਿਆ। ਬਹਿਰਾਮਪੁਰ ਅਤੇ ਰਾਇਪੁਰੋਂ (ਰਾਜਪੁਰੋਂ) ਭੀ ਸਿੰਘਾਂ ਨੂੰ ਚੋਖਾ ਮਾਲ ਮਿਲ ਗਿਆ। ਇਥੋਂ ਇਹ ਕਲਾਨੌਰ ਅਤੇ ਬਟਾਲੇ ਦੇ ਪਰਗਣਿਆਂ ਵਲ ਨੂੰ ਹੋ ਪਏ। ਬਹਿਰਾਮਪੁਰ ਰਾਜਪੁਰ ਦੀ ਲੜਾਈ 6 ਮਾਰਚ ਸੰਨ 1711 ਦੇ ਇਕ ਅੱਧਾ ਦਿਨ ਏਧਰ ਓਧਰ ਹੋਈ ਜਾਪਦੀ ਹੈ।

ਇਹ ਇਸ ਵੇਲੇ ਦੇ ਹਾਲਤ ਹੀ ਸਨ ਜਿਨ੍ਹਾਂ ਵਲ ਕਿ ਭਾਈ ਮਨੀ ਸਿੰਘ ਜੀ ਨੇ ਮਾਤਾ (ਸੁੰਦਰੀ) ਜੀ ਦੀ ਸੇਵਾ ਵਿਚ ਲਿਖੀ ਆਪਣੀ ਮਿਤੀ ਵੈਸਾਖੁ 22 (1768 ਬਿਕਰਮੀ, 20 ਅਪ੍ਰੈਲ ਸੰਨ 1711 ਈ.) ਦੀ ਚਿੱਠੀ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ :

> ...ਦੇਸੁ ਵਿਚਿ ਖਾਲਸੇ ਦਾ ਬਲੁ ਛੂਟਿ ਗਇਆ ਹੈ ॥ ਸਿੰਘ ਪਰਬਤਾਂ ਝਬਾਨਾ ਵਿਚਿ ਜਾਇ ਬਸੇ ਹੈਨ ॥ ਮਲੇਛੋਂ ਕੀ ਦੇਸੁ ਮੇਂ ਦੋਹੀ ਹੈ ॥ ਬਸਤੀ ਮੇਂ ਬਾਲਕ ਜੁਵਾਂ ਇਸਤਰੀ ਸਲਾਮਤੁ ਨਾਹੀ ॥ ਮੁਛੁ ਮੁਛੁ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨਾ ਦੇ ਸੰਗੁ ਮਿਲਿ ਗਏ ਹੈਨ ॥ ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ ॥ ਸਬੀ ਚਕੁ ਛੋੜ ਗਏ ਹੈਨ ॥ ਮੁਤਸਦੀ ਭਾਗ ਗਏ ਹੈਨ ॥ ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ ॥ ਕਲ ਕੀ ਖ਼ਬਰ ਨਾਹੀ ॥ ਸਾਹਿਬਾਂ ਦੇ ਹੁਕਮ ਅਟੱਲ ਹੈਨ ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤ ਹੋਇ ਗਇਆ ਹੈ ॥...ਦੇਸ ਵਿਚਿ ਗੋਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ ॥ ਸਾਹਿਬ ਬਾਹੁੜੀ ਕਰਨਗੇ ॥... ਮਿਤੀ ਵੈਸਾਖੁ 22 ॥

ਇਹ ਉਹ ਦਿਨ ਸਨ ਜਦ ਕਿ ਲੋਹਗੜ੍ਹ ਅਤੇ ਸਰਹੰਦ ਸਿੰਘਾਂ ਹੱਥੋਂ ਖੁੱਸ ਚੁੱਕੇ ਸਨ, ਖ਼ਾਲਸੇ ਦਾ ਰਾਜ ਹਿੱਲ ਗਿਆ ਸੀ ਅਤੇ ਬੰਦਾ ਸਿੰਘ ਅਤੇ ਓਨ੍ਹਾਂ ਦੇ ਸੰਗੀ ਸਿੰਘ ਪਹਾੜਾਂ ਵਿਚ ਜਾ ਵੜੇ ਸਨ। ਇਸ ਵੇਲੇ ਬਾਦਸ਼ਾਹ ਬਹਾਦੁਰ ਸ਼ਾਹ ਦੇ 10 ਦਸੰਬਰ ਸੰਨ 1710 ਦੇ ਸਿੰਘਾਂ ਦੇ ਵਿਰੁੱਧ ਕਤਲਾਮ ਦੇ ਹੁਕਮ ਜਾਰੀ ਹੋਏ ਨੂੰ ਚਾਰ ਸਾਢੇ ਚਾਰ ਮਹੀਨੇ ਹੀ ਹੋਏ ਸਨ ਅਤੇ ਸਿੰਘ, ਬੱਚੇ, ਜੁਆਨ ਅਤੇ ਇਸਤਰੀਆਂ ਥਾਂ ਥਾਂ ਤਸੀਹੇ ਦੇ ਦੇ ਕੇ ਮਾਰੇ ਜਾ ਰਹੇ ਸਨ।

ਬਹਿਰਾਮ ਪੁਰੋਂ ਬੰਦਾ ਸਿੰਘ ਦੱਖਣ-ਲਹਿੰਦੇ ਨੂੰ ਰਾਵੀ ਦੇ ਚੜ੍ਹਦੇ ਚੜ੍ਹਦੇ ਪਾਸੇ ਕਲਾਨੌਰ ਆ ਗਿਆ। ਇਥੇ ਕੋਈ ਖ਼ਾਸ ਲੜਾਈ ਹੋਈ ਨਹੀਂ ਦਿਸਦੀ ਸਿੰਘਾਂ ਦੀਆਂ ਥਾਂ ਥਾਂ ਹੁੰਦੀਆਂ ਜਾ ਰਹੀਆਂ ਜਿੱਤਾਂ ਦੇ ਕਾਰਣ ਇਥੇ ਦੇ ਵਸਨੀਕਾਂ ਨੇ ਕੋਈ ਹੁੱਤ ਕਰਨੀ ਜੋਗ ਨਹੀਂ ਸਮਝੀ ਹੋਣੀ ਅਤੇ ਈਨ ਮੰਨ ਕੇ ਕਲਾਨੌਰ ਸ਼ਹਿਰ ਲੜਾਈ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾ ਲਿਆ। ਇਹ ਹੀ ਨਹੀਂ, ਬਲਕਿ ਇਸ ਇਲਾਕੇ ਦੇ ਮੁਸਲਮਾਨ ਭੀ ਬੰਦਾ ਸਿੰਘ ਦੀ ਫ਼ੌਜ ਵਿਚ ਆ ਭਰਤੀ ਹੋਣੇ ਸ਼ੁਰੂ ਹੋ ਗਏ। ਇਹ ਉਸ ਖੁਲ੍ਹ-ਦਿਲੇ

ਵਰਤਾਓ ਦਾ ਨਤੀਜਾ ਜਾਪਦਾ ਹੈ ਜੋ ਬੰਦਾ ਸਿੰਘ ਨੇ ਮੁਸਲਮਾਨ ਰੱਈਅਤ ਨਾਲ ਕੀਤਾ। ਬੰਦਾ ਸਿੰਘ ਇਸਲਾਮੀ ਧਰਮ ਦਾ ਵੈਰੀ ਤਾਂ ਹੈ ਹੀ ਨਹੀਂ ਸੀ ਕਿ ਅਕਾਰਣ ਹੀ ਮੁਸਲਮਾਨਾਂ ਨਾਲ ਮੁਸਲਮਾਨ ਹੋਣ ਕਰਕੇ ਕੋਈ ਸਖ਼ਤੀ ਕਰਦਾ। ਉਹ ਤਾਂ ਜ਼ੁਲਮੀ ਰਾਜ ਅਤੇ ਰਾਜਸੀ ਅੱਤਿਆਚਾਰਾਂ ਦੇ ਵਿਰੁੱਧ ਸੀ। ਇਤਫ਼ਾਕ ਨਾਲ ਇਸ ਵੇਲੇ ਰਾਜ ਮੁਸਲਮਾਨਾਂ ਦੇ ਹੱਥ ਸੀ ਅਤੇ ਉਹ ਰਾਜਸੀ ਬਲ ਬੋਤੇ ਉੱਤੇ ਰਾਜਸੀ ਅੱਤਿਆਚਾਰਾਂ ਦੇ ਸਾਧਨ ਬਣੇ ਹੋਏ ਸਨ।

28 ਅਪ੍ਰੈਲ 1711 (21 ਰੱਬੀ-ਉ-ਅੱਵਲ) ਨੂੰ ਹਿਦਾਇਤੁੱਲਾ ਖ਼ਾਨ ਦੀ ਰਾਹੀਂ ਭਗਵਤੀ ਦਾਸ ਹਰਕਾਰੇ ਦਾ ਖ਼ਬਰਾਂ ਦਾ ਪਰਚਾ ਜੋ ਬਾਦਸ਼ਾਹ ਦੀ ਦ੍ਰਿਸ਼ਟੀ ਗੋਚਰ ਹੋਇਆ ਉਸ ਵਿਚ ਲਿਖਿਆ ਹੋਇਆ ਸੀ :

> ਨਾਨਕ-ਪੂਜ (ਬੰਦਾ ਸਿੰਘ) ਦਾ 19 ਤਾਰੀਖ (26 ਅਪ੍ਰੈਲ) ਤਕ ਡੇਰਾ ਕਲਾਨੌਰ ਦੇ ਕਸਬੇ ਵਿਚ ਸੀ। ਉਸ ਨੇ ਬਚਨ ਦਿੱਤਾ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦੇ ਰਿਹਾ। ਚੁਨਾਂਚਿ ਜੋ ਭੀ ਕੋਈ ਮੁਸਲਮਾਨ ਉਸ ਵਲ ਰੁਜੂ ਹੁੰਦਾ ਹੈ, ਉਹ (ਬੰਦਾ ਸਿੰਘ) ਉਸ ਦੀ ਦਿਹਾੜੀ ਅਤੇ ਤਨਖ਼ਾਹ ਨਿਯਤ ਕਰ ਕੇ ਉਸ ਦਾ ਧਿਆਨ ਰਖਦਾ ਹੈ ਅਤੇ ਉਸ ਨੇ ਆਗਿਆ ਦੇ ਦਿੱਤੀ ਹੋਈ ਹੈ ਕਿ ਨਮਾਜ਼ ਅਤੇ ਖ਼ੁਤਬਾ ਜਿਵੇਂ ਚਾਹੁਣ ਪੜ੍ਹਨ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫ਼ੌਜ ਵਿਚ ਬਾਂਗ ਅਤੇ ਨਮਾਜ਼ ਵਲੋਂ ਸੁਖ ਪਾ ਰਹੇ ਹਨ।

ਇਸ ਵੇਲੇ ਸਿੰਘਾਂ ਨੇ ਬਿਆਸਾ ਅਤੇ ਰਾਵੀ ਦੇ ਵਿਚਕਾਰਲਾ ਇਲਾਕਾ ਗਾਹ ਮਾਰਿਆ ਅਤੇ ਰਾਵੀਉਂ ਪਾਰ ਭੀ ਜਾ ਮੱਲਾਂ ਮਾਰੀਆਂ। 13 ਮਈ (6 ਰੱਬੀ-ਉ-ਸਾਨੀ) ਨੂੰ ਕੇਸ਼ੋ ਰਾਓ ਹਰਕਾਰੇ ਵਲੋਂ ਪੁੱਜੀ ਖ਼ਬਰਾਂ ਦੀ ਫ਼ਰਦ ਵਿਚ ਲਿਖਿਆ ਹੋਇਆ ਹੈ ਕਿ ਗੁਰੂ (ਬੰਦਾ ਸਿੰਘ) ਨੇ ਰਾਵੀਉਂ ਪਾਰ ਜਾ ਕੇ ਆਪਣੇ ਠਾਣੇ ਕਾਇਮ ਕਰ ਲਏ ਹਨ। ਫੇਰ ਉਰਾਰ ਆ ਕੇ ਫ਼ਸਾਦ ਖੜਾ ਕਰ ਦਿੱਤਾ, ਅਫ਼ਗਾਨਾਂ ਨਾਲ ਲੜਾਈ ਕਰ ਕੇ ਕਈ ਕਤਲ ਕਰ ਦਿੱਤੇ ਅਤੇ ਉਨ੍ਹਾਂ ਦੇ ਘਰ ਉਜਾੜ ਦਿੱਤੇ। ਇਸ ਵੇਲੇ ਉਹ ਉਨ੍ਹਾਂ (ਪਾਰਲੇ) ਠਾਣਿਆਂ ਵਿਚ ਹੈ। 18 ਮਈ (11 ਰਬੀ-ਉ-ਸਾਨੀ) ਨੂੰ ਭਗਵਤੀ ਦਾਸ ਹਰਕਾਰੇ ਨੇ ਜ਼ਬਾਨੀ ਬਾਦਸ਼ਾਹ ਦੇ ਹਜ਼ੂਰ ਅਰਜ਼ ਕੀਤੀ ਕਿ ਬੰਦਾ ਸਿੰਘ ਬਿਆਸਾ ਨਦੀ ਤੋਂ ਸੱਤਾਂ ਕੋਹਾਂ ਦੀ ਵਿੱਥ ਤੇ ਹੈ। ਤੀਸਰੇ ਦਿਨ ਇਸੇ ਹਰਕਾਰੇ ਵਲੋਂ ਪੇਸ਼ ਕੀਤੀ ਖ਼ਬਰਾਂ ਦੀ ਫ਼ਰਦ ਵਿਚ ਦਰਜ ਹੈ ਕਿ 9 ਰਬੀ-ਉ-ਸਾਨੀ (16 ਮਈ) ਤਕ ਬੰਦਾ ਸਿੰਘ ਦਾ ਡੇਰਾ ਬਟਾਲੇ ਤੋਂ ਦੋ ਕੋਹਾਂ ਉੱਤੇ ਅੱਚਲ ਪਿੰਡ ਵਿਚ ਸੀ ਅਤੇ ਜੰਮੂ ਵਲ ਦੇ ਪਹਾੜਾਂ ਤੋਂ ਰਾਮ ਚੰਦ ਨਾਮੀ ਆਦਿ ਸਿੱਖ ਸਤ ਹਜ਼ਾਰ ਘੋੜ-ਚੜ੍ਹਿਆਂ ਅਤੇ ਪਿਆਦਿਆਂ ਸਮੇਤ ਉਸ ਨਾਲ ਆ ਰਲੇ ਹਨ ਅਤੇ ਜੋ ਕੋਈ ਭੀ ਹਿੰਦੂ ਅਤੇ ਮੁਸਲਮਾਨ ਨੌਕਰੀ ਲਈ ਆਉਂਦਾ ਹੈ, ਬੰਦਾ ਸਿੰਘ ਉਸ ਨੂੰ ਰੱਖ ਲੈਂਦਾ ਹੈ, ਖਾਣਾ ਦਾਣਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਲੁੱਟ ਮਾਫ਼ ਹੈ ਅਰਥਾਤ ਕਿਸੇ ਥਾਂ ਦੀ ਲੁੱਟ ਤੋਂ ਜੋ ਕੁਝ ਕਿਸੇ ਦੇ ਹੱਥ ਲੱਗੇਗਾ ਉਹ ਉਸੇ ਦਾ ਹੀ ਹੋਵੇਗਾ। ਉਸ

ਦਾ ਫ਼ੈਸਲਾ ਇਹ ਹੈ ਕਿ ਜੇ ਬਾਦਸ਼ਾਹੀ ਫ਼ੌਜਾਂ ਆਉਣਗੀਆਂ ਤਾਂ ਉਨ੍ਹਾਂ ਦਾ ਟਾਕਰਾ ਕੀਤਾ ਜਾਏਗਾ ਅਤੇ ਜੇ ਉਹ ਨਾ ਪੁੱਜੀਆਂ ਤਾਂ ਲੱਖੀ ਜੰਗਲ ਦੇ ਰਸਤੇ ਅਜਮੇਰ ਵਲੋਂ ਹੁੰਦੇ ਹੋਏ ਦਿੱਲੀ ਨੂੰ ਜਾਵਾਂਗੇ।

ਬਟਾਲੇ ਦੇ ਲਾਗੇ ਬੰਦਾ ਸਿੰਘ ਦੇ ਆ ਪੁੱਜਣ ਦੀਆਂ ਖ਼ਬਰਾਂ ਸੁਣ ਕੇ ਹੀ ਇੱਥੇ ਅਤੇ ਆਲੇ ਦੁਆਲੇ ਦੇ ਕਈ ਲੋਕ ਘਰ ਘਾਟ ਛੱਡ ਕੇ ਆਪਣੇ ਟੱਬਰਾਂ ਅਤੇ ਚੁੱਕੇ ਜਾ ਸਕਣ ਜੋਗੇ ਮਾਲ ਸਮੇਤ ਲਾਹੌਰ ਅਤੇ ਦੂਸਰਿਆਂ ਥਾਵਾਂ ਵਲ ਨੂੰ ਭੱਜ ਗਏ। ਇੱਥੇ ਦੇ ਵਸਨੀਕਾਂ ਵਿਚ ਦੋ ਧੜੇ ਹੋ ਗਏ ਸਨ। ਇਨ੍ਹਾਂ ਵਿਚੋਂ ਇਕ ਧੜੇ ਦਾ ਆਗੂ ਸੱਯਦ ਮੁਹੰਮਦ ਫ਼ਜ਼ਲ ਦੀਨ ਕਾਦਰੀ ਸੀ। ਇਹ ਨਵਾਂ ਨਵਾਂ ਹੀ ਇੱਥੇ ਆ ਕੇ ਵੱਸਿਆ ਸੀ ਅਤੇ ਇਸ ਨੇ ਇਕ ਵੱਡਾ ਮਦਰਸਾ ਅਤੇ ਖ਼ਾਨਕਾਹ ਕਾਇਮ ਕੀਤੇ ਸਨ। ਇਸ ਦਾ ਵਿਚਾਰ ਸੀ ਕਿ ਟੱਬਰ ਕਬੀਲੇ ਲੈ ਕੇ ਕਿਸੇ ਹੋਰ ਥਾਂ ਚਲੇ ਜਾਣਾ ਚਾਹੀਦਾ ਹੈ। ਦੂਸਰੇ ਧੜੇ ਦਾ ਆਗੂ ਸ਼ੇਖ ਅਹਿਮਦ ਸੀ ਜੋ ਸ਼ੈਖੁਲ-ਹਿੰਦ ਕਰਕੇ ਪ੍ਰਸਿੱਧ ਸੀ। ਇਹ ਸ਼ਹਿਰ ਛੱਡ ਕੇ ਜਾਣ ਦੇ ਹੱਕ ਵਿਚ ਨਹੀਂ ਸੀ। ਇਹ ਚਾਹੁੰਦਾ ਸੀ ਕਿ ਡੱਟ ਕੇ ਸਿੰਘਾਂ ਦਾ ਟਾਕਰਾ ਕੀਤਾ ਜਾਏ ਅਤੇ ਇਸ ਨੇ ਲੋਕਾਂ ਨੂੰ ਲੜਨ ਅਤੇ ਘੇਰੇ ਲਈ ਤਿਆਰ ਰਹਿਣ ਵਾਸਤੇ ਹੌਸਲਾ ਦਿੱਤਾ।

ਜਿਸ ਵੇਲੇ ਬੰਦਾ ਸਿੰਘ ਬਟਾਲੇ ਪੁੱਜਾ, ਸ਼ਹਿਰ ਵਾਲਿਆਂ ਨੇ ਦਰਵਾਜ਼ੇ ਬੰਦ ਕਰ ਲਏ ਅਤੇ ਕੰਧਾਂ ਦੀ ਰਾਖੀ ਲਈ ਤਿਆਰ ਹੋ ਗਏ। ਆਪ ਸ਼ੈਖੁਲ-ਹਿੰਦ ਆਪਣੇ ਮੁਰੀਦਾਂ ਅਤੇ ਕੁਲ ਸ਼ਹਿਰੀਆਂ ਨੂੰ ਨਾਲ ਲੈ ਕੇ ਬੰਦਾ ਸਿੰਘ ਦਾ ਟਾਕਰਾ ਕਰਨ ਲਈ ਹਾਥੀ ਦਰਵਾਜਿਓਂ ਬਾਹਰ ਗਿਆ। ਸੜਕ ਉੱਤੇ ਪੁੱਜਣ ਪਰ ਉਸ ਨੇ ਡੱਟ ਕੇ ਟਾਕਰਾ ਕੀਤਾ ਪਰ ਸਿੰਘਾਂ ਅੱਗੇ ਉਹ ਬਹੁਤ ਦੇਰ ਨਾ ਟਿਕ ਸਕਿਆ ਅਤੇ ਥੋੜ੍ਹਾ ਚਿਰ ਹੀ ਲੜਾਈ ਕਰਨ ਪਿੱਛੋਂ ਘੇਰਿਆ ਅਤੇ ਮਾਰਿਆ ਗਿਆ। ਬਹਾਦੁਰ ਸ਼ੇਖ ਦੀ ਲੋਥ ਸ਼ਹਿਰੋਂ ਦੋ ਕੁ ਮੀਲ ਦੀ ਵਿਥ ਤੇ ਵਜ਼ੀਰਾਬਾਦ ਨਾਮੀ ਪਿੰਡ ਦੇ ਕੋਟਲਾ-ਸ਼ੈਖੁਲ-ਹਿੰਦ ਵਿਚ ਦਫ਼ਨਾਈ ਗਈ। ਇਥੇ ਇਸ ਦੀ ਸੰਤਾਨ ਦੇ ਬੰਦੇ ਪਾਕਿਸਤਾਨ ਬਣਨ ਤੱਕ ਵਸਦੇ ਰਹੇ ਹਨ। ਸ਼ੈਖੁਲ-ਹਿੰਦ ਦੇ ਮਰਨ ਤੋਂ ਬਾਅਦ ਹੋਰ ਕਿਸੇ ਨੇ ਕੀ ਖੜੋਣਾ ਸੀ? ਝੱਟ ਭੱਜ ਤੁਰੇ। ਬੰਦਾ ਸਿੰਘ ਦੇ ਹੁਕਮ ਨਾਲ ਸ਼ਹਿਰ ਦੇ ਦਰਵਾਜ਼ੇ ਤੋੜ ਦਿੱਤੇ ਗਏ ਅਤੇ ਸਿੰਘ ਸ਼ਹਿਰ ਵਿਚ ਜਾ ਵੜੇ। ਸੱਯਦ ਮੁਹੰਮਦ ਫ਼ਜ਼ਲ ਦੀਨ ਦਾ ਮਦਰੱਸਾ, ਜਿਹੜਾ ਕਿ ਖਾਲੀ ਪਿਆ ਸੀ, ਸ਼ਹਿਰ ਦੀਆਂ ਕਈ ਹਵੇਲੀਆਂ ਅਤੇ ਕਾਜ਼ੀ ਅਬਦੁਲ ਹੱਕ ਦਾ ਮੁਹੱਲਾ ਅਤੇ ਮਕਾਨ ਸੜ ਕੇ ਸੁਆਹ ਹੋ ਗਏ। ਬਟਾਲੇ ਦੀ ਲੜਾਈ 18 ਮਈ ਦੇ ਇਧਰ ਉਧਰ ਹੋਈ ਦਿੱਸਦੀ ਹੈ।

ਇਥੋਂ ਬੰਦਾ ਸਿੰਘ ਦਾ ਵਿਚਾਰ ਲਾਹੌਰ ਵੱਲ ਨੂੰ ਵੱਧਣ ਦਾ ਸੀ। ਪਰ ਚੂੰਕਿ ਬਾਦਸ਼ਾਹੀ ਜਰਨੈਲ ਉਸ ਦੇ ਮਗਰ ਪਏ ਹੋਏ ਨਜ਼ਦੀਕ ਹੀ ਸਨ ਅਤੇ ਖ਼ੁਦ ਬਾਦਸ਼ਾਹ ਭੀ ਲਾਹੌਰ ਵੱਲ ਨੂੰ ਚੜ੍ਹਿਆ ਆ ਰਿਹਾ ਸੀ ਅਤੇ ਇਸ ਵੇਲੇ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਸੀ, ਇਸ ਲਈ ਬੰਦਾ ਸਿੰਘ ਰਾਵੀਓਂ ਪਾਰ ਹੋ ਕੇ ਜੰਮੂ ਦੀਆਂ ਪਹਾੜੀਆਂ ਵੱਲ ਨੂੰ ਨਿਕਲ ਗਿਆ। ਮੁਹੰਮਦ ਅਮੀਨ ਖ਼ਾਨ ਬਹਾਦੁਰ ਦੀ 23 ਮਈ (16 ਰੱਬੀ-ਉ-ਸਾਨੀ) ਨੂੰ ਪੁੱਜੀ ਲਿਖਤ ਅਤੇ 28 ਮਈ (21 ਰੱਬੀ-ਉ-ਸਾਨੀ) ਨੂੰ (ਬੜੀ) ਬਸੀ ਦੇ ਮੁਕਾਮ ਤੇ ਪੁੱਜੀ ਉਸ

ਦੀ ਇਕ ਹੋਰ ਲਿਖਤ ਅਤੇ ਰੁਸਤਮ ਜੰਗ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਬੰਦਾ ਸਿੰਘ ਬਟਾਲਿਉਂ ਹੱਟ ਕੇ ਰਾਵੀਓਂ ਪਾਰ ਹੋ ਗਿਆ ਸੀ। 30 ਮਈ ਨੂੰ ਬਾਦਸ਼ਾਹ ਨੇ ਸਰਫਰਾਜ਼ ਖ਼ਾਨ ਨੂੰ ਹੁਕਮ ਦਿੱਤਾ ਕਿ ਹਸਨ ਅਲੀ ਖ਼ਾਨ ਤੋਂ ਕਰੋਲ ਲੈ ਕੇ ਬਰਸਾਤ ਦੇ ਦਿਨੀਂ ਬਟਾਲੇ ਛਾਉਣੀ ਪਾਉਣ ਲਈ ਥਾਂ ਦੇਖਣ ਵਾਸਤੇ ਨਿਯਤ ਕੀਤੇ ਜਾਣ।

ਜਮੂੰ ਵੱਲ ਨੂੰ ਜਾਂਦੇ ਸਿੰਘਾਂ ਦੇ ਇਕ ਜੱਥੇ ਨੇ ਔਰੰਗਾਬਾਦ ਅਤੇ ਪਸਰੂਰ ਜਾ ਮਾਰੇ। ਉਧਰੋਂ ਮੁਹੰਮਦ ਅਮੀਨ ਖ਼ਾਨ 24 ਮਈ (17 ਰੱਬੀ-ਉ-ਸਾਨੀ) ਨੂੰ ਬਿਆਸਾ ਪਾਰ ਕਰ ਕੇ ਸਿੱਧਾ ਬੰਦਾ ਸਿੰਘ ਦੇ ਪਿਛੇ ਲੱਗ ਤੁਰਿਆ। ਰਾਹ ਵਿਚ ਕੋਈ ਰੋਕ ਨਹੀਂ ਸੀ ਰਹੀ। ਇਸ ਲਈ 31 ਮਈ (24 ਰੱਬੀ-ਉ-ਸਾਨੀ) ਨੂੰ ਉਹ ਸੌਖੇ ਹੀ ਰਾਵੀਉਂ ਪਾਰ ਹੋ ਗਿਆ ਅਤੇ ਇਕ ਦਿਨ-ਰਾਤ ਵਿਚ 30 ਕੋਹ ਦੀ ਮੰਜ਼ਲ ਮਾਰ ਕੇ ਪਸਰੂਰੋਂ ਸੱਤ ਕੋਹ ਪਰੇ 1 ਜੂਨ (25 ਰੱਬੀ-ਉ-ਸਾਨੀ) ਨੂੰ ਸਿੰਘਾਂ ਨਾਲ ਟੱਕਰ ਜਾ ਲਈ। ਜੱਥੇ ਦੀ ਗਿਣਤੀ ਬੜੀ ਥੋੜੀ ਸੀ। ਦੂਸਰੇ ਪਾਸੇ ਮੁਹੰਮਦ ਅਮੀਨ ਖ਼ਾਨ ਰੁਸਤਮਿ-ਜੰਗ, ਈਸਾ ਖ਼ਾਨ ਮੰਝ ਅਤੇ ਹੋਰ ਬਾਦਸ਼ਾਹੀ ਸਰਦਾਰਾਂ ਦੀਆਂ ਫ਼ੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਪਰ ਫੇਰ ਵੀ ਬੜੀ ਡਟਵੀਂ ਲੜਾਈ ਹੋਈ। ਦੋਹਾ ਪਾਸਿਆਂ ਦਾ ਬੜਾ ਨੁਕਸਾਨ ਹੋਇਆ। ਮੁਹੰਮਦ ਅਮੀਨ ਖ਼ਾਨ ਵਲੋਂ ਬਾਦਸ਼ਾਹ ਦੀ ਸੇਵਾ ਵਿਚ ਭੇਜੀ ਗਈ ਆਪਣੀ ਲਿਖਤ ਵਿਚ, ਜੋ 4 ਜੂਨ (28 ਰੱਬੀ-ਉ-ਸਾਨੀ) ਨੂੰ ਪਹੁੰਚੀ ਉਹ ਖ਼ੁਦ ਮੰਨਦਾ ਹੈ ਕਿ ਬਾਦਸ਼ਾਹੀ ਬੰਦੇ ਭੀ ਬਹੁਤ ਫੱਟੜ ਹੋਏ (ਬੰਦਾ ਹਾਇ ਬਾਦਸ਼ਾਹੀ ਹਮ ਬਿਸੀਆਰ ਜ਼ਖ਼ਮੀ ਸ਼ੁਦਾ)। ਈਸਾ ਖ਼ਾਨ ਮੰਝ ਅਤੇ ਮੁਹੰਮਦ ਅਮੀਨ ਖ਼ਾਨ ਦੇ ਹਾਥੀ ਭੀ ਫੱਟੜ ਹੋਏ ਅਤੇ ਆਪ ਮੁਸ਼ਕਲ ਨਾਲ ਹੀ ਬਚ ਸਕੇ। ਇਨ੍ਹਾਂ ਨੂੰ ਖ਼ਿਆਲ ਸੀ ਕਿ ਖ਼ੁਦ ਬੰਦਾ ਸਿੰਘ ਇਸ ਲੜਾਈ ਵਿਚ ਮੌਜੂਦ ਹੈ, ਪਰ ਚੂੰਕਿ ਕਿਸੇ ਨੇ ਉਸ ਨੂੰ ਦੇਖਿਆ ਨਹੀਂ, ਇਸ ਲਈ ਉਨ੍ਹਾਂ ਸਮਝਿਆ ਕਿ ਜਾਂ ਤਾਂ ਉਹ ਮਾਰਿਆ ਗਿਆ ਹੈ, ਜਾਂ ਘਾਇਲ ਫੱਟੜਾਂ ਵਿਚ ਡਿਗਿਆ ਪਿਆ ਹੈ। ਇਸ ਲਈ ਉਨ੍ਹਾਂ ਨੇ ਜਾਣਕਾਰ ਬੰਦਿਆਂ ਨੂੰ ਬੁਲਾ ਕੇ ਲੋਥਾਂ ਪਛਾਣਨ ਦਾ ਪ੍ਰਬੰਧ ਕੀਤਾ, ਪਰ ਅੰਤ ਮੁਹੰਮਦ ਅਮੀਨ ਖ਼ਾਨ ਨੇ ਲਿਖਿਆ ਕਿ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਇਕੱਲਾ ਹੀ ਨਿਕਲ ਕੇ ਦੌੜ ਗਿਆ ਹੈ। ਪਰ ਅਸਲ ਵਿਚ ਉਹ ਇਸ ਜੱਥੇ ਵਿਚ ਹੈ ਹੀ ਨਹੀਂ ਸੀ। ਉਹ ਜਮੂੰ ਦੀਆਂ ਚੜ੍ਹਦੀਆਂ ਪਹਾੜੀਆਂ ਵੱਲ ਨੂੰ ਚਲਾ ਗਿਆ ਸੀ। ਇਹ ਜੱਥਾ, ਜਿਸ ਨਾਲ ਕਿ ਉਪਰੋਕਤ ਜੰਗ ਹੋਈ, ਮਾਲੂਮ ਹੁੰਦਾ ਹੈ ਉੱਤਰ-ਲਹਿੰਦੇ ਵੱਲ ਪਸਰੂਰ ਨੂੰ ਹੌਲੀ ਹੌਲੀ ਗਿਆ ਸੀ। ਇਸ ਲਈ ਕਿ ਬਾਦਸ਼ਾਹੀ ਫੌਜਾਂ ਤਾਂ ਇਸ ਦੇ ਮਗਰ ਆ ਜਾਣ ਅਤੇ ਬੰਦਾ ਸਿੰਘ ਉੱਤਰ-ਚੜ੍ਹਦੇ ਵੱਲ ਨੂੰ ਨਿਕਲ ਜਾਏ। ਇਸ ਵਿਚ ਸਿੰਘ ਸਫ਼ਲ ਹੋ ਗਏ ਭਾਵੇਂ ਜੰਗ ਵਿਚ ਉਨ੍ਹਾਂ ਨੂੰ ਹਾਨੀ ਹੀ ਉਠਾਉਣੀ ਪਈ।

ਜਦ ਬੰਦਾ ਸਿੰਘ ਦੇ ਜਮੂੰ ਦੇ ਇਲਾਕੇ ਦੇ ਚੜ੍ਹਦੇ-ਦੱਖਣ ਨੂੰ ਪਹਾੜੀਆਂ ਵਿਚ ਪੁੱਜਣ ਦੀ ਸੂਹ ਜਮਵਾਲੀਏ ਰਾਜਾ ਧਰੁਵ ਦੇਵ ਨੂੰ ਲੱਗੀ ਤਾਂ ਉਸ ਨੇ ਇਕ ਪਾਸੇ ਤਾਂ ਸੂਬਾ ਲਾਹੌਰ ਦੇ ਅਖ਼ਬਾਰ-ਨਵੀਸ ਨੂੰ ਖ਼ਬਰ ਪਹੁੰਚਾ ਦਿੱਤੀ ਅਤੇ ਦੂਸਰੇ ਪਾਸੇ ਰਾਜੌਰ ਦੇ ਸੱਯਦ ਅਜ਼ਮਤੁੱਲਾ ਖ਼ਾਨ ਆਦਿ ਨੂੰ ਨਾਲ ਲੈ ਕੇ ਰਾਹ ਰੋਕ ਦਿੱਤਾ। ਉਧਰ ਮੁਹੰਮਦ ਅਮੀਨ

ਖ਼ਾਨ, ਰੁਸਤਮਿ ਜੰਗ (ਰੁਸਤਮ ਦਿਲ ਖ਼ਾਨ), ਅਗਰ ਖ਼ਾਨ (ਅਸਗਰ ਖ਼ਾਨ), ਈਸਾ ਖ਼ਾਨ ਮੰਝ ਆਦਿ ਨੇ ਆਪਣੀਆਂ ਫੌਜਾਂ ਇਕੱਠੀਆਂ ਕਰ ਲਈਆਂ ਅਤੇ ਪਹਾੜੀ ਦੱਰੇ ਦੇ ਸਿਰ ਉੱਤੇ ਆ ਪੁੱਜੇ। ਆਪਣੇ ਖ਼ਿਆਲ ਅਨੁਸਾਰ ਉਨ੍ਹਾਂ ਨੇ ਬੰਦਾ ਸਿੰਘ ਨੂੰ ਤਿੰਨਾਂ ਪਾਸਿਆਂ ਤੋਂ ਘੇਰ ਲਿਆ ਹੋਇਆ ਸੀ, ਇਸ ਲਈ ਉਨ੍ਹਾਂ ਨੇ ਬਾਦਸ਼ਾਹ ਨੂੰ ਖ਼ਬਰਾਂ ਭੇਜ ਦਿੱਤੀਆਂ ਕਿ ਅੱਜ ਜਾਂ ਕੱਲ ਸਿੱਖ ਆਗੂ ਨੂੰ ਫੜ ਲਿਆ ਜਾਏਗਾ। ਇਹ ਖ਼ਬਰਾਂ ਬਾਦਸ਼ਾਹ ਦੇ ਹਜ਼ੂਰ ਲਾਹੌਰੀ ਅਖ਼ਬਾਰ-ਨਵੀਸ ਵਲੋਂ ਹਿਦਾਇਤੁੱਲਾ ਖ਼ਾਨ ਦੀ ਰਾਹੀਂ 7 ਅਤੇ 8 ਜੂਨ (2 ਅਤੇ 3 ਜਮਾਦੀ-ਉਲ-ਅੱਵਲ) ਨੂੰ ਪੁੱਜੀਆਂ। ਪਰ ਉਨ੍ਹਾਂ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ ਜਦ ਬੰਦਾ ਸਿੰਘ ਬੜੀ ਦਲੇਰੀ ਅਤੇ ਚਤੁਰਾਈ ਨਾਲ ਜੋ ਵੇਲੇ ਸਿਰ ਉਸ ਨੂੰ ਫੁਰ ਪੈਂਦੀ ਸੀ, ਬਿਨਾਂ ਕਿਸੇ ਨੁਕਸਾਨ ਦੇ ਬਚ ਕੇ ਨਿਕਲ ਗਿਆ। ਉਹ ਸਦਾ ਆਪਣੇ ਆਪ ਨੂੰ ਪਾਸਿਆਂ ਉੱਤੇ ਰਖਦਾ ਸੀ ਅਤੇ ਬਾਦਸ਼ਾਹੀ ਫੌਜਾਂ ਨੂੰ ਦੇਖ ਸਕਣ ਦਾ ਭੀ ਮੌਕਾ ਨਹੀਂ ਸੀ ਦਿੰਦਾ। ਤਿੰਨ ਪਾਸੀਂ ਬਾਦਸ਼ਾਹੀ ਫੌਜਾਂ ਸਨ ਅਤੇ ਇਕ ਪਾਸੇ ਉੱਚੀ ਸਿੱਧੀ ਪਹਾੜੀ। ਕਿਸੇ ਪਾਸੇ ਕੋਈ ਰਾਹ ਨਹੀਂ ਸੀ। ਇਸ ਲਈ ਹੌਲੀ ਹੌਲੀ ਅੱਖ ਬਚਾ ਕੇ ਉਹ ਇਕ ਨੁੱਕਰ ਵੱਲ ਨੂੰ ਹੋ ਗਿਆ ਅਤੇ ਮੌਕਾ ਤਾੜ ਕੇ ਪੜੋਲ ਕਠੂਹੇ ਦੇ ਲਾਗਿਓਂ ਬਿਲਕੁਲ ਰੁਸਤਮ ਦਿਲ ਖ਼ਾਨ ਦੇ ਸਾਹਮਣਿਓਂ ਬੜੀ ਤੇਜ਼ੀ ਨਾਲ ਨਿਕਲ ਕੇ ਅਚਾਨਕ ਹੀ ਉਸ ਦੀਆਂ ਫੌਜਾਂ ਉੱਤੇ ਟੁੱਟ ਪਿਆ। ਗਾਜ਼ੀ ਖ਼ਾਨ ਰੁਸਤਮਿ ਜੰਗ ਨੇ ਆਪਣੀ ਵਲੋਂ ਬੜੀ ਵਾਹ ਲਾਈ ਪਰ ਝਟਾ ਪੱਟ ਉੱਪਰ ਚੜ੍ਹ ਆਈ ਸਿੰਘਾਂ ਦੀ ਰੌ ਨੂੰ ਰੋਕ ਨਾ ਸਕਿਆ। ਤਲਵਾਰਾਂ ਹੱਥ ਵਿਚ ਲੈ ਕੇ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘ ਬਾਦਸ਼ਾਹੀ ਫੌਜਾਂ ਦੀਆਂ ਸਫ਼ਾਂ ਨੂੰ ਚੀਰਦੇ ਅਤੇ ਜੋ ਸਾਮ੍ਹਣੇ ਆਇਆ ਉਸ ਨੂੰ ਸਾਫ਼ ਕਰਦੇ, ਅਲੋਪ ਹੋ ਗਏ।

ਬੰਦਾ ਸਿੰਘ ਦੇ ਇਸ ਤਰ੍ਹਾਂ ਉਸ ਦੇ ਹੱਥਾਂ ਵਿਚੋਂ ਤਿਲਕ ਜਾਣ ਪਰ ਨਿਰਾਸਾ ਨਾਲ ਰੁਸਤਮ ਦਿਲ ਖ਼ਾਨ ਦਾ ਦਿਲ ਟੁੱਟ ਗਿਆ ਅਤੇ ਉਸ ਦੀਆਂ ਅੱਖਾਂ ਦੇ ਸਾਹਮਣੇ ਅੰਨ੍ਹੇਰਾ ਛਾ ਗਿਆ। ਬੰਦਾ ਸਿੰਘ ਨੂੰ ਫੜ ਸਕਣ ਦੀ ਹੁਣ ਉਸ ਨੂੰ ਕੋਈ ਆਸ ਨਾ ਰਹੀ। ਉਹ ਅੜ-ਬੜ ਪਹਾੜਾਂ ਦੀਆਂ ਔਖੀਆਂ ਘਾਟੀਆਂ ਅਤੇ ਡੰਡੀਆਂ ਵਿਚ ਜਾ ਵੜਿਆ ਸੀ। ਇਸ ਲਈ ਛਿੱਥਾ ਪੈ ਕੇ ਰੁਸਤਮ ਦਿਲ ਖ਼ਾਨ ਨੇ ਆਪਣਾ ਗੱਚ ਪੜੋਲ, ਕਠੂਹੇ ਅਤੇ ਲਾਗੇ ਦੇ ਵਸਨੀਕਾਂ ਉੱਤੇ ਕੱਢਿਆ। ਉਸ ਨੇ ਕਈ ਬੇਗੁਨਾਹਾਂ ਨੂੰ ਝੂਠ ਮੂਠ ਇਹ ਕਹਿ ਕੇ ਫੜ ਲਿਆ ਕਿ ਉਹ ਸਿੱਖ ਹਨ ਅਤੇ ਗੁਲਾਮ ਬਣਾ ਕੇ ਆਪਣੇ ਸਿਪਾਹੀਆਂ ਨੂੰ ਤਨਖ਼ਾਹ ਵਜੋਂ ਦੇ ਦਿੱਤਾ ਅਤੇ ਉਨ੍ਹਾਂ ਨੇ ਇਨ੍ਹਾਂ ਮੰਦਭਾਗੇ ਗਰੀਬਾਂ ਨੂੰ ਲਾਹੌਰ ਦੀ ਘੋੜ-ਮੰਡੀ (ਬਾਜ਼ਾਰ ਨਖ਼ਾਸ) ਵਿਚ ਜਾ ਵੇਚਿਆ।

ਛੇਤੀ ਹੀ ਪਿੱਛੋਂ ਮੁਹੰਮਦ ਅਮੀਨ ਖ਼ਾਨ ਅਤੇ ਰੁਸਤਮ ਦਿਲ ਖ਼ਾਨ ਵਿਚ ਮੱਤ-ਭੇਦ ਦੇ ਕਾਰਣ ਨਾਚਾਕੀ ਹੋ ਗਈ ਅਤੇ ਮੁਹੰਮਦ ਅਮੀਨ ਖ਼ਾਨ ਰੁਸਤਮਿ-ਜੰਗ ਦੇ ਵਿਰੁੱਧ ਬਾਦਸ਼ਾਹ ਦੇ ਕੰਨ ਭਰਨ ਅਤੇ ਉਸ ਦਾ ਮਨ ਖੱਟਾ ਕਰਨ ਵਿਚ ਸਫਲ ਹੋ ਗਿਆ। ਬਹਾਦੁਰ ਸ਼ਾਹ ਬਾਦਸ਼ਾਹ ਕੰਨਾਂ ਦਾ ਬੜਾ ਕੱਚਾ ਸੀ ਅਤੇ ਚੁਗ਼ਲੀਆਂ ਨੂੰ ਸੱਚ ਮੰਨ ਕੇ ਦਿਲ ਵਿਚ ਗੰਢ ਬੰਨ੍ਹ ਲੈਂਦਾ ਸੀ। ਮੁਹੰਮਦ ਸ਼ਫ਼ੀ ਵਾਰਿਦ ਆਪਣੀ ਪੁਸਤਕ 'ਮਿਰਤਿ-ਵਾਰਿਦਾਤ' ਵਿਚ ਲਿਖਦਾ ਹੈ ਕਿ ਮੁਹੰਮਦ ਅਮੀਨ ਖ਼ਾਨ ਨੇ ਰੁਸਤਮਿ-ਜੰਗ ਦੇ ਵਿਰੁੱਧ ਬੇਈਮਾਨੀ ਅਤੇ

ਵਿਸਾਹ-ਘਾਤ ਦੀ ਊਜ ਲਗਾਈ ਅਤੇ ਕਿਹਾ ਕਿ ਰੁਸਤਮਿ-ਜੰਗ ਨੇ ਬੰਦਾ ਸਿੰਘ ਪਾਸੋਂ ਇਕ ਵੱਡੀ ਰਕਮ ਵੱਢੀ ਲੈ ਕੇ ਧਾਵਾ ਕਰਨ ਵਿਚ ਢਿੱਲ ਕੀਤੀ ਹੈ ਅਤੇ ਇਸ ਤਰ੍ਹਾਂ ਬੰਦਾ ਸਿੰਘ ਨੂੰ ਬਚ ਨਿਕਲਣ ਵਿਚ ਸਹਾਇਤਾ ਦਿੱਤੀ ਹੈ। ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਦੀ ਗੱਲ ਸੱਚੀ ਮੰਨ ਲਈ। ਇਸ ਦੀ ਪੁਸ਼ਟੀ ਇਸ ਗੱਲ ਤੋਂ ਹੋ ਜਾਂਦੀ ਹੈ ਕਿ ਜਦ 11 ਜੁਲਾਈ (6 ਜਮਾਦੀ-ਉ-ਸਾਨੀ) ਨੂੰ ਰੁਸਤਮਿ-ਜੰਗ ਦੀ ਅਰਦਾਸ ਪੁੱਜੀ ਕਿ ਬੰਦਾ ਸਿੰਘ ਜੰਮੂ ਦੇ ਪਹਾੜ ਦੇ ਦੱਰੇ ਵਿਚ ਚਲਾ ਗਿਆ ਹੈ ਅਤੇ ਜੇ ਮੈਨੂੰ ਬਾਦਸ਼ਾਹ ਵਲੋਂ ਹੋਰ ਫੌਜ ਮਿਲ ਜਾਏ ਤਾਂ ਮੈਂ ਉਸ ਨੂੰ ਦੱਰੇ ਦੇ ਮੂੰਹ ਤੇ ਛੱਡ ਕੇ ਆਪ ਉਸ ਦੇ ਵਿਰੁੱਧ ਦੱਰੇ ਵਿਚ ਜਾਵਾਂ, ਤਾਂ ਬਾਦਸ਼ਾਹ ਚੁੱਪ ਕਰ ਰਿਹਾ। ਮਾਲੂਮ ਹੁੰਦਾ ਹੈ ਕਿ ਬਾਦਸ਼ਾਹ ਵਲੋਂ ਰੁੱਖਾ ਅਤੇ ਅਯੋਗ ਬਰਤਾਓ ਹੁੰਦਾ ਦੇਖ ਕੇ ਬਾਦਸ਼ਾਹ ਦੀ ਸੇਵਾ ਵਿਚ ਅਰਜ਼ ਕਰਨ ਲਈ ਰੁਸਤਮ-ਦਿਲ ਖ਼ਾਨ ਇਕੱਲਾ ਹੀ ਲਾਹੌਰ ਆ ਗਿਆ। ਬਾਦਸ਼ਾਹ ਨੇ 21 ਅਗਸਤ ਨੂੰ ਹਮੀਦੁ ਦੀਨ ਨੂੰ ਕਿਹਾ ਕਿ ਰੁਸਤਮ-ਦਿਲ ਖ਼ਾਨ ਨੂੰ ਬਾਦਸ਼ਾਹੀ ਲਸ਼ਕਰ ਵਿਚ ਨਾ ਵੜਨ ਦਿੱਤਾ ਜਾਏ, ਪਰ ਜਦ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਉਹ ਤਾਂ ਅੱਗੇ ਹੀ ਲਾਹੌਰ ਆਇਆ ਹੋਇਆ ਹੈ ਅਤੇ ਆਪਣੀ ਹਵੇਲੀ ਵਿਚ ਹੈ ਤਾਂ ਬਾਦਸ਼ਾਹ ਨੇ ਹੁਕਮ ਦੇ ਦਿੱਤਾ ਕਿ ਉਸ ਦਾ ਘਰ ਘਾਟ ਜ਼ਬਤ ਕਰ ਲਿਆ ਜਾਏ ਅਤੇ ਜੇ ਅੱਗੋਂ ਕੋਈ ਹੁੱਤ ਕਰੇ ਤਾਂ ਜਾਨੋਂ ਮਾਰ ਦਿੱਤਾ ਜਾਏ। 22 ਅਗਸਤ (19 ਰਜੱਬ) ਨੂੰ ਜਦ ਸਰਕਾਰੀ ਅਫ਼ਸਰ ਬਾਦਸ਼ਾਹ ਦਾ ਹੁਕਮ ਲੈ ਕੇ ਗਏ ਤਾਂ ਉਹ ਲੜਨ ਨੂੰ ਤਿਆਰ ਹੋ ਪਿਆ। ਇਸ ਲਈ ਬਾਦਸ਼ਾਹ ਨੇ ਹੁਕਮ ਦੇ ਦਿੱਤਾ ਕਿ ਰੁਸਤਮ-ਦਿਲ ਖ਼ਾਨ ਦੇ ਪੈਰੀਂ ਬੇੜੀਆਂ ਪਾ ਕੇ ਕਿਲੇ ਵਿਚ ਕੈਦ ਕਰ ਦਿੱਤਾ ਜਾਏ। ਉਸ ਦਾ ਘਰ ਘਾਟ ਅਤੇ ਮਾਲ ਮਤਾਹ ਸਭ ਜ਼ਬਤ ਕਰ ਲਿਆ ਜਾਏ ਅਤੇ ਉਸ ਦੀ ਹਵੇਲੀ ਸਰਬਰਾਹ ਖ਼ਾਨ ਕੋਤਵਾਲ ਨੂੰ ਰਹਿਣ ਲਈ ਦੇ ਦਿੱਤੀ।

ਜਦ ਉਸ ਨੂੰ ਕਿਲੇ ਵੱਲ ਲਿਜਾ ਰਹੇ ਸਨ ਤਾਂ ਰਸਤੇ ਵਿਚ ਕਈ ਲੋਕਾਂ ਨੇ ਜੋ ਉਸ ਦੇ ਹੱਥੋਂ ਦੁਖੀ ਸਨ, ਉਸ ਨੂੰ ਗਾਲ੍ਹਾਂ ਕੱਢੀਆਂ ਅਤੇ ਮਿੱਟੀ ਦੇ ਬੁੱਕ ਉਸ ਉੱਤੇ ਸੁੱਟੇ, ਪਰ ਉਹ ਆਪਣੇ ਬੇਪਰਵਾਹ ਸੁਭਾਉ ਅਨੁਸਾਰ ਬਿਲਕੁਲ ਘਬਰਾਇਆ ਨਹੀਂ ਬਲਕਿ ਉਨ੍ਹਾਂ ਨਾਲ, ਜੋ ਹਾਥੀ ਉੱਤੇ ਉਸ ਦੇ ਨਾਲ ਬੈਠੇ ਸਨ, ਹਾਸਾ ਮਖ਼ੌਲ ਕਰਦਾ ਰਿਹਾ। ਰਾਹ ਵਿਚ ਇਕ ਪਾਸੇ ਖੜੋਤਿਆਂ ਬੰਦਿਆਂ ਵਿਚੋਂ ਕਿਸੇ ਨੇ ਉੱਚੀ ਸੁਣਾ ਕੇ ਆਖਿਆ : "ਦੱਲਾ, ਦੱਲਾ"। ਇਸਲਾਮ ਖ਼ਾਨ ਇਸ ਵੇਲੇ ਰੁਸਤਮ-ਦਿਲ ਖ਼ਾਨ ਦੇ ਪਿੱਛੇ ਪਿੱਛੇ ਦੂਸਰੇ ਹਾਥੀ ਉੱਤੇ ਆ ਰਿਹਾ ਸੀ। ਰੁਸਤਮ-ਦਿਲ ਖ਼ਾਨ ਨੇ ਬਿਨਾਂ ਕਿਸੇ ਪ੍ਰਕਾਰ ਦੀ ਘਬਰਾਹਟ ਦੇ ਉਨ੍ਹਾਂ ਵੱਲ ਤੱਕਿਆ ਤੇ ਕਹਿਣ ਲੱਗਾ, "ਭਾਈ ! ਕਿਸ ਤੋਂ ਮਤਲਬ ਹੈ ? ਅਗਲਾ ਦੱਲਾ ਕਿ ਪਿਛਲਾ ਦੱਲਾ ?" ਰੁਸਤਮ-ਦਿਲ ਖ਼ਾਨ ਦਾ ਮੀਰ ਤੁਜ਼ਕ ਦਾ ਅਹੁਦਾ ਇਸਲਾਮ ਖ਼ਾਨ ਨੂੰ ਦਿੱਤਾ ਗਿਆ ਅਤੇ ਇਨਾਇਤੁੱਲਾ ਖ਼ਾਨ ਖ਼ਾਨਿ-ਸਾਮਾਂ ਨੂੰ ਹੁਕਮ ਹੋਇਆ ਕਿ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਏ। ਰੁਸਤਮ-ਦਿਲ ਪਾਸੋਂ 500 ਸੋਨੇ ਦੀਆਂ ਅਸ਼ਰਫ਼ੀਆਂ, ਇਕ ਲੱਖ ਛੱਤੀ ਹਜ਼ਾਰ ਰੁਪਿਆ, 11 ਹਾਥੀ, 70 ਘੋੜੇ, 18 ਊਠ, ਕੁਝ ਹੀਰੇ ਜੁਆਹਰ ਅਤੇ 40 ਗੱਡੇ ਤੰਬੂਆਂ ਦੇ ਮਿਲੇ। 27 ਨਵੰਬਰ (27 ਸ਼ੱਵਾਲ) ਨੂੰ ਬਾਦਸ਼ਾਹ ਦੀ ਸੇਵਾ

ਵਿਚ ਅਰਜ਼ ਹੋਈ ਕਿ ਰੁਸਤਮ-ਦਿਲ ਖ਼ਾਨ ਦਾ ਵੱਡਾ ਭਾਈ ਸਿਕੰਦਰ ਖ਼ਾਨ ਕਾਂਗੜੇ ਦਾ ਕਿਲੇਦਾਰ ਮਰ ਗਿਆ ਹੈ। ਇਸ ਵੇਲੇ ਰੁਸਤਮ-ਦਿਲ ਖ਼ਾਨ ਨੂੰ ਕੈਦ ਹੋਏ ਨੂੰ ਤਿੰਨ ਮਹੀਨਿਆਂ ਤੋਂ ਉੱਪਰ ਸਮਾਂ ਹੋ ਗਿਆ ਸੀ, ਅਤੇ ਬਾਦਸ਼ਾਹ ਦਾ ਗੁੱਸਾ ਭੀ ਢੈਲਾ ਹੋ ਗਿਆ ਸੀ। ਉਸ ਨੇ ਰੁਸਤਮ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ, ਗ਼ਜ਼ੰਫ਼ਰ ਖ਼ਾਨ ਦਾ ਖ਼ਿਤਾਬ ਬਖ਼ਸ਼ਿਆ ਅਤੇ ਕਾਂਗੜੇ ਦਾ ਕਿਲੇਦਾਰ ਨਿਯਤ ਕਰ ਦਿੱਤਾ।

ਅਧਿਆਇ 15

# ਬਹਾਦੁਰ ਸ਼ਾਹ ਬਾਦਸ਼ਾਹ ਲਾਹੌਰ ਵਿਚ

## ਉਸ ਦੀ ਮੌਤ ਅਤੇ ਪਿੱਛੋਂ

ਜਿਵੇਂ ਪਿੱਛੇ ਤੇਰ੍ਹਵੇਂ ਅਧਿਆਇ ਦੇ ਅੰਤ ਵਿਚ ਦੱਸਿਆ ਜਾ ਚੁੱਕਾ ਹੈ, ਬਹਾਦੁਰ ਸ਼ਾਹ ਬਾਦਸ਼ਾਹ 1 ਅਗਸਤ ਸਨ 1711 (27 ਜਮਾਦੀ-ਉ-ਸਾਨੀ ਸਨ 1123 ਹਿਜਰੀ), (ਪੰਜ ਬਹਾਦੁਰ ਸ਼ਾਹੀ) ਨੂੰ ਲਾਹੌਰ ਪੁੱਜਾ ਸੀ। ਇਥੇ ਉਸ ਨੇ ਆਪਣਾ ਡੇਰਾ ਸ਼ਾਹੀ ਕਿਲੇ ਵਿਚ ਨਹੀਂ ਸੀ ਕੀਤਾ, ਬਲਕਿ ਰਾਵੀ ਦੇ ਕੰਢੇ ਪਿੰਡ ਆਲੂਵਾਲਾ ਦੇ ਪਾਸ ਰਖਿਆ। ਸ਼ਾਹਜ਼ਾਦਾ ਅਜ਼ੀਮੁੱਸ਼ਾਨ ਪਿੰਡ ਅਵਾਨ ਪਾਸ ਟਿਕਿਆ ਅਤੇ ਡੇਰੇ ਦੇ ਆਲੇ ਦੁਆਲੇ ਖਜ਼ਾਨੇ ਦੇ ਗੱਡਿਆਂ ਨਾਲ ਵਲਗਨ ਵਗਲ ਲਈ। ਮੁਹੰਮਦ ਮੁਅੱਜ਼ੁਦੀਨ ਦਾ ਡੇਰਾ ਪ੍ਰਵੇਜ਼ਾਬਾਦ ਮੰਡੀ ਦੇ ਲਾਗੇ ਸੀ, ਰਫ਼ੀ-ਉ-ਸ਼ਾਨ ਦਾ ਦਰਿਆ ਦੇ ਕੰਢੇ ਧਰਮੂ ਦੇ ਬਾਗ਼ ਪਾਸ ਅਤੇ ਮੁਹੰਮਦ ਜਹਾਨ ਸ਼ਾਹ ਦਾ ਸ਼ਾਹਮੀਰ ਖੁਸ਼ ਦੇ ਮੈਦਾਨ ਵਿਚ। ਇਸ ਵੇਲੇ ਚੂੰਕਿ ਉਹ ਸਿੰਘਾਂ ਦੇ ਵਿਰੁੱਧ ਸੀ ਅਤੇ ਗਾਜ਼ੀ ਦੀ ਪੱਦਵੀ ਦੀ ਪ੍ਰਾਪਤੀ ਦੇ ਖ਼ਿਆਲ ਨਾਲ ਬੰਦਾ ਸਿੰਘ ਦੇ ਵਿਰੁੱਧ ਮੁਹਿਮ ਦੇ ਕਾਰਣ ਪੰਜਾਬ ਨੂੰ ਆਇਆ ਸੀ, ਇਸ ਲਈ ਬਾਦਸ਼ਾਹ ਦੇ ਲਾਹੌਰ ਵੱਲ ਨੂੰ ਆ ਰਹੇ ਹੋਣ ਦੀਆਂ ਖ਼ਬਰਾਂ ਸੁਣ ਕੇ ਹੀ ਲਾਹੌਰ ਦੇ ਕੱਟੜ ਮੁਸਲਮਾਨਾਂ ਦੀ ਚੜ੍ਹ ਮਚ ਗਈ ਸੀ ਅਤੇ ਲਾਹੌਰ ਦੇ ਸਿੱਖਾਂ ਲਈ ਬੜੀ ਆਫ਼ਤ ਦੇ ਦਿਨ ਗੁਜ਼ਰ ਰਹੇ ਸਨ। ਇਹ ਮੁਸੀਬਤ ਉਨ੍ਹਾਂ ਦਿਨਾਂ ਤੋਂ ਉੱਠੀ ਹੋਈ ਸੀ ਜਦ ਕਿ ਹੈਦਰੀ ਝੰਡੇ ਵਾਲੇ ਜਹਾਦ ਦੇ ਆਗੂ ਸੱਯਦ ਇਨਾਇਤ, ਅਤਾਉਲਾ, ਮੁਹੰਮਦ ਤਕੀ ਆਦਿ ਭੀਲੋਵਾਨ ਵਿਚ ਮਾਰ ਖਾ ਕੇ ਨਿਮੋਝੂਣੇ ਮੁੜੇ ਸਨ। ਰਣਭੂਮੀ ਵਿਚ ਟਾਕਰਾ ਕਰ ਸਕਣ ਦੀ ਹਿੰਮਤ ਨਾ ਹੋਣ ਕਰਕੇ ਛਿੱਥੇ ਪਏ ਹੋਏ ਜਹਾਦੀ ਮੁਲਾਣਿਆਂ ਨੇ ਆਪਣੇ ਕੱਟੜ ਮੁਸਲਮਾਨ ਭਰਾਵਾਂ ਦੇ ਧਾਰਮਿਕ ਜਜ਼ਬਿਆਂ ਨੂੰ ਭੜਕਾ ਦਿੱਤਾ ਕਿ ਕਾਫ਼ਰਾਂ ਦੇ ਘਰ ਘਾਟ ਫੂਕ ਦਿਓ ਅਤੇ ਜੋ ਹੱਥ ਆਵੇ ਲੁੱਟ ਲਓ। 'ਤਾਰੀਖਿ ਮੁਹੰਮਦ ਸ਼ਾਹੀ' ਦਾ ਕਰਤਾ ਦੱਸਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਸਿੱਖਾਂ ਦੀ ਕਤਲਾਮ ਦਾ ਸ਼ਾਹੀ ਫ਼ਰਮਾਨ ਭੀ ਇਥੇ ਪੁੱਜ ਗਿਆ। ਇਸ ਨਾਲ ਪਾਗਲ ਕੱਟੜਾਂ ਨੂੰ ਲੋਕਾਂ ਉੱਤੇ ਵਧੀਕੀਆਂ ਕਰਨ ਦੀ ਸਰਕਾਰੀ ਸ਼ਹਿ ਮਿਲ ਗਈ। ਇਨ੍ਹਾਂ ਨੇ ਅੰਨ੍ਹੇਵਾਹ ਲੋਕਾਂ ਉੱਤੇ ਅਤਿਆਚਾਰ ਸ਼ੁਰੂ ਕਰ ਦਿੱਤੇ ਅਤੇ ਬਹੁਤ ਸਾਰੇ ਲੋਕ ਸਿੱਖ ਜਾਂ ਸਿੱਖਾਂ ਦੇ ਪੱਖੀ ਜਾਂ ਹਮਦਰਦ ਹੋਣ ਕਰਕੇ ਜਾਂ ਝੂਠ ਮੂਠ ਕਹਿ ਕੇ ਮਾਰ ਦਿੱਤੇ ਗਏ। ਉਨ੍ਹਾਂ ਨੇ ਨਿਰੋਲ ਹਿੰਦੂਆਂ ਦੀ ਧਾਰਮਿਕ ਪੂਜਾ ਭੀ ਰੋਕਣੀ ਸ਼ੁਰੂ ਕਰ ਦਿੱਤੀ ਜਿਸ ਦਾ ਨਤੀਜਾ ਇਹ ਹੋਇਆ ਕਿ ਇਕ ਗ਼ਰੀਬ ਅਵਧੂਤ (ਸੰਨਿਆਸਨ) ਹਿੰਦੂ ਜ਼ਨਾਨੀ ਮਾਰ ਦਿੱਤੀ ਗਈ ਜਿਸ ਤੋਂ ਬਾਅਦ ਲਾਹੌਰ ਵਿਚ ਹਿੰਦੂ ਮੁਸਲਿਮ ਫ਼ਸਾਦ ਹੋ ਗਿਆ।

ਪੁਰਾਣਿਆਂ ਸਮਿਆਂ ਤੋਂ ਰਾਵੀ ਦੇ ਕੰਢੇ ਬਾਦਸ਼ਾਹੀ ਮਹਿਲ ਪਾਸ ਸੰਨਿਆਸੀਆਂ ਦਾ ਇਕ ਮੱਠ ਸੀ ਜਿਥੇ ਉਹ ਤਪੱਸਿਆ ਕਰਦੇ ਅਤੇ ਸਮਾਧੀ ਲਾਇਆ ਕਰਦੇ ਸਨ। ਸੰਨਿਆਸੀਆਂ ਵਿਚੋਂ ਇਕ ਅਵਧੂਤ ਜ਼ਨਾਨੀ ਸਮਾਧੀ ਵਿਚ ਮਗਨ ਸੀ, ਕਿ ਕੁਝ ਲੁੱਚੇ ਲਫੰਗੇ ਮੁਸਲਮਾਨਾਂ ਨੇ ਕੱਟੜਪਣ ਵਿਚ ਉਸ ਦੇ ਦਿਲ ਵਿਚ ਛੁਰਾ ਮਾਰ ਦਿੱਤਾ ਅਤੇ ਉਸ ਦੀ ਖੋਪਰੀ ਤੋੜ ਦਿੱਤੀ। ਉਸ ਦੇ ਜ਼ਖ਼ਮ ਵਿਚੋਂ ਇਸ ਤਰ੍ਹਾਂ ਲਹੂ ਵਗ ਤੁਰਿਆ ਜਿਵੇਂ ਝਰਨੇ ਵਿਚੋਂ ਪਾਣੀ ਵਗਦਾ ਹੈ ਅਤੇ ਘੰਟੇ ਵਿਚ ਦੋ ਤਿੰਨ ਵਾਰੀ ਜ਼ਖ਼ਮ ਵਿਚੋਂ ਲੋ ਦੀ ਇਕ ਛੋਟੀ ਜਿਹੀ ਰਿਸ਼ਮ ਨਿਕਲਦੀ ਅਤੇ ਹਵਾ ਵਿਚ ਅਲੋਪ ਹੋ ਜਾਂਦੀ। ਜਿਹੜੇ ਭੀ ਹਿੰਦੂ ਅਤੇ ਮੁਸਲਮਾਨ ਮੌਕੇ ਉੱਤੇ ਮੌਜੂਦ ਸਨ ਸਭ ਨੂੰ ਇਸ ਦੁੱਖਭਰੀ ਘਟਨਾ ਉੱਤੇ ਬੜਾ ਅਫ਼ਸੋਸ ਅਤੇ ਅਚੰਭਾ ਹੋਇਆ, ਪਰ ਮੁਸਲਮਾਨੀ ਪੱਖਪਾਤ ਕਰਕੇ ਕੋਈ ਮੂੰਹੋਂ ਬੋਲ ਨਹੀਂ ਸੀ ਸਕਦਾ। ਇਸ ਤੋਂ ਬਾਅਦ ਇਕ ਹੋਰ ਜ਼ਿਆਦਾ ਚਿੰਤਾ ਭਰੀ ਘਟਨਾ ਵਾਪਰ ਗਈ।

ਇਕ ਦਿਨ ਖ਼ਾਨਿ-ਖ਼ਾਨਾਂ ਦੇ ਹਿੰਦੂ ਮੁਤਸੱਦੀ ਸ਼ਿਵ ਸਿੰਘ ਦੇ ਰਿਸ਼ਤੇਦਾਰ, ਜਿਸ ਦੇ ਪੁੱਤਰ ਨੂੰ ਮਾਤਾ ਨਿਕਲੀ ਹੋਈ ਸੀ, ਸੀਤਲਾ ਮਾਈ ਦੀ ਪੂਜਾ ਕਰਨ ਲਈ ਗਾਉਂਦੇ ਅਤੇ ਢੋਲ ਵਜਾਉਂਦੇ ਸੀਤਲਾ ਦੇਵੀ ਦੇ ਮੰਦਰ ਨੂੰ ਜਾ ਰਹੇ ਸਨ। ਇਸ ਉੱਤੇ ਲਾਹੌਰ ਦੇ ਕੱਟੜ ਮੌਲਾਣਿਆਂ ਅਤੇ ਮੌਲਵੀਆਂ ਨੇ ਇਸਲਾਮ ਦੇ ਨਾਉਂ ਉੱਤੇ ਇਹ ਕਹਿ ਕੇ ਸ਼ੋਰ ਮਚਾ ਦਿੱਤਾ ਕਿ ਸ਼ਹਿਰ ਵਿਚ ਕੁਫ਼ਰ ਵੱਧਦਾ ਜਾ ਰਿਹਾ ਹੈ। ਇਹ ਰੌਲਾ ਸੁਣ ਕੇ ਲੱਖ ਕੁ ਮੁਸਲਮਾਨ ਜਮਾਂ ਹੋ ਗਏ। ਇਨ੍ਹਾਂ ਵਿਚ ਬਹੁਤ ਸਾਰੇ ਅਰਾਈਂ ਅਤੇ ਮੋਚੀ ਸਨ ਅਤੇ ਇਨ੍ਹਾਂ ਦਾ ਮੋਹਰੀ ਸ਼ਹਿਰ ਦੇ ਲੇਖਾਕਾਰ ਦਾ ਮਿੱਤਰ ਵਿਰਦੀ ਬੇਗ ਸੀ ਜਿਸ ਦੀ ਪਿੱਠ ਉੱਤੇ ਮੌਲਾਣਿਆਂ ਦਾ ਹੱਥ ਸੀ। ਇਨ੍ਹਾਂ ਨੇ ਸ਼ਹਿਰ ਦੇ ਨਿਹੱਥੇ ਅਤੇ ਰੱਖਿਆ-ਹੀਣ ਹਿੰਦੂਆਂ ਨੂੰ ਲੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਹਿੰਦੂ ਵਿਚਾਰੇ ਡਰਦੇ ਮਾਰੇ ਮੂੰਹੋਂ ਕੁਝ ਬੋਲਦੇ ਭੀ ਨਹੀਂ ਸੀ ਅਤੇ ਚੁਪ ਕੀਤੇ ਸਾਰੇ ਨਿਰਾਦਰ ਸਹੀ ਜਾ ਰਹੇ ਸਨ। ਜੇ ਕਿਧਰੇ ਬਚਨ ਸਿੰਘ ਕਛਵਾਹਾ ਅਤੇ ਬਦਨ ਸਿੰਘ ਬੁੰਦੇਲਾ, ਜਿਨ੍ਹਾਂ ਨੂੰ ਬਾਦਸ਼ਾਹ ਨੇ ਸ਼ਹਿਰ ਦੀ ਰਾਖੀ ਲਈ ਨਿਯਤ ਕੀਤਾ ਹੋਇਆ ਸੀ, ਵੇਲੇ ਸਿਰ ਇਨ੍ਹਾਂ ਦੀ ਸਹਾਇਤਾ ਨਾ ਕਰਦੇ ਤਾਂ ਸ਼ਾਇਦ ਸ਼ਹਿਰ ਦੀ ਬਹੁਤ ਸਾਰੀ ਹਿੰਦੂ ਵਸੋਂ ਮਾਰ ਕੇ ਮੁਕਾ ਹੀ ਦਿੱਤੀ ਜਾਂਦੀ। ਇਸ ਨਾਜ਼ਕ ਮੌਕੇ ਤੇ ਇਨ੍ਹਾਂ ਦੋਹਾਂ ਸਰਦਾਰਾਂ ਨੇ ਸ਼ਹਿਰੋਂ ਬਾਹਰ ਇਕ ਸੁਰੱਖਿਅਤ ਥਾਂ ਮੱਲ ਲਈ ਅਤੇ ਢੋਲ ਵਜਾ ਕੇ ਹਿੰਦੂਆਂ ਨੂੰ ਆਪਣੀ ਰਾਖੀ ਵਿਚ ਬਾਹਰ ਸੱਦ ਲਿਆ। ਜ਼ਬਰਦਸਤ ਖ਼ਾਨ ਨੇ ਇਸ ਵੇਲੇ ਦੇ ਬਣ ਰਹੇ ਹਾਲਾਤ ਨੂੰ ਭਾਂਪ ਲਿਆ ਅਤੇ ਇਸ ਦੀ ਸਲਾਹ ਮੰਨ ਕੇ ਲਾਹੌਰ ਦੇ ਹਾਕਮ ਅਸਲਮ ਖ਼ਾਨ ਨੇ ਇਸ ਫ਼ਸਾਦ ਨੂੰ ਠੰਢਾ ਕੀਤਾ।

'ਤਾਰੀਖਿ-ਮੁਹੰਮਦ ਸ਼ਾਹੀ' ਦਾ ਕਰਤਾ ਅੱਗੇ ਚਲ ਕੇ ਦੱਸਦਾ ਹੈ ਕਿ ਅਸਲੀਅਤ ਦੇ ਬਿਲਕੁਲ ਉਲਟ ਇਨ੍ਹਾਂ ਜਹਾਲਤ ਵਿਚ ਡੁੱਬੇ ਹੋਏ ਮੂਰਖ ਕੱਟੜਾਂ ਨੇ ਬਾਦਸ਼ਾਹ ਪਾਸ ਜਾ ਸ਼ਿਕਾਇਤ ਕੀਤੀ ਕਿ ਇਸ ਫ਼ਸਾਦ ਵਿਚ ਮੁਸਲਮਾਨਾਂ ਨੂੰ ਹਿੰਦੂਆਂ ਦੇ ਹੱਥੋਂ ਬਹੁਤ ਨੁਕਸਾਨ ਪੁੱਜਾ ਹੈ। ਕੁਝ ਸੁਆਰਥੀ ਬੰਦਿਆਂ ਨੇ ਬਾਦਸ਼ਾਹ ਨੂੰ ਇਹ ਭੀ ਕਿਹਾ ਜਾਪਦਾ ਹੈ ਕਿ ਇਸ ਫ਼ਸਾਦ ਦੀ ਤਹਿ ਵਿਚ ਸਿੱਖਾਂ ਦਾ ਹੱਥ ਹੈ। ਬਾਦਸ਼ਾਹ ਨੇ ਇਨ੍ਹਾਂ ਸ਼ਿਕਾਇਤੀਆਂ ਨੂੰ ਕੁਰਾਨ ਸ਼ਰੀਫ ਅਤੇ ਹਦੀਸ ਦੇ ਹਵਾਲੇ ਦੇ ਕੇ ਨਸੀਹਤਾਂ ਕੀਤੀਆਂ ਅਤੇ

ਸਿੱਖਾਂ ਅਤੇ ਹਿੰਦੂਆਂ ਵਿਚ ਪਛਾਣ ਕਰਨ ਲਈ ਆਪਣਾ ਸ਼ਾਹੀ ਫ਼ਰਮਾਨ ਮੁੜ ਉਜਾਗਰ ਕੀਤਾ ਕਿ ਬਾਦਸ਼ਾਹੀ ਲਸ਼ਕਰ ਦੇ ਸਾਰੇ ਹਿੰਦੂ ਆਪਣੀਆਂ ਦਾੜ੍ਹੀਆਂ ਮੁਨਾ ਦੇਣ। ਦਾੜ੍ਹੀ ਅਤੇ ਸਿਰ ਦੇ ਕੇਸ ਹੀ ਦੋਹਾਂ ਵਿਚਕਾਰ ਜ਼ਾਹਰਾ ਪਛਾਣ ਦੇ ਚਿੰਨ੍ਹ ਹਨ, ਕਿਉਂਕਿ 'ਸੀਅਰੁਲ-ਮੁਤਾਖ਼ਰੀਨ' ਦੀ ਲਿਖਤ ਅਨੁਸਾਰ ਸਿੱਖ ਕਿਸੇ ਹਾਲਤ ਵਿਚ ਭੀ, ਭਾਵੇਂ ਮੌਤ ਦਾ ਦੁੱਖ ਅਤੇ ਭੈ ਸਾਹਮਣੇ ਕਿਉਂ ਨਾ ਹੋਵੇ, ਆਪਣੀਆਂ ਦਾੜ੍ਹੀਆਂ ਜਾਂ ਸਰੀਰ ਦੇ ਕਿਸੇ ਹਿੱਸੇ ਦੇ ਭੀ ਰੋਮ ਨਹੀਂ ਕੱਟਣ ਜਾਂ ਮੁਨਾਉਣਗੇ।

ਸ਼ਾਹ ਜਹਾਨਾਬਾਦ ਦੇ ਫੌਜਦਾਰ ਯਾਰ-ਮੁਹੰਮਦ ਖ਼ਾਨ ਕਲੰਧਰ ਦੇ 'ਦਸਤੂਰੁਲ-ਇਨਸ਼ਾ' ਅਤੇ 'ਰੁੱਕਾਤਿ–ਅਮੀਨੁਦੌਲਾ' ਦੇ ਪੰਜਵੇਂ ਰੁੱਕੇ ਵਿਚ ਲਿਖਿਆ ਹੋਇਆ ਹੈ ਕਿ :

> ਉਸੇ ਦਿਨ ਜਿਸ ਦਿਨ ਕਿ ਨਾਨਕ-ਪ੍ਰਸਤਾਂ (ਨਾਨਕ ਪੂਜ-ਸਿੱਖਾਂ) ਨੂੰ ਉਨ੍ਹਾਂ ਦੀਆਂ ਸ਼ਰਾਰਤਾਂ ਦੀ ਸਜ਼ਾ ਮਿਲੀ, ਸ਼ਾਹੀ ਹੁਕਮ ਜਾਰੀ ਹੋਇਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂਆਂ ਦੀਆਂ ਦਾੜ੍ਹੀਆਂ ਕੱਟ ਦਿੱਤੀਆਂ ਜਾਣ ਅਤੇ ਸਾਰੇ ਸੂਬਿਆਂ ਵਿਚ ਹੁਕਮ ਉਜਾਗਰ ਕਰ ਦਿੱਤਾ ਜਾਏ ਕਿ ਕੋਈ ਬੇਦੀਨ (ਗ਼ੈਰ-ਮੁਸਲਿਮ) ਲੰਮੀ ਦਾੜ੍ਹੀ ਨਾ ਰੱਖੇ ਅਤੇ ਜੇ ਕੋਈ ਅਜਿਹਾ ਮਿਲ ਜਾਏ ਤਾਂ ਉਸ ਦੀ ਦਾੜ੍ਹੀ ਪੁੱਟ ਦਿੱਤੀ ਜਾਏ। ਚੁਨਾਂਚਿ ਸਾਰੇ ਬਾਦਸ਼ਾਹੀ ਦੇਸ਼ਾਂ ਵਿਚ ਇਹ ਗੱਲ ਨਸ਼ਰ ਕਰ ਦਿੱਤੀ ਗਈ। ਬਾਦਸ਼ਾਹੀ ਕੰਪੂ ਵਿਚ ਇਸ ਹੁਕਮ ਨੇ ਇਹ ਰੂਪ ਧਾਰ ਲਿਆ ਕਿ ਫ਼ੌਜਾਂ ਦੇ ਦਿਓ-ਕੱਦ ਸਰਦਾਰ ਨਾਈਆਂ ਨੂੰ ਨਾਲ ਲਈ ਗੰਦੇ ਪਾਣੀ ਦੀਆਂ ਚਿਲਮਚੀਆਂ ਸਮੇਤ ਗਲੀਆਂ ਅਤੇ ਬਜ਼ਾਰਾਂ ਵਿਚ ਜਿਸ ਕਿਸੇ ਨੂੰ ਦੇਖਦੇ ਨਿਰਾਦਰੀ ਨਾਲ ਉਸ ਦੀ ਦਾੜ੍ਹੀ ਮੁੰਨ ਦਿੰਦੇ ਅਤੇ ਉਸ ਦੀ ਪਗੜੀ ਅਤੇ ਜਾਮੇ ਲਾਹ ਦਿੰਦੇ। ਬਾਦਸ਼ਾਹ ਅਤੇ ਸ਼ਾਹਜ਼ਾਦਿਆਂ ਦੇ ਦਫ਼ਤਰਾਂ ਦੇ ਜਾਣਕਾਰ ਮੁਤਸੱਦੀ ਅਤੇ ਦੂਸਰੇ ਹਿੰਦੂ ਆਪਣੀਆਂ ਦਾੜ੍ਹੀਆਂ ਆਪਣੇ ਆਪਣੇ ਘਰੀਂ ਹੀ ਮੁਨਾ ਕੇ (ਮਾਲਕਾਂ ਦੇ) ਹਜ਼ੂਰ ਆਉਂਦੇ। ਚੁਨਾਂਚਿ ਇਹ ਗੱਲ ਵਧਦੀ ਗਈ ਅਤੇ ਦਿਨੋਂ ਦਿਨ ਉਦੋਂ ਤੱਕ ਜ਼ਿਆਦਾ ਹੁੰਦੀ ਗਈ ਜਦ ਕਿ ਬਾਦਸ਼ਾਹੀ ਡੇਰਾ ਲਾਹੌਰ ਦੇ ਲਾਗੇ ਜਾ ਪੁੱਜਾ ਅਤੇ ਤਖ਼ਤ ਉੱਤੇ ਬੈਠਣ ਦੀ ਰਸਮ ਲਈ ਤਿਆਰੀਆਂ ਦਾ ਹੁਕਮ ਜਾਰੀ ਹੋ ਗਿਆ।

ਕੁਝ ਚਿਰ ਤੋਂ ਬਾਦਸ਼ਾਹ ਵਲੋਂ ਸ਼ੀਆਂ ਵਲ ਝੁਕਾਓ ਦੇ ਕਾਰਣ ਅੰਦਰੋਂ ਅੰਦਰ ਸੁੰਨੀਆਂ ਵਿਚ ਤੌਖ਼ਲਾ ਪੈਦਾ ਹੋ ਰਿਹਾ ਸੀ। ਸਾਰੀ ਹਕੂਮਤ ਦੀਆਂ ਮਸੀਤਾਂ ਵਿਚ ਬਾਦਸ਼ਾਹ ਲਈ ਜੁਮੇ ਦੀ ਨਮਾਜ਼ ਵਿਚ ਹਜ਼ਰਤ ਮੁਹੰਮਦ ਦੇ ਵਾਰਸ ਹਜ਼ਰਤ ਅਲੀ ਲਈ ਸ਼ਬਦ 'ਵਸੀ' ਦਾ ਵਾਧਾ ਰੌਲੇ ਦਾ ਕਾਰਣ ਬਣ ਗਿਆ। ਇਸੇ ਕਾਰਣ ਅਗੇ ਸੁੰਨੀਆਂ ਅਤੇ ਸ਼ੀਆਂ ਵਿਚਕਾਰ ਅਹਿਮਦਾਬਾਦ ਅਤੇ ਹੋਰ ਥਾਈਂ ਫ਼ਸਾਦ ਹੋ ਚੁੱਕੇ ਸਨ ਅਤੇ ਲਾਹੌਰ ਵਿਚ ਭੀ ਸੁੰਨੀ ਮੁੱਲਾਵਾਂ ਦੇ ਇਤਰਾਜ਼ ਕਰਨ ਪਰ ਕੁਝ ਚਿਰ ਤੋਂ ਜੁਮੇ ਦੀ ਨਮਾਜ਼ ਪਿੱਛੋਂ ਖ਼ੁਤਬਾ ਨਹੀਂ ਸੀ ਪੜ੍ਹਿਆ ਗਿਆ। ਲਾਹੌਰ ਪੁੱਜਣ ਪਰ ਪਹਿਲਾਂ ਪਹਿਲਾਂ ਤਾਂ ਬਾਦਸ਼ਾਹ

ਆਪਣੇ ਹਠ ਉੱਤੇ ਅੜਿਆ ਰਿਹਾ, ਖੁਤਬਾ ਨਾ ਪੜ੍ਹਨ ਵਾਲੇ ਖ਼ਤੀਬ ਨੂੰ ਗ੍ਰਿਫ਼ਤਾਰ ਕਰਕੇ ਕੈਦ ਕਰਨ ਲਈ ਆਗਰੇ ਭੇਜ ਦਿੱਤਾ ਅਤੇ ਇਸਲਾਮ ਖ਼ਾਨ ਮੀਰਆਤਿਸ਼ ਨੂੰ ਹੁਕਮ ਦਿੱਤਾ ਕਿ ਅਗਲੇ ਜੁਮੇ ਨੂੰ ਤੋਪਖ਼ਾਨਾ ਲੈ ਕੇ ਜਾਮੇ-ਮਸੀਤ ਜਾਵੇ ਅਤੇ ਨਵੇਂ ਰੂਪ ਵਿਚ ਸ਼ਬਦ 'ਵਸੀ' ਵਧਾ ਕੇ ਖ਼ੁਤਬਾ ਪੜ੍ਹੇ ਜਾਣ ਦਾ ਪ੍ਰਬੰਧ ਕਰੇ। ਪਰ ਆਖ਼ਰ ਬਾਦਸ਼ਾਹ ਨੇ ਹਠ ਛੱਡ ਦਿੱਤਾ ਅਤੇ 19 ਸ਼ਾਬਾਨ 1123 (21 ਸਤੰਬਰ ਸਨ 1711) ਜੁਮੇ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਸਮੇਂ ਦੀ ਤਰ੍ਹਾਂ ਹੀ ਪੁਰਾਣੇ ਢੰਗ ਦਾ ਖੁਤਬਾ ਪੜ੍ਹਿਆ ਗਿਆ ਅਤੇ ਇਸ ਤਰ੍ਹਾਂ ਸ਼ੀਆਂ ਅਤੇ ਸੁੰਨੀਆਂ ਵਿਚਕਾਰ ਫ਼ਸਾਦ ਹੋ ਜਾਣ ਦਾ ਖ਼ਤਰਾ ਮਿਟ ਗਿਆ।

ਬਾਦਸ਼ਾਹ ਦੇ ਲਾਹੌਰ ਟਿਕੇ ਹੋਣ ਵੇਲੇ ਬੰਦਾ ਸਿੰਘ ਜੰਮੂ ਦੀਆਂ ਪਹਾੜੀਆਂ ਚੋਂ ਨਿਕਲ ਕੇ ਦੱਖਣ-ਚੜ੍ਹਦੇ ਨੂੰ ਖਿਸਕ ਗਿਆ ਅਤੇ ਮੁਹੰਮਦ ਅਮੀਨ ਖ਼ਾਨ ਦੀਆਂ ਫੌਜਾਂ ਉਸ ਦੀ ਸੂਹ ਪਿਛੇ ਪਈਆਂ ਰਹੀਆਂ, ਅਤੇ ਜਦੋਂ ਭੀ ਬਾਦਸ਼ਾਹ ਨੂੰ ਕੋਈ ਖ਼ਬਰ ਮਿਲਦੀ ਤਾਂ ਉਹ ਜ਼ਰੂਰੀ ਹੁਕਮ ਦੇ ਦਿੰਦਾ।

1 ਜ਼ੀ-ਅਲਹਿੱਜਾ 1123 ਹਿਜ਼ਰੀ (30 ਦਸੰਬਰ 1711) ਨੂੰ ਬਾਦਸ਼ਾਹ ਬਹਾਦੁਰ ਸ਼ਾਹ ਦੇ ਰਾਜ ਦਾ ਛੇਵਾਂ ਸਾਲ ਆਰੰਭ ਹੋਇਆ। ਇਸ ਮਹੀਨੇ ਦੇ ਅੱਧ ਵਿਚ ਜਨਵਰੀ ਦੇ ਦੂਸਰੇ ਹਫ਼ਤੇ ਦੇ ਅੰਤ ਉਸ ਦੀ ਤਬੀਅਤ ਕੁਝ ਖਰਾਬ ਹੋ ਗਈ ਅਤੇ ਦਿਨੋਂ ਦਿਨ ਉਸ ਦੀ ਹਾਲਤ ਬਿਗੜਦੀ ਗਈ। ਪਿੱਛੋਂ ਉਸ ਦੇ ਦਿਮਾਗ ਵਿਚ ਕੁਝ ਖਰਾਬੀ ਜਿਹੀ ਆ ਗਈ ਅਤੇ ਇਉਂ ਪ੍ਰਤੀਤ ਹੋਣ ਲੱਗ ਪਿਆ ਜਿਵੇਂ ਕਿ ਬਾਦਸ਼ਾਹ ਨੂੰ ਭਰਮ (ਵਹਿਮ) ਦੀ ਬੀਮਾਰੀ ਹੋ ਗਈ ਹੈ। ਇਕ ਦਿਨ ਫ਼ਰਵਰੀ 1712 ਦੇ ਦੂਸਰੇ ਹਫ਼ਤੇ (ਮੁਹੱਰਮ 1124 ਹਿਜ਼ਰੀ ਦੇ ਅੱਧ ਵਿਚ) ਪਤਾ ਨਹੀਂ ਬਾਦਸ਼ਾਹ ਦੇ ਦਿਮਾਗ ਵਿਚ ਕੀ ਗੱਲ ਸਮਾਈ ਕਿ ਉਸ ਨੇ ਹੁਕਮ ਦੇ ਦਿੱਤਾ ਕਿ ਬਾਦਸ਼ਾਹੀ ਡੇਰੇ ਅਤੇ ਸ਼ਹਿਰ ਦੇ ਸਾਰੇ ਕੁੱਤੇ ਅਤੇ ਖੋਤੇ ਮਾਰ ਦਿੱਤੇ ਜਾਣ ਅਤੇ ਜੋਗੀ ਸਾਧੂਆਂ ਅਤੇ ਸੰਨਿਆਸੀਆਂ ਨੂੰ ਕੱਢ ਦਿੱਤਾ ਜਾਏ। ਪੰਜਾਬ ਵਿਚ ਇਹ ਇਕ ਪੁਰਾਣਾ ਵਹਿਮ ਹੁਣ ਤੱਕ ਚਲਿਆ ਆ ਰਿਹਾ ਹੈ ਕਿ ਕੁੱਤੇ ਉਦੋਂ ਰੋਂਦੇ ਹਨ ਜਦ ਉਨ੍ਹਾਂ ਨੂੰ ਅਸਮਾਨ ਵਿਚ ਜਮਦੂਤ ਜਾਂ ਮੌਤ ਦੇ ਫ਼ਰਿਸ਼ਤੇ ਦਿਸਦੇ ਹਨ। ਸ਼ਾਇਦ ਬਾਦਸ਼ਾਹ ਨੂੰ ਆਪਣੀ ਵਡੇਰੀ ਉਮਰ ਵਿਚ ਵੱਧਦੀ ਜਾ ਰਹੀ ਬੀਮਾਰੀ ਦੇ ਦਿਨੀਂ ਕੁੱਤਿਆਂ ਦੇ ਰੋਣ ਦੀ ਆਵਾਜ਼ ਸੁਣ ਕੇ ਆਪਣੀ ਮੌਤ ਦਾ ਭੈ ਆਉਣ ਲੱਗ ਪਿਆ ਹੋਵੇ। ਚੁਨਾਂਚਿ ਬਾਦਸ਼ਾਹ ਦਾ ਹੁਕਮ ਹੋਣ ਪਰ ਸੈਂਕੜੇ ਕੁੱਤੇ ਹਰ ਰੋਜ਼ ਮਾਰੇ ਜਾਣ ਲੱਗ ਪਏ। ਅਮੀਨ ਦੀਨ ਨੇ, ਜਿਸ ਦਾ ਤੰਬੂ ਦਰਿਆ ਦੇ ਕੰਢੇ ਉੱਤੇ ਸੀ, ਆਪ ਦੇਖਿਆ ਕਿ ਸਵੇਰੇ ਪਹੁ-ਫੁਟਾਲੇ ਨਾਲ ਸ਼ਹਿਰ ਦੇ ਕੁੱਤੇ ਦਰਿਆ ਵਿਚ ਛਾਲਾਂ ਮਾਰ ਕੇ ਤਰ ਕੇ ਪਾਰਲੇ ਪਾਸੇ ਚਲੇ ਜਾਂਦੇ ਅਤੇ ਰਾਤ ਨੂੰ ਅਨ੍ਹੇਰੇ ਪਏ ਉਨ੍ਹਾਂ ਘਰਾਂ ਨੂੰ ਮੁੜ ਆਉਂਦੇ ਜਿਥੋਂ ਉਨ੍ਹਾਂ ਨੂੰ ਖਾਣ ਨੂੰ ਕੁਝ ਮਿਲਦਾ ਸੀ।

ਜੋਗੀਆਂ, ਸੰਨਿਆਸੀਆਂ, ਬੈਰਾਗੀਆਂ ਆਦਿ ਸੰਬੰਧੀ 28 ਅਕਤੂਬਰ ਸਨ 1711 (27 ਰਮਜ਼ਾਨ 1123 ਹਿਜ਼ਰੀ) ਨੂੰ ਬਾਦਸ਼ਾਹ ਪਾਸ ਸ਼ਿਕਾਇਤ ਹੋਈ ਸੀ ਕਿ ਇਹ ਲੋਕ ਬਾਦਸ਼ਾਹੀ ਲਸ਼ਕਰ ਦੀਆਂ ਖ਼ਬਰਾਂ ਬੰਦਾ ਸਿੰਘ ਨੂੰ ਪਹੁੰਚਾਉਂਦੇ ਹਨ। ਇਹ ਸੁਣ ਕੇ ਬਾਦਸ਼ਾਹ ਨੇ ਹੁਕਮ ਦਿੱਤਾ ਸੀ ਕਿ ਜਿਸ ਕਿਸੇ ਦੇ ਵਿਰੁੱਧ ਇਹ ਸਾਬਤ ਹੋ ਜਾਏ ਉਸ ਨੂੰ ਕਤਲ ਕਰ ਦਿੱਤਾ ਜਾਏ ਅਤੇ ਹਿੰਦੂ ਸਾਧੂਆਂ ਨੂੰ ਲਸ਼ਕਰੋਂ ਬਾਹਰ ਕੱਢ ਦਿੱਤਾ ਜਾਏ।

14 ਫ਼ਰਵਰੀ (17 ਮੁਹੱਰਮ) ਨੂੰ ਬਾਦਸ਼ਾਹ ਦਾ ਆਖ਼ਰੀ ਦਰਬਾਰ ਸੀ। 15 ਫ਼ਰਵਰੀ ਨੂੰ ਸਵੇਰੇ ਲੋਕਾਂ ਨੂੰ ਪਤਾ ਲੱਗਾ ਕਿ ਰਾਤ ਨੂੰ ਤਿਲੀ ਦੀ ਸੋਜ ਨਾਲ ਬਾਦਸ਼ਾਹ ਦੀ ਤਬੀਅਤ ਜ਼ਿਆਦਾ ਖ਼ਰਾਬ ਹੋ ਗਈ ਹੈ। ਇਹ ਖ਼ਬਰ ਸੁਣ ਕੇ ਬਾਦਸ਼ਾਹਜ਼ਾਦਿਆਂ, ਵੱਡੇ ਵੱਡੇ ਅਮੀਰਾਂ (ਸਰਦਾਰਾਂ) ਅਤੇ ਲਸ਼ਕਰਾਂ ਵਿਚ ਬੜੀ ਅਫੜਾ-ਤਫੜੀ ਮਚ ਗਈ। ਤਿੰਨ ਦਿਨ ਵੈਦਾਂ ਹਕੀਮਾਂ ਨੇ ਆਪਣੀ ਵਲੋਂ ਬੜੇ ਜਤਨ ਕੀਤੇ, ਪਰ ਹੁੰਦਾ ਉਹੀ ਹੈ ਜੋ ਕਰਤਾਰ ਨੂੰ ਭਾਵੇ। (ਆਖਰ 21 ਮੁਹੱਰਮ ਸਨ 1124 ਹਿਜ਼ਰੀ, 6 ਬਹਾਦੁਰ ਸ਼ਾਹੀ) 17-18 ਫ਼ਰਵਰੀ ਸਨ 1712 ਦੀ ਰਾਤ ਨੂੰ ਬਾਦਸ਼ਾਹ ਸ਼ਾਹ-ਆਲਮ ਬਹਾਦੁਰ ਸ਼ਾਹ ਇਸ ਅਸਾਰ ਸੰਸਾਰ ਨੂੰ ਛੱਡ ਕੇ ਚਲਾਣਾ ਕਰ ਗਿਆ। ਬਾਦਸ਼ਾਹ ਦਾ ਸਰੀਰ ਦਫ਼ਨਾਉਣ ਲਈ ਤਿਆਰ ਕਰਕੇ ਮੌਲਵੀ ਮੁਰਾਦੁੱਲਾ, ਮਹਿਫੂਜ਼ ਖ਼ਾਨ ਅਤੇ ਅਬਦੁਲ ਕਾਦਰ ਨੇ ਤਾਬੂਤ ਵਿਚ ਪਾ ਦਿੱਤਾ ਪਰ ਜਿਤਨੀ ਦੇਰ ਤੱਕ ਤਖ਼ਤ ਦੇ ਵਾਲੀ ਦਾ ਫ਼ੈਸਲਾ ਨਾ ਹੋਇਆ, ਇਹ ਤਾਬੂਤ ਬਿਨਾਂ ਦਫ਼ਨਾਏ ਹੀ ਪਿਆ ਰਿਹਾ। ਅੰਤ 5 ਰੱਬੀ-ਉਲ-ਅੱਵਲ (1 ਅਪ੍ਰੈਲ) ਨੂੰ ਬਾਦਸ਼ਾਹ ਦੀ ਵਿਧਵਾ ਮਲਿਕਾ ਬੀਬੀ ਮਿਹਰ-ਪਰਵਰ ਅਤੇ ਚੀਨ-ਕਿਲੀਚ ਮੁਹੰਮਦ ਖ਼ਾਨ ਦੀ ਸੁਪਰਦਗੀ ਵਿਚ ਲੋਥ ਦਿੱਲੀ ਨੂੰ ਤੋਰੀ ਗਈ ਜਿੱਥੇ ਇਹ 5 ਮਈ ਨੂੰ ਪੁੱਜੀ ਅਤੇ ਖ਼ੁਆਜਾ ਬਖ਼ਤਿਆਰ ਕਾਕੀ ਦੀ ਦਰਗਾਹ ਦੇ ਲਾਗੇ ਬਾਦਸ਼ਾਹ ਔਰੰਗਜ਼ੇਬ ਦੀ ਬਣਵਾਈ ਹੋਈ ਸੰਗਮਰਮਰ ਦੀ ਮਸੀਤ ਦੇ ਵਿਹੜੇ ਵਿਚ ਦਫ਼ਨਾਈ ਗਈ।

ਬਾਦਸ਼ਾਹ ਦੀ ਮੌਤ ਤੋਂ ਬਾਅਦ ਪਿਓ ਦਾਦਿਆਂ ਦੇ ਰਵਾਜ ਅਨੁਸਾਰ ਤਖ਼ਤ ਲਈ ਆਪਾ-ਧਾਪੀ ਪੈ ਗਈ। ਲਾਹੌਰ ਸ਼ਹਿਰ ਦੀ ਫ਼ਸੀਲ ਤੋਂ ਬਾਹਰ 4-7 ਮਾਰਚ (6-9 ਸਫ਼ਰ) ਨੂੰ ਹੋਈ ਲੜਾਈ ਵਿਚ ਸ਼ਾਹਜ਼ਾਦਾ ਅਜ਼ੀਮੁੱਸ਼ਾਨ ਦਾ ਹਾਥੀ ਤੋਪ ਦੇ ਇਕ ਗੋਲੇ ਨਾਲ ਫੱਟੜ ਹੋ ਕੇ ਇਨਾ ਬੇਕਾਬੂ ਹੋ ਗਿਆ ਕਿ ਉਸ ਨੇ ਰਾਵੀ ਦਰਿਆ ਵਿਚ ਜਾ ਛਾਲ ਮਾਰੀ ਜਿਸ ਨਾਲ ਸ਼ਾਹਜ਼ਾਦਾ ਅਤੇ ਹਾਥੀ ਦੋਨੋਂ ਹੀ ਡੁੱਬ ਮੋਏ। ਆਖ਼ਰ ਜਹਾਂਦਾਰ ਸ਼ਾਹ ਆਪਣੇ ਬਾਕੀ ਭਰਾਵਾਂ ਜਹਾਨ ਸ਼ਾਹ ਅਤੇ ਰਫ਼ੀ-ਉ-ਸ਼ਾਨ ਨੂੰ 19-20 ਸਫ਼ਰ (17-18 ਮਾਰਚ) ਦੀ ਲੜਾਈ ਵਿਚ ਮਾਰ ਮੁਕਾ ਕੇ 19 ਮਾਰਚ ਨੂੰ ਤਖ਼ਤ ਉੱਤੇ ਬੈਠਾ। ਜਾਹਨਦਾਰ ਸ਼ਾਹ ਦਾ ਰਾਜ ਕਤਲਾਂ ਅਤੇ ਕੈਦਾਂ ਦੀ ਲੜੀ ਨਾਲ ਸ਼ੁਰੂ ਹੋਇਆ, ਪਰ ਇਹ ਬਹੁਤ ਦੇਰ ਨਾ ਚਲ ਸਕਿਆ। ਦਸਾਂ ਮਹੀਨਿਆਂ ਪਿੱਛੋਂ ਸ਼ਾਹਜ਼ਾਦਾ ਅਜ਼ੀਮੁਸ਼ਾਨ ਦੇ ਪੁੱਤਰ ਫ਼ਰੁੱਖਸੀਅਰ ਨੇ ਉਸ ਨੂੰ ਹਾਰ ਦਿੱਤੀ ਅਤੇ ਸੱਯਦ ਹਸਨ ਅਤੇ ਅਬਦੁੱਲਾ ਦੀ ਸਹਾਇਤਾ ਨਾਲ 17 ਮੁਹੱਰਮ 1125 ਹਿਜ਼ਰੀ (2 ਫ਼ਰਵਰੀ 1713) ਨੂੰ ਆਪਣੇ ਚਾਚੇ ਨੂੰ ਮਾਰ ਕੇ ਤਖ਼ਤ ਉੱਤੇ ਬੈਠਾ।

ਬਾਦਸ਼ਾਹੀ ਤਖ਼ਤ ਲਈ ਆਪਾ-ਧਾਪੀ ਅਤੇ ਲਾਹੌਰ ਅਤੇ ਦਿੱਲੀ ਵਿਚ ਫ਼ਰਵਰੀ ਸੰਨ 1712 ਤੋਂ ਸੰਨ 1713 ਦੀਆਂ ਗਰਮੀਆਂ ਤੱਕ, ਜਦ ਕਿ ਅਬਦੁੱਸਮੱਦ ਖ਼ਾਨ ਨੇ ਸਢੌਰੇ ਨੂੰ ਘੇਰਾ ਪਾਇਆ, ਰਾਜ-ਰੌਲੇ ਦਾ ਸਮਾਂ ਖਾਲਸਿਆਂ ਦਾ ਮੁੜ ਜ਼ੋਰ ਪੈ ਜਾਣ ਲਈ ਬੜਾ ਸਹਾਈ ਹੋਇਆ। ਦਸੰਬਰ 1710 ਵਿਚ ਲੋਹਗੜ੍ਹ ਖਾਲੀ ਕਰਨ ਪਿੱਛੋਂ ਜਿਵੇਂ ਪਿਛੇ ਲਿਖਿਆ ਜਾ ਚੁੱਕਿਆ ਹੈ, ਬੰਦਾ ਸਿੰਘ ਬਹਿਰਾਮਪੁਰ, ਦੇ ਲਾਗੇ ਜਾ ਨਿਕਲਿਆ ਸੀ ਜਿਥੇ ਕਿ ਬਾਯਜ਼ੀਦ ਖ਼ਾਨ ਅਤੇ ਸ਼ੱਮਸ ਖ਼ਾਨ ਨਾਲ ਲੜਾਈ ਹੋਈ ਸੀ।

ਇਸ ਲੜਾਈ ਵਿਚ ਸ਼ੱਮਸ ਖ਼ਾਨ ਤਾਂ ਥਾਂ ਹੀ ਮਾਰਿਆ ਗਿਆ ਸੀ ਅਤੇ ਬਾਯਜ਼ੀਦ ਖ਼ਾਨ ਇਥੇ ਇਤਨਾ ਬੁਰੀ ਤਰ੍ਹਾਂ ਘਾਇਲ ਹੋ ਗਿਆ ਸੀ ਕਿ ਤਿੰਨ ਦਿਨਾਂ ਪਿੱਛੋਂ ਮਰ ਗਿਆ। ਇਸ ਤੋਂ ਬਾਅਦ ਬੰਦਾ ਸਿੰਘ ਨੇ ਕਲਾਨੌਰ ਅਤੇ ਬਟਾਲੇ ਦੇ ਪਰਗਣੇ ਜਾ ਮਾਰੇ ਅਤੇ ਫੇਰ ਬਹਾਦੁਰ ਸ਼ਾਹ ਦੇ ਪੁੱਜਣ ਤੋਂ ਪਹਿਲਾਂ ਪਹਿਲਾਂ ਪਸਰੂਰ ਜਾ ਸੋਧਿਆ ਅਤੇ ਰੁਸਤਮ ਖ਼ਾਨ ਅਤੇ ਮੁਹੰਮਦ ਅਮੀਨ ਖ਼ਾਨ ਦੇ ਸਾਹਮਣਿਓਂ ਪੜੋਲ ਕਠੂਹੇ ਵਲੋਂ ਨਿਕਲ ਕੇ ਜੰਮੂੰ ਦੀਆਂ ਦੱਖਣ-ਚੜ੍ਹਦੀਆਂ ਪਹਾੜੀਆਂ ਵਿਚ ਜਾ ਵੜਿਆ ਸੀ ਜਿੱਥੋਂ ਕਿ ਮੁਹੰਮਦ ਅਮੀਨ ਖ਼ਾਨ ਛੇਤੀ ਹੀ ਬੰਦਾ ਸਿੰਘ ਦਾ ਖੁਰਾ ਭੀ ਨਾ ਲਭ ਸਕਿਆ, ਪਰ ਉਹ ਸਿੰਘਾਂ ਦੇ ਮਗਰ ਜ਼ਰੂਰ ਪਿਆ ਰਿਹਾ।

ਬਹਾਦੁਰ ਸ਼ਾਹ ਦੀ ਮੌਤ ਦੀ ਖ਼ਬਰ ਸੁਣ ਕੇ ਮੁਹੰਮਦ ਅਮੀਨ ਖ਼ਾਨ ਤਖ਼ਤ ਲਈ ਹੋਣ ਵਾਲੀ ਸ਼ਾਹਜ਼ਾਦਿਆਂ ਦੀ ਲੜਾਈ ਵਿਚ ਹਿੱਸਾ ਲੈਣ ਲਈ ਲਾਹੌਰ ਪੁੱਜ ਗਿਆ। ਇਸ ਵੇਲੇ ਸਿੰਘਾਂ ਨੂੰ ਮੁੜ ਹੱਥ ਪੈਰ ਪਸਾਰਨ ਅਤੇ ਖੁੱਸੀ ਹੋਈ ਤਾਕਤ ਨੂੰ ਮੁੜ ਕਾਇਮ ਕਰਨ ਦਾ ਸਮਾਂ ਮਿਲ ਗਿਆ। ਬੰਦਾ ਸਿੰਘ ਨੇ ਇਸ ਮੌਕੇ ਦਾ ਲਾਭ ਉਠਾ ਕੇ ਝੱਟ ਪੱਟ ਸਢੌਰੇ ਉੱਤੇ ਮੁੜ ਕਬਜ਼ਾ ਕਰ ਲਿਆ। ਜਿਸ ਫੁਰਤੀ ਨਾਲ ਉਹ ਅੜ ਬੜ ਪਹਾੜਾਂ ਅਤੇ ਔਖੀਆਂ ਖੱਡਾਂ ਵਿਚ ਫਿਰ ਨਿਕਲਦਾ ਸੀ ਉਹ ਹੈਰਾਨ ਕਰ ਦੇਣ ਵਾਲੀ ਸੀ। ਸਢੌਰੇ ਨੂੰ ਕਾਬੂ ਕਰ ਕੇ ਉਸ ਨੇ ਲੋਹਗੜ੍ਹ ਕਿਲੇ ਦੀ ਮੁਰੰਮਤ ਕਰਵਾ ਲਈ ਅਤੇ ਦੋ ਵਰ੍ਹਿਆਂ ਤੋਂ ਉੱਪਰ ਸਮੇਂ ਲਈ ਇਸ ਨੂੰ ਫੇਰ ਖਾਲਸੇ ਦੀ ਰਾਜਧਾਨੀ ਬਣ ਜਾਣ ਦਾ ਮਾਣ ਪ੍ਰਾਪਤ ਹੋਇਆ।

ਅਧਿਆਇ 16

# ਸਢੌਰਾ ਅਤੇ ਲੋਹਗੜ੍ਹ ਦੇ ਘੇਰੇ

ਇਸ ਤੋਂ ਪਹਿਲਾਂ ਕਿ ਅਸੀਂ ਬਾਦਸ਼ਾਹ ਫ਼ੱਰੁਖ਼-ਸੀਅਰ ਦੇ ਸਮੇਂ ਸਢੌਰੇ ਅਤੇ ਲੋਹਗੜ੍ਹ ਦੇ ਘੇਰਿਆਂ ਦਾ ਜ਼ਿਕਰ ਕਰੀਏ, ਇਹ ਜ਼ਰੂਰੀ ਜਾਪਦਾ ਹੈ ਕਿ ਪੜੋਲ ਅਤੇ ਕਠੂਹੇ ਤੋਂ ਬੰਦਾ ਸਿੰਘ ਦੇ ਬਚ ਕੇ ਨਿਕਲ ਜਾਣ ਪਿੱਛੋਂ ਉਸ ਦੇ ਮੁੜ ਲੋਹਗੜ੍ਹ ਉੱਤੇ ਕਬਜ਼ਾ ਕਰ ਲੈਣ ਅਤੇ ਫ਼ੱਰੁਖ਼-ਸੀਅਰ ਦੇ ਹੁਕਮ ਨਾਲ ਬਾਦਸ਼ਾਹੀ ਫ਼ੌਜਾਂ ਦੇ ਇਥੇ ਘੇਰੇ ਲਈ ਆ ਪੁੱਜਣ ਤੱਕ ਬੀਤੇ ਵਾਕਿਆਤ ਦਾ ਸੰਖੇਪ ਜ਼ਿਕਰ ਕਰ ਦੇਈਏ।

ਰੁਸਤਮ-ਦਿਲ ਖ਼ਾਨ ਦੇ ਮੁਹਿੰਮ ਤੋਂ ਮੁੜ ਆਉਣ ਅਤੇ ਲਾਹੌਰ ਵਿਚ ਕੈਦ ਕੀਤੇ ਜਾਣ ਦੇ 22 ਅਗਸਤ ਤੱਕ ਦੇ ਹਾਲ ਪਿਛੇ ਲਿਖੇ ਜਾ ਚੁੱਕੇ ਹਨ (ਅਤੇ ਉਸ ਦੀ ਰਿਹਾਈ ਦਾ ਜ਼ਿਕਰ ਭੀ ਉਥੇ ਹੋ ਚੁੱਕਾ ਹੈ)। ਇਸ ਤੋਂ ਪੰਜਵੇਂ ਦਿਨ 27 ਅਗਸਤ ਸਨ 1711 (24 ਰੱਜਬ 1123 ਹਿਜ਼ਰੀ, ਪੰਜ ਬਹਾਦੁਰ ਸ਼ਾਹੀ) ਨੂੰ ਬਾਦਸ਼ਾਹ ਨੂੰ ਖ਼ਬਰ ਪੁੱਜੀ ਕਿ ਬੰਦਾ ਸਿੰਘ ਲੋਹਗੜ੍ਹ ਜਾਣ ਦੇ ਖ਼ਿਆਲ ਨਾਲ ਰੋਪੜ ਦੇ ਪਾਸੇ ਜਾ ਨਿਕਲਿਆ ਹੈ ਅਤੇ ਮੁਹੰਮਦ ਅਮੀਨ ਖ਼ਾਨ ਫੌਜ ਸਮੇਤ ਉਸ ਦੇ ਵਿਰੁੱਧ ਤੁਰ ਗਿਆ ਹੈ। ਬਾਦਸ਼ਾਹ ਨੇ ਪੰਜਵੇਂ ਦਿਨ 31 ਅਗਸਤ (28 ਰੱਜਬ) ਨੂੰ ਜ਼ੈਨੁ-ਦੀਨ ਅਹਿਮਦ ਖ਼ਾਨ ਨੂੰ ਚਕਲਾ ਸਰਹੰਦ ਦਾ ਫ਼ੌਜਦਾਰ ਨਿਯਤ ਕੀਤਾ ਅਤੇ 800 ਜ਼ਾਤ ਅਤੇ 540 ਸਵਾਰ ਦਾ ਅਹੁਦਾ ਬਖ਼ਸ਼ ਕੇ ਹੁਕਮ ਦਿੱਤਾ ਕਿ ਛੇਤੀ ਹੀ ਉਸ ਦਾ ਅਹੁਦਾ ਵਜ਼ੀਰ ਖ਼ਾਨ ਦੇ ਬਰਾਬਰ ਵਧਾ ਦਿੱਤਾ ਜਾਏਗਾ। ਇਹ ਵਹਿਦਾ ਇਸ ਖ਼ਿਆਲ ਨਾਲ ਕੀਤਾ ਗਿਆ ਕਿ ਤਰੱਕੀ ਹੋਣ ਦੀ ਆਸ ਨਾਲ ਉਹ ਸਿੰਘਾਂ ਦੇ ਵਿਰੁੱਧ ਪੂਰਾ ਤਰਾਣ ਲਾਏਗਾ। 14 ਸਤੰਬਰ (12 ਸ਼ਾਬਾਨ) ਨੂੰ ਮੁਹੰਮਦ ਅਮੀਨ ਖ਼ਾਨ ਨਾਲ ਨਿਯਤ ਸ਼ੰਕਰ ਰਾਓ ਹਰਕਾਰੇ ਦੀ ਲਿਖਤ ਤੋਂ ਪਤਾ ਲੱਗਾ ਕਿ 6 ਸਤੰਬਰ (4 ਸ਼ਾਬਾਨ) ਨੂੰ ਬੰਦਾ ਸਿੰਘ ਸਤਲੁਜ ਦਰਿਆ ਪਾਰ ਲੰਘ ਗਿਆ ਹੈ। ਇਸੇ ਦਿਨ ਇਹ ਭੀ ਖ਼ਬਰ ਪੁੱਜੀ ਕਿ ਕੁਝ ਸਿੱਖ ਗੁਲੇਰ ਦੇ ਇਲਾਕੇ ਵਿਚ ਦਰਿਆ ਪਾਰ ਕਰ ਰਹੇ ਹਨ ਅਤੇ ਉਨ੍ਹਾਂ ਦੀ ਚੋਖੀ ਗਿਣਤੀ ਅੰਬੋਟੇ ਇਕੱਠੀ ਹੋਈ ਹੋਈ ਹੈ। ਇਹ ਖ਼ਬਰ ਸੁਣ ਕੇ ਬਜਵਾੜੇ ਅਤੇ ਹੁਸ਼ਿਆਰਪੁਰ ਦੇ ਲੋਕ ਖਿੰਡਦੇ ਜਾ ਰਹੇ ਹਨ। ਈਸਾ ਖ਼ਾਨ ਫ਼ੌਜਦਾਰ ਦੁਆਬਾ ਅਤੇ ਫ਼ੈਜ਼ਅਲੀਖ਼ਾਨ ਫ਼ੌਜਦਾਰ ਬਜਵਾੜਾ ਕਈ ਚਿਰ ਤੋਂ ਬਾਦਸ਼ਾਹ ਦੀ ਸੇਵਾ ਵਿਚ ਗਏ ਹੋਏ ਹਨ। ਇਨ੍ਹਾਂ ਦੇ ਨਾਇਬ ਭੀ ਆਪਣੀ ਥਾਂਈਂ ਨਹੀਂ ਹਨ। ਸ਼ੇਖ਼ ਅੱਲਾ-ਯਾਰ ਦਰਵੇਸ਼ ਨੇ ਬਜਵਾੜੇ ਦੇ ਠਾਣੇਦਾਰ ਨੂੰ ਕਿਹਾ ਕਿ ਕਾਫ਼ਰ ਇਧਰ ਆਉਣ ਦਾ ਖ਼ਿਆਲ ਕਰ ਰਹੇ ਹਨ, ਇਸ ਲਈ ਸ਼ਹਿਰ ਵਿਚ ਢੋਲ ਵਜਾ ਦਿੱਤਾ ਜਾਏ ਕਿ ਲੋਕ ਉਨ੍ਹਾਂ ਦਾ ਰਾਹ ਰੋਕਣ ਲਈ ਪਿੰਡ ਅੱਜੋਵਾਲ ਇਕੱਠੇ ਹੋਣ।

15-16 ਸਤੰਬਰ ਨੂੰ ਖ਼ਬਰ ਪੁੱਜੀ ਕਿ ਬੰਦਾ ਸਿੰਘ ਪੰਜ ਹਜ਼ਾਰ ਸਵਾਰਾਂ ਸਮੇਤ ਕਹਿਲੂਰ ਦੇ ਇਲਾਕੇ ਵਿਚ ਕੀਰਤਪੁਰ ਸੀ ਅਤੇ 5 ਸ਼ਾਬਾਨ (7 ਸਤੰਬਰ) ਨੂੰ ਸਤਲੁਜੋਂ ਪਾਰ ਹੋ ਗਿਆ ਸੀ। ਪਿੱਛੋਂ ਦੀ 1 ਅਕਤੂਬਰ ਦੀ ਇਕ ਖ਼ਬਰ ਦੱਸਦੀ ਹੈ ਕਿ ਬੰਦਾ ਸਿੰਘ ਫੌਜ ਨੂੰ ਕੀਰਤਪੁਰ ਛੱਡ ਕੇ ਆਪ ਥੋੜੇ ਜਹੇ ਸਿੰਘਾਂ ਨਾਲ ਰਾਮਪੁਰੇ ਦੇ ਪਹਾੜ ਵਿਚ ਚਲਾ ਗਿਆ ਹੈ ਅਤੇ ਉਥੇ ਦੇ ਕਈ ਪਿੰਡ ਜਾ ਮਾਰੇ ਹਨ।

11 ਅਕਤੂਬਰ (10 ਰਮਜ਼ਾਨ) ਨੂੰ ਬਾਦਸ਼ਾਹ ਨੇ ਸਰਬਰਾਹ ਖ਼ਾਨ ਕੋਤਵਾਲ ਨੂੰ ਹੁਕਮ ਦਿੱਤਾ ਕਿ ਮੁਲਤਾਨ ਵਲ ਦੇ ਜੋ 40 ਨਾਨਕਪੰਥੀ ਵਣਜਾਰੇ ਸਿੱਖ ਕੋਤਵਾਲੀ ਆਏ ਹਨ, ਜੇ ਉਹ ਮੁਸਲਮਾਨ ਹੋ ਜਾਣ ਤਾਂ ਚੰਗੀ ਗੱਲ, ਨਹੀਂ ਤਾਂ ਕਤਲ ਕਰ ਦਿੱਤੇ ਜਾਣ। ਬਾਦਸ਼ਾਹ ਦੀ ਸੇਵਾ ਵਿਚ ਅਰਜ਼ ਹੋਈ ਕਿ ਉਹ ਆਪਣਾ ਧਰਮ ਛੱਡਣ ਨੂੰ ਤਿਆਰ ਨਹੀਂ ਹਨ, ਇਸ ਪਰ ਹੁਕਮ ਹੋਇਆ ਕਿ ਕਤਲ ਕਰ ਦਿਓ।

16 ਅਕਤੂਬਰ (15 ਰਮਜ਼ਾਨ) ਨੂੰ ਹਰਕਾਰੇ ਨੇ ਬਾਦਸ਼ਾਹ ਪਾਸ ਅਰਜ਼ ਕੀਤੀ ਕਿ ਰਾਜਾ ਅਜੀਤ ਸਿੰਘ ਜੋਧਪੁਰੀਆ ਅਤੇ ਰਾਜਾ ਜੈ ਸਿੰਘ ਆਮੇਰੀਆ (ਜੈ-ਪੁਰੀਆ) ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਸੋਧਣ ਲਈ 6 ਰਮਜ਼ਾਨ (7 ਅਕਤੂਬਰ) ਨੂੰ ਸਢੌਰੇ ਪੁੱਜ ਗਏ ਹਨ। 9 ਅਕਤੂਬਰ ਨੂੰ ਪੁੱਜੀ ਖ਼ਬਰ ਵਿਚ ਦੱਸਿਆ ਹੋਇਆ ਸੀ ਕਿ ਨਾਹਣੀਏ ਰਾਜਾ ਭੂਪ ਪ੍ਰਕਾਸ਼ ਨੇ ਜੋ ਸਲੀਮਗੜ੍ਹ ਕਿਲੇ ਵਿਚ ਦਿੱਲੀ ਕੈਦ ਸੀ ਆਪਣੇ ਆਦਮੀਆਂ ਹੱਥੀਂ ਰਾਜਾ ਅਜੀਤ ਸਿੰਘ ਅਤੇ ਜੈ ਸਿੰਘ ਪਾਸ ਲਿਖ ਕੇ ਭੇਜਿਆ ਸੀ ਕਿ ਤੁਸੀਂ ਬੜੇ ਵੱਡੇ ਅਤੇ ਮੰਨੇ ਦੰਨੇ ਰਾਜੇ ਹੋ, ਜਦ ਤੁਸੀਂ ਬਾਦਸ਼ਾਹ ਪਾਸ ਜਾਓ ਤਾਂ ਮੇਰੀ ਬੰਦ-ਖਲਾਸੀ ਕਰਵਾਉਣ ਦਾ ਖ਼ਿਆਲ ਰੱਖਣਾ, ਪਰ ਅੱਗਿਓਂ ਇਨ੍ਹਾਂ ਜਵਾਬ ਲਿਖ ਭੇਜਿਆ ਕਿ ਅਸੀਂ ਤਾਂ ਬਾਦਸ਼ਾਹ ਦੇ ਬੰਦੇ ਹਾਂ, ਸਾਨੂੰ ਪਹਿਲਾਂ ਬਾਦਸ਼ਾਹੀ ਕੰਮ ਵਲ ਧਿਆਨ ਕਰਨਾ ਚਾਹੀਦਾ ਹੈ। ਦੂਸਰੀ ਗੱਲ ਇਹ ਹੈ ਕਿ ਅਸੀਂ ਤਾਂ ਸਢੌਰੇ ਜਾ ਰਹੇ ਹਾਂ। ਤੁਸੀਂ ਆਪਣੇ ਬੰਦਿਆਂ ਨੂੰ ਜੋ ਨਾਹਣ ਹਨ, ਲਿਖੋ ਕਿ ਉਸ ਬਦਬਖ਼ਤ (ਬੰਦਾ ਸਿੰਘ) ਨੂੰ ਜਿਥੇ ਕਿਥੇ ਭੀ ਹੋਵੇ ਅਤੇ ਜਿਵੇਂ ਵੀ ਹੋ ਸਕੇ ਗ੍ਰਿਫ਼ਤਾਰ ਕਰ ਲੈਣ। ਇਸ ਨਾਲ ਹੀ ਸਾਡੀ ਤੇ ਤੁਹਾਡੀ ਖ਼ਲਾਸੀ ਹੋ ਸਕਦੀ ਹੈ।

19 ਅਕਤੂਬਰ (18 ਰਮਜ਼ਾਨ) ਨੂੰ ਪਤਾ ਲੱਗਾ ਕਿ ਬੰਦਾ ਸਿੰਘ ਕੁਲੂ ਦੇ ਤੱਲਕੇ ਵਿਚ ਚਲਾ ਗਿਆ ਹੈ ਅਤੇ ਉਥੇ ਦੇ ਜ਼ਿਮੀਂਦਾਰਾਂ ਉੱਤੇ ਫ਼ਤਿਹ ਪਾ ਲਈ ਹੈ, ਅਤੇ ਉਸ ਦੇ ਸਾਥੀ ਸਿੰਘਾਂ ਨੇ ਰੋਪੜ ਦੇ ਪਿੰਡ ਉਥੱਲ ਪੁਥੱਲ ਕਰ ਦਿੱਤੇ ਹਨ।

ਬਾਦਸ਼ਾਹ ਦੇ ਹੁਕਮ ਨਾਲ 6 ਨਵੰਬਰ ਨੂੰ ਹੋਸ਼ਦਾਰ-ਖ਼ਾਨ ਫੌਜਦਾਰ ਦੁਆਬਾ ਜਲੰਧਰ ਨੂੰ ਸਿੰਘਾਂ ਦੇ ਵਿਰੁੱਧ ਭੇਜਿਆ ਗਿਆ।

14 ਅਤੇ 17 ਨਵੰਬਰ (14 ਅਤੇ 17 ਸ਼ਵਾਲ) ਨੂੰ ਮੁਹੰਮਦ ਅਮੀਨ ਖ਼ਾਨ ਵਲੋਂ ਖ਼ਬਰ ਪੁੱਜੀ ਕਿ 9 ਨਵੰਬਰ ਨੂੰ ਸਿੰਘਾਂ ਨਾਲ ਜੰਗ ਹੋਇਆ ਜਿਸ ਵਿਚ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਬੰਦੇ ਮਾਰੇ ਗਏ ਅਤੇ ਫੱਟੜ ਹੋਏ ਹਨ। ਪਰ ਇਹ ਜੰਗ ਕਿਥੇ ਹੋਇਆ ਸੀ, ਖ਼ਬਰ ਤੋਂ ਪਤਾ ਨਹੀਂ ਲਗਦਾ।

30 ਨਵੰਬਰ ਨੂੰ ਬਾਦਸ਼ਾਹ ਦੀ ਸੇਵਾ ਵਿਚ ਅਸਕਰ (ਸ਼ੰਕਰ ?) ਰਾਓ ਹਰਕਾਰੇ

ਨੇ ਵਿਸਥਾਰ ਨਾਲ ਇਹ ਲਿਖਤ ਪੇਸ਼ ਕੀਤੀ ਕਿ (1) ਬੰਦਾ ਸਿੰਘ ਨੇ ਰਾਜਾ ਅਜੀਤ ਸਿੰਘ ਜੋਧਪੁਰੀਏ ਅਤੇ ਰਾਜਾ ਜੈ ਸਿੰਘ ਅੰਮ੍ਰੇਰੀਏ ਨੂੰ ਲਿਖਿਆ ਸੀ ਕਿ ਤੁਸੀਂ ਸਾਡੇ ਮੁਲਕ ਉੱਤੇ ਚੜ੍ਹ ਕੇ ਆਏ ਹੋ, ਸਾਨੂੰ ਭੀ ਆਪਣੇ ਮੁਲਕ ਵਿਚ ਪੁੱਜਿਆ ਸਮਝੋ । (2) ਰਾਜਿਆਂ ਨੇ ਬੰਦਾ ਸਿੰਘ ਦੇ ਜਾਸੂਸਾਂ ਨੂੰ ਕਤਲ ਕਰਵਾ ਦਿੱਤਾ ਅਤੇ ਕਿਹਾ ਕਿ ਅਸੀਂ ਬਾਦਸ਼ਾਹੀ ਗੁਲਾਮ ਹਾਂ, ਛੇਤੀ ਹੀ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਜਾਂ ਕਤਲ ਕਰ ਦਿਆਂਗੇ ਅਤੇ ਲਸ਼ਕਰ ਵਿਚ ਡੌਂਡੀ ਪਿਟਵਾ ਦਿੱਤੀ ਕਿ ਜੇਕਰ ਕੋਈ ਸਿੱਖ ਦਿਸੇ ਤਾਂ ਕਤਲ ਕਰ ਦਿੱਤਾ ਜਾਏ ।...

(3) ਰਾਜਾ ਜੈ ਸਿੰਘ ਨੇ ਆਪਣੇ ਬਖ਼ਸ਼ੀ ਨੂੰ ਕਿਹਾ ਕਿ ਰਾਜਾ ਅਜੀਤ ਸਿੰਘ ਨੇ ਇਕ ਹਜ਼ਾਰ ਸਵਾਰ ਪਹਾੜ ਦੀ ਕੰਢੀ ਵਿਚ ਚੱਕਰ ਲਾਉਣ ਲਈ ਭੇਜਿਆ ਹੈ, ਤੁਸੀਂ ਭੀ ਇਕ ਹਜ਼ਾਰ ਸਵਾਰ ਭੇਜ ਦਿਓ ।

ਬੰਦਾ ਸਿੰਘ ਨੂੰ ਜਦ ਪਤਾ ਲੱਗਾ ਕਿ ਜੋਧਪੁਰੀਏ ਅਤੇ ਆਮ੍ਰੇਰੀ ਰਾਜਪੂਤ ਰਾਜੇ ਆਪਣੇ ਇਲਾਕਿਆਂ ਨੂੰ ਮੁੜ ਗਏ ਹਨ ਤਾਂ ਉਸ ਨੇ 25 ਦਸੰਬਰ (26 ਜ਼ੀਕਦਾ) ਨੂੰ ਮੁਹੰਮਦ ਅਮੀਨ ਖ਼ਾਨ ਦੇ ਨਵੇਂ ਕਾਇਮ ਕੀਤੇ ਰੰਘੜ ਪੁਰ ਦੇ ਥਾਨੇ ਉੱਤੇ ਜਾ ਹੱਲਾ ਕੀਤਾ ਅਤੇ ਕਈਆਂ ਨੂੰ ਮਾਰ ਕੇ ਖਿਸਕ ਗਿਆ । ਇਸੇ ਤਰ੍ਹਾਂ 28 ਦਸੰਬਰ ਨੂੰ ਉਸ ਨੇ ਮੁਹੰਮਦ ਖ਼ਾਨ ਦੇ ਲਸ਼ਕਰ ਉੱਤੇ ਜਾ ਛਾਪਾ ਮਾਰਿਆ । ਬਰਸਾਣਾ ਨਦੀ ਉੱਤੇ ਲੜਾਈ ਹੋ ਪਈ ਜਿਸ ਵਿਚ ਦੋਹਾਂ ਪਾਸਿਆਂ ਦਾ ਕਾਫ਼ੀ ਨੁਕਸਾਨ ਹੋਇਆ । ਮੁਹੰਮਦ ਅਮੀਨ ਨੇ ਪੰਜ ਕੋਹ ਤੱਕ ਸਿੰਘਾਂ ਦਾ ਪਿੱਛਾ ਕੀਤਾ ਪਰ ਬੰਦਾ ਸਿੰਘ ਤੱਕ ਪੁੱਜ ਨਾ ਸਕਿਆ ।

30 ਦਸੰਬਰ ਸੰਨ 1711 (1 ਜ਼ੀ-ਹਿੱਜਾ) ਨੂੰ ਬਾਦਸ਼ਾਹ ਬਹਾਦੁਰ ਸ਼ਾਹ ਦੇ ਰਾਜ ਦਾ ਛੇਵਾਂ ਵਰ੍ਹਾ ਸ਼ੁਰੂ ਹੋਇਆ । ਇਸ ਦਿਨ ਅਜੀਤ ਸਿੰਘ (ਮਾਤਾ ਸੁੰਦਰੀ ਦੇ ਪੁਤਰੇਲੇ) ਨੇ ਜੋ ਸਰਬਰਾਹ ਖ਼ਾਨ ਕੋਤਵਾਲ ਦੀ ਨਿਗਰਾਨੀ ਵਿਚ ਸੀ, ਬਾਦਸ਼ਾਹ ਨਾਲ ਮੁਲਾਕਾਤ ਕੀਤੀ ਅਤੇ 9 ਅਸ਼ਰਫ਼ੀਆਂ ਦਾ ਸਿਰਵਾਰਨਾ ਕੀਤਾ । ਬਾਦਸ਼ਾਹ ਨੇ ਪ੍ਰਸੰਨ ਹੋ ਕੇ ਉਸ ਨੂੰ ਗੁਰੂ ਚੱਕ (ਅੰਮ੍ਰਿਤਸਰ) ਬਖ਼ਸ਼ ਦਿੱਤਾ ।

17–18 ਫ਼ਰਵਰੀ ਸੰਨ 1712 ਦੀ ਰਾਤ ਨੂੰ ਬਾਦਸ਼ਾਹ ਬਹਾਦੁਰ ਸ਼ਾਹ ਦਾ ਦੇਹਾਂਤ ਹੋ ਗਿਆ । ਆਪਣੇ ਭਰਾਵਾਂ ਨਾਲ ਜੰਗ ਤੋਂ ਵਿਹਲੇ ਹੋ ਕੇ ਜਹਾਂਦਾਰ ਸ਼ਾਹ 19 ਮਾਰਚ (21 ਸਫ਼ਰ 1124 ਹਿਜਰੀ) ਨੂੰ ਤਖ਼ਤ ਉੱਤੇ ਬੈਠਾ । ਦਸਮੇਂ ਦਿਨ 29 ਮਾਰਚ (2 ਰੱਬੀ ਉਲ ਅੱਵਲ) ਨੂੰ ਉਸ ਨੇ 9 ਹਜ਼ਾਰ ਸਵਾਰਾਂ ਦੀ ਫ਼ੌਜ ਬੰਦਾ ਸਿੰਘ ਦੇ ਵਿਰੁੱਧ ਮੁਹਿੰਮ ਲਈ ਨਿਯਤ ਕੀਤੀ ਅਤੇ 9 ਅਪ੍ਰੈਲ ਨੂੰ ਬਾਦਸ਼ਾਹ ਦੀ ਸੇਵਾ ਅਰਜ਼ ਹੋਈ ਕਿ ਮੁਹੰਮਦ ਅਮੀਨ ਖ਼ਾਨ ਫ਼ੌਜ ਸਮੇਤ ਸਿੰਘਾਂ ਦੇ ਵਿਰੁੱਧ ਤੋਰ ਦਿੱਤਾ ਗਿਆ ਹੈ । 23 ਮਈ (27 ਰੱਬੀ-ਉ-ਸਾਨੀ) ਨੂੰ ਦਿੱਲੀ ਜਾਂਦੇ ਹੋਏ ਸਰਹੰਦ ਦੇ ਮੁਕਾਮ ਤੇ ਜ਼ੈਨੁਦੀਨ ਅਹਿਮਦ ਖ਼ਾਨ ਫ਼ੌਜਦਾਰ ਨੇ ਬਾਦਸ਼ਾਹ ਪਾਸ ਬੇਨਤੀ ਕੀਤੀ ਕਿ ਬੰਦਾ ਸਿੰਘ ਆਪਣੇ ਪੁਰਾਣੇ ਅੱਡੇ (ਕਿਲਾ ਲੋਹਗੜ੍ਹ) ਵਿਚ ਡੱਟਿਆ ਬੈਠਾ ਹੈ । ਬਾਦਸ਼ਾਹ ਨੇ ਹੁਕਮ ਦਿੱਤਾ ਕਿ ਅੱਠ ਹਜ਼ਾਰ ਨਵੀਂ ਫ਼ੌਜ ਭਰਤੀ ਕਰਕੇ ਉਸ ਨੂੰ ਮਾਰ ਮੁਕਾਇਆ ਜਾਏ । 29 ਮਈ (4 ਜਮਾਦੀ-ਉਲ-ਅੱਵਲ) ਨੂੰ ਥਾਨੇਸਰ ਦੇ ਪੜਾਓ ਉੱਤੇ ਬਾਦਸ਼ਾਹ ਨੇ ਰਾਏ ਮਾਨ ਖਿਦਮਤੀਏ ਨੂੰ ਹੁਕਮ ਦਿੱਤਾ ਕਿ ਸਿੱਖਾਂ ਦੇ ਸੋਧਣ ਲਈ ਹੋਰ ਫ਼ੌਜ ਮੰਗਵਾ ਲਈ ਜਾਏ ।

11 ਜੂਨ (17 ਜਮਾਦੀ-ਉਲ-ਅੱਵਲ) ਨੂੰ ਬਾਦਸ਼ਾਹ ਜਹਾਂਦਾਰ ਸ਼ਾਹ ਦਿੱਲੀ ਪੁੱਜਾ ਅਤੇ ਰਾਜ ਸਿੰਘਾਸਨ ਤੇ ਬੈਠਾ। 2 ਜੁਲਾਈ (8 ਜਮਾਦੀ-ਉ-ਸਾਨੀ) ਨੂੰ ਰਾਜਾ ਭੂਪ ਪ੍ਰਕਾਸ਼ (ਪੁੱਤਰ ਹਰੀ ਪ੍ਰਕਾਸ਼) ਨਾਹਣ ਵਾਲੇ ਨੂੰ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤਾ ਗਿਆ। ਉਸ ਨੇ ਹੁਕਮ ਕੀਤਾ ਕਿ ਭਰੋਸੇ ਜੋਗ ਆਦਮੀਆਂ ਦੀ ਜ਼ਮਾਨਤ ਲੈ ਕੇ ਉਸ ਨੂੰ ਛੱਡ ਦਿੱਤਾ ਜਾਏ ਅਤੇ ਖਿੱਲਤ ਇਨਾਮ ਬਖ਼ਸ਼ੀ।

8 ਸਤੰਬਰ (17 ਸ਼ਾਬਾਨ) ਨੂੰ ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਦੀ ਬੇਨਤੀ ਪ੍ਰਵਾਨ ਕਰਕੇ ਦੋ ਤੋਪਾਂ ਉਸ ਨੂੰ ਭੇਜਣ ਦਾ ਹੁਕਮ ਦਿੱਤਾ। ਇਸ ਤਰ੍ਹਾਂ ਮੁਹੰਮਦ ਅਮੀਨ ਖ਼ਾਨ, ਜ਼ੈਨੁਦੀਨ ਅਹਿਮਦ ਖ਼ਾਨ ਦੀਆਂ ਫ਼ੌਜਾਂ ਤੋਂ ਬਿਨਾਂ ਜਿਤਨੀ ਭੀ ਹੋਰ ਫ਼ੌਜ ਭੇਜੀ ਜਾ ਸਕੀ, ਬਾਦਸ਼ਾਹ ਵਲੋਂ ਬੰਦਾ ਸਿੰਘ ਦੇ ਵਿਰੁੱਧ ਭੇਜੀ ਜਾਂਦੀ ਰਹੀ ਅਤੇ ਜੰਗੀ ਸਾਮਾਨ ਅਤੇ ਤੋਪਾਂ ਭੀ ਭੇਜੀਆਂ ਅਤੇ ਸੂਬਾ ਲਾਹੌਰ ਵਲੋਂ ਭੀ ਸਹਾਇਤਾ ਪਹੁੰਚਾਈ ਗਈ। ਕਈ ਮਹੀਨੇ ਇਨ੍ਹਾਂ ਸ਼ਾਹੀ ਜਰਨੈਲਾਂ ਨੇ ਸਢੌਰੇ ਅਤੇ ਲੋਹਗੜ੍ਹ ਨੂੰ ਘੇਰਾ ਪਾਈ ਰੱਖਿਆ, ਪਰ ਸਿੰਘਾਂ ਉੱਤੇ ਇਸ ਦਾ ਕੋਈ ਅਸਰ ਨਾ ਹੋਇਆ। ਜਦ ਭੀ ਕਦੀ ਬਾਦਸ਼ਾਹੀ ਫੌਜਾਂ ਹੱਲਾ ਕਰਨ ਲਈ ਅੱਗੇ ਵਧੀਆਂ, ਸਿੰਘਾਂ ਨੇ ਉਨ੍ਹਾਂ ਨੂੰ ਭਜਾ ਕੇ ਮੁੜ ਪਿਛੇ ਧੱਕ ਦਿੱਤਾ। ਸੰਨ 1124 ਹਿਜ਼ਰੀ ਦੇ ਅੰਤ ਵਿਚ ਜਦ ਬਾਦਸ਼ਾਹ ਜਹਾਂਦਾਰ ਸ਼ਾਹ ਚੜ੍ਹਦੇ ਵਲੋਂ ਆ ਰਹੇ ਫ਼ੱਰੁਖ-ਸੀਅਰ ਦਾ ਰਾਹ ਰੋਕਣ ਲਈ ਅਕਬਰਾਬਾਦ (ਆਗਰੇ) ਵਲ ਨੂੰ ਵਧਿਆ ਤਾਂ ਉਸ ਨੇ ਮੁਹੰਮਦ ਅਮੀਨ ਖ਼ਾਨ ਨੂੰ ਬਾਦਸ਼ਾਹੀ ਡੇਰੇ ਵਿਚ ਸ਼ਾਮਲ ਹੋਣ ਲਈ ਬੁਲਾ ਲਿਆ। ਇਸ ਤਰ੍ਹਾਂ ਬੰਦਾ ਸਿੰਘ ਦੇ ਵਿਰੁੱਧ ਸ਼ਾਹੀ ਮੁਹਿੰਮ ਕੁਝ ਚਿਰ ਲਈ ਮੱਧਮ ਪੈ ਗਈ ਭਾਵੇਂ ਜ਼ੈਨੁਦੀਨ ਅਹਿਮਦ ਖ਼ਾਨ ਨੂੰ ਆਪਣੀ ਵਿਤ ਅਨੁਸਾਰ ਇਸ ਨੂੰ ਜਾਰੀ ਰੱਖਣ ਲਈ ਉਥੇ ਰਹਿਣ ਦਿੱਤਾ ਗਿਆ ਸੀ।

ਬਾਦਸ਼ਾਹ ਜਹਾਂਦਾਰ ਸ਼ਾਹ ਅਤੇ ਫ਼ਰੁੱਖ-ਸੀਅਰ ਦੇ ਵਿਚਕਾਰ ਹੋਈ ਲੜਾਈ ਵਿਚ ਜਹਾਂਦਾਰ ਸ਼ਾਹ ਨੂੰ 31 ਦਸੰਬਰ 1712 (13 ਜਿਲ–ਹਿੱਜਾ, 1124 ਹਿਜ਼ਰੀ) ਨੂੰ ਹਾਰ ਹੋ ਗਈ ਅਤੇ 1 ਫ਼ਰਵਰੀ 1713 (16 ਮੁਹੱਰਮ 1125 ਹਿਜ਼ਰੀ) ਨੂੰ ਅਮੀਰੁ–ਲ-ਉਮਰਾ ਜ਼ੁਲਫ਼-ਕਾਰ ਖਾਨ ਸਮੇਤ ਕਤਲ ਕਰ ਦਿੱਤਾ ਗਿਆ। ਇਸ ਤਰ੍ਹਾਂ ਕਤਲਾਂ ਦੀ ਲੜੀ ਅਤੇ ਆਟੇ ਦਾਣੇ ਦੇ ਦੁਖਦਾਈ ਕਾਲ ਨਾਲ ਸ਼ੁਰੂ ਹੋਇਆ ਫ਼ਰੁੱਖ਼-ਸੀਅਰ ਬਾਦਸ਼ਾਹ ਦਾ ਰਾਜ, ਮਿੱਸ ਕੌਰਨਰ ਦੇ ਕਥਨ ਅਨੁਸਾਰ, ਸਿੱਖਾਂ ਵਿਰੁੱਧ ਬੜੀ ਜ਼ਾਲਮਾਨਾ ਨੀਤੀ ਕਰਕੇ ਲੋਕਾਂ ਨੂੰ ਯਾਦ ਹੈ। ਮੁਹੰਮਦ ਅਮੀਨ ਖ਼ਾਨ ਦੇ ਸਢੌਰਿਓਂ ਬਾਦਸ਼ਾਹੀ ਜੰਗ ਵਿਚ ਹਿੱਸਾ ਲੈਣ ਲਈ ਬੁਲਾਏ ਜਾਣ ਪਿਛੋਂ ਜ਼ੈਨੁਦੀਨ ਅਹਿਮਦ ਖ਼ਾਨ ਉਥੇ ਰਹਿ ਗਿਆ ਸੀ, ਪਰ ਉਸ ਨੇ ਬੰਦਾ ਸਿੰਘ ਵਿਰੁੱਧ ਕੀ ਕਰ ਸਕਣਾ ਸੀ? ਬੰਦਾ ਸਿੰਘ ਨੂੰ ਇਸ ਵੇਲੇ ਥੋੜੀ ਜਿਹੀ ਭੀ ਵਿਹਲ ਮਿਲੀ ਉਸ ਨੂੰ ਉਸ ਨੇ ਵਿਅਰਥ ਨਹੀਂ ਗਵਾਇਆ। ਉਸ ਨੇ ਇਸ ਦਾ ਫ਼ਾਇਦਾ ਉਠਾ ਕੇ ਸਢੌਰਾ ਸ਼ਹਿਰ ਦੇ ਬਿਲਕੁਲ ਲਾਗੇ ਇਕ ਗੜ੍ਹੀ ਰਚ ਲਈ ਅਤੇ ਇਥੇ ਇਕ ਅੱਡਾ ਬਣਾ ਕੇ ਬਾਦਸ਼ਾਹੀ ਫੌਜ ਦਾ ਡਟ ਕੇ ਟਾਕਰਾ ਕੀਤਾ ਅਤੇ ਸਰਹੰਦ ਦੇ ਫੌਜਦਾਰ (ਜ਼ੈਨੁਦੀਨ ਅਹਿਮਦ ਖ਼ਾਨ) ਦੇ ਸਾਰੇ ਜਤਨਾਂ ਨੂੰ ਅਕਾਰਥ ਕਰਕੇ ਰਖ ਦਿੱਤਾ।

ਸਢੌਰੇ ਦੀ ਗੜ੍ਹੀ ਅੰਦਰ ਬੈਠੇ ਸਿੰਘਾਂ ਦਾ ਜੰਗ ਲਈ ਜੋਸ਼ ਅਤੇ ਟਾਕਰੇ ਤੇ ਡਟੇ ਰਹਿਣ ਦੀ ਹਿੰਮਤ ਬੜੀ ਪ੍ਰਸੰਸਾ-ਯੋਗ ਸੀ। ਉਹ ਮੌਸਮ ਦੀ ਪਰਵਾਹ ਨਾ ਕਰਦੇ ਹੋਏ ਲੰਗਰ ਤਿਆਰ ਕਰਨ ਅਤੇ ਛਕਣ ਵੇਲੇ ਭੀ ਬਾਹਰ ਘੇਰਾ ਪਾਈ ਬੈਠੇ ਵੈਰੀ ਉੱਤੇ ਗੋਲੀਆਂ ਚਲਾਉਂਦੇ ਰਹਿੰਦੇ। ਜਦ ਜ਼ੈਨੁਦੀਨ ਅਹਿਮਦ ਖ਼ਾਨ ਨੇ ਵੇਖਿਆ ਕਿ ਉਸ ਦੀਆਂ ਤੋਪਾਂ ਦੇ ਗੋਲਿਆਂ ਦਾ ਸਿੰਘਾਂ ਦੀ ਗੜ੍ਹੀ ਉੱਤੇ ਕੋਈ ਬਹੁਤ ਅਸਰ ਨਹੀਂ ਹੋ ਰਿਹਾ ਤਾਂ ਉਸ ਨੇ ਆਪਣੇ ਮੋਰਚੇ ਹੋਰ ਅੱਗੇ ਵੱਧਾ ਲਏ ਅਤੇ ਗੜ੍ਹੀ ਤੋਂ ਚਾਲੀ ਪੰਜਾਹ ਗਜ਼ ਦੀ ਵਿੱਥ ਤੇ ਜਾ ਪਹੁੰਚਾ। ਇਥੇ ਉਸ ਨੇ ਇਕ ਬਾਤਰੀ ਜਾਂ ਉੱਚਾ ਮੋਰਚਾ ਬਣਾ ਕੇ ਇਕ ਵੱਡੀ ਤੋਪ ਲਿਆ ਗੱਡੀ ਅਤੇ ਗੜ੍ਹੀ ਉੱਤੇ ਅੱਗ ਵਰ੍ਹਾਉਣੀ ਆਰੰਭ ਦਿੱਤੀ। ਭਾਵੇਂ ਇਹ ਤੋਪ ਭੀ ਉਨ੍ਹਾਂ ਦਾ ਕੁਝ ਬਹੁਤਾ ਵਿਗਾੜ ਨਹੀਂ ਸੀ ਕਰ ਰਹੀ, ਤਾਂ ਭੀ ਸਿੰਘਾਂ ਨੇ ਆਪਣੀ ਦਲੇਰੀ, ਹੁਸ਼ਿਆਰੀ ਅਤੇ ਹਿੰਮਤ ਦਾ ਰੁਹਬ ਪਾਉਣ ਲਈ ਤੋਪ ਨੂੰ ਇਸ ਢੰਗ ਨਾਲ ਖਿਸਕਾ ਲਿਜਾਣ ਦਾ ਇਰਾਦਾ ਕਰ ਲਿਆ ਕਿ ਕਿਸੇ ਨੂੰ ਨਾਂ ਤਾਂ ਅਵਾਜ਼ ਹੀ ਸੁਣੇ ਅਤੇ ਨਾ ਹੀ ਇਹ ਪਤਾ ਲਗੇ ਕਿ ਕਿਵੇਂ ਲੈ ਗਏ ਹਨ। ਇਸ ਲਈ ਉਨ੍ਹਾਂ ਨੇ ਗੜ੍ਹੀ ਦੇ ਅੰਦਰੋਂ ਅੰਦਰ ਐਨ ਉਸ ਥਾਂ ਤਕ ਸੁਰੰਗ ਪੁੱਟ ਲਈ ਜਿਥੇ ਕਿ ਤੋਪ ਗੱਡੀ ਹੋਈ ਸੀ। ਬਲਦਾਂ ਦੀਆਂ ਜੋੜੀਆਂ ਅਤੇ ਗੱਡਿਆਂ ਦੇ ਰੱਸੇ ਲੋੜ ਪੈਣ ਲਈ ਤਿਆਰ ਕਰ ਲਏ। ਇਹ ਬਰਖਾ ਦੇ ਦਿਨ ਸਨ। ਇਕ ਅਨ੍ਹੇਰੀ ਰਾਤ ਨੂੰ ਜਦ ਕਿ ਮੀਂਹ ਬੜੇ ਜ਼ੋਰ ਦਾ ਵਰ੍ਹ ਰਿਹਾ ਸੀ ਅਤੇ ਬਾਹਰ ਨਾ ਕੁਝ ਦਿਸਦਾ ਅਤੇ ਨਾ ਸੁਣਦਾ ਸੀ ਅਤੇ ਬਾਹਰਲੀ ਫ਼ੌਜ ਵਾਲੇ ਆਪਣੀ ਆਪਣੀ ਥਾਈਂ ਵੜੇ ਪਏ ਸਨ ਅਤੇ ਬਾਹਰ ਸਿਰ ਕੱਢਣ ਦਾ ਕਿਸੇ ਨੂੰ ਹੌਸਲਾ ਨਹੀਂ ਸੀ ਪੈਂਦਾ, ਸਿੰਘਾਂ ਨੇ ਤੋਪ ਖਿਸਕਾ ਲੈਣ ਦਾ ਚੰਗਾ ਮੌਕਾ ਸਮਝਿਆ। ਅੱਧੀ ਕੁ ਰਾਤ ਨੂੰ ਉਨ੍ਹਾਂ ਨੇ ਸੁਰੰਗ ਦੀ ਬਾਕੀ ਛੱਡੀ ਹੋਈ ਮਿੱਟੀ ਭੀ ਹਟਾ ਲਈ ਅਤੇ ਅੰਦਰ ਇਕ ਦੂਈ ਦੇ ਅੱਗੇ ਬਲਦਾਂ ਦੀਆਂ ਜੋਗਾਂ ਜੋੜ ਦਿੱਤੀਆਂ। ਫਿਰ ਕੁਝ ਸਿੰਘ ਬਰਖਾ ਅਤੇ ਹਵਾ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਗੜ੍ਹੀ ਦੀ ਖਾਈ ਤਰ ਕੇ, ਜਿਸ ਵਿਚ ਕਿ ਬੜੀ ਤੇਜ਼ ਅਤੇ ਜ਼ੋਰ ਨਾਲ ਪਾਣੀ ਪੈ ਰਿਹਾ ਸੀ, ਵੈਰੀ ਦੀ ਬਾਤਰੀ ਤਕ ਜਾ ਪੁੱਜੇ ਅਤੇ ਤੋਪ ਦੇ ਤਖ਼ਤ ਨੂੰ ਰੱਸੇ ਘੁੱਟ ਕੇ ਜਾ ਬੰਨ੍ਹੇ ਅਤੇ ਤਰ ਕੇ ਮੁੜ ਆਪਣੇ ਅੰਦਰ ਆ ਗਏ। ਬਲਦਾਂ ਨੇ ਜਦ ਖਿੱਚਣਾ ਸ਼ੁਰੂ ਕੀਤਾ ਤਾਂ ਤੋਪ ਸਣੇ ਤਖਤ ਦੇ ਹਿੱਲ ਪਈ ਅਤੇ ਸੁਰੰਗ ਵਲ ਨੂੰ ਰੁੜ੍ਹ ਪਈ। ਪਰ ਮੰਦੇ ਭਾਗਾਂ ਨੂੰ ਜਦ ਹੇਠਾਂ ਪੁੱਜੀ ਤਾਂ ਤੋਪ ਅਤੇ ਤਖ਼ਤ ਨੂੰ ਬੰਨ੍ਹੇ ਹੋਏ ਰੱਸੇ ਟੁੱਟ ਗਏ। ਤੋਪ ਤਖ਼ਤੋਂ ਲਹਿ ਗਈ ਅਤੇ ਦੋਵੇਂ ਵੱਖਰੇ ਹੋ ਕੇ ਡਿਗ ਪਏ। ਇਨ੍ਹਾਂ ਦੇ ਡਿਗਣ ਨਾਲ ਇਤਨਾ ਧਮਾਕਾ ਹੋਇਆ ਕਿ ਸੁੱਤੇ ਹੋਏ ਪਹਿਰੇਦਾਰ ਜਾਗ ਪਏ। ਤੋਪ ਨੂੰ ਅਲੋਪ ਹੋ ਗਿਆ ਵੇਖ ਕੇ ਸਰਹੰਦੀ ਲਸ਼ਕਰ ਵਿਚ ਰੌਲਾ ਪੈ ਗਿਆ ਅਤੇ ਉਹ ਇਸ ਦੀ ਭਾਲ ਵਿਚ ਸਾਰੀਂ ਪਾਸੀਂ ਭੱਜ ਉਠੇ। ਚਿੱਕੜ ਅਤੇ ਜਿਲ੍ਹਣ ਵਿਚ ਦੀ ਹੁੰਦਾ ਹੋਇਆ ਖ਼ੁਦ ਫ਼ੌਜਦਾਰ ਜ਼ੈਨੁਦੀਨ ਅਹਿਮਦ ਖ਼ਾਨ ਪਾ ਪਿਆਦਾ ਬੜਾ ਘਬਰਾਇਆ ਹੋਇਆ ਬਾਤਰੀ ਪਾਸ ਪੁੱਜਾ। ਸਾਰੀਂ ਪਾਸੀਂ ਅਨ੍ਹੇਰਾ ਸੀ, ਬਰਖਾ ਜ਼ੋਰ ਦੀ ਹੋ ਰਹੀ ਸੀ, ਮਸਾਲ ਕੋਈ ਜਗ ਨਹੀਂ ਸੀ ਸਕਦੀ। ਲੱਕ ਲੱਕ ਸਾਰੀਂ ਪਾਸੀਂ ਪਾਣੀ ਸੀ। ਫ਼ੌਜਦਾਰ ਮਸਾਲਾਂ ਜਗਾਉਣ ਦਾ ਹੁਕਮ ਭੀ ਨਹੀਂ ਸੀ ਦੇ ਸਕਦਾ ਕਿਉਂਕਿ ਇਸ ਨਾਲ

ਲਸ਼ਕਰੀਆਂ ਉੱਤੇ ਸਿੰਘਾਂ ਦੀ ਗੋਲੀ ਸਿੱਧੀ ਵਰ੍ਹਨ ਲਗ ਪੈਂਦੀ। ਪਰ ਲੋ ਤੋਂ ਬਿਨਾਂ ਦਿਸਦਾ ਕੁਝ ਨਹੀਂ ਸੀ। ਅੰਤ ਬੜੀ ਮੁਸ਼ਕਲ ਨਾਲ ਪਤਾ ਲੱਗਾ ਕਿ ਤੋਪ ਅਤੇ ਉਸ ਦਾ ਤਖ਼ਤ ਬਾਤਰੀ ਤੋਂ ਹੇਠਾਂ ਟੋਏ ਵਿਚ ਪੁੱਠੇ ਡਿੱਗੇ ਪਏ ਹਨ। ਹੁਣ ਜ਼ੈਨੁਦੀਨ ਅਹਿਮਦ ਖ਼ਾਨ ਦੇ ਉੱਡੇ ਹੋਏ ਹੋਸ਼ ਕੁਝ ਟਿਕਾਣੇ ਆਏ ਅਤੇ ਉਸ ਨੇ ਆਪਣੇ ਲਸ਼ਕਰ ਦੇ ਸੌ ਆਦਮੀਆਂ ਨੂੰ ਪੰਜਾਹ ਪੰਜਾਹ ਰੁਪਏ ਇਨਾਮ ਦੇਣ ਦਾ ਇਕਰਾਰ ਕੀਤਾ ਜੋ ਉਹ ਤੋਪ ਕੱਢ ਲਿਆਉਣ। ਬੜੀ ਮੁਸ਼ਕਲ ਨਾਲ ਉਨ੍ਹਾਂ ਨੇ ਤੋਪ ਖਿੱਚ ਕੇ ਬਾਹਰ ਕੱਢੀ ਅਤੇ ਸੁਰੱਖਤ ਥਾਂ ਪਹੁੰਚਾਈ। ਸਢੌਰੇ ਦਾ ਘੇਰਾ ਕਈ ਚਿਰ ਲਮਕਦਾ ਰਿਹਾ ਅਤੇ ਇਸ ਵਿਚ ਜਾਨ ਪਾਉਣ ਲਈ ਨਵੇਂ ਬਾਦਸ਼ਾਹ ਫ਼ਰੁਖ-ਸੀਅਰ ਨੇ ਇਸ ਦੀ ਕਮਾਨ ਭੀ ਲਾਹੌਰ ਦੀ ਸੂਬੇਦਾਰੀ ਦੇ ਨਾਲ ਹੀ ਬਦਲ ਦਿੱਤੀ।

29 ਮੁਹੱਰਮ 1125 (14 ਫ਼ਰਵਰੀ ਸੰਨ 1713) ਨੂੰ ਜ਼ਬਰਦਸਤ ਖ਼ਾਨ ਦੀ ਥਾਂ ਅਬਦੁੱਸਮਦ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਨਿਯਤ ਕੀਤਾ ਗਿਆ ਅਤੇ ਉਸ ਦੇ ਪੁੱਤਰ ਜ਼ਕਰੀਆ-ਖ਼ਾਨ ਨੂੰ ਜੰਮੂ ਦਾ ਫੌਜਦਾਰ ਬਣਾਇਆ। 21 ਮਾਰਚ (5 ਰੱਬੀ-ਉਲ-ਅੱਵਲ) ਨੂੰ ਬਾਦਸ਼ਾਹ ਫ਼ਰੁੱਖਸੀਅਰ ਵਲੋਂ ਸੱਯਦ ਹੁਸੈਨ ਅਲੀ ਖ਼ਾਨ ਨੂੰ ਹੁਕਮ ਹੋਇਆ ਕਿ ਅਬਦੁੱਸਮਦ ਖ਼ਾਨ ਨੂੰ ਲਿਖ ਦੇਵੇ ਕਿ ਉਹ ਜ਼ੈਨੁਦੀਨ ਅਹਿਮਦ ਖ਼ਾਨ ਨਾਲ ਰਲ ਕੇ ਬੰਦਾ ਸਿੰਘ ਨੂੰ ਸਜ਼ਾ ਦੇਵੇ। 2 ਅਤੇ 4 ਅਪ੍ਰੈਲ ਨੂੰ ਪੁੱਜੀ ਖ਼ਬਰ ਵਿਚ ਦਰਜ ਹੈ ਕਿ ਬੰਦਾ ਸਿੰਘ ਚਾਰ ਪੰਜ ਹਜ਼ਾਰ ਸਿੰਘਾਂ ਸਮੇਤ ਲੋਹਗੜ੍ਹ ਦੇ ਕਿਲੇ ਵਿਚ ਡਟਿਆ ਹੋਇਆ ਹੈ ਅਤੇ ਇਕ ਹਜ਼ਾਰ ਸਿੰਘ ਸਢੌਰੇ ਦੀ ਗੜ੍ਹੀ ਵਿਚ ਪੱਕੇ ਪੈਰ ਜਮਾ ਕੇ ਆਲੇ ਦੁਆਲੇ ਦੇ ਪਰਗਣਿਆਂ ਵਿਚ ਹੱਥ ਪੈਰ ਮਾਰ ਰਹੇ ਹਨ। ਜ਼ੈਨੁਦੀਨ ਅਹਿਮਦ ਖ਼ਾਨ ਫੌਜਦਾਰ ਸਰਹੰਦ ਨੇ ਛੱਤ ਦੇ ਪਰਗਣੇ ਵਿਚ ਡੇਰਾ ਲਾਇਆ ਹੋਇਆ ਹੈ ਤਾਂਕਿ ਸਿੰਘਾਂ ਦੀ ਰੋਕ ਥਾਮ ਕਰੇ ਪਰ ਉਸ ਪਾਸੋਂ ਕੁਝ ਬਣ ਨਹੀਂ ਰਿਹਾ।

ਬਾਦਸ਼ਾਹ ਵਲੋਂ ਤਾਕੀਦੀ ਹੁਕਮ ਪੁੱਜਣ ਪਰ ਅਬਦੁੱਸਮਦ ਖ਼ਾਨ ਸਢੌਰੇ ਆ ਪੁੱਜਾ। ਅਬਦੁੱਸਮਦ ਖ਼ਾਨ ਤੂਰਾਨ ਦੇ ਰਹਿਣ ਵਾਲੇ ਖ਼ੁਆਜਾ ਅਹਿਰਾਰ ਦੇ ਖ਼ਾਨਦਾਨ ਵਿਚੋਂ ਸੀ ਅਤੇ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਦਾ ਸਾਂਢੂ ਸੀ। ਇਨ੍ਹਾਂ ਦੋਹਾਂ ਦੀਆਂ ਘਰ ਵਾਲੀਆਂ ਉਸ ਦੇ ਚਾਚੇ ਖ਼ੁਆਜਾ ਜ਼ਕਰੀਆ ਦੀਆਂ ਧੀਆਂ ਸਨ। ਇਹ ਬਾਦਸ਼ਾਹ ਔਰੰਗਜ਼ੇਬ ਦੇ ਵੇਲੇ ਹਿੰਦੁਸਤਾਨ ਆਇਆ ਸੀ ਅਤੇ ਪਹਿਲੋਂ ਚਾਰ ਸਦੀ ਦਾ ਅਹੁਦਾ ਇਸ ਨੂੰ ਦਿੱਤਾ ਗਿਆ ਸੀ। ਬਹਾਦੁਰ ਸ਼ਾਹ ਬਾਦਸ਼ਾਹ ਵੇਲੇ ਇਹ ਹਫ਼ਤ ਸਦੀ ਬਣਿਆ। ਬਹਾਦੁਰ ਸ਼ਾਹ ਦੀ ਮੌਤ ਤੋਂ ਬਾਅਦ ਹੋਈ ਜੰਗ ਵਿਚ ਇਹ ਜ਼ੁਲਫਿਕਾਰ ਖ਼ਾਨ ਨਾਲ ਰਲ ਗਿਆ ਅਤੇ ਸ਼ਾਹਜ਼ਾਦਾ ਜਹਾਨ ਸ਼ਾਹ ਨੂੰ ਮਾਰਨ ਨਾਲ ਪ੍ਰਸਿੱਧ ਹੋ ਗਿਆ। ਫ਼ਰੁੱਖ਼-ਸੀਅਰ ਅਤੇ ਜਹਾਂਦਾਰ ਸ਼ਾਹ ਦੇ ਵਿਚਕਾਰ ਹੋਈ ਜੰਗ ਵਿਚ ਇਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਨਵੇਂ ਬਾਦਸ਼ਾਹ (ਫ਼ਰੁੱਖ਼-ਸੀਅਰ) ਨੇ ਇਸ ਨੂੰ ਪੰਜ ਹਜ਼ਾਰੀ ਬਣਾ ਦਿੱਤਾ, ਦਲੇਰਿ-ਜੰਗ ਦਾ ਖ਼ਿਤਾਬ ਬਖ਼ਸ਼ਿਆ ਅਤੇ ਲਾਹੌਰ ਦਾ ਸੂਬੇਦਾਰ ਬਣਾਇਆ।

ਬੰਦਾ ਸਿੰਘ ਦੇ ਵਿਰੁੱਧ ਮੁਹਿੰਮ ਤੇਜ਼ ਕਰਨ ਲਈ ਜਦ ਇਹ ਸਢੌਰੇ ਪੁੱਜਾ ਤਾਂ ਉਸ

ਵੇਲੇ ਸਿੰਘ ਦੋਹੀਂ ਥਾਈਂ ਡਟੇ ਬੈਠੇ ਸਨ। ਬੰਦਾ ਸਿੰਘ ਖ਼ੁਦ ਲੋਹਗੜ੍ਹ ਵਿਚ ਸੀ ਅਤੇ ਸਢੌਰੇ ਦੀ ਗੜ੍ਹੀ ਵਿਚ ਭੀ ਸਿੰਘ ਡਟੇ ਹੋਏ ਸਨ। ਜ਼ੈਨੁਦੀਨ ਅਹਿਮਦ ਖ਼ਾਨ ਦੇ ਸਿੰਘਾਂ ਵਿਰੁੱਧ ਜਤਨ ਇਹ ਥਾਂ ਖਾਲੀ ਕਰਵਾ ਸਕਣ ਵਿਚ ਸਫ਼ਲ ਨਹੀਂ ਸੀ ਹੋ ਰਹੇ। ਇਹ ਵੇਖ ਕੇ ਕਿ ਇੱਕੋ ਵੇਲੇ ਦੋਨੋਂ ਕਿਲਿਆਂ ਉੱਤੇ ਕੀਤੇ ਹੱਲੇ ਸਫ਼ਲ ਨਹੀਂ ਹੋ ਸਕਣਗੇ, ਅਬਦੁੱਸਮਦ ਖ਼ਾਨ ਨੇ ਵਾਰੋ ਵਾਰੀ ਇਕੱਲੇ ਇਕੱਲੇ ਨੂੰ ਮਾਰਨ ਦਾ ਫ਼ੈਸਲਾ ਕੀਤਾ। ਅਬਦੁੱਸਮਦ ਖ਼ਾਨ ਜ਼ੈਨੁਦੀਨ ਅਹਿਮਦ ਖ਼ਾਨ, ਅਤੇ ਇਨਾਮ ਖ਼ਾਨ ਆਦਿ ਦੀਆਂ ਹੋਰ ਫ਼ੌਜਾਂ ਨੇ, ਜੋ ਬਾਦਸ਼ਾਹ ਫ਼ਰੁੱਖਸੀਅਰ ਨੇ ਇਨ੍ਹਾਂ ਦੀ ਸਹਾਇਤਾ ਲਈ ਭੇਜੀਆਂ ਸਨ, ਰਲ ਕੇ ਸਢੌਰੇ ਦੀ ਗੜ੍ਹੀ ਦਾ ਘੇਰਾ ਕੱਸ ਦਿੱਤਾ। ਲੁੱਟ ਦੀ ਆਸ ਨਾਲ ਇਸ ਵੇਲੇ ਆਲੇ ਦੁਆਲੇ ਦਾ ਮੁਸਲਮਾਨ ਮੁਲਖੱਈਆ ਭੀ ਚੋਖਾ ਆ ਜਮਾਂ ਹੋਇਆ। ਇਸ ਤਰ੍ਹਾਂ ਘੇਰੇ ਦੇ ਤੰਗ ਹੋ ਜਾਣ ਨਾਲ ਸਿੰਘਾਂ ਦੀ ਆਵਜਾਈ ਬੜੀ ਔਖੀ ਹੋ ਗਈ ਅਤੇ ਖਾਣਾ ਦਾਣਾ ਪੁੱਜਣ ਦੀ ਤੰਗੀ ਵੱਧ ਗਈ। ਇਸ ਹਾਲਤ ਵਿਚ ਸਿੰਘਾਂ ਲਈ ਬਹੁਤਾ ਚਿਰ ਸਢੌਰੇ ਟਿਕੇ ਰਹਿਣਾ ਮੁਸ਼ਕਲ ਸੀ, ਇਹ ਦੇਖ ਕੇ ਬੰਦਾ ਸਿੰਘ ਲੋਹਗੜ੍ਹ ਤੋਂ ਸਹਾਇਤਾ ਭੇਜਣ ਦਾ ਜਤਨ ਕਰਨ ਲਗਾ। ਉਹ ਦੂਸਰੇ ਤੀਸਰੇ ਦਿਨ, ਅਤੇ ਕਈ ਵਾਰੀ ਹਰ ਰੋਜ਼, ਲੋਹਗੜ੍ਹੋਂ ਸਿੰਘਾਂ ਦੇ ਜੱਥੇ ਭੇਜਦਾ ਅਤੇ ਉਨ੍ਹਾਂ ਨੂੰ ਲੰਗਰ ਅਤੇ ਲੜਾਈ ਦਾ ਸਾਮਾਨ ਪਹੁੰਚਾਉਂਦਾ। ਉਧਰੋਂ ਸਢੌਰੇ ਦੀ ਗੜ੍ਹੀ ਵਿਚ ਘਿਰੇ ਹੋਏ ਸਿੰਘ ਆ ਰਹੇ ਜੱਥੇ ਦੇ ਸਿੰਘਾਂ ਨੂੰ ਦੇਖਦੇ ਜਾਂ ਉਧਰੋਂ ਉਡਦੀ ਧੂੜ ਤੱਕਦੇ ਤਾਂ ਉਹ ਭੀ ਚੋਹਾਂ ਪਾਸਿਆਂ ਤੋਂ ਹੱਲਾ ਕਰ ਕੇ ਘੇਰੇ ਵਾਲਿਆਂ ਉੱਤੇ ਟੁੱਟ ਪੈਂਦੇ ਅਤੇ ਜੋ ਕੁਝ ਹੱਥ ਆਉਂਦਾ, ਖੋਹ ਖਿੰਜ ਕੇ ਅੰਦਰ ਲੈ ਵੜਦੇ। ਪਰ ਗਿਣਤੀ ਦੇ ਘੱਟ ਹੋਣ ਕਰਕੇ ਸਿੰਘ ਬੜੇ ਘਾਟੇ ਵਿਚ ਸਨ ਅਤੇ ਇਨ੍ਹਾਂ ਦੇ ਛੋਟੇ ਛੋਟੇ ਹੱਲਿਆਂ ਨਾਲ ਬਾਹਰ ਬੈਠੇ ਸ਼ਾਹੀ ਲਸ਼ਕਰਾਂ ਉੱਤੇ ਕੋਈ ਬਹੁਤਾ ਅਸਰ ਨਹੀਂ ਸੀ ਹੋ ਰਿਹਾ। ਮਲੂਮ ਹੁੰਦਾ ਹੈ ਕਿ ਇਕੱਲੇ ਜ਼ੈਨੁਦੀਨ ਅਹਿਮਦ ਖ਼ਾਨ ਦੇ ਵੇਲੇ ਸਿੰਘਾਂ ਨੇ ਬਹੁਤਾ ਖਾਣਾ ਦਾਣਾ ਜਮਾਂ ਨਹੀਂ ਸੀ ਕੀਤਾ। ਇਸ ਲਈ ਹੁਣ ਉਨ੍ਹਾਂ ਨੂੰ ਔਖ ਹੋ ਰਿਹਾ ਸੀ।

22 ਜੂਨ ਸੰਨ 1713 (9 ਜਮਾਦੀ-ਉ-ਸਾਨੀ 1125 ਹਿਜ਼ਰੀ) ਨੂੰ ਜਦ ਕੁਝ ਸਿੰਘ ਕਿਲੇ 'ਚੋਂ ਬਾਹਰ ਨਿਕਲੇ ਤਾਂ ਸ਼ਾਹੀ ਫ਼ੌਜਾਂ ਨਾਲ ਉਨ੍ਹਾਂ ਦਾ ਭੇੜ ਹੋ ਗਿਆ। ਮਾਲੂਮ ਹੁੰਦਾ ਹੈ ਕਿ ਲੋਹਗੜ੍ਹ ਤੋਂ ਬੰਦਾ ਸਿੰਘ ਨੇ ਸਢੌਰੇ ਵਿਚ ਘਿਰੇ ਸਿੰਘਾਂ ਦੀ ਸਹਾਇਤਾ ਲਈ ਜਾਂ ਉਨ੍ਹਾਂ ਨੂੰ ਕੱਢ ਲਿਆਉਣ ਲਈ ਜਦ ਜੱਥਾ ਭੇਜਿਆ ਤਾਂ ਇਨਾਮ ਖ਼ਾਨ ਦੇ ਲਸ਼ਕਰੀ ਉਨ੍ਹਾਂ ਪਰ ਟੁੱਟ ਪਏ। ਇਹ ਦੇਖ ਕੇ ਕਿਲੇ ਵਿਚੋਂ ਕੁਝ ਸਿੰਘ ਭੀ ਨਿਕਲ ਪਏ। ਇਸ ਤਰ੍ਹਾਂ ਸਿੰਘਾਂ ਅਤੇ ਲਸ਼ਕਰੀਆਂ ਵਿਚ ਟੱਕਰ ਹੋ ਪਈ। ਦੋਹਾਂ ਪਾਸਿਆਂ ਤੋਂ ਕਾਫ਼ੀ ਕਟਾ-ਵੱਢ ਹੋਈ। ਬਾਦਸ਼ਾਹ ਵਲੋਂ ਨਵੀਂ ਆਈ ਫੌਜ ਦਾ ਇਕ ਉੱਘਾ ਆਗੂ ਬਕਾ-ਬੇਗ ਖ਼ਾਨ, ਜੋ ਇਨਾਮ ਖ਼ਾਨ ਦੇ ਭਾਈਚਾਰੇ ਵਿਚੋਂ ਸੀ, ਅਤੇ ਉਸ ਦੇ ਕੁਝ ਹੋਰ ਸਾਥੀ ਮਾਰੇ ਗਏ। ਇਸ ਝੜਫ਼ ਤੋਂ ਬਾਅਦ ਸਿੰਘ ਆਪਣੀ ਗੜ੍ਹੀ ਵਿਚ ਜਾ ਵੜੇ।

ਕਿਸੇ ਤਰ੍ਹਾਂ ਕੁਝ ਪੇਸ਼ ਨਾ ਜਾਂਦੀ ਵੇਖ ਕੇ ਅਬਦੁੱਸਮਦ ਖ਼ਾਨ ਨੇ ਇਕ ਜ਼ੋਰਦਾਰ ਹੰਭਲਾ ਮਾਰਨ ਦੇ ਖ਼ਿਆਲ ਨਾਲ ਆਪਣੇ ਮੋਰਚੇ ਜ਼ਰਾ ਹੋਰ ਅੱਗੇ ਨੂੰ ਸਰਕਾਉਣੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਫ਼ਰੁੱਖ-ਸੀਅਰ ਪਾਸ 17 ਜੁਲਾਈ (5 ਰੱਜਬ) ਨੂੰ ਪਹੁੰਚੀ ਖ਼ਬਰ ਵਿਚ

ਲਿਖਿਆ ਹੋਇਆ ਹੈ ਕਿ ਅਬਦੁੱਸਮਦ ਖ਼ਾਨ ਨੇ ਇਨਾਮ ਖ਼ਾਨ ਅਤੇ ਜ਼ੈਨੁਦੀਨ ਅਹਿਮਦ ਖ਼ਾਨ ਨਾਲ ਸਲਾਹ ਕਰ ਕੇ ਆਪਣੇ ਮੋਰਚੇ ਸਢੌਰੇ ਦੀ ਗੜ੍ਹੀ ਦੇ ਲਾਗੇ ਕਰਨ ਅਤੇ ਲਕੜੀ ਦੀਆਂ ਸਤ ਸੌ ਪਉੜੀਆਂ ਬਣਵਾ ਕੇ ਛੇਤੀ ਹੀ ਹੱਲਾ ਕਰਨ ਦਾ ਇਰਾਦਾ ਕੀਤਾ ਹੈ। ਦੋ ਕੁ ਮਹੀਨੇ ਤਿਆਰੀ ਹੁੰਦੀ ਰਹੀ ਜਿਸ ਦਾ ਸਿੰਘਾਂ ਨੂੰ ਭੀ ਪਤਾ ਲਗ ਗਿਆ ਜਾਪਦਾ ਹੈ। ਇਸ ਲਈ ਸਤੰਬਰ ਦੇ ਤੀਸਰੇ ਹਫ਼ਤੇ ਦੇ ਅੱਧ ਵਿਚ (ਖ਼ਿਆਲ ਪੈਂਦਾ ਹੈ ਕਿ 18 ਜਾਂ 19 ਤਾਰੀਖ ਨੂੰ) ਸਿੰਘ ਇਕ ਦਮ ਗੜ੍ਹੀ ਵਿਚੋਂ ਨਿਕਲ ਪਏ ਅਤੇ ਜਿਧਰ ਜ਼ਿਮੀਂਦਾਰਾਂ ਦੇ ਬੰਦੇ ਘੇਰਾ ਘੱਤੀ ਬੈਠੇ ਸਨ, ਉਧਰ ਟੁੱਟ ਪਏ। ਮਾਂਗਵੀਆਂ ਧਾੜਾਂ ਨੇ ਸਿਰ-ਲੱਥ ਸੂਰਿਆਂ ਦਾ ਕੀ ਟਾਕਰਾ ਕਰਨਾ ਸੀ। ਸਿੰਘ ਤਲਵਾਰਾਂ ਵਾਹੁੰਦੇ ਉਨ੍ਹਾਂ ਦੀਆਂ ਸਫ਼ਾਂ ਵਿਚ ਦੀ ਬਿਨਾਂ ਕੁਝ ਬਹੁਤਾ ਨੁਕਸਾਨ ਹੋਏ ਦੇ ਨਿਕਲ ਗਏ ਅਤੇ ਲੋਹਗੜ੍ਹ ਜਾ ਪੁੱਜੇ। 24 ਸਤੰਬਰ (15 ਰਮਜ਼ਾਨ) ਨੂੰ ਦਿੱਲੀ ਖ਼ਬਰ ਪੁੱਜੀ ਕਿ ਅਬਦੁੱਸਮਦ ਖ਼ਾਨ ਨੇ ਸਿੰਘਾਂ ਦੀ ਸਢੌਰੇ ਦੀ ਗੜ੍ਹੀ ਢਾਹ ਦਿੱਤੀ ਹੈ।

12 ਅਕਤੂਬਰ (3 ਸ਼ੱਵਾਲ) ਨੂੰ ਭਗਵਤੀ ਦਾਸ ਹਰਕਾਰੇ ਵਲੋਂ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਈ ਖ਼ਬਰ ਵਿਚ ਲਿਖਿਆ ਹੋਇਆ ਹੈ ਕਿ ਸਿੰਘਾਂ ਦਾ ਆਗੂ ਲੋਹਗੜ੍ਹ ਵਿਚ ਮੌਜੂਦ ਹੈ ਅਤੇ ਆਪਣੇ ਕਿਲੇ ਦੀ ਖਾਈ (ਖੰਦਕ) ਤਿਆਰ ਕਰਵਾ ਰਿਹਾ ਹੈ ਅਤੇ ਲੜਾਈ ਦਾ ਇਰਾਦਾ ਰਖਦਾ ਹੈ।

9 ਨਵੰਬਰ (2 ਜ਼ੀ-ਕਦਾ) ਨੂੰ ਬਾਦਸ਼ਾਹ ਨੇ ਆਪਣੇ ਖ਼ਾਸ ਕੋਤਵਾਲ ਨੂੰ ਹੁਕਮ ਦਿੱਤਾ ਕਿ (ਦਿੱਲੀ ਸ਼ਹਿਰ ਵਿਚ) ਡੌਂਡੀ ਪਿਟਵਾ ਦੇਵੇ ਕਿ ਹਿੰਦੂ ਲੋਕ ਪਾਲਕੀ ਵਿਚ ਅਤੇ ਅਰਬੀ ਤੇ ਇਰਾਕੀ ਘੋੜਿਆਂ ਉੱਤੇ ਸਵਾਰ ਨਾ ਹੋਇਆ ਕਰਨ ਅਤੇ ਚੌਥੇ ਦਿਨ 13 ਨਵੰਬਰ (6 ਜ਼ੀ ਕਦਾ) ਨੂੰ ਹੁਕਮ ਹੋਇਆ ਕਿ ਹਿੰਦੂ ਲਹਿਰੀਆਦਾਰ ਕਾਠੀਆਂ ਸਵਾਰੀ ਲਈ ਨਾ ਵਰਤਿਆ ਕਰਨ।

ਸਢੌਰੇ ਦੀ ਗੜ੍ਹੀ ਢਾਹ ਕੇ ਅਬਦੁੱਸਮਦ ਖ਼ਾਨ ਲੋਹਗੜ੍ਹ ਦੇ ਕਿਲੇ ਵਲ ਵਧਿਆ। 13 ਨਵੰਬਰ (6 ਜ਼ੀ-ਕਦਾ) ਨੂੰ ਜ਼ੈਨੁਦੀਨ ਅਹਿਮਦ ਖ਼ਾਨ, ਇਨਾਮ ਖ਼ਾਨ, ਆਪਣੇ ਪੁੱਤਰ ਜ਼ਕਰੀਆ ਖ਼ਾਨ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਅਬਦੁੱਸਮਦ ਖ਼ਾਨ ਨੇ ਲੋਹਗੜ੍ਹ ਕਿਲੇ ਉੱਤੇ ਜਾ ਚੜ੍ਹਾਈ ਕੀਤੀ। ਬਾਦਸ਼ਾਹੀ ਖ਼ਬਰਾਂ ਵਿਚ ਇਥੇ ਹੋਈ ਲੜਾਈ ਦਾ ਕੋਈ ਜ਼ਿਕਰ ਨਹੀਂ। ਕੇਵਲ ਕੁਝ ਬੰਦਿਆਂ ਦੇ ਮਾਰੇ ਜਾਣ ਅਤੇ ਜ਼ਖ਼ਮੀ ਹੋਣ ਦਾ ਨਾਮ ਮਾਤਰ ਜ਼ਿਕਰ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਜਦ ਅਬਦੁੱਸਮਦ ਖ਼ਾਨ ਲੋਹਗੜ੍ਹ ਪਹੁੰਚਾ ਤਾਂ ਨਾ ਤਾਂ ਉਥੇ ਬੰਦਾ ਸਿੰਘ ਹੀ ਸੀ ਅਤੇ ਨਾਂ ਹੀ ਸਿੰਘਾਂ ਦੀ ਕੋਈ ਫ਼ੌਜ। ਮਾਲੂਮ ਹੁੰਦਾ ਹੈ ਕਿ ਸਢੌਰੇ ਦੀ ਗੜ੍ਹੀ ਖਾਲੀ ਕਰਨ ਦੇ ਕੁਝ ਚਿਰ ਪਿਛੋਂ ਬੰਦਾ ਸਿੰਘ ਅਤੇ ਸਿੰਘਾਂ ਨੇ ਕਿਸੀ ਮਿਥੀ ਹੋਈ ਤਜਵੀਜ਼ ਅਨੁਸਾਰ ਲੋਹਗੜ੍ਹ ਭੀ ਖਾਲੀ ਕਰ ਦੇਣਾ ਯੋਗ ਸਮਝਿਆ ਅਤੇ ਚੁੱਪ ਕਰੀਤੇ ਪਹਾੜਾਂ ਵੱਲ ਨਿਕਲ ਗਏ। ਜਿਸ ਵੇਲੇ ਸ਼ਾਹੀ ਲਸ਼ਕਰੀ ਆਪਣੇ ਡੇਰੇ ਲਈ ਥਾਂ ਦੀ ਤਲਾਸ਼ ਕਰ ਰਹੇ ਸਨ, ਪਾਣੀ ਦੀ ਟੋਲ ਵਿਚ ਸਨ ਅਤੇ ਖਾਈ ਪੁੱਟਣ ਅਤੇ ਮਿੱਟੀ ਸੁੱਟਣ ਵਿਚ ਲੱਗੇ ਹੋਏ ਉਨ੍ਹਾਂ ਦੇ ਸਵਾਰਾਂ ਦਾ ਇਕ ਦਸਤਾ ਕਾਹਲੀ ਨਾਲ ਇਕ ਟਿੱਬੇ ਵਲ ਨੂੰ ਇਸ ਖ਼ਿਆਲ ਨਾਲ ਗਿਆ ਕਿ ਸਿੰਘਾਂ ਦੇ ਮੋਰਚਿਆਂ ਦਾ ਪਤਾ ਕਰੇ। ਪਰ ਜਦ ਉਹ ਟਿੱਬੇ

ਉੱਤੇ ਚੜ੍ਹੇ ਤਾਂ ਵੇਖਿਆ ਕਿ ਸਿੰਘ ਪਹਾੜੀ ਦੇ ਪਰਲੇ ਪਾਰ ਉਤਰ ਕੇ ਅਲੋਪ ਹੋ ਗਏ ਹਨ। ਸਿੰਘਾਂ ਦੇ ਇਸ ਦਰ੍ਹਾਂ ਖਿਸਕ ਜਾਣ ਨੇ ਬਾਦਸ਼ਾਹੀ ਲਸ਼ਕਰੀਆਂ ਨੂੰ ਹੋਰ ਵੀ ਜ਼ਿਆਦਾ ਹੈਰਾਨ ਕਰ ਦਿੱਤਾ ਜਦ ਉਨ੍ਹਾਂ ਦੇ ਟਾਕਰੇ ਲਈ ਸਿੰਘਾਂ ਦੀ ਤਿਆਰੀ ਦੇ ਸਾਮਾਨ ਵੇਖੇ। ਪਹਿਲੇ ਟਿੱਲੇ ਤੋਂ ਲੈ ਕੇ ਲੋਹਗੜ੍ਹ ਦੀ ਦੀਵਾਰ ਤੱਕ ਉਨ੍ਹਾਂ ਨੇ ਬਵੰਜਾ ਮੋਰਚੇ ਅਤੇ ਰਾਖੀ ਚੌਕੀਆਂ ਇਸ ਜੁਗਤ ਨਾਲ ਬਣਾਈਆਂ ਹੋਈਆਂ ਸਨ ਕਿ ਇਕ ਤੋਂ ਦੂਸਰੀ ਦੀ ਸਹਾਇਤਾ ਹੋ ਸਕਦੀ ਸੀ ਅਤੇ ਚੜ੍ਹੇ ਆ ਰਹੇ ਵੈਰੀ ਉੱਤੇ ਧੁਰ ਤੱਕ ਮਾਰੂ ਅੱਗ ਵਰ੍ਹਾਈ ਜਾ ਸਕਦੀ ਸੀ। ਇਸ ਗੱਲ ਤੋਂ ਡਰਦੇ ਕਿ ਆਪਣੀ ਆਦਤ ਅਨੁਸਾਰ ਸਿੰਘ ਪਿੱਛੇ ਮੁੜ ਕੇ ਕਿਤੇ ਹੱਲਾ ਨਾ ਕਰ ਦੇਣ ਬਾਦਸ਼ਾਹੀ ਲਸ਼ਕਰ ਨੇ ਕਈ ਦਿਨ ਉਨ੍ਹਾਂ ਦਾ ਪਿੱਛਾ ਨਾ ਕੀਤਾ, ਕੁਝ ਚਿਰ ਪਿੱਛੋਂ ਜਦ ਇਹ ਸਿੰਘਾਂ ਦੀ ਭਾਲ ਵਿਚ ਨਿਕਲੇ ਤਾਂ ਉਨ੍ਹਾਂ ਦਾ ਨਾਉਂ ਨਿਸ਼ਾਨ ਭੀ ਨਾ ਲੱਭਾ। ਲੋਹਗੜ੍ਹ ਦੇ ਖਾਲੀ ਹੋ ਜਾਣ ਅਤੇ ਬੰਦਾ ਸਿੰਘ ਦੇ ਖਿਸਕ ਜਾਣ ਦੀ ਖ਼ਬਰ 9 ਜ਼ੀ-ਕਦਾ (16 ਨਵੰਬਰ) ਨੂੰ ਬਾਦਸ਼ਾਹ ਦੇ ਪੇਸ਼ ਹੋਈ ਜਿਸ ਵਿਚ ਲਿਖਿਆ ਹੋਇਆ ਸੀ ਕਿ ਸਿੰਘਾਂ ਦੇ ਕਈ ਬੰਦੇ ਕਤਲ ਅਤੇ ਜ਼ਖ਼ਮੀ ਹੋਏ ਹਨ ਅਤੇ ਉਨ੍ਹਾਂ ਦੇ ਬਾਰੂਦ ਦੇ ਕੋਠੇ ਜ਼ਬਤ ਕਰ ਲਏ ਹਨ। ਬਾਦਸ਼ਾਹੀ ਲਸ਼ਕਰ ਦੇ ਆਗੂਆਂ ਵਿਚੋਂ ਅਬਦੁੱਸਮਦ ਖ਼ਾਨ ਦਾ ਬਖ਼ਸ਼ੀ (ਫੌਜੀ ਕਮਾਂਡਰ) ਹਾਜ਼ੀ ਕਮਾਲ, ਜ਼ੈਨੁਦੀਨ ਅਹਿਮਦ ਖ਼ਾਨ ਦਾ ਭਤੀਜਾ ਅਬੁਲ ਮੁਕਾਰਮ, ਫ਼ਤਿਹ ਖ਼ਾਨ ਆਦਿ ਜ਼ਖ਼ਮੀ ਹੋਏ। 29 ਨਵੰਬਰ (22 ਜ਼ੀ-ਕਦਾ) ਨੂੰ ਜ਼ਕਰੀਆ ਖ਼ਾਨ ਨੇ ਸਿੰਘਾਂ ਦੇ ਕਟੇ ਹੋਏ ਸਿਰ ਨੇਜ਼ਿਆਂ ਉੱਤੇ ਟੰਗ ਕੇ ਚਾਂਦਨੀ ਚੌਂਕ ਵਿਚ ਬਾਦਸ਼ਾਹ ਦੀ ਨਜ਼ਰੋਂ ਗੁਜ਼ਾਰੇ।

ਅਧਿਆਇ 17

# ਕਿੜੀ ਪਠਾਣਾਂ, ਰੋਪੜ ਅਤੇ ਬਟਾਲਾ

ਲੋਹਗੜ੍ਹ ਖਾਲੀ ਹੋ ਜਾਣ ਪਿੱਛੋਂ ਅਬਦੁੱਸਮਦ ਖ਼ਾਨ ਤਾਂ ਆਪਣੀ ਸੂਬੇਦਾਰੀ ਲਾਹੌਰ ਨੂੰ ਚਲਾ ਗਿਆ ਅਤੇ ਆਪਣੇ ਪੁੱਤਰ ਜ਼ਕਰੀਆ ਖ਼ਾਨ ਫੌਜਦਾਰ ਜੰਮੂੰ ਨੂੰ ਬੰਦਾ ਸਿੰਘ ਦੇ ਵਿਰੁੱਧ ਮੁਹਿੰਮ ਦੀ ਫ਼ਤਿਹ ਦੀ ਰਿਪੋਰਟ ਦੇ ਕੇ ਬਾਦਸ਼ਾਹ ਫ਼ਰੁੱਖ਼-ਸੀਅਰ ਦੀ ਸੇਵਾ ਵਿਚ ਭੇਜਿਆ। ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਜ਼ਕਰੀਆ ਖ਼ਾਨ 29 ਨਵੰਬਰ ਨੂੰ ਬਾਦਸ਼ਾਹ ਦੇ ਪੇਸ਼ ਹੋਇਆ। ਪੰਜ ਦਸੰਬਰ ਨੂੰ ਬਾਦਸ਼ਾਹ ਵਲੋਂ ਖ਼ਿੱਲਤ, ਜੜਾਊ ਕਲਗੀ ਅਤੇ ਝੰਡਾ ਅਤੇ ਧੌਂਸਾ ਇਨਾਮ ਹੋਏ। 29 ਜ਼ਿਲਹਿੱਜਾ 1125 ਹਿਜ਼ਰੀ (5 ਜਨਵਰੀ 1714) ਨੂੰ ਫੇਰ ਜ਼ਕਰੀਆ ਖ਼ਾਨ ਨੂੰ (ਅਤੇ ਕਮਰੁੱਦੀਨ ਦੇ ਭਾਈ ਮੁਜ਼ੱਫਰ ਖ਼ਾਨ, ਰਾਜਾ ਛਬੀਲਾ ਰਾਮ, ਗੰਧਰਬ ਸਿੰਘ ਅਤੇ ਰੁਸਤਮ ਖ਼ਾਨ ਨੂੰ) ਖ਼ਿੱਲਤਾਂ ਆਦਿ ਦੇ ਕੇ ਰਾਜਪੂਤਾਨੇ ਦੀ ਮੁਹਿੰਮ ਉੱਤੇ ਜਾਣ ਦਾ ਹੁਕਮ ਹੋਇਆ।

21 ਫ਼ਰਵਰੀ ਸੰਨ 1714 (17 ਸਫ਼ਰ 1126 ਹਿਜ਼ਰੀ) ਨੂੰ ਬਾਦਸ਼ਾਹ ਨੇ ਦੋ ਚੋਬਦਾਰ ਨਿਯਤ ਕੀਤੇ ਕਿ ਛੇਤੀ ਜਾ ਕੇ ਅਬਦੁੱਸਮਦ ਖ਼ਾਨ ਨੂੰ ਲੈ ਆਉਣ। ਇਸ ਵੇਲੇ ਉਹ ਮੁਲਤਾਨ ਵਲੋਂ ਮੁਹਿੰਮ ਤੋਂ ਮੁੜ ਆਇਆ ਸੀ। ਅਬਦੁੱਸਮਦ ਖ਼ਾਨ 24 ਫ਼ਰਵਰੀ (20 ਸਫ਼ਰ) ਨੂੰ ਆ ਹਾਜ਼ਰ ਹੋਇਆ। ਮੀਰ ਜੁਮਲਾ ਦੀਵਾਨ ਖ਼ਾਸ ਦੇ ਦਰਵਾਜ਼ੇ ਤੱਕ ਸੁਆਗਤ ਲਈ ਗਿਆ ਅਤੇ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਉਸ ਨੂੰ ਥਾਪੀ ਦਿੱਤੀ ਅਤੇ ਇਕ ਖ਼ਾਸ ਖ਼ਿੱਲਤ ਅਤੇ ਜਿਗਾ ਕਲਗੀ ਇਨਾਮ ਦਿੱਤੀਆਂ। 28 ਫ਼ਰਵਰੀ (24 ਸਫ਼ਰ) ਨੂੰ ਉਸ ਨੂੰ ਹੋਰ ਇਕ ਖ਼ਿੱਲਤ ਸਰ-ਪੇਚ, ਜੜਾਊ ਤਲਵਾਰ, ਇਕ ਘੋੜਾ ਅਤੇ ਹਾਥੀ ਬਖ਼ਸ਼ੇ ਗਏ ਅਤੇ ਰਾਜਪੂਤਾਨੇ ਨੂੰ ਜਾ ਰਹੀ ਬਾਦਸ਼ਾਹੀ ਫੌਜ ਨਾਲ ਨਿਯਤ ਕੀਤਾ।

ਸਿੰਘਾਂ ਨੇ ਜ਼ੋਰ ਘਟਣ ਅਤੇ ਸਰਕਾਰ ਵਲੋਂ ਉਨ੍ਹਾਂ ਦੇ ਵਿਰੁੱਧ ਸਖ਼ਤੀ ਦੇ ਹੁਕਮਾਂ ਨਾਲ ਸਰਕਾਰੀ ਹਾਕਮਾਂ ਅਤੇ ਦੂਸਰੇ ਲੋਕਾਂ ਦੇ ਹੌਸਲੇ ਵਧ ਗਏ ਸਨ ਅਤੇ ਉਨ੍ਹਾਂ ਨੇ ਜਿੱਥੇ ਕਿਧਰੇ ਭੀ ਦਾਓ ਲੱਗਦਾ ਸਿੰਘਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਸਰਹੰਦ, ਮਾਝੇ ਅਤੇ ਰਿਆੜਕੀ ਦੇ ਇਲਾਕਿਆਂ ਦੇ ਮੁਸਲਮਾਨ ਤਾਂ ਸਿੰਘਾਂ ਦੇ ਵੈਰੀ ਹੀ ਬਣ ਗਏ ਅਤੇ ਹਰ ਕੋਈ ਉਨ੍ਹਾਂ ਨੂੰ ਫੜਨਾ ਜਾਂ ਮਾਰਨਾ ਮਰਵਾਉਣਾ ਆਪਣਾ ਫਰਜ਼ ਸਮਝਣ ਲੱਗ ਪਿਆ। ਲਾਹੌਰ ਤਾਂ ਸੀ ਹੀ ਮੁਗ਼ਲ ਰਾਜ ਦਾ ਕੇਂਦਰ, ਪਰ ਸਰਹੰਦ, ਬਟਾਲਾ, ਕਲਾਨੌਰ ਅਤੇ ਕਾਹਨੂਵਾਨ ਡੇਢ ਕੁ ਸੌ ਸਾਲ ਤੋਂ ਮੁਸਲਮਾਨੀ ਤਾਕਤ ਦੇ ਖ਼ਾਸ ਅੱਡੇ ਬਣੇ ਹੋਏ ਸਨ ਅਤੇ ਮੁਲਾਣਿਆਂ ਦੇ ਅਸਰ ਹੇਠਾਂ ਇਥੇ ਦੇ ਆਮ ਮੁਸਲਮਾਨ ਭੀ ਹੋਰਨਾਂ ਨਾਲੋਂ ਜ਼ਿਆਦਾ ਕੱਟੜ ਹੋਏ ਹੁਏ ਸਨ। ਇਸ ਲਈ ਇਨ੍ਹਾਂ ਦੇ ਅਤਿਆਚਾਰਾਂ ਦਾ ਟਾਕਰਾ ਕਰਨ ਲਈ ਸਿੰਘਾਂ ਨੂੰ

ਇਕੱਠੇ ਹੋ ਕੇ ਹੱਥ ਪੈਰ ਮਾਰਨੇ ਪੈਂਦੇ ਸਨ।

ਮਾਰਚ ਸੰਨ 1714 ਵਿਚ, ਮਾਲੂਮ ਹੁੰਦਾ ਹੈ, ਕਾਹਨੂਵਾਨ ਦੇ ਪਰਗਣੇ ਦੇ ਸਿੰਘ ਕੁਝ ਬਹੁਤ ਹੀ ਤੰਗ ਹੋ ਗਏ। ਇਸ ਵੇਲੇ ਸਿੰਘਾਂ ਨੂੰ ਦੁੱਖੀ ਕਰਨ ਵਾਲਿਆਂ ਦੇ ਬਹੁਤ ਸਾਰੇ ਮੋਹਰੀ ਇਸ ਪਰਗਣੇ ਦੇ ਪਿੰਡ ਕਿੜੀ ਪਠਾਣ ਬਸਦੀ ਉਮਰ ਗਾਜ਼ੀ ਦੇ ਮੁਲਾਣੇ ਸਨ। ਤੰਗ ਆਏ ਹੋਏ ਬੰਦੇ ਲਈ ਕਈ ਵਾਰੀ ਲੜਾਈ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਫ਼ਾਰਸੀ ਦੀ ਇਕ ਅਖੌਤ ਹੈ ਕਿ 'ਤੰਗ ਆਮਦ ਬਜੰਗ ਆਮਦ', ਅਰਥਾਤ ਤੰਗ ਆਇਆ ਹੋਇਆ ਲੜਾਈ ਤੇ ਉਤਰ ਪੈਂਦਾ ਹੈ। ਇਸ ਲਈ ਖਿਰਦ ਗਿਰਦ ਦੇ ਸਿੰਘ ਇਸ ਪਰਗਣੇ ਦੇ ਇਕ ਉਘੇ ਸਿੰਘ ਸਰਦਾਰ ਜਗਤ ਸਿੰਘ ਦੀ ਜੱਥੇਦਾਰੀ ਹੇਠ ਆ ਇਕੱਠੇ ਹੋਏ। 17 ਮਾਰਚ (12 ਰੱਬੀ-ਉਲ-ਅੱਵਲ) ਵਾਲੇ ਦਿਨ ਸਰਦਾਰ ਜਗਤ ਸਿੰਘ ਆਪਣੇ ਭਰਾਵਾਂ, ਨੌਕਰਾਂ ਅਤੇ ਸਿੱਖਾਂ ਦੇ ਜੱਥੇ ਨੂੰ ਨਾਲ ਲੈ ਕੇ ਪਹਿਰ ਦਿਨ ਚੜ੍ਹੇ ਪਿੰਡ ਉੱਤੇ ਜਾ ਪਿਆ ਅਤੇ ਪਠਾਣਾਂ ਦੀ ਗੜ੍ਹੀ ਵਿਚ ਜਾ ਵੜਿਆ। ਪਠਾਣਾਂ ਨੇ ਅਗੋਂ ਟਾਕਰਾ ਕੀਤਾ ਪਰ ਕੋਈ ਪੇਸ਼ ਨਾ ਗਈ। ਮੁਹੰਮਦ ਇਸਹਾਕ ਮਾਰਿਆ ਗਿਆ। ਸੱਠ ਹਜ਼ਾਰ ਰੁਪਏ ਦਾ ਪਿੰਡ ਵਾਲਿਆਂ ਅਤੇ ਹੋਰਨਾਂ ਪਿੰਡਾਂ ਵਾਲਿਆਂ ਦਾ ਮਾਲ (ਰੁਪਏ ਅਤੇ ਗਹਿਣਾ ਗੱਟਾ) ਜੋ ਉਨ੍ਹਾਂ ਨੇ ਸੰਭਾਲ ਲਈ ਮੁਹੰਮਦ ਮੀਰ ਦੇ ਘਰ ਰੱਖਿਆ ਹੋਇਆ ਸੀ, ਸਿੰਘਾਂ ਦੇ ਹੱਥ ਆਇਆ। ਬਹੁਤ ਸਾਰੇ ਲੋਕ ਘਰ ਘਾਟ ਛੱਡ ਕੇ ਭੱਜ ਗਏ।

ਚੜ੍ਹਦੇ ਵਸਾਖ ਕਣਕ ਦੀ ਵਾਢੀ ਪੈਣ ਵਾਲੀ ਹੁੰਦੀ ਹੈ। ਮਾਲੂਮ ਹੁੰਦਾ ਹੈ ਇਸ ਵੇਲੇ ਕੁਝ ਸਿੰਘ ਫਸਲ ਦੀ ਕਟਾਈ ਦੇ ਖਿਆਲ ਨਾਲ ਪਹਾੜਾਂ ਵਲੋਂ ਉਤਰ ਆਏ ਅਤੇ ਆਪਣੀ ਭਾਈ-ਬੰਦਾਂ ਦੀ ਸਹਾਇਤਾ ਕਰਨ ਲੱਗ ਪਏ। ਸੂਹ ਮਿਲਣ ਪਰ ਸਰਹੰਦੀ ਫੌਜ ਦੇ ਬਖ਼ਸ਼ੀ ਸ਼ਰਫ਼ੁੱਦੀਨ ਨੇ ਜਾ ਉਨ੍ਹਾਂ ਉੱਤੇ ਧਾਵਾ ਬੋਲਿਆ। ਖੇਤਾਂ ਵਿਚ ਵਾਢੀ ਕਰਦੇ ਸਿੰਘਾਂ ਪਾਸ ਦਾਤਰੀਆਂ ਤੋਂ ਵੱਧ ਕੀ ਹੋਣਾ ਸੀ? ਫੇਰ ਭੀ ਉਨ੍ਹਾਂ ਨੇ ਟਾਕਰਾ ਕੀਤਾ ਜਿਸ ਵਿਚ ਸਰਹੰਦੀ ਫੌਜ ਦੇ ਕੁਝ ਬੰਦੇ ਮਾਰੇ ਗਏ ਅਤੇ ਸਿੰਘਾਂ ਦੇ ਭੀ। ਦੂਸਰੇ ਦਿਨ ਸਰਹੰਦੀਆਂ ਦੇ ਅਠਾਰਾਂ ਘੋੜੇ ਅਤੇ ਕੁਝ ਸਵਾਰ ਮਾਰੇ ਗਏ ਅਤੇ ਬਹਾਦੁਰ ਨਾਮੀ ਇਕ ਜਮਾਂਦਾਰ ਅਤੇ 22 ਨਫ਼ਰ ਜ਼ਖ਼ਮੀ ਹੋਏ। ਇਸ ਦੀ ਖ਼ਬਰ 17 ਅਪ੍ਰੈਲ (13 ਰੱਬੀ-ਉ-ਸਾਨੀ) ਨੂੰ ਬਾਦਸ਼ਾਹ ਪਾਸ ਪੁੱਜੀ।

ਹੁਣ ਸਰਹੰਦ ਦੇ ਫ਼ੌਜਦਾਰ ਜ਼ੈਨੁਦੀਨ ਅਹਿਮਦ ਖ਼ਾਨ ਨੇ ਆਪਣੇ ਭਤੀਜੇ ਮੀਰ ਅਬੁਲ ਮੁਕਾਰਮ ਦੀ ਕਮਾਨ ਹੇਠਾਂ ਦੋ ਹਜ਼ਾਰ ਸਵਾਰਾਂ ਦੀ ਫ਼ੌਜ ਇਲਾਕੇ ਵਿਚ ਸਿੰਘਾਂ ਵਿਰੁੱਧ ਚੱਕਰ ਲਾਉਣ ਲਈ ਭੇਜ ਦਿੱਤੀ। ਇਨ੍ਹਾਂ ਨੇ ਸਾਰੀ ਮੱਲ-ਗੁਜ਼ਾਰ ਗਾਹ ਮਾਰੀ। 30 ਅਪ੍ਰੈਲ (26 ਰਬੀ-ਉ-ਸਾਨੀ) ਨੂੰ ਇਨ੍ਹਾਂ ਦਾ ਰੋਪੜੋਂ ਬਾਹਰ ਸਿੰਘਾਂ ਨਾਲ ਭੇੜ ਪੈ ਗਿਆ ਜਿਸ ਵਿਚ ਤੀਰਾਂ ਨਾਲ ਸਰਹੰਦੀ ਫ਼ੌਜ ਦਾ ਚੋਖਾ ਨੁਕਸਾਨ ਹੋਇਆ। 7 ਮਈ ਨੂੰ ਬਾਦਸ਼ਾਹ ਪਾਸ ਪੁੱਜੀ ਖ਼ਬਰ ਵਿਚ ਲਿਖਿਆ ਹੋਇਆ ਹੈ ਕਿ 300 ਸਿੱਖ ਕਤਲ ਹੋਏ ਅਤੇ ਬਾਦਸ਼ਾਹ ਫ਼ੌਜ ਦੇ ਦੋ ਸੌ ਸਵਾਰ ਅਤੇ ਪਿਆਦੇ ਮਰੇ ਅਤੇ ਕੁਝ ਫੱਟੜ ਹੋਏ।

ਇਸ ਵੇਲੇ ਤਕ ਅਬਦੁੱਸਮਦ ਖ਼ਾਨ ਅਤੇ ਉਸ ਦਾ ਪੁੱਤਰ ਜ਼ਕਰੀਆ ਖ਼ਾਨ

ਰਾਜਪੂਤਾਨੇ ਦੀ ਮੁਹਿੰਮ ਤੋਂ ਮੁੜ ਆਏ ਸਨ । 28 ਮਈ (26 ਜਮਾਦੀ-ਉਲ-ਅਵੱਲ) ਨੂੰ ਖਿਲਤਾਂ ਬਖਸ਼ ਕੇ ਬਾਦਸ਼ਾਹ ਨੇ ਇਨ੍ਹਾਂ ਦਾ ਸਨਮਾਨ ਕੀਤਾ ਅਤੇ 16 ਜੂਨ (14 ਜਮਾਦੀ-ਉ-ਸਾਨੀ) ਨੂੰ ਇਨ੍ਹਾਂ ਨੂੰ ਪੰਜਾਬ ਨੂੰ ਵਿਦਿਆ ਕੀਤਾ ਅਤੇ ਹੁਕਮ ਦਿੱਤਾ ਕਿ ਸਿੰਘਾਂ ਨੂੰ ਸਿੱਧਾ ਕਰਨ । 27 ਜੂਨ (25 ਜਮਾਦੀ-ਉ-ਸਾਨੀ) ਨੂੰ ਹਮੀਦੁੱਦੀਨ ਖ਼ਾਨ ਬਹਾਦੁਰ ਨੂੰ ਖਿਲਤ ਬਖ਼ਸ਼ ਕੇ ਅਬਦੁੱਸਮਦ ਖ਼ਾਨ ਨਾਜ਼ਮ (ਸੂਬੇਦਾਰ) ਲਾਹੌਰ ਦਾ ਨਾਇਬ ਨਿਯਤ ਕੀਤਾ ਗਿਆ ।

ਜੂਨ ਦੇ ਆਖ਼ਰੀ ਦਿਨਾਂ ਵਿਚ ਸਰਦਾਰ ਬਾਜ ਸਿੰਘ ਬੰਦਾ ਸਿੰਘ ਤੋਂ ਛੁੱਟੀ ਲੈ ਕੇ ਆਨੰਦਪਰ (ਮਾਖੋਵਾਲ) ਵਲ ਆ ਨਿਕਲਿਆ । ਅਨੰਦਪੁਰ ਕਹਿਲੂਰ ਰਾਜ ਵਿਚ ਸੀ । ਇਸ ਵੇਲੇ ਸਰਹੰਦ ਦੀਆਂ ਫ਼ੌਜਾਂ ਇਧਰ ਚੱਕਰ ਲਾ ਰਹੀਆਂ ਸਨ ਅਤੇ ਮਾਲੂਮ ਹੁੰਦਾ ਹੈ ਕਿ ਉਹ ਲੋਕਾਂ ਨੂੰ ਅਕਾਰਣ ਹੀ ਤੰਗ ਕਰ ਰਹੀਆਂ ਸਨ । ਸ਼ਾਇਦ ਰਾਜਾ ਕਹਿਲੂਰ ਉੱਤੇ ਭੀ ਕੋਈ ਆਫ਼ਤ ਆ ਖੜੀ ਹੋਈ ਹੋਵੇ, ਜਿਸ ਲਈ ਉਸ ਨੇ ਸਿੰਘਾਂ ਨੂੰ ਬੁਲਾ ਭੇਜਿਆ । 9 ਜੁਲਾਈ (8 ਰਜਬ) ਨੂੰ ਬਾਦਸ਼ਾਹ ਪਾਸ ਖ਼ਬਰ ਪੱਜੀ, ਜਿਸ ਵਿਚ ਲਿਖਿਆ ਹੋਇਆ ਹੈ ਕਿ ਕਹਿਲੂਰ ਦੇ ਜ਼ਿਮੀਂਦਾਰ (ਰਾਜੇ) ਦੀ ਮਰਜ਼ੀ ਨਾਲ ਬਾਜ ਸਿੰਘ ਮਾਖੋਵਾਲ ਟਿਕਿਆ ਹੋਇਆ ਹੈ ਅਤੇ ਫ਼ੌਜਾਂ ਦੇ ਮੌਕੇ ਸਿਰ ਹੁੰਦੇ ਹੋਏ ਭੀ ਉਹ ਮੱਲਾਂ ਮਾਰ ਰਿਹਾ ਹੈ ਅਤੇ ਮਾਲ ਡੰਗਰ ਲੈ ਗਿਆ ਹੈ ।

16 ਅਗਸਤ (16 ਸ਼ਾਬਾਨ) ਨੂੰ ਸਰਹੰਦੋਂ ਦਿੱਲੀ ਬਾਦਸ਼ਾਹ ਨੂੰ ਪੁੱਜੀ ਖ਼ਬਰ ਅਨੁਸਾਰ ਸਤ ਕੁ ਹਜ਼ਾਰ ਸਿੰਘਾਂ ਨੇ ਰੋਪੜ ਉੱਤੇ ਹੱਲਾ ਕੀਤਾ ਅਤੇ ਜ਼ੈਨੁਦੀਨ ਅਹਿਮਦ ਖ਼ਾਨ ਫ਼ੌਜਦਾਰ ਸਰਹੰਦ ਦੇ ਨਾਇਬ ਅਤੇ ਭਤੀਜੇ ਅਬੁਲ-ਮੁਕਾਰਮ ਨੇ ਉਨ੍ਹਾਂ ਦਾ ਡਟ ਕੇ ਟਾਕਰਾ ਕੀਤਾ । ਦੋ ਕੁ ਸੌ ਸਿੰਘ ਲੜਾਈ ਵਿਚ ਮਾਰੇ ਗਏ ਅਤੇ ਬਾਕੀ ਹਰਨ ਹੋ ਗਏ । ਇਹ ਖ਼ਬਰ 30 ਅਪ੍ਰੈਲ ਨੂੰ ਪੁੱਜੀ ਖ਼ਬਰ ਨਾਲ ਰਲਦੀ ਮਿਲਦੀ ਹੈ, ਹੋ ਸਕਦਾ ਹੈ ਉਸੇ ਦਾ ਹੀ ਦੂਸਰਾ ਰੂਪ ਹੋਵੇ ।

ਸੰਨ 1714 ਦੀ ਪਤਝੜ, ਦਸੰਬਰ ਅਤੇ ਜਨਵਰੀ 1715 ਵਿਚ ਸਰਹੰਦੋਂ ਦਿੱਲੀ ਪੁੱਜੀਆਂ ਖ਼ਬਰਾਂ ਤੋਂ ਪ੍ਰਗਟ ਹੁੰਦਾ ਹੈ ਕਿ ਸਿੰਘਾਂ ਦੇ ਇੱਕੇ ਦੁੱਕੇ ਜੱਥੇ ਪਹਾੜੋਂ ਉਤਰ ਕੇ ਪੰਜੌਰ ਤਕ ਆ ਗਏ ਸਨ (ਖ਼ਬਰ 5 ਦਸੰਬਰ), ਅਤੇ ਬਘਾਟ (6 ਜਨਵਰੀ), ਮੰਡੀ ਸੁਕੇਤ (25 ਜਨਵਰੀ) ਆਦਿ ਵਲ ਭੀ ਉਨ੍ਹਾਂ ਦੇ ਦੌਰਿਆਂ ਦਾ ਪਤਾ ਲਗਦਾ ਹੈ । ਇਸ ਵੇਲੇ ਸਰਹੰਦ ਦਾ ਫ਼ੌਜਦਾਰ ਖਿਦਮਤ-ਤਲਬ ਖ਼ਾਨ ਸੀ ਜੋ ਜ਼ੈਨੁਦੀਨ ਅਹਿਮਦ ਖ਼ਾਨ ਦੀ ਥਾਂ ਨਵਾਂ ਹੀ (ਸਤੰਬਰ-ਨਵੰਬਰ ਵਿਚ) ਨਿਯਤ ਹੋਇਆ ਸੀ ।

23-24 ਫ਼ਰਵਰੀ ਸੰਨ 1715 (30 ਸਫ਼ਰ ਸੰਨ 1127 ਹਿਜ਼ਰੀ) ਨੂੰ ਬਾਦਸ਼ਾਹ ਨੂੰ ਸਿੰਘਾਂ ਬਾਬਤ ਦੋ ਖ਼ਬਰਾਂ ਪੁੱਜੀਆਂ, ਪਹਿਲੀ ਖ਼ਬਰ ਲਾਹੌਰ ਦੇ ਹਰਕਾਰੇ ਵਲੋਂ ਲਿਖੀ ਹੋਈ ਸੀ ਕਿ ਫ਼ੌਜਦਾਰ ਪਰਗਣਾ ਐਮਨਾਬਾਦ ਦੇ ਅਮੀਨ ਇਰਾਦਤਮੰਦ ਖ਼ਾਨ ਨੇ ਬੰਦਾ ਸਿੰਘ ਦੇ ਸਾਥੀ ਸਿੰਘਾਂ ਨੂੰ ਟੱਬਰਾਂ ਸਮੇਤ ਆਪਣੇ ਪਾਸ ਟਿਕਾਣਾ ਦਿੱਤਾ ਹੋਇਆ ਹੈ ਅਤੇ ਇਨ੍ਹਾਂ ਸਿੱਖਾਂ ਨੇ ਕਾਬੁਲ ਅਤੇ ਕਸ਼ਮੀਰ ਵਾ ਲਾਹੌਰ ਅਤੇ ਗੁਜਰਾਤ ਦੇ ਵਿਚਕਾਰ ਰਾਹ ਰੋਕੇ ਹੋਏ ਹਨ

ਅਤੇ ਬਾਦਸ਼ਾਹੀ ਤੇ ਰਾਜਾ ਦੇ ਪਿੰਡਾਂ ਵਿਚ ਲੁੱਟ ਮਾਰ ਕਰ ਰਹੇ ਹਨ। ਜੋ ਮਾਲ ਅਤੇ ਡੰਗਰ ਉਨ੍ਹਾਂ ਦੇ ਹੱਥ ਲਗਦੇ ਹਨ, ਉਨ੍ਹਾਂ ਵਿਚੋਂ ਅੱਧ ਆਪ ਰਖ ਲੈਂਦੇ ਹਨ ਅਤੇ ਅੱਧ ਉਸ (ਇਰਾਦਤਮੰਦ ਖ਼ਾਨ) ਨੂੰ ਦੇ ਦਿੰਦੇ ਹਨ।

ਦੂਸਰੀ ਖ਼ਬਰ ਚਕਲਾ ਜੰਮੂ ਦੇ ਲਾਗਿਉਂ ਅਸਫ਼ੰਦ ਯਾਰ ਨੇ ਮਿਰਜ਼ਾ ਗ਼ੁਲਾਮ ਮੁਹੰਮਦ ਦੀ ਮਾਰਫ਼ਤ ਭੇਜੀ ਸੀ ਕਿ ਸਰਹੰਦ ਵਲੋਂ ਆ ਕੇ ਸਿੱਖ ਸੁਕੇਤ ਅਤੇ ਮੰਡੀ ਦੇ ਪਹਾੜ ਵਿਚ ਫਿਰ ਰਹੇ ਹਨ ਅਤੇ ਇਧਰ ਦੇ ਲੋਕਾਂ ਵਿਚ ਬੜਾ ਥਲਕਾ ਮਚਿਆ ਹੋਇਆ ਹੈ। ਨਾਲ ਹੀ ਇਹ ਭੀ ਲਿਖਿਆ ਕਿ ਸਿੱਖਾਂ ਨੇ ਕਹਿਲੂਰੀਏ ਰਾਜਾ ਨਾਲ ਰਲ ਕੇ ਫ਼ਤਿਹ-ਉੱਲਾ-ਖ਼ਾਨ ਦੀ ਜਾਗੀਰ ਦੇ ਆਮਿਲ (ਪ੍ਰਬੰਧਕ) ਰਮਜ਼ਾਨੀ ਬੇਗ ਨਾਲ ਦੂਨ ਦੇ ਰਹਿਣ ਵਾਲੇ ਅੱਠ ਹਜ਼ਾਰ ਸਵਾਰਾਂ ਅਤੇ ਅੱਠ ਹਜ਼ਾਰ ਪਿਆਦਿਆਂ ਨੂੰ ਨਾਲ ਲੈ ਕੇ ਜੰਗ ਕੀਤੀ ਹੈ। ਆਮਿਲ ਦੇ ਬਹੁਤ ਸਾਰੇ ਆਦਮੀ ਮਾਰੇ ਗਏ ਅਤੇ ਫੱਟੜ ਹੋਏ ਹਨ, ਅਤੇ ਸਿੱਖ ਆਪ ਹਰਨ ਹੋ ਗਏ ਹਨ।

ਇਸ ਵੇਲੇ ਬੰਦਾ ਸਿੰਘ ਜੰਮੂ ਦੇ ਪਹਾੜ ਵਿਚ ਝਨਾਂ ਦੇ ਖੱਬੇ ਕੰਢੇ ਪਿੰਡ ਭਬੌਰ ਤੋਂ ਦੋ ਕੁ ਮੀਲ ਦੱਖਣ-ਚੜ੍ਹਦੇ ਨੂੰ ਉਸ ਟਿਕਾਣੇ ਤੇ, ਜਿਸ ਨੂੰ ਹੁਣ ਡੇਰਾ ਬਾਬਾ ਬੰਦਾ ਸਿੰਘ ਸਾਹਿਬ ਕਹਿੰਦੇ ਹਨ, ਉਸ ਮੌਕੇ ਦੀ ਉਡੀਕ ਵਿਚ ਦਿਨ ਕਟੀ ਕਰ ਰਿਹਾ ਸੀ ਜਦ ਕਿ ਉਹ ਆਪਣੇ ਦੇਸ਼ ਦੀ ਸੁਤੰਤਰਤਾ ਅਤੇ ਖ਼ਾਲਸੇ ਦੀ ਤਾਕਤ ਮੁੜ ਸਥਾਪਨ ਕਰਨ ਲਈ ਮੁਗ਼ਲ ਰਾਜ ਉੱਤੇ ਜ਼ੋਰਦਾਰ ਅਤੇ ਸਫ਼ਲ ਸੱਟ ਮਾਰ ਸਕੇ। ਸ਼ਾਇਦ ਉਹ ਬਹਾਦੁਰ ਸ਼ਾਹ ਦੀ ਮੌਤ ਤੋਂ ਬਾਅਦ ਜਹਾਂਦਾਰ ਸ਼ਾਹ ਅਤੇ ਫੇਰ ਫ਼ਰੁੱਖ-ਸੀਅਰ ਦੇ ਵੇਲੇ ਵਾਲੇ ਰਾਜ-ਰੌਲੇ ਅਤੇ ਕਟਾ-ਵੱਢ ਦੀ ਮੁੜ ਉਡੀਕ ਵਿਚ ਹੋਵੇ ਜਦੋਂ ਕਿ ਉਸ ਨੂੰ ਹੱਥ ਪੈਰ ਪਸਾਰਨੇ ਸੌਖੇ ਹੋਣਗੇ।

ਨਵੰਬਰ ਸਨ 1713 ਤੋਂ ਫ਼ਰਵਰੀ ਸੰਨ 1715 ਤਕ ਦੇ ਬੰਦਾ ਸਿੰਘ ਦੇ ਹਾਲਾਤ ਦਾ ਵੇਰਵੇ ਸਹਿਤ ਬਹੁਤ ਕੁਝ ਪਤਾ ਨਹੀਂ ਲਗਦਾ। ਇਸ ਸਮੇਂ ਦੀਆਂ ਬਾਦਸ਼ਾਹੀ ਖ਼ਬਰਾਂ ਭੀ ਸਾਡੀ ਕੁਝ ਬਹੁਤ ਸਹਾਇਤਾ ਨਹੀਂ ਕਰਦੀਆਂ। ਕਿਧਰੇ ਕਿਧਰੇ ਇੱਕੀ ਦੁੱਕੀ ਖ਼ਬਰ ਵਿਚ ਇਸ਼ਾਰੇ ਮਾਤਰ ਜ਼ਿਕਰ ਆਉਂਦਾ ਹੈ ਜਿਸ ਤੋਂ ਸਾਫ਼ ਤੌਰ ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਦਾ ਮਤਲਬ ਖ਼ੁਦ ਬੰਦਾ ਸਿੰਘ ਤੋਂ ਹੈ। ਬਾਦਸ਼ਾਹੀ ਖ਼ਬਰਾਂ ਵਿਚ ਸਿੱਖ ਸਰਦਾਰਾਂ ਦੇ ਨਾਉਂ ਕਿਧਰੇ ਘੱਟ ਹੀ ਆਉਂਦੇ ਹਨ ਇਸ ਲਈ ਕਈ ਥਾਈਂ ਜਿਥੇ ਕੇਵਲ ਸਿੱਖ ਸਰਦਾਰਾਂ ਜਾਂ ਜੱਥਿਆਂ ਨੇ ਹੀ ਮੱਲਾਂ ਮਾਰੀਆਂ ਜਾਂ ਬਾਦਸ਼ਾਹੀ ਫੌਜਾਂ ਨਾਲ ਟੱਕਰਾਂ ਲਈਆਂ ਉਨ੍ਹਾਂ ਦੀਆਂ ਖ਼ਬਰਾਂ ਭੀ ਬਾਦਸ਼ਾਹ ਪਾਸ ਕੁਝ ਇਸ ਤਰ੍ਹਾਂ ਗੋਲ ਮੋਲ ਲਿਖ ਕੇ ਭੇਜੀਆਂ ਗਈਆਂ ਹੋਈਆਂ ਹਨ ਕਿ ਜਿਵੇਂ ਖ਼ੁਦ ਬੰਦਾ ਸਿੰਘ ਦੇ ਭੀ ਉਥੇ ਮੌਜੂਦ ਹੋਣ ਦਾ ਖ਼ਿਆਲ ਪੈ ਸਕੇ ਅਤੇ ਬਾਦਸ਼ਾਹ ਵਲੋਂ ਪ੍ਰਸੰਸਾ ਮਿਲ ਸਕੇ। ਇਸ ਲਈ ਇਨ੍ਹਾਂ ਖ਼ਬਰਾਂ 'ਚੋਂ ਨਿਰੋਲ ਸੱਚਾਈ ਲਭ ਸਕਣ ਲਈ ਬੜੇ ਗਹੁ ਅਤੇ ਵਿਚਾਰ ਦੀ ਲੋੜ ਹੈ। ਜਿਵੇਂ ਪਿਛੇ ਲਿਖਿਆ ਜਾ ਚੁੱਕਾ ਹੈ, ਉਪਰੋਕਤ ਸਵਾ ਕੁ ਸਾਲ ਦਾ ਸਮਾਂ ਬਹੁਤਾ ਬੰਦਾ ਸਿੰਘ ਨੇ ਜੰਮੂ ਦੇ ਪਹਾੜ ਵਿਚ ਡੇਹਰੇ ਵਾਲੇ ਅਸਥਾਨ ਤੇ ਕਿਸੇ ਚੰਗੇ ਮੌਕੇ ਦੀ ਤਾੜ ਵਿਚ ਗੁਜ਼ਾਰਿਆ ਹੈ। ਇਸ ਵੇਲੇ ਇਕ ਇਹ ਗੱਲ ਨਿਸ਼ਚੇ ਜਾਪਦੀ ਹੈ ਕਿ ਉਸ ਨੇ ਵਜ਼ੀਰਾਬਾਦ

ਦੇ ਇਕ ਖੱਤਰੀ ਸ਼ਿਵ ਰਾਮ ਦੀ ਸਪੁੱਤਰੀ ਬੀਬੀ ਸਾਹਿਬ ਕੌਰ ਨਾਲ ਦੂਸਰਾ ਵਿਆਹ ਕਰਵਾਇਆ ਜਿਸ ਤੋਂ ਰਣਜੀਤ ਸਿੰਘ ਨਾਮੀ ਪੁੱਤਰ ਪੈਦਾ ਹੋਇਆ। ਇਨ੍ਹਾਂ ਤੋਂ ਬੰਦਾ ਸਿੰਘ ਦਾ ਬੰਸ ਚਲਦਾ ਹੈ। ਪਹਿਲਾ ਪੁੱਤਰ ਅਜੈ ਸਿੰਘ ਬਾਦਸ਼ਾਹੀ ਹੁਕਮ ਨਾਲ 9 ਜੂਨ 17 6 ਨੂੰ ਬੰਦਾ ਸਿੰਘ ਦੇ ਨਾਲ ਹੀ ਦਿੱਲੀ ਵਿਚ ਸ਼ਹੀਦ ਹੋਇਆ ਸੀ।

'ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖਾਲਸਾ' ਦਾ ਇਹ ਕਹਿਣਾ ਕਿ ਬੰਦਾ ਸਿੰਘ ਨੇ ਇਸ ਵੇਲੇ ਆਪਣੇ ਆਪ ਨੂੰ ਸਿੱਖਾਂ ਦਾ ਗੁਰੂ ਕਹਾਉਣਾ ਸ਼ੁਰੂ ਕਰ ਦਿੱਤਾ ਸੀ, ਭਰੋਸੇ ਯੋਗ ਸਮਕਾਲੀ ਅਤੇ ਮੁੱਢਲੇ ਸਰਕਾਰੀ ਜਾਂ ਗ਼ੈਰ-ਸਰਕਾਰੀ ਲਿਖਾਰੀਆਂ ਦੀਆ ਲਿਖਤਾਂ ਦੇ ਆਧਾਰ ਤੇ ਇਤਿਹਾਸਕ ਖੋਜ ਦੀ ਕਸੌਟੀ ਉੱਤੇ ਠੀਕ ਸਿੱਧ ਨਹੀਂ ਹੁੰਦਾ। ਨਾ ਹੀ ਵੇਲੇ ਦੀ ਅਜਿਹੀ ਕੋਈ ਗਵਾਹੀ ਮਿਲਦੀ ਹੈ ਜਿਸ ਤੋਂ ਉਸ ਦਾ ਸ੍ਰੀ ਅੰਮ੍ਰਿਤਸਰ ਜਾਣਾ ਸਿੱਧ ਹੁੰਦਾ ਹੋਵੇ। ਅਸਲ ਵਿਚ ਹਾਲਾਤ ਕੁਝ ਐਸੇ ਖ਼ਿਖੜੇ ਸਨ ਕਿ ਬੰਦਾ ਸਿੰਘ ਅੰਮ੍ਰਿਤਸਰ ਜਾ ਹੀ ਨਹੀਂ ਸਕਿਆ। ਇਸ ਲਈ ਅੰਮ੍ਰਿਤਸਰ ਵਿਚ ਹੋਈ ਕੋਈ ਗੱਲ ਭੀ ਉਸ ਨਾਲ ਜੋੜੀ ਨਹੀਂ ਜਾ ਸਕਦੀ। ਅੰਮ੍ਰਿਤਸਰ ਵਿਚ ਬੰਦਾ ਸਿੰਘ ਦੇ 'ਜਿਗਾ ਕਲਗੀ ਸ਼ਸਤਰ ਬਸਤਰ ਸਜਾ ਕਰ ਬਾਦਸ਼ਾਹਾ ਜੈਸਾ ਦਰਬਾਰ ਲਗਾਇ ਕਰ ਸੰਗਤਾ ਨੂੰ ਦਰਸ਼ਨ ਦੇਣ' ਦੀ ਗੱਲ ਬਾਅਦ ਦੀ ਕਲਪਣਾ ਹੈ। ਇਸੇ ਤਰ੍ਹਾਂ ਹੀ ਮਾਤਾ ਸੁੰਦਰੀ ਅਤੇ ਬਾਦਸ਼ਾਹ ਫ਼ਰੁਖ਼-ਸੀਅਰ ਦੇ ਵਿਚਕਾਰ ਹੋਈ ਕਹੀ ਜਾਂਦੀ ਕਿਸੇ ਗੱਲ-ਬਾਤ ਜਾਂ ਲਿਖਾ-ਪੜ੍ਹੀ ਦੀ ਭੀ ਕੋਈ ਭਰੋਸੇ ਯੋਗ ਗਵਾਹੀ ਨਹੀਂ ਮਿਲਦੀ। ਉਸ ਸਮੇਂ ਦੀਆਂ ਲਿਖਤਾਂ, ਸਮਕਾਲੀ ਰੋਜ਼ਨਾਮਚਿਆਂ ਤਜ਼ਕਰਿਆਂ, ਬਾਦਸ਼ਾਹੀ ਜਾਂ ਖਾਨਦਾਨੀ ਇਤਿਹਾਸਾਂ, ਸ੍ਵਜੀਵਨੀਆਂ ਜਾਂ ਵੱਡੇ ਵੱਡੇ ਸਮਕਾਲੀ ਅਮੀਰਾਂ ਜਾਂ ਸਰਦਾਰਾਂ ਦਿਆਂ ਜੀਵਨ-ਚਰਿਤਰਾਂ ਵਿਚ ਕਿਧਰੇ ਕੋਈ ਐਸਾ ਜ਼ਿਕਰ ਨਹੀਂ ਆਉਂਦਾ ਜਿਸ ਤੋਂ ਇਹ ਕਿਹਾ ਜਾ ਸਕੇ ਕਿ ਕਿਸੇ ਵੇਲੇ ਭੀ ਫ਼ਰੁੱਖ-ਸੀਅਰ ਅਤੇ ਮਾਤਾ ਸਾਹਿਬ ਕੌਰ ਵਿਚਕਾਰ ਕਿਸੇ ਪ੍ਰਕਾਰ ਦਾ ਕੋਈ ਸਮਝੌਤਾ ਜਾਂ ਬਾਤ-ਚੀਤ ਹੋਈ ਸੀ ਜਾਂ ਮਾਤਾ ਜੀ, ਬੰਦਾ ਸਿੰਘ ਅਤੇ ਖਾਲਸੇ ਦੇ ਵਿਚਕਾਰ ਕੋਈ ਪੱਕਾ ਮਤ-ਭੇਦ ਜਾਂ ਝਗੜਾ ਹੋਇਆ ਸੀ। ਇਸ ਲਈ ਇਹ ਕਹਿਣਾ ਕਿ ਬੰਦਾ ਸਿੰਘ ਨੇ ਚੂੰਕਿ ਮਾਤਾ ਜੀ ਦਾ ਹੁਕਮ ਨਹੀਂ ਸੀ ਮੰਨਿਆ, ਇਸ ਕਰਕੇ ਉਨ੍ਹਾਂ ਨੇ ਖਾਲਸੇ ਨੂੰ ਬੰਦਾ ਸਿੰਘ ਦਾ ਸਾਥ ਦੇਣੋਂ ਰੋਕ ਦਿੱਤਾ ਸੀ, ਖਿਲਕੁਲ ਇਤਿਹਾਸ ਵਿਰੁੱਧ ਹੈ। ਇਹ ਠੀਕ ਹੈ ਕਿ ਬੰਦਾ ਸਿੰਘ ਦੇ ਪਹਿਲੇ ਦਿਨਾਂ ਵਿਚ 'ਫ਼ਤਿਹ ਦਰਸ਼ਨ' ਚਾਲੂ ਹੋਈ ਸੀ ਜੋ ਖਾਲਸੇ ਨੇ ਪ੍ਰਵਾਨ ਨਹੀਂ ਸੀ ਕੀਤੀ। ਬੰਦਾ ਸਿੰਘ (ਕਈ ਵਿਵੇਕੀ ਅਤੇ ਨਾਮਧਾਰੀ ਸਿਘਾਂ ਦੀ ਤਰ੍ਹਾਂ) ਵੈਸ਼ਨੋ ਭੋਜਨ ਦੇ ਹੱਕ ਵਿਚ ਸੀ, ਗੁਰਦਾਸ ਨੰਗਲ ਦੀ ਗੜ੍ਹੀ ਵਿਚ ਸਿੰਘਾਂ ਵਿਚ ਕੁਝ ਮਤ-ਭੇਦ ਹੋਇਆ ਸੀ ਅਤੇ ਬੰਦਾ ਸਿੰਘ ਦੇ ਦਿੱਲੀ ਵਿਚ ਸ਼ਹੀਦ ਹੋ ਜਾਣ ਤੋਂ ਪੰਜ ਕੁ ਵਰ੍ਹੇ ਪਿੱਛੋਂ ਸਿੰਘਾਂ ਦੇ ਦੋ ਧੜੇ ਹੋ ਗਏ ਸਨ। ਥੋੜੇ ਬਹੁਤ ਮਤ-ਭੇਦ ਹਰ ਥਾਂ ਹੀ ਹੁੰਦੇ ਹਨ ਅਤੇ ਕਈ ਵਾਰੀ ਸਮਾਂ ਪੈ ਜਾਣ ਨਾਲ ਖਿੱਚੇ ਧਰੂਏ ਹੋਏ ਉਹ ਬਹੁਤ ਵੱਡੇ ਜਾਪਣ ਲੱਗ ਪੈਂਦੇ ਹਨ, ਇਸੇ ਤਰ੍ਹਾਂ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਦੇ ਕੁਝ ਵਾਕੇ ਪਿਛੇ ਨੂੰ ਖਿੱਚ ਕੇ ਉਸ ਦੇ ਜੀਵਨ ਵਿਚ ਲੈ ਆਂਦੇ ਗਏ ਹਨ ਅਤੇ ਮਾਮੂਲੀ ਮਤ-ਭੇਦਾਂ ਨੂੰ ਵਧਾ ਕੇ ਕਈ ਅਣਹੋਣੀਆਂ ਗੱਲਾਂ ਘੜ ਲਈਆਂ ਗਈਆਂ ਹਨ ਜਿਨ੍ਹਾਂ ਨੂੰ ਬਾਅਦ ਦੇ ਲਿਖਾਰੀਆਂ ਨੇ ਸੱਚ ਸਮਝ ਲਿਆ ਹੈ। ਇਸ ਵਿਚਾਰ ਨੂੰ ਅੰਤਮ

ਅਧਿਆਇ ਲਈ ਛੱਡ ਕੇ ਅਸੀਂ ਆਪਣੀ ਲੜੀ ਨੂੰ ਅਗੇ ਤੋਰਦੇ ਹਾਂ।

ਜਿਵੇਂ ਪਿੱਛੇ ਦੱਸਿਆ ਗਿਆ ਹੈ ਸੰਨ 1714 ਈ. ਦੇ ਅੰਤ ਵਿਚ ਬਾਦਸ਼ਾਹ ਫ਼ਰੁੱਖ਼-ਸੀਅਰ ਵਲੋਂ ਜ਼ੈਨੁਦੀਨ ਅਹਿਮਦ ਖ਼ਾਨ ਦੀ ਥਾਂ ਸਰਹੰਦ ਦਾ ਫੌਜਦਾਰ ਖਿਦਮਤ ਤਲਬ ਖ਼ਾਨ ਨਿਯਤ ਕੀਤਾ ਗਿਆ ਸੀ। ਇਸ ਵੇਲੇ ਸਿੰਘ ਪਹਾੜਾਂ ਵਲੋਂ ਮੈਦਾਨਾਂ ਨੂੰ ਉਤਰ ਰਹੇ ਸਨ। ਇਸ ਲਈ ਨਵੇਂ ਫ਼ੌਜਦਾਰ ਨੇ ਬੜੀ ਵੱਡੀ ਨਵੀਂ ਫੌਜ ਭਰਤੀ ਕਰ ਲਈ ਤਾਂ ਕਿ ਸਿੰਘਾਂ ਦੇ ਪਹਾੜਾਂ ਵਲੋਂ ਉਤਰਨ ਦੇ ਟਿਕਾਣਿਆਂ ਦੀ ਦੇਖਭਾਲ ਕਰ ਸਕੇ ਅਤੇ ਉਨ੍ਹਾਂ ਦੇ ਮਗਰ ਲੱਗ ਸਕੇ। ਪਰ ਚੂੰਕਿ ਸਿੰਘਾਂ ਦੇ ਕਿਲੇ ਮੁਗਲਾਂ ਦੇ ਹੱਥ ਆ ਚੁੱਕੇ ਹੋਏ ਸਨ ਅਤੇ ਉਨ੍ਹਾਂ ਪਾਸ ਮੈਦਾਨਾਂ ਵਿਚ ਗੁਜ਼ਾਰੇ ਲਈ ਖਾਣੇ ਦਾਣੇ ਦਾ ਕੋਈ ਪੱਕਾ ਪ੍ਰਬੰਧ ਨਹੀਂ ਸੀ, ਅਤੇ ਦੂਸਰੇ ਪਾਸੇ ਮੁਗ਼ਲ ਰਾਜ ਦੇ ਹਮਾਇਤੀ ਸਾਰੇ ਪਾਸੀਂ ਉਨ੍ਹਾਂ ਦੇ ਵਿਰੁੱਧ ਉਠ ਖੜੇ ਹੋਏ ਸਨ, ਇਸ ਲਈ ਉਨ੍ਹਾਂ ਵਾਸਤੇ ਮਾਲਵੇ ਵਲ ਉਤਰ ਸਕਣਾ ਬਹੁਤ ਔਖਾ ਸੀ। ਇਸ ਹਾਲਤ ਵਿਚ ਉਨ੍ਹਾਂ ਲਈ ਮੁੜ ਪਹਾੜਾਂ ਨੂੰ ਚੜ੍ਹ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਿਹਾ।

ਮਾਰਚ ਸੰਨ 1715 ਦੇ ਆਰੰਭ ਵਿਚ ਬੰਦਾ ਸਿੰਘ ਜੰਮੂ ਵਲੋਂ ਮੈਦਾਨ ਵਿਚ ਆ ਨਿਕਲਿਆ ਅਤੇ ਕਲਾਨੌਰ ਵਲ ਨੂੰ ਸਿੱਧਾ ਹੋ ਪਿਆ। ਸਿੰਘਾਂ ਦੇ ਚੜ੍ਹੇ ਆਉਣ ਦੀ ਖ਼ਬਰ ਸੁਣ ਕੇ ਕਲਾਨੌਰ ਦੇ ਫੌਜਦਾਰ ਸੁਹਰਾਬ ਖ਼ਾਨ, ਉਸ ਦੇ ਕਾਨੂੰਗੋ ਸੰਤੋਖ ਰਾਏ ਅਤੇ ਕਾਨੂੰਗੋ ਦੇ ਭਰਾ ਅਨੋਖ ਰਾਏ ਆਦਿ ਨੇ ਆਪਣੀ ਫੌਜ ਤੋਂ ਬਿਨਾਂ, ਗੁਆਂਢੀ ਪਰਗਣਿਆਂ ਤੋਂ ਚੋਖੀਆਂ ਵਾਰਾਂ, ਜਹਾਦੀਆਂ ਦੇ ਦਸਤੇ ਅਤੇ ਮੁਲਖੱਈਆ ਇਕੱਠਾ ਕਰ ਲਿਆ। ਪਰ ਸਿੰਘਾਂ ਦੀ ਪਹਿਲੀ ਸੱਟ ਪੈਂਦੇ ਸਾਰ ਇਹ ਸਭ ਭੱਜ ਨਿਕਲੇ ਅਤੇ ਹਵਾ ਵਾਂਗ ਉਡ ਗਏ। ਖ਼ੁਦ ਸੁਹਰਾਬ ਖ਼ਾਨ, ਸੰਤੋਖ ਰਾਏ ਅਤੇ ਅਨੋਖ ਰਾਏ ਆਪਣੀਆਂ ਜਾਨਾਂ ਲੈ ਕੇ ਰਣਭੂਮੀ ਤੋਂ ਨਿਕਲ ਗਏ ਅਤੇ ਕਲਾਨੌਰ ਸਿੰਘਾਂ ਦੇ ਹੱਥ ਆ ਗਿਆ। ਬੰਦਾ ਸਿੰਘ ਨੇ ਇਥੇ ਆਪਣਾ ਠਾਣਾ ਬਿਠਾ ਦਿੱਤਾ ਅਤੇ ਇਸ ਦੀ ਰਾਖੀ ਅਤੇ ਸੰਭਾਲ ਲਈ ਕੁਝ ਸਵਾਰ ਅਤੇ ਪਿਆਦੇ ਛੱਡ ਦਿੱਤੇ।

ਅਚੱਲ ਵਿਚ ਦੀ ਹੋ ਕੇ ਬੰਦਾ ਸਿੰਘ ਨੇ ਬਟਾਲੇ ਵਲ ਨੂੰ ਕੂਚ ਕੀਤਾ। ਇਥੇ ਮੁਹੰਮਦ ਦਾਇਮ ਫੌਜਦਾਰ ਸੀ। ਉਹ ਫੌਜ ਲੈ ਕੇ ਸਿੰਘਾਂ ਦੇ ਟਾਕਰੇ ਲਈ ਬਾਹਰ ਆਇਆ ਛੇ ਕੁ ਘੰਟੇ ਗਹਿ ਗੱਚ ਲੜਾਈ ਹੋਈ ਅਤੇ ਦੋਹਾਂ ਪਾਸਿਆਂ ਦਾ ਚੋਖਾ ਨੁਕਸਾਨ ਹੋਇਆ। ਬਟਾਲੇ ਦੇ ਪੁਰਾਣੇ ਮੁਸਲਮਾਨ ਖ਼ਾਨਦਾਨਾਂ ਦੇ ਕਈ ਬੰਦੇ ਮਾਰੇ ਗਏ। ਪਰ ਰਣ ਵਿਚ ਸਿੰਘਾਂ ਦੇ ਟਾਕਰੇ ਕੋਈ ਭੀ ਜ਼ਿਮੀਂਦਾਰ ਅਤੇ ਫੌਜੀ ਕਮਾਂਡਰ ਅੜ ਨਾ ਸਕਿਆ। ਮੁਹੰਮਦ ਦਾਇਮ ਨੂੰ ਹਾਰ ਹੋ ਗਈ ਅਤੇ ਉਹ ਦਿਲ ਛੱਡ ਕੇ ਆਪਣੇ ਘਰ ਭਰੋਵਾਲ ਨੂੰ ਦੌੜ ਗਿਆ। ਬਟਾਲੇ ਅਤੇ ਇਰਦ ਗਿਰਦ ਉੱਤੇ ਬੰਦਾ ਸਿੰਘ ਦਾ ਕਬਜ਼ਾ ਹੋ ਗਿਆ। ਬਹੁਤ ਸਾਰੇ ਲੋਕ, ਕੀ ਧਨਵਾਨ ਅਤੇ ਕੀ ਨਿਰਧਨ, ਆਪਣੇ ਘਰ ਘਾਟ ਛੱਡਕੇ ਆਲੇ ਦੁਆਲੇ ਦੇ ਪਿੰਡਾਂ ਵਿਚ ਆਪਣੇ ਸੰਬੰਧੀਆਂ ਪਾਸ ਜਾ ਟਿਕੇ। ਕਈ ਲਾਹੌਰ ਨੂੰ ਚਲੇ ਗਏ ਅਤੇ ਜਿਨ੍ਹਾਂ ਨੂੰ ਹੋਰ ਕੋਈ ਠਾਹਰ ਨਾ ਦਿਸੀ ਉਹ ਜਾਂ ਤਾਂ ਚੰਬੇ ਦੀਆਂ ਪਹਾੜੀਆਂ ਵਲ ਚੜ੍ਹ ਗਏ ਜਾਂ ਬਿਆਸਾ ਦਰਿਆ ਪਾਰ ਕਰ ਕੇ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਦਸੂਹੇ ਵਲ ਨੂੰ ਚਲੇ

ਗਏ ।

ਇਹ ਖ਼ਬਰ ਦਿੱਲੀ ਬਾਦਸ਼ਾਹ ਪਾਸ 14 ਮਾਰਚ 1715 (19 ਰੱਬੀ-ਉਲ-ਅੱਵਲ, 1127 ਹਿਜ਼ਰੀ, ਸੰਨ 4 ਫ਼ਰੁੱਖ਼-ਸੀਅਰੀ) ਨੂੰ ਪੁੱਜੀ । ਇਸ ਵਿਚ ਲਿਖਿਆ ਹੋਇਆ ਹੈ ਹੈ ਕਿ ਬੰਦਾ ਸਿੰਘ ਨੇ ਇਕ ਤਕੜੀ ਫ਼ੌਜ ਨਾਲ ਕਲਾਨੌਰ, ਬਟਾਲਾ ਅਤੇ ਰਾਏਪੁਰ ਮਾਰ ਲਏ ਹਨ ਅਤੇ ਕੋਈ ਫ਼ੌਜਦਾਰ ਅਤੇ ਥਾਨੇਦਾਰ ਉਨ੍ਹਾਂ ਨੂੰ ਰੋਕਣ ਲਈ ਨਹੀਂ ਪੁੱਜਾ ਅਤੇ ਅਬਦੁੱਸਮਦ ਖ਼ਾਨ ਭੱਟੀਆਂ ਦਾ ਫ਼ਸਾਦ ਮਿਟਾਉਣ ਲਈ ਗਿਆ ਹੋਇਆ ਹੈ । ਬਾਦਸ਼ਾਹ ਵਲੋਂ ਬਖ਼ਸ਼ੀ-ਉਲ-ਮੁਲਕ ਮੁਹੰਮਦ ਅਮੀਨ ਖ਼ਾਨ ਨੂੰ ਹੁਕਮ ਹੋਇਆ ਕਿ ਅਬਦੁੱਸਮਦ ਖ਼ਾਨ ਨੂੰ ਲਿਖੇ ਕਿ ਜਿਥੇ ਭੀ ਹੋਵੇ ਛੇਤੀ ਬੰਦਾ ਸਿੰਘ ਨੂੰ ਸੋਧਣ ਲਈ ਜਾਵੇ । ਅਗਲੇ ਦਿਨ 15 ਮਾਰਚ (20 ਰੱਬੀ-ਉਲ-ਅੱਵਲ) ਨੂੰ ਮੁਰਾਦਾਬਾਦ ਵਲ ਮਦਾਰਾ ਨਾਮੀ ਫ਼ਸਾਦੀ ਦੇ ਵਿਰੁੱਧ ਗਏ ਹੋਏ ਕਮਰੁੱਦੀਨ ਖ਼ਾਨ ਦੇ ਨਾਉਂ ਫ਼ਰਮਾਨ ਭੇਜਿਆ ਗਿਆ ਕਿ ਫ਼ੌਜ ਸਮੇਤ ਛੇਤੀ ਸਿੰਘਾਂ ਦੇ ਵਿਰੁੱਧ ਚਲਾ ਜਾਏ । ਇਸ ਦੇ ਨਾਲ ਹੀ ਅਫ਼ਰਾਸਿਆਬ ਖ਼ਾਨ ਨੂੰ ਹੁਕਮ ਹੋਇਆ ਕਿ ਉਹ ਜਾਣ ਨੂੰ ਤਿਆਰ ਹੋ ਜਾਏ ਅਤੇ ਰਾਜਾ ਉਦਿਤ ਸਿੰਘ, ਰਾਜਾ ਗੋਪਾਲ ਸਿਘ ਭਦਾਵੜੀਆ, ਮੁਜ਼ੱਫ਼ਰ ਖ਼ਾਨ ਅਤੇ ਰਾਜਾ ਦਲਪਤ ਬੁੰਦੇਲੇ ਦੇ ਪੁੱਤਰ ਪਿਰਥੀ ਚੰਦ ਨੂੰ ਫ਼ੌਜਾਂ ਤਿਆਰ ਕਰਨ ਦੀ ਆਗਿਆ ਹੋਈ ।

ਅਧਿਆਇ 18

# ਗੁਰਦਾਸ ਨੰਗਲ ਦਾ ਘੇਰਾ

ਬੰਦਾ ਸਿੰਘ ਅਤੇ ਸਿੰਘਾਂ ਦੇ ਮੁੜ ਪੰਜਾਬ ਵਿਚ ਆ ਨਿਕਲਣ ਅਤੇ ਉਨ੍ਹਾਂ ਦੀਆਂ ਜਿੱਤਾਂ ਦੀਆਂ ਖ਼ਬਰਾਂ ਲਗਾਤਾਰ ਦਿੱਲੀ ਪੁੱਜਣ ਲੱਗ ਪੈਣ ਨਾਲ ਫ਼ਰੁੱਖ-ਸੀਅਰ ਬਾਦਸ਼ਾਹ ਘਾਬਰ ਉਠਿਆ ਅਤੇ ਸ਼ਾਹੀ ਦਰਬਾਰ ਦੇ ਅਮੀਰਾਂ, ਵਜ਼ੀਰਾਂ ਵਿਚ ਤਰਥੱਲੀ ਮਚ ਗਈ। ਲਾਹੌਰ ਦਾ ਨਾਜ਼ਮ (ਸੂਬੇਦਾਰ) ਅਬਦੁੱਸਮਦ ਖ਼ਾਨ ਭੀ ਲਾਹੌਰ ਹੀ ਬੈਠਾ ਰਿਹਾ। ਸ਼ਾਇਦ ਬੰਦਾ ਸਿੰਘ ਨਾਲ ਸਿੱਧੀ ਟੱਕਰ ਲੈਣੋਂ ਡਰਦਾ ਹੋਵੇ ਜਾਂ ਕੋਈ ਹੋਰ ਕਾਰਣ ਹੋਵੇ। ਹਾਂ ਇਸ ਵੇਲੇ ਲੱਖੀ ਜੰਗਲ ਦੇ ਇਲਾਕੇ ਵਿਚ ਭੱਟੀ ਜ਼ਿਮੀਂਦਾਰਾਂ ਨੇ ਕੁਝ ਫ਼ਸਾਦ ਖੜਾ ਕੀਤਾ ਹੋਇਆ ਸੀ, ਜਿਸ ਕਰਕੇ ਉਹ ਫ਼ੌਜ ਲੈ ਕੇ ਦੱਖਣ ਨੂੰ ਤੁਰ ਗਿਆ। ਇਹ ਕੋਈ ਐਸੀ ਭਾਰੀ ਮੁਹਿੰਮ ਨਹੀਂ ਸੀ ਜਿਥੇ ਪੰਜਾਬ ਦੇ ਸੂਬੇਦਾਰ ਨੂੰ ਖ਼ੁਦ ਜਾਣ ਦੀ ਲੋੜ ਹੁੰਦੀ। ਬਾਦਸ਼ਾਹ ਫ਼ਰੁੱਖ-ਸੀਅਰ ਨੂੰ ਭੀ ਅਜਿਹੇ ਵੇਲੇ ਅਬਦੁੱਸਮਦ ਖ਼ਾਨ ਦਾ ਲੱਖੀ ਜੰਗਲ ਵਲ ਨੂੰ ਚਲੇ ਜਾਣਾ ਚੰਗਾ ਨਾ ਲੱਗਾ ਅਤੇ ਜਦ 14 ਮਾਰਚ ਨੂੰ ਬੰਦਾ ਸਿੰਘ ਦੇ ਕਲਾਨੌਰ, ਬਟਾਲਾ ਅਤੇ ਰਾਇਪੁਰ ਉੱਤੇ ਕਬਜ਼ਾ ਕਰ ਲੈਣ ਦੀ ਖ਼ਬਰ ਦਿੱਲੀ ਪੁੱਜੀ ਤਾਂ ਬਾਦਸ਼ਾਹ ਨੇ ਅਬਦੁੱਸਮਦ ਨੂੰ ਤਾੜਨਾ ਦੀ ਚਿੱਠੀ ਲਿਖਵਾਈ ਅਤੇ ਹੁਕਮ ਦਿੱਤਾ ਕਿ ਉਹ ਜਿਥੇ ਕਿਧਰੇ ਵੀ ਹੋਵੇ ਇਕ ਦਮ ਬੰਦਾ ਸਿੰਘ ਦੇ ਵਿਰੁੱਧ ਚਲਾ ਜਾਵੇ। ਇਸ ਦੇ ਨਾਲ ਹੀ, ਜਿਵੇਂ ਪਿੱਛੇ ਦਸਿਆ ਗਿਆ ਹੈ, ਅਗਲੇ ਦਿਨ 15 ਮਾਰਚ ਨੂੰ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਦੇ ਪੁੱਤਰ ਕਮਰੁੱਦੀਨ ਖ਼ਾਨ, ਤੀਸਰੇ ਬਖ਼ਸ਼ੀ ਅਫ਼ਰਾਸਿਆਬ ਖ਼ਾਨ, ਮੁਜ਼ੱਫ਼ਰ ਖ਼ਾਨ, ਰਾਜ ਉਦਿਤ ਸਿੰਘ ਬੁੰਦੇਲੇ, ਰਾਜ ਗੋਪਾਲ ਸਿੰਘ ਭਦਾਵੜੀਏ, ਰਾਜਾ ਦਲਪਤ ਬੁੰਦੇਲੇ ਦੇ ਪੁੱਤਰ ਪਿਰਥੀ ਚੰਦ ਅਤੇ ਹੋਰ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸਰਦਾਰਾਂ ਨੂੰ ਹੁਕਮ ਹੋਇਆ ਕਿ ਫ਼ੌਜਾਂ ਤਿਆਰ ਕਰ ਕੇ ਅਬਦੁੱਸਮਦ ਖ਼ਾਨ ਦੀ ਸਹਾਇਤਾ ਲਈ ਪੰਜਾਬ ਨੂੰ ਜਾਣ। ਇਸੇ ਤਰਾਂ ਬਾਦਸ਼ਾਹੀ ਪਰਵਾਨੇ ਪੰਜਾਬ ਦੇ ਕਈ ਫ਼ੌਜਦਾਰਾਂ ਅਤੇ ਜਾਗੀਰਦਾਰਾਂ ਦੇ ਨਾਉਂ ਭੀ ਜਾਰੀ ਹੋਏ ਕਿ ਉਹ ਆਪਣੀਆਂ ਆਪਣੀਆਂ ਫ਼ੌਜਾਂ ਲੈ ਕੇ ਅਬਦੁੱਸਮਦ ਖ਼ਾਨ ਦੇ ਲਸ਼ਕਰ ਵਿਚ ਸ਼ਾਮਲ ਹੋਣ। ਇਹ ਹੁਕਮ ਪੁੱਜਣ ਪਰ ਗੁਜਰਾਤ ਦਾ ਫ਼ੌਜਦਾਰ ਮਿਰਜ਼ਾ ਅਹਿਮਦ ਖ਼ਾਨ, ਐਮਨਾਬਾਦ ਦਾ ਫ਼ੌਜਦਾਰ ਇਰਾਦਤਮੰਦ ਖ਼ਾਨ, ਔਰੰਗਾਬਾਦ ਅਤੇ ਪਸਰੂਰ ਦਾ ਨੂਰ ਮੁਹੰਮਦ ਖ਼ਾਨ, ਬਟਾਲੇ ਦਾ ਸ਼ੈਖ਼ ਮੁਹੰਮਦ ਦਾਇਮ, ਹੈਬਤਪੁਰ ਪੱਟੀ ਦਾ ਸੱਯਦ ਹਫ਼ੀਜ਼ ਅਲੀ ਖ਼ਾਨ, ਕਲਾਨੌਰ ਦਾ ਸੁਹਰਾਬ ਖ਼ਾਨ, ਕਾਂਗੜੇ ਦਾ ਰਾਜਾ ਹਮੀਰ ਚੰਦ ਕਟੋਚੀਆ, ਧਰੁਵ ਦੇਵ ਜਸਰੋਟੀਏ ਦਾ ਪੁੱਤਰ ਹਰਦੇਵ ਆਦਿ ਲਾਹੌਰ ਜਮਾਂ ਹੋ ਗਏ। ਲਾਹੌਰ ਦੇ ਨਾਇਬ ਨਾਜ਼ਮ ਆਰਿਫ਼ ਬੇਗ ਖ਼ਾਨ ਨੇ ਸ਼ਹਿਰੋਂ ਬਾਹਰ ਨਿਕਲ ਕੇ ਸ਼ਾਹ-ਗੰਜ ਦੇ ਲਾਗੇ

ਡੇਰਾ ਲਾ ਲਿਆ ਅਤੇ ਸ਼ਾਇਦ ਅਬਦੁੱਸਮਦ ਖ਼ਾਨ ਦੀ ਲੱਖੀ ਜੰਗਲ ਵਲੋਂ ਉਡੀਕ ਕਰਨ ਲਗਾ ।

19 ਮਾਰਚ (24 ਰੱਬੀ-ਉਲ-ਅੱਵਲ) ਨੂੰ ਪੰਜਾਬ ਤੋਂ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਸਿੱਖ ਕੁਝ ਪਰਗਣਿਆਂ ਵਿਚ ਬੈਠੇ ਹੋਏ ਹਨ ਅਤੇ ਲਾਹੌਰ ਸ਼ਹਿਰ ਤੋਂ ਬਾਰਾਂ ਕੋਹਾਂ ਤਕ ਆ ਪੁੱਜੇ ਹਨ, ਇਸ ਜ਼ਿਲੇ ਦੇ ਫ਼ੌਜਦਾਰ ਦੌੜ ਗਏ ਹਨ, ਲੋਕ ਹੋਰ ਪਰਗਣਿਆਂ ਅਤੇ ਸ਼ਹਿਰਾਂ ਵਲ ਦੌੜ ਰਹੇ ਹਨ ਅਤੇ ਉਨ੍ਹੀਂ ਥਾਈਂ ਸਿੰਘ ਆਪਣੇ ਕਬਜ਼ੇ ਅਤੇ ਅਮਲਦਾਰੀ ਕਾਇਮ ਕਰ ਰਹੇ ਹਨ ।

ਦੂਸਰੇ ਪਾਸੇ ਬੰਦਾ ਸਿੰਘ ਭੀ ਲਾਹੌਰ ਵਿਚ ਹੋ ਰਹੀਆਂ ਤਿਆਰੀਆਂ ਤੋਂ ਬਿਲਕੁਲ ਬੇਖ਼ਬਰ ਨਹੀਂ ਸੀ । ਇਸ ਲਈ ਉਸ ਨੇ ਬਟਾਲੇ ਅਤੇ ਕਲਾਨੌਰ ਦੇ ਵਿਚਕਾਰ ਕੋਟ ਮਿਰਜ਼ਾ ਜਾਨ ਪਿੰਡ ਵਿਚ ਇਕ ਕੱਚੀ ਗੜ੍ਹੀ ਬਣਾਉਣ ਦਾ ਫੈਸਲਾ ਕੀਤਾ । ਪਰ ਹਾਲ ਤਕ ਗੜ੍ਹੀ ਦੀਆਂ ਖਾਈਆਂ ਅਤੇ ਰੋਕਾਂ ਪੂਰੀ ਤਰ੍ਹਾਂ ਨਹੀਂ ਸਨ ਬਣੀਆਂ ਕਿ ਅਬਦੁੱਸਮਦ ਖ਼ਾਨ ਸੂਬੇਦਾਰ ਅਤੇ ਨਾਇਬ ਆਰਿਫ਼ ਬੇਗ ਖ਼ਾਨ ਦੀ ਕਮਾਨ ਹੇਠਾਂ ਉਪਰੋਕਤ ਫ਼ੌਜਦਾਰਾਂ ਦੀਆਂ ਮਿਲਵੀਆਂ ਫ਼ੌਜਾਂ ਸਿੰਘਾਂ ਉਪਰ ਆ ਪਈਆਂ । 'ਸੀਅਰੁਲ-ਮੁਤਾਖ਼ਰੀਨ' ਦਾ ਕਰਤਾ ਦੱਸਦਾ ਹੈ ਕਿ 'ਬੰਦਾ' (ਸਿੰਘ) ਇਸ ਤਰ੍ਹਾਂ ਆਪਣੀ ਜਗ੍ਹਾ ਡਟਿਆ ਰਿਹਾ ਕਿ ਸਭ ਹੈਰਾਨ ਹੋ ਗਏ ਅਤੇ ਪਹਿਲੀ ਲੜਾਈ ਵਿਚ ਉਹ ਇਤਨੀ ਬਹਾਦੁਰੀ ਨਾਲ ਲੜਿਆ ਕਿ ਬਾਦਸ਼ਾਹੀ ਜਰਨੈਲ ਨੂੰ ਪੂਰੀ ਤਰ੍ਹਾਂ ਹਾਰ ਹੋਣ ਵਾਲੀ ਹੋ ਗਈ ਸੀ, ਅਤੇ ਭਾਵੇਂ (ਸ਼ਾਹੀ ਲਸ਼ਕਰ ਨੇ) ਬੜੇ ਜ਼ੋਰ ਨਾਲ ਉਸ ਦਾ ਪਿੱਛਾ ਕੀਤਾ, ਪਰ ਉਹ ਇਸ ਤਰ੍ਹਾਂ ਠਰੰਮੇ ਨਾਲ ਆਪਣੇ ਆਦਮੀ ਮਰਵਾਉਂਦਾ ਅਤੇ ਅੰਤ ਤਕ ਆਪਣੇ ਪਿਛੇ ਪਏ ਹੋਇਆਂ ਦਾ ਨੁਕਸਾਨ ਕਰਦਾ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਵਲ ਪਿਛੇ ਨੂੰ ਹਟਿਆ ਜਿਵੇਂ ਜੰਗਲੀ ਜਾਨਵਰ ਇਕ ਝਾੜ ਤੋਂ ਦੂਸਰੇ ਝਾੜ ਵਲ ਨੂੰ ਹਟਦਾ ਹੈ। ਖ਼ਾਫ਼ੀ ਖ਼ਾਨ ਲਿਖਦਾ ਹੈ ਕਿ 'ਕਾਫ਼ਰ ਇਤਨੇ ਝੁੰਜਲਾ ਕੇ ਲੜੇ ਕਿ ਉਨ੍ਹਾਂ ਨੇ ਇਸਲਾਮੀ ਲਸ਼ਕਰ ਉੱਤੇ ਲਗ ਭਗ ਕਾਬੂ ਹੀ ਪਾ ਲਿਆ ਸੀ ਅਤੇ ਉਨ੍ਹਾਂ ਨੇ ਮੁੜ ਮੁੜ ਕੇ ਬੜੀ ਬਹਾਦੁਰੀ ਵਿਖਾਈ ।' ਪਰ ਉਨ੍ਹਾਂ ਪਾਸ ਸਿਰ ਲੁਕੋ ਸਕਣ ਨੂੰ ਕੋਈ ਥਾਂ ਨਹੀਂ ਸੀ, ਇਸ ਲਈ ਮਜਬੂਰੀ ਦਾ ਹਾਲਤ ਵਿਚ ਉਨ੍ਹਾਂ ਨੂੰ ਆਪਣੀਆਂ ਥਾਵਾਂ ਛੱਡ ਕੇ ਗੁਰਦਾਸਪੁਰ ਵਲ ਨੂੰ ਹਟਣਾ ਪੈ ਗਿਆ ।

ਬੰਦਾ ਸਿੰਘ ਦਾ ਪਿੱਛੇ ਹਟਣ ਦਾ ਠੀਕ ਟਿਕਾਣਾ ਗੁਰਦਾਸ ਨੰਗਲ ਨਾਉਂ ਦਾ ਪੁਰਾਣਾ ਪਿੰਡ ਸੀ ਜੋ ਢਹਿ ਢੇਰੀ ਹੋਇਆ ਪਿਆ ਹੈ ਅਤੇ ਜਿਸ ਨੂੰ ਬੰਦੇ-ਵਾਲੀ-ਥਿਹ ਕਹਿੰਦੇ ਹਨ । ਇਹ ਥਿਹ ਇਸ ਵੇਲੇ ਦੇ ਗੁਰਦਾਸ ਨੰਗਲ ਪਿੰਡ ਤੋਂ ਦੱਖਣ ਵਲ ਡੇਢ ਕੁ ਮੀਲ ਅਤੇ ਗੁਰਦਾਸ ਪੁਰ ਸ਼ਹਿਰੋਂ ਚਾਰ ਮੀਲ ਦੱਖਣ-ਲਹਿੰਦੇ ਨੂੰ ਹੈ । ਨਵਾਂ ਪਿੰਡ ਇਸ ਥਿਹ ਤੋਂ ਦੱਖਣ ਨੂੰ, ਪੂਰੋਵਾਲ ਰਜਪੂਤਾਂ ਦੱਖਣ-ਲਹਿੰਦੇ ਨੂੰ, ਪੂਰੋਵਾਲ ਜੱਟਾਂ ਦੱਖਣ-ਲਹਿੰਦੇ ਨੂੰ ਅਤੇ ਕਲਿਆਨਪੁਰ ਦੱਖਣ-ਚੜ੍ਹਦੇ ਨੂੰ ਸਵਾ ਮੀਲ, ਡੇਢ ਮੀਲ ਦੀ ਵਿਥ ਤੇ ਹਨ । ਉਸ ਵੇਲੇ ਇਥੇ ਕੋਈ ਪੱਕਾ ਕਿਲਾ ਜਾਂ ਗੜ੍ਹੀ ਨਹੀਂ ਸੀ । ਇਸ ਲਈ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਇਥੇ ਭਾਈ ਦੁਨੀ ਚੰਦ ਦੇ ਇਹਾਤੇ (ਵਲਗਣ) ਵਿਚ ਆਸਰਾ ਲੈਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ । ਸੰਜੋਗ ਨਾਲ ਇਸ ਦੇ ਆਲੇ ਦੁਆਲੇ ਬੜੀ ਪੱਕੀ ਉੱਚੀ ਕੰਧ ਸੀ ਅਤੇ

ਅੰਦਰ ਇਤਨੀ ਖੁੱਲ੍ਹੀ ਥਾਂ ਸੀ ਕਿ ਬੰਦਾ ਸਿੰਘ ਦੇ ਸਾਰੇ ਸਾਥੀ ਸਿੰਘ ਉਥੇ ਸਮਾ ਸਕਦੇ ਸਨ। ਬੰਦਾ ਸਿੰਘ ਜਲਦੀ ਵਿਚ ਇਸ ਦੀ ਜਿਤਨੀ ਕੁ ਹੋਰ ਪਕਿਆਈ ਕਰ ਸਕਿਆ, ਉਹ ਕੀਤੀ, ਅਤੇ ਖਾਣੇ ਦਾਣੇ ਅਤੇ ਲੜਾਈ ਦਾ ਬਾਰੂਦ ਆਦਿ ਜੋ ਸਾਮਾਨ ਛੇਤੀ ਛੇਤੀ ਜਮਾਂ ਹੋ ਸਕਿਆ ਉਹ ਕੀਤਾ। ਵੈਰੀ ਨੂੰ ਵਲਗਣ ਤੋਂ ਦੂਰ ਰੱਖਣ ਲਈ ਆਲੇ ਦੁਆਲੇ ਇਕ ਖਾਈ ਖਿੱਚ ਲਈ ਅਤੇ ਇਸ ਨੂੰ ਲਾਗਲੀ ਨਹਿਰ ਤੋਂ ਪਾਣੀ ਨਾਲ ਭਰ ਲਿਆ। ਇਸ ਦੇ ਨਾਲ ਹੀ ਉਸ ਨੇ ਸ਼ਾਹ ਨਹਿਰ ਵੱਢ ਦਿੱਤੀ ਅਤੇ ਪਹਾੜ ਵਲੋਂ ਆਉਂਦਿਆਂ ਛੋਟੇ ਛੋਟੇ ਨਾਲਿਆਂ ਅਤੇ ਚੋਆਂ ਦਾ ਪਾਣੀ ਆਲੇ ਦੁਆਲੇ ਵਲ ਕਰ ਦਿੱਤਾ ਜਿਸ ਨਾਲ ਸਾਰੇ ਪਾਸੀਂ ਅਜਿਹੀ ਦਲਦਲ ਹੋ ਗਈ ਕਿ ਜਿਸ ਨੂੰ ਵੈਰੀ ਲਈ, ਕੀ ਘੋੜਿਆਂ ਅਤੇ ਕੀ ਪਿਆਦਿਆਂ ਲਈ, ਲੰਘ ਸਕਣਾ ਔਖਾ ਹੋ ਗਿਆ।

7 ਅਪ੍ਰੈਲ ਸੰਨ 1715 (13 ਰੱਬੀ-ਉ-ਸਾਨੀ 1127 ਹਿਜ਼ਰੀ) ਨੂੰ ਬਾਦਸ਼ਾਹ ਫ਼ਰੁੱਖ-ਸੀਅਰ ਪਾਸ ਖ਼ਬਰ ਪੁੱਜੀ ਕਿ ਅਬਦੁੱਸਮਦ ਖ਼ਾਨ ਸਿੰਘਾਂ ਦੇ ਪਿਛੇ ਉਨ੍ਹਾਂ ਦੀ ਗੁਰਦਾਸ ਨੰਗਲ ਵਾਲੀ ਨਵੀਂ ਥਾਂ ਤੇ ਪੁੱਜ ਗਿਆ ਹੈ ਅਤੇ ਸ਼ਾਹੀ ਅਮੀਰ ਮੋਰਚੇ ਪੁੱਟਣ ਅਤੇ ਘੇਰੇ ਲਈ ਪੁਸ਼ਤੇ ਬੰਨ੍ਹ ਰਹੇ ਹਨ। ਇਹ ਸੁਣ ਕੇ ਬਾਦਸ਼ਾਹ ਨੇ ਇਹਤਮਾਦੁ ਦੌਲਾ ਮੁਹੰਮਦ ਅਮੀਨ ਖ਼ਾਨ ਨੂੰ ਹੁਕਮ ਦਿੱਤਾ ਕਿ ਅਬਦੁੱਸਮਦ ਖਾਨ ਨੂੰ ਲਿਖੇ ਕਿ ਸਿੱਖ ਆਗੂ (ਬੰਦਾ ਸਿੰਘ) ਅਤੇ ਉਸ ਦੇ ਸਿੱਖ ਸਾਥੀਆਂ ਨੂੰ ਕਤਲ ਕਰ ਦੇਵੇ ਜਾਂ ਕੈਦ ਕਰ ਲਵੇ।

ਜਦ ਅਬਦੁੱਸਮਦ ਖ਼ਾਨ ਅਤੇ ਉਸ ਦਾ ਲਸ਼ਕਰ ਗੁਰਦਾਸ ਨੰਗਲ ਪੁੱਜਾ ਤਾਂ ਬਹੁਤ ਸਾਰੇ ਸਿੰਘ ਪਿੰਡਾਂ ਵਿਚ ਦਾਣਾ ਪੱਠਾ ਇਕੱਠਾ ਕਰਨ ਗਏ ਹੋਏ ਸਨ। ਸ਼ਾਹੀ ਫ਼ੌਜ ਦੇ ਗਸ਼ਤੀ ਦਸਤੇ ਭੀ ਚੂੰਕਿ ਇਸ ਵੇਲੇ ਸਿੰਘਾਂ ਦੀ ਭਾਲ ਵਿਚ ਪਿੰਡਾਂ ਵਿਚ ਚੱਕਰ ਲਾ ਰਹੇ ਸਨ, ਇਸ ਲਈ ਕਈ ਸਿੰਘ ਉਨ੍ਹਾਂ ਦੇ ਹੱਥ ਆ ਗਏ। ਸ਼ਾਹੀ ਲਸ਼ਕਰ ਇਨ੍ਹਾਂ ਨੂੰ ਫੜ ਕੇ ਲੈ ਆਏ ਅਤੇ ਅਬਦੁੱਸਮਦ ਖ਼ਾਨ ਨੇ ਉਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਤਸੀਹੇ ਦੇ ਕੇ ਕਤਲ ਕਰਵਾ ਦਿੱਤਾ।

ਬਾਦਸ਼ਾਹੀ ਲਸ਼ਕਰ ਨੇ ਗੁਰਦਾਸ ਨੰਗਲ ਪੁੱਜਦੇ ਸਾਰ ਘੇਰਾ ਪਾ ਲਿਆ ਅਤੇ ਸਾਰੇ ਨਾਕੇ ਬੰਦ ਕਰ ਦਿੱਤੇ। 14 ਅਪ੍ਰੈਲ (20 ਰੱਬੀ-ਉ-ਸਾਨੀ) ਨੂੰ ਦਿੱਲੀ ਪੁੱਜੀ ਖ਼ਬਰ ਅਨੁਸਾਰ ਅਬਦੁੱਸਮਦ ਖ਼ਾਨ ਪਾਸ ਫ਼ੌਜ ਦੀ ਗਿਣਤੀ 24 ਹਜ਼ਾਰ ਸੀ, ਜਿਸ ਵਿਚ ਅੱਧੇ ਸਵਾਰ ਅਤੇ ਅੱਧੇ ਪਿਆਦੇ ਸਨ ਅਤੇ ਬੜਾ ਵੱਡਾ ਤੋਪਖਾਨਾ ਸੀ। ਇਸ ਨਾਲ ਸਿੰਘਾਂ ਦੇ ਆਲੇ ਦੁਆਲੇ ਘੇਰਾ ਇਤਨਾ ਪੀਡਾ ਕਰ ਦਿੱਤਾ ਗਿਆ ਅਤੇ ਪਹਿਰਾ ਇਤਨਾ ਸਖ਼ਤ ਕਰ ਦਿੱਤਾ ਕਿ ਘਾਹ ਦਾ ਇਕ ਤੀਲਾ ਅਤੇ ਅੰਨ ਦਾ ਇਕ ਦਾਣਾ ਭੀ ਅੰਦਰ ਨਹੀਂ ਸੀ ਜਾ ਸਕਦਾ। ਕਈ ਵਾਰੀ ਅਬਦੁੱਸਮਦ ਖ਼ਾਨ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੇ ਕਈ ਹਜ਼ਾਰ ਆਪਣੀ ਅਤੇ ਆਪਣੇ ਹਮਾਇਤੀਆਂ ਦੀਆਂ ਫ਼ੌਜਾਂ ਨਾਲ ਸਿੰਘਾਂ ਦੇ ਅਸਥਾਨ ਨੂੰ ਹੱਲੇ ਨਾਲ ਮਾਰ ਲੈਣ ਦੇ ਜਤਨ ਕੀਤੇ ਪਰ ਉਨ੍ਹਾਂ ਨੂੰ ਸਫ਼ਲਤਾ ਨਾ ਹੋਈ। ਮੁੱਠੀ ਭਰ ਸਿੰਘਾਂ ਨੇ ਇਸ ਦਲੇਰੀ ਅਤੇ ਬਹਾਦੁਰੀ ਨਾਲ ਆਪਣੇ ਥਾਵਾਂ ਦੀ ਰਾਖੀ ਕੀਤੀ ਕਿ ਹੱਲਾ ਕਰਨ ਵਾਲਿਆਂ ਨੂੰ ਮੂੰਹ ਭੁਆ ਕੇ ਮੁੜਨਾ ਪਿਆ। 'ਇਬਰਤ-ਨਾਮੇ' ਦਾ ਲਿਖਾਰੀ ਮੁਹੰਮਦ ਕਾਸਿਮ ਇਸ ਵੇਲੇ ਲਾਹੌਰ ਦੇ ਨਾਇਬ ਨਾਜ਼ਿਮ ਆਰਿਫ਼ ਬੇਗ ਖ਼ਾਨ ਦੀ

ਨੌਕਰੀ ਵਿਚ ਖ਼ੁਦ ਉਥੇ ਮੌਜੂਦ ਸੀ। ਉਹ ਲਿਖਦਾ ਹੈ ਕਿ 'ਜਹੱਨਮੀ ਸਿੱਖਾਂ ਦੇ ਬਹਾਦੁਰੀ ਅਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਹਰ ਰੋਜ਼ ਦੋ ਜਾਂ ਤਿੰਨ ਵਾਰੀ ਕੁਝ ਚਾਲੀ ਜਾਂ ਪੰਜਾਹ ਕਾਲਮੂੰਹੇ ਸਿੱਖ ਆਪਣੇ ਡੰਗਰਾਂ ਦੇ ਘਾਹ ਪੱਠੇ ਲਈ ਗੜ੍ਹੀ ਵਿਚੋਂ ਬਾਹਰ ਨਿਕਲਦੇ ਅਤੇ ਜਦ ਬਾਦਸ਼ਾਹੀ ਲਸ਼ਕਰੀਆਂ ਦੀਆਂ ਮਿਲਵੀਆਂ ਫੌਜਾਂ ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਇਹ ਆਪਣੇ ਤੀਰਾਂ, ਰਾਮਜੰਗਿਆਂ ਅਤੇ ਛੋਟੀਆਂ ਤਲਵਾਰਾਂ ਨਾਲ ਮੁਗ਼ਲਾਂ ਦਾ ਘਾਣ ਕਰ ਦਿੰਦੇ ਅਤੇ ਅਲੋਪ ਹੋ ਜਾਂਦੇ। ਸਿੰਘਾਂ ਦਾ ਇਤਨਾ ਭੈ ਅਤੇ ਸਿੱਖ ਆਗੂ ਦੀਆਂ ਜਾਦੂਗਰੀਆਂ ਦਾ ਇਤਨਾ ਡਰ ਬੈਠਾ ਹੋਇਆ ਸੀ ਕਿ ਇਸ (ਬਾਦਸ਼ਾਹੀ) ਫੌਜ ਦੇ ਕਮਾਂਡਰ ਰੱਬ ਪਾਸੋਂ ਦੁਆਵਾਂ ਮੰਗਦੇ ਸਨ ਕਿ ਉਹ ਕੁਝ ਐਸਾ ਭਾਣਾ ਵਰਤਾਵੇ ਕਿ ਬੰਦਾ (ਸਿੰਘ) ਗੜ੍ਹੀ ਵਿਚੋਂ ਨਿਕਲ ਕੇ ਦੌੜ ਜਾਏ।' ਇਨ੍ਹਾਂ ਹੱਲਿਆਂ ਅਤੇ ਘੇਰੇ ਦੇ ਪੱਕੇ ਹੋਣ ਸੰਬੰਧੀ ਰਿਪੋਰਟ ਬਾਦਸ਼ਾਹ ਦੀ ਸੇਵਾ ਵਿਚ ਇਕ ਚਿੱਠੀ ਵਿਚ ਮਿਲੀ ਜੋ 20 ਅਪ੍ਰੈਲ (26 ਰੱਬੀ-ਉ-ਸਾਨੀ) ਨੂੰ ਦਿੱਲੀ ਪੁੱਜੀ।

ਅਬਦੁੱਸਮਦ ਖ਼ਾਨ ਨੂੰ ਛੇਤੀ ਹੀ ਸੋਝੀ ਪੈ ਗਈ ਕਿ ਘੇਰੇ ਵਿਚ ਆਇਆਂ ਹੋਇਆਂ (ਸਿੰਘਾਂ) ਨੂੰ ਬਚ ਕੇ ਨਿਕਲ ਜਾਣ ਤੋਂ ਰੋਕਣ ਲਈ ਤੀਹ ਹਜ਼ਾਰ ਤੋਂ ਘੱਟ ਬੰਦਿਆਂ ਦੀ ਲੋੜ ਨਹੀਂ ਹੋਵੇਗੀ, ਇਸ ਲਈ ਕਮਰੁੱਦੀਨ ਖ਼ਾਨ ਦੇ ਨਾਲ ਆਈ ਹੋਰ ਫ਼ੌਜ ਉਸ ਲਈ ਖ਼ੁਸ਼ੀ ਦਾ ਕਾਰਣ ਸੀ। ਜਦ ਘੇਰਾ ਤੰਗ ਹੁੰਦਾ ਹੋਇਆ ਗੜ੍ਹੀ ਤੋਂ ਤੋਪ ਦੀ ਮਾਰ ਦੀ ਹੱਦ ਵਿਚ ਪਹੁੰਚ ਗਿਆ, ਤਾਂ ਸਾਰਿਆਂ ਪਾਸਿਆਂ ਤੋਂ ਨਜ਼ਦੀਕ ਨਜ਼ਦੀਕ ਹੋਣ ਦਾ ਕੰਮ ਵੱਖਰੇ ਵੱਖਰੇ ਕਮਾਂਡਰਾਂ ਨੂੰ ਵੰਡ ਦਿੱਤਾ ਗਿਆ। ਇਕ ਪਾਸਾ ਖ਼ੁਦ ਅਬਦੁੱਸਮਦ ਖ਼ਾਨ ਨੇ ਮੱਲ ਲਿਆ, ਦੋ ਪਾਸੇ ਕਮਰੁੱਦੀਨ ਅਤੇ ਜ਼ਕਰੀਆ ਖ਼ਾਨ ਦੇ ਹਵਾਲੇ ਕੀਤੇ ਗਏ ਅਤੇ ਚੌਥੀ ਬਾਹੀ ਫੌਜਦਾਰਾਂ ਅਤੇ ਜ਼ਿਮੀਂਦਾਰਾਂ ਦੇ ਸਪੁਰਦ ਹੋਈ। ਚੂੰਕਿ ਸਾਂਝੇ ਜਤਨਾਂ ਦੀ ਲੋੜ ਸੀ, ਇਸ ਲਈ ਗੜ੍ਹੀ ਦੇ ਸਾਰੇ ਪਾਸੀਂ ਤੰਬੂ ਲਾਗੋ ਲਾਗੋ ਕਰਕੇ ਲਾ ਦਿੱਤੇ ਗਏ ਅਤੇ ਰੱਸਾ ਬੰਨ੍ਹ ਦਿੱਤਾ ਗਿਆ।

ਹੁਣ ਅਬਦੁੱਸਮਦ ਖ਼ਾਨ ਨੇ ਤੋਪਾਂ ਲਈ ਉੱਚੇ ਦਮਦਮੇ ਬਣਾ ਲਏ ਅਤੇ ਆਪਣੇ ਮੋਰਚੇ ਅੱਗੇ ਨੂੰ ਸਰਕਾ ਦਿੱਤੇ। ਦੂਸਰੇ ਪਾਸੇ ਸਿੰਘਾਂ ਨੇ ਆਪਣੀ ਰਾਖੀ ਲਈ ਜਤਨ ਜਾਰੀ ਰਖੇ ਅਤੇ ਵੈਰੀ ਦੇ ਕੈਂਪ ਉੱਤੇ ਦਿਨ ਰਾਤ ਤੀਰ ਅਤੇ ਗੋਲੀਆਂ ਵਰ੍ਹਾਉਣ ਵਿਚ ਬੜੀ ਦਲੇਰੀ ਅਤੇ ਬਹਾਦੁਰੀ ਵਿਖਾਈ। ਉਹ ਕਈ ਵਾਰੀ ਘੇਰਾ ਪਾਉਣ ਵਾਲੇ ਸ਼ਾਹੀ ਲਸ਼ਕਰੀਆਂ ਦੇ ਮੋਰਚਿਆਂ ਉੱਤੇ ਟੁੱਟ ਪੈਂਦੇ ਅਤੇ ਕਈਆਂ ਨੂੰ ਮਾਰ ਮੁਕਾਉਂਦੇ। ਆਪਣੇ ਆਦਮੀਆਂ, ਘੋੜਿਆਂ ਅਤੇ ਹੋਰ ਡੰਗਰਾਂ ਨੂੰ ਬਚਾਉਣ ਲਈ ਲਸ਼ਕਰੀਆਂ ਨੇ ਆਪਣੇ ਆਪਣੇ ਤੰਬੂ ਅੱਗੇ ਦਸ ਤੋਂ ਵੀਹ ਗਜ਼ ਤਕ ਲੰਮਾ ਮਿੱਟੀ ਦਾ ਬੰਨ੍ਹਾ ਬਣਾ ਲਿਆ। ਸਿੰਘਾਂ ਨੂੰ ਪਤਾ ਲੱਗਣ ਤੋਂ ਬਿਨਾਂ ਹੀ ਹੌਲੀ ਹੌਲੀ ਇਨ੍ਹਾਂ ਨੇ ਬੰਨਿਆਂ ਦੇ ਵਿਚਕਾਰਲੇ ਖਾਲੀ ਥਾਵਾਂ ਵਿਚ ਮਿੱਟੀ ਪਾ ਕੇ ਉਨ੍ਹਾਂ ਨੂੰ ਪੂਰ ਦਿੱਤਾ ਅਤੇ ਇਸ ਤਰ੍ਹਾਂ ਸਾਰੀ ਪਾਸੀਂ ਸਾਰੇ ਤੰਬੂਆਂ ਦੇ ਮੋਹਰੇ ਇਕ ਕੰਧ ਬਣ ਗਈ ਜਿਸ ਨਾਲ ਕਿ ਸਿੰਘਾਂ ਦੀ ਗੜ੍ਹੀ ਘਿਰ ਗਈ। ਕਈ ਮੌਕਿਆਂ ਤੇ ਸਿੰਘ ਬੜੀ ਦਲੇਰੀ ਨਾਲ ਸ਼ਾਹੀ ਕੈਂਪ ਉੱਤੇ ਆ ਪਏ ਅਤੇ ਸਾਰੀਆਂ ਰੋਕਾਂ ਨੂੰ ਹੂੰਝ ਕੇ ਜੋ ਹੱਥ ਆਇਆ, ਲੈ ਕੇ ਨਿਕਲ ਗਏ। ਬਾਬਾ ਬਿਨੋਦ ਸਿੰਘ ਕਈ ਵਾਰੀ ਗੜ੍ਹੀ ਤੋਂ

ਨਿਕਲ ਆਉਂਦੇ ਅਤੇ ਸ਼ਾਹੀ ਲਸ਼ਕਰ ਦੇ ਬਜ਼ਾਰ ਵਿਚੋਂ ਸ਼ੀਰਨੀ ਅਤੇ ਖਾਣ ਦੀਆਂ ਹੋਰ ਚੀਜ਼ਾਂ ਲੈ ਕੇ ਮੁੜ ਜਾਂਦੇ। ਇਸ ਬਜ਼ੁਰਗ ਸਿੰਘ ਦੀ ਦਲੇਰੀ ਨੂੰ ਦੇਖ ਕੇ ਸਾਰਾ ਕੈਂਪ ਹੈਰਾਨ ਹੋ ਜਾਂਦਾ। ਉਸ ਨੂੰ ਫੜਨ ਲਈ ਉਨ੍ਹਾਂ ਬੜੇ ਜਤਨ ਕੀਤੇ ਪਰ ਸਭ ਨਿਸਫਲ ਗਏ। ਜੇ ਲਸ਼ਕਰੀ ਸਵੇਰ ਨੂੰ ਪਹਿਰਾ ਪੱਕਾ ਕਰਦੇ ਤਾਂ ਬਿਨੋਦ ਸਿੰਘ ਸ਼ਾਮ ਨੂੰ ਆ ਪੈਂਦਾ ਅਤੇ ਜੇ ਉਹ ਸ਼ਾਮ ਨੂੰ ਪ੍ਰਬੰਧ ਕਰਦੇ ਤਾਂ ਉਹ ਲੌਢੇ ਵੇਲੇ ਝੁੱਟੀ ਮਾਰ ਜਾਂਦਾ। ਹਰ ਵਾਰੀ ਉਹ ਪਹਿਰੇ ਵਾਲਿਆਂ ਦੀ ਚੌਕਸੀ ਤੋਂ ਅਗੋਂ ਪਿਛੋਂ ਨਿਕਲ ਜਾਂਦਾ। ਬੰਦਾ ਸਿੰਘ ਦੇ ਸਿੰਘ ਇਤਨੇ ਦਲੇਰ ਅਤੇ ਅਜਿੱਤ ਸਨ ਕਿ ਵੈਰੀ ਉਨ੍ਹਾਂ ਦੇ ਜੰਗੀ ਗੁਣਾਂ ਨੂੰ ਦੇਖ ਕੇ ਵਾਹ ਵਾਹ ਕਰ ਉਠਦੇ ਸਨ ਤੇ ਉਨ੍ਹਾਂ ਨੂੰ ਹਰ ਵੇਲੇ ਇਹ ਹੀ ਡਰ ਲੱਗਾ ਰਹਿੰਦਾ ਸੀ ਕਿ ਅੰਦਰ ਘਿਰੇ ਹੋਏ ਸਿੰਘ ਕਿਧਰੇ ਇਕ ਇਕੱਲਾ ਜ਼ੋਰਦਾਰ ਹੱਲਾ ਕਰ ਕੇ ਆਪਣੀਆ ਜਾਨਾਂ ਦੀ ਬਲੀ ਦਿੰਦੇ ਹੋਏ ਆਪਣੇ ਆਗੂ ਨੂੰ ਕੱਢ ਨਾ ਲੈ ਜਾਣ। ਇਹ ਹੀ ਨਹੀਂ ਬਲਕਿ ਵਹਿਮੀ ਲਸ਼ਕਰੀਆਂ ਨੂੰ ਯਕੀਨ ਸੀ ਕਿ ਬੰਦਾ ਸਿੰਘ ਬੜੀਆਂ ਰਿੱਧੀਆਂ ਸਿੱਧੀਆਂ ਅਤੇ ਜਾਦੂਗਰੀ ਤਾਕਤਾਂ ਦਾ ਮਾਲਕ ਹੈ ਜਿਨ੍ਹਾਂ ਦੇ ਜ਼ੋਰ ਨਾਲ ਉਹ ਕੁੱਤੇ ਜਾਂ ਬਿੱਲੀ ਦਾ ਰੂਪ ਧਾਰ ਸਕਦਾ ਹੈ। ਇਸੇ ਲਈ ਜਿਸ ਵੇਲੇ ਭੀ ਉਹ ਸਿੰਘਾਂ ਦੇ ਪਾਸਿਉਂ ਕਿਸੇ ਕੁੱਤੇ ਜਾਂ ਬਿੱਲੀ ਨੂੰ ਆਉਂਦਾ ਦੇਖਦੇ ਤਾਂ ਉਸ ਉੱਤੇ ਟੁੱਟ ਪੈਂਦੇ ਅਤੇ ਜਿਤਨੀ ਦੇਰ ਤਕ ਉਸ ਨੂੰ ਤੀਰਾਂ ਜਾਂ ਪੱਥਰਾਂ ਨਾਲ ਮਾਰ ਨਾ ਦਿੰਦੇ ਉਨ੍ਹਾਂ ਦੀ ਤਸੱਲੀ ਨਾ ਹੁੰਦੀ। ਇਸ ਤਰ੍ਹਾਂ ਗੁਰਦਾਸ ਨੰਗਲ ਦਾ ਇਹ ਘੇਰਾ ਅਤੇ ਜੁੱਧ ਕਈ ਮਹੀਨੇ ਜਾਰੀ ਰਿਹਾ ਅਤੇ ਦੋਹਾਂ ਪਾਸਿਆਂ ਦਾ ਬੜਾ ਨੁਕਸਾਨ ਹੋਇਆ।

ਹੌਲੀ ਹੌਲੀ ਸ਼ਾਹੀ ਲਸ਼ਕਰੀਆਂ ਨੇ ਆਪਣੇ ਮੋਰਚੇ ਅੱਗੇ ਨੂੰ ਸਰਕਾਏ ਅਤੇ ਸਿੰਘਾਂ ਦੀ ਗੜ੍ਹੀ ਨੂੰ ਸਾਰੇ ਪਾਸਿਓਂ ਮੋਰਚਿਆਂ ਨਾਲ ਘੇਰ ਲੈਣ ਦਾ ਫੈਸਲਾ ਕੀਤਾ। ਇਕ ਹਜ਼ਾਰ ਕੁਹਾੜਿਆਂ ਵਾਲੇ ਬੇਲਦਾਰ ਅਤੇ ਇਕ ਹਜ਼ਾਰ ਤਰਖਾਣ ਆਲੇ ਦੁਆਲੇ ਦੇ ਦਰਖਤ ਵੱਢਣ ਉੱਤੇ ਲਾਏ ਗਏ ਅਤੇ ਦੋ ਹਜ਼ਾਰ ਊਠ ਲਕੜੀਆਂ ਤੇ ਮਿੱਟੀ ਪਹੁੰਚਾਉਣ ਲਈ ਲਾ ਦਿੱਤੇ। ਜਦ ਆਲੇ ਦੁਆਲੇ ਦਾ ਚੱਕਰ ਪੂਰਾ ਹੋ ਗਿਆ ਤਾਂ ਦਰਖਤਾਂ ਦੇ ਧੜਾਂ ਦੇ ਨਾਲ ਮਿੱਟੀ ਦੇ ਧੈਂਤ ਲਾ ਕੇ ਜੋੜ ਦਿੱਤੇ ਅਤੇ ਇਸ ਤਰ੍ਹਾਂ ਬਣੇ ਉੱਚੇ ਸਿੱਧੇ ਲਗਾਤਾਰ ਧੈਂੜ ਦੇ ਅੰਦਰਲੇ ਪਾਸੇ ਬਣ ਗਈ ਖਾਈ ਨੂੰ ਹੋਰ ਡੂੰਘਾ ਰਖ ਕੇ ਪੁੱਟ ਦਿੱਤਾ ਜਿਸ ਨਾਲ ਸਿੰਘਾਂ ਦੇ ਆਲੇ ਦੁਆਲੇ ਖਾਈ ਦਾ ਘੇਰਾ ਲੰਘਣ ਲਈ ਹੋਰ ਔਖਾ ਹੋ ਗਿਆ। ਪਰ ਘੇਰਾ ਪਾਉਣ ਵਾਲਿਆਂ ਵਲੋਂ ਬਣਾਈਆਂ ਗਈਆਂ ਇਨ੍ਹਾਂ ਸਾਰੀਆਂ ਰੋਕਾਂ ਦੇ ਹੁੰਦੇ ਹੋਏ ਭੀ ਸਿੰਘਾਂ ਦੀਆਂ ਅੰਦਰੋਂ ਅਚਾਨਕ ਝਪਟਾਂ ਜਾਰੀ ਰਹੀਆਂ ਜਿਨ੍ਹਾਂ ਨਾਲ ਬਾਹਰਲਿਆਂ ਦਾ ਬੜਾ ਨੁਕਸਾਨ ਹੁੰਦਾ ਰਿਹਾ। ਸਿੰਘਾਂ ਦਾ ਅੰਦਰਲਾ ਰਾਖੀ ਦਾ ਪ੍ਰਬੰਧ ਇਤਨਾ ਤਕੜਾ ਸੀ ਅਤੇ ਉਹ ਅੰਦਰੋਂ ਇਤਨੀ ਤੇਜ਼ ਅਤੇ ਮਾਰੂ ਅੱਗ ਵਰ੍ਹਾਉਂਦੇ ਸਨ ਕਿ ਸ਼ਾਹੀ ਲਸ਼ਕਰੀਆਂ ਨੂੰ ਬਾਹਰ ਖੁਲ੍ਹੇ ਥਾਂ ਨਿਕਲ ਕੇ ਸਿੰਘਾਂ ਉੱਤੇ ਹੱਲਾ ਬੋਲਣ ਦਾ ਹੌਸਲਾ ਨਹੀਂ ਸੀ ਪੈਂਦਾ। ਇਤਨੇ ਬਹਾਦੁਰ ਅਤੇ ਡਟੇ ਹੋਏ ਵੈਰੀ ਵਿਰੁੱਧ ਅਬਦੁੱਸਮਦ ਖ਼ਾਨ ਨੂੰ ਸਫਲਤਾ ਦੀ ਕੋਈ ਆਸ ਨਾ ਰਹੀ। ਸਿੰਘਾਂ ਦੀ ਵਲਗਣ (ਗੜ੍ਹੀ) ਦੀ ਕੰਧ ਅਤੇ ਦਰਵਾਜ਼ੇ ਤਕ ਪੁੱਜਣ ਲਈ ਉਸ ਦੇ ਸਾਰੇ ਜਤਨ ਨਿਸਫ਼ਲ ਹੋ ਗਏ ਸਨ। ਹੁਣ ਉਸ ਲਈ ਕੇਵਲ ਇਕੋ ਹੀ ਢੰਗ ਰਹਿ ਗਿਆ ਸੀ ਕਿ ਉਹ ਜ਼ਮੀਨ ਦੇ ਹੇਠਾਂ ਹੇਠਾਂ ਦੀ ਸੁਰੰਗ ਲਾ ਕੇ ਸਿੰਘਾਂ ਦੀ ਕੰਧ ਤਕ ਪਹੁੰਚੇ। ਇਸ ਲਈ

ਉਸ ਨੇ ਹੁਕਮ ਦਿੱਤਾ ਕਿ ਇਹਾਤੇ ਦੀਆਂ ਨੁੱਕਰਾਂ ਦੀ ਸੇਧੇ ਸੁਰੰਗਾਂ ਲਾ ਦਿੱਤੀਆਂ ਜਾਣ। ਇਸ ਵਿਚ ਉਨ੍ਹਾਂ ਨੂੰ ਹੋਰ ਜਤਨਾਂ ਨਾਲੋਂ ਜ਼ਿਆਦਾ ਸਫਲਤਾ ਹੋ ਗਈ। ਅਬਦੁੱਸਮਦ ਖ਼ਾਨ ਦੀਆਂ ਸੁਰੰਗਾਂ ਹਾਲ ਤਕ ਗੜ੍ਹੀ ਦੇ ਵੱਡੇ ਦਰਵਾਜ਼ੇ ਤਕ ਪੁੱਜੀਆਂ ਨਹੀਂ ਸਨ ਕਿ ਕਮਰੁੱਦੀਨ ਖਾਈ ਲੰਘ ਕੇ ਉਸ ਗੁਮਟੀ ਤਕ ਪੁੱਜ ਗਿਆ ਜਿਥੋਂ ਕਿ ਸਿੰਘਾਂ ਦੇ ਰਾਮਜੰਗਿਆ ਦੀਆਂ ਗੋਲੀਆਂ ਬਹੁਤਾ ਨੁਕਸਾਨ ਕਰਦੀਆਂ ਸਨ। ਉਧਰ ਜ਼ਕਰੀਆ ਖ਼ਾਨ ਦੂਸਰੇ ਉਸ ਦਰਵਾਜ਼ੇ ਤਕ ਪੁੱਜ ਗਿਆ ਜਿਸ ਨੂੰ ਸਿੰਘ ਵਰਤਿਆ ਕਰਦੇ ਸਨ। ਹੋਰ ਫ਼ੌਜਦਾਰਾਂ ਅਤੇ ਕਮਾਂਡਰਾਂ ਨੇ ਭੀ ਆਪਣੇ ਮੋਰਚੇ ਅੱਗੇ ਨੂੰ ਵਧਾ ਲਏ। ਇਸ ਦਾ ਨਤੀਜਾ ਇਹ ਹੋਇਆ ਕਿ ਸਿੰਘ ਸਾਰਿਆਂ ਪਾਸਿਆਂ ਤੋਂ ਘੁੱਟੇ ਸੀਤੇ ਗਏ।

ਹੁਣ ਘੇਰਾ ਇਤਨਾ ਨਜ਼ਦੀਕ ਅਤੇ ਪੀਡਾ ਹੋ ਗਿਆ ਕਿ ਸਿੰਘਾਂ ਵਾਸਤੇ ਬਾਹਰੋਂ ਕੋਈ ਖਾਣਾ ਲਿਆ ਸਕਣਾ ਅਸੰਭਵ ਹੋ ਗਿਆ। ਅੱਠਾਂ ਮਹੀਨਿਆਂ ਦੇ ਲੰਮੇ ਘੇਰੇ ਨੇ ਉਨ੍ਹਾਂ ਦਾ ਸਭ ਕੁਝ ਮੁਕਾ ਦਿੱਤਾ ਸੀ। ਹੁਣ ਉਨ੍ਹਾਂ ਦਾ ਲੰਗਰ ਬਿਲਕੁਲ ਮਸਤਾਨਾ ਹੋ ਗਿਆ। ਇਕ ਦਾਣਾ ਭੀ ਉਨ੍ਹਾਂ ਪਾਸ ਨਾ ਰਿਹਾ ਅਤੇ ਉਹ ਲੱਗੇ ਭੁੱਖੇ ਮਰਨ। ਜਿਨ੍ਹਾਂ ਨੂੰ ਵੈਰੀ ਦੀਆਂ ਤੋਪਾਂ ਬੰਦੂਕਾਂ ਅਤੇ ਤੀਰ ਨਹੀਂ ਸਨ ਡਰਾ, ਘਬਰਾ ਸਕੇ, ਉਨ੍ਹਾਂ ਨੂੰ ਭੁੱਖ ਨੇ ਭੰਨ ਕੇ ਰੱਖ ਦਿੱਤਾ। ਕਹਿੰਦੇ ਹਨ ਕਿ ਉਨ੍ਹਾਂ ਨੇ ਕੰਧਾਂ ਉਪਰ ਦੀ ਸ਼ਾਹੀ ਲਸ਼ਕਰੀਆਂ ਨਾਲ ਗੱਲ-ਬਾਤ ਕਰ ਕੇ ਦੋ ਦੋ ਤਿੰਨ ਤਿੰਨ ਰੁਪਏ ਸੇਰ ਦਾਣੇ ਖਰੀਦਣ ਦਾ ਜਤਨ ਕੀਤਾ ਪਰ ਇਸ ਨਾਲ ਕੀ ਬਣ ਸਕਦਾ ਸੀ ? ਅੰਤ ਭੁੱਖ ਦੇ ਕਾਰਣ ਉਹ ਅਤਿ ਦੁਖੀ ਹੋ ਗਏ।

ਇਸ ਵੇਲੇ ਬਾਬਾ ਬਿਨੋਦ ਸਿੰਘ ਅਤੇ ਬੰਦਾ ਸਿੰਘ ਦੇ ਵਿਚਕਾਰ ਕੁਝ ਮੱਤ-ਭੇਦ ਪੈਦਾ ਹੋ ਗਿਆ। ਮਾਲੂਮ ਹੁੰਦਾ ਹੈ ਇਹ ਮੱਤ-ਭੇਦ ਅਗਲੇ ਪ੍ਰੋਗਰਾਮ ਸੰਬੰਧੀ ਵਿਚਾਰਾਂ ਵਿਚ ਹੋ ਗਿਆ। ਬੰਦਾ ਸਿੰਘ ਇਸ ਰਾਏ ਦੇ ਹੱਕ ਵਿਚ ਨਹੀਂ ਸੀ ਕਿ ਉਨ੍ਹਾਂ ਨੂੰ ਇਥੋਂ ਨਿਕਲ ਜਾਣ ਦਾ ਜਤਨ ਕਰਨਾ ਚਾਹੀਦਾ ਹੈ, ਉਹ ਕਿਉਂ ਅੰਤ ਤਕ ਇਥੇ ਡਟੇ ਰਹਿਣ ਦੇ ਹੱਕ ਵਿਚ ਸੀ, ਇਸ ਦਾ ਕੁਝ ਪਤਾ ਨਹੀਂ। ਦੂਸਰੇ ਪਾਸੇ ਬਾਬਾ ਬਿਨੋਦ ਸਿੰਘ ਇਸ ਰਾਏ ਉੱਤੇ ਡਟੇ ਹੋਏ ਸਨ ਕਿ ਉਨ੍ਹਾਂ ਨੂੰ ਹੰਭਲਾ ਮਾਰ ਕੇ ਇਥੋਂ ਨਿਕਲ ਜਾਣਾ ਚਾਹੀਦਾ ਹੈ। ਗੱਲਾਂ ਗੱਲਾਂ ਵਿਚ ਦੋਹਾਂ ਦੇ ਹੱਥ ਤਲਵਾਰਾਂ ਦੀਆਂ ਮੁੱਠਾਂ ਉੱਤੇ ਚਲੇ ਗਏ। ਇਹ ਦੇਖ ਕੇ ਬਾਬਾ ਬਿਨੋਦ ਸਿੰਘ ਦਾ ਪੁੱਤਰ ਕਾਹਨ ਸਿੰਘ ਆਪਣੇ ਪਿਤਾ ਅਤੇ ਬੰਦਾ ਸਿੰਘ ਦੇ ਵਿਚਕਾਰ ਆ ਖੜੋਤਾ। ਫੈਸਲਾ ਇਹ ਹੋਇਆ ਕਿ ਜੋ ਗੜ੍ਹੀ ਵਿਚੋਂ ਨਿਕਲ ਜਾਣਾ ਚਾਹੁੰਦਾ ਹੈ, ਉਹ ਨਿਕਲ ਜਾਏ। ਬਾਬਾ ਬਿਨੋਦ ਸਿੰਘ ਨੇ ਇਹ ਫੈਸਲਾ ਪ੍ਰਵਾਣ ਕਰ ਲਿਆ ਅਤੇ ਆਪਣੀ ਘੋੜੀ ਤੇ ਸਵਾਰ ਹੋ ਕੇ ਇਹਾਤਿਓਂ ਬਾਹਰ ਨਿਕਲ ਪਿਆ ਅਤੇ ਤਲਵਾਰ ਨਾਲ ਵੈਰੀਆਂ ਨੂੰ ਚੀਰਦਾ ਪਾੜਦਾ ਇਕੱਲਾ ਹੀ ਅੱਖ ਦੇ ਫਰੋਕੇ ਵਿਚ ਅਲੋਪ ਹੋ ਗਿਆ।

ਇਸ ਨਾਲ ਮੱਤ-ਭੇਦ ਤਾਂ ਮਿਟ ਗਿਆ ਪਰ ਦਿਨੋ ਦਿਨ ਵਧਦੇ ਜਾ ਰਹੇ ਭੁੱਖ ਦੇ ਦੁੱਖ ਦਾ ਕੋਈ ਇਲਾਜ ਹੁੰਦਾ ਨਾ ਦਿਸਿਆ। ਸਿੰਘਾਂ ਨੇ ਅੰਤ ਇਸ ਨੂੰ ਭਾਣਾ ਮਿੱਠਾ ਕਰ ਕੇ ਸਹਿ ਜਾਣ ਦੀ ਧਾਰ ਲਈ। ਜਦ ਖਾਣ ਨੂੰ ਬਿਲਕੁਲ ਹੀ ਹੋਰ ਕੁਝ ਨਾ ਰਹਿ ਗਿਆ ਤਾਂ ਉਹ ਘੋੜੇ, ਖੋਤੇ ਅਤੇ ਹੋਰ ਡੰਗਰ ਖਾ ਜਾਣ ਪਰ ਮਜਬੂਰ ਹੋ ਗਏ। ਖ਼ਾਫ਼ੀ ਖ਼ਾਨ ਦੇ ਆਧਾਰ ਤੇ ਅਰਵਿਨ ਲਿਖਦਾ ਹੈ ਕਿ 'ਚੂੰਕਿ ਸਿੱਖ ਜ਼ਾਤ ਪਾਤ ਵਿਚ ਬਹੁਤੇ ਪੱਕੇ ਨਹੀਂ

ਸਨ. ਉਨ੍ਹਾਂ ਨੇ ਬਲਦ ਅਤੇ ਦੂਸਰੇ ਡੰਗਰ ਝਟਕਾ ਲਏ, ਪਰ ਉਨ੍ਹਾਂ ਪਾਸ ਅੱਗ ਜਲਾਉਣ ਲਈ ਲਕੜੀ ਨਹੀਂ ਸੀ, ਇਸ ਲਈ ਉਹ ਕੱਚਾ ਹੀ ਮਾਸ ਖਾ ਗਏ। ਬਹੁਤ ਸਾਰੇ ਪੇਚਸ਼ (ਅਤੀਸਾਰ) ਅਤੇ ਕਮਜ਼ੋਰੀ ਨਾਲ ਹੁਕਮ-ਸਤ ਕਰ ਗਏ। ਜਦ ਘਾਹ ਭੀ ਮੁੱਕ ਗਿਆ ਤਾਂ ਉਨ੍ਹਾਂ ਨੇ ਦਰਖਤਾਂ ਦੇ ਪੱਤੇ ਇਕੱਠੇ ਕਰ ਲਏ। ਜਦ ਇਹ ਭੀ ਖਾਧੇ ਗਏ ਤਾਂ ਉਨ੍ਹਾਂ ਨੇ ਦਰਖਤਾਂ ਦੀ ਛਿੱਲ ਅਤੇ ਛੋਟੀਆਂ ਛੋਟੀਆਂ ਸੁੱਕੀਆਂ ਟਾਹਣੀਆਂ ਪੀਹ ਕੇ ਆਟੇ ਦੀ ਥਾਂ ਖਾ ਲਈਆਂ ਅਤੇ ਆਪਣੇ ਸਰੀਰ ਅਤੇ ਜਾਨ ਨੂੰ ਬਚਾਈ ਰੱਖਣ ਦਾ ਯਤਨ ਕੀਤਾ। ਅੰਤ ਉਨ੍ਹਾਂ ਨੇ ਮੋਏ ਹੋਏ ਡੰਗਰਾਂ ਦੀਆਂ ਹੱਡੀਆਂ ਪੀਹ ਕੇ ਢਿੱਡ ਨੂੰ ਝੁਲਕਾ ਦਿੱਤਾ। ਕਈ ਕਹਿੰਦੇ ਹਨ ਕਿ ਉਨ੍ਹਾਂ ਨੇ ਕੁਝ ਕੁ (ਸਿੰਘਾਂ) ਨੂੰ ਆਪਣੇ ਪੱਟਾਂ ਦੇ ਮਾਸ ਕੱਟ ਕੇ ਭੁੰਨ ਕੇ ਖਾਂਦੇ ਵੇਖਿਆ ਸੀ। ਇਸ ਤਰ੍ਹਾਂ ਦੀ ਹਾਲਤ ਹੁੰਦੇ ਹੋਏ ਭੀ, ਮੁਹੰਮਦ ਹਾਦੀ ਕਾਮਵਰ ਖ਼ਾਨ ਲਿਖਦਾ ਹੈ ਕਿ 'ਜਹੰਨਮੀ ਸਿੱਖ ਆਗੂ ਅਤੇ ਉਸ ਦੇ ਆਦਮੀਆਂ ਨੇ ਉਸ ਸਾਰੀ ਫ਼ੌਜੀ ਤਾਕਤ ਦਾ ਟਾਕਰਾ ਕੀਤਾ ਜਿਹੜੀ ਕਿ ਮਹਾਨ ਮੁਗ਼ਲ ਹਕੂਮਤ ਅੱਠ ਮਹੀਨੇ ਤਕ ਉਨ੍ਹਾਂ ਦੇ ਵਿਰੁੱਧ ਇਕੱਠੀ ਕਰ ਸਕੀ।' ਪਰ ਇਹ ਕਿਤਨੀ ਕੁ ਦੇਰ ਚਲ ਸਕਦਾ ਸੀ? ਆਖ਼ਰ ਉਹ ਬੰਦੇ ਸਨ ਅਤੇ ਇਹ ਚੀਜ਼ਾਂ ਬੰਦਿਆਂ ਦੀ ਖ਼ੁਰਾਕ ਨਹੀਂ ਅਤੇ ਨਾ ਹੀ ਮਨੁੱਖਾਂ ਦਾ ਪੇਟ ਇਨ੍ਹਾਂ ਚੀਜ਼ਾਂ ਨੂੰ ਪਚਾ ਜਾਂ ਝੱਲ ਸਕਦਾ ਹੈ। ਉਨ੍ਹਾਂ ਦੀ ਨਾ ਮੁੱਕਣ ਵਾਲੀ ਭੁੱਖ ਅਤੇ ਸੁੰਮਦਾਰ ਡੰਗਰਾਂ ਦੇ ਮਾਸ, ਘਾਹ, ਪੱਤੇ, ਦਰਖਤਾਂ ਦੀ ਛਿੱਲ ਅਤੇ ਸੁੱਕੀਆਂ ਟਹਿਣੀਆਂ ਅਤੇ ਮੋਏ ਡੰਗਰਾਂ ਦੀਆਂ ਹੱਡੀਆਂ ਆਦਿ ਅਖਾਧ ਅਤੇ ਅਪਚਨੀ ਚੀਜ਼ਾਂ ਨੇ ਉਨ੍ਹਾਂ ਦੇ ਪੇਟ ਬਿਲਕੁਲ ਖ਼ਰਾਬ ਕਰ ਦਿੱਤੇ ਅਤੇ ਉਨ੍ਹਾਂ ਨੂੰ ਲਹੂ-ਭਰੇ ਦਸਤ ਲਾ ਦਿੱਤੇ ਜਿਨ੍ਹਾਂ ਨਾਲ ਉਹ ਸੈਂਕੜਿਆਂ ਦੀ ਗਿਣਤੀ ਵਿਚ ਕਾਲ-ਵੱਸ ਹੋ ਗਏ। ਮਰੇ ਅਤੇ ਮਰ ਰਹੇ ਬੰਦਿਆਂ ਅਤੇ ਡੰਗਰਾਂ ਦੇ ਸੜ ਗਲ ਰਹੇ ਸਰੀਰਾਂ ਤੋਂ ਉੱਠੀ ਬਦਬੋ ਨਾਲ ਸਾਰਾ ਇਹਾਤਾ ਭਰ ਗਿਆ ਅਤੇ ਸਾਹ ਲੈਣਾ ਔਖਾ ਹੋ ਗਿਆ। ਜਿਹੜੇ ਇਸ ਵੇਲੇ ਤਕ ਜੀਉਂਦੇ ਸਨ ਉਹ ਭੀ ਸੁਕ ਕੇ ਕਾਨੇ ਹੋ ਗਏ। ਉਹ ਅੱਧ-ਮੋਇਆਂ ਤੋਂ ਵੱਧ ਨਹੀਂ ਸਨ ਅਤੇ ਇਤਨੇ ਦੁਰਬਲ ਹੋ ਗਏ ਸਨ ਕਿ ਆਪਣੀਆਂ ਬੰਦੂਕਾਂ ਭੀ ਨਹੀਂ ਸਨ ਚੁੱਕ ਸਕਦੇ। ਉਨ੍ਹਾਂ ਦੇ ਬਰੂਦ-ਖ਼ਾਨੇ ਭੀ ਖਾਲੀ ਹੋ ਗਏ ਸਨ। ਇਸ ਲਈ ਹੁਣ ਉਨ੍ਹਾਂ ਵਾਸਤੇ ਕੋਈ ਹੋਰ ਟਾਕਰਾ ਕਰ ਸਕਣਾ ਅਤੇ ਗੜ੍ਹੀ ਦੀ ਰੱਖਿਆ ਕਰ ਸਕਣਾ ਅਸੰਭਵ ਹੋ ਗਿਆ।

ਅੰਤ 7 ਦਸੰਬਰ ਸਨ 1715 (21 ਜ਼ਿਲ-ਹਿੱਜ਼ਾ, 1127 ਹਿਜ਼ਰੀ, ਸਨ 4 ਫ਼ਰੁੱਖ਼-ਸੀਅਰੀ) ਨੂੰ ਬੁਧਵਾਰ ਦੇ ਦਿਨ ਗੁਰਦਾਸ ਨੰਗਲ ਵਿਚ ਸਿੰਘਾਂ ਦਾ (ਭਾਈ ਦੁਨੀ ਚੰਦ ਦਾ) ਇਹਾਤਾ, ਜਿਸ ਨੂੰ ਇਤਿਹਾਸਕਾਰਾਂ ਨੇ ਗੁਰਦਾਸਪੁਰ ਦਾ ਕਿਲਾ ਜਾਂ ਗੜ੍ਹੀ ਕਰਕੇ ਲਿਖਿਆ ਹੈ, ਅਬਦੁੱਸਮਦ ਖ਼ਾਨ ਦੇ ਹੱਥ ਆ ਗਿਆ। ਜਿਵੇਂ ਉਪਰ ਲਿਖਿਆ ਜਾ ਚੁੱਕਾ ਹੈ, ਇਹਾਤੇ ਦੇ ਅੰਦਰਲੇ ਸਿੰਘ ਅਧ-ਮੋਏ ਹੋਏ ਪਏ ਸਨ ਅਤੇ ਬੀਮਾਰੀ ਅਤੇ ਕਮਜ਼ੋਰੀ ਨਾਲ ਨਿਢਾਲ ਹੋਣ ਦੇ ਕਾਰਣ ਟਾਕਰਾ ਕਰ ਸਕਣੋਂ ਅਸਮਰਥ ਸਨ, ਪਰ ਸ਼ਾਹੀ ਲਸ਼ਕਰੀਆਂ ਉੱਤੇ ਸਿੰਘਾਂ ਦਾ ਇਤਨਾ ਭੈ ਬੈਠਾ ਹੋਇਆ ਸੀ ਕਿ ਡਰਦਾ ਮਾਰਾ ਕੋਈ ਇਹਾਤੇ ਦੇ ਅੰਦਰ ਜਾਣ ਦਾ ਹੌਸਲਾ ਨਹੀਂ ਸੀ ਕਰਦਾ। ਅਬਦੁੱਸਮਦ ਖ਼ਾਨ ਨੇ ਸਿੰਘਾਂ ਨੂੰ ਦਰਵਾਜ਼ਾ ਖੋਲ੍ਹ ਦੇਣ ਲਈ ਆਖਿਆ ਅਤੇ ਬਾਦਸ਼ਾਹ ਪਾਸ ਉਨ੍ਹਾਂ ਨੂੰ ਮਾਫ਼ ਕਰ ਦੇਣ ਲਈ ਕਹਿਣ ਦਾ

ਪ੍ਰਣ ਕੀਤਾ, ਪਰ ਜਦ ਦਰਵਾਜ਼ਾ ਖੋਲ੍ਹ ਦਿੱਤਾ ਗਿਆ ਤਾਂ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਕੈਦ ਕਰ ਲਿਆ ਗਿਆ। ਬਾਦਸ਼ਾਹੀ ਲਸ਼ਕਰੀ ਅਧ-ਮੋਏ ਸਿੰਘਾਂ ਉੱਤੇ ਭੁੱਖੇ ਬਘਿਆੜਾਂ ਵਾਂਙ ਟੁੱਟ ਪਏ। ਸਫਲਤਾ ਦੀ ਮਗਰੂਰੀ ਵਿਚ ਅਬਦੁੱਸਮਦ ਆਪਣੇ ਸਾਰੇ ਪ੍ਰਣ ਭੁੱਲ ਗਿਆ ਅਤੇ ਦੋ ਤਿੰਨ ਸੌ ਸਿੰਘਾਂ ਦੇ ਹੱਥ ਪੈਰ ਜੂੜ ਕੇ ਉਨ੍ਹਾਂ ਨੂੰ ਮੁਗ਼ਲ ਅਤੇ ਤਾਤਾਰੀ ਸਿਪਾਹੀਆਂ ਦੇ ਹਵਾਲੇ ਕਰ ਦਿੱਤਾ ਜਿਨ੍ਹਾਂ ਨੇ ਇਨ੍ਹਾਂ ਨੂੰ ਉਸੇ ਥਾਂ ਕਤਲ ਕਰ ਦਿੱਤਾ ਅਤੇ ਉਥੇ ਦਾ ਮੈਦਾਨ ਲਹੂ ਨਾਲ ਭਰ ਦਿੱਤਾ। ਮਾਰੇ ਗਏ ਸਿੰਘਾਂ ਦੇ ਢਿਡ ਇਸ ਲਾਲਚ ਨਾਲ ਚੀਰ ਦਿੱਤੇ ਕਿ ਸ਼ਾਇਦ ਉਨ੍ਹਾਂ ਨੇ ਸੋਨੇ ਦੀਆਂ ਮੋਹਰਾਂ ਨਿਗਲੀਆਂ ਹੋਈਆਂ ਹਨ। ਇਸ ਤੋਂ ਬਾਅਦ ਉਨ੍ਹਾਂ ਦੇ ਸਿਰ ਵੱਢ ਕੇ ਘਾਹ ਫੂਸ ਨਾਲ ਭਰ ਦਿੱਤੇ ਅਤੇ ਨੇਜ਼ਿਆਂ ਉੱਤੇ ਟੰਗ ਲਏ। ਗੁਰਦਾਸ ਨੰਗਲ ਦਾ ਪਿੰਡ ਅਤੇ ਭਾਈ ਦੁਨੀ ਚੰਦ ਦਾ ਇਹਾਤਾ ਸਭ ਢਾਹ ਕੇ ਢੇਰੀ ਕਰ ਦਿੱਤੇ ਗਏ। ਹੁਣ ਇਸ ਵੇਲੇ ਓਥੇ ਕੇਵਲ ਇਕ ਥੇਹ ਪਈ ਹੈ ਜੋ 'ਬੰਦੇ ਵਾਲੀ ਥੇਹ' ਦੇ ਨਾਉਂ ਨਾਲ ਪ੍ਰਸਿੱਧ ਹੈ।

ਗੁਰਦਾਸ ਨੰਗਲ ਵਿਚ ਬੰਦਾ ਸਿੰਘ ਅਤੇ ਸਿੰਘਾਂ ਦੇ ਫੜੇ ਜਾਣ ਦੀ ਖ਼ਬਰ ਅਬਦੁੱਸਮਦ ਖ਼ਾਨ ਵਲੋਂ ਮੁਹੰਮਦ ਅਮੀਨ ਖ਼ਾਨ ਨੇ 12 ਦਸੰਬਰ ਸੰਨ 1715 (26 ਜ਼ਿਲ-ਹਿੱਜਾ 1127 ਹਿਜ਼ਰੀ) ਨੂੰ ਬਾਦਸ਼ਾਹ ਫ਼ਰੁੱਖ-ਸੀਅਰ ਨੂੰ ਉਸ ਵੇਲੇ ਸੁਣਾਈ ਜਦ ਕਿ ਉਹ ਜਹਾਂਦਾਰ ਸ਼ਾਹ ਦੇ ਵਿਰੁੱਧ ਆਪਣੀ ਫ਼ਤਿਹ ਦੀ ਖ਼ੁਸ਼ੀ ਮਨਾ ਰਿਹਾ ਸੀ। ਮੁਹੰਮਦ ਹਾਦੀ ਕਾਮਵਰ ਖ਼ਾਨ ਲਿਖਦਾ ਹੈ ਕਿ "ਇਹ ਕਿਸੇ ਦੀ ਅਕਲਮੰਦੀ ਜਾਂ ਬਹਾਦੁਰੀ ਦਾ ਨਤੀਜਾ ਨਹੀਂ ਸੀ ਬਲਕਿ ਰੱਬ ਦੀ ਮਿਹਰਬਾਨੀ ਸੀ ਕਿ ਇਹ ਇਸ ਤਰ੍ਹਾਂ ਹੋ ਗਿਆ, ਨਹੀਂ ਤਾਂ ਹਰ ਕਿਸੇ ਨੂੰ ਪਤਾ ਹੀ ਹੈ ਕਿ ਸੁਰਗਵਾਸੀ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੇ ਸਾਰੇ ਸ਼ਾਹਜ਼ਾਦਿਆਂ ਅਤੇ ਅਣਗਿਣਤ ਵੱਡੇ ਵੱਡੇ ਅਫ਼ਸਰਾਂ ਸਣੇ ਇਸ ਬਗ਼ਾਵਤ ਨੂੰ ਮਿਟਾਉਣ ਦੇ ਜਤਨ ਕੀਤੇ ਸਨ ਪਰ ਇਹ ਸਭ ਨਿਸਫਲ ਗਏ ਸਨ ਅਤੇ ਹੁਣ ਉਹ ਕਾਫ਼ਰ ਸਿੱਖ ਅਤੇ ਉਸ ਦੇ ਸਾਥੀ ਭੁੱਖ ਨੇ ਅਧੀਨ ਹੋਣ ਲਈ ਮਜਬੂਰ ਕਰ ਦਿੱਤੇ ਹਨ।"

# ਬੰਦਾ ਸਿੰਘ ਅਤੇ ਦੂਸਰੇ ਸਿੰਘ ਦਿੱਲੀ ਵਿਚ ਕਤਲ

ਗੁਰਦਾਸ ਨੰਗਲੋਂ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਪਹਿਲਾਂ ਲਾਹੌਰ ਲੈ ਗਏ । ਭਾਵੇਂ ਉਸ ਨੂੰ ਫੜ ਕੇ ਕੈਦ ਕੀਤਾ ਹੋਇਆ ਸੀ, ਤਾਂ ਭੀ ਉਸ ਦੀਆਂ ਕਰਾਮਾਤੀ ਤਾਕਤਾਂ ਦਾ ਵੈਰੀਆਂ ਦੇ ਮਨਾਂ ਉੱਤੇ ਇੰਨਾ ਭੈ ਬੈਠਾ ਹੋਇਆ ਸੀ ਕਿ ਹਰ ਵੇਲੇ ਉਨ੍ਹਾਂ ਨੂੰ ਇਹੋ ਹੀ ਖ਼ਤਰਾ ਪਿਆ ਰਹਿੰਦਾ ਸੀ ਕਿ ਉਹ ਸੜਕੇ ਜਾਂਦਾ ਹੋਇਆ ਕਿਧਰੇ ਬਚ ਕੇ ਨਾ ਨਿਕਲ ਜਾਏ । ਇਸ ਲਈ ਇਕ ਮੁਗ਼ਲ ਅਫ਼ਸਰ ਨੇ ਕਿਹਾ ਕਿ ਮੈਨੂੰ ਭੀ ਉਸ ਦੇ ਨਾਲ ਹੀ ਹਾਥੀ ਉੱਤੇ ਬੰਨ੍ਹ ਦਿਓ ਤਾਂ ਕਿ ਜਿਸ ਵੇਲੇ ਉਹ ਬਚ ਕੇ ਭੱਜਣ ਲਗੇਗਾ ਤਾਂ ਮੈਂ ਆਪਣਾ ਛੁਰਾ ਉਸ ਦੇ ਢਿੱਡ ਵਿਚ ਖੋਭ ਦਿਆਂਗਾ । ਬੰਦਾ ਸਿੰਘ ਦੇ ਪੈਰੀਂ ਬੇੜੀਆਂ, ਗੋਡਿਆਂ ਨੂੰ ਛੱਲੇ, ਲੱਕ ਦੁਆਲੇ ਸੰਗਲ ਅਤੇ ਗਲ ਵਿਚ ਕੁੰਡਲ ਪਾਏ ਹੋਏ ਸਨ ਅਤੇ ਇਨ੍ਹਾਂ ਨੂੰ ਲਕੜੀ ਦਿਆਂ ਡੰਡਿਆਂ ਨਾਲ ਗੰਢਿਆ ਹੋਇਆ ਸੀ । ਇਸ ਤਰ੍ਹਾਂ ਜਕੜ ਕੇ ਉਸ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਕੇ ਚਾਰ ਥਾਈਂ ਸੰਗਲ ਲਾਏ ਹੋਏ ਸਨ । ਦੋ ਮੁਗ਼ਲ ਅਫ਼ਸਰ ਉਸ ਦੇ ਨਾਲ ਦੋਹੀਂ ਪਾਸੀਂ ਉਸੇ ਹਾਥੀ ਉੱਤੇ ਬੱਧੇ ਹੋਏ ਸਨ ਤਾਂ ਕਿ ਉਹ ਨਿਕਲ ਨਾ ਜਾਏ । ਬੰਦਾ ਸਿੰਘ ਦੇ ਜੱਥੇਦਾਰਾਂ ਅਤੇ ਉੱਘੇ ਉੱਘੇ ਆਦਮੀਆਂ ਨੂੰ ਬੇੜੀਆਂ ਪਾਈਆਂ ਹੋਈਆਂ ਸਨ ਅਤੇ ਉਨ੍ਹਾਂ ਨੂੰ ਲੰਙੇ, ਮਾੜੂਏ ਅਤੇ ਮਰੀਅਲ ਖੋਤਿਆਂ ਅਤੇ ਊਠਾਂ ਉੱਤੇ ਚੜ੍ਹਾਇਆ ਹੋਇਆ ਸੀ ਅਤੇ ਉਨ੍ਹਾਂ ਦੇ ਸਿਰਾਂ ਉੱਤੇ ਕਾਗਜ਼ ਦੀਆਂ ਟੋਪੀਆਂ ਪਾਈਆਂ ਹੋਈਆਂ ਸਨ । ਇਸ ਤਰ੍ਹਾਂ ਇਨ੍ਹਾਂ ਨੂੰ ਇਕ ਟੋਲੇ ਵਿਚ ਇਕੱਠੇ ਲਿਜਾ ਰਹੇ ਸਨ । ਇਨ੍ਹਾਂ ਦੇ ਅੱਗੇ ਅੱਗੇ ਢੋਲ ਅਤੇ ਬਾਜਾ ਬਜਦਾ ਜਾ ਰਿਹਾ ਸੀ ਅਤੇ ਨੇਜ਼ਿਆਂ ਉੱਤੇ ਟੰਗੇ ਹੋਏ ਸਿਰ ਮੁਗ਼ਲਾਂ ਨੇ ਚੁੱਕੇ ਹੋਏ ਸਨ । ਕੈਦੀਆਂ ਦੇ ਪਿਛੇ ਬਾਦਸ਼ਾਹੀ ਅਮੀਰ, ਫ਼ੌਜਦਾਰ ਅਤੇ ਹਿੰਦੂ ਰਾਜੇ ਆਪਣੀਆਂ ਆਪਣੀਆਂ ਫੌਜਾਂ ਸਮੇਤ ਜਾ ਰਹੇ ਸਨ । ਕਈ ਮੀਲਾਂ ਤਕ ਸ਼ਾਹੀ ਸੜਕ ਦੋਹੀਂ ਪਾਸੀਂ ਖੜੋਤੇ ਤਮਾਸ਼ਾ ਦੇਖਣ ਆਇਆਂ ਨਾਲ ਭਰੀ ਹੋਈ ਸੀ ਅਤੇ ਬਾਜ਼ਾਰ, ਗਲੀਆਂ ਅਤੇ ਕੋਠਿਆਂ ਦੀਆਂ ਛੱਤਾਂ ਮਨੁੱਖੀ ਸਿਰਾਂ ਦਾ ਠਾਠਾਂ ਮਾਰਦਾ ਸਮੁੰਦਰ ਬਣਿਆ ਪਿਆ ਸੀ । ਇਸ ਤਰ੍ਹਾਂ ਅਧਮੋਏ ਕੈਦੀਆਂ ਅਤੇ ਲਹੂ-ਭਰੇ ਸਿਰਾਂ ਦੇ ਜਲੂਸ ਨਾਲ ਅਬਦੁੱਸਮਦ ਖ਼ਾਨ ਸ਼ਹਿਰ ਲਾਹੌਰ ਵਿਚ ਦਾਖ਼ਲ ਹੋਇਆ ।

ਅਬਦੁੱਸਮਦ ਖ਼ਾਨ ਨੇ ਇਸ ਉੱਘੇ ਕੈਦੀ ਨੂੰ ਖ਼ੁਦ ਦਿੱਲੀ ਲੈ ਕੇ ਆਉਣ ਦੀ ਆਗਿਆ ਮੰਗੀ, ਜਿਸ ਦੇ ਉੱਤਰ ਵਿਚ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਉਹ ਸੂਬੇ ਦੇ ਰਾਜਪ੍ਰਬੰਧ ਵਲ ਦੇਖੇ ਅਤੇ ਕੈਦੀਆਂ ਨੂੰ ਆਪਣੇ ਪੁੱਤਰ ਜ਼ਕਰੀਆ ਖ਼ਾਨ ਅਤੇ ਮੁਹੰਮਦ ਅਮੀਨ ਦੇ ਪੁੱਤਰ ਕਮਰੁੱਦੀਨ ਖ਼ਾਨ ਦੇ ਨਾਲ ਭੇਜ ਦੇਵੇ । ਲਾਹੌਰੋਂ ਤੁਰਨ ਵੇਲੇ ਜ਼ਕਰੀਆ

ਖ਼ਾਨ ਨੂੰ ਬਾਦਸ਼ਾਹ ਦੇ ਪੇਸ਼ ਕਰਨ ਲਈ ਦੋ ਕੁ ਸੌ ਸਿੰਘਾਂ ਦੇ ਸਿਰ ਕੁਝ ਥੋੜੇ ਜਾਪੇ । ਇਸ ਲਈ ਉਸਨੇ ਇਲਾਕੇ ਵਿਚ ਸਿੰਘਾਂ ਦੀ ਭਾਲ ਸ਼ੁਰੂ ਕਰਾ ਦਿੱਤੀ । ਫੌਜਦਾਰ ਅਤੇ ਚੌਧਰੀ ਇਲਾਕੇ ਵਿਚ ਫਿਰ ਨਿਕਲੇ ਅਤੇ ਪਿੰਡਾਂ ਵਿਚੋਂ ਅਨੇਕਾਂ ਬੇਗੁਨਾਹ ਲੋਕਾਂ ਨੂੰ ਫੜ ਕੇ ਸਿਰਾਂ ਦੀ ਗਿਣਤੀ ਪੂਰੀ ਕਰਨ ਲਈ ਜ਼ਕਰੀਆ ਖ਼ਾਨ ਪਾਸ ਭੇਜ ਦਿੱਤਾ । ਇਸ ਤਰ੍ਹਾਂ ਥੋੜੇ ਜਿਹੇ ਦਿਨਾਂ ਵਿਚ ਹਜ਼ਾਰਾਂ ਸਿੱਖ ਕੇਵਲ ਸਿੱਖ ਧਰਮ ਦੇ ਅਨੁਯਾਈ ਅਤੇ ਗ਼ੈਰ-ਮੁਸਲਿਮ ਹੋਣ ਕਰਕੇ ਜੱਲਾਦਾਂ ਦੀਆਂ ਤਲਵਾਰਾਂ ਦੇ ਹਵਾਲੇ ਕਰ ਦਿੱਤੇ ਗਏ ਅਤੇ ਇਨ੍ਹਾਂ ਦੇ ਵੱਢੇ ਹੋਏ ਸਿਰਾਂ ਨਾਲ ਸਤ ਸੌ ਗੱਡੇ ਭਰ ਕੇ ਦਿੱਲੀ ਨੂੰ ਤੋਰ ਦਿੱਤੇ ਗਏ ।

ਕਨਿੰਘਮ ਲਿਖਦਾ ਹੈ ਕਿ ਬੰਦਾ ਸਿੰਘ ਅਤੇ ਦੂਸਰਿਆਂ (ਕੈਦੀਆਂ) ਨੂੰ ਬੜੀ ਦੁਰਗਤਿ ਨਾਲ, ਜੋ ਜਾਹਲ ਅਤੇ ਅਧ-ਜੰਗਲੀ ਜੇਤੂ ਹੀ ਕਰ ਸਕਦੇ ਹਨ, ਦਿੱਲੀ ਨੂੰ ਤੋਰਿਆ ਗਿਆ । ਬੰਦਾ ਸਿੰਘ ਦੀ ਤਰ੍ਹਾਂ ਸਾਰਿਆਂ ਨੂੰ ਪੈਰਾਂ, ਹੱਥਾਂ, ਲੱਕ ਅਤੇ ਗਲਾਂ ਤੋਂ ਸੰਗਲਾਂ ਨਾਲ ਜਕੜਿਆ ਹੋਇਆ ਸੀ ਤੇ ਦੋ ਦੋ ਜਾਂ ਤਿੰਨ ਤਿੰਨ ਕਰਕੇ ਗੱਡਿਆਂ ਵਿਚ ਲੱਦਿਆ ਹੋਇਆ ਸੀ । ਸਰਹੰਦ ਵਿਚ ਉਨ੍ਹਾਂ ਨੂੰ ਬਾਜ਼ਾਰਾਂ ਵਿਚ ਦੀ ਲੰਘਾਇਆ ਗਿਆ, ਜਿਥੇ ਕਿ ਲੋਕ ਉਨ੍ਹਾਂ ਨੂੰ ਟਿਚਕਰਾਂ ਕਰਦੇ ਅਤੇ ਗਾਲੀਆਂ ਕੱਢਦੇ ਸਨ । ਸਿੰਘਾਂ ਨੇ ਇਹ ਸਭ ਕੁਝ ਸ਼ਬਦ ਪੜ੍ਹਦੇ ਹੋਏ ਬੜੇ ਧੀਰਜ ਨਾਲ ਸਹਿ ਲਿਆ ।

27 ਫ਼ਰਵਰੀ ਸੰਨ 1716 (15 ਰੱਬੀ-ਉਲ-ਅੱਵਲ, 1128 ਹਿਜ਼ਰੀ) ਨੂੰ ਸਿੱਖ ਕੈਦੀਆਂ ਦੇ ਅਗਰਾਬਾਦ ਪੁੱਜਣ ਦੀ ਖ਼ਬਰ ਫ਼ਰੁੱਖ-ਸੀਅਰ ਬਾਦਸ਼ਾਹ ਨੂੰ ਦਿੱਲੀ ਮਿਲੀ । ਬਾਦਸ਼ਾਹ ਨੇ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਇਕ ਦਮ ਬਾਹਰ ਜਾ ਕੇ ਸਿੱਖ ਆਗੂ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਅਗਰਾਬਾਦ ਤੋਂ ਬਾਦਸ਼ਾਹੀ ਮਹਿਲ ਤਕ ਜਲੂਸ ਦੀ ਸ਼ਕਲ ਵਿਚ ਲਿਆਉਣ ਦਾ ਪ੍ਰਬੰਧ ਕਰੇ । ਤੀਸਰੇ ਦਿਨ 29 ਫ਼ਰਵਰੀ (17 ਰੱਬੀ-ਉਲ-ਅੱਵਲ) ਨੂੰ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਜਲੂਸ ਦੇ ਰੂਪ ਵਿਚ ਦਿੱਲੀ ਸ਼ਹਿਰ ਵਿਚ ਲਿਆਂਦਾ ਗਿਆ । ਇਸ ਮੌਕੇ ਤੇ ਉਹੋ ਹੀ ਦਿਖਾਵੇ ਦਾ ਢੰਗ ਵਰਤਿਆ ਗਿਆ ਜੋ ਛਤ੍ਰਪਤੀ ਸ਼ਿਵਾ ਜੀ ਦੇ ਪੁੱਤਰ ਸੰਭਾ ਜੀ ਦੇ ਫੜੇ ਜਾਣ ਤੋਂ ਬਾਅਦ ਵਰਤਿਆ ਗਿਆ ਸੀ । ਸਭ ਤੋਂ ਅੱਗੇ ਬਾਂਸਾ ਉੱਤੇ ਟੰਗੇ ਹੋਏ ਦੋ ਹਜ਼ਾਰ ਸਿੰਘਾਂ ਦੇ ਭੂਸੇ ਨਾਲ ਭਰੇ ਹੋਏ ਸਿਰ ਸਨ ਅਤੇ ਉਨ੍ਹਾਂ ਦੇ ਕੇਸ ਹਵਾ ਵਿਚ ਉਡ ਰਹੇ ਸਨ । ਉਨ੍ਹਾਂ ਦੇ ਨਾਲ ਬਾਂਸ ਉੱਤੇ ਇਕ ਮੋਈ ਹੋਈ ਬਿੱਲੀ ਇਹ ਦੱਸਣ ਲਈ ਟੰਗੀ ਹੋਈ ਸੀ ਕਿ ਬਾਦਸ਼ਾਹੀ ਸੂਰਬੀਰਾਂ ਨੇ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਕੀ ਮਨੁੱਖ ਅਤੇ ਕੀ ਕੋਈ ਜਾਨਵਰ, ਕੁਝ ਜੀਉਂਦਾ ਨਹੀਂ ਛਡਿਆ ਅਤੇ ਬਿੱਲੀਆਂ, ਕੁੱਤਿਆਂ ਤਕ ਸਭ ਕੁਝ ਮਾਰ ਮੁਕਾਇਆ ਹੈ । ਇਨ੍ਹਾਂ ਤੋਂ ਬਾਅਦ ਖ਼ੁਦ ਬੰਦਾ ਸਿੰਘ ਸੀ । ਉਸ ਨੂੰ ਲੋਹੇ ਦੇ ਪਿੰਜਰੇ ਵਿਚ ਜਕੜ ਕੇ ਹਾਥੀ ਉੱਤੇ ਚੜ੍ਹਾਇਆ ਹੋਇਆ ਸੀ । ਮਖੌਲ ਕਰਨ ਲਈ ਉਸ ਦੇ ਸਿਰ ਉੱਤੇ ਤਿੱਲੇ-ਕੱਢੀ ਲਾਲ ਪਗੜੀ ਬੱਧੀ ਹੋਈ ਸੀ ਅਤੇ ਤਿੱਲੇ ਨਾਲ ਕੱਢੀ ਹੋਈ ਅਨਾਰਾਂ ਦੇ ਫੁੱਲਾਂ ਭਰੀ ਗੂੜ੍ਹੇ ਲਾਲ ਬਾਦਲੇ ਦੀ ਪੁਸ਼ਾਕ ਪੁਆਈ ਹੋਈ ਸੀ । ਉਸ ਦੇ ਪਿੱਛੇ ਮੁਹੰਮਦ ਅਮੀਨ ਖ਼ਾਨ ਦੇ ਤੂਰਾਨੀ ਮੁਗਲਾਂ ਵਿਚੋਂ ਇਕ ਸੰਜੋਇ-ਮੜ੍ਹਿਆ ਅਫ਼ਸਰ ਨੰਗੀ ਤਲਵਾਰ ਕੱਢੀ ਖੜਾ ਸੀ । ਬੰਦਾ ਸਿੰਘ ਦੇ ਪਿੱਛੇ ਪਿੱਛੇ ਬੇਪਲਾਣੇ ਊਠਾਂ ਉੱਤੇ ਦੋ ਦੋ ਕਰਕੇ ਬੱਧੇ ਹੋਏ ਸਿੱਖ ਕੈਦੀ ਸਨ ਜਿਨ੍ਹਾਂ ਦੀ

ਗਿਣਤੀ 740 ਲਿਖੀ ਹੋਈ ਹੈ। ਇਨ੍ਹਾਂ ਦੇ ਸਿਰਾਂ ਉੱਤੇ ਉੱਚੀਆਂ ਉੱਚੀਆਂ ਹਾਸੋ-ਹੀਣੀ ਸ਼ਕਲ ਦੀਆਂ ਭੇਡਾਂ ਦੀ ਖੱਲ ਦੀਆਂ ਟੋਪੀਆਂ ਪਾਈਆਂ ਹੋਈਆਂ ਸਨ ਜਿਨ੍ਹਾਂ ਨੂੰ ਸ਼ੀਸ਼ੇ ਦੇ ਮਣਕਿਆਂ ਨਾਲ ਸਜਾਇਆ ਹੋਇਆ ਸੀ। ਉਨ੍ਹਾਂ ਦਾ ਇਕ ਹੱਥ ਦੋ ਲਕੜੀਆਂ ਵਿਚਕਾਰ ਪੇਚਾਂ ਨਾਲ ਕੱਸ ਕੇ ਧੌਣ ਨਾਲ ਜਕੜਿਆ ਹੋਇਆ ਸੀ। ਕੁਝ ਉੱਘੇ ਉੱਘੇ ਸਿੰਘਾਂ ਉੱਤੇ ਜੋ ਬੰਦਾ ਸਿੰਘ ਦੇ ਹਾਥੀ ਦੇ ਨਜ਼ਦੀਕ ਨਜ਼ਦੀਕ ਜਾ ਰਹੇ ਸਨ ਭੇਡਾਂ ਦੀ ਖੱਲ ਪਾਈ ਹੋਈ ਸੀ ਜਿਸ ਦੇ ਵਾਲ ਬਾਹਰਵਾਰ ਸਨ ਤਾਂ ਕਿ ਲੋਕਾਂ ਨੂੰ ਉਹ ਰਿੱਛਾਂ ਵਾਂਙੂ ਜਾਪਣ। ਜਲੂਸ ਦੇ ਪਿੱਛੇ ਪਿੱਛੇ ਤਿੰਨ ਬਾਦਸ਼ਾਹੀ ਅਮੀਰ ਘੋੜਿਆਂ ਉੱਤੇ ਚੜ੍ਹੇ ਆ ਰਹੇ ਸਨ। ਇਹ ਸਨ ਇਹਤਮਾਦੁ-ਦੌਲਾ ਨਵਾਬ ਮੁਹੰਮਦ ਅਮੀਨ ਖ਼ਾਨ ਚੀਨ-ਬਹਾਦੁਰ ਜਿਸ ਨੂੰ ਬਾਦਸ਼ਾਹ ਫ਼ਰੁੱਖ-ਸੀਅਰ ਨੇ ਕੈਦੀਆਂ ਨੂੰ ਸ਼ਹਿਰ ਵਿਚ ਲਿਆਉਣ ਲਈ ਭੇਜਿਆ ਸੀ, ਉਸ ਦਾ ਪੁੱਤਰ ਕਮਰੁੱਦੀਨ ਖ਼ਾਨ ਬਹਾਦੁਰ ਅਤੇ ਉਸ ਦਾ ਜਵਾਈ (ਨਵਾਬ ਅਬਦੁੱਸਮਦ ਖ਼ਾਨ ਦਿਲੇਰ-ਜੰਗ ਦਾ ਪੁੱਤਰ) ਜ਼ਕਰੀਆ ਖ਼ਾਨ ਬਹਾਦੁਰ, ਜੋ ਬਾਅਦ ਦੇ ਪੰਜਾਬ ਦੇ ਇਤਿਹਾਸ ਵਿਚ 'ਖ਼ਾਨ ਬਹਾਦੁਰ' ਨਾਉਂ ਨਾਲ ਪ੍ਰਸਿੱਧ ਹੈ। ਅਗਰਾਬਾਦ ਤੋਂ ਦਿੱਲੀ ਸ਼ਹਿਰ ਦੇ ਲਾਹੌਰੀ ਦਰਵਾਜ਼ੇ ਤਕ ਕਈ ਮੀਲਾਂ ਵਿਚ ਸੜਕ ਦੇ ਦੋਹੀਂ ਪਾਸੀਂ ਫ਼ੌਜਾਂ ਖੜੀਆਂ ਸਨ ਅਤੇ ਲੋਕਾਂ ਦੇ ਝੁਰਮਟਾਂ ਦੇ ਝੁਰਮਟ ਖੜੇ ਸਨ ਜੋ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਵਿਲੱਖਣ ਰੂਪ ਦੇਖ ਕੇ ਟਿਚਕਰਾਂ ਕਰਦੇ ਸਨ।

'ਸਵਾਨਿਹ' ਜਾਂ 'ਇਬਰਤ ਨਾਮੇ' ਦਾ ਕਰਤਾ ਮੁਹੰਮਦ ਹਾਰਿਸੀ ਇਸ ਵੇਲੇ ਦਿੱਲੀ ਵਿਚ ਮੌਜੂਦ ਸੀ ਅਤੇ ਉਹ ਸਿੱਖ ਕੈਦੀਆਂ ਦੇ ਜਲੂਸ ਦਾ 'ਤਮਾਸ਼ਾ' ਦੇਖਣ ਲਈ ਗਿਆ ਸੀ। ਉਹ ਨਮਕ-ਮੰਡੀ ਤੋਂ ਲੈ ਕੇ ਬਾਦਸ਼ਾਹੀ ਕਿਲੇ ਤਕ ਉਨ੍ਹਾਂ ਦੇ ਨਾਲ ਗਿਆ ਸੀ। ਉਸ ਨੇ ਜਲੂਸ ਦਾ ਉਪਰ ਦਿੱਤਾ ਹਾਲ ਅੱਖੀਂ ਦੇਖ ਕੇ ਲਿਖਿਆ ਹੈ। ਉਹ ਕਹਿੰਦਾ ਹੈ : "ਮੈਂ ਇਸ ਦਿਨ ਇਹ ਤਮਾਸ਼ਾ ਦੇਖਣ ਲਈ ਨਮਕ-ਮੰਡੀ ਤਕ ਗਿਆ ਸੀ ਅਤੇ ਉਥੋਂ ਕਿਲਾ ਮੁਬਾਰਿਕ ਤਕ ਜਲੂਸ ਦੇ ਨਾਲ ਨਾਲ ਸਾਂ। ਸ਼ਹਿਰ ਦਾ ਸ਼ਾਇਦ ਹੀ ਕੋਈ ਬੰਦਾ ਹੋਵੇ ਜੋ ਤਮਾਸ਼ਾ ਤੱਕਣ ਅਤੇ ਇਨ੍ਹਾਂ ਲਾਹਨਤੀਆਂ (ਸਿੱਖਾਂ) ਦਾ ਖ਼ਾਤਮਾ ਦੇਖਣ ਲਈ ਬਾਹਰ ਨਾ ਆਇਆ ਹੋਵੇ। ਬਾਜ਼ਾਰਾਂ ਅਤੇ ਗਲੀਆਂ ਵਿਚ ਅਜਿਹੀ ਭੀੜ ਕਦੀ ਘੱਟ ਹੀ ਦੇਖੀ ਗਈ ਸੀ। ਮੁਸਲਮਾਨ ਖ਼ੁਸ਼ੀ ਵਿਚ ਫੁੱਲੇ ਸਮਾ ਨਹੀਂ ਰਹੇ ਸਨ। ਪਰ ਉਹ ਮੰਦਭਾਗੇ ਸਿੱਖ ਜੋ ਇਸ ਅੰਤਮ ਦਸ਼ਾ ਨੂੰ ਪੁੱਜੇ ਹੋਏ ਸਨ, ਬੜੇ ਪਰਸੰਨ ਅਤੇ ਆਪਣੀ ਕਿਸਮਤ ਉੱਤੇ ਰਾਜ਼ੀ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਉਦਾਸੀ ਜਾਂ ਅਧੀਨਤਾ ਦਾ ਕੋਈ ਮਾਮੂਲੀ ਨਿਸ਼ਾਨ ਜਾਂ ਪ੍ਰਭਾਵ ਵੀ ਨਹੀਂ ਸੀ ਦਿਸ ਰਿਹਾ, ਬਲਕਿ ਉਹ [illegible]ਤ ਸਾਰੇ ਉਠਾਂ ਉੱਤੇ ਸ਼ਬਦ ਪੜ੍ਹਨ ਵਿਚ ਮਗਨ ਸਨ ਅਤੇ ਬਾਜ਼ਾਰਾਂ ਜਾਂ ਗਲੀਆਂ ਵਿਚੋਂ ਉਨ੍ਹਾਂ ਨੂੰ ਜੇ ਕੋਈ ਕਹਿੰਦਾ ਕਿ ਹੁਣ ਤੁਹਾਨੂੰ ਕਤਲ ਕਰ ਦਿੱਤਾ ਜਾਏਗਾ ਤਾਂ ਉਹ ਜਵਾਬ ਦਿੰਦੇ : "ਕਤਲ ਕਰ ਦਿਓ। ਅਸੀਂ ਕਤਲ ਹੋਣ ਤੋਂ ਕਦ ਡਰੇ ਹਾਂ। ਜੇ ਡਰਦੇ ਹੁੰਦੇ ਤਾਂ ਕਿਉਂ ਤੁਹਾਡੇ ਨਾਲ ਇਸ ਤਰ੍ਹਾਂ ਜੰਗ ਕਰਦੇ ? ਸਾਨੂੰ ਤਾਂ ਕੇਵਲ ਭੁੱਖ ਅਤੇ ਖਾਣੇ ਦਾਣੇ ਦੇ ਘਾਟੇ ਨੇ ਤੁਹਾਡੇ ਹੱਥ ਫਸਾ ਦਿੱਤਾ ਹੈ ਨਹੀਂ ਤਾਂ ਸਾਡੀ ਬਹਾਦੁਰੀ ਦੇ ਕਾਰਨਾਮੇ ਤੁਹਾਨੂੰ ਪਤਾ ਹੀ ਹਨ।"

'ਤਬਸਿਰਤੁ-ਨਾਜ਼ਿਰੀਨ' ਦਾ ਲਿਖਾਰੀ ਸੱਯਦ ਮੁਹੰਮਦ ਭੀ ਉਸ ਵੇਲੇ ਉਥੇ ਮੌਜੂਦ ਸੀ। ਉਹ ਕਹਿੰਦਾ ਹੈ : "ਉਸ ਵੇਲੇ ਮੈਂ ਉਨ੍ਹਾਂ ਵਿਚੋਂ ਇਕ ਨੂੰ ਇਸ਼ਾਰਾ ਕਰ ਕੇ ਕਿਹਾ ਕਿ ਇਹ ਕੀ ਘੁਮੰਡ ਅਤੇ ਨਖ਼ਰਾ ਸੀ ? ਉਸ ਨੇ ਹੱਥ ਆਪਣੇ ਮੱਥੇ ਉੱਤੇ ਰੱਖਿਆ ਅਤੇ ਆਪਣੀ ਕਿਸਮਤ ਅਤੇ ਨਸੀਬ ਵਲ ਇਸ਼ਾਰਾ ਕੀਤਾ। ਉਸ ਵੇਲੇ ਮੈਨੂੰ ਉਸ ਦੇ ਅੰਦਰਲੇ ਭਾਵ ਦਾ ਦੱਸਣ-ਢੰਗ ਬੜਾ ਚੰਗਾ ਲੱਗਾ।" ਉਹ ਸਾਰੇ ਅਨਾਦਰ ਅਤੇ ਮੰਦੇ ਬਰਤਾਉ ਜੋ ਵੈਰੀਆਂ ਨੇ ਕੀਤੇ, ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਨੂੰ ਆਪਣੀ ਸੁਭਾਵਕ ਉੱਚ-ਮਾਨਸਕ ਅਵੱਸਥਾ ਤੋਂ ਡੁਲਾ ਨਾ ਸਕੇ। ਮੁਹੰਮਦ ਹਾਦੀ ਕਾਮਵਰ ਖ਼ਾਨ ਦੱਸਦਾ ਹੈ ਕਿ 'ਬਿਨਾਂ ਕਿਸੇ ਉਦਾਸੀ ਜਾਂ ਸ਼ਰਮਿੰਦਗੀ ਦੇ ਉਹ ਸ਼ਾਂਤ-ਚਿੱਤ ਅਤੇ ਪਰਸੰਨ-ਮੁੱਖ ਜਾ ਰਹੇ ਸਨ ਅਤੇ ਸ਼ਹੀਦਾਂ ਦੀ ਮੌਤ ਮਰਨ ਲਈ ਇੱਛਾਵਾਨ ਦਿਸਦੇ ਸਨ।'

ਜਲੂਸ ਦੇ ਬਾਦਸ਼ਾਹੀ ਕਿਲੇ ਪਾਸ ਪੁੱਜਣ ਪਰ ਬਾਦਸ਼ਾਹ ਫ਼ਰੁੱਖ਼-ਸੀਅਰ ਦੇ ਹੁਕਮ ਨਾਲ ਬੰਦਾ ਸਿੰਘ, ਬਾਜ ਸਿੰਘ, ਭਾਈ ਫ਼ਤਿਹ ਸਿੰਘ ਅਤੇ ਕੁਝ ਹੋਰ ਆਗੂਆਂ ਨੂੰ ਤ੍ਰਿਪੋਲੀਏ ਵਿਚ ਕੈਦ ਕਰਨ ਲਈ ਇਬਰਾਹੀਮ ਖ਼ਾਨ ਮੀਰਿ-ਆਤਿਸ਼ ਦੇ ਹਵਾਲੇ ਕਰ ਦਿੱਤਾ। ਬੰਦਾ ਸਿੰਘ ਦੀ ਘਰ ਵਾਲੀ, ਉਸ ਦੇ ਚਾਰ ਵਾਰ੍ਹਿਆਂ ਦੇ ਬੱਚੇ ਅਜੈ ਸਿੰਘ ਅਤੇ ਉਸ ਦੀ ਖਿਡਾਵੀ ਨੂੰ ਸ਼ਾਹੀ ਜ਼ਨਾਨਖਾਨੇ ਦਾ ਪ੍ਰਬੰਧਕ ਦਰਬਾਰ ਖ਼ਾਨ ਨਾਜ਼ਰ ਲੈ ਗਿਆ ਅਤੇ ਬਾਕੀ 694 ਸਿੰਘ ਕਤਲ ਕਰ ਦੇਣ ਲਈ ਸਰਬਰਾਹ ਖ਼ਾਨ ਕੋਤਵਾਲ ਦੇ ਸਪੁਰਦ ਕੀਤੇ ਗਏ।

ਇਹਤਮਾਦੁੱ-ਦੌਲਾ ਮੁਹੰਮਦ ਅਮੀਨ ਖ਼ਾਨ ਨੂੰ ਬਾਦਸ਼ਾਹ ਵਲੋਂ ਛੇ ਖਿੱਲਤਾਂ, ਇਕ ਜੀਗਾ ਕਲਗੀ ਅਤੇ ਇਕ ਸੁਨਹਿਰੀ ਕਾਠੀ ਵਾਲਾ ਘੋੜਾ ਇਨਾਮ ਹੋਇਆ ਅਤੇ ਕਮਰੁੱਦੀਨ ਖ਼ਾਨ ਅਤੇ ਜ਼ਕਰੀਆ ਖ਼ਾਨ ਨੂੰ ਇਕ ਖ਼ਾਸ ਖਿੱਲਤ, ਜੀਗਾ ਕਲਗੀ, ਘੋੜਾ ਅਤੇ ਹਾਥੀ ਬਖਸ਼ਸ਼ ਹੋਏ। ਇਸ ਤੋਂ ਬਾਅਦ ਜ਼ਕਰੀਆ ਖ਼ਾਨ ਹੇਠ ਲਿਖੀਆਂ ਕੀਮਤੀ ਵਸਤਾਂ ਅਤੇ ਸਿੱਖਾਂ ਦੇ ਹਥਿਆਰ, ਜੋ ਉਹ ਲਾਹੌਰੋਂ ਨਾਲ ਲਿਆਇਆ ਸੀ, ਸ਼ਾਹੀ ਖਜ਼ਾਨੇ ਦੇ ਤਹਿਵੀਲਦਾਰ ਨੂੰ ਦੇਣ ਚਲਾ ਗਿਆ :—

| | |
|---|---|
| ਤਲਵਾਰਾਂ | 1000 |
| ਢਾਲਾਂ | 278 |
| ਤੀਰ ਕਮਾਨ | 173 |
| ਰਾਮਜੰਗੇ (ਬੰਦੂਕਾਂ) | 180 |
| ਜਮਦਾੜ੍ਹ | 114 |
| ਕਰਦਾਂ | 217 |
| ਸੋਨੇ ਦੀਆਂ ਮੋਹਰਾਂ | 23 |
| ਰੁਪਏ (ਜ਼ਰਾ ਕੁ ਜ਼ਿਆਦਾ) | 600 |
| ਸੋਨੇ ਦੇ ਗਹਿਣੇ | ਥੋੜੇ ਜਿਹੇ |

ਅਰਵਿਨ ਕਹਿੰਦਾ ਹੈ ਕਿ ਫੜੇ ਗਏ ਹਥਿਆਰਾਂ ਅਤੇ ਰੁਪਿਆਂ ਆਦਿ ਦੀ ਸੂਚੀ

ਤੋਂ ਸਿੱਖ ਆਗੂ ਦੀ ਗੁਰਦਾਸ ਨੰਗਲ ਦੇ ਅੰਦਰ ਦੀ ਫ਼ੌਜੀ ਤਾਕਤ ਅਤੇ ਦੌਲਤ ਦਾ ਕੋਈ ਬਹੁਤ ਵਧੀਆ ਪ੍ਰਭਾਉ ਨਹੀਂ ਪੈਂਦਾ ਅਤੇ ਕਾਮਵਰ ਖ਼ਾਨ ਕਹਿੰਦਾ ਹੈ ਕਿ ਇਹ ਸੱਚ ਮੁਚ ਹੈਰਾਨ ਕਰਨ ਵਾਲੀ ਗੱਲ ਹੈ ਕਿ ਇੰਨੇ ਥੋੜੇ ਜਿਹੇ ਸਾਮਾਨ ਨਾਲ ਸਿੰਘਾਂ ਨੇ ਆਪਣੇ ਜ਼ਮਾਨੇ ਦੀ ਸਭ ਤੋਂ ਵਡੀ ਹਕੂਮਤ ਦਾ ਇਕ ਲੰਮੇ ਸਮੇਂ ਲਈ ਇਸ ਤਰ੍ਹਾਂ ਡਟ ਕੇ ਟਾਕਰਾ ਕੀਤਾ।

5 ਮਾਰਚ ਸੰਨ 1716 (22 ਰੱਬੀ-ਉਲ-ਅੱਵਲ 1128 ਹਿਜ਼ਰੀ) ਨੂੰ ਦਿੱਲੀ ਦੇ ਤ੍ਰਿਪੋਲੀਆ ਦਰਵਾਜ਼ੇ ਵਲ ਦੇ ਚਬੂਤਰਾ ਕੋਤਵਾਲੀ (ਠਾਣੇ) ਦੇ ਸਾਹਮਣੇ ਸਰਬਰਾਹ ਖ਼ਾਨ ਕੋਤਵਾਲ ਦੀ ਦੇਖ ਭਾਲ ਹੇਠ ਸਿੰਘਾਂ ਦਾ ਕਤਲ ਸ਼ੁਰੂ ਹੋਇਆ ਅਤੇ ਪਹਿਲੇ ਦਿਨ ਇਕ ਸੌ ਸਿੰਘਾਂ ਦੇ ਕਤਲ ਕੀਤੇ ਜਾਣ ਦੀ ਖ਼ਬਰ ਬਾਦਸ਼ਾਹ ਫ਼ਰੁੱਖ-ਸੀਅਰ ਦੀ ਸੇਵਾ ਵਿਚ ਅਰਜ਼ ਹੋਈ ਤਾਂ ਉਸ ਨੇ ਹੁਕਮ ਦੇ ਦਿੱਤਾ ਕਿ ਇਕ ਇਕ ਸੌ ਸਿੰਘ ਹਰ ਰੋਜ਼ ਕਤਲ ਕਰ ਕੇ ਹਫ਼ਤੇ ਵਿਚ ਸਾਰੇ ਮੁਕਾ ਦਿੱਤੇ ਜਾਣ।

ਹਰ ਰੋਜ਼ ਇਕ ਸੌ ਸਿੰਘ ਜਿਹਲ ਵਿਚੋਂ ਕੱਢ ਕੇ ਕਤਲਗਾਹ ਵਿਚ ਕਤਾਰਾਂ ਲਾ ਕੇ ਬਿਠਾ ਦਿੱਤੇ ਜਾਂਦੇ ਅਤੇ ਜੱਲਾਦਾਂ ਦੀਆਂ ਤਲਵਾਰਾਂ ਤਿੱਖੀਆਂ ਕਰਨ ਲਈ ਲੁਹਾਰ ਤਿਆਰ ਰਖੇ ਜਾਂਦੇ। ਸਿੰਘਾਂ ਨੂੰ ਕਿਹਾ ਜਾਂਦਾ ਕਿ ਜਿਹੜਾ ਭੀ ਕੋਈ ਮੁਸਲਮਾਨ ਹੋ ਜਾਏਗਾ ਉਸ ਦੀ ਜਾਨ ਬਖ਼ਸ਼ ਦਿੱਤੀ ਜਾਏਗੀ ਅਤੇ ਉਸ ਨੂੰ ਛੱਡ ਦਿੱਤਾ ਜਾਏਗਾ ਪਰ ਉਨ੍ਹਾਂ ਵਿਚੋਂ ਕੋਈ ਭੀ ਗੁਰੂ ਤੋਂ ਬੇਮੁੱਖ ਨਹੀਂ ਸੀ ਹੁੰਦਾ ਅਤੇ ਜੋਨ ਸਰਮਨ ਅਤੇ ਐਡਵਰਡ ਸਟੀਫ਼ਨਸਨ ਲਿਖਦੇ ਹਨ ਕਿ 'ਅਖੀਰ ਦਮ ਤਕ ਇਹ ਪਤਾ ਨਹੀਂ ਲੱਗਾ ਕਿ ਕਿਸੇ ਇਕ ਨੇ ਭੀ ਆਪਣਾ ਇਹ ਨਵਾਂ ਧਾਰਣ ਕੀਤਾ ਧਰਮ ਤਿਆਗਿਆ ਹੋਵੇ।' ਸਿੰਘ ਬੜੀ ਨਿਡਰਤਾ ਨਾਲ ਆਪਣੀ ਮੌਤ ਦਾ ਸੁਆਗਤ ਕਰਦੇ, ਹਸੂੰ ਹਸੂੰ ਕਰਦੇ ਚਿਹਰਿਆਂ ਨਾਲ ਜੱਲਾਦਾਂ ਦੇ ਸਾਹਮਣੇ ਆਪਣੀਆਂ ਧੌਣਾਂ ਨੀਵੀਆਂ ਕਰ ਦਿੰਦੇ ਅਤੇ 'ਵਾਹਿਗੁਰੂ' ਦਾ ਜਾਪ ਕਰਦੇ ਪ੍ਰਸੰਨ-ਮੁੱਖ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ, ਜਿਸ ਨੂੰ ਦੇਖ ਕੇ ਆਮ ਲੋਕੀਂ ਹੈਰਾਨੀ ਨਾਲ ਵਾਹ-ਵਾਹ ਕਰ ਉਠਦੇ। ਕਤਲ ਦੇ ਵੇਲੇ ਸਿੰਘਾਂ ਦੀ ਦ੍ਰਿੜ੍ਹਤਾ ਬਹੁਤ ਹੀ ਅਸਚਰਜ ਸੀ। "ਮੈਨੂੰ, ਮੁਕਤੀ ਦਾਤੇ, ਮੈਨੂੰ ਪਹਿਲਾਂ ਕਤਲ ਕਰੋ" ਦੀਆਂ ਖ਼ੁਸ਼ੀ ਭਰੀਆਂ ਬੇਨਤੀਆ ਲਗਾਤਾਰ ਜੱਲਾਦਾਂ ਦੇ ਕੰਨਾਂ ਵਿਚ ਪੈਂਦੀਆਂ ਰਹਿੰਦੀਆਂ। ਅਰਵਿਨ ਲਿਖਦਾ ਹੈ "ਕੀ ਹਿੰਦੁਸਤਾਨੀ ਅਤੇ ਕੀ ਯੌਰਪੀਅਨ, ਸਾਰੇ ਹੀ ਦਰਸ਼ਕ ਉਸ ਹੈਰਾਨ ਕਰ ਦੇਣ ਵਾਲੇ ਧੀਰਜ ਅਤੇ ਦ੍ਰਿੜ੍ਹਤਾ ਦੀ ਪ੍ਰਸੰਸਾ ਕਰਨ ਵਿਚ ਸਹਿਮਤ ਹਨ ਜਿਸ ਨਾਲ ਕਿ ਇਨ੍ਹਾਂ ਲੋਕਾਂ ਨੇ ਆਪਣੀ ਕਿਸਮਤ ਨੂੰ ਪ੍ਰਵਾਨ ਕੀਤਾ। ਦੇਖਣ ਵਾਲਿਆਂ ਲਈ ਇਨ੍ਹਾਂ ਦਾ ਆਪਣੇ ਆਗੂ ਲਈ ਪ੍ਰੇਮ ਅਤੇ ਭਗਤੀ ਬੜੇ ਅਸਚਰਜ-ਜਨਕ ਸਨ। ਉਨ੍ਹਾਂ ਨੂੰ ਮੌਤ ਦਾ ਕੋਈ ਭੈ ਨਹੀਂ ਸੀ ਅਤੇ ਜੱਲਾਦ ਨੂੰ ਉਹ ਮੁਕਤੀ-ਦਾਤਾ ਕਰਕੇ ਬੁਲਾਉਂਦੇ ਸਨ।" 'ਸੀਅਰੁਲ-ਮੁਤਾਖ਼ਰੀਨ' ਦਾ ਕਰਤਾ ਗੁਲਾਮ ਹੁਸੈਨ ਖ਼ਾਨ ਕਹਿੰਦਾ ਹੈ ਕਿ "ਸਭ ਤੋਂ ਵਿਸ਼ੇਸ਼ ਅਨੋਖੀ ਗੱਲ ਇਹ ਹੈ ਕਿ ਇਹ ਲੋਕ ਕੇਵਲ ਕਤਲ ਹੋਣ ਵੇਲੇ ਹੀ ਦ੍ਰਿੜ੍ਹਤਾ ਨਹੀਂ ਸਨ ਵਿਖਾਉਂਦੇ ਬਲਕਿ ਕਤਲ ਹੋਣ ਲਈ ਪਹਿਲ ਕਰਨ ਵਾਸਤੇ ਆਪਸ 'ਚ ਝਗੜਦੇ ਸਨ ਅਤੇ ਜੱਲਾਦਾਂ ਨੂੰ ਬੇਨਤੀਆਂ ਕਰਦੇ ਅਤੇ ਵਾਸਤੇ ਪਾਉਂਦੇ ਸਨ।" ਇਕ ਸਾਤਾ ਭਰ ਜੱਲਾਦਾਂ ਦੀ ਤਲਵਾਰ ਕਸਾਈਆਂ ਦਾ ਕੰਮ ਕਰਦੀ ਰਹੀ ਅਤੇ ਇਸ ਤਰ੍ਹਾਂ ਸਾਰੇ ਸਿੱਖ

ਕਤਲ ਕਰ ਦਿੱਤੇ ਗਏ । ਸਿਰ ਕੱਟ ਦੇਣ ਤੋਂ ਬਾਅਦ, ਧੜਾਂ ਦੇ ਢੇਰ ਲਾ ਦਿੱਤੇ ਜਾਂਦੇ ਅਤੇ ਰਾਤ ਪੈਣ ਪਰ ਗੱਡਿਆਂ ਉੱਤੇ ਲੱਦ ਕੇ ਸ਼ਹਿਰੋਂ ਬਾਹਰ ਪਹੁੰਚਾਏ ਜਾਂਦੇ ਅਤੇ ਦਰੱਖਤਾਂ ਉੱਤੇ ਟੰਗ ਦਿੱਤੇ ਜਾਂਦੇ ।

ਇਬਰਤ-ਨਾਮੇ ਦਾ ਕਰਤਾ ਮਿਰਜ਼ਾ ਮੁਹੰਮਦ ਹਾਰਿਸੀ ਲਿਖਦਾ ਹੈ ਕਿ ਮੈਂ ਕਤਲ ਸ਼ੁਰੂ ਹੋਣ ਦੇ ਦੂਸਰੇ ਦਿਨ 23 ਰੱਬੀ-ਉਲ-ਅੱਵਲ (6 ਮਾਰਚ) ਨੂੰ ਕਤਲ ਦਾ ਤਮਾਸ਼ਾ ਵੇਖਣ ਲਈ ਮੌਕੇ ਉੱਤੇ ਗਿਆ, ਪਰ ਮੈਂ ਉਸ ਵੇਲੇ ਉਥੇ ਪੁੱਜਾ ਜਦ ਕਿ ਉਸ ਦਿਨ ਕਤਲਾਂ ਦਾ ਕੰਮ ਮੁਕ ਚੁੱਕਾ ਹੋਇਆ ਸੀ ਅਤੇ ਧੜ ਹਾਲ ਤਕ ਉਥੇ ਸੂਰਜ ਦੀ ਅੱਗ ਵਰਗੀ ਧੁਪ ਵਿਚ ਲਹੂ ਅਤੇ ਧੂੜ ਵਿਚ ਪਏ ਸਨ ।

ਉਸ ਵੇਲੇ ਸਿੰਘਾਂ ਦੀ ਆਪਣੇ ਧਰਮ ਅਤੇ ਆਗੂ ਲਈ ਅਡੋਲ ਦ੍ਰਿੜ੍ਹਤਾ ਅਤੇ ਅਟੱਲ ਭਗਤੀ ਦੀਆਂ ਕਈ ਕਹਾਣੀਆਂ ਸੁਣੀਆਂ ਜਾਂਦੀਆਂ ਸਨ । ਉਨ੍ਹਾਂ ਵਿਚੋਂ ਕੁਝ ਅਜਿਹੀਆਂ ਅਸਚਰਜ ਸਨ ਕਿ ਜਿਨ੍ਹਾਂ ਨੇ ਅੱਖੀਂ ਨਹੀਂ ਸੀ ਡਿੱਠਾ ਉਨ੍ਹਾਂ ਨੂੰ ਯਕੀਨ ਨਹੀਂ ਸੀ ਆਉਂਦਾ । ਖ਼ਾਫ਼ੀ ਖ਼ਾਨ ਆਪਣੀ ਪੁਸਤਕ 'ਮੁੰਤਖ਼ਬੁਲ-ਲੁਬਾਬ' ਦੀ ਦੂਸਰੀ ਜਿਲਦ ਦੇ ਪੰਨਾ 766 ਪਰ ਇਕ ਕਹਾਣੀ ਲਿਖਦਾ ਹੈ ਜਿਸ ਨੂੰ ਇਥੇ ਕੁਝ ਵੇਰਵੇ ਸਹਿਤ ਦੇਣ ਲਈ ਬਹਿਰੁ-ਲ-ਮੱਵਾਜ, ਮੁਨਵੱਰੁਲ-ਕਲਾਮ, ਤਾਰੀਖਿ ਮੁਹੰਮਦ ਸ਼ਾਹੀ ਆਦਿ ਤੋਂ ਸਹਾਇਤਾ ਲਈ ਗਈ ਹੈ । ਲਿਖਿਆ ਹੈ ਕਿ :

ਕਈ ਅਜਿਹੀਆਂ ਕਹਾਣੀਆਂ ਸੁਣਾਉਂਦੇ ਹਨ ਕਿ ਅਕਲ ਵਾਸਤੇ ਉਨ੍ਹਾਂ ਨੂੰ ਸੱਚ ਪ੍ਰਵਾਨ ਕਰਨਾ ਮੁਸ਼ਕਲ ਹੈ । ਪਰ ਜੋ ਇਨ੍ਹਾਂ ਵਰਕਿਆਂ ਦੇ ਲਿਖਾਰੀ ਨੇ ਆਪਣੀਆਂ ਅੱਖਾਂ ਨਾਲ ਆਪ ਦੇਖਿਆ ਹੈ ਉਹ ਮੈਂ ਲਿਖਦਾ ਹਾਂ । ਇਨ੍ਹਾਂ ਲੋਕਾਂ ਦੇ ਕਤਲ ਦੇ ਦਿਨੀਂ ਇਨ੍ਹਾਂ ਵਿਚ ਇਕ ਲੜਕਾ ਭੀ ਸੀ । ਉਸ ਦੀ ਮਾਂ ਵਿਧਵਾ ਸੀ ਅਤੇ ਇਹ ਉਸ ਦਾ ਇਕਲੌਤਾ ਪੁੱਤਰ ਸੀ । ਹੁਣੇ ਹੀ ਇਸ ਦਾ ਵਿਆਹ ਹੋਇਆ ਸੀ ਅਤੇ ਵਿਆਹ ਦਾ ਗਾਨਾਂ ਹਾਲ ਤਕ ਉਸ ਦੇ ਹੱਥ ਬੱਧਾ ਹੋਇਆ ਸੀ । ਦੂਸਰੇ ਸਿੰਘਾਂ ਦੀ ਤਰ੍ਹਾਂ ਆਪਣੇ ਪੁੱਤਰ ਦੇ ਸਿਰ ਉੱਤੇ ਭੀ ਕੂਕ ਰਹੀ ਮੌਤ ਦੀ ਗੱਲ ਸੁਣ ਕੇ ਬਿਰਧ ਮਾਈ ਸ਼ਾਹੀ ਵਜ਼ੀਰ ਦੇ ਦੀਵਾਨ ਰਤਨ ਚੰਦ ਪਾਸ ਪੁੱਜੀ ਅਤੇ ਉਸ ਦੀ ਸਹਾਇਤਾ ਨਾਲ ਸੱਯਦ ਅਬਦੁੱਲਾ ਅਤੇ ਫ਼ਰੁਖ਼-ਸੀਅਰ ਬਾਦਸ਼ਾਹ ਪਾਸ ਫ਼ਰਿਆਦ ਕੀਤੀ । ਬਾਦਸ਼ਾਹ ਦੇ ਇਸ ਹੁਕਮ ਦੀ ਆੜ ਵਿਚ ਕਿ ਜੋ ਸਿੱਖ ਧਰਮ ਤਿਆਗ ਦੇਵੇਗਾ ਉਸ ਨੂੰ ਛੱਡ ਦਿੱਤਾ ਜਾਏਗਾ, ਇਸ ਬੁਢੀ ਮਾਈ ਨੇ, ਸ਼ਾਇਦ ਦੀਵਾਨ ਰਤਨ ਚੰਦ ਦੇ ਸਿਖਾਉਣ ਅਨੁਸਾਰ, ਬੇਨਤੀ ਕੀਤੀ ਕਿ ਮੇਰਾ ਪੁੱਤਰ ਤਾਂ ਸਿੱਖਾਂ ਦੇ ਹੱਥ ਵਿਚ ਕੈਦ ਸੀ, ਉਹ ਆਪ ਸਿੱਖ ਨਹੀਂ ਹੈ । ਉਨ੍ਹਾਂ ਦੀ ਕੈਦ ਵਿਚ ਹੀ ਉਹ ਇਥੇ ਆਇਆ ਹੈ ਅਤੇ ਹੁਣ ਬੇਗੁਨਾਹ ਹੀ ਉਨ੍ਹਾਂ ਦੇ ਨਾਲ ਮਾਰਿਆ ਜਾਏਗਾ । ਫ਼ਰੁਖ਼-ਸੀਅਰ ਨੂੰ ਉਸ ਮਾਈ ਉੱਤੇ ਰਹਿਮ ਆ ਗਿਆ ਅਤੇ ਉਸ ਨੇ ਇਕ ਅਫ਼ਸਰ ਨੂੰ ਹੁਕਮ ਦੇ ਕੇ ਭੇਜਿਆ ਕਿ ਇਸ ਮਾਈ ਦੇ ਪੁੱਤਰ ਨੂੰ ਛੱਡ ਦਿੱਤਾ ਜਾਏ । ਉਹ ਮਾਈ ਰਿਹਾਈ ਦਾ ਹੁਕਮ ਲੈ ਕੇ ਉਸ ਵੇਲੇ ਪੁੱਜੀ ਜਿਸ ਵੇਲੇ ਕਿ ਜੱਲਾਦ ਲਹੂ ਭਰੀ ਤਲਵਾਰ ਲੈ ਕੇ ਉਸੇ ਲੜਕੇ ਦੇ ਪਾਸ ਖੜੋਤਾ ਸੀ । ਮਾਈ ਨੇ ਹੁਕਮ ਕੋਤਵਾਲ ਨੂੰ ਦਿੱਤਾ । ਉਹ ਲੜਕੇ ਨੂੰ ਬਾਹਰ ਲੈ ਆਇਆ ਅਤੇ ਕਿਹਾ, ਜਾਹ ਤੈਨੂੰ ਛੱਡ ਦਿੱਤਾ ਗਿਆ ਹੈ । ਪਰ ਉਸ

ਲੜਕੇ ਨੇ ਰਿਹਾ ਹੋਣੋਂ ਨਾਂਹ ਕਰ ਦਿੱਤੀ ਅਤੇ ਉੱਚੀ ਉੱਚੀ ਕਹਿਣ ਲੱਗਾ : ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਿਲ ਜਾਨ ਨਾਲ ਆਪਣੇ ਗੁਰੂ ਦਾ ਸਿਦਕੀ ਅਤੇ ਅਨਿਨ ਸਿੱਖ ਹਾਂ। ਮੈਨੂੰ ਛੇਤੀ ਮੇਰੇ ਗੁਰ-ਭਾਈਆਂ ਪਾਸ ਪਹੁੰਚਾਓ।'' 'ਤਾਰੀਖਿ-ਮੁਹੰਮਦ ਸ਼ਾਹੀ' ਦਾ ਲਿਖਾਰੀ ਕਹਿੰਦਾ ਹੈ ਕਿ ਉਸ ਦੀ ਮਾਂ ਦੀਆਂ ਦਰਦ ਭਰੀਆਂ ਚੀਕਾਂ ਅਤੇ ਹੰਝੂਆਂ ਭਰੀਆਂ ਮਿਨਤਾਂ ਅਤੇ ਸਰਕਾਰੀ ਅਫ਼ਸਰਾਂ ਦੀਆਂ ਸਮਝੌਤੀਆਂ ਉਸ ਨੂੰ ਆਪਣੇ ਧਰਮ ਲਈ ਸਿਦਕ ਤੋਂ ਡੁਲਾ ਨਾ ਸਕੀਆਂ। ਦਰਸ਼ਕ ਲੋਕ ਹੋਰ ਭੀ ਜ਼ਿਆਦਾ ਹੈਰਾਨ ਹੋ ਗਏ ਜਦ ਉਹ ਸਿਦਕੀ ਬੱਚਾ ਕਤਲਗਾਹ ਨੂੰ ਮੁੜ ਗਿਆ ਅਤੇ ਸ਼ਹੀਦੀ ਪ੍ਰਾਪਤ ਕਰਨ ਲਈ ਉਸ ਨੇ ਆਪਣੀ ਧੌਣ ਜੱਲਾਦ ਦੇ ਸਾਹਮਣੇ ਜਾ ਝੁਕਾਈ। ਅੱਖ ਦੇ ਇਕ ਫਰੋਕੇ ਵਿਚ ਜੱਲਾਦ ਦੀ ਤਲਵਾਰ ਉੱਪਰ ਨੂੰ ਉੱਠੀ ਅਤੇ ਉਸ ਲੜਕੇ ਦੀ ਧੌਣ ਕੱਟ ਗਈ ਅਤੇ ਇਹ ਲੜਕਾ ਸਿੱਖ ਧਰਮ ਦੇ ਸੱਚੇ ਸ਼ਹੀਦਾਂ ਵਿਚ ਜਾ ਦਾਖ਼ਲ ਹੋਇਆ।

ਇਨ੍ਹਾਂ ਦਿਨਾਂ ਵਿਚ ਕਲਕੱਤੇ ਤੋਂ ਈਸਟ ਇੰਡੀਆ ਕੰਪਨੀ ਦੇ ਦੋ ਆਦਮੀ ਜੌਨ ਸਰਮਨ ਅਤੇ ਐਡਵਰਡ ਸਟੀਫ਼ਨਸਨ ਦਿੱਲੀ ਵਿਚ ਆਏ ਹੋਏ ਸਨ, ਜਿਨ੍ਹਾਂ ਨੇ ਸਿੰਘਾਂ ਦੇ ਹੋ ਰਹੇ ਕਤਲ ਅੱਖੀਂ ਦੇਖੇ ਸਨ। ਇਹ ਕੰਪਨੀ ਦੇ ਪ੍ਰਧਾਨ ਦੇ ਨਾਉਂ ਲਿਖੀ ਆਪਣੀ 10 ਮਾਰਚ ਸੰਨ 1716 ਦੀ ਚਿੱਠੀ ਨੰਬਰ 12 ਦੇ ਅੰਤ ਵਿਚ ਲਿਖਦੇ ਹਨ ਕਿ ''ਇਹ ਕੋਈ ਘੱਟ ਅਨੋਖੀ ਗੱਲ ਨਹੀਂ ਕਿ ਕਿਸ ਧੀਰਜ ਅਤੇ ਦ੍ਰਿੜ੍ਹਤਾ ਨਾਲ ਉਹ [ਕਤਲ ਕੀਤੇ ਜਾ ਰਹੇ ਸਿੱਖ] ਆਪਣੀ ਕਿਸਮਤ ਨੂੰ ਪ੍ਰਵਾਣ ਕਰਦੇ ਹਨ ਅਤੇ ਅੰਤ ਤਕ ਇਹ ਪਤਾ ਨਹੀਂ ਲੱਗਾ ਕਿ ਕਿਸੇ ਇਕ ਨੇ ਭੀ ਆਪਣਾ ਨਵਾਂ ਧਾਰਨ ਕੀਤਾ ਧਰਮ ਤਿਆਗਿਆ ਹੋਵੇ।''

10 ਮਾਰਚ (27 ਰੱਬੀ-ਉਲ-ਅੱਵਲ) ਨੂੰ ਬਾਦਸ਼ਾਹ ਦੇ ਹੁਕਮ ਨਾਲ ਸਰਬਰਾਹ ਖ਼ਾਨ ਕੋਤਵਾਲ ਨੇ ਬੰਦਾ ਸਿੰਘ ਅਤੇ ਉਸ ਦੇ 17 ਅਹਿਲਕਾਰਾਂ (ਜੱਥੇਦਾਰਾਂ ਅਤੇ ਸਰਦਾਰਾਂ) ਨੂੰ ਕਿਲੇ ਵਿਚ ਕੈਦ ਰਖਣ ਲਈ ਪਹੁੰਚਾ ਦਿੱਤਾ। ਸਿੰਘਾਂ ਦੇ ਮਾਰਚ ਵਿਚ ਕਤਲਾਂ ਤੋਂ ਤਿੰਨ ਮਹੀਨੇ ਬਾਅਦ ਚੁਪ ਰਹੀ। ਬੰਦਾ ਸਿੰਘ ਅਤੇ ਦੂਸਰੇ ਸਿੰਘਾਂ ਦੀ ਕੈਦ ਅਤੇ ਕਤਲ ਕਰਨ ਵਿਚ ਢਿੱਲ ਦਾ ਕਾਰਣ ਜੌਨ ਸਰਮਨ ਅਤੇ ਐਡਵਰਡ ਸਟੀਫ਼ਨਸਨ ਨੇ ਆਪਣੀ 10 ਮਾਰਚ ਦੀ ਉਪਰੋਕਤ ਚਿੱਠੀ ਵਿਚ ਇਸ ਤਰ੍ਹਾਂ ਦਿੱਤਾ ਹੈ ਕਿ ''ਉਸ [ਬੰਦਾ ਸਿੰਘ] ਦੀ ਅਤੇ ਉਸ ਦੇ ਬਹੁਤ ਸਾਰੇ ਮੁਤਸੱਦੀਆਂ ਦੀ ਜ਼ਿੰਦਗੀ ਇਸ ਵੇਲੇ ਇਸ ਲਈ ਵਧਾ ਦਿੱਤੀ ਗਈ ਹੈ ਕਿ ਉਸ ਦੇ ਖਜ਼ਾਨੇ ਅਤੇ ਉਸਦੇ ਸਹਾਇਕਾਂ ਦਾ ਪਤਾ ਕੱਢਿਆ ਜਾ ਸਕੇ। ਇਸ ਤੋਂ ਬਾਅਦ ਉਸ ਨੂੰ ਭੀ ਕਤਲ ਕਰ ਦਿੱਤਾ ਜਾਏਗਾ।'' ਅੰਤ 9 ਜੂਨ ਨੂੰ ਉਸ ਨੂੰ ਭੀ ਤਸੀਹੇ ਦੇ ਦੇ ਕੇ ਕਤਲ ਕਰ ਦਿੱਤਾ ਗਿਆ।

ਜੋ ਭਾਣਾ ਬੰਦਾ ਸਿੰਘ ਨਾਲ ਵਰਤਿਆ, ਉਹ ਬਿਆਨ ਕਰਨ ਲਈ ਬਹੁਤ ਹੀ ਭਿਆਨਕ ਅਤੇ ਦੁਖਦਾਈ ਹੈ। 9 ਜੂਨ ਸੰਨ 1716 (29 ਜਮਾਦੀ-ਉ-ਸਾਨੀ 1128 ਹਿਜ਼ਰੀ) ਨੂੰ ਜਦ ਕਿ ਸੂਰਜ ਅਸਮਾਨ ਉੱਤੇ ਤਿੰਨ ਕੁ ਨੇਜ਼ੇ ਚੜ੍ਹਿਆ ਸੀ, ਬੰਦਾ ਸਿੰਘ ਉਸ ਦੇ ਬੱਚੇ ਅਜੈ ਸਿੰਘ, ਸਰਦਾਰ ਬਾਜ ਸਿੰਘ, ਭਾਈ ਫ਼ਤਿਹ ਸਿੰਘ, ਆਲੀ ਸਿੰਘ, ਬਖਸ਼ੀ ਗੁਲਾਬ ਸਿੰਘ ਆਦਿ ਨੂੰ, ਜੋ ਦਿੱਲੀ ਦੇ ਕਿਲੇ ਵਿਚ ਕੈਦ ਸਨ, ਸਰਬਰਾਹ ਖ਼ਾਨ ਕੋਤਵਾਲ ਅਤੇ ਇਬਰਾਹੀਮੁਦੀਨ ਖ਼ਾਨ ਮੀਰਿ-ਆਤਿਸ਼ ਦੀ ਨਿਗਰਾਨੀ ਹੇਠ ਜਲੂਸ ਦੇ ਰੂਪ

ਵਿਚ ਕਿਲੇ ਤੋਂ ਬਾਹਰ ਕੱਢਿਆ ਗਿਆ। ਜਿਵੇਂ ਦਿੱਲੀ ਵਿਚ ਆਉਣ ਵਾਲੇ ਦਿਨ ਕੀਤਾ ਗਿਆ ਸੀ ਉਸੇ ਤਰ੍ਹਾਂ ਇਸ ਦਿਨ ਭੀ ਬੇੜੀਆਂ ਨਾਲ ਜਕੜੇ ਹੋਏ ਬੰਦਾ ਸਿੰਘ ਨੂੰ ਤਿੱਲੇ ਨਾਲ ਕੱਢੀ ਹੋਈ ਲਾਲ ਪਗੜੀ ਅਤੇ ਤਿੱਲੇਦਾਰ ਪੁਸ਼ਾਕ ਪਹਿਨਾਈ ਹੋਈ ਸੀ ਅਤੇ ਉਸ ਨੂੰ ਹਾਥੀ ਉੱਤੇ ਚੜ੍ਹਾਇਆ ਹੋਇਆ ਸੀ ਅਤੇ ਦੂਸਰੇ 26 ਸਿੰਘ ਸੰਗਲਾਂ ਨਾਲ ਜਕੜੇ ਹੋਏ ਉਸ ਦੇ ਪਿੱਛੇ ਪਿੱਛੇ ਜਾ ਰਹੇ ਸਨ। ਇਸ ਤਰ੍ਹਾਂ ਇਨ੍ਹਾਂ ਨੂੰ ਪੁਰਾਣੇ ਸ਼ਹਿਰ ਦੀਆਂ ਗਲੀਆਂ ਵਿਚ ਦੀ ਕੁਤਬ-ਮੀਨਾਰ ਦੇ ਲਾਗੇ ਖ਼ੁਆਜਾ ਕਤਬੁਦੀਨ ਬਖ਼ਤਿਆਰ ਕਾਕੀ ਦੇ ਰੋਜ਼ੇ ਦੇ ਪਾਸ ਪਹੁੰਚਾਇਆ ਗਿਆ। ਇਥੇ ਉਨ੍ਹਾਂ ਤੋਂ ਬਾਦਸ਼ਾਹ ਬਹਾਦੁਰ ਸ਼ਾਹ ਦੀ ਕਬਰ ਦੀ ਪ੍ਰਕਰਮਾਂ ਕਰਾਈ ਗਈ।

ਬੰਦਾ ਸਿੰਘ ਨੂੰ ਹਾਥੀ ਤੋਂ ਉਤਾਰ ਕੇ ਭੋਇਂ ਉੱਤੇ ਬਿਠਾ ਦਿੱਤਾ ਗਿਆ ਅਤੇ ਉਸ ਨੂੰ ਕਿਹਾ ਕਿ ਜਾਂ ਤਾਂ ਇਸਲਾਮ ਕਬੂਲ ਕਰ ਲਵੇ ਜਾਂ ਮੌਤ ਲਈ ਤਿਆਰ ਹੋ ਜਾਏ। ਪਰ 'ਤਾਰੀਖ਼-ਮੁਜ਼ਫ਼ਰੀ' ਦੇ ਸ਼ਬਦਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਚੁਣੇ ਹੋਏ ਸਿੱਖ ਨੇ ਥੋੜੇ ਜਿਹੇ ਦਿਨਾਂ ਦੀ ਜ਼ਿੰਦਗੀ ਲਈ ਆਪਣਾ ਧਰਮ ਤਿਆਗਣ ਦੀ ਥਾਂ ਇਕ ਸਿਦਕੀ ਸਿੱਖ ਦੀ ਤਰ੍ਹਾਂ ਆਪਣੀ ਜਾਨ ਕੁਰਬਾਨ ਕਰਨਾ ਪ੍ਰਵਾਣ ਕਰ ਲਿਆ। ਬੰਦਾ ਸਿੰਘ ਦਾ ਚਾਰ ਸਾਲਾ ਬੱਚਾ ਅਜੈ ਸਿੰਘ ਉਸ ਦੀ ਗੋਦੀ ਦਿੱਤਾ ਗਿਆ ਅਤੇ ਉਸ ਨੂੰ ਕਿਹਾ ਗਿਆ ਕਿ ਇਸ ਨੂੰ ਕਤਲ ਕਰੇ। ਪਰ ਕਦੀ ਕੋਈ ਪਿਤਾ ਭੀ ਆਪਣੇ ਬੱਚੇ ਨੂੰ ਕਤਲ ਕਰ ਸਕਦਾ ਹੈ ? ਉਸ ਨੇ ਨਾਂਹ ਕਰ ਦਿੱਤੀ। ਬਸ ਫੇਰ ਕੀ ਸੀ, ਜੱਲਾਦ ਨੇ ਇਕ ਵੱਡੇ ਲੰਬੇ ਛੁਰੇ ਨਾਲ ਬੱਚੇ ਦੇ ਟੋਟੇ ਟੋਟੇ ਕਰ ਦਿੱਤੇ ਅਤੇ ਉਸ ਦਾ ਤੜਫਦਾ ਤੜਫਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਦੇ ਦਿੱਤਾ। ਪਰ ਸ਼ਾਬਾਸ਼ ਉਸ ਗੁਰੂ ਕੇ ਸਿੰਘ ਦੇ ਜੋ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਪੱਥਰ ਦੀ ਮੂਰਤ ਦੀ ਤਰ੍ਹਾਂ ਅਡੋਲ ਖੜੋਤਾ ਰਿਹਾ।

'ਸੀਅਰੁਲ-ਮੁਤਾਖਿਰੀਨ' ਦਾ ਕਰਤਾ ਗੁਲਾਮ ਹੁਸੈਨ ਖ਼ਾਨ, ਮਾਲੂਮ ਹੁੰਦਾ ਹੈ, ਖ਼ਾਫ਼ੀਖਾਨ ਦੇ ਆਧਾਰ ਤੇ, ਕਹਿੰਦਾ ਹੈ ਕਿ ਲਾਗੇ ਜਾਣ ਦਾ ਮੌਕਾ ਪਾ ਕੇ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਨੇ ਜਦ ਬੰਦਾ ਸਿੰਘ ਵਲ ਤੱਕਿਆ ਤਾਂ ਉਸ ਦੇ ਚਿਹਰੇ ਦੀ ਪ੍ਰਭਤਾ ਨੂੰ ਦੇਖ ਕੇ ਹੈਰਾਨ ਰਹਿ ਗਿਆ ਅਤੇ ਉਸ ਨੂੰ ਕਹਿਣ ਲੱਗਾ : "ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਮਨੁੱਖ ਜਿਸ ਦੇ ਚਿਹਰੇ ਮੁਹਰੇ ਤੋਂ ਇਤਨਾ ਗਿਆਨ ਪ੍ਰਤੀਤ ਹੁੰਦਾ ਹੈ ਅਤੇ ਜਿਸ ਦੇ ਆਚਰਨ ਵਿਚ ਇਤਨੀ ਉੱਚਤਾ ਹੈ ਅਜਿਹੇ ਭੈ ਭੀਤ ਕਰਮਾਂ ਦਾ ਦੋਸ਼ੀ ਹੋਵੇ," ਜੋ ਉਸ ਨੇ ਮੁਗ਼ਲ ਹਕੂਮਤ ਵਿਰੁੱਧ ਕੀਤੇ ਹਨ। ਬੰਦਾ ਸਿੰਘ ਨੇ ਬੜੇ ਹੀ ਧੀਰਜ ਨਾਲ ਉੱਤਰ ਦਿੱਤਾ, "ਮੈਂ ਤੁਹਾਨੂੰ ਦੱਸਦਾ ਹਾਂ। ਜਦ ਮਨੁੱਖ ਅਜਿਹੇ ਪਾਪੀ ਅਤੇ ਦੁਸ਼ਟ ਹੋ ਜਾਣ ਕਿ ਇਨਸਾਫ਼ ਦਾ ਰਾਹ ਛੱਡ ਬੈਠਣ ਅਤੇ ਹਰ ਪ੍ਰਕਾਰ ਦੇ ਅਤਿਆਚਾਰ ਕਰਨ ਲੱਗ ਪੈਣ ਤਾਂ ਉਹ ਰੱਬ ਸੱਚਾ ਮੇਰੇ ਜਿਹੇ ਬੰਦੇ ਪੈਦਾ ਕਰਦਾ ਹੈ ਕਿ ਦੁਸ਼ਟਾਂ ਦਾ ਸੰਘਾਰ ਕਰੇ, ਅਤੇ ਜਦ ਉਨ੍ਹਾਂ ਦਾ ਡੰਡ ਪੂਰਾ ਹੋ ਜਾਏ ਤਾਂ ਉਹ ਤੇਰੇ ਜਿਹੇ ਬੰਦੇ ਖੜੇ ਕਰ ਦਿੰਦਾ ਹੈ ਤਾਂ ਕਿ ਉਸ ਨੂੰ ਡੰਡ ਦੇ ਦੇਵੇ।"

ਹੁਣ ਕਤਲ ਲਈ ਬੰਦਾ ਸਿੰਘ ਦੀ ਆਪਣੀ ਵਾਰੀ ਆਈ। ਪਹਿਲਾਂ ਜੱਲਾਦ ਨੇ ਛੁਰੇ ਨਾਲ ਉਸ ਦੀ ਸੱਜੀ ਅੱਖ ਕੱਢ ਦਿੱਤੀ ਅਤੇ ਫੇਰ ਖੱਬੀ। ਇਸ ਤੋਂ ਬਾਅਦ ਉਸ ਦਾ

ਖੱਬਾ ਪੈਰ ਵੱਢ ਦਿੱਤਾ ਅਤੇ ਉਸ ਦੇ ਪਿੱਛੋਂ ਦੋਨੋਂ ਹੱਥ ਵੱਢ ਕੇ ਵੱਖ ਵੱਖ ਕਰ ਦਿੱਤੇ। ਫੇਰ ਭਖਦੇ ਲਾਲ ਗਰਮ ਲੋਹੇ ਦਿਆਂ ਚਿਮਟਿਆਂ ਨਾਲ ਉਸ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ ਖਿੱਚ ਕੇ ਤੋੜੀਆਂ ਗਈਆਂ ਅਤੇ ਅੰਤ ਉਸ ਦਾ ਸਿਰ ਵੱਢ ਦਿੱਤਾ ਅਤੇ ਸਰੀਰ ਦੇ ਬੰਦ ਬੰਦ ਕੱਟ ਦਿੱਤੇ। ਇਨ੍ਹਾਂ ਸਾਰੇ ਦੁੱਖ ਭਰਿਆਂ ਤਸੀਹਿਆਂ ਵਿਚ ਬੰਦਾ ਸਿੰਘ ਵਾਹਿਗੁਰੂ ਅਤੇ ਗੁਰੂ ਦੀ ਰਜ਼ਾ ਵਿਚ ਰਾਜ਼ੀ ਬਿਲਕੁਲ ਅਡੋਲ ਇਸਥਿਰ ਅਤੇ ਸ਼ਾਂਤ-ਚਿਤ ਰਿਹਾ ਅਤੇ ਐਲਫਿੰਸਟਨ ਦੇ ਸ਼ਬਦਾਂ ਵਿਚ ਉਸ ਨੇ ਬੜੇ ਪ੍ਰਪੱਕ ਸਿਦਕ ਨਾਲ 'ਸਮੇਂ ਦੇ ਅਨਿਆਇ ਅਤੇ ਅੱਤਿਆਚਾਰਾਂ ਨੂੰ ਦੂਰ ਕਰਨ ਲਈ ਪ੍ਰਮਾਤਮਾ ਵਲੋਂ ਇਕ ਸਾਧਨ ਹੋਣ ਵਿਚ ਪ੍ਰਸੰਨ-ਚਿੱਤ ਪ੍ਰਾਣ ਤਿਆਗੇ।' ਬਾਕੀ ਸਿੰਘਾਂ ਨਾਲ ਭੀ ਇਸੇ ਪ੍ਰਕਾਰ ਦਾ ਭਾਣਾ ਵਰਤਿਆ ਅਤੇ ਸਭ ਦੇ ਸਭ ਕਤਲ ਕਰ ਦਿੱਤੇ ਗਏ।

ਬਾਵਾ ਸਰੂਪ ਦਾਸ ਨੇ ਇਸ ਮੌਕੇ ਤੇ 'ਮਹਿਮਾ ਪ੍ਰਕਾਸ਼' ਵਿਚ ਇਕ ਪ੍ਰਸੰਗ ਦਿੱਤਾ ਹੈ ਉਹ ਕਹਿੰਦਾ ਹੈ ਕਿ ਫ਼ਰੁਖ਼-ਸੀਅਰ ਬਾਦਸ਼ਾਹ ਨੇ (ਸ਼ਾਇਦ ਕਤਲ ਕਰਨ ਲਈ ਲਿਜਾਣ ਤੋਂ ਪਹਿਲਾਂ) ਸਿੰਘਾਂ ਨੂੰ ਪਾਸ ਬੁਲਾਇਆ ਅਤੇ ਕਿਹਾ: "ਮੈਂ ਸੁਣਿਆ ਸੀ ਤੁਹਾਡੇ ਵਿਚ ਬਾਜ ਸਿੰਘ ਨਾਮੀ ਇਕ ਸਿੱਖ ਬੜਾ ਬਹਾਦਰ ਹੈ ਅਤੇ ਗੁਰੂ ਦੀ ਉਸ ਪਰ ਬੜੀ ਕਿਰਪਾ ਹੈ।" ਬਾਜ ਸਿੰਘ ਨੇ ਇਸ ਪਰ ਉੱਤਰ ਦਿੱਤਾ: "ਮੈਂ ਹਾਂ ਬਾਜ ਸਿੰਘ, ਗੁਰੂ ਮਹਾਰਾਜ ਦਾ ਇਕ ਤੁੱਛ ਸੇਵਕ।" ਬਾਦਸ਼ਾਹ ਨੇ ਕਿਹਾ: "ਓ! ਤੂੰ ਤਾਂ ਬੜਾ ਬਹਾਦਰ ਆਦਮੀ ਸੀ। ਪਰ ਹੁਣ ਤੇਰੇ ਪਾਸੋਂ ਕੁਝ ਭੀ ਨਹੀਂ ਹੋ ਸਕਦਾ।" ਬਾਜ ਸਿੰਘ ਨੇ ਉੱਤਰ ਵਿਚ ਕਿਹਾ: "ਜੇ ਤੁਸੀਂ ਮੇਰੀਆਂ ਬੇੜੀਆਂ ਖੁਲ੍ਹਵਾ ਦਿਓ ਤਾਂ ਹੁਣ ਭੀ ਮੈਂ ਤੁਹਾਨੂੰ ਕੁਝ ਤਮਾਸ਼ਾ ਵਿਖਾ ਦਿਆਂਗਾ।" ਇਸ ਪਰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇਸ ਦੀਆਂ ਬੇੜੀਆਂ ਖੋਲ੍ਹ ਦਿੱਤੀਆਂ ਜਾਣ। ਬਾਜ ਸਿੰਘ ਹਿੱਲਣ ਜੁੱਲਣ ਜੋਗਾ ਹੀ ਹੋਇਆ ਸੀ ਕਿ ਉਹ ਬਾਜ ਵਾਂਙੂ ਬਾਦਸ਼ਾਹ ਦੇ ਬੰਦਿਆਂ ਉੱਤੇ ਟੁੱਟ ਪਿਆ ਅਤੇ ਦੋ ਤਿੰਨਾਂ ਨੂੰ ਆਪਣੇ ਹੱਥੀਂ ਪਈਆਂ ਹੋਈਆਂ ਬੇੜੀਆਂ ਨਾਲ ਹੀ ਮਾਰ ਮੁਕਾਇਆ। ਫੇਰ ਉਹ ਇਕ ਸ਼ਾਹੀ ਅਮੀਰ (ਸਰਦਾਰ) ਵਲ ਹੋਇਆ, ਪਰ ਇਸ ਵੇਲੇ ਬਾਦਸ਼ਾਹੀ ਸੇਵਾਦਾਰਾਂ ਨੇ ਇਸ ਨੂੰ ਫੜ ਲਿਆ ਅਤੇ ਕਤਲ ਕਰ ਦਿੱਤਾ।

## ਅਧਿਆਇ 20

# ਬੰਦਾ ਸਿੰਘ ਦੇ ਜੀਵਨ ਪਰ ਵਿਚਾਰ

ਜਿਵੇਂ ਪਿਛਲੇ ਅਧਿਆਵਾਂ ਵਿਚ ਆਏ ਬੰਦਾ ਸਿੰਘ ਦੇ ਜੀਵਨ ਤੋਂ ਪਤਾ ਲੱਗਦਾ ਹੈ, ਉਸ ਆਪਣੇ ਦੇਸ਼ ਦੇ ਦੀਨ ਅਤੇ ਦੁੱਖੀ ਭਰਾਵਾਂ ਦੇ ਦੁੱਖ ਹਰਨ ਲਈ ਸਦਾ ਤਿਆਰ-ਬਰ-ਤਿਆਰ ਰਹਿੰਦਾ ਸੀ ਅਤੇ ਗੁਰੂ ਲਈ ਸਿਦਕ ਅਤੇ ਧਰਮ ਲਈ ਸ਼ਰਧਾ-ਭਗਤੀ ਵਿਚ ਅਡੋਲ ਅਤੇ ਪ੍ਰਪੱਕ ਸੀ। ਉਸ ਦੇ ਜੀਵਨ ਦੇ ਇਹ ਪੱਖ ਇਤਨੇ ਉੱਜਲੇ ਹਨ ਅਤੇ ਇਤਿਹਾਸ ਦੇ ਵਿਦਿਆਰਥੀਆਂ ਲਈ ਇਤਨੇ ਮਨੋਰੰਜਕ ਹਨ ਕਿ ਅਸੀਂ ਇਨ੍ਹਾਂ ਦਾ ਯੋਗ ਵਰਨਣ ਕੀਤੇ ਬਿਨਾਂ ਇਸ ਜੀਵਨ-ਬਿਰਤਾਂਤ ਨੂੰ ਸਮਾਪਤ ਨਹੀਂ ਕਰ ਸਕਦੇ। ਗਿਆਨੀ ਗਿਆਨ ਸਿੰਘ ਆਦਿ ਕੁਝ ਪਿਛਲੇਰੇ ਲਿਖਾਰੀਆਂ ਦੀਆਂ ਦਿਮਾਗੀ ਉੱਚ-ਕਾਵ-ਉਡਾਰੀਆਂ ਅਤੇ ਸਫਲ ਘਾੜਤਾਂ ਨਾਲ ਬੰਦਾ ਸਿੰਘ ਦੇ ਜੀਵਨ ਸੰਬੰਧੀ ਕੁਝ ਅਜਿਹੀਆ ਗ਼ਲਤ-ਫ਼ਹਿਮੀਆਂ ਪੈ ਗਈਆ ਹੋਈਆਂ ਹਨ ਜਿਨ੍ਹਾਂ ਦੇ ਭੁਲੇਖੇ ਵਿਚ ਪਾਠਕਾਂ ਨੂੰ ਪਏ ਰਹਿਣ ਦੇਣਾ ਇਤਿਹਾਸ ਨਾਲ ਅਨਿਆਇ ਹੈ। ਇਸ ਲਈ ਇਨ੍ਹਾਂ ਦਾ ਜ਼ਿਕਰ ਕਰ ਦੇਣਾ ਭੀ ਅਸੀਂ ਜ਼ਰੂਰੀ ਸਮਝਦੇ ਹਾਂ। ਵੇਲੇ ਦੇ ਮੁਸਲਮਾਨ ਲਿਖਾਰੀ ਅਤੇ ਇਤਿਹਾਸਕਾਰ ਗ਼ੈਰ-ਮੁਸਲਿਮਾਂ ਵਿਰੁੱਧ ਆਪਣੇ ਮਨਾਂ ਵਿਚ ਬੈਠੇ ਧਾਰਮਿਕ ਅਤੇ ਰਾਜਸੀ ਪੱਖਪਾਤ ਨਾਲ ਬਹੁਤ ਪ੍ਰਭਾਵਤ ਹੋਏ ਹੋਏ ਹੋਣ ਕਰਕੇ ਪੂਰੀ ਤਰ੍ਹਾਂ ਸੱਚ ਦੀ ਪੱਧਰ ਤਕ ਨਹੀਂ ਉਠ ਸਕੇ ਅਤੇ ਉਨ੍ਹਾਂ ਨੇ ਬੰਦਾ ਸਿੰਘ ਨੂੰ ਪੱਖਪਾਤ ਦੀ ਦ੍ਰਿਸ਼ਟੀ ਤੋਂ ਦੇਖਿਆ ਅਤੇ ਜਾਚਿਆ ਹੈ, ਇਸ ਲਈ ਉਨ੍ਹਾਂ ਵਲੋਂ ਇਨ੍ਹਾਂ ਨਾਲ ਪੂਰਾ ਨਿਆਇ ਨਹੀਂ ਹੋ ਸਕਿਆ। ਹਰ ਪ੍ਰਕਾਰ ਦਾ ਅੱਤਿਆਚਾਰ ਜੋ ਉਨ੍ਹਾਂ ਦੇ ਦਿਮਾਗ ਨੂੰ ਸੁੱਝਿਆ ਹੈ, ਉਹ ਉਨ੍ਹਾਂ ਨੇ ਬੰਦਾ ਸਿੰਘ ਅਤੇ ਸਿੰਘਾਂ ਦੇ ਨਾਉਂ ਮੜ੍ਹ ਦਿੱਤਾ ਹੈ। ਬਾਦਸ਼ਾਹੀ ਅਖ਼ਬਾਰ-ਨਵੀਸ ਭੀ ਇਸ ਪੱਖ-ਪਾਤ ਤੋਂ ਨਹੀਂ ਬਚ ਸਕੇ ਅਤੇ ਉਹ ਮੁਕਾਮੀ ਹਾਕਮਾਂ ਦੇ ਵਿਰੁੱਧ ਸੱਚ ਨਾ ਲਿਖ ਸਕਣ ਕਰਕੇ ਬੀਤੇ ਵਾਕਿਆਤ ਨੂੰ ਕਈ ਵਾਰੀ ਮਰੋੜ ਤਰੋੜ ਕੇ ਪੇਸ਼ ਕਰਦੇ ਰਹੇ ਹਨ। ਸਿੰਘਾਂ ਦਾ ਹੱਥ ਭਾਵੇਂ ਉਪਰ ਭੀ ਹੋਵੇ ਅਤੇ ਉਹ ਸ਼ਾਹੀ ਫ਼ੌਜਾਂ ਨੂੰ ਚੀਰਦੇ ਹੋਏ ਬਚ ਕੇ ਭਾਵੇਂ ਸਾਫ਼ ਹੀ ਨਿਕਲ ਜਾਣ ਜਾਂ ਜਿੱਤ ਪ੍ਰਾਪਤ ਕਰ ਕੇ ਬਾਦਸ਼ਾਹੀ ਇਲਾਕੇ ਭੀ ਮੱਲ ਲੈਣ ਅਤੇ ਥਾਉਂ ਥਾਈਂ ਆਪਣੇ ਠਾਣੇ ਭੀ ਬਠਾ ਦੇਣ, ਪਰ ਸ਼ਾਹੀ ਅਖ਼ਬਾਰ ਨਵੀਸ ਬਹੁਤ ਕਰਕੇ ਇਹ ਹੀ ਲਿਖੀ ਜਾਣਗੇ ਕਿ ਸਿੰਘ ਹਾਰ ਖਾ ਕੇ ਭੱਜ ਗਏ ਹਨ, ਅਨਗਿਣਤ ਸਿੰਘ ਕਤਲ ਕਰ ਦਿੱਤੇ ਗਏ ਹਨ ਅਤੇ ਸ਼ਾਹੀ ਲਸ਼ਕਰ ਨੂੰ ਜਿੱਤ ਪ੍ਰਾਪਤ ਹੋਈ ਹੈ। ਲੜਾਈਆਂ ਵਿਚ ਅਜਿਹੇ ਝੂਠ ਕੁਝ ਆਮ ਹੀ ਹੋ ਜਾਂਦੇ ਹਨ ਜਿਵੇਂ ਕਿ ਪਹਿਲੇ ਸੰਨ 1914-18 ਦੇ ਮਹਾਨ ਯੁੱਧ ਦੀਆਂ ਖ਼ਬਰਾਂ ਵਲ ਇਸ਼ਾਰਾ ਕਰਦੇ ਹੋਏ ਇਕ ਥਾਂ ਅਕਬਰ ਅਲਾਹਬਾਦੀ ਨੇ ਲਿਖਿਆ ਸੀ ਕਿ :

ਕਦਮ ਜਰਮਨ ਕਾ ਬੜ੍ਹਤਾ ਹੈ।
ਫ਼ਤਿਹ ਇੰਗਲਿਸ਼ ਕੀ ਹੋਤੀ ਹੈ।

ਅੱਜ ਕੱਲ ਭੀ ਅਜਿਹੀਆਂ ਨਿਰਮੂਲ ਜਾਂ ਅੱਧ-ਝੂਠੀਆਂ ਖ਼ਬਰਾਂ ਦਾ ਕੋਈ ਘਾਟਾ ਨਹੀਂ ਹੈ। ਸਰਕਾਰ ਵਿਰੁੱਧ ਜਨਤਾ ਦੇ ਮੋਰਚੇ ਤੇਜ਼ ਹੋ ਰਹੇ ਹੁੰਦੇ ਹਨ ਪਰ ਸਰਕਾਰੀ ਕਰਮਚਾਰੀ ਵਜ਼ੀਰ, ਅਫ਼ਸਰ ਅਤੇ ਅਖ਼ਬਾਰ-ਨਵੀਸ ਇਹ ਹੀ ਕਹੀ ਜਾਂਦੇ ਹਨ ਕਿ ਮੋਰਚਾ ਫੇਲ ਹੋ ਰਿਹਾ ਹੈ, ਲੋਕਾਂ ਦੀ ਇਸ ਨਾਲ ਕੋਈ ਹਮਦਰਦੀ ਨਹੀਂ ਰਹੀ, ਥੋੜੇ ਦਿਨਾਂ ਵਿਚ ਹੀ ਇਹ ਖ਼ਤਮ ਹੋ ਜਾਏਗਾ, ਸਰਕਾਰ ਇਸ ਨੂੰ ਦਬਾ ਕੇ ਰਖ ਦੇਵੇਗੀ, ਸਰਕਾਰ ਦੀ ਜਿੱਤ ਹੋ ਰਹੀ ਹੈ ਆਦਿ, ਆਦਿ। ਅਸਲ ਵਿਚ ਅੰਦਰੋ ਅੰਦਰ ਸਰਕਾਰ ਪੋਲੀ ਹੋਈ ਪਈ ਹੁੰਦੀ ਹੈ, ਆਮ ਜਨਤਾ ਵਿਚ ਉਸ ਦਾ ਡੱਕਾ ਭਰ ਰੁਹਬ ਅਤੇ ਇਤਬਾਰ ਨਹੀਂ ਰਹਿ ਗਿਆ ਹੁੰਦਾ ਅਤੇ ਉਹ ਆਪਣਾ ਪਿੱਛਾ ਛੁਡਾਉਣ ਲਈ ਬਹਾਨੇ ਲੱਭਦੀ ਹੁੰਦੀ ਹੈ। ਬਾਹਰ ਜਾਣ ਦੀ ਲੋੜ ਨਹੀਂ, ਪੰਜਾਬ ਵਿਚ ਹੀ ਸਨ 1922 ਦਾ ਗੁਰੂ ਕੇ ਬਾਗ਼ ਦਾ ਮੋਰਚਾ ਅਤੇ ਹੋਰ ਮੋਰਚੇ ਇਸ ਸੱਚਾਈ ਦੇ ਪ੍ਰਤੱਖ ਗਵਾਹ ਹਨ।

ਸਾਰੇ ਸਿੱਖ ਲਿਖਾਰੀ ਭੀ ਬੰਦਾ ਸਿੰਘ ਨਾਲ ਨਿਆਏ ਨਹੀਂ ਕਰ ਸਕੇ। ਸਮਕਾਲੀ ਇਤਿਹਾਸਕ ਮਸਾਲੇ ਦੀ ਥੁੜ ਅਤੇ ਬਾਅਦ ਦੀਆਂ ਲਿਖਤਾਂ ਵਿਚ ਮਿਲਗੋਭਾ ਹੋ ਜਾਣ ਕਰ ਕੇ ਉਨ੍ਹਾਂ ਨੇ ਭੀ ਕਈ ਥਾਈਂ ਗ਼ਲਤੀਆਂ ਖਾਧੀਆਂ ਹਨ ਅਤੇ ਬੰਦਾ ਸਿੰਘ ਦੀ ਸ਼ਹੀਦੀ ਤੋਂ ਕਈ ਚਿਰ ਬਾਅਦ ਹੋਈਆਂ ਗੱਲਾਂ ਨੂੰ ਬੰਦਾ ਸਿੰਘ ਦੇ ਵੇਲੇ ਲਿਆ ਦਰਜ ਕੀਤਾ ਹੈ ਤੇ ਉਸ ਦੇ ਆਧਾਰ ਤੇ ਉਸ ਨੂੰ ਖ਼ਾਹ-ਮਖ਼ਾਹ ਗ਼ਲਤ ਭੰਡਿਆ ਹੈ। ਖ਼ਾਲਸੇ ਵਲੋਂ ਅਪ੍ਰਵਾਨ ਹੋ ਜਾਣ ਤੋਂ ਬਾਅਦ, ਬੰਦਾ ਸਿੰਘ ਨੇ 'ਫ਼ਤਿਹ ਦਰਸ਼ਨ' ਸੰਬੰਧੀ ਕੋਈ ਜ਼ਿਦ ਨਹੀਂ ਸੀ ਕੀਤੀ ਅਤੇ ਕਈ ਹੋਰ ਗੱਲਾਂ ਲਈ ਜਿਸ ਵਿਚ ਉਸ ਦਾ ਉੱਕਾ ਹੀ ਕੋਈ ਕਸੂਰ ਨਹੀਂ ਸੀ ਤਤ-ਖ਼ਾਲਸੇ ਵਾਲੇ ਪੱਖ-ਪਾਤ ਕਰਕੇ ਭੰਗੂ ਰਤਨ ਸਿੰਘ ਅਤੇ ਗਿਆਨ ਸਿੰਘ ਆਦਿ ਨੇ ਕਈ ਕੁਝ ਉਸ ਦੇ ਵਿਰੁੱਧ ਲਿਖਿਆ ਹੈ। ਇਹ ਅਨਿਆਇ ਹੈ ਜੋ ਉਨ੍ਹਾਂ ਵਲੋਂ ਇਤਿਹਾਸ ਨਾਲ ਹੋਇਆ ਹੈ। ਅਸਲ ਵਿਚ ਬੰਦਾ ਸਿੰਘ ਉਸ ਤੋਂ, ਜਿਵੇਂ ਕਿ ਉਹ ਪੇਸ਼ ਕੀਤਾ ਗਿਆ ਹੈ, ਬਿਲਕੁਲ ਵੱਖਰਾ ਅਤੇ ਬਹੁਤ ਉੱਚਾ ਸੀ।

ਚਿਹਰੇ ਮੁਹਰੇ ਤੋਂ, ਮੁਹੰਮਦ ਸ਼ਫ਼ੀ ਵਾਰਿਕ ਦੀ ਪੁਸਤਕ 'ਮਿਰਅਤਿ-ਵਾਰਿਦਾਤ' ਅਨੁਸਾਰ, ਬੰਦਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਜੁਲਦਾ ਸੀ। ਉਹ ਜੁੱਸੇ ਦਾ ਪਤਲਾ ਅਤੇ ਕੱਦ ਦਾ ਦਰਮਿਆਨਾ ਸੀ ਅਤੇ ਉਸ ਦਾ ਰੰਗ ਹਲਕਾ ਕਣਕ-ਵੰਨਾ ਸੀ। ਉਸ ਦੇ ਚਿਹਰੇ ਦੀ ਪ੍ਰਭਤਾ-ਭਰਪੂਰ ਛਬ ਅਤੇ ਤਿੱਖੀਆਂ ਅਤੇ ਚਮਕਦਾਰ ਅੱਖਾਂ ਵੈਰੀਆਂ ਦੇ ਮਨਾਂ ਉੱਤੇ ਭੀ ਉਸ ਦੀ ਮਾਨਸਕ ਉੱਚਤਾ ਦਾ ਪ੍ਰਭਾਵ ਪਾਉਂਦੀਆਂ ਸਨ। ਇਹਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਵਰਗੇ ਆਦਮੀ ਨੂੰ, ਜੋ ਉਸ ਦਾ ਕੱਟੜ ਜਾਨੀ ਵੈਰੀ ਸੀ, ਜਦ ਬੰਦਾ ਸਿੰਘ ਨੂੰ ਉਸ ਦੇ ਅੰਤਮ ਸਮੇਂ ਲਾਗੇ ਹੋ ਕੇ ਵੇਖਣ ਦਾ ਅਵਸਰ ਮਿਲਿਆ, ਤਾਂ ਉਹ ਉਸ ਦੇ ਗਿਆਨਵਾਨ ਚਿਹਰੇ ਨੂੰ ਦੇਖ ਕੇ ਉਸ ਦੀ ਆਤਮਕ ਪ੍ਰਭਤਾ ਅਤੇ ਉਸ ਦੇ ਆਚਰਨ ਦੀ ਉੱਚਤਾ ਦੀ ਪ੍ਰਸੰਸਾ ਕਰਨੋਂ ਨਾ ਰਹਿ ਸਕਿਆ। ਭਾਵੇਂ ਬੰਦਾ ਸਿੰਘ ਨੂੰ ਕੱਦ ਕਾਠ ਵਲੋਂ ਬਹੁਤ ਡੀਲ ਡੌਲ ਵਾਲਾ ਨਹੀਂ ਆਖਿਆ ਜਾ ਸਕਦਾ, ਪਰ ਉਹ ਬੜਾ

ਚੁਸਤ ਅਤੇ ਫੁਰਤੀਲਾ ਸੀ ਅਤੇ ਜੰਗ ਦੇ ਮੈਦਾਨ ਵਿਚ ਬੜੇ ਬੜੇ ਤਕੜਿਆਂ ਨੂੰ ਲਾਗੇ ਨਹੀਂ ਸੀ ਢੁੱਕਣ ਦਿੰਦਾ। ਉਹ ਬੜਾ ਚੰਗਾ ਨਿਸ਼ਾਨਚੀ ਸੀ। ਬੰਦੂਕ (ਰਾਮਜੰਗਾ) ਸਿੰਘਾਂ ਦਾ ਮਨ ਭਾਉਂਦਾ ਹਥਿਆਰ ਹੈ ਪਰ ਬੰਦਾ ਸਿੰਘ ਆਪਣੀ ਤਲਵਾਰ ਅਤੇ ਤੀਰ ਦਾ ਧਨੀ ਸੀ। ਉਹ ਇਕ ਬੜਾ ਚੰਗਾ ਸਵਾਰ ਸੀ ਅਤੇ ਕਈ ਕਈ ਦਿਨਾਂ ਤਕ ਬਿਨਾਂ ਥੱਕਣ ਦੇ ਸਵਾਰੀ ਕਰ ਸਕਦਾ ਸੀ। ਸਿੰਘਾਂ ਦੇ ਆਪਣੇ ਸਮਕਾਲੀ ਕਾਗਜ਼ ਪੱਤਰ ਤਾਂ ਕੋਈ ਹੈ ਹੀ ਨਹੀਂ ਅਤੇ ਮੁਸਲਮਾਨਾਂ ਦੀਆਂ ਥੋੜ੍ਹੀਆਂ ਜਿਹੀਆਂ ਸਮਕਾਲੀ ਲਿਖਤਾਂ ਜੋ ਮਿਲਦੀਆਂ, ਉਨ੍ਹਾਂ ਤੋਂ ਬੰਦਾ ਸਿੰਘ ਦੇ ਬਹੁ-ਪੱਖੀ ਗੁਣਾਂ ਦਾ ਪੂਰਾ ਪੂਰਾ ਗਿਆਨ ਨਹੀਂ ਹੁੰਦਾ, ਪਰ ਫੇਰ ਭੀ ਜੋ ਕੁਝ ਪਤਾ ਲਗਦਾ ਹੈ ਉਸ ਦੇ ਆਧਾਰ ਤੇ ਸਾਰੇ ਹੀ ਉਸ ਦੀ ਉਸ ਦਲੇਰੀ, ਬਹਾਦਰੀ ਅਤੇ ਮਾਨਸਕ ਗੰਭੀਰਤਾ ਦੀ ਪ੍ਰਸੰਸਾ ਕਰਦੇ ਹਨ ਜੋ ਉਸ ਨੇ ਆਪਣੀ ਸ਼ਹੀਦੀ ਦੇ ਸਮੇਂ ਵਿਖਾਈ ਅਤੇ ਖ਼ਾਫ਼ੀਖ਼ਾਨ ਵਰਗਾ ਕੱਟੜ ਅਤੇ ਪੱਖਪਾਤੀ ਲਿਖਾਰੀ ਭੀ ਉਸ ਦੀ ਪ੍ਰਸੰਸਾ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਲੋਕਾਂ ਦੀ ਸੁਤੰਤਰਤਾ ਵਾਸਤੇ ਆਪਣੇ ਜਾਰੀ ਕੀਤੇ ਹੋਏ ਅੰਦੋਲਨ ਦੀ ਪੂਰਤੀ ਲਈ ਬੰਦਾ ਸਿੰਘ ਨੂੰ ਚੁਣਨ ਵਿਚ ਕਿਤਨੇ ਬੁਧੀਮਾਨ ਅਤੇ ਦੂਰ-ਦਰਸ਼ੀ ਸਨ, ਇਸ ਦਾ ਅੰਦਾਜ਼ਾ ਉਸ ਦੇ ਕਾਰਨਾਮਿਆਂ ਤੋਂ ਸਪੱਸ਼ਟ ਹੈ। ਅਸਲ ਵਿਚ ਇਕ ਨਕਾਰੇ ਸੰਸਾਰ ਤਿਆਗੀ ਬੈਰਾਗੀ ਸਾਧੂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘਾਂ ਦੀਆਂ ਫ਼ੌਜਾਂ ਦਾ ਕਮਾਂਡਰ ਬਣਾ ਦੇਣਾ ਗੁਰੂ ਜੀ ਦਾ ਇਕ ਅਸਚਰਜ-ਜਨਕ ਕਰਿਸ਼ਮਾ ਸੀ। ਖੰਡੇ ਦਾ ਅੰਮ੍ਰਿਤ ਛਕ ਕੇ, ਪਵਿੱਤਰ ਸਰਬ-ਲੋਹ ਸਜਾਉਣ ਅਤੇ ਸਿੰਘਾਂ ਦੇ ਪੁਸ਼ਾਕੇ ਅਤੇ ਚਾਲ ਢਾਲ ਧਾਰਨ ਕਰਦੇ ਸਾਰ ਹੀ ਬੰਦਾ ਸਿੰਘ ਇਕ ਪੂਰਣ ਅਤੇ ਸਿਦਕੀ ਸਿੰਘ ਸਜ ਗਿਆ ਸੀ ਅਤੇ ਜੀਵਨ ਦੇ ਅੰਤ ਤਕ ਬੜੇ ਦੁਖਦਾਈ ਅਤੇ ਭਿਆਨਕ ਤਸੀਹੇ ਸਹਿੰਦਾ ਹੋਇਆ ਭੀ ਉਹ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਲਈ ਡਟਿਆ ਰਿਹਾ ਅਤੇ ਖਿੜੇ ਮੱਥੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦਾ ਹੋਇਆ ਆਪਣੀ ਜਾਨ ਤਕ ਕੁਰਬਾਨ ਕਰ ਗਿਆ। ਡਾਕਟਰ ਵਿਲੀਅਮ ਮੈਗਰੈਗਰ ਆਪਣੀ 'ਹਿਸਟਰੀ ਔਫ ਦੀ ਸਿਖਸ' ਵਿਚ ਲਿਖਦਾ ਹੈ ਕਿ ਬੰਦਾ (ਸਿੰਘ) ਆਪਣੀ ਧੁਨ ਦਾ ਬੜਾ ਪੱਕਾ ਸੀ ਅਤੇ ਜ਼ਾਲਮਾਂ ਦੀ ਸੁਧਾਈ ਲਈ (ਗੁਰੂ) ਗੋਬਿੰਦ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਨ ਵਿਚ ਇਤਨਾ ਦ੍ਰਿੜ੍ਹ ਸੀ ਕਿ ਉਹ ਸਾਰੇ ਪੰਜਾਬ ਅਤੇ ਪੰਜਾਬ ਦੇ (ਸਤਲੁਜੋਂ) ਇਧਰਲੇ ਜ਼ਿਲਿਆਂ ਵਿਚ ਇਕ ਭਯੰਕਰ ਹੱਊਆ ਹੋ ਗਿਆ।'

ਉਹ ਖ਼ਾਲਸੇ ਦਾ ਕੇਵਲ ਫ਼ੌਜੀ ਕਮਾਂਡਰ ਹੀ ਨਹੀਂ ਸੀ। ਸਿੱਖੀ ਦੇ ਪ੍ਰਚਾਰ ਦੀ ਧੁਨ ਵਿਚ ਭੀ ਉਹ ਕਿਸੇ ਨਾਲੋਂ ਪਿੱਛੇ ਨਹੀਂ ਸੀ। ਜਦ ਭੀ ਕੋਈ ਲੋਕ ਉਸ ਪਾਸ ਸਹਾਇਤਾ ਲਈ ਆਉਂਦੇ ਜਾਂ ਖ਼ਾਲਸਾ ਦਲ ਵਿਚ ਸ਼ਾਮਲ ਹੁੰਦੇ ਤਾਂ ਉਹ ਉਨ੍ਹਾਂ ਲਈ ਅਰਦਾਸਾਂ ਕਰਦਾ ਅਤੇ ਸਿਮਰਨ ਕਰਨ ਲਈ ਕਹਿੰਦਾ। ਭਾਵੇਂ ਉਸ ਪਾਸ ਅਥਾਹ ਤਾਕਤ ਭੀ ਸੀ, ਪਰ ਉਸ ਨੇ ਆਪਣੇ ਧਾਰਮਕ ਪ੍ਰਚਾਰ ਲਈ ਕਦੀ ਕਿਸੇ ਉੱਤੇ ਜ਼ੋਰ ਜ਼ਬਰ ਨਹੀਂ ਕੀਤਾ। ਅਮੀਨੁ-ਦੌਲਾ ਦਸਤੂਰੁਲ-ਇਨਸ਼ਾ (ਰੁੱਕਾਤਿ ਅਮੀਨੁ-ਦੌਲਾ) ਦੇ ਤੀਸਰੇ ਰੁੱਕੇ ਵਿਚ ਜੂਨ 1710 ਵਿਚ ਲਿਖਦਾ ਹੈ : 'ਉਹ ਸਾਰਿਆਂ ਦੇ ਮਨ ਆਪਣੀਆਂ ਰੁਚੀਆਂ ਵਲ ਮੋਹ ਲੈਂਦਾ ਸੀ,

ਅਤੇ ਭਾਵੇਂ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ, ਜੋ ਭੀ ਉਸ ਨੂੰ ਮਿਲਦਾ, ਇਹ ਉਸ ਨੂੰ 'ਸਿੰਘ' ਕਰਕੇ ਬੁਲਾਉਂਦਾ (ਸਿੰਘ ਸਜਾ ਲੈਂਦਾ)। ਇਸ ਤਰ੍ਹਾਂ ਸਰਹੰਦ ਦੇ ਲਾਗੇ ਦਾ ਇਕ ਸਰਕਾਰੀ ਕਰਮਚਾਰੀ ਦੀਨਦਾਰ ਖ਼ਾਨ, ਉਥੇ ਦਾ ਅਖ਼ਬਾਰ-ਨਵੀਸ ਮੀਰ ਨਸੀਰੁੱਦੀਨ ਅਤੇ ਅੰਮ੍ਰਿਤਸਰ ਦੇ ਲਾਗੇ ਦੇ ਪੰਜਵੜ ਪਿੰਡ ਦਾ ਛੱਜੂ ਜੱਟ ਸਿੰਘ ਸਜ ਕੇ ਦੀਨਦਾਰ ਸਿੰਘ, ਮੀਰ ਨਸੀਰ ਸਿੰਘ ਅਤੇ ਛੱਜਾ ਸਿੰਘ ਬਣ ਗਏ। ਇਸ ਤਰ੍ਹਾਂ ਹਿੰਦੂਆਂ ਅਤੇ ਮੁਸਲਮਾਨਾਂ ਦੀ ਇਕ ਬੜੀ ਭਾਰੀ ਗਿਣਤੀ ਨੇ ਸਿੰਘਾਂ ਦਾ ਧਰਮ ਅਤੇ ਰਹਿਤ ਧਾਰਨ ਕਰ ਲਏ ਅਤੇ ਬੰਦਾ ਸਿੰਘ ਦਾ ਸਾਥ ਦੇਣ ਦੇ ਪੱਕੇ ਵਹਿਦੇ ਕੀਤੇ। ਉਸ ਨੇ ਸਰਹੰਦ ਅਤੇ ਸ਼ਿਵਾਲਕ ਪਹਾੜ ਦੇ ਆਪਣੇ ਕੱਟੜ ਤੋਂ ਕੱਟੜ ਵੈਰੀਆਂ ਨੂੰ ਭੀ ਮਾਫ਼ ਕਰ ਦੇਣ ਅਤੇ ਉਨ੍ਹਾਂ ਦੀਆਂ ਜਾਨਾਂ ਅਤੇ ਇਲਾਕੇ ਛੱਡ ਦੇਣ ਦਾ ਯਕੀਨ ਦਿਲਾਇਆ ਜੇ ਉਹ ਉਸ ਦੀ ਇੱਛਾ (ਅਨੁਸਾਰ ਸਿੱਖ ਧਰਮ ਵਿਚ ਆਉਣਾ) ਪ੍ਰਵਾਨ ਕਰ ਲੈਣ।

ਦੀਨ ਅਤੇ ਦੁੱਖੀ ਲੋਕਾਂ ਦੀ ਰੱਖਿਆ ਕਰਨ ਵਿਚ ਉਸ ਨੂੰ ਉਨ੍ਹਾਂ ਲੋਕਾਂ ਦੀਆਂ ਅਸੀਸਾਂ ਪ੍ਰਾਪਤ ਹੋਈਆਂ ਜਿਨ੍ਹਾਂ ਦੀ ਪੁਕਾਰ ਸਦੀਆਂ ਤੋਂ ਕੋਈ ਨਹੀਂ ਸੀ ਸੁਣਦਾ। ਉਸ ਨੇ ਆਪਣੇ ਰਾਜ-ਪ੍ਰਬੰਧ ਵਿਚ ਨੀਵਿਆਂ ਤੋਂ ਨੀਵੇਂ ਲੋਕਾਂ ਨੂੰ ਉੱਚੀਆਂ ਪਦਵੀਆਂ ਤਕ ਪਹੁੰਚਾ ਦਿੱਤਾ। ਅਛੂਤਾਂ ਅਤੇ ਨੀਚਾਂ, ਚੂਹੜੇ ਅਤੇ ਚਮਾਰਾਂ ਨੂੰ ਉਸ ਨੇ ਹਾਕਮ ਬਣਾ ਦਿੱਤਾ। ਅਰਵਿਨ ਲਿਖਦਾ ਹੈ ਕਿ 'ਇਕ ਚੂਹੜੇ ਜਾਂ ਚਮਾਰ ਲਈ ਜੋ ਕਿ ਹਿੰਦੁਸਤਾਨੀਆਂ ਵਿਚ ਨੀਚਾਂ ਤੋਂ ਭੀ ਨੀਚ ਗਿਣਿਆ ਜਾਂਦਾ ਹੈ, ਕੇਵਲ ਘਰੋਂ ਆ ਕੇ ਗੁਰੂ (ਬੰਦਾ ਸਿੰਘ) ਪਾਸ ਹਾਜ਼ਰ ਹੋਣਾ ਹੀ ਹੁੰਦਾ ਸੀ ਕਿ ਥੋੜੇ ਜਿਹੇ ਸਮੇਂ ਵਿਚ ਹੀ ਉਹ ਆਪਣੀ ਜਨਮ-ਭੂਮੀ ਦਾ ਹਾਕਮ ਬਣ ਕੇ ਆ ਜਾਂਦਾ। (ਫੇਰ ਕੀ ਸੀ) ਵੱਡੀਆਂ ਵੱਡੀਆਂ ਉੱਚੀਆਂ ਜਾਤਾਂ ਵਾਲੇ ਅਤੇ ਧਨਾਢ ਲੋਕ ਉਸ ਦਾ ਸੁਆਗਤ ਕਰਦੇ ਅਤੇ ਅੱਗੇ ਹੋ ਕੇ ਲੈਣ ਜਾਂਦੇ। ਉਥੇ ਪਹੁੰਚ ਕੇ ਹੱਥ ਜੋੜੀਂ ਉਸ ਦੇ ਸਾਹਮਣੇ ਖੜੋ ਜਾਂਦੇ ਅਤੇ ਉਸ ਦੇ ਹੁਕਮਾਂ ਦੀ ਉਡੀਕ ਕਰਦੇ। ਕੋਈ ਆਦਮੀ ਉਸ ਦੀ ਹੁਕਮ-ਅਦੂਲੀ ਕਰਨ ਦਾ ਹੌਂਸਲਾ ਨਾ ਕਰਦਾ ਅਤੇ ਉਹ ਲੋਕ ਜੋ ਕਈ ਵਾਰੀ ਰਣਭੂਮੀ ਵਿਚ ਨਿਕਲ ਆਉਣ ਦਾ ਖ਼ਤਰਾ ਲੈ ਲਿਆ ਕਰਦੇ ਸਨ ਅਜਿਹੇ ਸਹਿਮ ਗਏ ਕਿ ਹੁਣ ਉਹ ਅੱਗੋਂ ਕੋਈ ਉਜ਼ਰ ਕਰਨੋਂ ਭੀ ਡਰਦੇ ਸਨ।'

ਰਾਜ-ਪ੍ਰਬੰਧ ਵਿਚ ਬੰਦਾ ਸਿੰਘ ਨੇ ਦੇਸ਼ ਵਿਚ ਇਕ ਬੜੀ ਭਾਰੀ ਸੁਧਾਰ ਦੀ ਗੱਲ ਕੀਤੀ ਕਿ ਮੁਗ਼ਲ ਰਾਜ ਦਾ ਜ਼ਿਮੀਂਦਾਰਾ ਪ੍ਰਬੰਧ ਉਡਾ ਕੇ ਰਖ ਦਿੱਤਾ ਜਿਸ ਨਾਲ ਕਿ ਹਲ-ਵਾਹ ਕਿਸਾਨ ਗ਼ੁਲਾਮਾਂ ਦੀ ਹਾਲਤ ਤੋਂ ਭੀ ਬੁਰੇ ਅਤੇ ਨੀਵੇਂ ਹੋ ਰਏ ਹੋਏ ਸਨ। ਬੰਦਾ ਸਿੰਘ ਦੇ ਤਹਿਤ ਵਿਚ ਸਿੰਘਾਂ ਦਾ ਰਾਜ ਹੋ ਜਾਣ ਨਾਲ ਹਲ-ਵਾਹ ਕਿਸਾਨ ਆਪਣੇ ਹਲਾਂ ਹੇਠਲੀਆਂ ਜ਼ਮੀਨਾਂ ਦੇ ਮਾਲਕ ਬਣ ਗ.ਏ ਅਤੇ ਪੁਰਾਣੇ ਰਿਵਾਜ ਨਾਲ ਹੋ ਰਿਹਾ ਜ਼ੁਲਮ ਪੰਜਾਬ ਵਿਚੋਂ ਸਦਾ ਲਈ ਮਿਟ ਗਿਆ।

ਨਿਜੀ ਚਲਨ ਵਿਚ ਬੰਦਾ ਸਿੰਘ ਇਕ ਸਿਦਕੀ ਅੰਮ੍ਰਿਤਧਾਰੀ ਸਿੰਘ ਸੀ ਅਤੇ ਸਿੱਖ ਗੁਰੂ ਸਾਹਿਬਾਂ ਲਈ ਉਸ ਦਾ ਨਿਸਚਾ ਅਤੇ ਭਗਤੀ ਅਟੱਲ ਅਤੇ ਅਡੋਲ ਰਹੇ। ਆਪਣੇ ਰਾਜ ਦੇ ਸਮੇਂ ਉਸ ਦੀਆਂ ਜਾਰੀ ਕੀਤੀਆਂ ਮੋਹਰਾਂ ਅਤੇ ਸਿੱਕਿਆਂ ਉਪਰ ਦੀਆਂ ਲਿਖਤਾਂ

ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਲਈ ਉਸ ਦੀ ਅਪਾਰ ਸ਼ਰਧਾ ਦੀਆਂ ਜੀਉਂਦੀਆਂ ਜਾਗਦੀਆਂ ਯਾਦਗਾਰਾਂ ਹਨ। ਉਹ ਗੁਰੂ ਸਾਹਿਬਾਂ ਨੂੰ ਰਾਜ ਭਾਗ ਦੀਆਂ ਸਾਰੀਆਂ ਬਖ਼ਸ਼ਿਸ਼ਾਂ ਦਾ ਸੋਮਾ ਸਮਝਦਾ ਅਤੇ ਦੇਗ ਤੇਗ ਉਨ੍ਹਾਂ ਦੀ ਕਿਰਪਾ ਨਾਲ ਪ੍ਰਾਪਤ ਹੋਈ ਦਸਦਾ ਹੈ। ਜ਼ਿੰਦਗੀ ਦੇ ਅੰਤਲੇ ਅਤੇ ਅਤਿ ਦੇ ਦੁਖਦਾਈ ਅਤੇ ਬਿਖੜੇ ਸਮੇਂ, ਜਦ ਕਿ ਇਕ ਪਾਸੇ ਭਿਆਨਕ ਤਸੀਹਾਂ ਭਰੀ ਮੌਤ ਸਾਹਮਣੇ ਮੂੰਹ ਅੱਡੀ ਖੜੀ ਸੀ ਅਤੇ ਦੂਸਰੇ ਪਾਸੇ ਧਰਮ ਤਿਆਗ ਦੇਣ ਪਰ ਸੁਖੀ ਜੀਵਨ ਦੀਆਂ ਆਸਾਂ ਸਨ, ਇਕ ਸਮਕਾਲੀ ਲਿਖਾਰੀ ਅਨੁਸਾਰ ਬੰਦਾ ਸਿੰਘ ਦੀ ਧਰਮ ਪਰ ਦ੍ਰਿੜ੍ਹਤਾ ਹੈਰਾਨ ਕਰ ਦੇਣ ਵਾਲੀ ਸੀ। 'ਫ਼ਤਿਹ ਦਰਸ਼ਨ' ਤੋਂ ਬਿਨਾਂ ਉਸ ਦੇ ਸਾਰੇ ਜੀਵਨ ਵਿਚ ਕੋਈ ਭੀ ਐਸੀ ਗੱਲ ਨਹੀਂ ਜੋ ਉਸ ਦੇ ਵਿਰੁੱਧ ਕਹੀ ਜਾ ਸਕੇ ਅਤੇ 'ਫ਼ਤਿਹ ਦਰਸ਼ਨ' ਜਦ ਖ਼ਾਲਸੇ ਨੇ ਅਪ੍ਰਵਾਣ ਕਰ ਦਿੱਤੀ ਤਾਂ ਬੰਦਾ ਸਿੰਘ ਨੇ ਕੋਈ ਜ਼ਿੱਦ ਨਹੀਂ ਕੀਤੀ ਬਲਕਿ ਖ਼ਾਲਸੇ ਦੀ ਗੱਲ ਪ੍ਰਵਾਨ ਕਰ ਲਈ।

ਉਸ ਦੀ ਨਿਜੀ ਜ਼ਿੰਦਗੀ ਬੜੀ ਪਵਿੱਤਰ ਅਤੇ ਨਿਰਦੋਸ਼ ਸੀ ਅਤੇ ਖ਼ਾਲਸੇ ਦੀ ਰਹਿਤ ਦਾ ਉਹ ਪੱਕਾ ਧਾਰਨੀ ਸੀ ਜਿਸ ਲਈ ਉਹ ਆਪਣੇ ਹੁਕਮਨਾਮਿਆਂ ਵਿਚ ਜ਼ੋਰ ਦੇ ਕੇ ਕਹਿੰਦਾ ਹੈ ਕਿ "ਮੇਰਾ ਹੁਕਮੁ ਹੈ ਜੋ ਖ਼ਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ।" ਉਹ ਵੈਰੀ ਦੀ ਇਸਤਰੀ ਦੀ ਇੱਜ਼ਤ ਦੀ ਭੀ ਰਾਖੀ ਕਰਨ ਦੀ ਬੜੀ ਜ਼ੋਰਦਾਰ ਹਿਦਾਇਤ ਕਰਦਾ ਹੈ! ਇਹ ਠੀਕ ਹੈ ਕਿ ਉਸ ਨੇ ਵਿਆਹ ਕਰ ਲਿਆ ਸੀ, ਪਰ ਇਸ ਵਿਚ ਉਸ ਨੇ ਗੁਰੂ ਜੀ ਦੇ ਕਿਸੇ ਹੁਕਮ ਜਾਂ ਖ਼ਾਲਸੇ ਦੀ ਰਹਿਤ ਦੀ ਉਲੰਘਣਾ ਨਹੀਂ ਸੀ ਕੀਤੀ, ਉਸ ਨੇ ਕੋਈ ਕੁਰਹਿਤ ਨਹੀਂ ਕੀਤੀ। ਵਿਆਹ ਕਰਨਾ ਸਿੱਖੀ ਵਿਚ ਕੋਈ ਵਿਵਰਜਿਤ ਗੱਲ ਨਹੀਂ, ਬਲਕਿ ਸੰਸਾਰ-ਤਿਆਗੀ ਜੀਵਨ ਨੂੰ ਸਿੱਖੀ ਕੋਈ ਬਹੁਤਾ ਉੱਚਾ ਜੀਵਨ ਨਹੀਂ ਸਮਝਦੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਬੰਦਾ ਸਿੰਘ ਨੂੰ ਕੋਈ ਅਜਿਹਾ ਹੁਕਮ ਨਹੀਂ ਸੀ ਦੇ ਸਕਦੇ ਅਤੇ ਨਾ ਹੀ ਕੋਈ ਐਸੀ ਸਮਕਾਲੀ ਲਿਖਤ ਜਾਂ ਹੁਕਮਨਾਮਾ ਹੈ ਜਿਸ ਵਿਚ ਕਿਸੇ ਐਸੇ ਹੁਕਮ ਦਾ ਜ਼ਿਕਰ ਹੋਵੇ। ਗੁਰੂ ਗੋਬਿੰਦ ਸਿੰਘ ਜੀ ਵਲੋਂ ਜੋ ਮਿਸ਼ਨ ਉਸ ਨੂੰ ਸੌਂਪਿਆ ਗਿਆ ਸੀ ਉਸ ਪਰ ਜ਼ਿੰਦਗੀ ਭਰ ਉਹ ਪਰਪੱਕ ਰਿਹਾ ਅਤੇ ਉਸ ਲਈ ਆਪਣਾ ਸਭ ਕੁਝ ਕੁਰਬਾਨ ਕਰ ਗਿਆ। ਖ਼ਾਲਸੇ ਵਾਸਤੇ ਜੋ ਚਾਰ ਕੁਰਹਿਤਾਂ ਹਨ, ਉਨ੍ਹਾਂ ਵਿਚੋਂ ਉਸ ਨੇ ਕੋਈ ਕੁਰਹਿਤ ਨਹੀਂ ਕੀਤੀ। ਉਸ ਨੇ ਅੰਤਮ ਸ਼ਹੀਦੀ ਸਮੇਂ ਤਕ ਸਿੱਖੀ ਕੇਸਾਂ ਸੁਆਸਾਂ ਸਹਿਤ ਨਿਭਾਈ, ਉਸ ਨੇ ਕੁੱਠਾ ਮਾਸ ਨਹੀਂ ਖਾਧਾ, ਬਲਕਿ ਉਹ ਮਾਸ ਖਾਂਦਾ ਹੀ ਨਹੀਂ ਸੀ। ਉਸ ਨੇ ਆਪਣੀ ਵਿਆਹੀ ਇਸਤਰੀ ਤੋਂ ਬਿਨਾਂ ਕਿਸੇ ਨਾਲ ਕੁਸੰਗ ਨਹੀਂ ਕੀਤਾ। ਤਮਾਕੂ ਦਾ ਸੇਵਨ ਨਹੀਂ ਕੀਤਾ। ਇਸ ਲਈ ਉਸ ਦੇ ਜੀਵਨ ਵਿਚ ਕੋਈ ਅਜਿਹੀ ਗੱਲ ਨਹੀਂ ਜਿਸ ਨਾਲ ਸਿੱਖੀ ਦਾ ਕੋਈ ਅਸੂਲ ਭੰਗ ਹੁੰਦਾ ਹੋਵੇ।

ਅਭੁੱਲ ਤਾਂ ਕੇਵਲ ਕਰਤਾਰ ਅਤੇ ਗੁਰੂ ਹੀ ਹੈ। ਬੰਦਾ ਸਿੰਘ, ਗੁਰੂ ਨਹੀਂ ਸੀ ਜਿਸ ਨੂੰ ਅਭੁੱਲ ਕਿਹਾ ਜਾਵੇ। ਹਰ ਮਨੁੱਖ ਭੁੱਲਣਹਾਰ ਹੈ। ਪਰ ਇਕ ਛੋਟੀ ਜਿਹੀ ਨਿਗੂਣੀ ਗੱਲ ਨੂੰ ਹੱਦੋਂ ਪਰੇ ਵਧਾ ਕੇ ਦੂਸਰੇ ਅਨੇਕਾਂ ਗੁਣਾਂ ਉੱਤੇ ਪਰਦਾ ਪਾ ਦੇਣਾ ਨਿਆਇ ਨਹੀਂ। ਇਹ ਠੀਕ ਹੈ ਕਿ ਬੰਦਾ ਸਿੰਘ ਨੇ 'ਫ਼ਤਿਹ ਦਰਸ਼ਨ' ਦਾ ਜੈਕਾਰਾ ਵਰਤਣਾ ਸ਼ੁਰੂ ਕੀਤਾ ਸੀ, ਪਰ ਇਹ ਉਸ ਦੀ ਕਦੀ ਭੀ ਮਨਸ਼ਾ ਨਹੀਂ ਸੀ ਕਿ ਇਸ ਨੂੰ 'ਵਾਹਿਗੁਰੂ ਜੀ ਕਾ

ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ ਵਰਤਿਆ ਜਾਏਗਾ। ਪਰ ਚੂੰਕਿ ਹੌਲੀ ਹੌਲੀ ਇਸ ਦੇ 'ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ ਵਰਤੇ ਜਾਣ ਦਾ ਡਰ ਪੈ ਗਿਆ ਜਾਪਦਾ ਹੈ ਇਸ ਲਈ ਖ਼ਾਲਸੇ ਨੇ ਇਸ ਨੂੰ ਅਪ੍ਰਵਾਨ ਕਰ ਦਿੱਤਾ। ਬੰਦਾ ਸਿੰਘ ਨੇ ਇਸ ਨੂੰ ਜਾਰੀ ਰੱਖਣ ਲਈ ਕੋਈ ਅੜੀ ਨਹੀਂ ਕੀਤੀ, ਇਸ ਲਈ ਇਸ ਸੰਬੰਧ ਵਿਚ ਬੰਦਾ ਸਿੰਘ ਅਤੇ ਖ਼ਾਲਸੇ ਦੇ ਦਰਮਿਆਨ ਕੋਈ ਮੱਤ-ਭੇਦ ਭੀ ਨਹੀਂ ਹੋਇਆ। ਇਸ ਤੋਂ ਬਿਨਾਂ ਹੋਰ ਕੋਈ ਭੀ ਗੱਲ ਉਸ ਦੇ ਵਿਰੁੱਧ ਨਹੀਂ ਕਹੀ ਜਾ ਸਕਦੀ। ਉਸ ਨੇ ਕਦੀ ਭੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੀ ਥਾਂ ਗੁਰੂ ਨਹੀਂ ਕਹਾਇਆ ਅਤੇ ਨਾ ਹੀ ਦਰਬਾਰ ਸਾਹਿਬ ਵਿਚ ਗੁਰੂ ਦੀ ਥਾਂ ਗਦੇਲਾ ਲਾ ਕੇ ਬੈਠਣ ਦੀ ਊਜ ਵਿਚ ਕੋਈ ਸੱਚਾਈ ਹੈ। ਜਦ ਉਹ ਅੰਮ੍ਰਿਤਸਰ ਜਾ ਹੀ ਨਹੀਂ ਸਕਿਆ, ਤਾਂ ਹੋਰ ਕੋਈ ਗੱਲ ਹੋ ਹੀ ਨਹੀਂ ਸਕਦੀ। ਸਭ ਤੋਂ ਵੱਡੀ, ਵਧੀਆ ਅਤੇ ਭਰੋਸੇ ਯੋਗ ਗਵਾਹੀ ਇਸ ਨੁਕਤੇ ਪਰ 12 ਪੋਹ ਸੰਮਤ 1 (12 ਦਸੰਬਰ ਸੰਨ 1710) ਦੇ ਹੁਕਮਨਾਮੇ ਵਿਚ ਬੰਦਾ ਸਿੰਘ ਦੇ ਆਪਣੇ ਸ਼ਬਦ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਦਾ ਜ਼ਿਕਰ ਆਪਣੇ ਆਪ ਤੋਂ ਬਿਲਕੁਲ ਵੱਖਰਾ ਆਉਂਦਾ ਹੈ। 'ਗੁਰੂ' ਸ਼ਬਦ ਵੱਖਰਾ ਆਉਂਦਾ ਹੈ ਅਤੇ ਆਪਣੇ ਲਈ ਉਸ ਨੇ 'ਮੇਰਾ' ਸ਼ਬਦ ਵੱਖਰਾ ਵਰਤਿਆ ਹੋਇਆ ਹੈ। ਉਹ ਹੁਕਮਨਾਮਾ ਉਸ ਨੇ 'ਗੁਰੂ' ਦੇ ਨਾਉਂ ਤੇ ਜਾਰੀ ਕੀਤਾ ਹੈ, ਗੁਰੂ ਦੀ ਹੈਸੀਅਤ ਵਿਚ ਨਹੀਂ। ਉਥੇ ਸ਼ਬਦ ਸਪੱਸ਼ਟ ਹਨ ਕਿ "ਸਰਬਤ ਖ਼ਾਲਸਾ ਜਉਨਪੁਰ ਕਾ ਗੁਰੂ ਰੱਖੇਗਾ। ਗੁਰੂ ਗੁਰੂ ਜਪਣਾ...ਤੁਸੀਂ ਅਕਾਲ ਪੁਰਖ ਕਾ ਖ਼ਾਲਸਾ ਹੋ...ਮੇਰਾ, ਹੁਕਮ ਹੈ ਜੋ ਖ਼ਾਲਸੇ ਦੀ ਰਹਿਤ ਰਹੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ।"

ਬੰਦਾ ਸਿੰਘ ਦੀ ਜ਼ਿੰਦਗੀ ਵਿਚ ਕੋਈ ਵੱਖਰੀ ਸੰਪਰਦਾਇ ਭੀ ਖੜੀ ਨਹੀਂ ਹੋਈ ਅਤੇ ਨਾ ਹੀ ਖ਼ਾਲਸਿਆਂ ਅਤੇ ਦੂਸਰਿਆਂ ਉਨ੍ਹਾਂ ਵਿਚ ਜੋ ਬੰਦਾ ਸਿੰਘ ਦੀ ਹਰ ਇਕ ਗੱਲ ਨੂੰ ਸਭ ਸੱਤ ਕਰਕੇ ਪ੍ਰਵਾਨ ਕਰਨ ਦੇ ਹੱਕ ਵਿਚ ਸਨ (ਅਤੇ ਜੋ ਬਾਅਦ ਵਿਚ ਬੰਦਈ ਸਿੱਖ ਕਰਕੇ ਪ੍ਰਸਿੱਧ ਹੋਏ) ਕੋਈ ਖੱਟ-ਪੱਟ ਹੀ ਹੋਈ। ਈਮਾਨਦਾਰ ਮੱਤ-ਭੇਦਾਂ ਦੇ ਕਾਰਣ ਥੋੜਾ ਬਹੁਤ ਵਖੇਵਾਂ ਹੋਣਾ ਕੋਈ ਬੜੀ ਗੱਲ ਨਹੀਂ, ਅਤੇ ਮੱਤ-ਭੇਦ ਕਿੱਥੇ ਨਹੀਂ ਹੁੰਦੇ ? ਪਰ ਇਸ ਹਾਲਤ ਵਿਚ ਬੰਦਾ ਸਿੰਘ ਦੀ ਆਤਮਿਕ ਅਤੇ ਮਾਨਸਿਕ ਉੱਚਤਾ ਅਤੇ ਚੁੰਬਕ ਸ਼ਕਤੀ ਨੇ ਸਾਰਿਆਂ ਨੂੰ ਸ਼ਹੀਦੀਆਂ ਦੇ ਅੰਤਮ ਸਮੇਂ ਤਕ ਇਕ ਲੜੀ ਵਿਚ ਪਰੋਈ ਰਖਿਆ ਅਤੇ ਲਗ ਭਗ ਅੱਠ ਸੌ ਸਿੰਘਾਂ ਵਿਚੋਂ ਕੋਈ ਇਕ ਭੀ ਆਪਣੀ ਪਿਆਰੀ ਜਾਨ ਤਕ ਬਚਾਉਣ ਲਈ ਭੀ ਬੰਦਾ ਸਿੰਘ ਤੋਂ ਬੇਮੁੱਖ ਨਹੀਂ ਹੋਇਆ। ਕੇਵਲ ਬਾਬਾ ਬਿਨੋਦ ਸਿੰਘ ਹੀ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਜੰਗ ਦੇ ਪ੍ਰਬੰਧ ਸੰਬੰਧੀ ਮਤ-ਭੇਦ ਦੇ ਕਾਰਣ ਨਿਕਲ ਆਏ ਸਨ। ਇਸ ਵਿਚ ਕਿਸੇ ਧਾਰਮਿਕ ਜਾਂ ਹੋਰ ਅਸੂਲ ਸੰਬੰਧੀ ਦੋਹਾਂ ਵਿਚ ਕੋਈ ਵਖੇਵਾਂ ਨਹੀਂ ਸੀ। ਕੇਵਲ ਇਹ ਹੀ ਨਹੀਂ, ਬਲਕਿ ਉਨ੍ਹਾਂ ਸਿੰਘਾਂ ਵਿਚੋਂ ਭੀ, ਜਿਹੜੇ ਲਾਹੌਰ ਤੋਂ ਦਿੱਲੀ ਤਕ ਪਿੰਡਾਂ ਵਿਚੋਂ ਜਾਂ ਰਸਤੇ ਵਿਚੋਂ ਫੜ ਕੇ ਲਿਆਂਦੇ ਸਨ, ਕਿਸੇ ਨੇ ਆਪਣੇ ਆਗੂ ਬੰਦਾ ਸਿੰਘ ਤੋਂ ਮੂੰਹ ਨਹੀਂ ਮੋੜਿਆ। ਉਹ ਸੁਖਾਲੇ ਹੀ ਕਹਿ ਸਕਦੇ ਸਨ ਕਿ ਅਸੀਂ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹਾਂ, ਬੰਦਾ ਸਿੰਘ ਨਾਲ ਸਾਡਾ ਕੋਈ ਸੰਬੰਧ ਨਹੀਂ। ਬਲਕਿ ਇਸ ਦੇ ਉਲਟ ਸਾਰਿਆਂ ਨੇ ਹੀ ਉਸ ਦੇ ਨਾਲ ਰਲ ਕੇ ਸ਼ਹੀਦੀਆਂ ਪ੍ਰਾਪਤ

ਕੀਤੀਆਂ ਅਤੇ ਮੂੰਹੋਂ ਇਕ ਅੱਖਰ ਭੀ ਵਿਰੁੱਧ ਨਹੀਂ ਉਚਰਿਆ।

ਜਿਸ ਝਗੜੇ ਦਾ ਜ਼ਿਕਰ ਭੰਗੂ ਰਤਨ ਸਿੰਘ ਨੇ ਆਪਣੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਬੰਦਈ ਅਤੇ ਤੱਤ-ਖਾਲਸੇ ਦੇ ਦਰਮਿਆਨ ਮਾਤਾ ਸੁੰਦਰੀ ਜੀ ਦੀ ਫ਼ਰੁੱਖ-ਸੀਅਰ ਨਾਲ ਹੋਈ ਗੱਲ ਬਾਤ ਦੇ ਸਿੱਟੇ ਦੇ ਤੌਰ ਤੇ ਕੀਤਾ ਹੈ, ਉਸ ਦੀ ਅਸਲੀਅਤ ਦੀ ਖੋਜ ਪੜਤਾਲ ਲਈ ਅਸੀਂ ਸਾਰੇ ਸਮਕਾਲੀ ਕਾਗਜ਼ ਪੱਤਰ ਅਤੇ ਲਿਖਤਾਂ ਵੇਖੀਆਂ ਹਨ, ਪਰ ਕਿਸੇ ਵਿਚ ਭੀ ਕੋਈ ਐਸੀ ਗੱਲ ਨਹੀਂ ਲੱਭੀ ਜਿਸ ਤੋਂ ਇਸ ਦਾ ਇਸ਼ਾਰਾ ਭੀ ਮਿਲਦਾ ਹੋਵੇ ਅਤੇ ਭੰਗੂ ਰਤਨ ਸਿੰਘ ਦੀ ਪੁਸ਼ਟੀ ਹੁੰਦੀ ਹੋਵੇ। ਸਰਕਾਰੀ ਰੋਜ਼ਨਾਮਚੇ, ਕਾਮਵਰ ਖ਼ਾਨ ਦਾ 'ਤਜ਼ਕਿਰਾਤੁ-ਸਲਾਤੀਨ', ਮੁਹੰਮਦ ਅਹਿਸਨ ਈਜਾਦ ਦਾ 'ਫ਼ਰੁੱਖ-ਸੀਅਰ ਨਾਮਾ', ਸ਼ਿਵ ਦਾਸ ਦੇ 'ਮੁਨੱਵਰੁਲ ਕਲਾਮ' ਅਤੇ 'ਫ਼ਰੁੱਖ-ਸੀਅਰ ਨਾਮਾ', ਰਾਏ ਚਤਰ ਮਨ ਦਾ 'ਚਹਾਰ ਗੁਲਸ਼ਨ', ਖ਼ਾਫ਼ੀ ਖ਼ਾਨ ਦਾ 'ਮੁੰਤਖ਼ਬੁਲ-ਲੁਬਾਬ', ਮਿਰਜ਼ਾ ਮੁਹੰਮਦ ਹਾਰਿਸੀ ਦੇ 'ਇਬਰਤ-ਨਾਮਾ' ਅਤੇ 'ਤਾਰੀਖਿ-ਮੁਹੰਮਦੀ', ਯਾਹੀਆ ਖ਼ਾਨ ਦਾ 'ਤਜ਼ਕਿਰਾਤੁਲ-ਮਲੂਕ' ਅਤੇ ਹੋਰ ਲਿਖਾਰੀਆਂ ਦੀਆਂ ਪੁਸਤਕਾਂ ਜਿਵੇਂ ਕਿ ਗੁਲਾਮ ਹੁਸੈਨ ਖ਼ਾਨ ਦੀ 'ਸੀਅਰੁਲ-ਮੁਤਾਖ਼ਰੀਨ', ਸੋਹਨ ਲਾਲ ਦੀ 'ਉਮਦਾ-ਤੁ-ਤਵਾਰੀਖ', ਅਲੀਉ-ਦੀਨ ਦਾ 'ਇਬਰਤ ਨਾਮਾ', ਬੂਟੇ ਸ਼ਾਹ ਦੀ 'ਤਾਰੀਖਿ-ਪੰਜਾਬ', ਖੁਸ਼ਵਕਤ ਰਾਏ ਦੀ 'ਤਵਾਰੀਖਿ-ਸਿੱਖਾਂ' ਅਤੇ ਮੈਗਰੇਗਰ, ਥੌਰਨਟਨ, ਕਨ੍ਹਈਆਂ ਲਾਲ, ਮੁਹੰਮਦ ਲਤੀਫ ਆਦਿ ਦੀਆਂ ਪੰਜਾਬ ਦੀਆਂ ਤਵਾਰੀਖਾਂ, ਅਤੇ ਸਰੂਪ ਦਾਸ ਦਾ 'ਮਹਿਮਾ ਪ੍ਰਕਾਸ਼' ਅਤੇ ਭਾਈ ਸੰਤੋਖ ਸਿੰਘ ਦਾ 'ਸੂਰਜ ਪ੍ਰਕਾਸ਼' ਇਸ ਗੱਲ ਸੰਬੰਧੀ ਸਭ ਚੁਪ ਹਨ। ਇਸ ਗੱਲ ਉੱਤੇ ਯਕੀਨ ਕਰ ਸਕਣਾ ਅਸੰਭਵ ਹੈ ਕਿ ਬੰਦਾ ਸਿੰਘ ਵਰਗੇ ਮਹਾਨ ਵੈਰੀ ਨੂੰ ਸਰ ਕਰਨ ਲਈ ਬਾਦਸ਼ਾਹ ਫ਼ਰੁੱਖ-ਸੀਅਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਧਵਾ ਮਾਤਾ ਸੁੰਦਰੀ ਦੇ ਦਰਮਿਆਨ ਹੋਈ ਗੱਲ-ਬਾਤ ਜਾਂ ਲਿਖਾ-ਪੜ੍ਹੀ ਇਨ੍ਹਾਂ ਸਾਰੇ ਇਤਿਹਾਸਕਾਰਾਂ ਦੀ ਨਜ਼ਰੋਂ ਉਹਲੇ ਰਹਿ ਗਈ ਹੋਵੇ। 'ਅਖਬਾਰਿ-ਦਰਬਾਰਿ-ਮੁਅੱਲਾ' ਅਤੇ 'ਤਜ਼ਕਿਰਾਤੁ-ਸਲਾਤੀਨ' ਦਿਨੋ ਦਿਨ ਬੰਦਾ ਸਿੰਘ ਸੰਬੰਧੀ ਖ਼ਬਰਾਂ ਅਤੇ ਬਾਦਸ਼ਾਹੀ ਹੁਕਮਾਂ ਦਾ ਚੋਖਾ ਵੇਰਵਾ ਦਿੰਦੇ ਹਨ ਪਰ ਉਹ ਇਸ ਗੱਲ-ਬਾਤ ਜਾਂ ਲਿਖਾ-ਪੜ੍ਹੀ ਦਾ ਕਿਧਰੇ ਇਸ਼ਾਰਾ ਤਕ ਭੀ ਨਹੀਂ ਕਰਦੇ। ਦੂਸਰੇ ਪਾਸੇ ਉਨ੍ਹਾਂ ਦਿਨਾਂ ਵਿਚ ਹੀ ਜਦ ਕਿ ਇਹ ਗੱਲ-ਬਾਤ ਹੋ ਰਹੀ ਦੱਸੀ ਜਾਂਦੀ ਹੈ, ਬਾਦਸ਼ਾਹ ਵਲੋਂ 10 ਮਾਰਚ ਸੰਨ 1715 (15 ਰੱਬੀ-ਉਲ-ਅੱਵਲ 1127 ਹਿਜ਼ਰੀ) ਨੂੰ ਅਬਦੁੱਸਮਦ ਖ਼ਾਨ ਨੂੰ ਇਕ ਤਾੜਨਾ ਭਰੀ ਚਿੱਠੀ ਭਿਜਵਾਈ ਗਈ ਸੀ ਅਤੇ ਮੁਹੰਮਦ ਅਮੀਨ ਖ਼ਾਨ ਦੇ ਪੁੱਤਰ ਕਮਰੁੱਦੀਨ ਖ਼ਾਨ, ਅਫ਼ਰਾ ਸਿਆਬ ਖ਼ਾਨ, ਮੁਜ਼ੱਫ਼ਰ ਖ਼ਾਨ, ਰਾਜਾ ਉਦਿਤ ਸਿੰਘ ਬੁੰਦੇਲਾ, ਰਾਜਾ ਗੋਪਾਲ ਸਿੰਘ ਭਦਾੜਵੀਆ, ਆਦਿ ਨੂੰ ਅਬਦੁੱਸਮਦ ਖ਼ਾਨ ਦੀ ਸਹਾਇਤਾ ਲਈ ਭੇਜਿਆ ਗਿਆ ਸੀ। 'ਮਹਮਾ ਪ੍ਰਕਾਸ਼' 'ਸੂਰਜ ਪ੍ਰਕਾਸ਼', 'ਚਹਾਰ ਗੁਲਸ਼ਨ', ਮੁਹੰਮਦ ਹਾਰਿਸੀ ਦੀ 'ਤਾਰੀਖਿ ਮੁਹੰਮਦੀ' ਆਦਿ ਵਿਚ ਦਿੱਲੀ ਵਿਚ ਮਾਤਾ ਸੁੰਦਰੀ ਦੇ ਜੀਵਨ, ਪਾਲਕ-ਪੁੱਤਰ ਅਜੀਤ ਸਿੰਘ ਦੇ ਕਾਰਨਾਮਿਆਂ, ਮਾਤਾ ਸੁੰਦਰੀ ਵਲੋਂ ਅਜੀਤ ਸਿੰਘ ਦੀ ਬੇਦਖ਼ਲੀ, ਉਸ ਦੇ ਇਕ ਬੇਨਵਾ ਫ਼ਕੀਰ ਨੂੰ ਮਾਰ ਦੇਣ ਦੇ ਕਾਰਨ ਫੜੇ ਅਤੇ ਮਾਰੇ ਜਾਣ ਅਤੇ ਉਸ ਦੇ ਪੁੱਤਰ ਹਠੀ ਸਿੰਘ ਦੇ ਮਥੁਰਾ ਲਿਜਾਏ ਜਾਣ ਸੰਬੰਧੀ

ਕਾਫ਼ੀ ਵੇਰਵੇ ਸਹਿਤ ਹਾਲਾਤ ਦਿੱਤੇ ਹੋਏ ਹਨ ਪਰ ਬਾਦਸ਼ਾਹ ਫ਼ਰੁੱਖ-ਸੀਅਰ ਨਾਲ ਲਿਖਾ ਪੜ੍ਹੀ ਜਾਂ ਗੱਲ-ਬਾਤ ਦਾ ਇਨ੍ਹਾਂ ਵਿਚ ਉੱਕਾ ਹੀ ਕੋਈ ਜ਼ਿਕਰ ਨਹੀਂ। ਕਿਸੇ ਭਰੋਸੇ ਯੋਗ ਗਵਾਹੀ ਤੋਂ ਬਗ਼ੈਰ ਇਸ ਗੱਲ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਇਕ ਮਨ-ਘੜਤ ਕਲਪਣਾਂ ਤੋਂ ਬਿਨਾਂ ਇਸ ਦਾ ਕੋਈ ਮੁੱਲ ਨਹੀਂ। ਇਹੋ ਹੀ ਮੁਹੰਮਦ ਅਸਲਮ ਖ਼ਾਨ ਨਾਇਬ ਸੂਬੇਦਾਰ ਅਤੇ ਬੰਦਾ ਸਿੰਘ ਦੇ ਵਿਚਕਾਰ ਘੜੀ ਗਈ ਗੱਲ-ਬਾਤ ਬਾਬਤ ਕਿਹਾ ਜਾ ਸਕਦਾ ਹੈ। ਮੁਹੰਮਦ ਅਸਲਮ ਖ਼ਾਨ ਬਾਦਸ਼ਾਹ ਬਹਾਦੁਰ ਸ਼ਾਹ ਦੇ ਵੇਲੇ ਹੀ ਮਰ ਗਿਆ ਸੀ। ਮਾਲੂਮ ਹੁੰਦਾ ਹੈ ਕਿ ਭੰਗੂ ਰਤਨ ਸਿੰਘ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਨ੍ਹਾਂ ਸੰਬੰਧੀ ਜ਼ਿਕਰ ਕਿਸੇ ਗ਼ਲਤ ਖ਼ਬਰ ਦੇ ਆਧਾਰ ਉੱਤੇ ਹੈ, ਸੱਚਾਈ ਉੱਤੇ ਉੱਕਾ ਹੀ ਨਹੀਂ।

ਬੰਦਾ ਸਿੰਘ ਨੇ ਕੇਵਲ ਲੋਕਾਂ ਦੇ ਦੁੱਖ ਦਰਦ ਅਤੇ ਉਨ੍ਹਾਂ ਪਰ ਹੋ ਰਹੇ ਅਨਿਆਇ ਨੂੰ ਦੂਰ ਕਰਨ ਲਈ ਆਪਣੇ ਸਿਰ ਸੇਵਾ ਲਈ ਸੀ ਅਤੇ ਇਹ ਕੇਵਲ ਨਿਸ਼ਕਾਮ ਸੇਵਾ ਸੀ, ਕੋਈ ਹੋਰ ਮੰਤਵ ਇਸ ਦੇ ਪਿੱਛੇ ਨਹੀਂ ਸੀ। ਉਹ ਆਪ ਨਿਆਇ ਦਾ ਪੁਤਲਾ ਸੀ ਅਤੇ ਤੁਰਤ ਫੁਰਤ ਨਿਆਇ ਦਾ ਹਾਮੀ ਸੀ। ਨਿੱਕਾ ਵੱਡਾ ਉਸ ਲਈ ਸਭ ਬਰਾਬਰ ਸਨ। ਵੱਡੇ ਤੋਂ ਵੱਡੇ ਸਰਦਾਰ ਨੂੰ ਭੀ ਉਸ ਦੇ ਜੁਰਮ ਦੇ ਬਦਲੇ ਉਹ ਤੋਪ ਨਾਲ ਉਡਾ ਦੇਣੋਂ ਨਹੀਂ ਸੀ ਝਿਜਕਦਾ ਤਾਂਕਿ ਦੂਸਰਿਆਂ ਨੂੰ ਕੰਨ ਹੋ ਜਾਣ। 'ਬੰਸਾਵਲੀ ਨਾਮੇ' ਦਾ ਕਰਤਾ ਕੇਸਰ ਸਿੰਘ ਛਿੱਬਰ, ਸਿੱਘਾਂ ਸਰਦਾਰਾਂ ਪ੍ਰਤੀ ਬੰਦਾ ਸਿੰਘ ਦੇ ਬਚਨ ਇਉਂ ਦਿੰਦਾ ਹੈ :

'ਰਾਜੇ ਚੁਲੀ ਨਿਆਉਂ ਕੀ'<br>
ਇਉਂ ਗਿਰੰਥ ਵਿਚ ਲਿਖਿਆ ਲਹਿਆ।<br>
ਨਿਆਉਂ ਨ ਕਰੇ ਤ ਨਰਕ ਜਾਏ।<br>
ਰਾਜਾ ਹੋਇ ਕੇ ਨਿਆਉਂ ਕਮਾਏ। ੪੩।<br>
ਪੁਰਖ ਬਚਨ ਮੁਝ ਕੋ ਐਸੇ ਹੈ ਕੀਤਾ।<br>
ਮਾਰਿ ਪਾਪੀ, ਮੈਂ ਵੈਰ ਪੁਰਖ ਦਾ ਲੀਤਾ।<br>
ਜੇ ਤੁਸੀਂ ਉਸ ਪੁਰਖ ਕੇ ਸਿਖ ਅਖਾਓ।<br>
ਤਾ ਪਾਪ ਅਧਰਮ ਅਨਿਆਉ ਨ ਕਮਾਓ। ੪੪।<br>
ਸਿਖ ਉਬਾਰਿ, ਅਸਿਖ ਸੰਘਾਰੋ।<br>
ਪੁਰਖ ਦਾ ਕਹਿਆ ਹਿਰਦੇ ਧਾਰੋ...<br>
ਭੇਖੀ, ਲੰਪਟ, ਪਾਪੀ ਚੁਨਿ ਮਾਰੋ। ੪੫।

ਜੰਗ ਦੇ ਮੈਦਾਨ ਵਿਚ ਬੰਦਾ ਸਿੰਘ ਬਹਾਦੁਰਾਂ ਦਾ ਬਹਾਦੁਰ ਅਤੇ ਬੜਾ ਦਲੇਰ ਸੀ ਅਤੇ ਕਈ ਵਾਰੀ ਦਲੇਰੀ ਵਿਚ ਬੇਪ੍ਰਵਾਹੀ ਦੀ ਹੱਦ ਤਕ ਚਲਾ ਜਾਂਦਾ ਸੀ। ਭਾਵੇਂ ਉਸ ਨੇ ਵੈਰੀਆਂ ਦੇ ਲੋਕਾਂ ਪਰ ਅਤਿਆਚਾਰਾਂ ਤੋਂ ਦੁੱਖੀ ਹੋ ਕੇ ਜੰਗ ਛੇੜੇ ਸਨ ਪਰ ਉਸ ਨੇ ਵੈਰੀਆਂ ਦੀ ਤਰ੍ਹਾਂ ਕੋਈ ਵਧੀਕੀਆਂ ਨਹੀਂ ਕੀਤੀਆਂ। ਮੁਸਲਮਾਨ ਲਿਖਾਰੀਆਂ ਨੇ ਉਸ ਨੂੰ ਬੜੇ ਭੈੜੇ ਰੰਗ ਵਿਚ ਪੇਸ਼ ਕੀਤਾ ਹੈ ਪਰ ਥੌਰਨਟਨ ਕਹਿੰਦਾ ਹੈ "ਅਜਿਹੇ ਮਾਮਲੇ ਵਿਚ ਕਿਸੇ ਮੁਸਲਮਾਨ ਲਿਖਾਰੀ ਉੱਤੇ ਪੂਰੀ ਤਰ੍ਹਾਂ ਭਰੋਸਾ ਨਹੀਂ ਕੀਤਾ ਜਾ ਸਕਦਾ।" ਉਹ

ਪਹਿਲਾਂ ਕਦੀ ਛੇੜਖਾਨੀ ਨਹੀਂ ਸੀ ਕਰਦਾ ਅਤੇ ਨਾ ਹੀ ਕਿਸੇ ਉੱਤੇ ਸਖ਼ਤੀ ਕਰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਉਹ ਉਸੇ ਵੇਲੇ ਤਲਵਾਰ ਫੜਨਾ ਜਾਇਜ਼ ਸਮਝਦਾ ਸੀ ਜਦ ਕਿ ਹੋਰ ਕੋਈ ਵਸੀਲਾ ਰਹਿ ਹੀ ਨਾ ਜਾਏ। ਜਦ ਅਸੀਂ ਉਨ੍ਹਾਂ ਹਾਲਾਤ ਵਲ ਦੇਖਦੇ ਹਾਂ ਜਿਨ੍ਹਾਂ ਵਿਚ ਕਿ ਬੰਦਾ ਸਿੰਘ ਨੂੰ ਤਲਵਾਰ ਫੜਨ ਪਰ ਮਜਬੂਰ ਹੋਣਾ ਪਿਆ ਤਾਂ ਸਾਨੂੰ ਪ੍ਰਤੱਖ ਮਾਲੂਮ ਹੁੰਦਾ ਹੈ ਕਿ ਉਹ ਅਕਾਰਣ ਹੀ ਕੋਈ ਸਖ਼ਤੀ ਨਹੀਂ ਸੀ ਕਰਦਾ ਬਲਕਿ ਅਕਾਰਣ ਜ਼ੁਲਮ ਕਰਨ ਵਾਲਿਆਂ ਦਾ ਵੈਰੀ ਸੀ ਜਿਨ੍ਹਾਂ ਨੂੰ ਕਿ ਰੱਬ ਵਲੋਂ ਡੰਡ ਮਿਲਣ ਵਿਚ ਦੇਰ ਹੋ ਗਈ ਜਾਪਦੀ ਸੀ। ਉਹ ਕੇਵਲ ਦੇਸ਼-ਸੇਵਾ ਦੇ ਭਾਵ ਨਾਲ ਜੰਗ ਵਿਚ ਕੁੱਦਿਆ ਸੀ ਜਿਸ ਦੀ ਜੋਤਿ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਮਨ ਵਿਚ ਜਗਾਈ ਸੀ। ਅਤੇ ਜਦ ਇਕ ਵਾਰੀ ਜੰਗ ਛਿੜ ਪਈ ਤਾਂ ਫੇਰ ਉਹ ਪਿੱਛੇ ਰਹਿਣ ਵਾਲਾ ਨਹੀਂ ਸੀ, ਬਲਕਿ ਵੈਰੀ ਦੇ ਹੱਲੇ ਤੋਂ ਪਹਿਲਾਂ ਸੱਟ ਮਾਰਨ ਵਿਚ ਆਪਣਾ ਬਚਾਉ ਸਮਝਦਾ ਸੀ ਅਤੇ ਸਦਾ ਸਰਬ-ਲੋਹ ਦੀ ਰੱਛਿਆ ਮੰਗਦਾ ਸੀ। ਉਸ ਨੇ ਆਪਣੇ ਆਦਮੀਆਂ ਨੂੰ ਕਦੀ ਬੇਲੋੜੇ ਜੰਗ ਵਿਚ ਨਹੀਂ ਝੋਕਿਆ ਅਤੇ ਸਾਰੇ ਉਤਰਾਓ ਚੜ੍ਹਾਓ ਵੇਖਣ ਤੋਂ ਬਗੈਰ ਕਦੀ ਲੜਾਈ ਵਿਚ ਨਹੀਂ ਸੀ ਕੁੱਦਦਾ ਅਤੇ ਜਿਵੇਂ ਮੌਕਾ ਹੁੰਦਾ ਸੀ ਉਹ ਜੰਗ ਵਿਚ ਡਟ ਜਾਂਦਾ ਜਾਂ ਪਿੱਛੇ ਹੱਟ ਜਾਂਦਾ ਸੀ। ਉਹ ਘੱਟ ਤੋਂ ਘੱਟ ਨੁਕਸਾਨ ਨਾਲ ਵੱਧ ਤੋਂ ਵੱਧ ਸਫ਼ਲਤਾ ਪ੍ਰਾਪਤ ਕਰਨ ਦਾ ਜਤਨ ਕਰਦਾ ਸੀ। ਭਾਵੇਂ ਸਿੰਘਾਂ ਪਾਸ ਜੰਗ ਦਾ ਸਾਮਾਨ ਬੜਾ ਹੀ ਥੋੜਾ ਸੀ ਅਤੇ ਮੁਗ਼ਲ ਹਕੂਮਤ ਦੇ ਟਾਕਰੇ ਤੇ ਆਟੇ ਵਿਚ ਲੂਣ ਬਰਾਬਰ ਭੀ ਨਹੀਂ ਸੀ, ਤਾਂ ਭੀ ਜੋ ਸਫ਼ਲਤਾ ਉਸ ਨੂੰ ਪ੍ਰਾਪਤ ਹੋਈ ਉਸ ਦਾ ਕਾਰਣ ਬੰਦਾ ਸਿੰਘ ਦੀ ਅਥਾਹ ਦਲੇਰੀ ਅਤੇ ਫੁਰਤੀ ਸੀ ਜਿਸ ਨੂੰ ਸਿੰਘਾਂ ਦੀ ਅਜਿੱਤ ਸਪਿਰਿਟ ਅਤੇ ਅਡੋਲ ਬਹਾਦਰੀ ਤੋਂ ਸਹਾਇਤਾ ਮਿਲਦੀ ਸੀ। ਇਨ੍ਹਾਂ ਦੇ ਪਿੱਛੇ ਉਹ ਤਾਕਤ ਅਤੇ ਦ੍ਰਿੜ੍ਹਤਾ ਕੰਮ ਕਰ ਰਹੀ ਸੀ ਜੋ ਕੇਵਲ ਧਰਮ, ਨੀਅਤ ਦੀ ਪਵਿੱਤਰਤਾ ਅਤੇ ਨਿਸ਼ਕਾਮ ਦੇਸ਼-ਸੇਵਾ ਦੇ ਜਜ਼ਬੇ ਤੋਂ ਹੀ ਪ੍ਰਾਪਤ ਹੁੰਦੀ ਅਤੇ ਟਿਕੀ ਰਹਿ ਸਕਦੀ ਹੈ। ਜਦ ਕਦੀ ਅਤਿ ਦੀ ਬਿਪਤਾ ਅਤੇ ਭੀੜ ਭੀ ਆ ਬਣੀ, ਉਸ ਨੂੰ ਸ਼ੋਕ ਅਤੇ ਨਿਰਾਸਤਾ ਨੇ ਬਲਹੀਣ ਨਹੀਂ ਕੀਤਾ ਬਲਕਿ ਉਹ ਹਰ ਹਾਲਤ ਵਿਚ ਚੜ੍ਹਦੀਆਂ ਕਲਾਂ ਵਿਚ ਰਿਹਾ।

ਜੇ ਬੰਦਾ ਸਿੰਘ ਆਪਣੇ ਆਜ਼ਾਦ ਕਰਾਏ ਹੋਏ ਇਲਾਕਿਆਂ ਨੂੰ ਪੱਕੀ ਤਰ੍ਹਾਂ ਕਾਇਮ ਨਹੀਂ ਰੱਖ ਸਕਿਆ, ਤਾਂ ਉਸ ਦਾ ਵੱਡਾ ਕਾਰਣ ਇਹ ਸੀ ਕਿ ਮੁਗ਼ਲ ਹਕੂਮਤ ਹਾਲ ਤਕ ਬਹੁਤ ਜ਼ਿਆਦਾ ਤਾਕਤਵਰ ਸੀ ਅਤੇ ਉਸ ਦੇ ਅਨੰਤ ਆਦਮੀਆਂ ਅਤੇ ਜੰਗੀ ਸਾਮਾਨ ਦੇ ਟਾਕਰੇ ਉੱਤੇ ਸਿੰਘਾਂ ਦੀ ਤਾਕਤ ਬਹੁਤ ਹੀ ਘੱਟ ਸੀ। ਸਢੌਰੇ ਅਤੇ ਗੁਰਦਾਸ ਨੰਗਲ ਵਿਚ ਸਿੰਘਾਂ ਨੂੰ ਪਹਿਲੇ ਖਾਣੇ ਦਾਣੇ ਦੇ ਘਾਟੇ ਅਤੇ ਭੁੱਖ ਨੇ ਲਾਚਾਰ ਕਰ ਦਿੱਤਾ ਅਤੇ ਪਿੱਛੋਂ ਮੁਗ਼ਲ ਲਸ਼ਕਰੀਆਂ ਦੀ ਅਥਾਹ ਗਿਣਤੀ ਦੇ ਹੜ੍ਹ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਹਥਿਆਰਾਂ ਅਤੇ ਬਰੂਦ ਸਿੱਕੇ ਦਾ ਤਾਂ ਕਹਿਣਾ ਹੀ ਕੀ ਹੋਇਆ। ਇਹੋ ਹੀ ਨਹੀਂ ਖ਼ਾਲਸਿਆਂ ਨੂੰ ਸੁਤੰਤਰਤਾ ਦੀ ਇਸ ਲੜਾਈ ਵਿਚ ਸਾਰਾ ਭਾਰ ਇਕੱਲਿਆਂ ਹੀ ਸਹਿਣਾ ਪਿਆ। ਸਿੰਘਾਂ ਨੇ ਹਿੰਦੂਆਂ ਦੀ ਆਜ਼ਾਦੀ ਲਈ ਬੀੜਾ ਚੁੱਕਿਆ ਸੀ, ਪਰ ਕਿਸੇ ਇਕ ਭੀ ਉੱਘੇ ਹਿੰਦੂ ਨੇ ਉਨ੍ਹਾਂ ਦੀ ਸਹਾਇਤਾ ਨਾ ਕੀਤੀ, ਬਲਕਿ ਉਨ੍ਹਾਂ ਦੇ ਵੱਡੇ ਵੱਡੇ

ਸਾਰੇ ਰਾਜੇ ਮੁਗ਼ਲਾਂ ਦੀ ਸਹਾਇਤਾ ਲਈ ਸਿੰਘਾਂ ਵਿਰੁੱਧ ਆਪਣੇ ਲਾਓ ਲਸ਼ਕਰ ਸਮੇਤ ਚੜ੍ਹ ਆਏ। ਰਾਜਾ ਅਜੀਤ ਸਿੰਘ ਜੋਧਪੁਰੀਆ, ਰਾਜਾ ਜੈ ਸਿੰਘ ਜੈਪੁਰੀਆ, ਰਾਜਾ ਚਤਰ ਸਾਲ ਬੁੰਦੇਲਾ, ਚੂੜਾਮਨਿ ਜਾਟ, ਗੋਪਾਲ ਸਿੰਘ ਭਦਾਵੜੀਆ, ਉਦਿੱਤ ਸਿੰਘ ਬੁੰਦੇਲਾ, ਬਦਨ ਸਿੰਘ ਬੁੰਦੇਲਾ, ਬਚਨ ਸਿੰਘ ਕਛਵਾਹਾ, ਸ਼ਿਵਾਲਕ ਪਹਾੜ ਦੇ ਰਾਜੇ ਆਦਿ ਸਭ ਸਿੰਘਾਂ ਦੇ ਵਿਰੁੱਧ ਆ ਜੁੜੇ ਸਨ। ਬੰਦਾ ਸਿੰਘ ਦੇ ਕਾਰਨਾਮਿਆਂ ਤੋਂ ਬੜੀਆਂ ਆਸਾਂ ਸਨ ਪਰ ਸਮੇਂ ਨੇ ਸਾਥ ਨਾ ਦਿੱਤਾ ਅਤੇ ਉਸ ਦਾ ਜੀਵਨ ਵਿਚਕਾਰ ਹੀ ਟੁੱਟ ਗਿਆ। ਬਾਹਰੋਂ ਭਾਵੇਂ ਉਹ ਆਜ਼ਾਦੀ ਦੇ ਯੁੱਧ ਵਿਚ ਸਫ਼ਲ ਹੋਇਆ ਨਾ ਦਿਸੇ, ਪਰ ਸੁਤੰਤਰਤਾ ਦੀ ਜੋ ਚੰਗਿਆੜੀ ਗੁਰੂ ਗੋਬਿੰਦ ਸਿੰਘ ਨੇ ਸੁਲਗਾਈ ਸੀ ਅਤੇ ਜਿਸ ਨੂੰ ਬੰਦਾ ਸਿੰਘ ਨੇ ਹਵਾ ਝੱਲੀ ਸੀ, ਬੁਝਾਈ ਨਾ ਜਾ ਸਕੀ ਬਲਕਿ ਚਾਲੀ ਵਰ੍ਹਿਆਂ ਪਿੱਛੋਂ ਉਹ ਭਾਂਬੜ ਵਾਂਙ ਮਚ ਉੱਠੀ ਅਤੇ ਪੰਜਾਬ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾ ਕੇ ਹੀ ਠੰਢੀ ਹੋਈ।

ਭਾਵੇਂ ਬੰਦਾ ਸਿੰਘ ਦੀ ਦਿੱਲੀ ਵਿਚ ਸ਼ਹੀਦੀ ਤੋਂ ਬਾਅਦ ਸਿੱਖਾਂ ਉੱਤੇ ਅਤਿ ਦੀ ਸਖ਼ਤੀ ਸ਼ੁਰੂ ਹੋ ਗਈ ਅਤੇ ਬਾਦਸ਼ਾਹ ਫ਼ਰੁੱਖ-ਸੀਅਰ ਨੇ ਬਹਾਦੁਰ ਸ਼ਾਹ ਬਾਦਸ਼ਾਹ ਵਾਲਾ ਹੁਕਮ ਮੁੜ ਜਾਰੀ ਕਰ ਦਿੱਤਾ ਕਿ ਜਿਥੇ ਕਿਧਰੇ ਭੀ ਕੋਈ ਸਿੱਖ ਮਿਲੇ ਮਾਰ ਦਿੱਤਾ ਜਾਏ ਪਰ ਜੋ ਮਿਸ਼ਨ ਗੁਰੂ ਗੋਬਿੰਦ ਸਿੰਘ ਰਾਹੀਂ ਸਿਰੇ ਚਾੜ੍ਹਨਾ ਮਿਥਿਆ ਸੀ ਉਸ ਨੂੰ ਅਸਫਲ ਹੋਇਆ ਨਹੀਂ ਕਿਹਾ ਜਾ ਸਕਦਾ। 'ਹਿਸਟਰੀ ਔਫ਼ ਦੀ ਸਿਖਸ' ਵਿਚ ਪੇਨ ਲਿਖਦਾ ਹੈ "ਕਿ (ਗੁਰੂ) ਗੋਬਿੰਦ ਸਿੰਘ ਦਾ ਮਿਸ਼ਨ ਨਾਕਾਮਯਾਬ ਨਹੀਂ ਸੀ ਹੋਇਆ। ਭਾਵੇਂ ਸਿੱਖਾਂ ਦਾ ਸੰਗਠਨ ਨਹੀਂ ਸੀ ਰਿਹਾ ਅਤੇ ਉਹ ਖਿੰਡ ਪੁੰਡ ਗਏ ਸਨ, ਉਨ੍ਹਾਂ ਦਾ ਕੋਈ ਆਗੂ ਨਹੀਂ ਸੀ ਰਿਹਾ, ਇਕ ਗਜ਼ ਥਾਂ ਭੀ ਆਪਣੀ ਕਹਿਣ ਜੋਗੀ ਉਨ੍ਹਾਂ ਪਾਸ ਨਹੀਂ ਸੀ ਰਹੀ, ਪਰ ਕੌਮੀਅਤ ਦੇ ਜਿਤਨੇ ਜ਼ਿਆਦਾ ਲਾਗੇ ਉਹ ਹੁਣ ਸਨ ਇਸ ਤੋਂ ਪਹਿਲਾਂ ਕਦੀ ਭੀ ਨਹੀਂ ਸਨ। ਬਿਪਤਾ ਅਤੇ ਦੁੱਖ ਨੇ ਉਨ੍ਹਾਂ ਨੂੰ ਆਪਣੇ ਧਰਮ ਨਾਲ ਜੋੜਨ ਅਤੇ ਏਕਤਾ ਵਲ ਲਿਆਉਣ ਲਈ ਤਾਕਤ ਬਖਸ਼ਣ ਦਾ ਕੰਮ ਕੀਤਾ। ਹੁਣ ਉਹ ਆਪਣੇ ਆਪ ਨੂੰ ਇਕ ਵੱਖਰੀ ਕੌਮ ਸਮਝਣ ਲੱਗ ਪਏ। ਜਿਵੇਂ (ਗੁਰੂ) ਗੋਬਿੰਦ ਸਿੰਘ ਨੇ ਬਚਨ ਕੀਤਾ ਸੀ, ਉਨ੍ਹਾਂ ਨੂੰ ਆਉਣ ਵਾਲੇ ਆਪਣੇ (ਉਜਲੇ) ਭਵਿੱਖ ਉੱਤੇ ਪੂਰਾ ਯਕੀਨ ਸੀ ਅਤੇ ਇਕ ਦਰਿੜ੍ਹ ਨਿਸ਼ਚਾ ਜਿਸ ਤੋਂ ਉਹ ਕਦੀ ਨਹੀਂ ਥਿੜਕੇ, ਉਹ ਸੀ ਖ਼ਾਲਸੇ ਦੀ ਫ਼ਤਿਹ ਲਈ ਲਗਾਤਾਰ ਅਮੁੱਕ ਘੋਲ।" ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਸਿੰਘ ਪਹਿਲਾ ਆਦਮੀ ਸੀ ਜਿਸ ਨੇ ਸਿੰਘਾਂ ਨੂੰ ਨਿਰੋਲ ਅਤੇ ਅਡੋਲ ਕੌਮੀਅਤ ਦਾ ਅਮਲੀ ਸਬਕ ਪੜ੍ਹਾਇਆ ਅਤੇ ਖ਼ਾਲਸੇ ਹਸੂੰ ਹਸੂੰ ਕਰਦੇ ਆਪਾ ਵਾਰ ਦੇਣਾ ਸਿਖਾਇਆ। ਇਸ ਮਹਾਨ ਸ਼ਹੀਦ ਦੀ ਪਵਿੱਤਰ ਉਦਾਹਰਣ ਦਾ ਖ਼ਿਆਲ ਹੀ ਸਿੰਘਾਂ ਦੇ ਮਨ ਨੂੰ ਚੜ੍ਹਦੀਆ ਕਲਾਂ ਵਲ ਲੈ ਜਾਣ ਵਿਚ ਸਹਾਇਤਾ ਕਰਦਾ ਰਿਹਾ ਹੈ ਜਿਨ੍ਹਾਂ ਨੇ ਕਿ ਆਪਣੀ ਵਾਰੀ ਸਿਰ ਇਤਿਹਾਸ ਦੇ ਪੰਨਿਆਂ ਨੂੰ ਕੁਰਬਾਨੀ ਦੀਆਂ ਹੋਰ ਭੀ ਕਈ ਉੱਚੀਆਂ ਉਦਾਹਰਣਾਂ ਦਿੱਤੀਆਂ ਹਨ। ਇਹ ਬੰਦਾ ਸਿੰਘ ਹੀ ਸੀ ਜਿਸ ਦੀ ਰਾਹੀਂ ਖ਼ਾਲਸੇ ਦੀਆਂ ਜਿੱਤਾਂ ਦਾ ਰਸਤਾ ਖੁੱਲ੍ਹਾ। ਉਹ ਪਹਿਲਾ ਆਦਮੀ ਸੀ ਜਿਸ ਨੇ ਪੰਜਾਬ ਵਿਚ ਮੁਗ਼ਲਾਂ ਦੇ ਅਤਿਆਚਾਰੀ ਰਾਜ ਨੂੰ ਕਰਾਰੀ ਸੱਟ ਮਾਰੀ ਅਤੇ ਇਥੇ ਸਿੱਖਾਂ ਦੀ ਜਿੱਤ ਲਈ ਪਹਿਲਾ ਸਿਆੜ

ਕੱਢਿਆ। ਭਾਵੇਂ ਉਸ ਦੀ ਮੌਤ ਤੋਂ ਚਾਲੀ ਵਰ੍ਹੇ ਬਾਅਦ ਖ਼ਾਲਸੇ ਦਾ ਲਾਹੌਰ ਉੱਤੇ ਕਬਜ਼ਾ ਹੋਇਆ ਅਤੇ ਸਿੱਖ ਰਾਜ ਦਾ ਇਲਾਨ ਕੀਤਾ ਗਿਆ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ 'ਪਾਦਸ਼ਾਹ' (ਸੁਲਤਾਨੁਲ-ਕੌਮ)' ਬਣਾਇਆ ਗਿਆ ਪਰ ਇਹ ਬੰਦਾ ਸਿੰਘ ਹੀ ਸੀ ਜਿਸ ਨੇ ਸੰਨ 1710 ਵਿਚ ਪੰਜਾਬ ਵਿਚ ਖ਼ਾਲਸੇ ਦੇ ਤਹਿਤ ਹੇਠਾਂ ਕੌਮੀ ਰਾਜ ਦੀ ਨੀਂਹ ਧਰੀ ਸੀ।

ਬੰਦਾ ਸਿੰਘ ਮੁਸਲਮਾਨਾਂ ਦਾ ਵੈਰੀ ਨਹੀਂ ਸੀ ਜਿਵੇਂ ਕਿ ਕਈ ਇਤਿਹਾਸਕਾਰਾਂ ਨੇ ਉਸ ਨੂੰ ਪੇਸ਼ ਕਰਨ ਦਾ ਕੋਝਾ ਜਤਨ ਕੀਤਾ ਹੈ। ਧਾਰਮਿਕ ਤੌਰ ਤੇ ਇਸਲਾਮ ਨਾਲ ਕੋਈ ਵਿਰੋਧ ਨਹੀਂ ਸੀ ਅਤੇ ਨਾ ਹੀ ਉਸ ਨੇ ਇਸਲਾਮ ਦੇ ਸੰਚਾਲਕ ਹਜ਼ਰਤ ਮੁਹੰਮਦ ਸਾਹਿਬ ਜਾਂ ਕਿਸੀ ਹੋਰ ਮੁਸਲਮਾਨ ਮਹਾਂਪੁਰਖ ਦੇ ਵਿਰੁੱਧ ਕਦੀ ਕੁਝ ਆਖਿਆ ਹੈ। ਉਹ ਜ਼ੁਲਮੀ ਰਾਜ ਦੇ ਵਿਰੁੱਧ ਸੀ ਅਤੇ ਇਤਫ਼ਾਕ ਨਾਲ ਉਸ ਦੇ ਵੇਲੇ ਰਾਜ ਉਨ੍ਹਾਂ ਲੋਕਾਂ ਦੇ ਹੱਥ ਸੀ ਜਿਨ੍ਹਾਂ ਦਾ ਮਜ਼ਹਬ ਇਸਲਾਮ ਸੀ ਅਤੇ ਉਹ ਲੋਕਾਂ ਉੱਤੇ ਜ਼ੁਲਮ ਕਰਦੇ ਸਨ ਇਸ ਲਈ ਉਨ੍ਹਾਂ ਨਾਲ ਉਸ ਦੀ ਟੱਕਰ ਹੋ ਗਈ। ਜਿਵੇਂ ਪਿੱਛੇ ਜ਼ਿਕਰ ਆ ਚੁੱਕਾ ਹੈ ਅਤੇ 13 ਜੂਨ 1710 ਨੂੰ ਬਾਦਸ਼ਾਹ ਬਹਾਦੁਰ ਸ਼ਾਹ ਪਾਸ ਪੁੱਜੀ ਖ਼ਬਰ ਵਿਚ ਲਿਖਿਆ ਹੋਇਆ ਹੈ ਕਿ ਸਰਹੰਦ ਦੀ ਫ਼ਤਿਹ ਤੋਂ ਬਾਅਦ ਬੰਦਾ ਸਿੰਘ ਨੇ ਪ੍ਰਗਣਾ ਬੂੜੀਏ ਦੇ ਜ਼ਿਮੀਂਦਾਰ ਜਾਨ ਮੁਹੰਮਦ ਨੂੰ ਕਿਹਾ, 'ਅਸੀਂ ਤੇਰਾ ਕਸੂਰ ਮਾਫ਼ ਕਰ ਦਿੱਤਾ ਹੈ ਅਤੇ ਤੈਨੂੰ ਸਾਰੇ ਪ੍ਰਗਣੇ ਦਾ ਜ਼ਿਮੀਂਦਾਰ ਬਣਾ ਦਿੱਤਾ ਹੈ। ਤੈਨੂੰ ਚਾਹੀਦਾ ਹੈ ਕਿ ਤੂੰ ਆਪਣੇ ਆਦਮੀ ਲੈ ਕੇ ਜਾਵੇਂ ਅਤੇ ਚੂੰਡਲੇ ਦੇ ਜ਼ਿਮੀਂਦਾਰ ਸਰਦਾਰ ਖ਼ਾਨ ਨੂੰ ਲਿਆਵੇਂ। ਉਸ ਤੋਂ ਬਾਅਦ ਤੂੰ ਸਾਡੇ ਨਾਲ ਜਲਾਲ ਖ਼ਾਨ ਨੂੰ ਸੋਧਣ ਚਲੇਂਗਾ।'

10 ਦਸੰਬਰ 1710 ਨੂੰ ਬਾਦਸ਼ਾਹ ਬਹਾਦੁਰ ਸ਼ਾਹ ਨੇ ਸਿੰਘਾਂ ਦੇ ਵਿਰੁੱਧ ਹੁਕਮ ਜਾਰੀ ਕਰ ਦਿੱਤਾ ਸੀ ਕਿ ਜਿੱਥੇ ਕਿਧਰੇ ਭੀ ਕੋਈ ਸਿੱਖ ਮਿਲੇ ਕਤਲ ਕਰ ਦਿੱਤਾ ਜਾਏ। ਪਰ ਫਿਰ ਭੀ ਬੰਦਾ ਸਿੰਘ ਨੇ ਮੁਗ਼ਲ ਰਾਜ ਦੇ ਵਿਰੁੱਧ ਲੜਾਈ ਨੂੰ ਧਾਰਮਿਕ ਲੜਾਈ ਦਾ ਰੂਪ ਨਹੀਂ ਦਿੱਤਾ। ਉਸ ਦਾ ਤਾਂ ਕੇਵਲ ਰਾਜਸੀ ਅੰਦੋਲਨ ਸੀ। ਇਸ ਲਈ ਉਸ ਨੇ ਮੁਸਲਮਾਨਾਂ ਉੱਤੇ ਕੋਈ ਧਾਰਮਿਕ ਬੰਦਸ਼ਾਂ ਨਹੀਂ ਲਾਈਆਂ। ਜਿਸ ਦਾ ਨਤੀਜਾ ਇਹ ਹੋਇਆ ਕਿ ਕਲਾਨੌਰ ਦੇ ਲਾਗੇ ਪੰਜ ਹਜ਼ਾਰ ਮੁਸਲਮਾਨ ਭੀ ਆ ਉਸ ਦੀ ਫ਼ੌਜ ਵਿਚ ਭਰਤੀ ਹੋਏ। ਬਾਦਸ਼ਾਹ ਪਾਸ 28 ਅਪ੍ਰੈਲ 1711 (21 ਰੱਬੀ-ਉਲ-ਅੱਵਲ 1123 ਹਿਜ਼ਰੀ) ਨੂੰ ਪੁੱਜੀ ਖ਼ਬਰ ਵਿਚ ਦਰਜ ਹੈ ਕਿ :

> ਉਸ [ਬੰਦਾ ਸਿੰਘ] ਨੇ ਬਚਨ ਦਿੱਤਾ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਚੁਨਾਂਚਿ ਜੋ ਭੀ ਮੁਸਲਮਾਨ ਉਸ ਵਲ ਰੁਜੂ ਹੁੰਦਾ ਹੈ, ਉਹ [ਬੰਦਾ ਸਿੰਘ] ਉਸ ਦੀ ਦਿਹਾੜੀ ਅਤੇ ਤਨਖ਼ਾਹ ਨਿਯਤ ਕਰਕੇ ਉਸ ਦਾ ਧਿਆਨ ਰਖਦਾ ਹੈ ਅਤੇ ਉਸ ਨੇ ਆਗਿਆ ਦੇ ਦਿੱਤੀ ਹੋਈ ਹੈ ਕਿ ਨਮਾਜ਼ ਅਤੇ ਖ਼ੁਤਬਾ ਜਿਵੇਂ (ਮੁਸਲਮਾਨ) ਚਾਹੁਣ ਪੜ੍ਹਨ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫ਼ੌਜ ਵਿਚ ਬਾਂਗ ਅਤੇ

ਨਮਾਜ਼ ਵਲੋਂ ਸੁਖ ਪਾ ਰਹੇ ਹਨ ।

ਇਹ ਬੰਦਾ ਸਿੰਘ ਦੀ ਧਾਰਮਿਕ ਉਦਾਰਤਾ ਅਤੇ ਨਿਰਪੱਖਤਾ ਦੀ ਆਪਣੇ ਮੂੰਹੋਂ ਆਪ ਬੋਲਦੀ ਤਸਵੀਰ ਹੈ ਜੋ ਕਿਸੇ ਟੀਕਾ ਟਿੱਪਣੀ ਦੀ ਮੁਹਤਾਜ ਨਹੀਂ ।

ਜੋ ਕੁਝ ਪਿਛਲੇ ਅਧਿਆਵਾਂ ਵਿਚ ਲਿਖਿਆ ਜਾ ਚੁੱਕਾ ਹੈ ਉਸ ਤੋਂ 'ਸੁੱਤੇ ਸਿੱਧ ਹੀ ਇਹ ਗੱਲ ਸਪੱਸ਼ਟ ਹੈ ਕਿ ਜੇ ਸਾਰਿਆਂ ਪਾਸਿਆਂ ਨੂੰ ਵਿਚਾਰ ਕੇ ਦੇਖਿਆ ਜਾਏ ਤਾਂ ਬੰਦਾ ਸਿੰਘ ਉਨ੍ਹਾਂ ਮਹਾਨ ਮਾਨਨੀਯ ਵਿਅਕਤੀਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਸਤਾਰ੍ਹਵੀਂ ਸਦੀ ਵਿਚ ਭਾਰਤ ਮਾਤਾ ਨੇ ਜਨਮ ਦੇ ਕੇ ਉਜਾਗਰ ਕੀਤਾ ਹੈ । ਭਾਵੇਂ ਇਸ ਨਾਟਕ ਉੱਤੇ ਪਰਦਾ ਡਿਗੇ ਨੂੰ ਹੁਣ ਢਾਈ ਸੌ ਸਾਲ ਬੀਤ ਗਏ ਹਨ ਅਤੇ ਉਹ ਖਿਲਾੜੀ ਕਦੀ ਭੀ ਨਾ ਮੁੜਨ ਲਈ ਰੰਗ ਭੂਮੀ ਤੋਂ ਸਦਾ ਲਈ ਅਲੋਪ ਹੋ ਗਿਆ ਹੈ ਪਰ ਉਸ ਦੀ ਮਹਾਨ ਆਤਮਾ ਦੀਨ ਅਤੇ ਦੁਖੀਆਂ ਦੀ ਸਹਾਇਤਾ ਲਈ ਉਸ ਦੇ ਗੁਰ-ਭਾਈਆਂ ਦੇ ਸੂਰਮਗਤੀ ਦੇ ਕਾਰਨਾਮਿਆਂ ਵਿਚ ਕਈ ਵਾਰੀ ਮੁੜ ਮੁੜ ਆ ਚਮਕਦੀ ਹੈ । ਭਾਵੇਂ ਉਹ ਜਿਸ ਨੂੰ ਇਕ ਸਮੇਂ ਧਰਮ-ਰੱਖਿਅਕ ਜਾਣ ਕੇ ਪ੍ਰਣਾਮ ਕੀਤਾ ਜਾਂਦਾ ਸੀ, ਜੋ ਦੁੱਖੀਆਂ ਦਾ ਸਹਾਰਾ ਅਤੇ ਉਨ੍ਹਾਂ ਦੀਆਂ ਆਸਾਂ ਦਾ ਭਰਪੂਰ ਸੋਮਾ ਸੀ, ਇਸ ਵੇਲੇ ਨਹੀਂ ਹੈ ਅਤੇ ਉਸ ਦੀ ਮਿੱਟੀ ਮਿੱਟੀ ਵਿਚ ਰਲ ਗਈ ਹੈ ਅਤੇ ਉਸ ਦੀ ਆਤਮਾ ਪਰਮ–ਆਤਮਾ ਵਿਚ ਲਿਵ-ਲੀਨ ਹੋ ਗਈ ਹੈ, ਉਸ ਦਾ ਨਾਉਂ ਦੀਨ ਦੁਖੀਆਂ ਲਈ ਨਿਸ਼ਕਾਮ ਬਲੀਦਾਨ ਅਤੇ ਗੁਰੂ ਅਤੇ ਵਾਹਿਗੁਰੂ ਦੀ ਭਗਤੀ ਵਿਚ ਅਡੋਲ ਰਹਿ ਕੇ ਸ਼ਹੀਦੀ ਲਈ ਸਦਾ ਅਮਰ ਰਹੇਗਾ ।

ਅਧਿਆਇ 21

# ਬੰਦਈ ਅਤੇ ਤੱਤ-ਖ਼ਾਲਸਿਆਂ ਵਿਚ ਮੱਤ-ਭੇਦ

ਦਿੱਲੀ ਵਿਚ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਕਤਲ ਕਰ ਦਿੱਤੇ ਜਾਣ ਪਿੱਛੋਂ ਮੁਗ਼ਲਾਂ ਨੇ ਸਿੱਖਾਂ ਦੀ ਰਾਜਸੀ ਤਾਕਤ ਹੀ ਨਹੀਂ ਬਲਕਿ ਸਾਰੀ ਦੀ ਸਾਰੀ ਕੌਮ ਨੂੰ ਮਾਰ ਮੁਕਾਉਣ ਲਈ ਉਹ ਸਭ ਢੰਗ ਵਰਤੇ ਜੋ ਉਨ੍ਹਾਂ ਨੂੰ ਸੁਝ ਸਕੇ। ਮੁਨਸ਼ੀ ਦਾਨਿਸ਼ਵਰ 'ਮਿਫਤਾਹੁ-ਤਵਾਰੀਖ' ਵਿਚ ਲਿਖਦਾ ਹੈ ਕਿ ਇਕ ਸ਼ਾਹੀ ਫ਼ਰਮਾਨ ਇਸ ਭਾਵ ਦਾ ਜਾਰੀ ਕੀਤਾ ਗਿਆ ਕਿ ਜਿਥੇ ਕਿਧਰੇ ਭੀ ਇਸ (ਸਿੱਖ) ਫਿਰਕੇ ਦੇ ਲੋਕ ਮਿਲ ਜਾਣ ਬਿਨਾਂ ਝਿਜਕ ਕਤਲ ਕਰ ਦਿੱਤੇ ਜਾਣ। ਮੈਲਕਮ ਕਹਿੰਦਾ ਹੈ ਕਿ ਇਸ ਹੁਕਮ ਨੂੰ ਅਮਲੀ ਰੂਪ ਦੇਣ ਲਈ ਹਰ ਸਿੱਖ ਦੇ ਸਿਰ ਲਈ ਇਨਾਮ ਰਖ ਦਿੱਤਾ ਗਿਆ। ਡਾਕਟਰ ਮੈਗਰੇਗਰ 'ਹਿਸਟਰੀ ਔਫ ਦੀ ਸਿਖਸ' ਵਿਚ ਦੱਸਦਾ ਹੈ ਕਿ ਇਸ ਵੇਲੇ ਸਿੱਖਾਂ ਉੱਤੇ ਬੜੀ ਸਖ਼ਤੀ ਹੋ ਰਹੀ ਸੀ। ਸਿੱਖਾਂ ਨੂੰ ਪੰਜਾਬ ਦੇ ਦੂਸਰੇ ਲੋਕਾਂ ਤੋਂ ਨਿਖੇੜਨ ਲਈ ਸਾਰੇ ਹਿੰਦੂਆਂ ਨੂੰ ਹੁਕਮ ਦੇ ਦਿੱਤਾ ਗਿਆ ਕਿ ਉਹ ਆਪਣੇ ਬਾਲ ਅਤੇ ਦਾੜ੍ਹੀਆਂ ਮੁਨਾ ਦੇਣ ਅਤੇ ਜੇ ਕੋਈ ਦਾੜ੍ਹੀ ਜਾਂ ਵਾਲਾਂ ਵਾਲਾ ਮਿਲ ਜਾਏ ਤਾਂ ਉਸ ਨੂੰ ਮਾਰ ਦਿੱਤਾ ਜਾਏ। ਲਾਹੌਰ ਦੇ ਸੂਬੇਦਾਰ ਅਬਦੁੱਸਮਦ ਖ਼ਾਨ ਦੀਆਂ ਗਸ਼ਤੀ ਫ਼ੌਜਾਂ ਨੇ ਸਿੰਘਾਂ ਦੀ ਟੋਲ ਭਾਲ ਲਈ ਦੇਸ਼ ਗਾਹ ਮਾਰਿਆ ਅਤੇ ਜੰਗਲੀ ਜਾਨਵਰਾਂ ਦੀ ਤਰ੍ਹਾਂ ਉਨ੍ਹਾਂ ਦਾ ਸ਼ਿਕਾਰ ਕਰਨਾ ਆਰੰਭ ਕਰ ਦਿੱਤਾ। ਖਿਝੇ ਹੋਏ ਮੁਸਲਮਾਨ ਅਤੇ ਨਿਤਾਣੇ ਹਿੰਦੂ ਉਨ੍ਹਾਂ ਨੂੰ ਕਿਧਰੇ ਟਿਕਣ ਨਹੀਂ ਸਨ ਦਿੰਦੇ। ਇਸ ਵੇਲੇ ਅਤੇ ਇਸ ਤਰ੍ਹਾਂ ਜੋ ਲੋਕ ਮਾਰੇ ਗਏ ਅਤੇ ਉਨ੍ਹਾਂ ਦੀ ਗਿਣਤੀ ਬੜੀ ਹੈਰਾਨ ਕਰ ਦੇਣ ਵਾਲੀ ਹੋਵੇਗੀ। ਕੁਝ ਸਿੱਖ ਦਿਨ ਕਟੀ ਕਰਨ ਲਈ ਦੇਸ਼ ਨੂੰ ਛੱਡ ਕੇ ਸ਼ਿਵਾਲਕ ਪਹਾੜੀਆਂ ਵਲ ਜਾ ਚੜ੍ਹੇ, ਕੁਝ ਦੂਰ ਦੁਰੇਡੇ ਜੰਗਲਾਂ ਅਤੇ ਰੇਤ-ਥਲਿਆਂ ਨੂੰ ਚਲੇ ਗਏ। ਇਹ ਲੋਕ ਹੀ ਕਤਲਾਮਾਂ ਵਿਚੋਂ ਬਚ ਸਕੇ।

ਬਾਦਸ਼ਾਹ ਫ਼ਰੁਖ਼-ਸੀਅਰ ਦੇ ਪੰਜਵੇਂ ਸਾਲ (1130 ਹਿਜ਼ਰੀ, 1718 ਈਸਵੀ) ਦੇ ਆਰੰਭ ਵਿਚ ਅਬਦੁੱਸਮਦ ਖ਼ਾਨ ਰਾਜ-ਪ੍ਰਬੰਧ ਦੇ ਹੋਰ ਮਾਮਲਿਆਂ ਵਿਚ ਰੁੱਝ ਗਿਆ ਅਤੇ ਸ਼ਾਹਦਾਦ ਖ਼ਾਨ ਖੇਸ਼ਗੀ ਨੂੰ ਈਸਾ ਖ਼ਾਨ ਮੰਝ ਦੇ ਵਿਰੁੱਧ ਭੇਜਿਆ ਗਿਆ ਤਾਂ ਸਿੰਘ ਹੌਲੀ ਹੌਲੀ ਪਹਾੜਾਂ ਅਤੇ ਜੰਗਲਾਂ ਤੋਂ ਨਿਕਲ ਕੇ ਆਪਣੇ ਘਰਾਂ ਨੂੰ ਮੁੜਨ ਲੱਗ ਪਏ। ਸਮਾਂ ਬੀਤਦੇ ਜਾਣ ਨਾਲ ਅਬਦੁੱਸਮਦ ਖ਼ਾਨ ਦਾ ਗੁੱਸਾ ਭੀ ਕੁਝ ਢਿੱਲਾ ਪੈਣ ਲੱਗ ਪਿਆ ਅਤੇ ਸਿੰਘਾਂ ਦੀ ਕਤਲਾਮ ਦੇ ਹੁਕਮ ਆਮ ਕਰਕੇ ਉਨ੍ਹਾਂ ਦੇ ਵਿਰੁੱਧ ਹੀ ਲਾਗੂ ਰਹਿ ਗਏ ਜਿਨ੍ਹਾਂ ਉੱਤੇ ਬੰਦਾ ਸਿੰਘ ਦੀ ਅਗਵਾਈ ਹੇਠ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਦੋਸ਼ ਲਾਇਆ ਜਾਂਦਾ ਸੀ। ਬਾਕੀ ਸਾਰਿਆਂ ਨੂੰ ਘਰੀਂ ਮੁੜ ਆਉਣ ਅਤੇ ਆਪਣਾ ਕੰਮ ਕਾਜ ਕਰਨ

ਵਿਚ ਬਹੁਤੀ ਸਖ਼ਤ ਰੁਕਾਵਟ ਨਾ ਰਹੀ।

ਸਿੰਘਾਂ ਦੇ ਘਰਾਂ ਨੂੰ ਮੁੜ ਆਉਣ ਨਾਲ ਗੁਰਦੁਆਰਿਆਂ ਦੀ ਅਹਿਮੀਅਤ ਅਤੇ ਆਮਦਨੀ ਵਿਚ ਅਤੇ ਖ਼ਾਸ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕਾਫ਼ੀ ਵਾਧਾ ਹੋਣ ਲੱਗ ਪਿਆ। ਦਸੰਬਰ ਸੰਨ 1704 ਵਿਚ ਆਨੰਦਪੁਰ ਦੀ ਤਬਾਹੀ ਤੋਂ ਬਾਅਦ, ਜਦ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਇਥੋਂ ਅੰਤਮ ਬਾਰ ਚਲਾ ਜਾਣਾ ਪਿਆ, ਇਹ ਮੁੜ ਆਪਣੀ ਪੁਰਾਣੀ ਪ੍ਰਭਤਾ ਪ੍ਰਾਪਤ ਨਾ ਕਰ ਸਕਿਆ। ਤਬਾਹੀ ਤੋਂ ਬਿਨਾਂ, ਆਨੰਦਪੁਰ ਪੰਜਾਬ ਦੇ ਕੇਂਦਰ ਤੋਂ, ਜਿੱਥੇ ਕਿ ਸਿੰਘਾਂ ਦੀ ਵਸੋਂ ਬਹੁਤੀ ਸੀ, ਚੋਖਾ ਦੂਰ ਅਤੇ ਇਕ ਗੁੱਠੇ ਸੀ। ਦੂਸਰੇ ਪਾਸੇ ਅੰਮ੍ਰਿਤਸਰ ਪੰਜਾਬ ਦੇ ਕੇਂਦਰ ਵਿਚ ਸੀ ਅਤੇ ਇਤਿਹਾਸਿਕ ਤੌਰ ਤੇ ਆਪਣੀ ਇਕ ਨਵੇਕਲੀ ਥਾ ਬਣਾ ਚੁੱਕਾ ਹੋਇਆ ਸੀ। ਇਸ ਦੀ ਨੀਂਹ ਚੌਥੇ ਗੁਰੂ ਰਾਮਦਾਸ ਨੇ ਧਰੀ ਅਤੇ ਪੰਜਵੇਂ ਗੁਰੂ ਅਰਜਨ ਨੇ ਇਸ ਨੂੰ ਸ਼ਿੰਗਾਰਿਆ, ਸੰਵਾਰਿਆ ਅਤੇ ਵਧਾਇਆ ਸੀ, ਇਥੇ ਹੀ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਸਥਾਪਨ ਕੀਤਾ ਗਿਆ ਸੀ ਅਤੇ ਇਥੇ ਹੀ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਬਣਵਾਇਆ, 'ਸਰਬ-ਲੋਹ' ਨੂੰ ਧਾਰਮਿਕ ਪ੍ਰਵਾਨਗੀ ਬਖ਼ਸ਼ੀ ਅਤੇ ਸਿੱਖਾਂ ਦੇ ਭਗਤੀ ਭਰਪੂਰ ਸਰੀਰਾਂ ਵਿਚ ਫ਼ੌਜੀ ਸਪਿਰਿਟ ਦਾ ਸੰਚਾਰ ਕੀਤਾ ਸੀ, ਇਸ ਲਈ ਸ੍ਰੀ ਅੰਮ੍ਰਿਤਸਰ ਦੀ ਪ੍ਰਭਤਾ ਪੁਰਾਣੀ ਹੋਣ ਕਰਕੇ ਜ਼ਿਆਦਾ ਉਜਾਗਰ ਹੋ ਗਈ ਅਤੇ ਇਹ ਸਿੰਘਾਂ ਦਾ ਕੇਂਦਰੀ ਧਾਰਮਿਕ ਅਸਥਾਨ ਪ੍ਰਸਿੱਧ ਰਿਹਾ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤਸਰ ਦੇ ਹੋਰ ਗੁਰਦੁਆਰਿਆਂ ਦਾ ਪ੍ਰਬੰਧ ਮਾਤਾ ਸੁੰਦਰੀ ਜੀ ਦੀ ਆਗਿਆ ਅਨੁਸਾਰ ਹੁੰਦਾ ਸੀ ਅਤੇ ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਅਤੇ ਮੁੱਖ-ਪ੍ਰਬੰਧਕ ਸਨ। ਸੰਮਤ 1778 ਬਿਕਰਮੀ (ਸੰਨ 1721 ਈ.) ਦੀ ਬਸਾਖੀ ਨੂੰ ਸੰਗਤਾਂ ਹੁਮ ਹੁਮਾ ਕੇ ਪੁੱਜੀਆਂ। ਥਾਉਂ ਥਾਈਂ ਵੱਖਰੇ ਵੱਖਰੇ ਡੇਰੇ ਲੱਗ ਗਏ ਅਤੇ ਸਾਰਿਆਂ ਨੇ ਖ਼ੂਬ ਰੱਜ ਕੇ ਦਰਸ਼ਨ ਦੀਦਾਰ ਅਤੇ ਅਸ਼ਨਾਨ ਕੀਤੇ। ਇਹ ਮੇਲਾ ਕਈ ਵਰ੍ਹਿਆਂ ਤੋਂ ਬਾਅਦ ਚੰਗਾ ਭਰਿਆ ਸੀ। ਚੜ੍ਹਾਵਾ ਭੀ ਚੰਗਾ ਚੜ੍ਹਿਆ। ਮੇਲਾ ਛਿੜਨ ਵੇਲੇ ਚੜ੍ਹਾਵੇ ਦੀ ਵਰਤੋਂ ਅਤੇ ਵੰਡ ਸੰਬੰਧੀ ਡੇਰਿਆਂ ਵਿਚ ਕੁਝ ਮੱਤ-ਭੇਦ ਹੋ ਗਿਆ। ਕੁਝ ਖ਼ਿਆਲਾਂ ਵਿਚ ਫ਼ਰਕ ਪੁਰਾਣਾ ਚਲਿਆ ਆ ਰਿਹਾ ਜਾਪਦਾ ਹੈ। ਇਕ ਧੜੇ ਦੇ ਆਗੂ ਬਾਬਾ ਬਿਨੋਦ ਸਿੰਘ ਸਨ ਜੋ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਬਾਬਾ ਬੰਦਾ ਸਿੰਘ ਨਾਲ ਉਥੇ ਅੰਦਰ ਟਿਕੇ ਰਹਿਣ ਸੰਬੰਧੀ ਮਤ-ਭੇਦ ਦੇ ਕਾਰਣ ਨਿਕਲ ਆਏ ਸਨ। ਦੂਸਰੇ ਧੜੇ ਦਾ ਆਗੂ ਭਾਈ ਅਮਰ ਸਿੰਘ ਖੇਮ-ਕਰਨੀਆ ਸੀ ਜਿਸ ਨੂੰ ਮਹੰਤਾ ਸਿੰਘ ਕਰਕੇ ਲਿਖਿਆ ਹੋਇਆ ਹੈ। ਬਾਬਾ ਬਿਨੋਦ ਸਿੰਘ ਦਾ ਪੁੱਤਰ ਬਾਬਾ ਕਾਹਨ ਸਿੰਘ ਬੜੇ ਠੰਢੇ ਸੁਭਾਉ ਦਾ ਬੰਦਾ ਸੀ। ਗੁਰਦਾਸ ਨੰਗਲ ਵਿਚ ਭੀ ਇਸ ਨੇ ਹੀ ਵਿਚ ਪੈ ਕੇ ਫ਼ੈਸਲਾ ਕਰਵਾ ਦਿੱਤਾ ਸੀ। ਹੁਣ ਭੀ ਜਦ ਗੱਲ ਵੱਧਦੀ ਦਿਸੀ ਤਾਂ ਇਸ ਦੇ ਕਹਿਣ ਤੇ ਭਾਈ ਮਨੀ ਸਿੰਘ ਦੀ ਸਲਾਹ ਅਤੇ ਆਗਿਆ ਨਾਲ ਹਰਿ ਕਿ ਪਉੜੀ ਅਤੇ ਸਰੋਵਰ ਵਿਚ ਪਰਚੀਆਂ ਪਾ ਕੇ ਨਬੇੜਾ ਕਰ ਲੈਣ ਦਾ ਫ਼ੈਸਲਾ ਹੋਇਆ। ਬਾਬਾ ਬਿਨੋਦ ਸਿੰਘ ਆਪਣੇ ਆਪ ਨੂੰ ਅਕਾਲ ਪੁਰਖੀਏ ਜਾਂ ਤੱਤ-ਖ਼ਾਲਸੇ

ਦੱਸਦੇ ਸਨ ਅਤੇ ਆਪਣੇ ਵਿਰੋਧੀਆਂ ਨੂੰ 'ਬੰਦਈ' ਬੰਦਈ' ਕਹਿੰਦੇ ਸਨ। ਚੁਨਾਂਚਿ ਇਕ ਪਰਚੀ ਉੱਤੇ 'ਵਾਹਿਗੁਰੂ ਜੀ ਦੀ ਫ਼ਤਿਹ' ਲਿਖਿਆ ਗਿਆ ਅਤੇ ਦੂਸਰੀ ਉੱਤੇ 'ਫ਼ਤਿਹ ਦਰਸ਼ਨ'। ਕੁਝ ਚਿਰ ਤਾਂ ਇਉਂ ਪ੍ਰਤੀਤ ਹੋਇਆ ਜਿਵੇਂ ਦੋਵੇਂ ਪਰਚੀਆਂ ਨੇ ਨਿਰਪੱਖ ਰਹਿਣ ਦੀ ਧਾਰ ਲਈ ਹੈ, ਪਰ ਅੰਤ 'ਵਾਹਿਗੁਰੂ ਜੀ ਕੀ ਫ਼ਤਿਹ' ਵਾਲੀ ਪਰਚੀ ਉਪਰ ਤਰ ਆਈ। ਇਸ ਪਰ ਤੱਤ-ਖ਼ਾਲਸਿਆਂ ਨੇ ਆਪਣੀ ਜਿੱਤ ਹੋ ਗਈ ਸਮਝ ਕੇ ਜੈਕਾਰਿਆਂ ਨਾਲ ਅਸਮਾਨ ਗੂੰਜਾ ਦਿੱਤਾ।

ਇਸ ਤਰ੍ਹਾਂ ਫੈਸਲਾ ਵਿਰੁੱਧ ਹੋ ਜਾਣ ਨਾਲ ਬਹੁਤ ਸਾਰੇ ਬੰਦਈ ਤਾਂ ਨਿਰਾਸ਼ ਹੋ ਕੇ ਪਿਛੇ ਹਟ ਗਏ। ਕਈ ਇਸ ਫੈਸਲੇ ਨੂੰ ਠੀਕ ਸਮਝ ਕੇ ਤੱਤ-ਖ਼ਾਲਸਿਆਂ ਨਾਲ ਰਲ ਗਏ ਪਰ ਭਾਈ ਅਮਰ ਸਿੰਘ ਮਹੰਤ ਨਾਰਾਜ਼ ਹੋ ਗਏ ਅਤੇ ਉਸ ਨੇ ਇਸ ਤਰ੍ਹਾਂ ਹੋਏ ਫੈਸਲੇ ਨੂੰ ਪ੍ਰਵਾਣ ਕਰਨੋਂ ਨਾਂਹ ਕਰ ਦਿੱਤੀ। ਉਸ ਨੇ ਲਾਹੌਰਾ ਸਿੰਘ ਕਲਾਲ ਦੇ ਰਾਹੀਂ ਇਹ ਸੁਨੇਹਾ ਖ਼ਾਲਸੇ ਪਾਸ ਭੇਜ ਦਿੱਤਾ। ਬਾਬਾ ਕਾਹਨ ਸਿੰਘ ਨੂੰ ਡਰ ਸੀ ਕਿ ਇਸ ਫੈਸਲੇ ਨਾਲ ਫੁੱਲੇ ਹੋਏ ਤੱਤ-ਖ਼ਾਲਸੇ ਕਿਧਰੇ ਮਹੰਤ ਜੀ ਉਪਰ ਹੱਥ ਹੀ ਨਾ ਚੁੱਕ ਲੈਣ। ਇਸ ਲਈ ਉਨ੍ਹਾਂ ਸਲਾਹ ਦਿੱਤੀ ਕਿ ਲਾਹੌਰਾ ਸਿੰਘ ਦੇ ਪੁੱਤਰ ਸੰਗਤ ਸਿੰਘ ਅਤੇ ਉਸ (ਬਾਬਾ ਕਾਹਨ ਸਿੰਘ) ਦੇ ਪੁੱਤਰ ਮੀਰੀ ਸਿੰਘ ਦਾ ਘੋਲ ਕਰਵਾਇਆ ਜਾਏ ਅਤੇ ਜਿਸ ਧੜੇ ਦਾ ਪਹਿਲਵਾਨ ਢਹਿ ਜਾਏ ਉਹ ਦੂਸਰੀ ਦੇ ਨਾਲ ਸ਼ਾਮਲ ਹੋ ਜਾਏ। ਘੋਲ ਅਕਾਲ ਤਖ਼ਤ ਦੇ ਸਾਹਮਣੇ ਸ਼ੁਰੂ ਹੋਇਆ ਅਤੇ ਦੋਹਾਂ ਧੜੇ ਵਾਲਿਆਂ ਨੇ ਦੇਖਣ ਲਈ ਆਲੇ ਦੁਆਲੇ ਘੇਰਾ ਬਣਾ ਲਿਆ। ਭਾਣਾ ਕਰਤਾਰ ਦਾ, ਸੰਗਤ ਸਿੰਘ ਢਹਿ ਗਿਆ। ਇਹ ਦੇਖ ਕੇ ਲਾਹੌਰਾ ਸਿੰਘ ਹੱਥ ਜੋੜ ਕੇ ਖੜੋ ਗਿਆ ਅਤੇ ਤੱਤ-ਖ਼ਾਲਸੇ ਪਾਸੋਂ ਖ਼ਿਮਾਂ ਮੰਗ ਕੇ ਉਨ੍ਹਾਂ ਨਾਲ ਰਲ ਗਿਆ।

ਤੱਤ-ਖ਼ਾਲਸਿਆਂ ਦੇ ਹੌਂਸਲੇ ਹੁਣ ਹੋਰ ਭੀ ਵੱਧ ਗਏ ਅਤੇ ਇਨ੍ਹਾਂ ਨੇ ਮਹੰਤ ਅਮਰ ਸਿੰਘ ਦੇ ਡੇਰੇ ਉੱਤੇ ਹੱਲਾ ਕਰ ਦਿੱਤਾ। ਤੱਤ-ਖ਼ਾਲਸਿਆਂ ਦੀ ਗਿਣਤੀ ਜ਼ਿਆਦਾ ਸੀ, ਇਸ ਲਈ ਬੰਦਈ ਸਿੰਘਾਂ ਲਈ ਟਾਕਰੇ ਤੇ ਖੜੋ ਸਕਣਾ ਔਖਾ ਸੀ। ਉਹ ਡੇਰਾ ਖ਼ਾਲੀ ਕਰ ਗਏ। ਭਾਈ ਅਮਰ ਸਿੰਘ ਸੰਬੰਧੀ ਕੁਝ ਪਤਾ ਨਹੀਂ, ਸ਼ਾਇਦ ਉਥੇ ਮਾਰਿਆ ਗਿਆ ਹੋਵੇ। ਹੁਣ ਬਹੁਤ ਸਾਰੇ ਬਾਕੀ ਭੀ ਭੁਜੰਗੀਆਂ (ਤੱਤ-ਖ਼ਾਲਸਿਆਂ) ਨਾਲ ਆ ਰਲੇ। ਬੰਦਈ ਚੂੰਕਿ ਵੈਸ਼ਨਵੀ ਭੋਜਨ ਕਰਨ ਵਾਲੇ ਸਨ, ਇਸ ਲਈ ਤੱਤ-ਖ਼ਾਲਸੇ ਉਨ੍ਹਾਂ ਨੂੰ ਮਾਸ ਦੀ ਥੋੜੀ ਜਿਹੀ ਤਰੀ ਛਕਾ ਕੇ ਆਪਣੇ ਨਾਲ ਰਲਾ ਲੈਂਦੇ ਸਨ। ਇਸ ਤਰ੍ਹਾਂ ਨਾਨੂ ਸਿੰਘ ਢੇਸੀਵਾਲਾ, ਕਿਸ਼ੋਰਾ ਸਿੰਘ ਅਤੇ ਸ਼ਾਮ ਸਿੰਘ ਕਲਾਲ, ਬਖ਼ਸ਼ੀਸ਼ ਸਿੰਘ ਚਮਿਆਰੀ ਵਾਲਾ ਅਤੇ ਭਾਈ ਭਗਤੂ ਦੇ ਪੋਤਰੇ ਤੱਤ-ਖ਼ਾਲਸੇ ਬਣ ਗਏ।

# ਬੰਦਾ ਸਿੰਘ ਦਾ ਖ਼ਾਨਦਾਨ

ਪੰਝੀ ਕੁ ਵਰ੍ਹੇ ਤਕ ਲਾਹੌਰ ਦੇ ਸੂਬੇਦਾਰ ਅਬਦੁੱਸਮਦ ਖ਼ਾਨ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਦੀਆਂ ਹਕੂਮਤਾਂ ਵਲੋਂ ਸਿੰਘਾਂ ਵਿਰੁੱਧ ਸਖ਼ਤੀ ਦਾ ਦੌਰਾ ਰਿਹਾ। ਸ਼ਹਿਰਾਂ ਵਿਚ ਉਹ ਰਹਿ ਨਹੀਂ ਸਨ ਸਕਦੇ, ਪਿੰਡਾਂ ਵਿਚੋਂ ਫੜ ਫੜ ਕੇ ਮਾਰੇ ਜਾਂਦੇ ਸਨ, ਜੰਗਲਾਂ ਵਿਚ ਜਾਨਵਰਾਂ ਵਾਂਗੂ ਸ਼ਿਕਾਰ ਕੀਤਾ ਜਾਂਦਾ ਸੀ ਅਤੇ ਜਿਥੇ ਉਹ ਜਾ ਕੇ ਲੁਕਦੇ ਸਨ ਉਥੇ ਅੱਗ ਲਾ ਦਿੱਤੀ ਜਾਂਦੀ ਸੀ। ਇਸ ਲਈ ਉਹ ਅਤਿ ਦੁਖੀ ਹੋ ਗਏ। ਚੜ੍ਹਦੇ ਅਤੇ ਉੱਤਰ-ਚੜ੍ਹਦੇ ਦੀਆਂ ਪਹਾੜੀਆਂ, ਮਾਲਵੇ ਦੇ ਲੱਖੀ ਜੰਗਲ ਅਤੇ ਬੀਕਾਨੇਰ ਦੇ ਰੇਤ ਥਲਿਆਂ ਵਲ ਨਿਕਲ ਜਾਣ ਤੋਂ ਬਿਨਾ ਖ਼ਾਲਸਿਆਂ ਲਈ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਖ਼ਤੀ ਦਾ ਜ਼ੋਰ ਹੌਲੀ ਹੌਲੀ ਘੱਟ ਹੁੰਦਾ ਗਿਆ ਅਤੇ ਬਹੁਤੀ ਟੋਲ ਭਾਲ ਫੜੋ ਫੜੀ ਉਨ੍ਹਾਂ ਦੀ ਰਹਿ ਗਈ ਜਿਨ੍ਹਾਂ ਉੱਤੇ ਬੰਦਾ ਸਿੰਘ ਦੇ ਸਾਥੀ ਸੰਗੀ ਹੋਣ ਦਾ ਸ਼ੱਕ ਹੁੰਦਾ ਸੀ।

ਬੰਦਾ ਸਿੰਘ ਦਾ ਪਹਿਲਾ ਪੁੱਤਰ ਅਜੈ ਸਿੰਘ ਬੰਦਾ ਸਿੰਘ ਦੇ ਨਾਲ ਹੀ ਦਿੱਲੀ ਵਿਚ 9 ਜੂਨ ਸੰਨ 1716 ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਲਈ ਹਕੂਮਤ ਨੇ ਉਸ ਦੇ ਖ਼ਾਨਦਾਨ ਦੀ ਹੋਰ ਟੋਲ ਭਾਲ ਵਲ ਕੋਈ ਧਿਆਨ ਨਾ ਦਿੱਤਾ। ਜਿਵੇਂ ਪਿਛੇ ਦੱਸਿਆ ਜਾ ਚੁੱਕਾ ਹੈ ਕਿ ਜਿਸ ਵੇਲੇ ਬੰਦਾ ਸਿੰਘ ਅਕਤੂਬਰ ਸੰਨ 1713 ਤੋਂ ਫ਼ਰਵਰੀ 1715 ਤਕ ਡੇਰੇ ਦੇ ਮੁਕਾਮ ਤੇ ਰਿਹਾ ਸੀ, ਉਸ ਨੇ ਵਜ਼ੀਰਾਬਾਦ ਦੇ ਇਕ ਖੱਤਰੀ ਸ਼ਿਵ ਰਾਮ ਦੀ ਲੜਕੀ ਸਾਹਿਬ ਕੌਰ ਨਾਲ ਦੂਸਰੀ ਸ਼ਾਦੀ ਕੀਤੀ ਸੀ ਇਸ ਤੋਂ ਦੂਸਰੇ ਪੁੱਤਰ ਰਣਜੀਤ ਸਿੰਘ ਨੇ ਜਨਮ ਲਿਆ। ਕੁਝ ਲਿਖਾਰੀਆਂ ਨੇ ਇਸ ਦਾ ਨਾਉਂ ਅਜੀਤ ਸਿੰਘ ਲਿਖਿਆ ਹੈ, ਪਰ ਇਨ੍ਹਾਂ ਦੇ ਬੰਸ ਵਾਲੇ ਰਣਜੀਤ ਸਿੰਘ ਨਾਉਂ ਹੀ ਠੀਕ ਮੰਨਦੇ ਹਨ। ਹਰਦੁਆਰ ਵਿਚ ਸੋਢੀ ਸਾਹਿਬਜ਼ਾਦਿਆਂ ਦੇ ਪੰਡਿਆਂ (ਪ੍ਰੋਹਤ ਭਵਾਨੀ ਦਾਸ, ਹਵੇਲੀ ਸੋਢੀਆਂ) ਦੀ ਬਹੀ ਵਿਚ ਭੀ ਇਹ ਨਾਉਂ ਰਣਜੀਤ ਸਿੰਘ ਹੀ ਦਰਜ ਹੈ (ਦੇਖੋ ਅੱਗੇ ਹਾਲ ਬਾਬਾ ਫ਼ਤਿਹ ਸਿੰਘ ਦਾ)। ਜਿਸ ਵੇਲੇ ਬੰਦਾ ਸਿੰਘ ਆਖ਼ਰੀ ਵਾਰੀ ਕਲਾਨੌਰ ਬਟਾਲੇ ਵਲ ਗਿਆ ਸੀ, ਤਾਂ ਸਾਹਿਬ ਕੌਰ ਨੂੰ ਉਹ ਡੇਰੇ ਹੀ ਛਡ ਗਿਆ ਸੀ, ਇਸ ਲਈ ਜਦ ਉਹ ਗੁਰਦਾਸ ਨੰਗਲੋਂ ਫੜਿਆ ਗਿਆ ਤਾਂ ਉਹ ਇੱਥੇ ਹੀ ਟਿਕੀ ਰਹੀ। ਇਸ ਤਰ੍ਹਾਂ ਸਾਹਿਬ ਕੌਰ ਅਤੇ ਰਣਜੀਤ ਸਿੰਘ ਲਾਹੌਰ ਦੇ ਸੂਬੇਦਾਰ ਦੀਆਂ ਅੱਖੀਆਂ ਤੋਂ ਉਹਲੇ ਹੋਣ ਕਰਕੇ ਬਚੇ ਰਹੇ।

## ਰਣਜੀਤ ਸਿੰਘ

ਬਾਬਾ ਰਣਜੀਤ ਸਿੰਘ ਬੜਾ ਸ਼ਾਂਤ-ਸੁਭਾਉ ਬੰਦਾ ਸੀ। ਉਹ ਕਹਿਰ ਦੇ ਬਿਖੜੇ ਜ਼ਮਾਨੇ ਵਿਚ ਪਹਾੜ ਵਿਚ ਬਾਬਾ ਬੰਦਾ ਸਿੰਘ ਦੇ ਡੇਰੇ ਹੀ ਟਿਕਿਆ ਰਿਹਾ ਅਤੇ ਚੁੱਪ ਚਾਪ ਦਿਨ ਕਟੀ ਕਰ ਲਈ। ਪੰਜਾਬ ਵਿਚ ਬੰਦਈ ਸਿੱਖਾਂ ਵਾਸਤੇ ਉਸ ਵੇਲੇ ਰਹਿ ਸਕਣਾ ਹੀ ਔਖਾ ਸੀ, ਇਸ ਲਈ ਉਨ੍ਹਾਂ ਦੇ ਕੁਝ ਥੋੜੇ ਜਿਹੇ ਟੱਬਰ ਹੀ ਰਹਿ ਗਏ। ਬਾਬਾ ਰਣਜੀਤ ਸਿੰਘ ਦਾ ਜੀਵਨ ਬੜਾ ਧਾਰਮਿਕ ਬਿਰਤੀ ਵਾਲਾ ਸੀ। ਗੁਰੂ ਗ੍ਰੰਥ ਸਾਹਿਬ ਦਾ ਪਾਠ, ਗੁਰਬਾਣੀ ਦਾ ਪ੍ਰਚਾਰ ਅਤੇ ਨਾਮ ਦਾ ਸਿਮਰਨ ਉਨ੍ਹਾਂ ਦਾ ਮੁੱਖ ਕਰਮ ਸੀ। ਸਾਵਣ ਵਦੀ 9, ਸੰਮਤ 1810 ਬਿਕਰਮੀ (ਸੰਨ 1753 ਈ.) ਨੂੰ ਡੇਰੇ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ।

## ਜੁਝਾਰ ਸਿੰਘ

ਬਾਬਾ ਰਣਜੀਤ ਸਿੰਘ ਦੇ ਦੋ ਪੁੱਤਰ ਸਨ, ਜੁਝਾਰ ਸਿੰਘ ਅਤੇ ਜ਼ੋਰਾਵਰ ਸਿੰਘ। ਵੱਡਾ ਪੁੱਤਰ ਹੋਣ ਕਰਕੇ ਜੁਝਾਰ ਸਿੰਘ ਆਪਣੇ ਪਿਤਾ ਦੀ ਥਾਂ ਗੱਦੀ ਉੱਤੇ ਬੈਠਾ। ਇਹ ਦਿਲ ਦਾ ਬੜੀ ਸਖ਼ੀ ਅਤੇ ਦਯਾਵਾਨ ਸੀ। ਇਕ ਪੰਡਤ ਦਿਲਾ ਰਾਮ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਾਇਆ ਕਰਦਾ ਸੀ। ਇਕ ਵਾਰੀ ਪਾਠ ਸੁਣ ਕੇ ਇਨ੍ਹਾਂ ਦਾ ਮਨ ਇਤਨਾ ਪਸੀਜਿਆ ਕਿ ਆਪਣੇ ਹੱਥਾਂ ਦੇ ਸੋਨੇ ਦੇ ਕੜੇ ਉਸ ਨੂੰ ਬਖ਼ਸ਼ੀਸ਼ ਕਰ ਦਿੱਤੇ। ਇਨ੍ਹਾਂ ਦੇ ਸਮੇਂ ਪੰਜਾਬ ਵਿਚ ਮੁਗ਼ਲਾਂ ਦਾ ਜ਼ੋਰ ਟੁਟ ਚੁੱਕਾ ਸੀ ਅਤੇ ਸਿੱਖ ਮਿਸਲਦਾਰ ਸਰਦਾਰ ਦੇਸ਼ ਵਿਚ ਮੱਲਾਂ ਮਾਰ ਰਹੇ ਸਨ। ਹੁਣ ਬਾਬਾ ਜੁਝਾਰ ਸਿੰਘ ਨੂੰ ਸਿੱਖੀ ਪ੍ਰਚਾਰ ਦਾ ਚੰਗਾ ਮੌਕਾ ਮਿਲ ਗਿਆ। ਉਨ੍ਹਾਂ ਨੇ ਮਾਝੇ ਵਿਚ ਪ੍ਰਚਾਰ ਦੇ ਕਈ ਦੌਰੇ ਕੀਤੇ ਅਤੇ ਥਾਂ ਥਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਉਨ੍ਹਾਂ ਨੇ ਡੇਰੇ ਦੇ ਅਸਥਾਨ ਤੇ ਇਕ ਹਵੇਲੀ ਬਣਵਾਈ ਅਤੇ ਇਕ ਸੁੰਦਰ ਬਾਗ਼ ਲਗਵਾਇਆ। ਇਨ੍ਹਾਂ ਨੇ ਸਾਵਨ ਵਦੀ 14 ਸੰਮਤ 1864 (ਸੰਨ 1807 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਚੋਲਾ ਤਿਆਗਿਆ। ਅੰਤਮ ਸਮੇਂ ਉਨ੍ਹਾਂ ਨੇ ਗੁਰਬਾਣੀ ਦੇ ਪਾਠ ਅਤੇ 'ਵਾਹਿਗੁਰੂ' ਨਾਮ ਸਿਮਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਸਾਰਾ ਜੀਵਨ ਹੀ ਧਰਮ-ਪਰਾਇਣ ਗੁਜ਼ਰਿਆ।

## ਫ਼ਤਿਹ ਸਿੰਘ

ਬਾਬਾ ਫ਼ਤਿਹ ਸਿੰਘ ਜੁਝਾਰ ਸਿੰਘ ਜੀ ਦੇ ਵੱਡੇ ਪੁੱਤਰ ਸਨ। ਛੋਟੇ ਪੁੱਤਰ ਬਾਬਾ ਸੁਚੇਤ ਸਿੰਘ ਸਨ। ਬਾਬਾ ਫ਼ਤਿਹ ਸਿੰਘ ਦੀ ਪ੍ਰਸਿੱਧੀ ਲਈ ਉਨ੍ਹਾਂ ਦਾ ਸਮਾਂ ਬੜਾ ਮਾਫ਼ਕ ਸੀ। ਪੰਜਾਬ ਵਿਚ ਇਸ ਵੇਲੇ ਖ਼ਾਲਸੇ ਦੀ ਚੜ੍ਹਦੀ ਕਲਾ ਸੀ ਅਤੇ ਹਰ ਪਾਸੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੱਸਰ ਰਿਹਾ ਸੀ। ਬਾਬਾ ਜੀ ਨੇ ਚੰਗੇ ਹਾਲਾਤ ਦਾ ਪੂਰਾ ਪੂਰਾ ਫ਼ਾਇਦਾ ਉਠਾਇਆ ਅਤੇ ਪ੍ਰਚਾਰ ਦੇ ਕਈ ਦੌਰੇ ਕਰ ਕੇ ਥਾਂ ਥਾਂ ਸਿੱਖੀ ਦਾ ਝੰਡਾ ਗੱਡਿਆ ਅਤੇ ਬੰਦਈ ਸਿੱਖਾਂ ਦੀ ਗਿਣਤੀ ਵਿਚ ਚੋਖਾ ਵਾਧਾ ਕੀਤਾ। ਸਰਦਾਰ ਕਰਮ ਸਿੰਘ ਇਤਿਹਾਸਕਾਰ ਨੇ ਸੰਨ 1907 ਵਿਚ ਲਿਖਿਆ ਸੀ ਕਿ ਇਸ ਵੇਲੇ ਜੋ ਬੰਦਈ ਸਿੱਖ ਅਸੀਂ ਦੇਖ ਰਹੇ ਹਾਂ ਇਹ ਸਾਰੇ ਇਸੇ ਸਮੇਂ ਹੀ ਸਿੱਖੀ ਮੰਡਲ ਵਿਚ ਆਏ ਸਨ।

ਬਾਬਾ ਫ਼ਤਿਹ ਸਿੰਘ ਜਦ ਸੰਮਤ 1880 ਵਿਚ ਆਪਣੇ ਪਿਤਾ ਸਾਹਿਬ ਜੁਝਾਰ ਸਿੰਘ ਦੇ ਫੁਲ ਲੈ ਕੇ ਹਰਦੁਆਰ ਗਏ ਸਨ ਤਾਂ ਇਸ ਸੰਬੰਧੀ ਉਥੇ ਪੰਡੇ ਦੀ ਬਹੀ ਵਿਚ ਇਹ ਲਿਖਤ ਦਰਜ ਹੈ :

ਭਾਈ ਫਤੇ ਸਿੰਘ, ਭਾਈ ਸੁਚੇਤ ਸਿੰਘ ਕਾ,
ਬੇਟਾ ਸਾਹਿਬ ਜੁਝਾਰ ਸਿੰਘ ਜੀ ਕਾ,
ਪੋਤਾ ਸਾਹਿਬ ਰਣਜੀਤ ਸਿੰਘ ਜੀ ਕਾ,
ਪੜਪੋਤਾ ਸਾਹਿਬ ਬੰਦੇ ਸਾਹਿਬ ਜੀ ਕਾ,
ਬੰਸ ਗੁਰੂ ਗੋਬਿੰਦ ਸਿੰਘ ਜੀ ਕਾ,
1880 ਮੇਂ ਆਪਣੇ ਪਿਤਾ ਸਾਹਿਬ ਜੁਝਾਰ ਸਿੰਘ ਜੀ
ਕੇ ਫੂਲ ਲਿਆਏ ।

ਦੂਸਰੀ ਲਿਖਤ ਇਸੇ ਬਹੀ ਵਿਚ ਇੱਕੀ ਵਰ੍ਹੇ ਪਿੱਛੋਂ ਸੰਮਤ 1901 ਬਿਕਰਮੀ ਦੀ ਜੋ ਇਸ ਤਰ੍ਹਾਂ ਹੈ :

1901 ਕੁੰਭ ਕੇ ਇਸਨਾਨ ਪਰ
ਸਾਹਿਬ ਫਤੇ ਸਿੰਘ ਜੀ ਆਏ,
ਸਾਥ ਇਨ ਕੀ ਸੁਪਤਨੀ ਭਾਗ ਭਰੀ
ਤੇ ਕਿਸ਼ਨ ਦੇਈ, ਨਰਾਇਨ ਦੇਈ, ਗੁਲਾਬ ਦੇਈ,
ਟਹਿਲਣਾਂ ਰਾਮ ਦੇਈ ਤੇ ਦੇਰਾਂ ਤੇ ਮੇਲਾਵੀ ਤੇ ਪ੍ਰੇਮੀ ਸਾਥ ਆਈਆਂ

[ਚੁਪੱਤਾ ਸੋਢੀ ਸਾਹਿਬਜ਼ਾਦਿਓਂ ਕਾ,
ਹਵੇਲੀ ਸੋਢੀਆਂ, ਪ੍ਰੋਹਤ ਭਵਾਨੀ ਦਾਸ]
[ਇਸ ਵੇਲੇ ਉਸ ਦਾ ਪੋਤਰਾ ਪੰਡਤ ਜਗਤ ਰਾਮ ਹੈ ।]

ਬਾਬਾ ਬੰਦਾ ਸਿੰਘ ਬਹਾਦੁਰ ਦੀ ਯਾਦ ਵਿਚ ਜੋ ਗੁਰਦੁਆਰਾ ਇਸ ਵੇਲੇ ਡੇਰੇ ਵਿਚ 'ਦਰਬਾਰ' ਦੇ ਨਾਉਂ ਨਾਲ ਪ੍ਰਸਿੱਧ ਹੈ, ਬਾਬਾ ਫ਼ਤਿਹ ਸਿੰਘ ਨੇ ਬਣਵਾਇਆ ਸੀ । ਇਸ ਆਸ਼ੇ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਸਿੰਧ ਤਕ ਦੋ ਦੌਰੇ ਕੀਤੇ, ਸਿੱਖੀ ਦਾ ਪ੍ਰਚਾਰ ਕੀਤਾ, ਬਾਬਾ ਬੰਦਾ ਸਿੰਘ ਦੇ ਕਾਰਨਾਮੇ ਅਤੇ ਸ਼ਹੀਦੀ ਦੇ ਵਾਕਿਆਤ ਸੰਗਤਾਂ ਨੂੰ ਸੁਣਾਏ ਅਤੇ ਹੈਦਰਾਬਾਦ (ਸਿੰਧ), ਲੜਕਾਣਾ, ਮੁਲਤਾਨ, ਬਹਾਵਲਪੁਰ ਅਤੇ ਝੰਗ ਦੇ ਇਲਾਕਿਆਂ ਵਿਚੋਂ ਗੁਰਦੁਆਰੇ ਦੀ ਇਮਾਰਤ ਲਈ ਮਾਇਆ ਇਕੱਤਰ ਕੀਤੀ । ਮਾਲੂਮ ਹੁੰਦਾ ਹੈ ਕਿ ਬੰਦਾ ਸਿੰਘ ਦੀ ਸ਼ਹਾਦਤ ਤੋਂ ਬਾਅਦ ਦੇ ਬਿਖੜੇ ਸਮੇਂ ਵਿਚ ਕੁਝ ਸਿੰਘ ਸਿੰਧ ਵਲ ਅਤੇ ਦੱਖਣ-ਲਹਿੰਦੇ ਦੇ ਇਲਾਕਿਆਂ ਵਲ ਨਿਕਲ ਗਏ ਸਨ । ਇਸ ਲਈ ਬੰਦਾ ਸਿੰਘ ਦੀ ਯਾਦ ਉਥੇ ਮੌਜੂਦ ਸੀ ਜਿਸ ਨੇ ਬਾਬਾ ਫ਼ਤਿਹ ਸਿੰਘ ਦੇ ਪ੍ਰਚਾਰ ਦੇ ਦੌਰਿਆਂ ਨੂੰ ਸਫ਼ਲ ਕਰਨ ਵਿਚ ਕਾਫ਼ੀ ਸਹਾਇਤਾ ਕੀਤੀ । ਉਨ੍ਹਾਂ ਨੇ ਰਿਆਸੀ, ਅਖਨੂਰ ਜੰਮੂ, ਪੁਰ ਮੰਡਲ, ਵਜ਼ੀਰਾਬਾਦ ਅੰਮ੍ਰਿਤਸਰ, ਹਰਿਦੁਆਰ ਅਤੇ ਹੋਰ ਥਾਈਂ ਮਕਾਨ ਬਣਵਾਏ ਜੋ ਉਨ੍ਹਾਂ ਦੇ ਪ੍ਰਚਾਰ ਦੇ ਕੇਂਦਰ ਬਣ ਗਏ । ਉਹ ਆਮ ਤੌਰ ਤੇ ਛੇ ਮਹੀਨੇ ਦੌਰੇ ਉੱਤੇ ਰਹਿੰਦੇ ਸਨ ਅਤੇ ਬਾਕੀ ਛੇ

ਮਹੀਨਿਆਂ ਵਿਚੋਂ ਬਹੁਤਾ ਸਮਾਂ ਵਜ਼ੀਰਾਬਾਦ ਗੁਜ਼ਾਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਦਿਲ ਵਿਚ ਬਾਬਾ ਬੰਦਾ ਸਿੰਘ ਦੀਆਂ ਕੁਰਬਾਨੀਆਂ ਲਈ ਬੜਾ ਸਤਕਾਰ ਸੀ ਜਿਨ੍ਹਾਂ ਨੇ ਮਹਾਰਾਜਾ ਤੋਂ ਸੌ ਵਰ੍ਹੇ ਪਹਿਲਾਂ ਖਾਲਸੇ ਦੇ ਰਾਜ ਦੀ ਨੀਂਹ ਰੱਖੀ ਸੀ। ਉਸ ਨੂੰ ਪਤਾ ਸੀ ਕਿ ਡੇਰਾ ਬਾਬਾ ਬੰਦਾ ਸਿੰਘ ਵਿਚ ਸਿੱਖੀ ਦਾ ਪ੍ਰਚਾਰ ਹੁੰਦਾ ਹੈ ਅਤੇ ਅਨੇਕਾ ਬੰਦੇ ਬਾਬਾ ਫ਼ਤਿਹ ਸਿੰਘ ਦੀ ਪ੍ਰੇਰਨਾ ਨਾਲ ਮੇਲੇ ਦੇ ਮੌਕੇ ਸਿੰਘ ਸਜਦੇ ਹਨ। ਇਸ ਲਈ ਮਹਾਰਾਜੇ ਨੇ ਉਨ੍ਹਾਂ ਨੂੰ ਡੇਰਾ ਸਾਹਿਬ ਦੀ ਸੇਵਾ ਲਈ ਹੇਠ ਲਿਖੀਆਂ ਜਾਗੀਰਾਂ ਦਿੱਤੀਆਂ :

1. ਮਿਲਖਾਂ ਵਾਲਾ, ਤਹਿਸੀਲ ਡਸਕਾ, ਜ਼ਿਲਾ ਸਿਆਲਕੋਟ, 315 ਰੁਪਏ ਸਾਲਾਨਾ।
2. ਬੁੱਢਾ ਰਜ਼ਾਦਾ, ਤਹਿਸੀਲ ਵਜ਼ੀਰਾਬਾਦ, ਜ਼ਿਲਾ ਗੁੱਜਰਾਂਵਾਲਾ, 525 ਰੁਪਏ ਸਾਲਾਨਾ।
3. ਵਜ਼ੀਰਾਬਾਦ ਵਿਚੋਂ ਦੋ ਖੂਹਾਂ ਦੀ ਜ਼ਮੀਨ।
4. ਚੌਦਾਂ ਪਿੰਡ ਅਖਨੂਰ ਅਤੇ ਊਧਮ ਪੁਰ ਦੇ ਇਲਾਕੇ ਵਿਚ।

ਇਸ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਦੇ ਇਸ਼ਾਰੇ ਅਨੁਸਾਰ ਜੰਮੂ ਦੇ ਨਾਜ਼ਮ ਰਾਜਾ ਗੁਲਾਬ ਸਿੰਘ ਨੇ 16 ਫੱਗਣ ਸੰਮਤ 1890 ਬਿਕਰਮੀ (ਫ਼ਰਵਰੀ ਸੰਨ 1834 ਈ.) ਨੂੰ ਪਿੰਡ ਧਨੌਰ ਵਿਚ ਜ਼ਮੀਨਾਂ ਦੀ ਮਾਫ਼ੀ ਦਿੱਤੀ ਜਿਸ ਵਿਚ ਕਿ ਡੇਰਾ ਸਾਹਿਬ ਦੀ ਜ਼ਮੀਨ ਭੀ ਸ਼ਾਮਲ ਸੀ।

ਬਾਬਾ ਫ਼ਤਿਹ ਸਿੰਘ ਨੇ ਬੰਦਈ ਸਿੱਖਾਂ ਨੂੰ ਹਿਦਾਇਤ ਕੀਤੀ ਸੀ ਕਿ ਉਹ ਆਪਣੀਆਂ ਲੜਕੀਆਂ ਕੇਵਲ ਬੰਦਈ ਸਿੰਘਾਂ ਨੂੰ ਹੀ ਵਿਆਹੁਣ। ਇਸ ਦਾ ਕਾਰਣ ਇਹ ਸੀ ਕਿ ਇਕ ਵਾਰੀ ਬਾਬਾ ਫ਼ਤਿਹ ਸਿੰਘ ਦੱਖਣ-ਲਹਿੰਦੇ ਦਾ ਦੌਰਾ ਕਰ ਰਹੇ ਸਨ। ਖ਼ਾਨੇਵਾਲ ਜ਼ਿਲਾ ਮੁਲਤਾਨ ਦੀ ਇਕ ਬੰਦਈ ਸਿੱਖਣੀ ਨੇ ਬਾਬਾ ਜੀ ਨੂੰ ਪ੍ਰਸਾਦ ਛੱਕਣ ਲਈ ਬੇਨਤੀ ਕੀਤੀ। ਪ੍ਰਸਾਦ ਦੇ ਵੇਲੇ ਬਾਬਾ ਜੀ ਨਾਲ ਜੋ ਸੰਗਤ ਆਈ ਉਸ ਦੀ ਗਿਣਤੀ ਜ਼ਿਆਦਾ ਸੀ। ਇਹ ਦੇਖ ਕੇ ਘਰ ਦੇ ਆਦਮੀ ਜੋ ਬੰਦਈ ਨਹੀਂ ਸਨ, ਬੂਹੇ ਨੂੰ ਤਾਲਾ ਮਾਰ ਕੇ ਬਾਹਰ ਚਲੇ ਗਏ। ਜਿਸ ਵੇਲੇ ਬਾਬਾ ਜੀ ਪੁੱਜੇ ਤਾਂ ਸਿੱਖਣੀ ਨੇ ਉਨ੍ਹਾਂ ਨੂੰ ਸਾਰੀ ਗੱਲ ਦੱਸ ਦਿੱਤੀ। ਘਰ ਵਿਚ ਜੋ ਤਿਆਰ ਸੀ, ਸੰਗਤ ਉਸੇ ਨਾਲ ਪ੍ਰਸੰਨ ਹੋ ਗਈ। ਪਰ ਬਾਬਾ ਜੀ ਨੇ ਕਿਹਾ ਕਿ ਅੱਗੇ ਨੂੰ ਬੰਦਈ ਸਿੱਖ ਆਪਣੀ ਲੜਕੀਆਂ ਕੇਵਲ ਬੰਦਈਆਂ ਨੂੰ ਹੀ ਵਿਆਹਿਆ ਕਰਨ।

ਬਾਬਾ ਫ਼ਤਿਹ ਸਿੰਘ ਦੇ ਚਾਰ ਮਹਿਲ ਸਨ, ਪਹਿਲੀ ਜ਼ਿਲਾ ਸਿਆਲਕੋਟ ਦੇ ਸੰਗਿਆਲ ਪਿੰਡ ਦੇ ਇਕ ਖੱਤਰੀ ਦੀ ਲੜਕੀ ਕਿਸ਼ਨ ਦੇਵੀ, ਦੂਸਰੀ ਵਜ਼ੀਰਾਬਾਦ ਦੀ ਗੁਲਾਬ ਦੇਵੀ, ਤੀਸਰੀ ਜ਼ਿਲਾ ਝੰਗ ਦੇ ਅਹਿਮਦਪੁਰ ਦੇ ਸ਼ਾਹਨੀ ਖੱਤਰੀ ਦੀ ਲੜਕੀ ਭਾਗਭਰੀ ਅਤੇ ਚੌਥੀ ਇਲਾਕਾ ਊਧਮ ਪੁਰ ਦੇ ਪਿੰਡ ਚੜਿਆਈ ਦੀ ਨਾਰਾਇਨ ਦੇਈ। ਬਾਬਾ ਫ਼ਤਿਹ ਸਿੰਘ ਦਾ ਕੇਵਲ ਇਕੋ ਪੁੱਤਰ ਪਹਿਲੀ ਇਸਤਰੀ ਤੋਂ ਸੀ, ਪਰ ਉਹ ਛੋਟੀ ਉਮਰੇ ਹੀ ਹੁਕਮ-ਸਤ ਕਰ ਗਿਆ।

## ਬਾਬਾ ਫ਼ਤਿਹ ਸਿੰਘ ਤੋਂ ਬਾਅਦ ਦੇ ਗੱਦੀ ਨਸ਼ੀਨ

2 ਹਾੜ (ਜੇਠ ਸੁਦੀ 2) ਸੰਮਤ 1902 ਬਿਕਰਮੀ (ਜੂਨ 1845) ਨੂੰ ਬਾਬਾ

ਫ਼ਤਿਹ ਸਿੰਘ ਦੇ ਦੇਹਾਂਤ ਨਾਲ ਬਾਬਾ ਰਣਜੀਤ ਸਿੰਘ ਤੋਂ ਚਲੀ ਆ ਰਹੀ ਸਿੱਧੀ ਬੰਸ-ਲੜੀ ਦਾ ਅੰਤ ਹੋ ਗਿਆ। ਬਾਬਾ ਫ਼ਤਿਹ ਸਿੰਘ ਦੇ ਛੋਟੇ ਭਾਈ ਸੁਚੇਤ ਸਿੰਘ ਪਹਿਲੇ ਹੀ ਸੰਤਾਨ-ਹੀਨ ਗੁਜ਼ਰ ਚੁੱਕੇ ਸਨ। ਇਸ ਲਈ ਬੰਦਈ ਸਿੱਖਾਂ ਦੀ ਅਗਵਾਈ ਬਾਬਾ ਰਣਜੀਤ ਸਿੰਘ ਦੇ ਦੂਸਰੇ ਪੁੱਤਰ ਜ਼ੋਰਾਵਰ ਸਿੰਘ ਦੇ ਬੰਸ ਦੀ ਸੌਂਪਣਾ ਵਿਚ ਹੋ ਗਈ। ਆਮ ਹਾਲਤਾਂ ਵਿਚ ਬਾਬਾ ਜ਼ੋਰਾਵਾਰ ਸਿੰਘ ਦੇ ਪੁੱਤਰ ਅਰਜੁਨ ਸਿੰਘ ਦਾ ਵੱਡਾ ਪੁੱਤਰ ਖੜਕ ਸਿੰਘ ਚੁਣਿਆ ਜਾਣਾ ਚਾਹੀਦਾ ਸੀ, ਪਰ ਚੂੰਕਿ ਗੱਦੀ-ਨਸ਼ੀਨੀ ਲਈ ਕੁਝ ਝਗੜਾ ਜਿਹਾ ਛਿੜ ਪਿਆ, ਇਸ ਲਈ ਬਾਬਾ ਫ਼ਤਿਹ ਸਿੰਘ ਦੀ ਇਸਤਰੀ ਗੁਲਾਬ ਦੇਈ ਵਲੋਂ ਟਿੱਕਿਆ ਹੋਇਆ ਖੜਕ ਸਿੰਘ ਦਾ ਛੋਟਾ ਭਾਈ ਅਮੀਰ ਸਿੰਘ ਚੁਣਿਆ ਗਿਆ। ਅਮੀਰ ਸਿੰਘ ਦਾ ਇਕੋ ਪੁੱਤਰ ਪਹਾੜ ਸਿੰਘ ਸੀ ਜਿਸ ਦੀ ਕੋਈ ਸੰਤਾਨ ਨਹੀਂ ਸੀ। ਇਸ ਲਈ ਡੇਰੇ ਦੀ ਗੱਦੀ ਖੜਕ ਸਿੰਘ ਦੇ ਇਕਲੌਤੇ ਪੁੱਤਰ ਦਇਆ ਸਿੰਘ ਨੂੰ ਮਿਲੀ। ਦਇਆ ਸਿੰਘ ਦੇ ਦੇਹਾਂਤ ਤੋਂ ਬਾਅਦ ਉਸ ਦੇ ਪੁੱਤਰਾਂ ਤੇਜਾ ਸਿੰਘ ਅਤੇ ਅਤਰ ਸਿੰਘ ਵਿਚਕਾਰ ਮੁਕੱਦਮਾ ਚਲ ਪਿਆ। ਅਦਾਲਤ ਵਲੋਂ ਤਜਵੀਜ਼ ਹੋਣ ਪਰ ਬੰਦਈ ਸਿੱਖਾਂ ਦੀ ਪੰਚਾਇਤ ਹੋਈ ਜਿਸ ਨੇ ਵੱਡੇ ਭਾਈ ਤੇਜਾ ਸਿੰਘ ਦੇ ਹੱਕ ਵਿਚ ਫੈਸਲਾ ਕੀਤਾ। ਭਾਈ ਅਤਰ ਸਿੰਘ, ਸੋਹਨ ਸਿੰਘ ਅਤੇ ਸੁਜਾਨ ਸਿੰਘ ਲਈ ਮਾਹਵਾਰੀ ਰਕਮਾਂ ਨਿਯਤ ਕਰ ਦਿੱਤੀਆਂ ਗਈਆਂ। ਤੇਜਾ ਸਿੰਘ ਜੀ ਤੋਂ ਬਾਅਦ ਅਤਰ ਸਿੰਘ ਜੀ ਗਦੀ–ਨਸ਼ੀਨ ਹੋਏ। ਅਤਰ ਸਿੰਘ ਤੋਂ ਬਾਅਦ ਉਨ੍ਹਾਂ ਦੇ ਸਭ ਤੋਂ ਛੋਟੇ ਭਾਈ ਸੁਜਾਨ ਸਿੰਘ ਦੇ ਪੁੱਤਰ ਬਾਬਾ ਸਰਦੂਲ ਸਿੰਘ ਗੱਦੀ-ਨਸ਼ੀਨ ਹੋਏ।

## ਸਰਦੂਲ ਸਿੰਘ

ਬਾਬਾ ਸਰਦੂਲ ਸਿੰਘ ਅੱਗੇ-ਵਧੂ ਖ਼ਿਆਲਾਂ ਦੇ ਹੋਣਹਾਰ ਨੌਜਵਾਨ ਸਨ। ਇਨ੍ਹਾਂ ਨੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਵਿੱਦਿਆ ਪ੍ਰਾਪਤ ਕੀਤੀ ਸੀ ਅਤੇ ਸਿੱਖ ਧਰਮ ਅਤੇ ਇਤਿਹਾਸ ਦੇ ਚੰਗੇ ਜਾਣੂ ਸਨ। ਇਨ੍ਹਾਂ ਦੇ ਵੇਲੇ ਇਸ ਪੁਸਤਕ ਦੇ ਲਿਖਾਰੀ ਨੇ ਡੇਰਾ ਬਾਬਾ ਬੰਦਾ ਸਿੰਘ ਦੇ ਦਰਸ਼ਨ ਕੀਤੇ ਸਨ ਅਤੇ ਤਿੰਨ ਦਿਨ (31 ਜਨਵਰੀ ਤੋਂ 2 ਫ਼ਰਵਰੀ 1935) ਉਥੇ ਰਹਿ ਕੇ ਆਪਣੀ ਅੱਖੀਂ ਸਾਰੀ ਰਹੁ-ਰੀਤ ਦੇਖੀ ਸੀ ਜੋ ਸਿੱਖ ਧਰਮ ਦੇ ਅਸੂਲਾਂ ਅਤੇ ਰਵਾਇਤਾਂ ਦੇ ਅਨੁਕੂਲ ਸੀ। ਡੇਰਾ ਸਾਹਿਬ ਅਤੇ ਬੰਗਲਾ ਸਾਹਿਬ ਦੋਨੋਂ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਪਾਠ ਹੁੰਦਾ ਸੀ। ਸਵੇਰੇ ਕੀਰਤਨ ਅਤੇ ਸ਼ਾਮ ਨੂੰ ਰਹਿਰਾਸ ਤੋਂ ਬਾਅਦ ਦਸਾਂ ਪਾਤਸ਼ਾਹੀਆਂ ਦਾ ਅਰਦਾਸਾ ਹੁੰਦਾ ਸੀ ਅਤੇ ਉਸ ਤੋਂ ਬਾਅਦ ਇਹ ਦੋਹਰੇ ਪੜ੍ਹੇ ਜਾਂਦੇ ਸਨ :

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਇਨ੍ਹੇਂ ਮੈਂ ਲੇਇ।

ਇਨ੍ਹਾਂ ਤੋਂ ਬਾਅਦ

ਵਾਹਿਗੁਰੂ ਜੀ ਕੀ ਖ਼ਾਲਸਾ

ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ

ਬੁਲਾਈ ਜਾਂਦੀ ਅਤੇ

ਸਤਿ ਸ੍ਰੀ ਅਕਾਲ

ਦੇ ਤਿੰਨ ਜੈਕਾਰੇ ਗਜਾਏ ਜਾਂਦੇ ਸਨ ।

ਸ਼ਾਮ ਦੇ ਦੀਵਾਨ ਵਿਚ ਰਹਿਰਾਸ ਤੋਂ ਬਾਅਦ ਪੜ੍ਹ ਜਾਂਦੇ ਦਹਰਿਆਂ, ਫ਼ਤਿਹ ਅਤੇ ਜੈਕਾਰਿਆਂ ਦੇ ਪਿੱਛੋਂ ਹੇਠ ਲਿਖੇ ਵਾਕ ਭੀ ਪੜ੍ਹੇ ਜਾਂਦੇ ਸਨ :

ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਜੀ ।
ਤੂੰ ਹੀ ਤੂੰ ਹੀ ਗੁਰੂ ਗੋਬਿੰਦ ਸਿੰਘ ਜੀ ।
ਚੱਕਰ ਤੇਰੇ ਗੁਰੂ ਗੋਬਿੰਦ ਸਿੰਘ ਜੀ ।
ਘੋੜੇ ਤੇਰੇ ਗੁਰੂ ਗੋਬਿੰਦ ਸਿੰਘ ਜੀ।
ਫ਼ੌਜਾਂ ਤੇਰੀਆਂ ਗੁਰੂ ਗੋਬਿੰਦ ਸਿੰਘ ਜੀ ।
ਸੰਗਤੀਂ ਤੇਰੀਆਂ ਗੁਰੂ ਗੋਬਿੰਦ ਸਿੰਘ ਜੀ ।
ਬਾਜਾਂਵਾਲਾ ਗੁਰੂ ਗੋਬਿੰਦ ਸਿੰਘ ਜੀ ।
ਕਲਗੀਆਂ ਵਾਲਾ ਗੁਰੂ ਗੋਬਿੰਦ ਸਿੰਘ ਜੀ ।
ਦਰਬਾਰ ਵਾਲਾ ਬਾਬਾ ਬੰਦਾ ਸਿੰਘ ਜੀ ।
ਬੰਗਲੇ ਵਾਲਾ ਸਾਹਿਬ ਰਣਜੀਤ ਸਿੰਘ ਜੀ ।
ਮਹਿਲਾਂ ਵਾਲਾ ਬਾਬਾ ਜੁਝਾਰ ਸਿੰਘ ਜੀ ।
ਸੰਗਤੀਂ ਵਾਲਾ ਬਾਬਾ ਫ਼ਤਿਹ ਸਿੰਘ ਜੀ।
ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਜੀ ।
ਤੂੰ ਹੀ ਤੂੰ ਹੀ ਗੁਰੂ ਗੋਬਿੰਦ ਸਿੰਘ ਜੀ ।

ਬਾਬਾ ਫ਼ਤਿਹ ਸਿੰਘ ਤੋਂ ਬਾਅਦ ਹੋਰ ਕਿਸੇ ਦਾ ਨਾਉਂ ਨਹੀਂ ਸੀ ਲਿਆ ਜਾਂਦਾ ।

ਸੰਨ 1947 ਦੀ ਗੜ-ਬੜ ਵੇਲੇ ਬਾਬਾ ਸਰਦੂਲ ਸਿੰਘ ਜੀ ਨੇ ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਮੁੜ ਬਸਾਉਣ ਵਿਚ ਬੜੀ ਸਹਾਇਤਾ ਕੀਤੀ । 6 ਅਪ੍ਰੈਲ 1948 ਨੂੰ ਬੰਬਈ ਵਿਚ ਆਪ ਦਾ ਦੇਹਾਂਤ ਹੋ ਗਿਆ । ਅੱਜ ਕੱਲ ਉਨ੍ਹਾਂ ਦੇ ਸਪੁੱਤਰ ਜਿਤੇਂਦਰ-ਪਾਲ ਸਿੰਘ ਰੋਹਤਕ ਵਿਚ ਹਨ ਜਿਨ੍ਹਾਂ ਦਾ ਜਨਮ 2 ਅਕਤੂਬਰ ਸੰਨ 1944 ਨੂੰ ਹੋਇਆ ਸੀ ।

# ਬਾਬਾ ਸਰਦੂਲ ਸਿੰਘ ਜੀ ਦੀ ਲਿਖਤ
## (ਉਰਦੂ ਅਸਲ ਤੋਂ ਉਲਥਾ)

ਡੇਰਾ ਬਾਬਾ ਬੰਦਾ ਸਿੰਘ ਸਾਹਿਬ,
ਡਾਕਖ਼ਾਨਾ ਰਿਆਸੀ, ਰਿਆਸਤ ਜੰਮੂੰ,
ਮਿਤੀ 19 ਮਾਘ, ਸਮੰਤ 1991 ਬਿਕਰਮੀ।

ਸਾਡੇ ਬਜ਼ੁਰਗ ਬਾਬਾ ਬੰਦਾ ਸਿੰਘ, ਪ੍ਰਸਿੱਧ ਬਾਬਾ ਬੰਦਾ ਬਹਾਦੁਰ, ਸੰਮਤ 1765 ਬਿਕਰਮੀ ਨੂੰ ਨਾਂਦੇੜ ਦੇ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਵਿੱਤਰ ਹੱਥਾਂ ਤੋਂ ਅੰਮ੍ਰਿਤ ਛਕ ਕੇ ਨਿਯਮ ਅਨੁਸਾਰ ਸਿੰਘ ਸਜੇ ਅਤੇ ਬੈਰਾਗੀ ਪੰਥ ਤੋਂ ਸਦਾ ਲਈ ਅੱਡ ਹੋ ਕੇ ਗੁਰੂ ਸਾਹਿਬਾਂ ਦੇ ਸਿੱਖ ਬਣੇ। ਉਨ੍ਹਾਂ ਤੋਂ ਬਾਅਦ ਦੀ ਸਾਰੀ ਸੰਤਾਨ ਗੁਰੂ ਸਾਹਿਬਾਂ ਦੀ ਸਿੱਖ ਰਹੀ ਅਤੇ ਹੁਣ ਤਕ ਹੈ।

ਸਾਹਿਬ ਬੰਦਾ ਸਿੰਘ ਬਹਾਦੁਰ ਆਪਣੇ ਸਤਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ ਅਨੁਸਾਰ ਪੰਜਾਬ ਆਏ ਅਤੇ ਗੁਰੂ ਸਾਹਿਬ ਦੀ ਆਗਿਆ ਪਾਲਨ ਕਰਨ ਵਿਚ ਆਪਣੀ ਜਾਨ ਤਕ ਕੁਰਬਾਨ ਕਰ ਗਏ।


ਸੇਵਾ ਦੇ ਸਮੇਂ ਵਿਚ ਉਨ੍ਹਾਂ ਨੇ ਕਦੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੱਦੀ-ਨਸ਼ੀਨ ਗੁਰੂ ਨਹੀਂ ਕਹਾਇਆ ਅਤੇ ਹੁਣ ਤਕ ਉਹ ਅਤੇ ਉਨ੍ਹਾਂ ਦੇ ਸਾਰੇ ਗੱਦੀ-ਨਸ਼ੀਨ 'ਬਾਬਾ' ਪਦਵੀ ਨਾਲ ਪ੍ਰਸਿੱਧ ਹਨ।

ਬਾਬਾ ਬੰਦਾ ਸਿੰਘ ਬਹਾਦੁਰ ਅਤੇ ਖ਼ਾਲਸੇ ਦੇ ਦਰਮਿਆਨ ਕੋਈ ਝਗੜਾ ਨਹੀਂ ਹੋਇਆ ਅਤੇ ਨਾ ਹੀ ਖ਼ਾਲਸੇ ਨੇ ਕਦੀ ਉਨ੍ਹਾਂ ਦਾ ਸਾਥ ਛੱਡਿਆ, ਬਲਕਿ ਅੰਤਮ ਦਿਨਾਂ ਤਕ ਅਠ ਸੌ ਦੇ ਲਗ ਭਗ ਖ਼ਾਲਸੇ ਉਨ੍ਹਾਂ ਦੀ ਤਾਬੇਦਾਰੀ ਵਿਚ ਉਨ੍ਹਾਂ ਦੇ ਨਾਲ ਦਿੱਲੀ ਵਿਚ ਸ਼ਹੀਦ ਹੋ ਗਏ ਅਤੇ ਕਿਸੇ ਇਕ ਨੇ ਭੀ ਆਪਣੀ ਜਾਨ ਬਚਾਉਣ ਲਈ ਖ਼ਾਲਸਾ ਧਰਮ ਤੋਂ ਨਾਂਹ ਨੁੱਕਰ ਨਹੀਂ ਕੀਤੀ।

ਬਾਬਾ ਬੰਦਾ ਸਿੰਘ ਸਾਹਿਬ ਦੇ ਦੇਹਾਂਤ ਦੇ ਪਿਛੋਂ ਜੋ ਝਗੜੇ ਤੱਤ-ਖ਼ਾਲਸੇ ਅਤੇ ਬੰਦਈ ਖ਼ਾਲਸੇ ਦੇ ਵਿਚਕਾਰ ਹੋਏ, ਉਨ੍ਹਾਂ ਦਾ ਬਾਬਾ ਸਾਹਿਬ ਦੀ ਵਿਅਕਤੀ ਨਾਲ ਕੋਈ ਸੰਬੰਧੀ ਨਹੀਂ ਹੈ।

(ਦਸਖਤ) ਬਾਬਾ ਸਰਦੂਲ ਸਿੰਘ ਸੋਢੀ ਗੱਦੀ-ਨਸ਼ੀਨ
ਡੇਰਾ ਬਾਬਾ ਬੰਦਾ ਸਿੰਘ ਸਾਹਿਬ
ਮਿਤੀ 19 ਮਾਘ 1991 ਬਿਕਰਮੀ
1 ਫ਼ਰਵਰੀ 1935 ਈ.

# ਬਾਬਾ ਬੰਦਾ ਸਿੰਘ ਦੇ ਗੱਦੀ-ਨਸ਼ੀਨਾਂ ਦੀ ਪ੍ਰਣਾਲੀ



ਅੰਤਿਕਾ 1

# ਬੰਦਾ ਸਿੰਘ ਦੀਆਂ ਯਾਦਗਾਰਾਂ

## ਡੇਰਾ ਬਾਬਾ ਬੰਦਾ ਸਾਹਿਬ

ਬਾਬਾ ਬੰਦਾ ਸਿੰਘ ਦੀ ਵੱਡੀ ਯਾਦਗਾਰ ਡੇਰਾ ਬਾਬਾ ਬੰਦਾ ਹੈ ਜੋ ਡੇਰਾ ਸਾਹਿਬ ਜਾਂ ਡੇਰਾ ਕਰਕੇ ਪ੍ਰਸਿੱਧ ਹੈ। ਇਹ ਜੰਮੂ ਦੇ ਪਹਾੜੀ ਇਲਾਕੇ ਵਿਚ ਕਟੜੇ ਤੋਂ ਸੱਤ ਕੋਹ ਅਤੇ ਰਿਆਸੀ ਤੋਂ ਸਿੱਧਾ ਦੱਖਣ ਨੂੰ ਸਾਢੇ ਚਾਰ ਕੋਹ ਹੈ। ਡੇਰਾ ਸਾਹਿਬ ਦੇ ਲਹਿੰਦਿਓਂ ਦੱਖਣ ਨੂੰ ਝਨਾਂ ਵਗਦੀ ਹੈ ਜੋ ਇਥੋਂ ਥੋੜੀ ਦੂਰ ਦੱਖਣ-ਚੜ੍ਹਦੇ ਜਾ ਕੇ ਥੋੜਾ ਜਿਹਾ ਦੱਖਣ ਲਹਿੰਦੇ ਨੂੰ ਮੁੜ ਕੇ ਸਿੱਧੀ ਦੱਖਣ ਨੂੰ ਕਿਦਰਪੁਰ, ਅਖਨੂਰ ਵਲ ਨੂੰ ਹੋ ਪੈਂਦੀ ਹੈ। ਡੇਰਾ ਸਾਹਿਬ ਦੀ ਬਸਤੀ ਦੇ ਚੜ੍ਹਦੇ ਨੂੰ ਇਕ ਮੀਲ ਤੇ ਸੇਰੀ ਪਿੰਡ ਹੈ, ਲਹਿੰਦੇ ਨੂੰ ਦੋ ਮੀਲ ਤੇ ਭੱਬਰ ਅਤੇ ਉੱਤਰ ਨੂੰ ਡੇਢ ਕੁ ਮੀਲ ਤੇ ਮਨਸੂਹ ਹੈ।

ਖ਼ਾਸ ਡੇਰਾ ਸਾਹਿਬ ਤੋਂ ਵੱਖ ਇੱਥੇ ਇਕ ਅਸਥਾਨ ਥੜਾ ਸਾਹਿਬ ਹੈ ਜਿੱਥੇ ਕਿ ਬਾਬਾ ਬੰਦਾ ਸਿੰਘ ਨੇ ਪਹਿਲੋਂ ਪਹਿਲ ਆਪਣਾ ਬਰਛਾ ਗੱਡਿਆ ਸੀ। ਦੂਸਰਾ ਯਾਦਗਾਰੀ ਅਸਥਾਨ ਬੰਗਲਾ ਸਾਹਿਬ ਹੈ ਜੋ ਬਾਬਾ ਰਣਜੀਤ ਸਿੰਘ ਦੀ ਯਾਦ ਵਿਚ ਹੈ।

ਖ਼ਾਸ ਡੇਰਾ ਸਾਹਿਬ ਦੇ ਅੰਦਰ ਦਰਮਿਆਨ ਵਿਚ ਬਾਬਾ ਬੰਦਾ ਸਿੰਘ ਦਾ ਇਕ ਪਲੰਘ ਰਖਿਆ ਹੋਇਆ ਸੀ ਜਿਸ ਦੇ ਮੈਂ 30 ਜਨਵਰੀ ਅਤੇ ਪਹਿਲੀ ਫ਼ਰਵਰੀ ਸੰਨ 1935 ਨੂੰ ਦਰਸ਼ਨ ਕੀਤੇ ਸਨ। ਚੜ੍ਹਦੇ ਪਾਸੇ ਦੀਵਾਰ ਉੱਤੇ ਹੇਠ ਉੱਪਰ ਦੋ ਤਸਵੀਰਾਂ ਸਨ। ਉੱਪਰਲੀ ਤਸਵੀਰ ਮਹਾਰਾਜਾ ਰਣਜੀਤ ਸਿੰਘ ਚਾਂਦਨੀ ਹੇਠਾਂ ਕੁਰਸੀ ਪਰ ਬੈਠੇ ਸਨ ਅਤੇ ਦੂਸਰੀ ਹੇਠਲੀ ਵਿਚ ਖ਼ਾਲਸਾ ਫ਼ੌਜ ਸੀ ਅਤੇ ਮਹਾਰਾਜਾ ਸਾਹਿਬ ਹਾਥੀ ਪਰ ਅਸਵਾਰ ਸਨ। ਲਾਹਿੰਦੇ ਪਾਸੇ ਤਾਕ ਦੇ ਉੱਪਰ ਬਾਬਾ ਬੰਦਾ ਸਿੰਘ ਦੀ ਤਸਵੀਰ ਸੀ ਜਿਸ ਵਿਚ ਉਹ ਤਕੀਆ ਲਾਈ ਬੈਠੇ ਸਨ। ਦਾਹੜਾ ਚਿੱਟਾ ਦਿਖਾਇਆ ਹੋਇਆ ਸੀ। ਉਨ੍ਹਾਂ ਦੇ ਸੱਜੇ ਹੱਥ ਤਿੰਨ ਸਿੰਘ ਤਕੀਆ ਲਾਈ ਬੈਠੇ ਹਨ ਅਤੇ ਖੱਬੇ ਹੱਥ ਬਾਬਾ ਜੀ ਦੇ ਨਾਲ ਇਕ ਸਿੰਘ ਕਲਗੀ ਵਾਲੇ ਤਕੀਆ ਲਾਈ ਬੈਠੇ ਸਨ ਅਤੇ ਉਨ੍ਹਾਂ ਦੇ ਨਾਲ ਅੱਗੇ ਇਕ ਸਿੰਘ ਕਲਗੀ ਸਜਾਈ ਬਿਨਾਂ ਸਰ੍ਹਾਨੇ ਦੇ ਬੈਠੇ ਸਨ। ਬਾਬਾ ਜੀ ਦੇ ਖ਼ੱਬੇ ਪਾਸੇ ਜ਼ਰਾ ਪਿੱਛੇ ਨੂੰ ਹਟਵਾਂ ਚੋਰੀ-ਬਰਦਾਰ ਸੀ। ਇਹ ਸਭ ਕੁਝ ਮੈਂ ਸੰਨ 1935 ਦੀ ਯਾਦ ਅਨੁਸਾਰ ਲਿਖਿਆ ਹੈ।

## ਯਾਦਗਾਰ, ਬਸਰਾਮਪੁਰ

ਜਾਲੰਧਰ ਦੇ ਜ਼ਿਲੇ ਵਿਚ ਸ਼ਹਿਰ ਜਾਲੰਧਰ ਤੋਂ ਚੜ੍ਹਦੀ ਵਲ ਅਤੇ ਛਾਉਣੀਓਂ ਉੱਤਰ-ਚੜ੍ਹਦੇ ਨੂੰ ਬਸਰਾਮਪੁਰ ਪਿੰਡ ਦੀ ਜ਼ਮੀਨ ਵਿਚ ਇਕ ਬੜਾ ਪੁਰਾਣਾ ਪਿੱਪਲ ਹੈ ਜਿਸ

ਦੀ ਕਈ ਚਿਰ ਤੋਂ ਮਨੌਤ ਹੁੰਦੀ ਹੈ। ਕਹਿੰਦੇ ਹਨ ਕਿ ਇੱਥੇ ਕਿਸੇ ਵੇਲੇ ਬਾਬਾ ਬੰਦਾ ਸਿੰਘ ਦਾ ਡੇਰਾ ਸੀ। ਇਸ ਨੂੰ ਥੇਹ ਬਾਬੇ ਬੰਦੇ ਵਾਲੀ ਅਤੇ ਥੇਹ ਕਾਨੂੰਨੀ ਕਹਿੰਦੇ ਹਨ ਜੋ ਬਸਰਾਮਪੁਰ, ਚਾਂਦਪੁਰ ਅਤੇ ਭੋਜੋਵਾਲ ਦੀ ਹੱਦ ਪਰ ਹੈ। ਹੁਣ ਇਥੇ ਪਤਾਰਾ ਨਿਵਾਸੀ ਮਾਸਟਰ ਮੋਤਾ ਸਿੰਘ ਦੇ ਉਤਸ਼ਾਹ ਅਤੇ ਇਲਾਕੇ ਦੇ ਉੱਦਮ ਨਾਲ ਇਕ ਯਾਦਗਾਰੀ ਗੁਰਦੁਆਰਾ ਬਣ ਗਿਆ ਹੈ। ਮਾਸਟਰ ਮੋਤਾ ਸਿੰਘ ਦਾ ਪਤਾਰਾ ਪਿੰਡ ਚਾਂਦਪੁਰੋਂ ਉੱਤਰ ਵਲ ਨੂੰ ਬੋਲਿੰਨਾ ਰੇਲਵੇ ਸਟੇਸ਼ਨ ਤੋਂ ਦੱਖਣ- ਚੜ੍ਹਦੇ ਨੂੰ ਹੈ। ਬਸਰਾਮਪੁਰ ਤੋਂ ਦੱਖਣ-ਲਹਿੰਦੇ ਨੂੰ ਪਿੰਡ ਪੂਰਨ ਪੁਰ ਅਤੇ ਤੱਲਣ ਹਨ।

ਇਸ ਅਸਥਾਨ ਦੀ ਮਹਾਨਤਾ ਸੰਬੰਧੀ ਲੇਖਕ ਦੇ ਸਵਾਲ ਦੇ ਉੱਤਰ ਵਿਚ ਇਕ ਵਾਰੀ ਮਾਸਟਰ ਮੋਤਾ ਸਿੰਘ ਜੀ ਨੇ ਕਿਹਾ ਸੀ ਕਿ ਇਹ ਬਾਬਾ ਬੰਦਾ ਸਿੰਘ ਦਾ ਜਨਮ-ਅਸਥਾਨ ਹੈ ਜਿਸ ਦੀ ਗਵਾਹੀ ਲਈ ਉਨ੍ਹਾਂ ਜੇਮਜ਼ ਬਰਾਊਨ ਦੀ ਪੁਸਤਕ ਦਾ ਜ਼ਿਕਰ ਕੀਤਾ ਸੀ। ਜੇਮਜ਼ ਬਰਾਊਨ ਦੀ ਹਿਸਟਰੀ ਔਫ਼ ਦੀ ਔਰਿਜਿਨ ਐਂਡ ਪ੍ਰੋਗ੍ਰੈਸ ਔਫ਼ ਦੀ ਸਿੱਕਸ (History of the Origin and the Progress of the Sicks, 1788) ਵਿਚ ਪੰਨਾ 9 ਪਰ ਪਿੰਡ ਪੰਡੋਰੀ, ਦੁਆਬਾ ਬਿਸਤ ਜਾਲੰਧਰ ਦਿੱਤਾ ਹੋਇਆ ਹੈ, ਪਰ ਇਸ ਨਾਉਂ ਦਾ ਕੋਈ ਪਿੰਡ ਇਸ ਥੇਹ ਦੇ ਲਾਗੇ ਨਹੀਂ ਹੈ। ਦੁਆਬਾ ਬਿਸਤ ਜਾਲੰਧਰ ਵਿਚ ਵੱਖ ਵੱਖ ਵਿਅਕਤੀਆਂ ਦੇ ਨਾਉਂ ਨਾਲ ਪ੍ਰਸਿੱਧ ਕਈ ਪੰਡੋਰੀਆਂ ਹਨ। ਇਸ ਲਈ ਨਿਸ਼ਚੇ ਨਾਲ ਕੁਝ ਕਹਿ ਸਕਣਾ ਔਖਾ ਹੈ। ਆਮ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਦਾ ਜਨਮ-ਅਸਥਾਨ ਰਾਜੌਰੀ ਜ਼ਿਲਾ ਪੁਣਛ (ਕਸ਼ਮੀਰ) ਲਿਖਿਆ ਹੈ। (ਦੇਖੋ Ganda Singh, Early European Accounts of the Sikhs, 1962, Page 28, Footnote No. 24.)

### ਥੇਹ ਬਾਬਾ ਬੰਦਾ ਸਿੰਘ

ਥੋੜਾ ਚਿਰ ਹੀ ਹੋਇਆ ਹੈ ਸੁਰਗਵਾਸੀ ਸਰਦਾਰ ਭਾਗ ਸਿੰਘ ਵਕੀਲ, ਗੁਰਦਾਸਪੁਰ ਦੇ ਜਤਨ ਅਤੇ ਪ੍ਰੇਰਨਾ ਨਾਲ ਇਰਦ ਗਿਰਦ ਦੇ ਸਿੰਘਾਂ ਨੇ ਗੁਰਦਾਸ ਨੰਗਲ ਦੀ ਥੇਹ ਪਰ ਇਕ ਯਾਦਗਾਰੀ ਗੁਰਦੁਆਰਾ ਬਣਾ ਦਿੱਤਾ ਹੈ। ਇਹ ਅਸਥਾਨ ਧਾਰੀਵਾਲੋਂ ਗੁਰਦਾਸ ਪੁਰ ਨੂੰ ਜਾ ਰਹੀ ਸੜਕ ਦੇ ਖੱਬੇ ਹੱਥ ਹੈ। ਇੱਥੋਂ ਹੀ ਆਖ਼ਰੀ ਘੇਰੇ ਵਿਚੋਂ ਬਾਬਾ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘ ਫੜੇ ਗਏ ਸਨ।

### ਬਣਨ ਵਾਲੀਆਂ ਯਾਦਗਾਰਾਂ

ਬਾਬਾ ਬੰਦਾ ਸਿੰਘ ਦੀਆਂ ਅਨੇਕਾਂ ਹੋਰ ਯਾਦਗਾਰਾਂ ਕਾਇਮ ਕਰਨ ਦੀ ਲੋੜ ਹੈ, ਖ਼ਾਸ ਕਰ ਉਨ੍ਹਾਂ ਥਾਵਾਂ ਤੇ ਜਿੱਥੇ ਕਿ ਉਨ੍ਹਾਂ ਨੇ ਜਿੱਤਾਂ ਪ੍ਰਾਪਤ ਕਰ ਕੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਸੁਤੰਤਰ ਰਾਜ ਦੀ ਜੋਤ ਜਗਾਈ ਸੀ। ਪਰ ਇਕ ਬੜਾ ਜ਼ਰੂਰੀ ਅਸਥਾਨ ਲੋਹਗੜ੍ਹ ਸਢੌਰੇ ਤੋਂ ਉੱਤਰ ਚੜ੍ਹਦੇ ਵਲ ਹੈ ਜਿੱਥੇ ਕਿ ਉਨ੍ਹਾਂ ਨੇ ਇਸ ਰਾਜ ਦੀ ਰਾਜਧਾਨੀ ਦੀ ਨੀਂਹ ਰੱਖੀ ਸੀ।

ਦੋ ਹੋਰ ਅਤਿ ਜ਼ਰੂਰੀ ਅਸਥਾਨ ਹਨ ਦਿੱਲੀ ਵਿਚ। ਇਕ ਹੈ ਚਾਂਦਨੀ ਚੌਕ ਦੀ ਕੋਤਵਾਲੀ ਦੇ ਸਾਹਮਣੇ (ਰੇਲਵੇ ਸਟੇਸ਼ਨ ਤੋਂ ਫ਼ਵਾਰੇ ਨੂੰ ਆ ਰਹੀ ਸੜਕ ਦੇ ਸੱਜੇ ਹੱਥ) ਦਾ

ਮੈਦਾਨ ਜਿੱਥੇ 5 ਮਾਰਚ ਸੰਨ 1716 ਨੂੰ ਸ਼ੁਰੂ ਕਰਕੇ ਹਰ ਰੋਜ਼ ਲਗਾਤਾਰ ਅੱਠ ਦਿਨ ਸੌ ਸੌ ਕਰ ਕੇ ਬਾਬਾ ਬੰਦਾ ਸਿੰਘ ਦੇ ਸਾਥੀ ਸਿੰਘ ਕਤਲ ਕੀਤੇ ਗਏ ਸਨ। ਦੂਸਰਾ ਅਸਥਾਨ ਹੈ ਕੁਤਬ ਮੀਨਾਰ ਦੇ ਪਾਸ ਖ਼ੁਆਜਾ ਕੁਤਬੁੱਦੀਨ ਬਖਤਿਆਰ ਕਾਕੀ ਦੇ ਰੋਜ਼ੇ ਦੇ ਲਾਗੇ ਜਿੱਥੇ 9 ਜੂਨ ਸੰਨ 1716 ਨੂੰ ਖ਼ੁਦ ਬਾਬਾ ਬੰਦਾ ਸਿੰਘ, ਉਨ੍ਹਾਂ ਦਾ ਪੁੱਤਰ ਅਜੈ ਸਿੰਘ ਅਤੇ ਸਰਦਾਰ ਬਾਜ ਸਿੰਘ ਆਦਿ ਚੋਣਵੇਂ ਮੁੱਖੀ ਸਰਦਾਰਾਂ ਨੂੰ ਕੋਹ ਕੋਹ ਕੇ ਮਾਰਿਆ ਅਤੇ ਟੋਟੇ ਟੋਟੇ ਕੀਤਾ ਗਿਆ ਸੀ। ਇਨ੍ਹੀ ਚੌਹੀਂ ਥਾਈਂ ਸ਼ਹੀਦ ਗੰਜ ਬਣਨੇ ਚਾਹੀਦੇ ਹਨ।

ਅੰਤਿਕਾ 2

# LETTER XII

The Honourable Robert Hedges Esq.,

President & Governor of Fort William & Council in Bengal.

Honourable Sir, etc.

We wrote your Honour on the 7th ultimo since which we have received no letters.

... ... ...

The great Rebel Gooroo who has been for these 20 years so troublesome in the Subaship of Lahore is at length taken with all his family and attendance by Abd-us-Samad Cawn, the Suba of that province. Some days ago they entered the city laden with fetters, his whole attendants which were left alive being about seven hundred and eighty, all severally mounted on camels which were sent out of the City for that purpose, besides about two thousand heads stuck upon poles, being those who died by the sword in battle. He was carried into the presence of the King, and from thence to a close prison. He at present has his life prolonged with most of his mutsuddys in hope to get an Account of his treasure in the several parts of his Kingdom and of those that assisted him, when afterwards he will be executed, for the rest there are 100 each day beheaded. It is not a little remarkable with what patience they undergo their fate, and to the last it has not been found that one apostatised from this new formed Religion.

... ... ...

We are,
Honourable Sir & Sirs,
Your most obedient Humble Servants,
John Surman,
Edward Stephenson.

Dilly
March the 10th, 1715-16.

This letter was read at a consultation at Fort St. George on Tuesday, 5th June, 1716, and is to be found in the Madras Diary and Consultation Book for 1715 to 1719, No. 87, Range 239, in the India Office; also in J.T. Wheeler's *Early Records of British India*, p. 180, and in C.R. Wilson's *The Early Annals of the English in Bengal*, p. 96-8.

ਅੰਤਿਕਾ 3

# ਤਸਵੀਰਾਂ ਦਾ ਵੇਰਵਾ

1. ਬੰਦਾ ਸਿੰਘ ਬਹਾਦੁਰ—ਸੰਜੋ ਵਾਲੀ। ਇਹ ਇਕ ਪੁਰਾਣੀ ਕਲਮੀ ਤਸਵੀਰ ਤੋਂ ਲਈ ਗਈ ਸੀ, ਪਰ ਉਹ ਬਹੁਤ ਹੀ ਮੱਧਮ ਸੀ ਇਸ ਲਈ ਨੁਹਾਰ ਅਤੇ ਨਕਸ਼ ਕਾਫ਼ੀ ਸਪੱਸ਼ਟ ਅਤੇ ਸਾਫ਼ ਨਹੀਂ ਸਨ। ਹੁਣ ਇਸ ਨੂੰ ਉਸ ਦੀ ਅੰਤਮ ਸਮੇਂ ਦੀ ਤਸਵੀਰ ਦੀ ਸਹਾਇਤਾ ਨਾਲ ਜ਼ਰਾ ਕੁ ਉਘਾੜਿਆ ਗਿਆ ਹੈ।

2. ਬੰਦਾ ਸਿੰਘ-ਨੰਗੇ ਧੜ ਵਾਲੀ। ਇਹ ਤਸਵੀਰ ਸੰਨ 1933 ਵਿਚ ਮੈਂ ਪਟਨੇ ਮੁਗ਼ਲ ਬਾਦਸ਼ਾਹਾਂ ਅਤੇ ਹੋਰ ਉੱਘੇ ਉੱਘੇ ਸ਼ਾਹੀ ਕਰਮਚਾਰੀਆਂ ਦੀਆਂ ਤਸਵੀਰਾਂ ਦੇ ਇਕ ਸੰਚੇ ਵਿਚ ਵੇਖੀ ਸੀ ਅਤੇ ਇਸ ਦੇ ਹੇਠ ਗੁਰੂ ਗੋਬਿੰਦ ਲਿਖਿਆ ਹੋਇਆ ਸੀ ਜਿਹੜਾ ਨਾਉਂ ਕਿ ਕਈ ਸਮਕਾਲੀ ਲਿਖਾਰੀਆਂ ਨੇ ਅਨਜਾਣੇ ਆਪਣੀਆਂ ਫ਼ਾਰਸੀ ਲਿਖਤਾਂ ਵਿਚ ਬਾਬਾ ਬੰਦਾ ਸਿੰਘ ਲਈ ਵਰਤਿਆ ਹੋਇਆ ਹੈ। ਇਹ ਤਸਵੀਰ ਉਸ ਅੰਤਮ ਸਮੇਂ ਦੀ ਦਿੱਸਦੀ ਹੈ ਜਦ ਕਿ 9 ਜੂਨ ਸੰਨ 1716 ਨੂੰ ਬੰਦਾ ਸਿੰਘ ਨੂੰ ਖ਼ੁਆਜਾ ਕੁਤਬੁੱ-ਦੀਨ ਬਖ਼ਤਿਆਰ-ਕਾਕੀ ਦੇ ਰੌਜ਼ੇ ਦੇ ਪਾਸ ਕਤਲ ਲਈ ਲਿਜਾਇਆ ਗਿਆ ਸੀ ਅਤੇ ਉਥੇ ਉਸ ਨੂੰ ਕੋਹ ਕੋਹ ਕੇ ਮਾਰਨ ਅਤੇ ਲਾਲ ਭਖਦਿਆਂ ਲੋਹੇ ਦੇ ਚਿਮਟਿਆਂ ਨਾਲ ਉਸ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਤੋੜਨ ਲਈ ਨੰਗਾ ਕੀਤਾ ਗਿਆ ਸੀ। ਉਸ ਵੇਲੇ ਉਹ ਭੁੱਖਾ, ਦੁੱਖਾਂ ਨਾਲ ਇਤਨਾ ਨਿਰਬਲ ਹੋ ਗਿਆ ਹੋਇਆ ਸੀ ਕਿ ਖੜੋਣ ਲਈ ਉਸ ਨੂੰ ਲਾਠੀ ਦੀ ਟੇਕ ਲੈਣੀ ਪੈ ਰਹੀ ਸੀ।

3. ਹੁਕਮ-ਨਾਮਾ, ਜੋ ਬੰਦਾ ਸਿੰਘ ਨੇ 12 ਪੋਹ ਸੰਮਤ 1 (ਰਾਜਗੀ), 1 2 ਦਸੰਬਰ ਸੰਨ 1710 ਈ. ਨੂੰ ਜਉਨਪੁਰ ਦੇ ਖ਼ਾਲਸੇ ਵਲ ਭੇਜਿਆ ਸੀ। ਇਸ ਦਾ ਜ਼ਿਕਰ ਅੰਦਰ ਹੈ ਅਤੇ ਇਸ ਸੰਬੰਧੀ ਵਿਚਾਰ ਬਾਅਦ ਵਿਚ ਹੈ।

4. ਬਾਬਾ ਸਰਦੂਲ ਸਿੰਘ ਦੀ ਆਪਣੇ ਬਜ਼ੁਰਗ ਬਾਬਾ ਬੰਦਾ ਸਿੰਘ ਸੰਬੰਧੀ 19 ਮਾਘ ਸੰਮਤ 1991 ਬਿਕ੍ਰਮੀ, 1 ਫ਼ਰਵਰੀ ਸੰਨ 1935 ਈ. ਦੀ ਲਿਖਤ।

ਅੰਤਿਕਾ 4

# ਥਿੱਤਾਵਲੀ

1670, ਅਕਤੂਬਰ 16 (ਬਿਕ੍ਰਮੀ 1727 ਕੱਤਕ ਸੁਦੀ 13)। ਲਛਮਨ ਦੇਵ (ਬੰਦਾ ਸਿੰਘ) ਦਾ ਜਨਮ।

1686, (1743 ਬਿਕ੍ਰਮੀ)। ਲਛਮਨ ਦੇਵ (ਮਾਧੋ ਦਾਸ) ਜਾਨਕੀ ਪ੍ਰਸਾਦ ਬੈਰਾਗੀ ਦੀ ਮੰਡਲੀ ਨਾਲ ਕਸੂਰ ਦੇ ਲਾਗੇ ਡੇਰਾ ਬਾਬਾ ਰਾਮ ਥੰਮਣ ਗਿਆ।

1691, (1748 ਬਿਕ੍ਰਮੀ)। ਜੋਗੀ ਔਘੜ ਨਾਥ ਨੇ ਮਾਧੋ ਦਾਸ ਨੂੰ ਜੰਤਰਾਂ ਮੰਤਰਾਂ ਦੀ ਪੋਥੀ ਦਿੱਤੀ।

1704, ਦਸੰਬਰ 27 (1761 ਬਿਕ੍ਰਮੀ ਪੋਹ)। ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦੇ ਸਰਹੰਦ ਵਿਚ ਕੋਹ ਦਿੱਤੇ ਗਏ।

1707, ਫ਼ਰਵਰੀ 20। ਔਰੰਗਜ਼ੇਬ ਦੀ ਮੌਤ।

ਜੂਨ 8। ਗੁਰੂ ਗੋਬਿੰਦ ਸਿੰਘ ਨੇ ਦੋ ਤਿੰਨ ਸੌ ਸਿੰਘ ਸ਼ਹਿਜ਼ਾਦਾ ਮੁਅੱਜ਼ਮ ਦੀ ਮਦਦ ਲਈ ਜਾਜੌ ਭੇਜੇ।

ਜੁਲਾਈ 23 (4 ਜਮਾਦੀ-ਉਲ-ਅੱਵਲ, 1119 ਹਿਜ਼ਰੀ) ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦੁਰ ਸ਼ਾਹ ਨਾਲ ਮੁਲਾਕਾਤ।

ਅਕਤੂਬਰ 2 (1764 ਬਿਕ੍ਰਮੀ, ਕੱਤਕ 1)। ਗੁਰੂ ਗੋਬਿੰਦ ਸਿੰਘ ਜੀ ਦਾ ਧਉਲ ਦੀ ਸੰਗਤ ਦੇ ਨਾਮ ਹੁਕਮਨਾਮਾ।

1708, ਸਤੰਬਰ 3 (ਸੂਰਜ ਗ੍ਰਹਿਣ ਦੇ ਦਿਨ)। ਗੁਰੂ ਗੋਬਿੰਦ ਸਿੰਘ ਜੀ ਦਾ ਬੈਰਾਗੀ ਮਾਧੋ ਦਾਸ ਨੂੰ ਨੰਦੇੜ ਮਿਲਣਾ।

ਅਕਤੂਬਰ 7। ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ।

1709, (ਗਰਮੀਆਂ)। ਪੱਟੀ ਦੇ ਅਮੀਨ ਹਰ-ਸਹਾਇ ਨੇ ਅੰਮ੍ਰਿਤਸਰ ਦੇ ਸਿੱਖਾਂ ਉੱਤੇ ਹੱਲਾ ਕੀਤਾ ਅਤੇ ਲੜਾਈ ਵਿਚ ਮਾਰਿਆ ਗਿਆ।

1709, ਨਵੰਬਰ 11 (1766 ਬਿਕ੍ਰਮੀ, ਮੱਘਰ 11)। ਬੰਦਾ ਸਿੰਘ ਦਾ ਸਾਮਣੇ ਤੇ ਹੱਲਾ

ਦਸੰਬਰ। ਬਹਾਦੁਰ ਸ਼ਾਹ ਨੂੰ ਸਿੰਘਾਂ ਦੇ ਪੰਜਾਬ ਵਿਚ ਉਠ ਖੜੋਨ ਦੀਆਂ ਖ਼ਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ।

1710, ਫ਼ਰਵਰੀ 25 (7 ਮੁਹੱਰਮ, ਸੰਨ 4 ਬਹਾਦੁਰ ਸ਼ਾਹੀ)। ਵਜ਼ੀਰ ਖ਼ਾਨ ਦੀ ਅਰਜ਼ੀ ਬਾਦਸ਼ਾਹ ਦੇ ਪੇਸ਼ ਹੋਈ।

ਅਪ੍ਰੈਲ 23 (5 ਰੱਬੀ-ਉਲ-ਅੱਵਲ)। ਲਾਹੌਰ ਦੇ ਦੀਵਾਨ ਦੀ ਅਰਜ਼ੀ ਪਰ ਇਰਦ ਗਿਰਦ ਦੇ ਫੌਜਦਾਰਾਂ ਨੂੰ ਹੁਕਮ ਹੋਇਆ ਕਿ ਉਹ ਇਕੱਠੇ ਹੋ ਕੇ ਇਸ ਦੀ ਸਹਾਇਤਾ ਕਰਨ।

ਮਈ 10-12। ਬੰਦਾ ਸਿੰਘ ਸਹਾਰਨਪੁਰ ਪਹੁੰਚਿਆ।

ਮਈ 12। ਪਰਤੀਤ ਰਾਓ ਹਰਕਾਰੇ ਨੇ ਬਾਦਸ਼ਾਹ ਨੂੰ ਸਿੰਘਾਂ ਦੇ ਸਹਾਰਨਪੁਰ ਇਕੱਠੇ ਹੋਣ ਦੀ ਖ਼ਬਰ ਦਿੱਤੀ।

ਮਈ 12 (24 ਰੱਬੀ-ਉਲ-ਅੱਵਲ, 1122 ਹਿਜ਼ਰੀ)। ਚੱਪੜ-ਚਿੜੀ ਦੇ ਮੈਦਾਨ ਵਿਚ ਬੰਦਾ ਸਿੰਘ ਅਤੇ ਵਜ਼ੀਰ ਖ਼ਾਨ ਦੀ ਲੜਾਈ। ਸਿੰਘਾਂ ਦੀ ਜਿੱਤ ਹੋਈ।

ਮਈ 14 (1122 ਹਿਜ਼ਰੀ, 26 ਰੱਬੀ-ਉਲ-ਅੱਵਲ)। ਸਿੰਘਾਂ ਦਾ ਸਰਹੰਦ ਉੱਤੇ ਕਬਜ਼ਾ।

ਮਈ 17। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਆਸਫ਼-ਦੌਲਾ ਨੇ ਸੱਯਦ ਅਬਦੁੱਲਾ ਖ਼ਾਨ ਨੂੰ ਸਹਾਰਨਪੁਰ ਇਕੱਠੇ ਹੋਏ ਸਿੰਘਾਂ ਨਾਲ ਲੜਾਈ ਲਈ ਇਕ ਲੱਖ ਦੇ ਕੇ ਨਿਯਤ ਕੀਤਾ ਹੈ।

ਮਈ 20। ਬਹਾਦੁਰਸ਼ਾਹ ਨੂੰ ਵਜ਼ੀਰ ਖ਼ਾਨ ਦੀ ਸਿੰਘਾਂ ਨਾਲ ਲੜਾਈ ਵਿਚ 12 ਮਈ ਨੂੰ ਹੋਈ ਮੌਤ ਦੀ ਖ਼ਬਰ ਮਿਲੀ।

ਮਈ 24। (6 ਰੱਬੀ-ਉ-ਸਾਨੀ, 4 ਬ. ਸ਼ਾ.)। ਖ਼ਾਨ ਜਾਨ ਬਹਾਦੁਰ ਅਤੇ ਅਬਦੁੱਲਾ ਖ਼ਾਨ ਨੂੰ ਅਠ ਲੱਖ ਰੁਪਏ ਸਿੰਘਾਂ ਦੇ ਵਿਰੁੱਧ ਲੜਾਈ ਲਈ ਦੇਣ ਦਾ ਹੁਕਮ ਦਿੱਲੀ ਦੇ ਮੁਤਸੱਦੀਆਂ ਨੂੰ ਹੋਇਆ।

ਮਈ 27। ਸਫ਼-ਸ਼ਿਕਨ-ਖ਼ਾਨ ਨੇ ਸਰਹੰਦ ਦੀ ਫੌਜਦਾਰੀ ਅਤੇ ਸਿੰਘਾਂ ਵਿਰੁੱਧ ਫੌਜ ਲਈ ਅਰਜ਼ ਕੀਤੀ।

ਮਈ 28। ਬਹਾਦੁਰ ਸ਼ਾਹ ਨੂੰ ਰਾਜਾ ਅਜੀਤ ਸਿੰਘ ਅਤੇ ਰਾਜਾ ਜੈ ਸਿੰਘ ਦੇ ਸਾਂਭਰ ਤੋਂ ਮਨੋਹਰ ਪੁਰ ਵਲ ਕੂਚ ਕਰਨ ਦਾ ਪਤਾ ਲੱਗਾ।

ਜੂਨ 10 (23 ਰੱਬੀ-ਉ-ਸਾਨੀ)। ਬਹਾਦੁਰ ਸ਼ਾਹ ਨੇ ਲਾਹੌਰ ਲਿਖਣ ਦਾ ਹੁਕਮ ਕੀਤਾ ਕਿ ਮਹੰਮਦ ਤਕੀ ਨੂੰ ਤਿੰਨ ਹਜ਼ਾਰ ਰੁਪਇਆ ਖਰਚ ਲਈ ਦੇ ਕੇ ਹਜ਼ੂਰੀ ਵਿਚ ਭੇਜਿਆ ਜਾਏ।

1710, ਜੂਨ 10-12। ਬੰਦਾ ਸਿੰਘ ਸਹਾਰਨਪੁਰ ਪੁੱਜਾ। ਸਿਘਾਂ ਦੀ ਗੜ੍ਹੀ ਜਲਾਲ ਖ਼ਾਨ ਤੋਂ ਮੁੜਨਾ।

ਜੂਨ 11। ਰਾਜਾ ਜੈ ਸਿੰਘ ਅਤੇ ਰਾਜਾ ਅਜੀਤ ਸਿੰਘ ਬਹਾਦੁਰ ਸ਼ਾਹ ਦੇ ਹਜ਼ੂਰ ਹਾਜ਼ਰ ਹੋਏ ਅਤੇ ਬਾਦਸ਼ਾਹ ਨੇ ਉਨ੍ਹਾਂ ਨੂੰ ਤਸੱਲੀ ਦੇ ਕੇ ਰਾਜ਼ੀ ਕੀਤਾ।

ਜੂਨ 12। ਸਿੰਘਾਂ ਦਾ ਗੜ੍ਹੀ ਜਲਾਲ ਖ਼ਾਨ ਤੇ ਧਾਵਾ ਅਤੇ ਮੋੜਾ।

ਜੂਨ 11-12। ਸਰਹੰਦ, ਥਾਨੇਸਰ, ਸਮਾਨਾ, ਸਢੌਰਾ ਆਦਿ ਦੇ ਆਗੂਆਂ, ਪੀਰਜ਼ਾਦਿਆਂ ਨੇ ਅਜਮੇਰ ਪੁੱਜ ਕੇ ਬਹਾਦੁਰ ਸ਼ਾਹ ਦੇ ਹਜ਼ੂਰ ਬੇਨਤੀ ਕੀਤੀ ਕਿ ਪੰਜਾਬ ਵਿਚ ਬੰਦਾ ਸਿੰਘ ਦੇ ਵਿਰੁੱਧ ਜ਼ਰੂਰੀ ਕਾਰਵਾਈ ਛੇਤੀ ਕੀਤੀ ਜਾਏ।

ਜੂਨ 17 (1 ਜਮਾਦੀ-ਉਲ-ਅੱਵਲ, 4 ਬਹਾਦੁਰਸ਼ਾਹੀ, 1122 ਹਿਜ਼ਰੀ)। ਬਹਾਦੁਰਸ਼ਾਹ ਨੇ ਅਜਮੇਰ ਤੋਂ ਪੰਜਾਬ ਵਲ ਨੂੰ ਕੂਚ ਕੀਤਾ।

ਜੂਨ·20 (4 ਜਮਾਦੀ-ਉਲ-ਅੱਵਲ, 1122 ਹਿਜ਼ਰੀ)। ਪਿੰਡ ਗੜ੍ਹੇ ਦੇ ਲਾਗੇ ਝਪਟ।

ਜੂਨ 23 (7 ਜਮਾਦੀ-ਉਲ-ਅੱਵਲ 4 ਬਹਾਦੁਰਸ਼ਾਹੀ 1122 ਹਿਜ਼ਰੀ)। ਬੰਦਾ ਸਿੰਘ ਦੀ ਜਲਾਲਾਬਾਦ ਦਾਖ਼ਲ ਹੋਣ ਦੀ ਖ਼ਬਰ ਦਿੱਲੀ ਪੁੱਜੀ।

ਜੁਲਾਈ 1। ਬਹਾਦੁਰ ਸ਼ਾਹ ਨੇ ਜਲਾਲ ਖ਼ਾਨ ਨੂੰ ਇਕ ਖਿਲਤ ਇਕ ਘੋੜਾ ਅਤੇ ਫਰਮਾਨ ਭੇਜਿਆ।

ਜੁਲਾਈ 6 (20 ਜਮਾਦੀ-ਉਲ-ਅੱਵਲ)। ਹਿਦਾਇਤ ਖ਼ਾਨ ਸ਼ਾਹੀ ਵਾਕਿਆ ਨਵੀਸ ਨੇ ਬੰਦਾ ਸਿੰਘ ਦੀ ਮੋਹਰ ਦੇ ਕਾਗਜ਼ ਪੇਸ਼ ਕੀਤੇ।

ਜੁਲਾਈ 8 (22 ਜਮਾਦੀ-ਉਲ-ਅੱਵਲ)। ਜ਼ੈਨੁਦੀਨ ਅਹਿਮਦ ਖ਼ਾਨ ਨੂੰ ਸਿਕੰਦਰਾ-ਬਾਦ ਅਤੇ ਮੇਰਠ ਤੋਂ ਸਰਹੰਦ ਬਦਲਿਆ ਗਿਆ।

ਜੁਲਾਈ 11 (25 ਜਮਾਦੀ-ਉਲ-ਅੱਵਲ)। ਬੰਦਾ ਸਿੰਘ ਨਾਨੌਤੇ ਪੁੱਜਾ। ਨਾਨੌਤੇ ਦੀ ਤਬਾਹੀ।

ਜੁਲਾਈ 25-26। ਫ਼ੀਰੋਜ਼ਖ਼ਾਨ ਮੇਵਾਤੀ, ਮੁਆਰਿਫ ਖ਼ਾਨ, ਸ਼ਿਕਾਰ ਖ਼ਾਨ ਅਤੇ ਨਿਜ਼ਾਮ ਖ਼ਾਨ ਨੂੰ ਬਾਦਸ਼ਾਹ ਵਲੋਂ ਸਿੰਘਾਂ ਵਿਰੁੱਧ ਜਾਣ ਦਾ ਹੁਕਮ ਹੋਇਆ।

ਜੁਲਾਈ 28 (12 ਜਮਾਦੀ-ਉ-ਸਾਨੀ 1122 ਹਿਜ਼ਰੀ, 4 ਬ. ਸ਼.)। ਫ਼ੀਰੋਜ਼ ਖ਼ਾਨ ਮੇਵਾਤੀ ਨੂੰ ਸਭ ਥਾਈਂ ਮੁੜ ਮੁਗ਼ਲ ਰਾਜ ਕਾਇਮ ਕਰਨ ਲਈ ਜਾਣ ਦਾ ਹੁਕਮ ਹੋਇਆ।

ਅਗਸਤ 14 (29 ਜਮਾਦੀ-ਉ-ਸਾਨੀ)। ਬਾਦਸ਼ਾਹ ਵਲੋਂ ਸੱਯਦ ਅਬਦੁੱਲਾ ਖ਼ਾਨ ਨੂੰ ਪੰਜਾਬ ਭੇਜਿਆ ਗਿਆ।

1710, ਅਗਸਤ 14। ਵਜ਼ੀਰ-ਉ-ਦੀਨ ਖ਼ਾਨ ਨੂੰ ਸਿੱਖਾਂ ਵਿਰੁੱਧ ਭੇਜਿਆ ਗਿਆ।

ਅਗਸਤ 15 (1 ਰਜਬ)। ਬਾਦਸ਼ਾਹ ਵਲੋਂ ਕੋਕਲ-ਤਾਸ਼ ਖ਼ਾਨ ਨੂੰ ਸੋਨੀਪਤ ਦੇ ਪ੍ਰਬੰਧ ਲਈ ਭੇਜਿਆ ਗਿਆ।

ਅਗਸਤ 26। ਅਬੂ ਮੁਹੰਮਦ ਖ਼ਾਨ ਨੂੰ ਹੁਕਮ ਹੋਇਆ ਕਿ ਕਮਾਊਂ ਦੇ ਰਾਜੇ ਨੂੰ ਬੰਦਾ ਸਿੰਘ ਦੇ ਵਿਰੁੱਧ ਜਾਣ ਵੇਲੇ ਨਾਲ ਲੈ ਜਾਏ ਅਤੇ ਫੇਰ ਬਹਾਦਰ ਸ਼ਾਹ ਦੇ ਹਜ਼ੂਰ ਪੇਸ਼ ਕਰੇ। ਬ੍ਰਿਜ ਰਾਜ ਨੂੰ ਭੀ ਖਿਲਤ ਦੇ ਕੇ ਨਾਲ ਭੇਜਿਆ।

ਅਗਸਤ 28 (14 ਰਜਬ)। ਬਹਾਦੁਰ ਸ਼ਾਹ ਨੇ ਸ੍ਰੀਨਗਰ ਅਤੇ ਸਿਰਮੌਰ ਦੇ ਰਾਜਿਆਂ ਦੇ ਨਾਉਂ ਸਿੰਘਾਂ ਦੇ ਵਿਰੁੱਧ ਫਰਮਾਨ ਜ਼ਾਰੀ ਕੀਤੇ।

ਅਗਸਤ 29 (ਰੱਜਬ 15)। ਬਹਾਦੁਰ ਸ਼ਾਹ ਨੇ ਹਿੰਦੂ ਮੁਲਾਜ਼ਮਾਂ ਨੂੰ ਦਾੜ੍ਹੀਆਂ ਕਤਰਾਉਣ ਦਾ ਹੁਕਮ ਦਿੱਤਾ।

ਅਗਸਤ 31 (ਰੱਜਬ 17)। ਸੱਯਦ ਸੈਫ਼ੂਦੀਨ ਅਰੀ ਖ਼ਾਨ, ਨਜਮ-ਉ-ਦੀਨ-ਅਲੀ ਖ਼ਾਨ, ਤੇ ਸਿਰਾਜੁ-ਦੀਨ ਅਲੀ ਖ਼ਾਨ, ਪਟੌਦੀ ਦੇ ਸਥਾਨ ਤੇ ਬਾਦਸ਼ਾਹ ਦੇ ਹਜ਼ੂਰ

ਹਾਜ਼ਰ ਹੋਏ ।

ਸਤੰਬਰ 21 (8 ਸ਼ਾਬਾਨ) । ਕੇਸ਼ੋ ਰਾਓ ਹਰਕਾਰੇ ਨੇ ਬਾਦਸ਼ਾਹ ਨੂੰ ਖ਼ਬਰ ਦਿੱਤੀ ਕਿ ਬੰਦਾ ਸਿੰਘ ਜਵਾਲਾਪੁਰ ਤੇ ਹੱਲਾ ਕਰਨ ਲਈ ਕੂਚ ਕਰ ਗਿਆ ਹੈ ਕਿਉਂਕਿ ਉਸ ਨੇ ਬੰਦਾ ਸਿੰਘ ਦੇ ਕਬੀਲੇ ਨੂੰ ਠਹਿਰਨ ਲਈ ਜਗਾ ਦੇਣੋ ਨਾਂਹ ਕਰ ਦਿੱਤੀ ਸੀ ।

ਸਤੰਬਰ 23 (10 ਸ਼ਾਬਾਨ) । ਬਖ਼ਤ ਮੱਲ ਦੀ ਸਿੰਘਾਂ ਨਾਲ ਲਿਖਾ-ਪੜ੍ਹੀ ਹੋਣ ਦੀ ਬਾਦਸ਼ਾਹ ਕੋਲ ਸ਼ਕਾਇਤ ਹੋਈ ।

ਸਤੰਬਰ 26 । ਰਾਜਾ ਚਤੁਰ ਸਾਲ ਬੁੰਦੇਲੇ ਨੇ ਮਾਤਾ ਸੁੰਦਰੀ ਜੀ ਦੇ ਪੁਤਰੇਲੇ ਅਜੀਤ ਸਿੰਘ ਨੂੰ ਬਹਾਦੁਰ ਸ਼ਾਹ ਦੇ ਹਜ਼ੂਰ ਪੇਸ਼ ਕੀਤਾ ।

ਸਤੰਬਰ 29 (16 ਸ਼ਾਬਾਨ 1122 ਹਿਜ਼ਰੀ) । ਬਹਾਦੁਰ ਸ਼ਾਹ ਨੇ ਮਹਾਬਤ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਕਰਨਾਲ ਦੇ ਥਾਨੇ ਵਿਚਲੇ ਸਿੱਖਾਂ ਨੂੰ ਸਜ਼ਾਵਾਂ ਦੇਵੇ ਅਤੇ ਉਸ ਥਾਨੇ ਪਰ ਕਬਜ਼ਾ ਕਰੇ ।

ਅਕਤੂਬਰ 1-2 (19 ਸ਼ਾਬਾਨ, 1122 ਹਿਜ਼ਰੀ) । ਸਿੰਘਾਂ ਨੇ ਸ਼ੱਮਸ ਖ਼ਾਨ ਨੂੰ ਘੁਸਾਈ ਦੇਣ ਲਈ ਰਾਹੋਂ ਦਾ ਕਿਲ੍ਹਾ ਛੱਡ ਦਿੱਤਾ ਅਤੇ ਲਾਗੇ ਹੀ ਦੌੜ ਗਏ ।

ਅਕਤੂਬਰ 3 (20 ਸ਼ਾਬਾਨ) । ਇਕ ਹਜ਼ਾਰ ਸਿੰਘਾਂ ਦੇ ਜੱਥੇ ਨੇ ਮੁੜ ਕੇ ਰਾਹੋਂ ਦੇ ਕਿਲੇ ਉੱਤੇ ਆ ਕਬਜ਼ਾ ਕੀਤਾ ।

ਅਕਤੂਬਰ 12 (29 ਸ਼ਾਬਾਨ) । ਬਹਾਦੁਰ ਸ਼ਾਹ ਸੋਨੀਪਤ ਪਹੁੰਚਾ ।

1710, ਅਕਤੂਬਰ 15 (3 ਰਮਜ਼ਾਨ ਸੰਨ 4 ਜਲੂਸੀ) । ਬਹਾਦੁਰ ਸ਼ਾਹ ਨੂੰ ਸਿੰਘਾਂ ਦੇ ਰਾਹੋਂ ਤੋਂ ਨਿਕਲ ਜਾਣ ਦੀ ਖ਼ਬਰ ਪਹੁੰਚੀ ।

ਅਕਤੂਬਰ 16 (4 ਰਮਜ਼ਾਨ, 1122 ਹਿਜ਼ਰੀ) । ਫ਼ੀਰੋਜ਼ ਖ਼ਾਨ ਨੇ ਖੇੜਾ ਅਮੀਨ ਦੇ ਥਾਂ ਤੇ ਸਿੱਖਾਂ ਨੂੰ ਹਾਰ ਦਿੱਤੀ ।

ਅਕਤੂਬਰ 20 (8 ਰਮਜ਼ਾਨ) । ਬਹਾਦੁਰ ਸ਼ਾਹ ਨੂੰ ਪਤਾ ਲੱਗਾ ਕਿ ਫ਼ੀਰੋਜ਼-ਖ਼ਾਨ ਮੇਵਾਤੀ ਨੇ 16 ਅਕਤੂਬਰ ਨੂੰ ਖੇੜਾ ਅਮੀਨ ਦੇ ਥਾਂ ਤੇ ਸਿੰਘਾਂ ਨੂੰ ਭਾਂਜ ਦਿੱਤੀ ਹੈ । ਇਸ ਕਰਕੇ ਫ਼ੀਰੋਜ਼ ਖ਼ਾਨ ਮੇਵਾਤੀ ਨੂੰ ਸਰਹੰਦ ਦੀ ਫੌਜਦਾਰੀ ਬਖ਼ਸ਼ੀ ਗਈ ।

ਅਕਤੂਬਰ 27 (15 ਰਮਜ਼ਾਨ) । ਬਹਾਦੁਰ ਸ਼ਾਹ ਨੇ ਫ਼ੀਰੋਜ਼ ਖ਼ਾਨ ਮੇਵਾਤੀ ਨੂੰ ਇਕ ਲੱਖ ਰੁਪਏ ਦੇਣ ਦਾ ਹੁਕਮ ਦਿੱਤਾ ।

ਨਵੰਬਰ 1 (20 ਰਮਜ਼ਾਨ) । ਕਰਨਾਲ, ਬਹਾਦੁਰ ਸ਼ਾਹ ਨੇ ਸੱਠ ਹਜ਼ਾਰ ਨਵੀਂ ਫ਼ੌਜ ਭਰਤੀ ਕਰਨ ਦਾ ਹੁਕਮ ਦਿੱਤਾ ।

ਨਵੰਬਰ 3 (22 ਰਮਜ਼ਾਨ) । ਬਹਾਦੁਰ ਸ਼ਾਹ ਆਜ਼ਮਾਬਾਦ ਤਰਾਵੜੀ ਪਹੁੰਚਿਆ

ਨਵੰਬਰ 9 (28 ਰਮਜ਼ਾਨ) । ਬਾਦਸ਼ਾਹ ਥਾਨੇਸਰ ਸੀ ।

ਨਵੰਬਰ 17 (6 ਸ਼ਵਾਲ) । ਬਹਾਦੁਰ ਸ਼ਾਹ ਉਗਾਲੇ ਦੇ ਨੇੜੇ ਪੁੱਜਾ ।

ਨਵੰਬਰ 17 (6 ਸ਼ਵਾਲ)। ਬਹਾਦੁਰ ਸ਼ਾਹ ਨੇ ਮੁਹੰਮਦ ਅਮੀਨ ਚੀਨ–ਬਹਾਦੁਰ ਨੂੰ ਸਰਹੰਦ ਨੂੰ ਘੇਰਾ ਪਾਉਣ ਦਾ ਹੁਕਮ ਦਿੱਤਾ।

ਨਵੰਬਰ 24 (13 ਸ਼ਵਾਲ)। ਬਹਾਦੁਰ ਸ਼ਾਹ ਸਢੌਰੇ ਪਹੁੰਚਿਆ। ਸਰਹੰਦ ਦੀ ਲੜਾਈ ਵਿਚ ਮਾਰੇ ਗਏ 300 ਸਿੰਘਾਂ ਦੇ ਸਿਰ ਸ਼ੱਮਸ ਖ਼ਾਨ ਵਲੋਂ ਪੇਸ਼ ਹੋਏ। ਬਹਾਦੁਰ ਸ਼ਾਹ ਨੇ ਸ਼ੱਮਸ ਖ਼ਾਨ ਨੂੰ ਇਕ ਖਿਲਤ ਦੇਣ ਦਾ ਹੁਕਮ ਦਿੱਤਾ—ਰੁਸਤਮ-ਦਿਲ ਖ਼ਾਨ ਅਤੇ ਫ਼ੀਰੋਜ਼ ਖ਼ਾਨ ਮੇਵਾਤੀ ਨੂੰ ਸ਼ਾਹੀ ਡੇਰੇ ਲਈ ਅੱਛੀ ਥਾਂ ਢੂੰਡਣ ਲਈ ਅਗਾਊਂ ਭੇਜਿਆ।

ਨਵੰਬਰ 25 (14 ਸ਼ਵਾਲ)। ਸਿੰਘਾਂ ਨੇ ਸਢੌਰੇ ਤੋਂ ਦੋ ਕੁ ਕੋਹਾਂ ਤੇ ਰੁਸਤਮ-ਦਿਲ ਖ਼ਾਨ ਉੱਤੇ ਹਮਲਾ ਕੀਤਾ।

ਨਵੰਬਰ 25-28। ਰੁਸਤਮ-ਦਿਲ ਖ਼ਾਨ ਸੋਮ ਨਦੀ ਦੇ ਕੰਢੇ ਤੇ ਠਹਰਿਆ ਰਿਹਾ।

ਨਵੰਬਰ 29। ਬਾਦਸ਼ਾਹੀ ਡੇਰਾ ਸੋਮ ਨਦੀ ਦੇ ਕੰਢੇ ਤੇ ਪੁੱਜ ਗਿਆ।

ਨਵੰਬਰ 30 (19 ਸ਼ਵਾਲ)। ਸ਼ਹਿਜ਼ਾਦਾ ਰਫ਼ੀ-ਉ-ਸ਼ਾਨ ਦੀ ਕਮਾਨ ਹੇਠ ਸ਼ਾਹੀ ਫ਼ੌਜਾਂ ਨੇ ਡਾਬਰ ਪਹਾੜ ਵਲ ਧਾਵਾ ਕੀਤਾ। ਰਾਤ ਨੂੰ ਬੰਦਾ ਸਿੰਘ ਅਤੇ ਹੋਰ ਸਿੰਘ ਬਚ ਕੇ ਨਿਕਲ ਗਏ।

1710, ਦਸੰਬਰ 1 (20 ਸ਼ਵਾਲ)। ਮੁਨਇਮ ਖ਼ਾਨ ਨੇ ਹਮਲਾ ਕਰ ਕੇ ਲੋਹਗੜ੍ਹ ਅਤੇ ਸਤਾਰਾ ਗੜ੍ਹ ਉੱਤੇ ਕਾਬੂ ਕਰ ਲਿਆ। ਪਰ ਬੰਦਾ ਸਿੰਘ ਦੇ ਬਚ ਕੇ ਨਿਕਲ ਜਾਣ ਪਰ ਬਾਦਸ਼ਾਹ ਬਹੁਤ ਨਾਰਾਜ਼ ਅਤੇ ਨਿਰਾਸ ਹੋਇਆ ਅਤੇ ਮੁਨਇਮ ਖ਼ਾਨ ਆਦਿ ਨੂੰ ਝਿੜਕਿਆ।

ਦਸੰਬਰ 3 (22 ਸ਼ਵਾਲ)। ਮੁਨਇਮ ਖ਼ਾਨ ਨੂੰ ਦਰਬਾਰ ਵਿਚ ਸੱਦਿਆ ਗਿਆ ਅਤੇ ਉਸ ਨੂੰ ਅਤੇ ਉਸ ਦੇ ਹੋਰ ਸਾਥੀਆਂ ਨੂੰ ਖਿਲਤਾਂ ਦਿੱਤੀਆਂ।

ਦਸੰਬਰ 6 (25 ਸ਼ਵਾਲ)। ਹਿੰਦੂ ਕਰਮਚਾਰੀਆਂ ਨੂੰ ਹੁਕਮ ਹੋਇਆ ਕਿ ਉਹ ਲੋਹਗੜ੍ਹ ਦੀ ਗਾਰਤ ਵੇਲੇ ਦੇ ਗੁਲਾਮ ਨਾ ਖਰੀਦਣ।

ਦਸੰਬਰ 7। ਬਾਦਸ਼ਾਹ ਨੂੰ ਪਤਾ ਲੱਗਾ ਕਿ ਮੁਹੰਮਦ ਅਮੀਨ ਖ਼ਾਨ ਚੀਨ-ਬਹਾਦੁਰ ਨੇ ਸਰਹੰਦ ਦਾ ਇਕ ਬੁਰਜ ਉਡਾ ਦਿੱਤਾ ਹੈ।

ਦਸੰਬਰ 10 (29 ਸ਼ਵਾਲ)। ਬਹਾਦੁਰ ਸ਼ਾਹ ਬਾਦਸ਼ਾਹ ਵਲੋਂ ਸਿੱਖਾਂ ਦੀ ਕਤਲਾਮ ਦਾ ਹੁਕਮ ਜਾਰੀ ਹੋਇਆ।

ਦਸੰਬਰ 12। ਬਹਾਦੁਰ ਸ਼ਾਹ ਪੁਰੀ ਦੇ ਨੇੜੇ ਪਹੁੰਚਿਆ।

ਦਸੰਬਰ 12 (ਸੰਮਤ 1, ਪੋਹ 12)। ਬੰਦਾ ਸਿੰਘ ਨੇ ਜਉਨਪੁਰ ਦੇ ਸਿੱਖਾਂ ਦੇ ਨਾਮ ਹੁਕਮਨਾਮਾ ਭੇਜਿਆ।

ਦਸੰਬਰ 14 (4 ਜ਼ੀ-ਕਦਾ)। ਰਾਜਾ ਭੂਪ ਪ੍ਰਕਾਸ਼ ਨਾਹਣੀਏ ਨੂੰ ਬਹਾਦੁਰ ਸ਼ਾਹ ਦੇ ਪੇਸ਼ ਕੀਤਾ ਗਿਆ।

ਦਸੰਬਰ 25। ਬਹਾਦੁਰ ਸ਼ਾਹ ਸਢੌਰੇ ਦੇ ਨੇੜੇ ਪੁੱਜਿਆ।

ਦਸੰਬਰ 27 (17 ਜ਼ੀ-ਕਦੀ)। ਬਹਾਦੁਰ ਸ਼ਾਹ ਨੇ ਹੁਕਮ ਦਿੱਤਾ ਕਿ ਚਤੁਰ ਸਾਲ

ਦੇ ਚਲੇ ਜਾਣ ਪਰ ਅਜੀਤ ਸਿੰਘ (ਮਾਤਾ ਸੁੰਦਰੀ ਜੀ ਦੇ ਪੁਤਰੇਲੇ) ਨੂੰ ਕਾਰ-ਤਲਬ ਖ਼ਾਨ ਦੇ ਹਵਾਲੇ ਕਰ ਦਿੱਤਾ ਜਾਏ ।

1711, ਜਨਵਰੀ 1 (22 ਜ਼ੀ-ਕਦਾ 1122 ਹਿਜ਼ਰੀ) । ਮੁਹੰਮਦ ਅਮੀਨ ਖ਼ਾਨ ਬਹਾਦਰ ਸ਼ਾਹ ਦੇ ਡੇਰੇ ਵਿਚ ਪੁੱਜਿਆ ।

ਜਨਵਰੀ 13 । ਬਹਾਦੁਰ ਸ਼ਾਹ ਨੇ ਸਫ਼-ਸ਼ਿਕਨ ਖ਼ਾਨ ਅਤੇ ਉਸ ਦੇ ਭਤੀਜੇ ਹਿੰਮਤ-ਦਲੇਰ ਖ਼ਾਨ ਨੂੰ ਲਾਹੌਰ ਵਲ ਸਿੰਘਾਂ ਦੇ ਵਿਰੁੱਧ ਰਵਾਨਾ ਹੋਣ ਲਈ ਹੁਕਮ ਦਿੱਤਾ ।

ਫ਼ਰਵਰੀ 9 (2 ਮੁਹੱਰਮ 1123 ਹਿਜ਼ਰੀ, 5 ਬਹਾਦੁਰ ਸ਼ਾਹੀ) । ਸ਼ਿਕਾਰ ਗਏ ਜਹਾਂਦਾਰ ਸ਼ਾਹ ਨੇ ਇਕ ਪਿੰਡੋਂ ਸੱਤ ਸਿੱਖ ਫੜ ਲਿਆਂਦੇ ਅਤੇ ਬਾਦਸ਼ਾਹ ਦੇ ਹੁਕਮ ਨਾਲ ਕਤਲ ਕਰ ਦਿੱਤੇ ।

1711, ਫ਼ਰਵਰੀ 12 (5 ਮੁਹੱਰਮ) । ਬਹਾਦੁਰ ਸ਼ਾਹ ਨੂੰ ਸ਼ਮਸ ਖ਼ਾਨ ਦੀ ਸਿੰਘਾਂ ਨਾਲ ਲੜਾਈ ਦੀਆਂ ਖ਼ਬਰਾਂ ਦਾ ਪਤਾ ਲੱਗਾ ।

ਫ਼ਰਵਰੀ 18 (11 ਮੁਹੱਰਮ) । ਵਜ਼ੀਰ ਮੁਨਇਮ ਖ਼ਾਨ ਮਾਬੋਲੀ ਵਿਚ ਮਰ ਗਿਆ ।

ਫ਼ਰਵਰੀ 19 (12 ਮੁਹੱਰਮ) । ਹਾਮਦ ਖ਼ਾਨ ਨੂੰ ਸਿੱਖਾਂ ਦੇ ਵਿਰੁੱਧ ਰਵਾਨਾ ਹੋਣ ਲਈ ਹੁਕਮ ਹੋਇਆ ।

ਫ਼ਰਵਰੀ 25 (18 ਮੁਹੱਰਮ) । ਹਾਮਦ ਖ਼ਾਨ ਲਾਹੌਰ ਜਾਣ ਲਈ ਰਵਾਨਾ ਹੋਇਆ ।

ਫ਼ਰਵਰੀ 27 (20 ਮੁਹੱਰਮ 1123 ਹਿ) । ਫ਼ਤਿਹ ਚੰਦ ਸਿਰੀ-ਨਗਰ (ਗੜ੍ਹਵਾਲ) ਦੇ ਈਨ ਮੰਨਣ ਦੇ ਭੇਜੇ ਹੋਏ ਤੋਹਫੇ ਬਹਾਦੁਰ ਸ਼ਾਹ ਦੇ ਦਰਬਾਰ ਪੁੱਜੇ ।

ਫ਼ਰਵਰੀ-ਮਾਰਚ (ਆਰੰਭ 1123 ਹਿਜ਼ਰੀ) । ਬੰਦਾ ਸਿੰਘ ਪਹਾੜਾਂ ਤੋਂ ਨਿਕਲ ਕੇ ਰਾਇਪੁਰ ਤੇ ਬਹਿਰਾਮਪੁਰ ਦੇ ਨੇੜੇ ਆ ਪੁੱਜਾ ।

ਮਾਰਚ 4 । ਬਹਾਦੁਰ ਸ਼ਾਹ ਆਪਣੇ ਸਾਥੀਆਂ ਸਮੇਤ ਮਾਬੋਲੀ ਪੁੱਜਾ । ਨਾਹਣੀਏ ਰਾਜਾ ਭੂਪ ਪ੍ਰਕਾਸ਼ ਦੀ ਮਾਂ ਨੇ ਫੜ ਕੇ ਭੇਜੇ ਹੋਏ ਚਾਲੀ ਸਿੰਘ ਕਤਲ ਕੀਤੇ ਗਏ ।

ਮਾਰਚ 6 (27 ਮੁਹੱਰਮ) । ਰੁਸਤਿਮ-ਜੰਗ ਨੇ ਬਹਾਦੁਰ ਸ਼ਾਹ ਨੂੰ ਸਿੱਖਾਂ ਦੇ ਲਾਹੌਰ ਦੇ ਨੇੜੇ ਇਕੱਠੇ ਹੋਣ ਦੀ ਖ਼ਬਰ ਦਿੱਤੀ ।

ਮਾਰਚ 6 ਦੇ (ਲਾਗੇ) । ਬਹਿਰਾਮ ਦੇ ਲਾਗੇ ਸਿੰਘਾਂ ਦੀ ਬਾ-ਯਜ਼ੀਦ ਖ਼ਾਨ ਅਤੇ ਸ਼ੱਮਸ ਖ਼ਾਨ ਨਾਲ ਲੜਾਈ—ਸ਼ੱਮਸ ਖ਼ਾਨ ਮਾਰਿਆ ਗਿਆ ।

ਮਾਰਚ 11 (2 ਸਫ਼ਰ, 1123 ਹਿਜ਼ਰੀ) । ਸਿੱਖਾਂ ਨਾਲ ਰਾਇਪੁਰ ਦੇ ਨੇੜੇ ਹੋਈ ਲੜਾਈ ਦੀ ਖ਼ਬਰ ਬਹਾਦੁਰ ਸ਼ਾਹ ਦੇ ਕੈਂਪ ਵਿਚ ਪੁੱਜੀ ।

ਮਾਰਚ 11 । ਬਹਾਦੁਰ ਸ਼ਾਹ ਨੂੰ ਸਿੱਖਾਂ ਨਾਲ ਹੋਈਆਂ ਨਿੱਕੀਆਂ ਨਿੱਕੀਆਂ ਲੜਾਈਆਂ ਦੀ ਖ਼ਬਰ ਪੁੱਜੀ।

ਮਾਰਚ 13 (4 ਸਫ਼ਰ, 1123 ਹਿਜ਼ਰੀ, 5 ਬਹਾਦੁਰ ਸ਼ਾਹੀ)। ਨਾਹਣ ਦੇ ਤੀਹ ਕੁ ਪਹਾੜੀਏ ਕਤਲ ਕੀਤੇ ਗਏ।

ਮਾਰਚ 13 (4 ਸਫ਼ਰ)। ਇਖਲਾਸ ਖ਼ਾਨ ਦੀ ਇਸਲਾਮ ਖ਼ਾਨ ਨੂੰ ਲਿਖੀ ਹੋਈ ਅਰਜ਼ੀ ਪਹੁੰਚੀ ਜਿਸ ਵਿਚ ਸਿੰਘਾਂ ਦੀ ਸ਼ੱਮਸ ਖ਼ਾਨ ਆਦਿ ਦੀ ਲੜਾਈ ਦਾ ਜ਼ਿਕਰ ਕੀਤਾ ਹੋਇਆ ਸੀ।

ਮਾਰਚ 20 (11 ਸਫ਼ਰ, ਸੰਨ 5 ਬਹਾਦੁਰ ਸ਼ਾਹੀ)। ਬਹਾਦੁਰ ਸ਼ਾਹ ਨੇ ਸੁਚਾ ਨੰਦ ਸਰਹੰਦੀ ਅਤੇ ਸਢੌਰੇ ਦੇ ਜੋਗਾ ਜੱਟ ਨੂੰ ਹਿਦਾਇਤ-ਉਲਾ-ਖ਼ਾਨ ਕੋਲ ਪਿਛਲਾ ਹਿਸਾਬ-ਕਿਤਾਬ ਦੱਸਣ ਲਈ ਭੇਜਿਆ।

1711, ਮਾਰਚ 26 (17 ਸਫ਼ਰ)। ਬਾਦਸ਼ਾਹ ਨੇ ਹੁਕਮ ਕੀਤਾ ਕਿ ਅੱਗੇ ਨੂੰ ਸਿੱਖਾਂ ਨੂੰ 'ਚੋਰ-ਸਿੱਖ' ਕਿਹਾ ਅਤੇ ਲਿਖਿਆ ਜਾਇਆ ਕਰੇ।

ਅਪ੍ਰੈਲ 10 (3 ਰਬੀ-ਉਲ-ਅਵਲ)। ਬਹਾਦਰ ਸ਼ਾਹ ਦਾ ਕੈਂਪ ਛੱਤ ਬਨੂੜ ਦੇ ਨੇੜੇ।

ਅਪ੍ਰੈਲ 20 (22 ਵਸਾਖ, 1768 ਬਿਕ੍ਰਮੀ, 13 ਰਬੀ-ਉਲ-ਅਵਲ)। ਬਹਾਦੁਰ ਸ਼ਾਹ ਰੋਪੜ ਪੁੱਜਾ। ਭਾਈ ਮਨੀ ਸਿੰਘ ਦੀ ਮਾਤਾ ਸੁੰਦਰੀ ਦੇ ਨਾਉਂ ਚਿੱਠੀ।

ਅਪ੍ਰੈਲ 28 (21 ਰਬੀ-ਉਲ-ਅਵਲ, 1123 ਹਿਜ਼ਰੀ)। ਅਪ੍ਰੈਲ 19 ਤਕ ਬੰਦਾ ਸਿੰਘ ਦਾ ਡੇਰਾ ਕਲਾਨੌਰ--ਮੁਸਲਮਾਨਾਂ ਨੂੰ ਤਸੱਲੀ—ਨਮਾਜ਼, ਬਾਂਗ ਅਤੇ ਖੁਤਬੇ ਦੀ ਖੁਲ੍ਹ ਸੀ।

ਮਈ 7 (30 ਰਬੀ-ਉਲ-ਅਵਲ)। ਬਹਾਦੁਰ ਸ਼ਾਹੀ ਡੇਰਾ ਰੋਪੜੋਂ ਸਤਲੁਜ ਲੰਘ ਕੇ ਜ਼ਿਲਾ ਹੁਸ਼ਿਆਰਪੁਰ ਦੀ ਹੱਦ ਵਿਚ ਦਾਖ਼ਲ ਹੋਇਆ।

ਮਈ 13 (6 ਰਬੀ-ਉ-ਸਾਨੀ)। ਬੰਦਾ ਸਿੰਘ ਦੇ ਰਾਵੀ ਤੋਂ ਪਾਰ ਥਾਣੇ ਸਥਾਪਤ ਕਰਨ ਦੀ ਖ਼ਬਰ ਬਹਾਦੁਰ ਸ਼ਾਹ ਨੂੰ ਪਹੁੰਚੀ।

ਮਈ 14 (7 ਰਬੀ-ਉ-ਸਾਨੀ)। ਖ਼ਾਨ ਬਹਾਦੁਰ ਰੁਸਤਮਿ-ਜੰਗ ਨੂੰ ਮਹਿਤ ਪੁਰੋਂ ਸਿੰਘਾਂ ਵਿਰੁੱਧ ਭੇਜਿਆ ਗਿਆ।

ਤਲਵਾਨ ਦੇ ਜ਼ਿਮੀਂਦਾਰਾਂ ਨੂੰ ਮੁਹੰਮਦ ਅਮੀਨ ਖ਼ਾਨ ਨਾਲ ਬੰਦਾ ਸਿੰਘ ਦੇ ਵਿਰੁੱਧ ਰਲਨ ਦਾ ਹੁਕਮ ਹੋਇਆ।

ਮਈ 16 (9 ਰਬੀ-ਉ-ਸਾਨੀ)। ਜੰਮੂ ਵਲ ਦੇ ਪਹਾੜਾਂ ਤੋਂ ਰਾਮ ਚੰਦ ਆਦਿ ਸੱਤ ਹਜ਼ਾਰ ਸਿੱਖ ਘੋੜ-ਚੜ੍ਹੇ ਸਿਪਾਹੀ ਪਿੰਡ ਅੱਚਲ ਦੇ ਸਥਾਨ ਤੇ ਬੰਦਾ ਸਿੰਘ ਨਾਲ ਹੋ ਚਲੇ।

ਮਈ 18 (ਦੇ ਲਾਗੇ)। ਬਟਾਲੇ ਦੀ ਲੜਾਈ।

ਮਈ .8 (11 ਰਬੀ-ਉ-ਸਾਨੀ) ਬਾਦਸ਼ਾਹ ਪਾਸ ਅਰਜ਼ ਹੋਈ ਕਿ ਬੰਦਾ ਸਿੰਘ ਬਿਆਂਸਾ ਨਦੀ ਤੋਂ ਸੱਤਾਂ ਕੋਹਾਂ ਦੀ ਵਿੱਥ ਤੇ ਹੈ।

ਮਈ 23 (16 ਰਬੀ-ਉ-ਸਾਨੀ)। ਮੁਹੰਮਦ ਅਮੀਨ ਖ਼ਾਨ ਦੀ ਲਿਖਤ ਤੋਂ ਪਤਾ

ਲਗਾ ਕਿ ਬੰਦਾ ਸਿੰਘ ਬਟਾਲਾ ਤੋਂ ਹਟ ਕੇ ਰਾਵੀ ਪਾਰ ਕਰ ਗਿਆ ਹੈ ।

ਮਈ 24 (17 ਰਬੀ-ਉ-ਸਾਨੀ) । ਮੁਹੰਮਦ ਅਮੀਨ ਖ਼ਾਨ ਨੇ ਬਿਆਸਾ ਪਾਰ ਕਰ ਕੇ ਬੰਦਾ ਸਿੰਘ ਦਾ ਪਿੱਛਾ ਕੀਤਾ ।

1711, ਮਈ 30 । ਬਹਾਦੁਰ ਸ਼ਾਹ ਨੇ ਸਰਫਰਾਜ਼ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਹਸਨ ਅਲੀ ਖ਼ਾਨ ਤੋਂ ਕਰੌਲ ਲੈ ਕੇ ਬਟਾਲੇ ਦੇ ਨੇੜੇ ਛਾਉਣੀ ਲਈ ਅੱਛੀ ਜਗਾ ਲੱਭਣ ਲਈ ਪ੍ਰਬੰਧ ਕਰੇ ।

ਮਈ 30 । ਬਹਾਦੁਰ ਸ਼ਾਹ ਹੁਸ਼ਿਆਰਪੁਰ ਪੁੱਜਾ—ਕਮਾਊਂ ਦੇ ਰਾਜਾ ਜਗਤ ਸਿੰਘ ਵਲੋਂ ਸਿਰੀ-ਨਗਰ (ਗੜ੍ਹਵਾਲ) ਦੀ ਹਦ ਵਿਚੋਂ ਫੜੇ ਪੰਝੀ ਸਿੱਖਾਂ ਦੇ ਸਿਰ ਪੁੱਜੇ ।

ਮਈ 31 (24 ਰਬੀ-ਉ-ਸਾਨੀ) । ਮੁਹੰਮਦ ਅਮੀਨ ਖ਼ਾਨ ਨੇ ਰਾਵੀ ਪਾਰ ਕੀਤੀ ।

ਜੂਨ 1 (25 ਰਬੀ-ਉ-ਸਾਨੀ) । ਮੁਹੰਮਦ ਅਮੀਨ ਖ਼ਾਨ ਦੀ ਸਿੰਘਾਂ ਨਾਲ ਟੱਕਰ ।

ਜੂਨ 1 । ਅਜੀਤ ਸਿੰਘ (ਮਾਤਾ ਸੁੰਦਰੀ ਦੇ ਲੈ-ਪਾਲਕ) ਦੀ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਮੁਲਾਕਾਤ—ਸਰਬਰਾਹ ਖ਼ਾਨ ਦੀ ਨਿਗਰਾਨੀ ਵਿਚ ਰਖਿਆ ਗਿਆ ।

ਜੂਨ 4 (28 ਰਬੀ-ਉ-ਸਾਨੀ) । ਬਾਦਸ਼ਾਹ ਨੂੰ ਪੁੱਜੀ ਮੁਹੰਮਦ ਅਮੀਨ ਖ਼ਾਨ ਦੀ ਇਕ ਚਿੱਠੀ ਵਿਚ ਬੰਦਾ ਸਿੰਘ ਦਾ ਬਚ ਕੇ ਨਿਕਲ ਜਾਣਾ ਅਤੇ ਸ਼ਾਹੀ ਫ਼ੌਜ ਦੇ ਕਾਫ਼ੀ ਨੁਕਸਾਨ ਹੋਣ ਦਾ ਜ਼ਿਕਰ ਸੀ ।

ਜੂਨ 7-8 (2-3 ਜਮਾਦੀ-ਉਲ-ਅਵਲ) ਬਾਦਸ਼ਾਹ ਨੂੰ ਖ਼ਬਰਾਂ ਪੁੱਜੀਆਂ ਕਿ ਬੰਦਾ ਸਿੰਘ ਨੂੰ ਸ਼ਾਹੀ ਫ਼ੌਜਾਂ ਨੇ ਘੇਰਿਆ ਹੋਇਆ ਹੈ ਅਤੇ ਇਕ ਅੱਧੇ ਦਿਨ ਵਿਚ ਫੜ ਲਿਆ ਜਾਏਗਾ (ਪਰ ਉਹ ਬਚ ਕੇ ਨਿਕਲ ਗਿਆ) ।

ਜੂਨ 13 (8 ਜਮਾਦੀ-ਉਲ-ਅਵਲ) । ਬਹਾਦੁਰ ਸ਼ਾਹ ਨੇ ਰਹੇਲੇ (ਸ੍ਰੀ ਹਰ ਗੋਬਿੰਦ ਪੁਰ) ਦੇ ਪਤਣੋਂ ਦਰਿਆ ਬਿਆਸ ਪਾਰ ਕੀਤਾ ।

ਜੁਲਾਈ 4-6 । ਬਹਾਦੁਰ ਸ਼ਾਹ ਕਾਹਨੂੰਵਾਨ...।

ਜੁਲਾਈ 11 । (6 ਜਮਾਦੀ-ਉ-ਸਾਨੀ, ਸਨ ਜਲੂਸੀ 5) । ਰੁਸਤਮ ਜੰਗ ਦੀ ਅਰਜ਼ੀ ਹੋਰ ਫ਼ੌਜ ਲਈ ਪੁੱਜੀ ।

ਜੁਲਾਈ 20 । ਬਹਾਦੁਰ ਸ਼ਾਹ ਚਮਿਆਰੀ ਪੁੱਜਾ ।

ਜੁਲਾਈ 24-29 । ਬਹਾਦੁਰ ਸ਼ਾਹ ਦਾ ਡੇਰਾ ਪੰਜ-ਗਰਾਈਂ ਠਹਿਰਿਆ ।

ਅਗਸਤ 1 (27 ਜਮਾਦੀ-ਉ-ਸਾਨੀ, 1123 ਹਿਜਰੀ 5 ਬਹਾਦੁਰ ਸ਼ਾਹੀ) । ਬਹਾਦੁਰ ਸ਼ਾਹ ਲਾਹੌਰ ਦੀ ਜੂਹ ਵਿਚ ਪੁੱਜਾ ।

ਅਗਸਤ 21 (18 ਰੱਜਬ) । ਬਹਾਦੁਰ ਸ਼ਾਹ ਨੇ ਹਮੀਦ ਦੀਨ ਨੂੰ ਹੁਕਮ ਕੀਤਾ ਕਿ ਰੁਸਤਮ-ਦਿਲ ਖ਼ਾਨ ਨੂੰ ਲਾਹੌਰ ਸ਼ਾਹੀ ਕੈਂਪ ਵਿਚ ਨਾ ਵੜਨ ਦਿੱਤਾ ਜਾਏ ਅਤੇ ਉਸ ਦਾ ਘਰ ਜ਼ਬਤ ਕਰ ਲਿਆ ਜਾਏ ।

ਅਗਸਤ 22 (19 ਰੱਜਬ)। ਰੁਸਤਮ-ਦਿਲ ਸਰਕਾਰੀ ਅਫ਼ਸਰਾਂ ਨਾਲ ਲੜਨ ਨੂੰ ਤਿਆਰ ਹੋ ਪਿਆ, ਪਤਾ ਲੱਗਣ ਪਰ ਬਾਦਸ਼ਾਹ ਨੇ ਬੇੜੀਆਂ ਪਾ ਕੇ ਕੈਦ ਕਰਨ ਦਾ ਹੁਕਮ ਵਿੱਤਾ। ਉਸ ਦੀ ਹਵੇਲੀ ਜ਼ਬਤ ਕਰ ਕੇ ਸਰਬਰਾਹ ਖ਼ਾਨ ਨੂੰ ਰਹਿਣ ਲਈ ਦੇ ਦਿੱਤੀ।

1711, ਅਗਸਤ 27 (24 ਰਜਬ, 1123 ਹਿਜ਼ਰੀ) ਬਹਾਦੁਰ ਸ਼ਾਹ ਨੂੰ ਪਤਾ ਲਗਿਆ ਕਿ ਬੰਦਾ ਸਿੰਘ ਰੋਪੜ ਨੂੰ ਗਿਆ ਹੈ।

ਅਗਸਤ 31 (28 ਰਜਬ)। ਜ਼ੈਨ-ਦੀਨ-ਅਹਿਮਦ-ਖ਼ਾਨ ਨੂੰ ਚਕਲਾ ਸਰਹੰਦ ਦਾ ਫ਼ੌਜਦਾਰ ਨਿਯਤ ਕੀਤਾ ਗਿਆ।

ਸਤੰਬਰ 6-7 (4-5 ਸ਼ਾਬਾਨ)। ਬੰਦਾ ਸਿੰਘ ਕੀਰਤਪੁਰੋਂ ਸਤਲੁਜੋਂ ਪਾਰ ਹੋਇਆ।

ਸਤੰਬਰ 7 (5 ਸ਼ਾਬਾਨ 1123 ਹਿਜ਼ਰੀ)। ਬੰਦਾ ਸਿੰਘ ਸਤਲੁਜੋਂ ਪਾਰ ਹੋਇਆ।

ਸਤੰਬਰ 14 (12 ਸ਼ਾਬਾਨ)। ਪਤਾ ਲਗਿਆ ਕਿ ਬੰਦਾ ਸਿੰਘ ਨੇ 6 ਸਤੰਬਰ ਨੂੰ ਸਤਲੁਜ ਪਾਰ ਕੀਤਾ।

ਸਤੰਬਰ 15-16। ਬੰਦਾ ਸਿੰਘ ਦੇ ਕੀਰਤਪੁਰ ਹੋਣ ਦਾ ਪਤਾ ਲੱਗਾ।

ਸਤੰਬਰ 21 (19 ਸ਼ਾਬਾਨ, 1123 ਹਿਜ਼ਰੀ)। ਲਾਹੌਰ ਜੁਮੇਂ ਨੂੰ ਪੁਰਾਣੇ ਰਿਵਾਜ ਅਨੁਸਾਰ ਖੁਤਬਾ ਪੜ੍ਹਿਆ ਗਿਆ।

ਅਕਤੂਬਰ 1। ਪਤਾ ਲਗਾ ਕਿ ਬੰਦਾ ਸਿੰਘ ਨੇ ਰਾਮਪੁਰ ਦੇ ਪਹਾੜਾਂ ਵਿਚ ਕਈ ਪਿੰਡ ਜਾ ਮਾਰੇ ਹਨ।

ਅਕਤੂਬਰ 7 (6 ਰਮਜ਼ਾਨ)। ਰਾਜਾ ਅਜੀਤ ਸਿੰਘ ਜੋਧਪੁਰੀਆ ਅਤੇ ਜੈ ਸਿੰਘ ਆਮੇਰੀਆ ਬੰਦਾ ਸਿੰਘ ਦੇ ਵਿਰੁੱਧ ਸਢੌਰੇ ਪਹੁੰਚ ਗਏ।

ਅਕਤੂਬਰ 9। ਰਾਜਾ ਭੂਪ ਪ੍ਰਕਾਸ਼ ਨੇ ਰਾਜਾ ਅਜੀਤ ਸਿੰਘ ਅਤੇ ਜੈ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਬੰਦਾ ਸਿੰਘ ਨੂੰ ਫੜ ਕੇ ਬਹਾਦੁਰ ਸ਼ਾਹ ਕੋਲ ਭੇਜ ਦੇਣ।

ਅਕਤੂਬਰ 11 (10 ਰਮਜ਼ਾਨ)। ਬਹਾਦੁਰ ਸ਼ਾਹ ਨੇ ਮੁਲਤਾਨ ਵਲੋਂ ਆਏ ਚਾਲੀ ਨਾਨਕ-ਪੰਥੀ ਵਣਜਾਰਿਆਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ।

ਅਕਤੂਬਰ 16 (15 ਰਮਜ਼ਾਨ)। ਬਹਾਦੁਰ ਸ਼ਾਹ ਨੂੰ ਪਤਾ ਦਿੱਤਾ ਗਿਆ ਕਿ ਅਜੀਤ ਸਿੰਘ ਅਤੇ ਜੈ ਸਿੰਘ 7 ਅਕਤੂਬਰ ਨੂੰ ਸਢੌਰਾ ਪਹੁੰਚ ਗਏ ਹਨ।

ਅਕਤੂਬਰ 19 (18 ਰਮਜ਼ਾਨ)। ਬੰਦਾ ਸਿੰਘ ਦੇ ਕੁਲੂ ਪਹੁੰਚਣ ਦੀ ਖ਼ਬਰ ਮਿਲੀ।

ਅਕਤੂਬਰ 28 (27 ਰਮਜ਼ਾਨ 1123 ਹਿਜ਼ਰੀ)। ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਗਈ ਕਿ ਸਾਧੂ ਅਤੇ ਜੋਗੀ ਲੋਕ ਸ਼ਾਹੀ ਲਸ਼ਕਰ ਦੀ ਖ਼ਬਰਾਂ ਬੰਦਾ ਸਿੰਘ ਨੂੰ ਦਿੰਦੇ ਹਨ। ਹੁਕਮ ਹੋਇਆ ਕਿ ਦੋਸ਼ੀ ਕਤਲ ਕਰ ਦਿੱਤੇ ਜਾਣ ਅਤੇ ਸਾਧੂ ਲਸ਼ਕਰ ਵਿਚੋਂ ਬਾਹਰ ਕੱਢ ਦਿੱਤੇ ਜਾਣ (ਸ਼ਾਹੀ ਹਿੰਦੂ ਨੌਕਰਾਂ ਦੀਆਂ ਦਾੜ੍ਹੀਆਂ ਕੱਟ ਦੇਣ ਦਾ ਦੁਬਾਰਾ ਹੁਕਮ ਲਸ਼ਕਰ ਵਿਚ ਸ਼ਾਇਦ ਇਸ ਵੇਲੇ ਦਿੱਤਾ ਗਿਆ ਹੋਵੇ ?)

1711, ਨਵੰਬਰ 6। ਹੋਸ਼ਦਾਰ ਖ਼ਾਨ ਨੂੰ ਬੰਦਾ ਸਿੰਘ ਦੇ ਵਿਰੁੱਧ ਭੇਜਿਆ ਗਿਆ।

ਨਵੰਬਰ 14, 17 (14, 17 ਸ਼ੱਵਾਲ)। ਮੁਹੰਮਦ ਅਮੀਨ ਖ਼ਾਨ ਨੇ ਬਾਦਸ਼ਾਹ ਨੂੰ 9 ਨਵੰਬਰ ਨੂੰ ਸਿੰਘਾਂ ਨਾਲ ਹੋਈ ਲੜਾਈ ਬਾਰੇ ਪਤਾ ਦਿੱਤਾ।

ਨਵੰਬਰ 27 (27 ਸ਼ੱਵਾਲ)। ਰੁਸਤਮ-ਦਿਲ ਖ਼ਾਨ ਦੇ ਭਰਾ ਸਿਕੰਦਰ ਖ਼ਾਨ ਕਾਂਗੜੇ ਦੇ ਕਿਲੇਦਾਰ ਦੀ ਮੌਤ ਦੀ ਖ਼ਬਰ ਬਾਦਸ਼ਾਹ ਨੂੰ ਪੁੱਜੀ। ਰੁਸਤਮ-ਦਿਲ ਦੀ ਰਿਹਾਈ ਅਤੇ ਕਾਂਗੜੇ ਦਾ ਕਿਲੇਦਾਰ ਨਿਯਤ ਕੀਤੇ ਜਾਣ ਦਾ ਹੁਕਮ ਹੋਇਆ।

ਦਸਬੰਰ 28। ਮੁਹੰਮਦ ਅਮੀਨ ਖ਼ਾਨ ਦੀ ਅਗਵਾਈ ਹੇਠ ਸ਼ਾਹੀ ਫ਼ੌਜਾਂ ਉੱਤੇ ਬੰਦਾ ਸਿੰਘ ਨੇ ਹਮਲਾ ਕੀਤਾ।

ਦਸੰਬਰ 25। ਬੰਦਾ ਸਿੰਘ ਨੇ ਮੁਹੰਮਦ ਅਮੀਨ ਖ਼ਾਨ ਦੇ ਰੰਘੜਪੁਰ ਵਿਚ ਨਵੇਂ ਕਾਇਮ ਹੋਏ ਥਾਣੇ ਤੇ ਧਾਵਾ ਕੀਤਾ।

ਦਸੰਬਰ 30 (1 ਜ਼ੀ-ਹਿੱਜਾ, 1123 ਹਿਜ਼ਰੀ, ਸਨ 6 ਬਹਾਦੁਰ ਸ਼ਾਹੀ)। ਬਹਾਦੁਰ ਸ਼ਾਹ ਨੇ ਅੰਮ੍ਰਿਤਸਰ ਮਾਤਾ ਸੁੰਦਰੀ ਜੀ ਦੇ ਪੁਤਰੇਲੇ ਅਜੀਤ ਸਿੰਘ ਨੂੰ ਦਿੱਤਾ—ਬਹਾਦੁਰ ਸ਼ਾਹ ਦੇ ਰਾਜ ਦਾ ਛੇਵਾਂ ਸਾਲ ਸ਼ੁਰੂ ਹੋਇਆ।

(ਸਾਲ ਦੇ ਅੰਤ—ਮਹੀਨਾ ਪਤਾ ਨਹੀਂ) ਬੰਦਾ ਸਿੰਘ ਦੀ ਚੰਬਿਆਲੀ ਪਤਨੀ ਨੇ ਪੁੱਤਰ ਅਜੈ ਸਿੰਘ ਨੂੰ ਜਨਮ ਦਿੱਤਾ।

1712, ਫ਼ਰਵਰੀ (ਦੂਸਰਾ ਹਫਤਾ)। ਬਹਾਦੁਰ ਸ਼ਾਹ ਨੇ ਹੁਕਮ ਦਿੱਤਾ ਕਿ ਸ਼ਹਿਰ ਦੇ ਸਭ ਕੁੱਤੇ ਅਤੇ ਗਧੇ ਮਾਰ ਦਿੱਤੇ ਜਾਣ ਅਤੇ ਸਾਧੂਆਂ ਅਤੇ ਜੋਗੀਆਂ ਨੂੰ ਬਾਹਰ ਕੱਢ ਦਿੱਤਾ ਜਾਏ।

ਫ਼ਰਵਰੀ 14। ਬਹਾਦੁਰ ਸ਼ਾਹ ਬਾਦਸ਼ਾਹ ਦਾ ਆਖਰੀ ਦਰਬਾਰ।

ਫ਼ਰਵਰੀ 17-18 (21 ਮੁਹੱਰਮ 1124 ਹਿਜ਼ਰੀ, 6 ਬਹਾਦੁਰ ਸ਼ਾਹੀ)। ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਹੋ ਗਈ।

ਮਾਰਚ 4-7 (6-9 ਸਫ਼ਰ 1124 ਹਿਜ਼ਰੀ)। ਤਖ਼ਤ-ਨਸ਼ੀਨੀ ਲਈ ਲੜਾਈ ਹੋਈ ਅਤੇ ਸ਼ਹਿਜ਼ਾਦਾ ਅਜ਼ੀਮੁੱਸ਼ਾਨ ਆਪਣੇ ਹਾਥੀ ਸਮੇਤ ਡੁਬ ਮਰਿਆ।

ਮਾਰਚ 19 (21 ਸਫ਼ਰ, 1124 ਹਿਜ਼ ਰੀ) ਜਹਾਂਦਾਰ ਸ਼ਾਹ ਤਖ਼ਤ ਪਰ ਬੈਠਾ।

ਮਾਰਚ 29 (2 ਰੱਬੀ-ਉਲ-ਅਵੱਲ, 1124 ਹਿਜ਼ਰੀ, ਜਹਾਂਦਾਰ-ਸ਼ਾਹੀ 1)। ਜਹਾਂਦਾਰ ਸ਼ਾਹ ਨੇ ਨੌ ਹਜ਼ਾਰ ਸਿਪਾਹੀਆਂ ਦੀ ਇਕ ਫੌਜ ਬੰਦਾ ਸਿੰਘ ਦੇ ਵਿਰੁੱਧ ਨੀਯਤ ਕੀਤੀ।

1712, ਅਪ੍ਰੈਲ 1 (5 ਰੱਬੀ-ਉਲ-ਅੱਵਲ, 1124 ਹਿਜ਼ਰੀ, ਜਹਾਂਦਾਰ-ਸ਼ਾਹੀ 1)। ਬਹਾਦੁਰ ਸ਼ਾਹ ਦੀ ਲੋਥ ਲਾਹੌਰੋਂ ਦਿੱਲੀ ਭੇਜੀ ਗਈ।

ਅਪ੍ਰੈਲ 9। ਜਹਾਂਦਾਰ ਸ਼ਾਹ ਬਾਦਸ਼ਾਹ ਨੂੰ ਖ਼ਬਰ ਪੁੱਜੀ ਕਿ ਬੰਦਾ ਸਿੰਘ ਵਿਰੁੱਧ ਮੁਹੰਮਦ ਅਮੀਨ ਖ਼ਾਨ ਨੂੰ ਫ਼ੌਜਾਂ ਸਮੇਤ ਭੇਜ ਦਿੱਤਾ ਗਿਆ ਹੈ।

ਮਈ 5। ਬਾਹਦੁਰ ਸ਼ਾਹ ਦਾ, ਮੁਰਦਾ ਸ਼ਰੀਰ ਦਿੱਲੀ ਪਹੁੰਚਿਆ ਅਤੇ ਦਬਾਇਆ

ਗਿਆ ।

ਮਈ 23 (27 ਰੱਬੀ-ਉਲ-ਸਾਨੀ, 1124 ਹਿਜ਼ਰੀ)। ਜਹਾਂਦਾਰ ਸ਼ਾਹ ਨੂੰ ਬੰਦਾ ਸਿੰਘ ਦੇ ਲੋਹਗੜ੍ਹ ਉੱਤੇ ਕਬਜ਼ਾ ਕਰ ਕੇ ਡਟੇ ਹੋਏ ਦੀ ਖ਼ਬਰ ਦਿੱਤੀ ਗਈ ।

ਮਈ 29 (4 ਜਮਾਦੀ-ਉਲ-ਅੱਵਲ)। ਇਕ ਹੋਰ ਫ਼ੌਜ ਸਿੱਖਾਂ ਦੇ ਵਿਰੁੱਧ ਭੇਜੀ ।

ਜੂਨ 11 (17 ਜ਼ਮਾਦੀ-ਉਲ-ਅੱਵਲ) । ਜਹਾਂਦਾਰ ਸ਼ਾਹ ਦਿੱਲੀ ਪੁੱਜਾ ।

ਜੁਲਾਈ 2 (7 ਜਮਾਦੀ-ਉ-ਸਾਨੀ)। ਰਾਜਾ ਭੂਪ ਪ੍ਰਕਾਸ਼ ਨੂੰ ਜ਼ਮਾਨਤ ਤੇ ਰਿਹਾ ਕੀਤਾ ਗਿਆ ।

ਸਤੰਬਰ 8 (17 ਸ਼ਾਬਾਨ)। ਮੁਹੰਮਦ ਅਮੀਨ ਖ਼ਾਨ ਨੂੰ ਦੋ ਤੋਪਾਂ ਭੇਜਣ ਦਾ ਹੁਕਮ ਦਿੱਤਾ ।

ਦਸੰਬਰ 31 (13 ਜ਼ਿਲਹਿੱਜਾ, 1124 ਹਿਜ਼ਰੀ, ਜਹਾਂਦਾਰ-ਸ਼ਾਹੀ 1)। ਫ਼ਰੁਖ਼-ਸੀਅਰ ਨੇ ਾਰ ਸ਼ਾਹ ਨੂੰ ਹਾਰ ਦਿੱਤੀ ।

1713, ਫ਼ਰਵਰੀ 1 (16 ਮ 1125 ਹਿਜ਼ਰੀ, ਫ਼ਰੁੱਖ਼–ਸੀਅਰੀ 1) ਜਹਾਂਦਾਰ ਸ਼ਾਹ ਨੂੰ ਕਤਲ ਕਰ ਦਿੱਤਾ।

ਫ਼ਰਵਰੀ 11 (26 ਮੁਹੱਰਮ, 1125 ਹਿਜ਼ਰੀ)। ਬਾਦਸ਼ਾਹ ਫ਼ਰੁੱਖ਼-ਸੀਅਰ ਵਲੋਂ ਅਬਦੁੱਸਮਦ ਖ਼ਾਨ ਨੂੰ ਜਮੂੰ ਦੀ ਫੌਜਦਾਰੀ ਦਿੱਤੀ ਗਈ ਅਤੇ ਬੰਦਾ ਸਿੰਘ ਦੇ ਵਿਰੁੱਧ ਨਿਯਤ ਕੀਤਾ ਗਿਆ ।

ਫ਼ਰਵਰੀ 12 (27 ਮੁਹੱਰਮ, 1125 ਹਿਜ਼ਰੀ)। ਫ਼ਰੁੱਖ਼-ਸੀਅਰ ਬਾਦਸ਼ਾਹ ਨੇ ਅਬਦੁੱਸਮਦ ਖ਼ਾਨ ਨੂੰ ਦੁਆਬੇ ਦੀ ਫੌਜਦਾਰੀ ਦਿੱਤੀ ਅਤੇ ਖਿੱਲਤ ਬਖ਼ਸ਼ੀ ।

ਫ਼ਰਵਰੀ 14 (29 ਮੁਹੱਰਮ, 1125 ਹਿਜ਼ਰੀ) । ਅਬਦੁੱਸਮਦ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਬਹਾਲ ਕੀਤਾ ਗਿਆ ਅਤੇ ਦੁਆਬਾ ਜਾਲੰਧਰ ਦੀ ਫੌਜਦਾਰੀ ਦਿਲਾਵਰ ਦੇ ਪੁੱਤਰ ਸ਼ੱਮਸ ਨੂੰ ਦਿੱਤੀ ਗਈ ।

1713, ਮਾਰਚ 21 (5 ਰੱਬੀ-ਉਲ-ਅੱਵਲ 1125 ਹਿਜ਼ਰੀ, ਫ਼ਰੁਖ-ਸੀਅਰੀ 2) ਅਬਦੁੱਸਮਦ ਖ਼ਾਨ ਨੂੰ ਜ਼ੈਨੁਦੀਨ ਅਹਿਮਦ ਨਾਲ ਸਿੱਖਾਂ ਦੇ ਵਿਰੁੱਧ ਰਲਣ ਦਾ ਹੁਕਮ ਦਿੱਤਾ ਗਿਆ ।

ਅਪ੍ਰੈਲ 2, 4 (ਰੱਬੀ–ਉਲ–ਅੱਵਲ 17,19 ਸੰਨ 1125 ਹਿਜ਼ਰੀ, ਫ਼ਰੁੱਖ਼-ਸੀਅਰੀ 2) ਖ਼ਬਰ ਪੁੱਜੀ ਕਿ ਬੰਦਾ ਸਿੰਘ ਲੋਹਗੜ੍ਹ ਵਿਚ ਹੈ ।

ਜੂਨ 22 (9 ਜਮਾਦੀ-ਉ-ਸਾਨੀ, 1125 ਹਿਜ਼ਰੀ)। ਸਿੱਖਾਂ ਅਤੇ ਸ਼ਾਹੀ ਫ਼ੌਜਾਂ ਵਿਚ ਸਢੌਰੇ ਦੇ ਨੇੜੇ ਲੜਾਈ ਹੋਈ ।

ਸਤੰਬਰ 24 (15 ਰਮਜ਼ਾਨ)। ਫ਼ਰੁੱਖ਼-ਸੀਅਰ ਬਾਦਸ਼ਾਹ ਨੂੰ ਖ਼ਬਰ ਪੁੱਜੀ ਕਿ ਅਬਦੁੱਸਮਦ ਖ਼ਾਨ ਨੇ ਸਢੌਰੇ 'ਚ ਸਿੱਖਾਂ ਦੀ ਗੜ੍ਹੀ ਢਾਹ ਦਿੱਤੀ ਹੈ ।

ਅਕਤੂਬਰ 12 (3 ਸ਼ਵਾਲ, 1125 ਹਿਜ਼ਰੀ) । ਫ਼ਰੁੱਖ਼-ਸੀਅਰ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਬੰਦਾ ਸਿੰਘ ਲੜਨ ਦੀ ਤਿਆਰੀ ਕਰ ਰਿਹਾ ਹੈ ।

ਨਵੰਬਰ 9 (2 ਜ਼ੀ-ਕਦਾ, 1125 ਹਿਜ਼ਰੀ)। ਬਾਦਸ਼ਾਹ ਫ਼ਰੁੱਖ਼-ਸੀਅਰ ਵਲੋਂ ਐਲਾਨ ਕੀਤਾ ਗਿਆ ਕਿ ਹਿੰਦੂ ਅਰਬੀ ਅਤੇ ਈਰਾਨੀ ਘੋੜਿਆਂ ਦੀ ਸਵਾਰੀ ਅਤੇ ਪਾਲਕੀਆਂ ਦੀ ਵਰਤੋਂ ਨਾ ਕਰਨ।

ਨਵੰਬਰ 13 (6 ਜ਼ੀ-ਕਦਾ, 1125 ਹਿਜ਼ਰੀ)। ਲੋਹਗੜ੍ਹ ਤੇ ਹਮਲਾ ਕੀਤਾ ਗਿਆ। ਸ਼ਾਹੀ ਹੁਕਮ ਨਾਲ ਹਿੰਦੂਆਂ ਲਈ ਲਹਿਰੀਆਦਾਰ ਕਾਠੀਆਂ ਦੀ ਵਰਤੋਂ ਬੰਦ ਕਰ ਦਿੱਤੀ ਗਈ।

ਨਵੰਬਰ 16 (9 ਜ਼ੀ-ਕਦਾ 1125 ਹਿਜ਼ਰੀ)। ਫ਼ਰੁੱਖ਼-ਸੀਅਰ ਬਾਦਸ਼ਾਹ ਨੂੰ ਸ਼ਾਹੀ ਫ਼ੌਜਾਂ ਦੇ ਲੋਹਗੜ੍ਹ ਉੱਤੇ ਕਬਜ਼ਾ ਕਰ ਲੈਣ ਦੀ ਖ਼ਬਰ ਦਿੱਤੀ ਗਈ।

ਨਵੰਬਰ 29। ਸਿੱਖਾਂ ਦੇ ਸਿਰ ਚਾਂਦਨੀ ਚੌਕ ਬਜ਼ਾਰ ਦਿੱਲੀ ਵਿਚ ਬਾਦਸ਼ਾਹ ਫ਼ਰੁੱਖ਼-ਸੀਅਰ ਦੀ ਨਜ਼ਰੋਂ ਗੁਜ਼ਾਰੇ। ਜ਼ਕਰੀਆ ਖ਼ਾਨ ਬਾਦਸ਼ਾਹ ਦੇ ਹਜ਼ੂਰ ਹਾਜ਼ਰ ਹੋਇਆ।

ਦਸੰਬਰ 5। ਬਾਦਸ਼ਾਹ ਨੇ ਜ਼ਕਰੀਆ ਖ਼ਾਨ ਨੂੰ ਖਿਲਤ ਅਤੇ ਹੋਰ ਤੋਹਫ਼ੇ ਦਿੱਤੇ।

1714, ਜਨਵਰੀ 5। (29 ਜ਼ਿਲ-ਹਿਜ਼ਾ 1125 ਹਿਜ਼ਰੀ) ਜ਼ਕਰੀਆ ਖ਼ਾਨ ਨੂੰ ਰਾਜਪੂਤਾਂਨੇ ਦੀ ਮੁਹਿੰਮ ਪੁਰ ਟੋਰਿਆ ਗਿਆ।

ਫ਼ਰਵਰੀ 21 (17 ਸਫ਼ਰ, 1126 ਹਿਜ਼ਰੀ)। ਬਾਦਸ਼ਾਹ ਨੇ ਅਬਦੁੱਸਮਦ ਖ਼ਾਨ ਨੂੰ ਲਿਆਉਣ ਲਈ ਚੋਬਦਾਰ ਭੇਜੇ।

1714, ਫ਼ਰਵਰੀ 24 (20 ਸਫ਼ਰ)। ਅਬਦੁੱਸਮਦ ਖ਼ਾਨ ਬਾਦਸ਼ਾਹ ਦੇ ਹਜ਼ੂਰ ਹਾਜ਼ਰ ਹੋਇਆ।

ਫ਼ਰਵਰੀ 28 (24 ਸਫ਼ਰ)। ਅਬਦੁਸਮੱਦ ਖ਼ਾਨ ਨੂੰ ਰਾਜਪੂਤਾਨੇ ਵਲ ਜਾ ਰਹੀਆਂ ਫ਼ੌਜਾਂ ਨਾਲ ਰਲਣ ਲਈ ਹੁਕਮ ਹੋਇਆ।

ਮਾਰਚ। ਕਾਹਨੂੰਵਾਨ ਦੇ ਸਿੱਖ ਮੁਸਲਮਾਨਾਂ ਦੇ ਹੱਥੋਂ ਬਹੁਤ ਬੁਰੀ ਤਰ੍ਹਾਂ ਤੰਗ ਹੋ ਰਹੇ ਸਨ।

ਮਾਰਚ 17 (12 ਰੱਬੀ-ਉਲ-ਅੱਵਲ, 1126 ਹਿਜ਼ਰੀ)। ਸਿੱਖਾਂ ਨੇ ਜਗਤ ਸਿੰਘ ਦੀ ਅਗਵਾਈ ਹੇਠ ਪਠਾਣਾਂ ਦੀ ਗੜ੍ਹੀ ਉੱਤੇ ਹਮਲਾ ਕਰ ਦਿੱਤਾ।

ਅਪ੍ਰੈਲ 17 (13 ਰੱਬੀ-ਉ-ਸਾਨੀ 1126 ਹਿਜ਼ਰੀ)। ਬਾਦਸ਼ਾਹ ਨੂੰ ਸ਼ਰਫ਼ੁਦੀਨ ਦੇ ਸਿੱਖਾਂ ਉੱਤੇ ਕੀਤੇ ਹਮਲੇ ਬਾਰੇ ਪਤਾ ਲੱਗਾ।

ਅਪ੍ਰੈਲ 30 (26 ਰੱਬੀ-ਉ-ਸਾਨੀ)। ਮੀਰ ਅਬੁੱਲ ਮੁਕਰਾਮ ਦੀ ਅਗਵਾਈ ਹੇਠ ਸ਼ਾਹੀ ਫ਼ੌਜਾਂ ਦਾ ਰੋਪੜ ਸਿੱਖਾਂ ਨਾਲ ਭੇੜਾ।

ਮਈ 7। ਰੋਪੜ ਦੇ ਨੇੜੇ ਹੋਈ ਸਰਹੰਦੀਆਂ ਦੀ ਸਿੰਘਾਂ ਨਾਲ ਝੜਪ ਦਾ ਬਾਦਸ਼ਾਹ ਨੂੰ ਪਤਾ ਲੱਗਾ।

ਮਈ 29 (26 ਜਮਾਦੀ-ਉਲ-ਅੱਵਲ)। ਅਬਦੁੱਸਮੱਦ ਖ਼ਾਨ ਅਤੇ ਜ਼ਕਰੀਆ ਖ਼ਾਨ ਨੂੰ ਰਾਜਪੂਤਾਨੇ ਤੋਂ ਵਾਪਸ ਆਉਣ ਪਿੱਛੋਂ ਸਨਮਾਨ ਬਖ਼ਸ਼ੇ ਗਏ।

ਜੂਨ 16 (14 ਜਮਾਦੀ-ਉ-ਸ਼ਾਨੀ)। ਬਾਦਸ਼ਾਹ ਵਲੋਂ ਅਬਦੁੱਸਮੱਦ ਖ਼ਾਨ ਅਤੇ ਜ਼ਕਰੀਆ ਖ਼ਾਨ ਪੰਜਾਬ ਵਲ ਰਵਾਨਾ ਹੋਏ।

ਜੂਨ 27 (25 ਜਮਾਦੀ-ਉ-ਸਾਨੀ)। ਹਮੀਦੁ-ਦੀਨ ਖ਼ਾਨ ਬਹਾਦੁਰ ਨੂੰ ਸਨਮਾਨਿਆ ਅਤੇ ਲਾਹੌਰ ਦਾ ਨਾਇਬ ਨਿਯਤ ਕੀਤਾ ਗਿਆ।

ਜੁਲਾਈ 9 (8 ਰੱਜਬ 1126 ਹਿਜ਼ਰੀ)। ਬਾਦਸ਼ਾਹ ਨੂੰ ਬਾਜ ਸਿੰਘ ਦੇ ਆਨੰਦਪੁਰ ਟਿਕੇ ਹੋਣ ਬਾਰੇ ਖ਼ਬਰ ਮਿਲੀ।

ਅਗਸਤ 16 (16 ਸ਼ਾਬਾਨ)। ਬਾਦਸ਼ਾਹ ਨੂੰ ਪਤਾ ਲੱਗਾ ਕਿ ਸਤ ਹਜ਼ਾਰ ਸਿੱਖਾਂ ਨੇ ਰੋਪੜ ਤੇ ਹਮਲਾ ਕੀਤਾ ਅਤੇ ਫੌਜਦਾਰ ਸਰਹੰਦ ਦੇ ਨਾਇਬ ਨੇ ਡੱਟ ਕੇ ਟਾਕਰਾ ਕੀਤਾ।

ਦਸੰਬਰ 5। ਖ਼ਬਰ ਪੁੱਜੀ ਕਿ ਸਿੱਖ ਪੰਜੌਰ ਦੇ ਨੇੜੇ ਘੁੰਮ ਰਹੇ ਸਨ।

1715, ਜਨਵਰੀ 6 (11 ਮੁਹੱਰਮ, 1127 ਹਿਜ਼ਰੀ) ਖ਼ਬਰ ਪੁੱਜੀ ਕਿ ਸਿੱਖ ਬਾਘਾਟ ਦੇ ਨੇੜੇ ਸਨ। ਜਨਵਰੀ 25। ਖ਼ਬਰ ਪੁੱਜੀ ਕਿ ਸਿੱਖ ਸੁਕੇਤ ਮੰਡੀ ਦੇ ਨੇੜੇ ਘੁੰਮ ਰਹੇ ਸਨ।

1715, ਫ਼ਰਵਰੀ 23-24 (30 ਸਫ਼ਰ 1127 ਹਿਜ਼ਰੀ)। ਬਾਦਸ਼ਾਹ ਨੂੰ ਖ਼ਬਰ ਪੁੱਜੀ ਕਿ ਐਮਨਾਬਾਦ ਦੇ ਅਮੀਨ ਇਰਾਦਤਮੰਦ ਖ਼ਾਨ ਨੇ ਸਿੰਘਾਂ ਨੂੰ ਟਿਕਾਣਾ ਦਿੱਤਾ ਹੋਇਆ ਹੈ।

ਮਾਰਚ। ਬੰਦਾ ਸਿੰਘ ਨੇ ਜੰਮੂ ਵਲੋਂ ਮੈਦਾਨਾਂ 'ਚ ਆ ਕੇ ਕਲਾਨੌਰ ਤੇ ਹੱਲਾ ਕਰ ਕੇ ਕਬਜ਼ਾ ਕਰ ਲਿਆ।

ਮਾਰਚ 14 (19 ਰੱਬੀ-ਉਲ-ਅੱਵਲ 1127 ਹਿਜ਼ਰੀ, 4 ਫ਼ਰੁੱਖ਼-ਸੀਅਰੀ)। ਬਾਦਸ਼ਾਹ ਨੂੰ ਬੰਦਾ ਸਿੰਘ ਦੇ ਬਟਾਲਾ, ਕਲਾਨੌਰ ਅਤੇ ਰਾਇਪੁਰ ਉੱਤੇ ਕਬਜ਼ਾ ਕਰ ਲੈਣ ਦੀ ਖ਼ਬਰ ਮਿਲੀ।

ਮਾਰਚ 15 (20 ਰੱਬੀ-ਉਲ-ਅੱਵਲ 1127 ਹਿਜ਼ਰੀ)। ਕਮਰੁਦੀਨ ਖ਼ਾਨ ਨੂੰ ਬੰਦਾ ਸਿੰਘ ਵਿਰੁੱਧ ਜਾਣ ਦਾ ਹੁਕਮ ਹੋਇਆ ਅਤੇ ਅਫ਼ਰਾ-ਸਿਆਬ ਖ਼ਾਨ, ਰਾਜਾ ਉਦਿੱਤ ਸਿੰਘ, ਰਾਜਾ ਗੋਪਾਲ ਸਿੰਘ ਭਦਾਵੜੀਆ, ਮੁਜ਼ੱਫ਼ਰ ਖ਼ਾਨ ਤੇ ਪ੍ਰਿਥੀ ਚੰਦ ਨੂੰ ਬੰਦਾ ਸਿੰਘ ਵਿਰੁੱਧ ਤਿਆਰੀ ਲਈ ਹੁਕਮ ਦਿੱਤਾ।

ਮਾਰਚ 19 (24 ਰੱਬੀ-ਉਲ-ਅੱਵਲ 1127 ਹਿਜ਼ਰੀ। ਬਾਦਸ਼ਾਹ ਨੂੰ ਸਿੱਖਾਂ ਦੇ ਲਾਹੌਰ ਲਾਗੇ ਦੇ ਪਿੰਡਾਂ ਵਿਚ ਠਹਿਰੇ ਹੋਣ ਦੀ ਖ਼ਬਰ ਪੁੱਜੀ।

ਅਪ੍ਰੈਲ 7 (13 ਰੱਬੀ-ਉ-ਸਾਨੀ)। ਬਾਦਸ਼ਾਹ ਨੂੰ ਸ਼ਾਹੀ ਫ਼ੌਜਾਂ ਨਾਲ ਅਬਦੁੱਸਮੱਦ ਖ਼ਾਨ ਦੇ ਗੁਰਦਾਸ ਨੰਗਲ ਪਹੁੰਚਣ ਦੀ ਖ਼ਬਰ ਪੁੱਜੀ।

ਅਪ੍ਰੈਲ 14 (20 ਰੱਬੀ-ਉ-ਸਾਨੀ)। ਬਾਦਸ਼ਾਹ ਨੂੰ ਖ਼ਬਰ ਪੁੱਜੀ ਕਿ ਅਬਦੁੱਸਮੱਦ ਖ਼ਾਨ ਨੇ 24,000 ਸਿਪਾਹੀਆਂ ਨਾਲ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਘੇਰ ਲਿਆ ਹੈ।

ਅਪ੍ਰੈਲ 20 (26 ਰੱਬੀ-ਉ-ਸਾਨੀ)। ਫ਼ਰੁਖ਼-ਸੀਅਰ ਨੂੰ ਸਿੱਖਾਂ ਨਾਲ ਹੋਈਆਂ ਝੱੜਪਾਂ ਬਾਰੇ ਖ਼ਬਰ ਪੁੱਜੀ।

ਸਤੰਬਰ, ਨਵੰਬਰ। ਖਿਦਮਤ-ਤਲਬ-ਖ਼ਾਨ ਸਰਹੰਦ ਦਾ ਫ਼ੌਜਦਾਰ ਸੀ।

ਦਸੰਬਰ 7 (21 ਜ਼ਿਲ-ਹਿੱਜ਼ਾ 1127 ਹਿਜ਼ਰੀ, ਸੰਨ 4 ਫ਼ਰੁਖ਼-ਸੀਅਰੀ)। ਅਬਦੁੱਸਮੱਦ ਖ਼ਾਨ ਨੇ ਸਿੱਖਾਂ ਦੀ ਗੁਰਦਾਸ ਨੰਗਲ ਵਾਲੀ ਗੜ੍ਹੀ ਤੇ ਕਬਜ਼ਾ ਕਰ ਲਿਆ।

ਦਸੰਬਰ 12 (26 ਜ਼ਿਲ-ਹਿਜ਼ਾ 1127 ਹਿਜ਼ਰੀ)। ਬੰਦਾ ਸਿੰਘ ਦੇ ਫੜੇ ਜਾਣ ਦੀ ਖ਼ਬਰ ਫ਼ਰੁੱਖ਼-ਸੀਅਰ ਨੂੰ ਪੁੱਜੀ।

1716, ਫ਼ਰਵਰੀ 27 (15 ਰੱਬੀ-ਉਲ-ਅੱਵਲ, 1128 ਹਿਜ਼ਰੀ)। ਬਾਦਸ਼ਾਹ ਨੂੰ ਬੰਦਾ ਸਿੰਘ ਦੇ ਸਾਥੀਆਂ ਸਮੇਤ ਅਗਰਾਬਾਦ ਪਹੁੰਚਣ ਦੀ ਖ਼ਬਰ ਮਿਲੀ।

1716, ਫ਼ਰਵਰੀ 29 (17 ਰੱਬੀ-ਉਲ-ਅੱਵਲ)। ਬੰਦਾ ਸਿੰਘ ਸਾਥੀਆਂ ਸਮੇਤ ਦਿੱਲੀ ਲਿਆਂਦਾ ਗਿਆ।

ਮਾਰਚ 5 (22 ਰੱਬੀ-ਉਲ-ਅੱਵਲ 1128 ਹਿਜ਼ਰੀ)। ਸਿੱਖਾਂ ਦੀ ਕਤਲਾਮ ਦਿੱਲੀ 'ਚ ਰੋਜ਼ ਸੌ ਸੌ ਕਰਕੇ ਸ਼ੁਰੂ ਹੋਈ।

ਮਾਰਚ 6। ਮੁਹੰਮਦ ਹਾਰਿਸੀ ਨੇ ਦਿੱਲੀ ਵਿਚ ਸਿੰਘਾਂ ਨੂੰ ਕਤਲ ਕੀਤੇ ਜਾਂਦੇ ਆਪਣੀ ਅੱਖੀਂ ਡਿੱਠਾ।

ਮਾਰਚ 10 (27 ਰੱਬੀ-ਉਲ-ਅੱਵਲ 1128 ਹਿਜ਼ਰੀ)। ਬੰਦਾ ਸਿੰਘ ਅਤੇ ਉਸ ਦੇ 17 ਸਾਥੀ ਸ਼ਾਹੀ ਕਿਲ੍ਹੇ ਵਿਚ ਕੈਦ ਕਰ ਲਏ ਗਏ।

ਜੂਨ 9 (29 ਜਮਾਦੀ-ਉ-ਸਾਨੀ 1128 ਹਿਜ਼ਰੀ) ਬੰਦਾ ਸਿੰਘ ਅਤੇ ਉਸ ਦੇ ਬਾਕੀ ਰਹਿੰਦੇ ਉੱਘੇ ਉੱਘੇ ਸਾਥੀ ਕਤਲ ਕੀਤੇ ਗਏ।

1721, ਮਾਰਚ 24 (7 ਜਮਾਦੀ-ਉ-ਸਾਨੀ 1133 ਹਿਜ਼ਰੀ)। ਹੁਸੈਨ ਖ਼ਾਨ ਮਾਰਿਆ ਗਿਆ ਚੂਨੀਆਂ ਦੀ ਲੜਾਈ ਵਿਚ।

(1778 ਬਿਕ੍ਰਮੀ)। ਸਿੱਖ ਵਿਸਾਖੀ ਮਨਾਉਣ ਲਈ ਅੰਮ੍ਰਿਤਸਰ ਪਹੁੰਚੇ, ਮਤਿ-ਭੇਦ ਅਤੇ ਝਗੜਾ।

1753, ਜੁਲਾਈ 24 (1810 ਬਿਕ੍ਰਮੀ, ਸਾਵਨ ਵਦੀ 9)। ਬਾਬਾ ਰਣਜੀਤ ਸਿੰਘ ਦਾ ਦੇਹਾਂਤ।

1764, ਜਨਵਰੀ 14। ਸਰਹੰਦ ਪਰ ਸਿੰਘਾਂ ਦਾ ਕਬਜ਼ਾ।

1834, ਫ਼ਰਵਰੀ (1890 ਬਿਕ੍ਰਮੀ, 16 ਫੱਗਣ)। ਰਾਜਾ ਗੁਲਾਬ ਸਿੰਘ ਨੇ ਧਾਨੋਰ ਅਤੇ ਹੋਰ ਪਿੰਡਾਂ ਦਾ ਲਗਾਨ ਮਾਫ਼ ਕਰ ਦਿੱਤਾ।

1845, ਜੂਨ (1902 ਬਿਕ੍ਰਮੀ, 2 ਹਾੜ)। ਬਾਬਾ ਫ਼ਤਿਹ ਸਿੰਘ ਜੀ ਗੁਜ਼ਰ ਗਏ।

1948, ਅਪ੍ਰੈਲ 6। ਬਾਬਾ ਸਰਦੂਲ ਸਿੰਘ ਦਾ ਬੰਬਈ ਵਿਚ ਦੇਹਾਂਤ।

# ਪੁਸਤਕ-ਆਧਾਰ ਸੂਚੀ

## ਫ਼ਾਰਸੀ

ਅਖਬਾਰਿ ਦਰਬਾਰਿ ਮੁਅੱਲਾ । ਦੀਵਾਨਿ-ਹਜ਼ੂਰੀ ਆਫ਼ਿਸ—ਜੈਪੁਰ ਰਿਕਾਰਡ ਆਫ਼ਿਸ—ਜੈਪੁਰ, ਰਾਜਸਥਾਨ ।

ਅਬੂ-ਤਾਲਿਬ ਇਬਨ ਮੁਹੰਮਦ ਤਬਰੇਜ਼ੀ ਅਲ-ਅਸਫ਼ਹਾਨੀ । ਜਾਮਿ-ਉ-ਤਵਾਰੀਖ, ਲਿਖਤੀ । 1208 ਹਿ. 1793 ਈ. (ਅਲਾਹਾਬਾਦ ਯੂਨੀਵਰਸਿਟੀ, 29781) ।

ਅਬਦੁਲ ਰਹਿਮਾਨ । ਮਿਰੱਤਿ-ਆਫ਼ਤਾਬ ਨੁਮਾ, ਲਿਖਤੀ (ਬਾਂਕੀਪੁਰ ਨੰ. 481/30; ਗੰਡਾ ਸਿੰਘ) ।

ਅਮੀਨੁ-ਦੌਲਾ । ਰੁੱਕਾਤਿ-ਅਮੀਨੁ-ਦੌਲਾ, ਲਿਖਤੀ 1122 ਹਿ., 1710 ਈ., (1124-31 ਹਿ., 1712-18 ਈ., ਬਾਂਕੀਪੁਰ 2346) ।

ਅਲੀ-ਉ-ਦੀਨ, ਮੁਫ਼ਤੀ । ਇਬਰਤ ਨਾਮਾ, ਲਿਖਤੀ (ਇੰਡੀਆ ਆਫ਼ਿਸ ਲਾਇਬਰੇਰੀ, ਲੰਡਨ, ਪ੍ਰਕਾਸ਼ਤ, ਪੰਜਾਬੀ ਅਦਬੀ ਅਕਾਡਮੀ, ਲਾਹੌਰ, 1961, ਦੋ ਜਿਲਦਾਂ) ।

ਅਹਿਮਦ ਸ਼ਾਹ ਬਟਾਲੀਆ । ਤਵਾਰੀਖਿ-ਹਿੰਦ ਬਿਆਨਿ-ਅਹਿਵਾਲਿ-ਮੁਲਕਿ-ਹਿੰਦ ਵਾ ਮਲੂਕਿ-ਆਂ ਅਜ਼ ਜ਼ਮਾਨਾ-ਇ-ਕਦੀਮ ਤਾ 1233 ਅਲ-ਹਿਜ਼ਰੀ, ਲਿਖਤ (ਦਿਆਲ ਸਿੰਘ ਲਾਇਬਰੇਰੀ, ਲਾਹੌਰ) ।

ਅਹਿਮਦ ਸ਼ਾਹ ਬਟਾਲੀਆ । ਜ਼ਿਕਰਿ-ਗੁਰੂਆਂ ਵਾ ਇਬਤਿਦਾਇ ਸਿੰਘਾਂ ਵਾ ਮਜ਼ਹਬਿ-ਏਸ਼ਾਂ, ਲਿਖਤੀ (ਵੇਖੋ ਛਪੀ ਹੋਈ ਸੋਹਨ ਲਾਲ ਦੀ ਉਮਦਾ-ਤੁ-ਤਵਾਰੀਖ ਦੀ ਪਹਿਲੀ ਜਿਲਦ ਦਾ ਤਤਿੱਮਾ) ।

ਅਹਿਵਾਲਿ-ਸਲਾਤੀਨਿ ਹਿੰਦ, ਲਿਖਤੀ, 1238 ਹਿ., 1822 ਈ. (ਬਾਂਕੀਪੁਰ ਨੰ: 142) ।

ਇਰਾਦਤ ਖ਼ਾਨ, ਮਿਰਜ਼ਾ ਮੁਬਾਰਿਕੁਲਾ । ਤਜ਼ਕਰਾਇ ਇਰਾਦਤ ਖ਼ਾਨ, ਲਿਖਤੀ, 1126 ਹਿ. 1714 ਈ. (ਪੰਜਾਬ ਪਬਲਿਕ ਲਾਇਬਰੇਰੀ, ਲਾਹੌਰ ਅਤੇ ਗੰਡਾ ਸਿੰਘ) ।

ਸੋਹਨ ਲਾਲ, ਮੁਨਸ਼ੀ । ਉਮਦਾ-ਤੁ-ਤਵਾਰੀਖ, ਲਾਹੌਰ, 1885-9, ਜਿਲਦ 1 ।

ਸਈਦ, ਮੁਹੰਮਦ । ਤਬਸਰਿਤੁ-ਨਾਜ਼ਰੀਨ, ਲਿਖਤੀ, 1182 ਹਿ. 1768 ਈ. (ਬਾਂਕੀਪੁਰ, ਨੰ. 158) ।

ਸ਼ਾਹ ਨਿਵਾਜ਼ ਖ਼ਾਨ । ਮੁਆਸਿਰੁ-ਲ-ਉਮਰਾ, ਕਲਕੱਤਾ, 1880-90, 3 ਜਿਲਦਾਂ ।

ਹਰਚਰਨ ਦਾਸ । ਚਹਾਰ ਗੁਲਜ਼ਾਰਿ-ਸ਼ੁਜਾਈ, ਲਿਖਤੀ (ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਲਾਹੌਰ) ।

ਹਾਰਿਸੀ, ਮਿਰਜ਼ਾ ਮੁਹੰਮਦ। ਇਬਰਤ ਨਾਮਾ, ਤਜ਼ਕਿਰਾ-ਇ-ਹਾਰਿਸੀ, ਲਿਖਤੀ, 1131 ਹਿ. 1718-19 ਈ. (ਬਾਂਕੀਪੁਰ, 274)।

ਕਲਿਆਣ ਸਿੰਘ। ਖੁਲਾਸਾ-ਤੁ-ਤਵਾਰੀਖ, ਲਿਖਤੀ 1219 ਫ਼ਸਲੀ 1812 ਈ, (ਬਾਂਕੀਪੁਰ)।

ਕਾਮਵਰ ਖ਼ਾਨ, ਮੁਹੰਮਦ ਹਾਦੀ। ਤਜ਼ਕਿਰਾਤੁ-ਸਲਾਤੀਨ ਚੁਗਤਾਈਆ, ਲਿਖਤੀ 1136 ਹਿਜ਼ਰੀ, 1723-4 ਈ. (ਬਾਂਕੀਪੁਰ 144)।

ਕਿੜੀ ਪਠਾਣਾ ਬਸਦੀ ਉਮਰ ਗਾਜ਼ੀ ਦਾ ਮਜ਼ਹਰ ਨਾਮਾ, ਲਿਖਤੀ, ਮਿਤੀ 12 ਰੱਬੀ-ਉ-ਸਾਨੀ 1126।

ਖ਼ਾਫ਼ੀ ਖ਼ਾਨ। ਮੁੰਤਖ਼ਬੁ-ਲ-ਲੁਬਾਬ, 1139 ਹਿ., 1727 ਈ. (ਕਲਕੱਤਾ, 1874)।

ਖੁਸ਼ਹਾਲ ਚੰਦ। ਤਵਾਰੀਖਿ-ਇ-ਮੁਹੰਮਦ ਸ਼ਾਹ ਨਾਦਰੁ-ਜ਼ਮਨੀ, ਲਿਖਤੀ, 1154 ਹਿਜ਼ਰੀ, 1741 ਈ. (ਪੰਜਾਬ ਪਬਲਿਕ ਲਾਇਬਰੇਰੀ, ਲਾਹੌਰ)।

ਖੁਸ਼ਵਕਤ ਰਾਇ। ਤਾਰੀਖਿ-ਸਿੱਖਾਂ, ਲਿਖਤੀ (ਗੰਡਾ ਸਿੰਘ)।

ਗਣੇਸ਼ ਦਾਸ। ਰਿਸਾਲਾ-ਇ-ਸਾਹਿਬ ਨੁਮਾ ਚਹਾਰ ਗੁਲਸ਼ਨਿ-ਪੰਜਾਬ, ਲਿਖਤੀ, 1911 ਬਿਕ੍ਰਮੀ, 1855 ਈ. (ਗੰਡਾ ਸਿੰਘ)।

ਗੁਲਾਮ ਹੁਸੈਨ ਖ਼ਾਨ। ਸੀਅਰੁ-ਲ-ਮੁਤਾਖਰੀਨ। ਕਲਕੱਤਾ 1836, ਲਖਨਊ ਅਤੇ ਕਾਨ੍ਹਪੁਰ 1897।

ਗੁਲਾਮ ਅਲੀ ਖ਼ਾਨ। ਇਮਾਦੁ-ਸਆਦਤ, ਕਾਨ੍ਹਪੁਰ, 1864।

ਗੋਬਿੰਦ ਸਿੰਘ, ਗੁਰੂ। ਜ਼ਫ਼ਰ ਨਾਮਾ।

ਦਾਨਿਸ਼ਵਰ, ਮੁਨਸ਼ੀ, ਅਤੇ ਟੀ. ਡਬਲਯੂ. ਬੀਲ। ਮਿਫ਼ਤਾਹ-ਉ-ਤਵਾਰੀਖ। ਕਾਨ੍ਹਪੁਰ, 1867-8।

ਫ਼ਕੀਰ ਮੁਹੰਮਦ। ਜਾਮਿ-ਉ-ਤਵਾਰੀਖ। ਕਲਕੱਤਾ, 1836, ਕਾਨ੍ਹਪੁਰ, 1874

ਬਖਤਾਵਰ ਖ਼ਾਨ। ਇਬਰਤ ਮਕਾਲ, ਤਾਰੀਖਿ ਮੁਹੰਮਦ ਮੁਅੱਜ਼ਮ ਬਹਾਦੁਰ ਸ਼ਾਹ ਗ਼ਾਜ਼ੀ, ਲਿਖਤੀ, 1130 ਹਿਜ਼ਰੀ, 1717 ਈ. (ਪੰਜਾਬ ਪਬਲਿਕ ਲਾਇਬਰੇਰੀ, ਲਾਹੌਰ)।

ਬਖ਼ਤ ਮੱਲ। ਹਾਲ ਮੁਖਤਿਸਰ ਇਬਤਦਾਇ-ਫ਼ਿਰਕਾ ਇ-ਸਿੱਖਾਂ, ਲਿਖਤੀ (ਗੰਡਾ ਸਿੰਘ)।

ਬਖ਼ਤ ਮੱਲ। ਖ਼ਾਲਸਾ ਨਾਮਾ, ਲਿਖਤੀ (ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਲਾਹੌਰ)।

ਬੂਟੇ ਸ਼ਾਹ। ਤਵਾਰੀਖਿ-ਪੰਜਾਬ, ਲਿਖਤੀ (ਪੰਜਾਬ ਪਬਲਿਕ ਲਾਇਬਰੇਰੀ, ।। ਯੂਨੀਵਰਸਿਟੀ ਲਾਇਬਰੇਰੀ ਲਾਹੌਰ, ਆਰਕਾਈਵਜ਼ ਪਟਿਆਲਾ)।

ਬੁੱਧ ਸਿੰਘ ਅਰੋੜਾ। ਰਿਸਾਲਾ-ਇ-ਨਾਨਕ ਸ਼ਾਹ, ਲਿਖਤੀ, 1227 ਹਿਜ਼ਰੀ।

ਮੁਹੰਮਦ ਕਾਸਿਮ। ਇਬਰਤ ਨਾਮਾ, ਲਿਖਤੀ, 1133 ਹਿਜ਼ਰੀ, 1720-21 ਈ. (ਖ਼ਾਲਸਾ ਕਾਲਜ, ਅੰਮ੍ਰਿਤਸਰ)।

ਮੁਹੰਮਦ ਅਹਿਸਨ, ਈਜਾਦ। ਫ਼ਰੁੱਖ-ਸੀਅਰ ਨਾਮਾ, ਲਿਖਤੀ, (ਬ੍ਰਿਟਿਸ਼ ਮੀਊਜ਼ੀਅਮ ਲੰਡਨ)

ਮੁਹੰਮਦ ਅਲੀ ਖ਼ਾਨ ਅਨਸਾਰੀ । ਤਾਰੀਖਿ–ਮੁਜ਼ਫ਼ਰੀ, ਲਿਖਤੀ, 1202 ਹਿਜ਼ਰੀ, 1787-88 ਈ. (ਬਾਂਕੀ ਪੁਰ 143) ।

ਮੁਹੰਮਦ ਅਲੀ ਖ਼ਾਨ ਅਨਸਾਰੀ । ਤਾਰੀਖਿ-ਬਹਿਰੁ-ਲ-ਮੱਵਾਜ, ਲਿਖਤੀ (ਬਾਂਕੀਪੁਰ ਨੰ: 87-80)

ਮੁਲੱਖੁਸੁ-ਤਵਾਰੀਖ ਦਰ ਅਹਿਵਾਲਿ-ਸਲਾਤੀਨਿ ਤੈਮੂਰੀਆ, ਲਿਖਤੀ, 1828 ਈ. (ਬਨਾਰਸ ਹਿੰਦੂ ਯੂਨੀਵਰਸਿਟੀ, ਬਨਾਰਸ) ।

ਮੁਹੰਮਦ ਸਾਲਿਹ ਕੁਦਰਤ, ਤਾਰੀਖਿ-ਇ-ਆਲੀ, ਲਿਖਤੀ, ਦਸੰਬਰ, 1785 (ਬਾਂਕੀਪੁਰ-13) ।

ਮੁਰਤਜ਼ਾ ਹੁਸੈਨ, ਉਰਫ਼ ਅੱਲਾ ਯਾਰ ਉਸਮਾਨੀ ਬਿਲਗ੍ਰਾਮੀ । ਹਦੀਕਤੁ-ਲ-ਅਕਾਲੀਮ, ਲਖਨਊ, 1296 ਹਿਜ਼ਰੀ, 1879 ਈਸਵੀ ।

ਯਾਰ ਮੁਹੰਮਦ ਕਲੰਦਰ । ਦਸਤੂਰੁ-ਲ-ਇਨਸ਼ਾ, ਲਿਖਤੀ, 1122 ਹਿਜ਼ਰੀ, 1710 ਈਸਵੀ (ਬਾਂਕੀ ਪੁਰ 842) ।

## ਉਰਦੂ

ਆਨੰਦ ਕਿਸ਼ੋਰ ਮਹਿਤਾ । ਗੁਰੂ ਗੋਬਿੰਦ ਸਿੰਘ, ਲਾਹੌਰ ।

ਹਾਕਮ ਰਾਇ । ਅਹਿਵਾਲਿ-ਲਛਮਨ ਦਾਸ ਉਰਫ਼ ਬੰਦਾ ਸਾਹਿਬ ਚੇਲਾ ਗੁਰੂ ਸਿੰਘ ਸਾਹਿਬ (Glossary of Castes and Tribes of the Punjab and N. W. F. Province by H. A. Rose, Sir Denzil Ibbetson, Sir Edward Maclagan).

ਕਨ੍ਹੱਈਆ ਲਾਲ । ਤਾਰੀਖਿ-ਪੰਜਾਬ, ਲਾਹੌਰ, 1881 ।

— । ਤਾਰੀਖਿ-ਲਾਹੌਰ, ਲਾਹੌਰ, 1884 ।

ਦੌਲਤ ਰਾਇ । ਬਾਬਾ ਬੰਦਾ ਬਹਾਦੁਰ, ਲਾਹੌਰ ।

ਮੁਹੰਮਦ ਲਤੀਫ਼ । ਤਾਰੀਖਿ-ਪੰਜਾਬ, ਲਾਹੌਰ ।

— । ਤਾਰੀਖਿ-ਲਾਹੌਰ, ਲਾਹੌਰ ।

ਮੁਹੰਮਦ ਜ਼ਕਾ-ਉਲਾ, ਮੌਲਵੀ । ਤਾਰੀਖਿ-ਹਿੰਦੁਸਤਾਨ, ਦਿੱਲੀ, 1898, ਭਾਗ 9 ।

## ਪੰਜਾਬੀ

ਸਰਧਾ ਰਾਮ ਫਲੌਰੀ । ਸਿੱਖਾਂ ਦੇ ਰਾਜ ਦੀ ਵਿੱਥਿਆ, ਲਾਹੌਰ, 1905 ।

ਸਰੂਪ ਦਾਸ । ਮਹਿਮਾ ਪ੍ਰਕਾਸ਼, ਲਿਖਤੀ । (ਖ਼ਾਲਸਾ ਕਾਲਜ ਅਤੇ ਭਾਈ ਵੀਰ ਸਿੰਘ, ਅੰਮ੍ਰਿਤਸਰ) ।

ਸੈਨਾਪਤੀ । ਸ੍ਰੀ ਗੁਰੂ ਸੋਭਾ । ਅੰਮ੍ਰਿਤਸਰ, 1925 ।

ਸੰਤੋਖ ਸਿੰਘ । ਗੁਰ ਪ੍ਰਤਾਪ ਸੂਰਜ ਗ੍ਰੰਥ । ਅੰਮ੍ਰਿਤਸਰ, 1926-34 ।

ਹੁਕਮ ਨਾਮਾ ਗੁਰੂ ਗੋਬਿੰਦ ਸਿੰਘ, ਲਿਖਤੀ, 1 ਕਤਕ, 1764 ਬਿਕ੍ਰਮੀ (ਗੰਡਾ ਸਿੰਘ) ।

ਹੁਕਮ ਨਾਮਾ ਬੰਦਾ ਸਿੰਘ ਬਹਾਦਰ, ਲਿਖਤੀ, 12 ਪੋਹ, ਸੰਮਤ 1 (ਗੰਡਾ ਸਿੰਘ) ।

ਕੇਸਰ ਸਿੰਘ । ਗੁਰ ਪ੍ਰਣਾਲੀ, ਲਿਖਤੀ (ਗੰਡਾ ਸਿੰਘ) ।
ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ, ਲਿਖਤੀ ।
ਕਰਮ ਸਿੰਘ । ਬੰਦਾ ਬਹਾਦੁਰ, ਅੰਮ੍ਰਿਤਸਰ, 1907 ।
ਕਾਹਨ ਸਿੰਘ । ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ । ਪਟਿਆਲਾ 1930; 1960 ।
ਗਿਆਨ ਸ਼ਿੰਘ । ਇਤਿਹਾਸ ਗੁਰੂ ਖ਼ਾਲਸਾ; ਸ਼ਮਸ਼ੇਰ ਖ਼ਾਲਸਾ । ਸਿਆਲਕੋਟ, 1892 ।
ਗਿਆਨ ਸਿੰਘ । ਪੰਥ ਪ੍ਰਕਾਸ਼, ਅੰਮ੍ਰਿਤਸਰ ।
ਚਤੁਰਜੁਗੀ, ਲਿਖਤੀ (ਭਾਈ ਵੀਰ ਸਿੰਘ, ਅੰਮ੍ਰਿਤਸਰ) ।
ਪੋਥੀ ਇਤਿਹਾਸ ਬੰਸਾਵਲੀ ਨਾਮਾ, ਲਿਖਤੀ, 1836 ਬਿਕ੍ਰਮੀ, ਨਵੰਬਰ 1779 ਈ. (ਭਾਈ ਵੀਰ ਸਿੰਘ, ਅੰਮ੍ਰਿਤਸਰ) ।
ਫ਼ਤਿਹ ਸਿੰਘ । ਗੁਰੂ ਗੋਬਿੰਦ ਸਿੰਘ ਦਾ ਸੰਖੇਪ ਜੀਵਨ ਬ੍ਰਿਤਾਂਤ, ਅੰਮ੍ਰਿਤਸਰ ।
ਰਤਨ ਸਿੰਘ ਭੰਗੂ ਸ਼ਹੀਦ । ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ, 1914 ।
ਰਣਧੀਰ ਸਿੰਘ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ-ਮੂਰਤਿ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ. ਅੰਮ੍ਰਿਤਸਰ, 1962 ।
—(ਉਲਥਾਕਾਰ) । ਲੁਬਾਣਾ ਭਾਈਚਾਰਾ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1961 ।

## ਹਿੰਦੀ

ਗੋਬਿੰਦ ਸਿੰਘ, ਸੰਤ । ਇਤਿਹਾਸ ਗੁਰੂ ਖ਼ਾਲਸਾ, ਬੰਬਈ, 1952 ਬਿਕ੍ਰਮੀ ।
ਨੰਦ ਕੁਮਾਰ ਦੇਵ ਸ਼ਰਮਾ । ਸਿੱਖੋਂ ਕਾ ਉੱਥਾਨ ਔਰ ਪਤਨ, ਬਨਾਰਸ, 1978 ਬਿਕ੍ਰਮੀ ।
ਲਾਲ ਕਵੀ । ਛਤਰ ਪ੍ਰਕਾਸ਼ (ਸੰਪਾਦਕ ਕੈਪਟਨ ਡਬਲ-ਯੂ. ਪ੍ਰਾਈਸ) ਕਲਕੱਤਾ, 1829; ਨਾਗਰੀ ਪ੍ਰਚਾਰਿਨੀ ਸਭਾ, ਬਨਾਰਸ ।

## ਅੰਗਰੇਜ਼ੀ

Adams, W. H. Davenport. *Episodes of Anglo- Indian History*, *London.*
*Anecdotes from Sikh History*, No. 4.
Archer, Major *Tours in Upper India and in parts of Himalayan Mountains*. London, 1833.
Attar Singh. *Sakhi Book : A description of Guru Govind Singh's Religion and Doctrines*, translated from Gurmukhi. Benares, 1893.
—*Travels of Guru Tegh Bahadur and Guru Govind Singh*, translated from Gurmukhi, Allahabad, 1896.
Bingley, A. H. *The Sikhs* : Handbook for Indian Army. Calcutta, 1918.

Briggs, John. *The Siyar-ul-Mutakherin*. London, 1832; Allahabad, 1924.

Browne, James. *The History of the Origin and Progress of the Sicks*. London, 1788.

Burgess, James. *The Chronology of Modern India : 1494-1894*. Edinburgh, 1913.

Butterworth, Alan. *The Substance of Indian Faith*. Surrey, 1926.

Candler, E. *The Mantle of the East*. London, 1910.

Chhajju Singh. *The Ten Gurus and their Teachings*, Lahore. 1903.

Corner, Miss. *History of India and China*. London, 1847.

Court , Henry. *History of the Sikhs : Sikhan de Raj di Vithya* Lahore, 1888.

Crowther, R. T. *Memorandum on the Sikhs*.

Cunningham, J. D. C. *History of the Sikhs*. London, 1849.

Cust, R. N. *The Countries betwixt the Sutlej and the Jamuna—Selections from Calcutta Review*. Vol. II.

Drew, Fred. *The Northern Barrier of India*. London, 1877.

— *Jammu and Kashmere Territories*. London, 1875.

Elliot, H. *History of India as told by its own Historians*. London, 186 -77. Vol. VII.

Elphinstone, M. *History of India*. London 1894.

Festing, G. *When Kings rodes to Delhi*. 1923.

Forster, George, *A Journey from Bengal to England*. London, 1798. Vol. I.

Ganda Singh. *A Short Life-Sketch of Banda Singh, the Martyr*. Amritsar, 1934.

— *Life of Banda Singh Bahadur*. Amritsar, 1935.

— *Early European Accounts of the Sikhs*. Calcutta, 1962.

— *Banda Singh Bahadur : A Baptized Singh*. *Sikh Review* April, 1961.

Ganda Singh and Teja Singh. *A Short History of the Sikhs*, Vol. I. (1469-1765). Orient Longmans, Bombay, 1950.

Gordon, J. G. *The Sikhs*. London, 1904.

Hugel, Baron Chas. *Travels in Kashmir and the Punjab*. London, 1845.

Hutchinson, J. and J. Ph. Vogel. *History of the Punjab Hill States*. Lahore, 1933.

Ibbetson, Sir Denzil (and others). *A Glossary of the Tribes and Lastes of the Punjab and North West Frontier Province.* Cahore, 1911, 1914, 1919. 3 vols.

Inayat Ali Khan. *A Description of the Principal Kotla Afghans*, Lahore, 1882.

Irvine, William. *Later Mughals*. Calcutta, 1922. Vol. I.

Khazan Singh. *History and Philosophy of Sikh Religion.* Lahore, 1914. Vol. I.

Lakshman Singh, Bhagat. *A Short Sketch of the Life and Work of Guru Govind Singh.* Lahore, 1909.

— *Sikh Martyrs.* Madras, 1923.

Latif, Syad Muhammad. *History of the Punjab.* Calcutta, 1891.

— *History of Lahore.* 1872.

Lawrence, Major H.M.R. *The Adventures of an Officer in the Punjab.* London, 1846.

Lovett, Sir Verney. *India.* (*The Nations of To-day* series). London, 1923.

Macauliffe, Max. Arthur. *The Sikh Religion.* Oxford, 1909. Vol. V.

— *Sikhs and Sikhism* (in the *Encyclopaedia Britannica*).

Malcolm, John *Sketch of the Sikhs* London, 1812.

Man Mohan. *History of the Mandi State.* Lahore, 1930.

Marshman, J.C. *History of India from the earliest period to the close of Lord Dalhousie's administration.* London, 1867.

M'Gregor, W. L. *The History of the Sikhs.* London, 1846, Vol. I

Mills, James, and H.H. Wilson. *History of British India.* London, 1898.

Murray, Hugh. *History of British India.* London, 1856.

Narang, G.C. *Transformation of Sikhism.* Lahore, 1912.

Neville, H.R. U.P. District, Gazetteer, *Bijnore*, 1904.

— U.P. District Gazetteer, *Muzaffarnagar.* 1903.

— U.P. District Gazetteer, *Saharanpur*, 1909.

Nolan, E. H. *The Illustrated History of India and of the British Empire in the East.* London, 1878.

Psyne, C.H. *A Short History of the Sikhs.* London.

Punjab District Gazetteer, *Karnal.*

Raymond, M.A. Translation of the *Seir Mutaqherin.* London, 1789; Calcutta, 1902.

Ross, David. *The Land of the Five Rivers*. London, 1893.

Scot, Jonathan. *Memoirs of Iradat Khan.*

Scott, G.B. *Religion and Short History of the Sikhs*. London, 1930.

Sohan Singh. *Banda the Brave*. Lahore, 1915.

Thornton, Ed. *A Gazetteer of the Territories under the Government of the E. I. Co.* London, 1854.

Thornton, Ed. *A Gazetteer of the Countries adjacent to India.* London, 1844.

Trotter, L.J. *History of India*. London, 1866.

Vigne, G. T. *Travels in Kashmir, Ladak, Iskardo, etc.* London, 1844.

Walton, H.G. *Dehra Dun District Gazetter.*

Wheeler, J.T. *Early Records of British India : A History of the English Settlements in India.* London, 1878.

Williams, G.R.C. *The Sikhs in the Upper Doab. Calcutta Review*, 1875.

Wilson, C.R. *Early Annals of the English in Bengal*, Calcutta, 1900. Vol. II.

ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਕਾਂ ਬਾਰੇ ਅਤੇ ਹੋਰ ਵਾਕਫ਼ੀ ਲਈ ਦੇਖੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਤ *A Bibliography of the Panjab* ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ *A Select Bibliography of the Sikhs and Sikhism*, 1965.

98150-03075
ਤਹਿ: ਫਿਲੌਰ